ISSN : 2320-9690

# PARKH

Refereed Research Journal of Punjabi
Language, Culture and Literature
(Bi-Annual)

Vol. I & II January-December 2023
Bhai Vir Singh Vishesh Ank

**Chief Editor**
**Dr. Yog Raj**

**Editor**
**Dr. Sarabjit Singh**

**Department of Punjabi**
**Panjab University, Chandigarh**

ISSN : 2320-9690

# PARKH

Refereed Research journal of Punjabi
Language, Culture and Literature
(Bi-Annual)

Vol. I & II January-December 2023
Bhai Vir Singh Vishesh Ank

## ਪਰਖ

ਮੁੱਖ ਸੰਪਾਦਕ : ਡਾ. ਯੋਗ ਰਾਜ

ਸੰਪਾਦਕ : ਡਾ. ਸਰਬਜੀਤ ਸਿੰਘ

ਸੰਪਾਦਕੀ ਬੋਰਡ : ਡਾ. ਯੋਗ ਰਾਜ
ਡਾ. ਉਮਾ ਸੇਠੀ
ਡਾ. ਸਰਬਜੀਤ ਸਿੰਘ
ਡਾ. ਅਕਵਿੰਦਰ ਕੌਰ ਤਨਵੀ

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ

Price : Rs.250/- Postage Charges additional

## ਤਤਕਰਾ

**ਮੁੱਖ ਸੰਪਾਦਕ ਵੱਲੋਂ** 1
**ਸੰਪਾਦਕੀ** 3
**ਕਾਵਿ-ਚਿੰਤਨ**

1. ਭਾਈ ਵੀਰ ਸਿੰਘ ਕਾਵਿ ਦੇ ਵਿਚਾਰਧਾਰਾਈ ਆਧਾਰ ਅਤੇ ਪਾਸਾਰ — ਡਾ. ਰਵਿੰਦਰ ਸਿੰਘ ਰਵੀ 5
2. ਬਸਤੀਵਾਦੀ ਰਾਜ, ਸਿੱਖ ਅਵਚੇਤਨ ਅਤੇ ਭਾਈ ਵੀਰ ਸਿੰਘ-ਕਾਵਿ — ਡਾ. ਸੁਖਦੇਵ ਸਿੰਘ ਸਿਰਸਾ 13
3. ਭਾਈ ਵੀਰ ਸਿੰਘ ਦੀ ਕਵਿਤਾ ਦੇ ਕਾਵਿ ਸ਼ਾਸਤਰ ਨੂੰ ਪਛਾਣਦਿਆਂ — ਡਾ. ਵਨੀਤਾ 26
4. ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਡਾ. ਹਰਿਭਜਨ ਸਿੰਘ ਦੀ ਕਾਵਿ-ਸਮੀਖਿਆ ਨਾਲ਼ ਅਲੋਚਨਾਤਮਿਕ ਸੰਵਾਦ (ਮੈਟਾ-ਆਲੋਚਨਾ ਦੀ ਦ੍ਰਿਸ਼ਟੀ ਤੋਂ) — ਡਾ. ਯੋਗ ਰਾਜ 36
5. ਬਸਤੀਵਾਦੀ ਆਧੁਨਿਕਤਾ ਅਤੇ ਭਾਈ ਵੀਰ ਸਿੰਘ ਕਾਵਿ — ਡਾ. ਸਰਬਜੀਤ ਸਿੰਘ 47
6. ਭਾਈ ਵੀਰ ਸਿੰਘ ਦੀ ਕਾਵਿ ਦ੍ਰਿਸ਼ਟੀ — ਡਾ. ਮੋਹਨ ਸਿੰਘ ਤਿਆਗੀ 75
7. ਲਹਿਰ ਹੁਲਾਰੇ ਕਾਵਿ: ਪਰਾਭੌਤਿਕ ਪਰਿਪੇਖ — ਡਾ. ਪ੍ਰਵੀਨ ਕੁਮਾਰ 83
8. ਪਰੰਪਰਕ ਮੁੱਲਾਂ ਵਾਲਾ ਆਧੁਨਿਕ ਮਹਾਕਾਵਿ : ਰਾਣਾ ਸੂਰਤ ਸਿੰਘ — ਡਾ. ਵਿਸ਼ਾਲ ਕੁਮਾਰ 90
9. ਭਾਈ ਵੀਰ ਸਿੰਘ ਕਾਵਿ: ਈਕੋ-ਆਲੋਚਨਾਤਮਕ ਅਧਿਐਨ — ਡਾ. ਹਰਮੇਲ ਸਿੰਘ 100
10. ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਜੀਵਨ ਦਰਸ਼ਨ — ਡਾ. ਪਵਨ ਕੁਮਾਰ 107
11. ਮੇਰੇ ਸਾਂਈਆਂ ਜੀਓ ਦੇ ਪ੍ਰਸ਼ਨੋਤਰੀ ਸਰੋਕਾਰ — ਡਾ. ਜਤਿੰਦਰ ਸਿੰਘ 114

**ਵਾਰਤਕ ਅਤੇ ਖੋਜ ਚਿੰਤਨ**

12. ਭਾਈ ਵੀਰ ਸਿੰਘ : ਖੋਜ ਅਤੇ ਆਲੋਚਨਾ ਦ੍ਰਿਸ਼ਟੀ — ਡਾ. ਹਰਿਭਜਨ ਸਿੰਘ ਭਾਟੀਆ 118
13. ਅਸ਼ਟ ਗੁਰ ਚਮਤਕਾਰ 'ਤੇ ਆਧਾਰਿਤ - ਭਾਈ ਵੀਰ ਸਿੰਘ ਦੀ ਵਾਰਤਕ — ਸ. ਸੁਵਰਨ ਸਿੰਘ ਵਿਰਕ 126
14. ਭਾਈ ਵੀਰ ਸਿੰਘ ਦਾ ਸਮਕਾਲ ਅਤੇ ਉਸਦੀ ਵਾਰਤਕ — ਡਾ. ਧਰਮ ਸਿੰਘ 133
15. ਭਾਈ ਵੀਰ ਸਿੰਘ ਰਚਿਤ ਸ਼੍ਰੀ ਗੁਰੂ ਨਾਨਕ ਚਮਤਕਾਰ: ਇਕ ਅਧਿਐਨ — ਡਾ. ਬਲਜੀਤ ਸਿੰਘ ਵਿਰਕ, ਡਾ. ਭਾਰਤ ਬੀਰ ਕੌਰ ਸੰਧੂ 141
16. ਸਾਕਾ 1947 : ਪੰਜਾਬ ਬਟਵਾਰੇ ਸੰਬੰਧੀ ਭਾਈ ਵੀਰ ਸਿੰਘ ਦਾ ਦ੍ਰਿਸ਼ਟੀਕੋਣ — ਡਾ. ਹਰਵਿੰਦਰ ਸਿੰਘ 155

**ਨਾਵਲ ਅਤੇ ਨਾਟ ਚਿੰਤਨ**


| | | | |
|---|---|---|---|
| 17. | ਭਾਈ ਵੀਰ ਸਿੰਘ ਦੀ ਨਾਵਲਕਾਰੀ | ਡਾ. ਗੁਰਮੁਖ ਸਿੰਘ | 164 |
| 18. | ਭਾਈ ਵੀਰ ਸਿੰਘ ਦੇ ਨਾਵਲਾਂ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੁਹਾਂਦਰਾ | ਡਾ. ਹਰਜਿੰਦਰ ਸਿੰਘ | 172 |
| 19. | ਭਾਈ ਵੀਰ ਸਿੰਘ ਲਿਖਤ ਪੰਜਾਬੀ ਸਾਹਿਤ ਨੂੰ ਮੁੜ ਫਰੋਲਦਿਆਂ | ਡਾ. ਰਵੇਲ ਸਿੰਘ | 187 |
| 20. | ਨਾਟਕਕਾਰ ਭਾਈ ਵੀਰ ਸਿੰਘ ਅਤੇ ਪੰਜਾਬੀ ਨਾਟ-ਚਿੰਤਨ | ਡਾ. ਪਾਲੀ ਭੁਪਿੰਦਰ ਸਿੰਘ | 196 |
| 21. | ਭਾਈ ਵੀਰ ਸਿੰਘ ਦੀ ਪੰਜਾਬੀ ਨਾਟ ਸਾਹਿਤ ਨੂੰ ਦੇਣ | ਡਾ. ਗੁਰਸੇਵਕ ਲੰਬੀ | 202 |


**ਕੋਸ਼-ਚਿੰਤਨ**


| | | | |
|---|---|---|---|
| 22. | ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ : ਇਤਿਹਾਸਕ ਤੇ ਕੋਸ਼ ਵਿਗਿਆਨਕ ਸੰਦਰਭ | ਡਾ. ਉਮਾ ਸੇਠੀ | 208 |
| 23. | ਭਾਈ ਵੀਰ ਸਿੰਘ ਦਾ ਪੰਜਾਬੀ ਕੋਸ਼ਕਾਰੀ ਵਿਚ ਯੋਗਦਾਨ | ਡਾ. ਅਕਵਿੰਦਰ ਕੌਰ ਤਨਵੀ | 217 |


**ਅਨੁਵਾਦ ਚਿੰਤਨ**


| | | | |
|---|---|---|---|
| 24. | ਭਾਈ ਵੀਰ ਸਿੰਘ ਦੀ ਅਨੁਵਾਦ-ਕਲਾ (‘ਨੀਤੀ ਸ਼ਤਕ’ ਦੇ ਵਿਸ਼ੇਸ਼ ਸੰਦਰਭ ਵਿਚ) | ਡਾ.ਹਰਪ੍ਰੀਤ ਸਿੰਘ | 227 |


**ਦਸਤਾਵੇਜ਼**


| | | | |
|---|---|---|---|
| 25. | ਭਾਈ ਵੀਰ ਸਿੰਘ ਸੰਬੰਧੀ ਦਸਤਾਵੇਜ਼ੀ ਫਿਲਮ | ਰਾਜੀਵ ਕੁਮਾਰ | 235 |


**English Section**


| | | | |
|---|---|---|---|
| 26. | Bhai Vir Singh: Retrieving the Voice of Margins | Dr. Gurpal Singh Sandhu | 238 |
| 27. | Bhai Vir Singh: Mysticism of the Perception | Dr. Amandeep | 246 |

# ਮੁੱਖ ਸੰਪਾਦਕ ਵੱਲੋਂ

ਇਸ ਵਾਰ ਦਾ 'ਪਰਖ' ਰਿਸਰਚ ਜਰਨਲ ਭਾਈ ਵੀਰ ਸਿੰਘ ਵਿਸ਼ੇਸ਼ ਅੰਕ, ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਜਿਹੜਾ ਭਾਈ ਵੀਰ ਸਿੰਘ ਜੀ ਦੇ ਡੇਢ ਸੌ ਸਾਲਾ ਜਨਮ ਦਿਵਸ ਦੇ ਹੋਣ ਵਾਲੇ ਵਿਸ਼ੇਸ਼ ਸਮਾਗਮਾਂ ਦੀ ਲੜੀ ਵਜੋਂ, ਭਾਈ ਵੀਰ ਸਿੰਘ ਚੇਅਰ ਵੱਲੋਂ ਕਰਵਾਇਆ ਗਿਆ ਸੀ, ਦੇ ਮੌਕੇ ਪੜ੍ਹੇ ਗਏ ਵਿਦਵਾਨ ਸਾਹਿਤਕ ਆਲੋਚਕਾਂ ਦੇ ਪਰਚੇ ਸ਼ਾਮਿਲ ਹਨ। ਇਨ੍ਹਾਂ ਪਰਚਿਆਂ ਤੋਂ ਇਲਾਵਾ, ਕੁਝ ਵਿਸ਼ੇਸ਼ ਖੋਜ-ਪਰਚੇ, ਜਿਹੜੇ ਭਾਈ ਵੀਰ ਸਿੰਘ ਦੀ ਸਾਹਿਤਕ-ਪ੍ਰਤਿਭਾ, ਜੀਵਨ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਹਨ, ਵੀ ਤਿਆਰ ਕਰਵਾਏ ਗਏ ਅਤੇ ਇਸ ਵਿਸ਼ੇਸ਼ ਅੰਕ ਵਿੱਚ ਸ਼ਾਮਿਲ ਕੀਤੇ ਗਏ ਹਨ। ਇਹ ਸੈਮੀਨਾਰ, ਪੰਜਾਬ ਯੂਨੀਵਰਸਿਟੀ, ਭਾਰਤੀ ਸਾਹਿਤਯ ਅਕਾਦੇਮੀ ਦਿੱਲੀ ਅਤੇ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਵਿਤੀ ਅਤੇ ਅਕਾਦਮਿਕ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਹ ਸੈਮੀਨਾਰ 1-2 ਮਾਰਚ 2023 ਨੂੰ ਸੰਪੰਨ ਹੋਇਆ ਸੀ ਜਿਸ ਵਿਚ ਪੰਜਾਬੀ ਸਾਹਿਤ-ਸਭਿਆਚਾਰ ਨਾਲ ਜੁੜੇ ਵਿਸ਼ੇਸ਼ੱਗਾਂ ਨੇ ਪਰਚੇ ਪੜ੍ਹੇ ਅਤੇ ਭਾਈ ਵੀਰ ਸਿੰਘ ਦੀ ਅਦੁੱਤੀ ਪ੍ਰਤਿਭਾ ਅਤੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਉਨ੍ਹਾਂ ਦੀ ਭੂਮਿਕਾ ਨਾਲ ਸੰਬੰਧਿਤ ਗੰਭੀਰ ਸੰਵਾਦ ਰਚਾਇਆ ਗਿਆ। ਇਨ੍ਹਾਂ ਪ੍ਰਮੁੱਖ ਵਿਦਵਾਨਾਂ ਵਿਚ ਡਾ. ਹਰਿਭਜਨ ਸਿੰਘ ਭਾਟੀਆ, ਡਾ. ਵਨੀਤਾ, ਡਾ. ਸੁਖਦੇਵ ਸਿੰਘ, ਡਾ. ਯੋਗ ਰਾਜ, ਡਾ. ਸਰਬਜੀਤ ਸਿੰਘ, ਡਾ. ਧਰਮ ਸਿੰਘ, ਡਾ. ਰਵੇਲ ਸਿੰਘ, ਡਾ.ਗੁਰਪਾਲ ਸਿੰਘ ਸੰਧੂ, ਡਾ. ਪ੍ਰਵੀਨ ਕੁਮਾਰ, ਡਾ. ਗੁਰਮੁਖ ਸਿੰਘ, ਡਾ. ਪਾਲੀ ਭੁਪਿੰਦਰ ਸਿੰਘ, ਡਾ. ਉਮਾ ਸੇਠੀ, ਡਾ. ਅਕਵਿੰਦਰ ਕੌਰ ਤਨਵੀ, ਡਾ. ਹਰਜਿੰਦਰ ਸਿੰਘ, ਡਾ. ਗੁਰਸੇਵਕ ਸਿੰਘ ਲੰਬੀ ਸੀ। ਰਾਜੀਵ ਕੁਮਾਰ, ਡਾ. ਅਮਨਦੀਪ, ਡਾ. ਭਰਤਵੀਰ ਕੌਰ ਸੰਧੂ, ਡਾ. ਹਰਮੇਲ ਸਿੰਘ, ਡਾ. ਜਤਿੰਦਰ ਸਿੰਘ, ਡਾ. ਸੁਵਰਨ ਸਿੰਘ ਵਿਰਕ, ਡਾ. ਵਿਸ਼ਾਲ ਕੁਮਾਰ, ਡਾ. ਅਮਨਦੀਪ, ਡਾ. ਮੋਹਨ ਤਿਆਗੀ, ਡਾ. ਬਲਜੀਤ ਸਿੰਘ ਵਿਰਕ, ਡਾ. ਹਰਪ੍ਰੀਤ ਸਿੰਘ ਜਿਹੇ ਵਿਦਵਾਨਾਂ ਦੇ ਖੋਜ-ਪੱਤਰ ਸ਼ਾਮਿਲ ਵੀ ਕੀਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬੀ ਦੇ ਪ੍ਰਸਿੱਧ ਆਲੋਚਕਾਂ ਮਰਹੂਮ ਡਾ.ਰਵਿੰਦਰ ਸਿੰਘ ਰਵੀ ਦੇ ਖੋਜ-ਪੱਤਰ ਨੂੰ ਵਿਸ਼ੇਸ਼ ਤੌਰ ਤੇ ਛਾਪਿਆ ਗਿਆ ਹੈ। ਇਸ ਵਿਸ਼ੇਸ਼ ਅੰਕ ਦਾ ਇਹ ਮਹੱਤਵ ਤਾਂ ਹੈ ਹੀ ਕਿ ਇਹ ਯੁੱਗ-ਪੁਰਸ਼, ਭਾਈ ਵੀਰ ਸਿੰਘ ਦੇ 150ਵੇਂ ਵਰ੍ਹੇਗੰਢ ਨੂੰ ਸਮਰਪਿਤ ਹੈ ਪਰ ਇਸ ਪੱਖ ਤੋਂ ਵੀ ਵਿਸ਼ੇਸ਼ ਹੈ ਕਿ ਇਸ ਅੰਕ ਵਿਚ ਭਾਈ ਵੀਰ ਸਿੰਘ ਦੇ ਸਾਹਿਤਕ ਯੋਗਦਾਨ ਅਤੇ ਰਚਨਾਤਮਿਕ ਪੱਖ ਨੂੰ ਵਿਭਿੰਨ ਅਧਿਐਨ ਦ੍ਰਿਸ਼ਟੀਆਂ ਤੋਂ ਅਧਿਐਨ ਦਾ ਆਧਾਰ ਬਣਾਇਆ ਗਿਆ। ਇਸ ਅੰਕ ਵਿੱਚ ਭਾਈ ਵੀਰ ਸਿੰਘ ਦੀ ਕਵਿਤਾ, ਵਾਰਤਕ, ਆਲੋਚਨਾ, ਗੁਰਮਤਿ ਦਰਸ਼ਨ ਬਾਰੇ ਧਾਰਨਾਵਾਂ ਨੂੰ ਗੰਭੀਰ-ਚਿੰਤਨ ਦ੍ਰਿਸ਼ਟੀਆਂ ਰਾਹੀਂ ਪੜਚੋਲਿਆ ਗਿਆ। ਕੁਝ ਅਜਿਹੇ ਲੇਖ ਵੀ ਹਨ ਜਿਨ੍ਹਾਂ ਵਿਚ ਭਾਈ ਸਿੰਘ ਦੀ ਅਨੁਵਾਦ ਕਲਾ ਅਤੇ ਭਾਈ ਵੀਰ ਸਿੰਘ ਸੰਬੰਧੀ ਦਸਤਾਵੇਜੀ ਫ਼ਿਲਮ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਭਾਈ ਵੀਰ ਸਿੰਘ ਦੀ ਰਚਨਾਤਮਿਕ ਪ੍ਰਤਿਭਾ ਨਾਲ ਸੰਬੰਧਿਤ ਕੁਝ ਬੁਨਿਆਦੀ ਸਥਾਪਿਤ ਧਾਰਨਾਵਾਂ ਨੂੰ ਕਈ ਪਰਚਿਆਂ ਵਿੱਚ ਪੁਨਰ-ਮੁਲਾਂਕਣ ਦੀ ਦ੍ਰਿਸ਼ਟੀ ਤੋਂ ਵਾਚਿਆ ਗਿਆ। ਇਨ੍ਹਾਂ ਖੋਜ-ਪਰਚਿਆਂ ਰਾਹੀਂ ਪ੍ਰਮੁੱਖ ਰੂਪ ਵਿੱਚ ਕੁਝ ਸਵਾਲਾਂ ਨੂੰ ਵੀ ਸੁਲਝਾਉਣ ਦਾ ਗੰਭੀਰ ਪ੍ਰਯਤਨ ਹੋਇਆ ਜਿਵੇਂ 1. ਕਿ ਭਾਈ ਵੀਰ ਸਿੰਘ ਆਧੁਨਿਕ ਕਵੀ ਹੈ ਜਾਂ ਪਰੰਪਰਕ? 2. ਕੀ ਭਾਈ ਵੀਰ ਸਿੰਘ ਦੀ ਰਚਨਾ ਆਪਣੇ ਸਮ-ਸਾਮਿਅਕ ਮਾਹੌਲ ਨਾਲ ਸੰਵਾਦ 'ਚ ਰਹਿੰਦੀ ਹੈ? 3. ਕੀ ਭਾਈ ਵੀਰ ਸਿੰਘ ਦੀ ਰਚਨਾ ਗੁਰਮਤਿ ਦਰਸ਼ਨ ਦੇ ਆਸ਼ੇ ਨੂੰ, ਗੁਰਮਤਿ ਦੀ ਦਾਰਸ਼ਨਿਕਤਾ ਅਨੁਸਾਰ ਆਧਾਰ ਬਣਾਉਂਦੀ ਹੈ? 4. ਕੀ ਭਾਈ ਵੀਰ ਸਿੰਘ ਦੀਆਂ ਦਾਰਸ਼ਨਿਕ ਧਾਰਨਾਵਾਂ ਗੁਰਮਤਿ ਦੇ ਆਸ਼ੇ

ਅਤੇ ਮਹੱਤਵ ਨੂੰ ਆਪਣੇ ਸਮਕਾਲੀ ਸਮੇਂ ਵਿੱਚ ਪ੍ਰਸੰਗਿਕ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ? ਇਸ ਤੋਂ ਬਿਨਾਂ ਵੀ ਕੁਝ ਅਜਿਹੇ ਲੇਖਕ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਰਾਹੀਂ ਭਾਈ ਵੀਰ ਸਿੰਘ ਦੀ ਕੋਸ਼ਕਾਰੀ, ਖਾਸ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਬਾਰੇ ਕੀਤੀ ਗਈ ਖੋਜ ਦੇ ਮਹੱਤਵ ਬਾਰੇ ਗੰਭੀਰ ਅਧਿਐਨ ਨਾਲ ਸੰਬੰਧਿਤ ਲੇਖ ਸ਼ਾਮਿਲ ਹਨ। ਇਸ ਅੰਕ ਦੇ ਲੇਖਾਂ ਵਿੱਚ ਸ਼ਾਮਿਲ ਕੁਝ ਲੇਖ ਅਜਿਹੇ ਵੀ ਸ਼ਾਮਿਲ ਕੀਤੇ ਹਨ ਜਿਨ੍ਹਾਂ ਦਾ ਸੁਭਾਅ ਮੈਟਾ-ਆਲੋਚਨਾਤਮਿਕ ਹੈ। ਅਜਿਹੇ ਅਧਿਐਨ ਵਿਚ ਭਾਈ ਵੀਰ ਸਿੰਘ ਨਾਲ ਸੰਬੰਧਿਤ, ਡਾ. ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ, ਡਾ. ਐਸ.ਐਸ. ਦੁਸਾਂਝ, ਡਾ. ਸੁਤਿੰਦਰ ਸਿੰਘ ਨੂਰ, ਡਾ. ਗੁਰਚਰਨ ਸਿੰਘ, ਡਾ. ਕਰਤਾਰ ਸਿੰਘ ਸੂਰੀ, ਪ੍ਰੋ. ਸੁਰਿੰਦਰ ਸਿੰਘ ਨਰੂਲਾ, ਪ੍ਰਿੰਸੀਪਲ ਤੇਜਾ ਸਿੰਘ, ਡਾ. ਸੁਤਿੰਦਰ ਸਿੰਘ ਵਰਗੇ ਸਾਹਿਤ ਆਲੋਚਕਾਂ ਦੀਆਂ ਧਾਰਨਾਵਾਂ ਨਾਲ ਸੰਵਾਦ ਰਚਾਉਂਦਿਆਂ, ਭਾਈ ਵੀਰ ਸਿੰਘ ਦੀ ਕਵਿਤਾ, ਨਾਵਲ, ਨਾਟਕ ਅਤੇ ਖੋਜ-ਧਾਰਨਾਵਾਂ ਦਾ ਪੁਨਰ-ਮੁਲਾਂਕਣ ਕੀਤਾ ਹੈ। ਇਸ ਅੰਕ ਵਿਚ ਪੰਜਾਬੀ ਭਾਸ਼ਾ ਤੋਂ ਇਲਾਵਾ ਦੋ ਲੇਖ ਅੰਗਰੇਜ਼ੀ ਜ਼ੁਬਾਨ ਦੇ ਵੀ ਸ਼ਾਮਿਲ ਹਨ ਜਿਸ ਨਾਲ, ਅੰਗਰੇਜ਼ੀ ਪਾਠਕ ਵੀ ਇਸ ਅੰਕ ਤੋਂ ਕੁਝ ਲਾਭ ਉਠਾ ਸਕਣਗੇ। ਇਸ ਤਰ੍ਹਾਂ ਇਹ ਵਿਸ਼ੇਸ਼ ਅੰਕ, ਪੰਜਾਬੀ ਵਿਭਾਗ ਅਤੇ ਭਾਈ ਵੀਰ ਸਿੰਘ ਚੇਅਰ, ਭਾਈ ਵੀਰ ਸਿੰਘ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਇੱਕ ਵਿਸ਼ੇਸ਼ ਖੋਜ-ਦਸਤਾਵੇਜ਼ ਦੇ ਰੂਪ ਵਿੱਚ ਤੁਹਾਡੇ ਸਾਹਮਣੇ ਹੈ ਜਿਸ ਨਾਲ ਭਾਈ ਵੀਰ ਸਿੰਘ ਨਾਲ ਸੰਬੰਧਿਤ ਭਵਿੱਖੀ-ਖੋਜ ਨੂੰ ਇਕ ਹਵਾਲਾ ਅੰਕ ਪ੍ਰਾਪਤ ਹੋਵੇਗਾ। ਆਸ ਹੈ ਕਿ ਪਾਠਕ ਇਸ ਅੰਕ ਦੀ ਪੜ੍ਹਤ ਰਾਹੀਂ, ਪੰਜਾਬੀ ਸਾਹਿਤ ਦੇ ਇਤਿਹਾਸ ਦੀ ਅਦੁੱਤੀ ਪ੍ਰਤਿਭਾ ਅਤੇ ਯੁੱਗ-ਪੁਰਸ਼ ਭਾਈ ਵੀਰ ਸਿੰਘ ਜੀ ਦੇ ਰਚਨਾਤਮਿਕ-ਸੰਸਾਰ ਨੂੰ ਹੋਰ ਨਿੱਗਰ ਰੂਪ ਵਿਚ ਵਾਚ ਸਕਣਗੇ।

ਡਾ. ਯੋਗ ਰਾਜ
ਮੁੱਖ ਸੰਪਾਦਕ ਅਤੇ
ਚੇਅਰਪਰਸਨ,
ਪੰਜਾਬੀ ਅਧਿਐਨ ਸਕੂਲ





# ਸੰਪਾਦਕੀ

ਭਾਈ ਵੀਰ ਸਿੰਘ ਦੀ ਸ਼ਖ਼ਸ਼ੀਅਤ ਅਤੇ ਸ਼ਬਦ ਸਿਰਜਣਾ ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤਕਾਰੀ ਵਿਚ ਇਤਿਹਾਸਕ ਮਹੱਤਤਾ ਰੱਖਦੀ ਹੈ। ਭਾਈ ਵੀਰ ਸਿੰਘ ਬਸਤੀਵਾਦੀ ਦੌਰ ਵਿਚ ਪਰੰਪਰਕ ਚੇਤਨਾ ਅਤੇ ਰਵਾਇਤ ਨਾਲੋਂ ਵਿੱਥ ਥਾਪ ਕੇ ਆਪਣੇ ਯੁਗ ਦੀ ਪਛਾਣ ਜਿਸ ਦ੍ਰਿਸ਼ਟੀ ਅਤੇ ਚੇਤਨਾ ਤੋਂ ਕਰਦਾ ਹੈ, ਉਸ ਦੀ ਸਮਝ ਤਿਆਰ ਕੀਤੇ ਬਿਨਾਂ ਭਾਈ ਵੀਰ ਸਿੰਘ ਦੀ ਥਾਹ ਨਹੀਂ ਪਾਈ ਜਾ ਸਕਦੀ। ਦੂਸਰਾ, ਇਹ ਕਿ ਭਾਈ ਵੀਰ ਸਿੰਘ ਦੀ ਸ਼ਖ਼ਸ਼ੀਅਤ ਅਤੇ ਰਚਨਾਕਾਰੀ ਨੂੰ ਪੂਰਵਲੇ ਸਥਿਤ ਚੌਖਟਿਆਂ ਤੋਂ ਮੁਕਤ ਹੋ ਕੇ ਪੜ੍ਹਨ ਅਤੇ ਸਮਝਣ ਦੀ ਜ਼ਰੂਰਤ ਹੈ ਕਿਉਂਕਿ ਇਹ ਚੌਖਟੇ ਉਲਾਰਤਾ ਭਰਪੂਰ ਹਨ ਅਤੇ ਇਨ੍ਹਾਂ ਵਿਚ ਸੰਵਾਦ ਦੀ ਗੁੰਜਾਇਸ਼ ਨਹੀਂ ਹੈ। ਭਾਈ ਵੀਰ ਸਿੰਘ ਦੀ ਰਚਨਾਕਾਰੀ ਪ੍ਰਤੀ ਇਹ ਦ੍ਰਿਸ਼ਟੀ ਜਿੱਥੇ ਭਾਈ ਵੀਰ ਸਿੰਘ ਦੀ ਸ਼ਬਦ ਸਿਰਜਣਾ ਪ੍ਰਤੀ ਉਲਾਰ ਹੈ, ਉਥੇ ਬਸਤੀਵਾਦੀ ਹਕੂਮਤ ਦੇ ਦਾਬੇ ਹੇਠ ਉਸ ਦੌਰ ਦੇ ਮਨੁੱਖ ਨੂੰ ਸਮਝਣ ਵਿਚ ਵੀ ਰੁਕਾਵਟ ਬਣਦੀ ਹੈ। ਭਾਈ ਵੀਰ ਸਿੰਘ ਨੂੰ ਇਤਿਹਾਸਕ ਪਰਿਪੇਖ ਤੋਂ ਮੁਕਤ ਕਰਕੇ ਸਮਝਣਾ ਸੰਭਵ ਹੀ ਨਹੀਂ।

ਬਸਤੀਵਾਦੀ ਹਕੂਮਤ ਨੇ ਭਾਰਤੀ ਸਮਾਜ ਉੱਪਰ ਜਬਰ, ਦਮਨ ਅਤੇ ਹਿੰਸਾ ਦੇ ਮਾਧਿਅਮ ਹਕੂਮਤ ਕੀਤੀ ਹੈ। ਇਸ ਦਮਨ ਅਤੇ ਹਿੰਸਾ ਨੇ ਅਜਿਹੇ ਮਨੁੱਖ ਦੀ ਸਿਰਜਣਾ ਕੀਤੀ ਜਿਹੜਾ ਵਧੇਰੇ ਕਰਕੇ ਅੰਤਰਮੁਖੀ ਬਣਿਆ। ਇਸ ਅੰਤਰਮੁਖਤਾ ਦਾ ਇਕ ਰਸਤਾ ਸ਼ਾਂਤਮਈ ਸਹਿਹੋਂਦ ਅਤੇ ਸੰਪਰਦਾਇ ਦੇ ਵਿਕਾਸ ਨਾਲ ਜੁੜਿਆ। ਇਹ ਉਹੋ ਦੌਰ ਹੈ ਜਦੋਂ ਵਿਭਿੰਨ ਸੰਪਰਦਾਵਾਂ ਆਪਣੀ ਆਪਣੀ ਸੰਪਰਦਾ ਦਾ ਵਿਕਾਸ ਬਸਤੀਵਾਦੀ ਪ੍ਰਬੰਧ ਵਿਚੋਂ ਤਲਾਸ਼ਦੀਆਂ ਹਨ ਅਤੇ ਆਪਣੇ ਹੀ ਨਿਵੇਕਲੇ ਰੂਪ ਵਿਚ ਬਸਤੀਵਾਦ ਪ੍ਰਤੀ ਪ੍ਰਤਿਹੁੰਗਾਰਾ ਸਿਰਜਦੀਆਂ ਹਨ। ਭਾਈ ਵੀਰ ਸਿੰਘ ਇਸ ਜਟਿਲ ਸਮੇਂ ਇਕ ਪਾਸੇ ਦਹਿਸ਼ਤ ਦੇ ਸਮੇਂ ਨੂੰ ਕੁਦਰਤ ਦੇ ਪ੍ਰਤੀਕੀਕਰਨ ਵਿਚ ਉਤਾਰਦਾ ਹੈ ਅਤੇ ਦੂਜੇ ਪਾਸੇ ਬਸਤੀਵਾਦ ਨਾਲ ਸਹਿਹੋਂਦ ਦੇ ਰਿਸ਼ਤੇ ਵਿਚੋਂ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ਦਾ ਹੈ, ਤੀਜਾ ਆਪਣੀ ਧਰਮ ਪਰੰਪਰਾ, ਪਛਾਣ ਅਤੇ ਸਭਿਆਚਾਰਕ ਹੋਂਦ ਦੀ ਪ੍ਰਮਾਣਿਕਤਾ ਨੂੰ ਦ੍ਰਿੜ ਕਰਦਾ ਹੈ, ਚੌਥਾ, ਬਸਤੀਵਾਦ ਦੇ ਨਵੇਂ ਗਿਆਨ ਸ਼ਾਸਤਰ ਦੇ ਮਾਧਿਅਮ ਭਵਿੱਖਮੁਖੀ ਯੋਜਨਾਬੰਦੀ ਕਰਦਾ ਹੈ। ਇਉਂ ਹੀ ਹੋਰ ਉਸਦੇ ਕਈ ਪਾਸਾਰ ਹਨ।

ਭਾਈ ਵੀਰ ਸਿੰਘ ਮੁਖਰ ਰਾਜਸੀ ਲਹਿਰਾਂ, ਘਟਨਾਵਾਂ ਅਤੇ ਵਰਤਾਰਿਆਂ ਤੋਂ ਇਕ ਵਿੱਥ ਥਾਪ ਕੇ ਰੱਖਦਾ ਹੈ, ਪਰੰਤੂ ਆਪਣੀ ਲਿਖਤ ਵਿਚ ਉਹ ਰਾਜਸੀ ਤੌਰ 'ਤੇ ਬਹੁਤ ਸੁਚੇਤ ਕਵੀ ਹੈ। ਪੰਜਾਬ ਨੂੰ ਉਹ ਬਸਤੀਵਾਦ ਦੁਆਰਾ 'ਫੁੰਡੇ ਹੋਏ ਤੋਤੇ' ਦੇ ਰੂਪ ਵਿਚ ਸਥਾਪਤ ਕਰਕੇ ਨਿਰੰਤਰ ਪੰਜਾਬ ਬਾਰੇ, ਆਜ਼ਾਦੀ ਦੀ ਚਾਹਤ ਬਾਰੇ, ਮੁਕਤੀ ਸੰਬੰਧੀ ਆਪਣੀ ਰਚਨਾਕਾਰੀ ਕਰਦਾ ਹੈ। ਪਰੰਤੂ ਭਾਈ ਵੀਰ ਸਿੰਘ ਦੀ ਵਿਧੀ ਨੂੰ ਸਮਝਣ ਦੀ ਜ਼ਰੂਰਤ ਹੈ। ਉਸ ਦੀ ਵਿਧੀ ਸਪੱਸ਼ਟ ਪ੍ਰਤਿਰੋਧੀਆਂ ਵਾਲੀ ਨਹੀਂ, ਸਗੋਂ ਅਹਿੰਸਕ ਭਾਸ਼ਾ ਵਾਲੀ ਅਤੇ ਸੂਖ਼ਮ ਪ੍ਰਤਿਹੁੰਗਾਰੇ ਵਾਲੀ ਹੈ। ਉਸਦੀ ਵਿਧੀ ਦੀ ਮਹੱਤਤਾ ਨੂੰ ਸਮਝੇ ਬਗ਼ੈਰ ਭਾਈ ਵੀਰ ਸਿੰਘ ਦੀ ਰਾਜਸੀ ਸੁਰ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਸਪੱਸ਼ਟ ਹੈ ਕਿ ਉਹ ਰਾਜਸੀ ਤੌਰ 'ਤੇ ਬਹੁਤ ਚੇਤੰਨ ਸ਼ਬਦਕਾਰ ਹੈ।

ਭਾਈ ਵੀਰ ਸਿੰਘ ਹੁਰਾਂ ਦੇ ਕੀਤੇ ਕਾਰਜ-ਖੇਤਰ ਸੰਬੰਧੀ ਕਈ ਅਦਾਰੇ ਸਥਾਪਤ ਹਨ। ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ ਅਤੇ ਯੂਨੀਵਰਸਿਟੀਆਂ ਵਿਚ ਸਥਾਪਤ ਚੇਅਰਾਂ ਆਪਣੀ ਆਪਣੀ ਸਮਰੱਥਾ ਅਨੁਸਾਰ ਭਾਈ ਸਾਹਿਬ ਸੰਬੰਧੀ ਅਧਿਐਨ ਅਤੇ ਖੋਜ-ਕਾਰਜ ਕਰ ਰਹੀਆਂ ਹਨ। ਇਹ ਸਾਲ ਭਾਈ ਵੀਰ ਸਿੰਘ ਹੁਰਾਂ ਦੇ 150ਵੇਂ ਜਨਮ ਦਿਵਸ ਦਾ ਸਾਲ ਹੈ। ਵਿਭਿੰਨ ਸੰਸਥਾਵਾਂ ਨੇ ਭਾਈ ਵੀਰ ਸਿੰਘ ਹੁਰਾਂ ਦੀ ਸ਼ਖ਼ਸ਼ੀਅਤ

ਅਤੇ ਸ਼ਬਦ ਸਿਰਜਣਾ ਸੰਬੰਧੀ ਗੋਸ਼ਟੀਆਂ, ਸੈਮੀਨਾਰ, ਕਾਨਫਰੰਸਾਂ ਅਤੇ ਮੈਗਜ਼ੀਨਾਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਕੇ ਉਨ੍ਹਾਂ ਪ੍ਰਤੀ ਆਪਣਾ ਸਤਿਕਾਰ ਵੀ ਪੇਸ਼ ਕੀਤਾ ਹੈ ਅਤੇ ਉਨ੍ਹਾਂ ਦੀ ਸ਼ਬਦ ਸਿਰਜਣਾ ਦੀ ਪੁਨਰ ਪੜਚੋਲ ਕਰਦਿਆਂ ਨਵੀਨ ਅਤੇ ਗੰਭੀਰ ਵਿਆਖਿਆ ਵੀ ਕੀਤੀ ਹੈ।

ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਇਕਾਈ ਭਾਈ ਵੀਰ ਸਿੰਘ ਚੇਅਰ ਵਲੋਂ ਸਾਹਿਤਯ ਅਕਾਦੇਮੀ, ਦਿੱਲੀ, ਚੰਡੀਗੜ੍ਹ ਸਾਹਿਤ ਅਕਾਦਮੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ ਅਤੇ ਅੰਗਰੇਜ਼ੀ ਵਿਭਾਗ, ਪੰਜਾਬ ਯੂਨੀਵਰਸਿਟੀ ਦੇ ਸਹਿਯੋਗ ਨਾਲ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਭਾਈ ਵੀਰ ਸਿੰਘ ਹੁਰਾਂ ਦੇ 150ਵੇਂ ਜਨਮ ਦਿਵਸ ਨੂੰ ਸਮਰਪਿਤ 1-2 ਮਾਰਚ 2023 ਨੂੰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿਚ ਦੋ ਦਿਨ ਪੇਸ਼ ਖੋਜ-ਪੱਤਰਾਂ ਅਤੇ ਉਨ੍ਹਾਂ ਦੀ ਸ਼ਖ਼ਸ਼ੀਅਤ ਉਪਰ ਗਹਿਰ ਗੰਭੀਰ ਚਰਚਾ ਕੀਤੀ ਗਈ। ਪੰਜਾਬੀ ਵਿਭਾਗ ਨੇ ਇਹ ਫ਼ੈਸਲਾ ਕੀਤਾ ਕਿ ਇਸ ਰਾਸ਼ਟਰੀ ਸੈਮੀਨਾਰ ਦੇ ਖੋਜ-ਪੱਤਰਾਂ ਦੇ ਨਾਲ ਨਾਲ ਹੋਰ ਵਿਦਵਾਨਾਂ ਕੋਲੋਂ ਖੋਜ-ਪੱਤਰ ਲਿਖਵਾ ਕੇ ਵਿਭਾਗ ਦੀ ਖੋਜ ਪੱਤ੍ਰਿਕਾ 'ਪਰਖ' ਦਾ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਜਾਵੇ। ਵਿਭਾਗ ਨੇ ਆਪਣੀ ਸਮਰੱਥਾ ਅਨੁਸਾਰ ਇਹ ਅੰਕ ਸੰਪਾਦਿਤ ਕਰਕੇ ਪੰਜਾਬੀ ਚਿੰਤਨ ਦੇ ਸਨਮੁੱਖ ਕੀਤਾ ਹੈ।

ਇਹ ਅੰਕ ਸੰਪਾਦਿਤ ਕਰਦਿਆਂ ਮੈਨੂੰ ਇਸ ਗੱਲ ਦਾ ਤਿੱਖਾ ਅਹਿਸਾਸ ਹੋਇਆ ਕਿ ਇਹ ਖੋਜ-ਪੱਤਰਾਂ ਨੇ ਆਪਣੇ ਪੂਰਵਲੇ ਚਿੰਤਨ ਨਾਲ ਸੰਵਾਦ ਵੀ ਰਚਾਇਆ ਹੈ, ਉਨ੍ਹਾਂ ਦੀਆਂ ਸੀਮਾਵਾਂ ਨੂੰ ਵੀ ਪਛਾਣਿਆ ਹੈ ਅਤੇ ਭਾਈ ਵੀਰ ਸਿੰਘ ਦੀ ਸ਼ਬਦ ਸਿਰਜਣਾ ਪ੍ਰਤੀ ਨਵੀਂ ਵਿਆਖਿਆ ਵੀ ਪੇਸ਼ ਕੀਤੀ ਹੈ। ਇਸ ਦੇ ਨਾਲ ਹੀ ਇਹ ਵੀ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਅਜੇ ਭਾਈ ਵੀਰ ਸਿੰਘ ਦੀਆਂ ਅਣਪ੍ਰਕਾਸ਼ਤ ਰਚਨਾਵਾਂ ਵੀ ਹਨ, ਜਿਨ੍ਹਾਂ ਦੇ ਪ੍ਰਕਾਸ਼ਤ ਹੋਣ ਉਪਰੰਤ ਇਹ ਵਿਆਖਿਆ ਨਵਾਂ ਵਿਸਤਾਰ ਪ੍ਰਾਪਤ ਕਰੇਗੀ।

ਇਸ ਅੰਕ ਵਿਚ ਸਹਿਯੋਗ ਲਈ ਸਭ ਨੂੰ ਧੰਨਵਾਦ ਕਹਿਣਾ ਮੇਰਾ ਫ਼ਰਜ਼ ਹੈ।

ਮਿਤੀ : 2 ਅਗਸਤ, 2023 ਸਰਬਜੀਤ ਸਿੰਘ





# ਭਾਈ ਵੀਰ ਸਿੰਘ ਕਾਵਿ ਦੇ ਵਿਚਾਰਧਾਰਾਈ ਆਧਾਰ ਅਤੇ ਪਾਸਾਰ

ਡਾ. ਰਵਿੰਦਰ ਸਿੰਘ ਰਵੀ

ਵਿਚਾਰਧਾਰਾ ਮਨੁੱਖ ਦਾ ਸਮਾਜਕ ਇਤਿਹਾਸਕ ਹੋਂਦ-ਵਿਧੀ ਦਾ ਇੱਕ ਤਰਕ- ਸੰਗਤ ਸਿੱਟਾ ਅਤੇ ਅਨਿੱਖੜ ਅੰਗ ਹੈ। ਮਨੁੱਖ ਦੇ ਸਮਾਜਕ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਦੇ ਅਨੇਕਾਂ ਪੱਖਾਂ ਉੱਤੇ ਆਧਾਰਿਤ ਹੋਣ ਕਾਰਨ ਹੀ ਇਹ ਆਪਣੇ ਆਪ ਵਿੱਚ ਇੱਕ ਜਟਿਲ ਵਰਤਾਰਾ ਅਤੇ ਸੰਕਲਪ ਹੈ। ਆਪਣੇ ਅੰਤਿਮ ਰੂਪ ਵਿੱਚ ਵਿਚਾਰਧਾਰਾ ਅਸਤਿਤਵ-ਮੀਮਾਂਸਾ ਅਤੇ ਗਿਆਨ-ਮੀਮਾਂਸਾ ਦੇ ਖੇਤਰ ਨਾਲ ਸੰਬੰਧਿਤ ਪ੍ਰਕਿਰਿਆ ਹੈ ਜਿਹੜੀ ਸਮਾਜਕ ਇਤਿਹਾਸਕ ਵਿਕਾਸ ਦੀ ਨਿਰੰਤਰ ਬਦਲਦੀ ਅਤੇ ਵਿਕਸਿਤ ਹੋ ਰਹੀ ਪ੍ਰਕਿਰਿਆ ਵਿੱਚ ਆਪਣੀ ਸੁਤੰਤਰ ਹੋਂਦ ਗ੍ਰਹਿਣ ਕਰਦੀ ਹੈ। ਮਾਰਕਸ ਅਤੇ ਏਂਗਲਜ਼ ਨੇ ਪਹਿਲੀ ਵਾਰ ਵਿਚਾਰਧਾਰਾ ਨੂੰ ਇੱਕ ਨਿਸ਼ਚਿਤ ਸਮਾਜ-ਸ਼ਾਸਤਰੀ ਪ੍ਰਵਰਗ ਵਜੋਂ ਸਥਾਪਿਤ ਕਰਦਿਆਂ ਆਦਰਸ਼ਵਾਦੀ ਚਿੰਤਨ ਦੀ ਪਰੰਪਰਾ ਵਿੱਚ ਤਾਂ ਪੁੱਠੇ ਜਾਂ ਵਿਕ੍ਰਿਤ ਯਥਾਰਥ ਦੀ ਪੁੱਠੀ ਜਾਂ ਵਿਕ੍ਰਿਤ ਚੇਤਨਾ ਦੇ ਨਕਾਰਾਤਮਿਕ ਅਰਥਾਂ ਵਜੋਂ ਵਰਤਿਆ ਅਤੇ ਦਵੰਦਾਤਮਿਕ ਪਦਾਰਥਵਾਦੀ ਦਰਸ਼ਨ ਅਤੇ ਇਤਿਹਾਸਕ ਪਦਾਰਥਵਾਦ ਦੇ ਪ੍ਰਸੰਗ ਵਿੱਚ ਬਾਹਰਮੁਖੀ ਯਥਾਰਥ ਦੀ ਵਿਗਿਆਨਕ ਚੇਤਨਾ ਦੇ ਸਕਾਰਾਤਮਿਕ ਅਰਥਾਂ ਵਜੋਂ ਸਵੀਕਾਰ ਕੀਤਾ। ਪੁੱਠੇ ਯਥਾਰਥ ਦੀ ਪੁੱਠੀ ਚੇਤਨਾ ਦੇ ਰੂਪ ਵਿੱਚ ਵਿਚਾਰਧਾਰਾ ਦੇ ਸੰਕਲਪ ਨੂੰ ਸਮਝਣ ਲਈ ਮਾਰਕਸ ਦੀ ਇਸ ਮਹੱਤਵਪੂਰਨ ਧਾਰਨਾ ਨੂੰ ਮੁੱਢ ਵਿੱਚ ਹੀ ਜਾਣ ਲੈਣਾ ਜ਼ਰੂਰੀ ਹੈ ਕਿ ਜੇਕਰ ਵਸਤੂਆਂ ਦੀ ਬਾਹਰੀ ਦਿੱਖ ਅਤੇ ਉਨ੍ਹਾਂ ਦਾ ਆਂਤਰਿਕ ਸਾਰ ਇੱਕੋ ਹੁੰਦਾ, ਸਮੁੱਚਾ ਵਿਗਿਆਨ ਨਿਰਅਰਥ ਹੋ ਜਾਣਾ ਸੀ। ਇਸ ਧਾਰਨਾ ਦਾ ਮਹੱਤਵਪੂਰਨ ਪੱਖ ਇਹ ਹੈ ਕਿ ਕਿਸੇ ਵੀ ਵਰਤਾਰੇ ਦੀ ਸਹੀ ਬਾਹਰਮੁਖੀ ਅਤੇ ਵਿਗਿਆਨਕ ਸਮਝ ਦੀ ਉਸਾਰੀ ਉਸ ਦੇ ਦਿਖਦੇ ਪੱਖ ਦੀ ਥਾਂ ਉਸ ਦੇ ਅੰਦਰਲੇ ਸਾਰ ਦੇ ਸੁਭਾ ਨੂੰ ਸਮਝਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਯਥਾਰਥ ਆਪਣੇ ਦਿਖਦੇ ਪੱਖ ਰਾਹੀਂ ਕੇਵਲ ਪੁੱਠਾ ਜਾਂ ਵਿਕ੍ਰਿਤ ਰੂਪ ਵਿੱਚ ਹੀ ਨਜ਼ਰ ਆਵੇਗਾ। ਯਥਾਰਥ ਦੇ ਇਸ ਦਿਸਦੇ ਰੂਪ ਦਾ ਪੁੱਠਾਪਣ ਕੁਦਰਤੀ ਹੀ ਪੁੱਠੀ ਚੇਤਨਾ ਦੀ ਸਿਰਜਣਾ ਕਰੇਗਾ। ਇਹੋ ਪੁੱਠੀ ਚੇਤਨਾ (False Consciousness) ਵਾਸਤਵ ਵਿੱਚ ਮਾਰਕਸ ਅਨੁਸਾਰ ਜਰਮਨ ਦਾਰਸ਼ਨਿਕਾਂ ਅਤੇ ਹੋਰ ਆਦਰਸ਼ਵਾਦੀ ਚਿੰਤਕਾਂ ਦੀ ਵਿਚਾਰਧਾਰਾ ਦੀ ਬੁਨਿਆਦੀ ਕਮਜ਼ੋਰੀ ਸੀ। ਮਾਰਕਸ ਅਨੁਸਾਰ ਮੁੱਖ ਸਮੱਸਿਆ ਵਿਚਾਰਾਂ ਦਾ ਉਹ ਪੁੱਠਾ ਰੂਪ ਹੈ ਜਿਹੜਾ ਵਸਤੂਆਂ ਦੇ ਅਸਲੀ ਸੁਭਾ ਨੂੰ ਛੁਪਾ ਲੈਂਦਾ ਹੈ। ਹੀਗਲ ਲਈ 'ਵਿਚਾਰ' ਇੱਕ ਯਥਾਰਥਕ ਵਸਤੂ ਸੀ ਅਤੇ ਮਨੁੱਖੀ ਅਮਲ ਕੇਵਲ ਇਸ 'ਵਿਚਾਰ' ਦਾ ਸਤਹੀ ਅਤੇ ਸੀਮਿਤ ਪ੍ਰਗਟਾਅ ਮਾਤਰ ਸੀ। ਇਸ ਪੁੱਠੀ ਸਮਝ ਕਾਰਨ ਮਨੁੱਖੀ ਸਰਗਰਮੀ ਕਿਸੇ ਹੋਰ ਅਦਿੱਖ ਯਥਾਰਥ ਦੀ ਉਪਜ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸੇ ਕਾਰਨ ਹੀਗਲ ਨੇ ਆਤਮ ਨੂੰ ਅਨਾਤਮ ਵਿੱਚ ਅਤੇ ਅਨਾਤਮ ਨੂੰ ਆਤਮ ਵਿੱਚ ਬਦਲ ਦਿੱਤਾ ਸੀ। ਇਸ ਤਰ੍ਹਾਂ ਮਾਰਕਸ ਦੀ ਇਹ ਧਾਰਨਾ ਸਿੱਧ ਕਰਦੀ ਹੈ ਕਿ ਵਿਚਾਰਧਾਰਕ ਪੁੱਠਾਪਣ ਅਸਲ ਵਿੱਚ ਯਥਾਰਥ ਦੇ ਪੁੱਠੇ ਰੂਪ ਨੂੰ ਗ੍ਰਹਿਣ ਕਰਨ ਕਾਰਨ ਵਾਪਰਦਾ ਹੈ। ਉਸ ਅਨੁਸਾਰ ਰਾਜ ਅਤੇ ਸਮਾਜ ਧਰਮ ਨੂੰ ਪੈਦਾ ਕਰਦੇ ਹਨ ਜਿਹੜਾ ਆਪਣੇ ਆਪ ਵਿੱਚ ਸੰਸਾਰ ਦੀ ਪੁੱਠੀ ਚੇਤਨਾ ਹੈ, ਕਿਉਂਕਿ ਪਹਿਲਾਂ ਹੀ ਰਾਜ ਅਤੇ ਸਮਾਜ ਦੋਵੇਂ ਹੀ ਆਪਣੇ ਆਪ ਵਿੱਚ ਪੁੱਠੇ ਸੰਸਾਰ ਹਨ। ਚੇਤਨਾ ਦੇ ਸਾਰੇ ਪੁੱਠੇ ਰੂਪ ਖ਼ਾਲੀ ਭਰਮ ਜਾਂ ਅਸਥੂਲ ਸੰਕਲਪ ਨਹੀਂ ਹੁੰਦੇ, ਸਗੋਂ ਉਨ੍ਹਾਂ ਦੇ ਸਮਾਜਕ ਆਧਾਰ ਹੁੰਦੇ ਹਨ। ਉਹ ਸਮਾਜ ਅਤੇ ਸਮਾਜਕ ਵਿਰੋਧਾਂ ਵਿਚਲੇ ਅਸਲੀ ਪੁੱਠੇਪਣ ਤੋਂ ਹੀ ਉਪਜਦੇ ਹਨ।

ਮਨੁੱਖੀ ਇਤਿਹਾਸ ਦੀ ਪਦਾਰਥਵਾਦੀ ਵਿਆਖਿਆ ਕਰਦਿਆਂ ਮਾਰਕਸ ਅਤੇ ਏਂਗਲਜ਼ ਨੇ ਉਤਪਾਦਨੀ ਰਿਸ਼ਤਿਆਂ ਉੱਤੇ ਸਮਾਜ ਦੇ ਸਮੁੱਚੇ ਆਤਮਿਕ ਜੀਵਨ ਨੂੰ ਆਧਾਰਿਤ ਮੰਨਦਿਆਂ ਇੱਕ ਸਮਾਜ ਜਾਂ ਜਮਾਤ ਦੇ

ਦਾਰਸ਼ਨਿਕ, ਰਾਜਨੀਤਕ, ਕਾਨੂੰਨੀ, ਕਲਾਤਮਿਕ ਚੇਤਨਾ ਰੂਪਾਂ ਨੂੰ ਵਿਚਾਰਧਾਰਾ ਦੇ ਅੰਤਰਗਤ ਰੱਖਿਆ। 'ਰਾਜਨੀਤਕ ਅਰਥ- ਸ਼ਾਸਤਰ ਦੀ ਸਮੀਖਿਆ' ਦੀ ਭੂਮਿਕਾ ਵਿੱਚ ਮਾਰਕਸ ਨੇ ਇਸ ਮਹੱਤਵਪੂਰਨ ਧਾਰਨਾ ਦੀ ਸਥਾਪਨਾ ਕੀਤੀ ਕਿ ਆਰਥਿਕ ਨੀਂਹ ਦੇ ਬਦਲਣ ਨਾਲ ਪਰਉਸਾਰ ਦਾ ਸਮੁੱਚਾ ਵਿਸ਼ਾਲ ਢਾਂਚਾ ਵੀ ਥੋੜ੍ਹੇ ਬਹੁਤ ਫ਼ਰਕ ਨਾਲ ਬੜੀ ਤੇਜ਼ੀ ਨਾਲ ਬਦਲ ਜਾਂਦਾ ਹੈ। ਅਜਿਹੀ ਤਬਦੀਲੀ ਸੰਬੰਧੀ ਵਿਚਾਰ ਕਰਨ ਵੇਲੇ ਇਸ ਗੱਲ ਵੱਲ ਉਚੇਚਾ ਧਿਆਨ ਰੱਖਣਾ ਚਾਹੀਦਾ ਹੈ ਕਿ ਇੱਕ ਪਾਸੇ ਤਾਂ ਪੈਦਾਵਾਰ ਦੀਆਂ ਆਰਥਿਕ ਪਰਿਸਥਿਤੀਆਂ ਦਾ ਪਦਾਰਥਕ ਰੂਪਾਂਤਰਨ ਹੈ ਜਿਹੜਾ ਪ੍ਰਕਿਰਤੀ ਵਿਗਿਆਨ ਵਾਂਗ ਸ਼ੁੱਧਤਾ ਸਹਿਤ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪਰੰਤੂ ਦੂਜੇ ਪਾਸੇ ਉਹ ਕਾਨੂੰਨੀ, ਰਾਜਨੀਤਕ, ਧਾਰਮਿਕ, ਸੁਹਜਾਤਮਿਕ ਜਾਂ ਦਾਰਸ਼ਨਿਕ - ਸੰਖੇਪ ਰੂਪ ਵਿੱਚ ਵਿਚਾਰਧਾਰਾਈ ਰੂਪ ਹਨ, ਜਿਸ ਦੇ ਘੇਰੇ ਵਿੱਚ ਮਨੁੱਖ ਆਪਣੇ ਸੰਘਰਸ਼ ਬਾਰੇ ਸੁਚੇਤ ਹੁੰਦੇ ਹਨ। ਜਿਵੇਂ ਕਿਸੇ ਵਿਅਕਤੀ ਸੰਬੰਧੀ ਸਾਡੀ ਰਾਇ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਉਹ ਆਪਣੇ ਬਾਰੇ ਕੀ ਸੋਚਦਾ ਹੈ, ਉਵੇਂ ਹੀ ਅਸੀਂ ਕਿਸੇ ਰੂਪਾਂਤਰਨ ਦੇ ਯੁਗ ਬਾਰੇ ਖ਼ੁਦ ਉਸ ਯੁਗ-ਚੇਤਨਾ ਦੇ ਆਧਾਰ 'ਤੇ ਫ਼ੈਸਲਾ ਨਹੀਂ ਕਰ ਸਕਦੇ। ਇਸ ਦੇ ਉਲਟ ਪਦਾਰਥਕ ਜੀਵਨ ਦੇ ਅੰਤਰ-ਵਿਰੋਧਾਂ ਦੇ ਆਧਾਰ 'ਤੇ ਹੀ ਸਮਾਜ ਦੀਆਂ ਉਤਪਾਦਨ ਸ਼ਕਤੀਆਂ ਅਤੇ ਉਤਪਾਦਨ ਸੰਬੰਧਾਂ ਦੀ ਤਤਕਾਲੀ ਟੱਕਰ ਦੇ ਆਧਾਰ 'ਤੇ ਹੀ ਇਸ ਚੇਤਨਾ ਦੀ ਵਿਆਖਿਆ ਕਰਨੀ ਚਾਹੀਦੀ ਹੈ। ਇਸੇ ਲਈ ਵਿਗਿਆਨਕ ਵਿਚਾਰਧਾਰਾ ਪਦਾਰਥਕ, ਸਮਾਜਕ ਸੰਬੰਧਾਂ ਦਾ ਸਹੀ ਪਰਤੌਂ ਹੁੰਦੀ ਹੈ।

ਲੁਕਾਚ ਕਿਸੇ ਆਪ-ਮੁਹਾਰੀ ਅਤੇ ਬਾਹਰੋਂ ਦਿੱਤੇ ਜਾਣ ਵਾਲੀ ਵਿਚਾਰਧਾਰਾ ਦੇ ਸਮਾਨਾਂਤਰ 'ਮਨੋਵਿਗਿਆਨਕ ਜਮਾਤੀ ਚੇਤਨਤਾ' ਅਤੇ 'ਆਰੋਪਿਤ ਜਮਾਤੀ ਚੇਤਨਤਾ' ਦਾ ਸੰਕਲਪ ਪੇਸ਼ ਕਰਦਾ ਹੈ। ਬਾਹਰਮੁਖੀ ਯਥਾਰਥ ਦੀ ਵਿਗਿਆਨਕ ਚੇਤਨਤਾ ਦੇ ਰੂਪ ਵਿੱਚ ਗਰਾਮਸ਼ੀ ਦੁਆਰਾ ਵਿਚਾਰਧਾਰਾ ਨੂੰ ਵਿਸ਼ਵ ਦੀ ਉਹ ਧਾਰਨਾ ਜਾਂ ਵਿਚਾਰਾਂ ਦਾ ਉਹ ਪ੍ਰਬੰਧ ਮੰਨਿਆ ਗਿਆ ਹੈ ਜਿਹੜਾ ਕਲਾ, ਕਾਨੂੰਨ ਅਤੇ ਆਰਥਿਕ ਸਰਗਰਮੀਆਂ ਵਿੱਚ ਸਿੱਧੇ ਤੌਰ 'ਤੇ ਪੇਸ਼ ਹੁੰਦਾ ਹੈ ਅਤੇ ਹਰ ਵਿਅਕਤੀਗਤ ਅਤੇ ਸਮੂਹਿਕ ਜੀਵਨ ਵਿੱਚ ਵੀ ਪ੍ਰਗਟ ਹੁੰਦਾ ਹੈ। ਗਰਾਮਸ਼ੀ ਲਈ ਵਿਚਾਰਧਾਰਾ ਕੇਵਲ ਵਿਸ਼ਵ ਦੀ ਅਭਿਧਾਰਨਾ ਮਾਤਰ ਨਹੀਂ ਅਤੇ ਨਾ ਹੀ ਵਿਚਾਰਾਂ ਦਾ ਪ੍ਰਬੰਧ ਮਾਤਰ ਹੈ, ਸਗੋਂ ਇਸ ਵਿੱਚ ਸਥੂਲ ਰਵੱਈਏ ਨੂੰ ਅਤੇ ਅਮਲ ਲਈ ਉਤਸ਼ਾਹਿਤ ਕਰਨ ਦੀ ਸਮਰੱਥਾ ਹੋਣੀ ਜ਼ਰੂਰੀ ਹੈ। ਇਸ ਲਈ ਗਰਾਮਸ਼ੀ ਲਈ ਵਿਚਾਰਧਾਰਾ ਦ੍ਰਿਸ਼ਟੀਕੋਣ ਅਤੇ ਇਸ ਦੇ ਅਨੁਸਾਰ ਵਿਵਹਾਰਕ ਨਿਯਮ ਦੀ ਏਕਤਾ ਵਿੱਚ ਹੈ। ਇੱਕ ਆਂਗਿਕ ਵਿਚਾਰਧਾਰਾ ਵਿਸ਼ਾਲ ਜਨ-ਸਾਧਾਰਨ ਨੂੰ ਸੰਗਠਿਤ ਕਰਨ ਦੇ ਕਾਬਲ ਅਤੇ ਆਪਣੇ ਆਪ ਨੂੰ ਵਿਸ਼ੇਸ਼ ਅਮਲ ਦਾ ਰੂਪ ਦੇ ਸਕਣ ਦੇ ਯੋਗ ਹੋਣੀ ਜ਼ਰੂਰੀ ਹੈ। ਇਸ ਲਈ ਉਸ ਅਨੁਸਾਰ ਵਿਚਾਰਧਾਰਾ ਮਨੁੱਖੀ ਸਰਗਰਮੀ ਦਾ ਉਹ ਖੇਤਰ ਹੈ, ਜਿਸ ਉੱਤੇ ਉਹ ਵਿਚਰਦੇ, ਚੇਤਨਤਾ ਗ੍ਰਹਿਣ ਕਰਦੇ, ਆਪਣੀ ਸਥਿਤੀ ਅਤੇ ਸੰਘਰਸ਼ਾਂ ਬਾਰੇ ਫ਼ੈਸਲਾ ਲੈਂਦੇ ਹਨ। ਵਿਚਾਰਧਾਰਾ ਬਾਰੇ ਗਰਾਮਸ਼ੀ ਦੇ ਸੰਕਲਪ ਦਾ ਇੱਕ ਮਹੱਤਵਪੂਰਨ ਪੱਖ ਵਿਚਾਰਧਾਰਾ ਨੂੰ ਇੱਕ ਪਦਾਰਥਕ ਸ਼ਕਤੀ ਦੇ ਰੂਪ ਵਿੱਚ ਗ੍ਰਹਿਣ ਕਰਨਾ ਹੈ ਜਿਹੜਾ ਜਮਾਤੀ ਸਰਦਾਰੀ ਲਈ ਜ਼ਰੂਰੀ ਹੈ। ਜਮਾਤੀ ਤੌਰ 'ਤੇ ਭਾਰੂ ਹੋਣ ਲਈ ਵਿਚਾਰਧਾਰਾ ਦੀ ਮਹੱਤਤਾ ਨੂੰ ਗਰਾਮਸ਼ੀ ਨੇ ਇਸ ਨੂੰ ਪਦਾਰਥਕ ਸ਼ਕਤੀ ਦੇ ਨਾਲ ਤੁਲਨਾ ਕਰ ਕੇ ਉਜਾਗਰ ਕੀਤਾ ਹੈ। ਗਰਾਮਸ਼ੀ ਵਿਚਾਰਧਾਰਾ ਨੂੰ ਚਾਰ ਦਰਜਿਆਂ ਵਿੱਚ ਵੰਡਦਾ ਹੈ। ਦਰਸ਼ਨ, ਧਰਮ, ਆਮ ਸੂਝ ਅਤੇ ਲੋਕ-ਯਾਨ। ਉਸ ਅਨੁਸਾਰ ਵਿਚਾਰਧਾਰਾ ਦੀ ਹੋਂਦ ਇਹ ਚਾਰ ਵੱਖੋ- ਵੱਖਰੇ ਪੱਧਰ ਹਨ। ਗਰਾਮਸ਼ੀ ਵਿਚਾਰਧਾਰਾ ਦੇ ਪ੍ਰਸੰਗ ਵਿੱਚ ਹੀ ਇਸ ਨੂੰ ਉਤਪੰਨ ਕਰਨ ਵਾਲੀਆਂ ਸੰਸਥਾਵਾਂ ਅਤੇ ਬੁੱਧੀਜੀਵੀਆਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦਾ ਹੈ। ਉਸ ਲਈ ਵਿਚਾਰਧਾਰਾ ਕੇਵਲ ਇੱਕ ਦਾਰਸ਼ਨਿਕ ਵਿਸ਼ਵ-ਦ੍ਰਿਸ਼ਟੀਕੋਣ ਹੀ ਨਹੀਂ, ਬਲਕਿ ਇਹ ਅਮਲ ਲਈ ਪ੍ਰੇਰਿਤ ਕਰਨ ਵਾਲੀ ਪਦਾਰਥਕ ਸ਼ਕਤੀ ਹੈ, ਜਿਸ ਦਾ ਜਨ-ਸਾਧਾਰਨ ਵਿੱਚ ਸਮਾਜੀਕਰਨ ਕਰਨਾ ਜ਼ਰੂਰੀ ਹੁੰਦਾ ਹੈ। ਇਸੇ ਲਈ ਵਿਚਾਰਧਾਰਾ ਨੂੰ ਨਿਰੰਤਰ ਬਦਲਦੀਆਂ ਪਰਿਸਥਿਤੀਆਂ ਵਿੱਚ ਸੋਧਿਆ ਜਾਣਾ ਜ਼ਰੂਰੀ ਹੁੰਦਾ ਹੈ।





ਇਉਂ ਵਿਚਾਰਧਾਰਾ ਦੇ ਖੇਤਰ ਵਿੱਚ ਕੇਵਲ ਦੋ ਹੀ ਰਸਤੇ ਹਨ। ਵਿਗਿਆਨਕ ਜਾਂ ਅਵਿਗਿਆਨਕ। ਵਿਚਾਰਧਾਰਾ ਜਾਂ ਤਾਂ ਬਾਹਰਮੁਖੀ ਅਤੇ ਵਿਗਿਆਨਕ ਹੋ ਸਕਦੀ ਹੈ ਅਤੇ ਜਾਂ ਕੇਵਲ ਅਵਿਗਿਆਨਕ। ਇਸੇ ਲਈ ਇਸ ਦੇ ਸੁਭਾ ਦਾ ਮੂਲ ਲੱਛਣ ਇਹ ਹੈ ਕਿ ਇਹ ਆਪਣੇ ਅੰਤਿਮ ਸੁਭਾ ਵਿੱਚ ਮਨੁੱਖੀ ਹਿਤਾਂ ਦੇ ਅਨੁਸਾਰੀ ਹੋ ਸਕਦੀ ਹੈ ਜਾਂ ਉਸ ਦੇ ਵਿਰੋਧੀ। ਤੀਸਰੇ, ਵਿਚਾਰਧਾਰਾ ਜਾਂ ਤਾਂ ਸਮਾਜਕ ਇਤਿਹਾਸਕ ਵਿਕਾਸ ਦਾ ਰੁਖ਼ ਕਰਨ ਵਾਲੀ ਅਤੇ ਇਸ ਵਹਾਉ ਨੂੰ ਤੇਜ਼ ਕਰਨ ਲਈ ਸਹਾਇਕ ਦੀ ਭੂਮਿਕਾ ਨਿਭਾਉਣ ਵਾਲਾ ਵਰਤਾਰਾ ਹੋ ਸਕਦੀ ਹੈ ਜਾਂ ਇਸ ਵਿਕਾਸ ਪ੍ਰਕਿਰਿਆ ਦਾ ਵਿਰੋਧੀ ਕਾਰਨ। ਚੌਥਾ, ਵਿਚਾਰਧਾਰਾ ਜਮਾਤੀ ਸੁਭਾ ਵਾਲੀ ਹੀ ਹੋ ਸਕਦੀ ਹੈ ਅਤੇ ਜਮਾਤ ਰਹਿਤ ਜਾਂ ਜਮਾਤਾਂ ਤੋਂ ਮੁਕਤ ਸਮਾਜ ਵਿੱਚ ਵਿਚਾਰਧਾਰਾ ਸਰਬ-ਸਾਂਝੀ ਅਤੇ ਸਮੁੱਚੇ ਸਮਾਜ ਦੀ ਵਿਚਾਰਧਾਰਾ ਬਣ ਸਕਦੀ ਹੈ।

ਸਾਹਿਤਕ ਸਿਰਜਨਾਵਾਂ ਵਿਚਾਰਧਾਰਾ ਦੇ ਉਪਰੋਕਤ ਜਟਿਲ ਪ੍ਰਬੰਧ ਨੂੰ ਜਿਸ ਤਰ੍ਹਾਂ ਆਪਣੀ ਹੋਂਦ ਵਿਧੀ ਦਾ ਆਧਾਰ ਬਣਾਉਂਦੀਆਂ ਹਨ, ਉਸ ਦੇ ਬਹੁਤ ਸਾਰੇ ਪਹਿਲੂ ਹਨ। ਆਮ ਤੌਰ 'ਤੇ ਰਚਨਾ ਦੇ ਸਰਲ-ਅਰਥੀ ਸਾਰ ਵਿੱਚ ਪਏ ਵਿਚਾਰਾਂ, ਸੰਕਲਪਾਂ, ਜਾਂ ਵਿਸ਼ਵਾਸਾਂ ਦੇ ਤਾਰਕਿਕ ਸੂਤਰਬੱਧ ਰੂਪ ਨੂੰ ਉਸ ਰਚਨਾ ਵਿਚਲੀ ਵਿਚਾਰਧਾਰਾ ਵਜੋਂ ਗ੍ਰਹਿਣ ਕੀਤੇ ਜਾਣ ਦੀ ਪ੍ਰਵਿਰਤੀ ਸਾਡੀ ਆਲੋਚਨਾ ਦੀ ਭਾਰੂ ਪ੍ਰਵਿਰਤੀ ਰਹੀ ਹੈ। ਕਾਵਿ ਜਾਂ ਸਾਹਿਤ ਨੂੰ ਯਥਾਰਥ ਬੋਧ ਦੀ ਸੁਹਜਾਤਮਿਕ ਵਿਧੀ ਦੇ ਰੂਪ ਵਿੱਚ ਇਸ ਦੇ ਪ੍ਰਕਾਰਜ ਨੇਮਾਂ ਨੂੰ ਸਹੀ ਢੰਗ ਨਾਲ ਨਾ ਸਮਝਣ ਕਰਕੇ ਅਜਿਹੀ ਆਲੋਚਨਾ ਕਿਸੇ ਵੀ ਰਚਨਾ ਦੀ ਕੇਵਲ ਬਾਹਰਲੀ ਦਿੱਖ ਤੱਕ ਹੀ ਸੀਮਿਤ ਰਹਿ ਜਾਂਦੀ ਹੈ ਅਤੇ ਉਸ ਰਚਨਾ ਵਿੱਚ ਸੁਹਜਾਤਮਿਕ ਯਥਾਰਥ ਬੋਧ ਦੀ ਵਿਧੀ ਦੇ ਪ੍ਰਕਾਰਜ ਨੇਮਾਂ ਨੂੰ ਅੱਖੋਂ ਓਹਲੇ ਕਰ ਦਿੰਦੀ ਹੈ। ਇਸੇ ਦਾ ਨਤੀਜਾ ਹੈ ਕਿ ਕਵੀ ਦੇ ਕਥਨਾਂ ਜਾਂ ਸਿੱਧੇ ਸੰਕਲਪਾਂ, ਵਿਸ਼ਵਾਸਾਂ ਆਦਿ ਨੂੰ ਹੀ ਉਸ ਦੇ ਸਮੁੱਚੇ ਜੀਵਨ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਵਜੋਂ ਮੰਨ ਲਿਆ ਜਾਂਦਾ ਰਿਹਾ ਹੈ। ਵਿਸ਼ੇਸ਼ ਕਰਕੇ ਭਾਈ ਵੀਰ ਸਿੰਘ ਜੀ ਦੇ ਪ੍ਰਸੰਗ ਵਿੱਚ ਉਨ੍ਹਾਂ ਦੀਆਂ ਬਹੁਤ ਸਾਰੀਆਂ ਉਹ ਕਵਿਤਾਵਾਂ ਜਿਹੜੀਆਂ ਅੰਤ ਵਿੱਚ ਗੁਰਮਤਿ ਦੇ ਹੀ ਕਿਸੇ ਸੰਕਲਪ, ਵਿਸ਼ਵਾਸ ਜਾਂ ਸਿਧਾਂਤ ਦੀ ਵਿਆਖਿਆ ਕਰਦੀਆਂ ਹਨ, ਨੂੰ ਭਾਈ ਵੀਰ ਸਿੰਘ ਦੀ ਕਵਿਤਾ ਦੇ ਵਿਚਾਰਧਾਰਕ ਆਧਾਰ ਸਮਝ ਲਿਆ ਗਿਆ ਹੈ, ਜਦੋਂ ਕਿ ਇਨ੍ਹਾਂ ਕਵਿਤਾਵਾਂ ਵਿੱਚੋਂ ਕਵੀ ਭਾਈ ਵੀਰ ਸਿੰਘ ਦੀ ਅਸਲ ਵਿੱਚ ਅਣਹੋਂਦ ਹੈ। ਅਜਿਹੀਆਂ ਕਵਿਤਾਵਾਂ ਵਿੱਚ ਕਾਵਿਕ ਬੋਧ ਯਥਾਰਥ ਦੀ ਬਹੁਮੁਖਤਾ, ਫੈਲਾਉ ਕਰਨ ਦੇ ਸੰਕਲਪਾਂ ਆਦਿ, ਰਾਹੀਂ ਉਨ੍ਹਾਂ ਦੇ ਸੁਲਝਾਉ ਵਿੱਚ ਸੁੰਗੜ ਜਾਂਦਾ ਹੈ। ਅਜਿਹੀਆਂ ਕਵਿਤਾਵਾਂ ਕਵੀ ਦੇ ਸੁਚੇਤ ਵਿਵੇਕਸ਼ੀਲ ਆਪੇ ਦੁਆਰਾ ਕੁਝ ਸੰਕਲਪਾਂ, ਸਿਧਾਂਤਾਂ ਨੂੰ ਯਥਾਰਥ ਬੋਧ ਦੀ ਕਾਵਿਕ ਵਿਧੀ ਦੇ ਮਾਧਿਅਮ ਰਾਹੀਂ ਪ੍ਰਗਟ ਕਰਨ ਦਾ ਯਤਨ ਹੈ ਜਿਹੜੀ ਇੱਕ ਪਾਸੇ ਕਵੀ ਦੀ ਸਿਰਜਨਾਤਮਿਕ ਕਾਵਿ ਪ੍ਰਤਿਭਾ ਦੇ ਅਸਲੇ ਦੀ ਪ੍ਰਤੀਨਿਧਤਾ ਨਹੀਂ ਕਰਦੀ ਅਤੇ ਦੂਸਰੇ ਪਾਸੇ ਅਜਿਹੀਆਂ ਕਵਿਤਾਵਾਂ ਅਨੁਭਵ ਅਤੇ ਪ੍ਰਗਟਾਅ ਦੇ ਵੱਡੇ ਪਾੜੇ ਕਾਰਨ ਕਵਿਤਾਵਾਂ ਦੇ ਉੱਚੇ ਪੱਧਰ ਨੂੰ ਵੀ ਪ੍ਰਾਪਤ ਕਰਨ ਤੋਂ ਅਸਮਰੱਥ ਹਨ।

ਅਸਲ ਵਿੱਚ ਭਾਈ ਵੀਰ ਸਿੰਘ ਕਾਵਿ ਦੇ ਵਿਚਾਰਧਾਰਕ ਆਧਾਰਾਂ ਅਤੇ ਪਾਸਾਰਾਂ ਦੇ ਸਹੀ ਸਾਰ ਅਤੇ ਸੁਭਾ ਨੂੰ ਸਮਝਣ ਲਈ ਉਨ੍ਹਾਂ ਕਵਿਤਾਵਾਂ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ, ਜਿਨ੍ਹਾਂ ਵਿੱਚ ਕਵੀ ਕਿਸੇ ਪੂਰਵ ਨਿਸ਼ਚਿਤ ਸੰਕਲਪ ਨੂੰ ਦੁਹਰਾਉਣ ਦੇ ਉਚੇਚ ਦੀ ਥਾਂ ਭਾਵ-ਆਵੇਸ਼ ਵਿੱਚ ਆਪਣੇ ਸ਼ੁੱਧ ਆਪੇ ਨੂੰ ਨਿਰਵਾਣ ਰੂਪ ਵਿੱਚ ਅਤੇ ਨਿਰੰਕੁਸ਼ ਰੂਪ ਵਿੱਚ ਮੁਕਤ ਢੰਗ ਨਾਲ ਆਪਣੇ ਅਨੁਭਵ ਨੂੰ ਉਸ ਦੀ ਬਹੁ-ਪਰਤੀ ਸਮੁੱਚਤਾ ਵਿੱਚ ਪੇਸ਼ ਕਰਨ ਦੇ ਸਮਰੱਥ ਹੈ। ਉਨ੍ਹਾਂ ਦੀਆਂ ਕਵਿਤਾਵਾਂ ਦੇ ਸਰਲ-ਅਰਥੀ ਸਾਰ ਉੱਤੇ ਨਿਰਭਰ ਆਲੋਚਨਾ ਇਨ੍ਹਾਂ ਕਵਿਤਾਵਾਂ ਵਿੱਚ ਪ੍ਰਗਟ ਸਿੱਖ ਸਿਧਾਂਤਾਂ ਅਤੇ ਸੰਕਲਪਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਇੱਕ ਸਿੱਖ ਕਵੀ ਸਥਾਪਿਤ ਕਰਨ ਵੱਲ ਰੁਚਿਤ ਹੈ। ਨਿਰਸੰਦੇਹ ਭਾਈ ਵੀਰ ਸਿੰਘ ਇੱਕ ਸ਼ਰਧਾਵਾਨ, ਚੇਤਨ ਸਿੱਖ, ਬੁੱਧੀਜੀਵੀ ਅਤੇ ਵਿਦਵਾਨ ਸਨ ਜਿਹੜੇ ਸਿਧਾਂਤਕ ਅਤੇ ਵਿਵਹਾਰਕ ਪੱਖ ਤੋਂ ਸਿੱਖ ਜੀਵਨ ਆਦਰਸ਼ਾਂ ਦੁਆਰਾ ਪ੍ਰੇਰਿਤ ਅਤੇ ਉਨ੍ਹਾਂ ਪ੍ਰਤੀ

ਪ੍ਰਤੀਬੱਧ ਸਨ। ਸਤਹੀ ਦ੍ਰਿਸ਼ਟੀ ਤੋਂ ਇਉਂ ਉਹ ਗੁਰਬਾਣੀ ਨਿਰਦਿਸ਼ਟ ਵਿਚਾਰਧਾਰਾ ਦੇ ਪ੍ਰਵਕਤਾ ਕਹੇ ਜਾਂਦੇ ਰਹੇ ਹਨ, ਪਰੰਤੂ ਉਨ੍ਹਾਂ ਦੇ ਸਮੁੱਚੇ ਕਾਵਿ-ਸੰਸਾਰ ਦਾ ਡੂੰਘਾ ਵਿਸ਼ਲੇਸ਼ਣ ਕਰਨ ਉੱਤੇ ਉਨ੍ਹਾਂ ਦੇ ਸਮੁੱਚੇ ਵਿਚਾਰਧਾਰਕ ਆਧਾਰ ਅਤੇ ਪਾਸਾਰ ਮੂਲੋਂ ਵੱਖਰੇ ਸੁਭਾ ਦੇ ਧਾਰਨੀ ਨਜ਼ਰ ਆਉਂਦੇ ਹਨ।

ਇਸ ਵੱਖਰਤਾ ਦਾ ਸਭ ਤੋਂ ਪਹਿਲਾ ਨੁਕਤਾ ਅਤੇ ਪਹਿਲੂ ਇਹ ਰੌਚਕ ਤੱਥ ਹੈ ਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇੱਕ ਪ੍ਰਸ਼ਨ-ਚਿੰਨ੍ਹ ਨਾਲ ਖ਼ਤਮ ਹੁੰਦੀਆਂ ਹਨ। ਮੱਧਕਾਲੀਨ ਅਧਿਆਤਮਿਕ ਅਤੇ ਸਮਾਜਕ ਚੇਤਨਾ ਆਪਣੇ ਜੀਵਨ ਆਦਰਸ਼ਾਂ ਅਤੇ ਵਿਚਾਰਧਾਰਾ ਵਿੱਚ ਨਿਰਪੇਖ ਸੱਤਾ, ਨਿਰਪੇਖ ਅਨੁਭਵ ਅਤੇ ਨਿਰਪੇਖ ਜੀਵਨ ਕੀਮਤਾਂ ਦੀ ਧਾਰਨੀ ਸੀ। ਨਤੀਜੇ ਵਜੋਂ ਆਤਮ ਅਤੇ ਅਨਾਤਮ ਇਸੇ ਪੱਧਰ ਉੱਤੇ ਨਾ ਤਾਂ ਵੱਖਰੇ ਸਨ ਅਤੇ ਨਾ ਹੀ ਉਨ੍ਹਾਂ ਵਿੱਚ ਕਿਸੇ ਪ੍ਰਕਾਰ ਦੇ ਦਵੈਤ ਦੀ ਸੰਭਾਵਨਾ ਹੋ ਸਕਦੀ ਸੀ। ਦਵੈਤ ਹੀ ਮਨੁੱਖੀ ਆਤਮਾ ਅਤੇ ਉਸ ਦੀ ਹੋਂਦ ਦਾ ਵੱਡਾ ਸੰਤਾਪ ਸੀ, ਜਿਸ ਨੂੰ ਖ਼ਤਮ ਕਰਕੇ ਨਿਰਪੇਖ ਸੱਤਾ ਵਿੱਚ ਬਦਲ ਜਾਣਾ ਅਤੇ ਇਸ ਦਵੈਤ ਨੂੰ ਨਸ਼ਟ ਕਰਨਾ ਉਸ ਦਾ ਇੱਕੋ-ਇੱਕ ਪਰਮ ਉਦੇਸ਼ ਸੀ। ਅਜਿਹੀ ਸ਼ੂਨਯ ਅਵਸਥਾ ਜਾਂ ਨਿਰਪੇਖ ਸੱਤਾ ਵਿੱਚ ਅਭੇਦ ਹੋ ਜਾਣ ਜਾਂ ਇਸ ਤੋਂ ਨਿੱਖੜੇ ਅਤੇ ਦੂਰ ਹੋਏ ਅਸਤਿਤਵ ਦੀ ਧਾਰਨੀ ਹੀ ਹੋ ਸਕਦੀ ਸੀ। ਇਸ ਵਿਚਕਾਰ ਕਿਸੇ ਕਿਸਮ ਦਾ ਹੋਰ ਕੋਈ ਤੀਸਰਾ ਰਸਤਾ ਨਹੀਂ ਸੀ। ਦਵੈਤ ਮੁਕਤ ਜਾਂ ਦਵੈਤਗ੍ਰਸਤ ਹੋਂਦ ਇੱਕ ਵਿਸ਼ੇਸ਼ ਕਿਸਮ ਦੇ ਜੀਵਨ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਸਿਰਜਣ ਦਾ ਆਧਾਰ ਬਣਦੀ ਸੀ। ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿੱਚ ਇਕਹਿਰਾ ਵਿਰੋਧ ਦੇਖਣ ਨੂੰ ਨਹੀਂ ਮਿਲਦਾ, ਸਗੋਂ ਇਸ ਤੋਂ ਉਲਟ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਦਵੈਤ ਮੁਕਤ ਹੋਣ ਦੀ ਸਥਿਤੀ ਵਿੱਚ ਹੀ ਇੱਕ ਸ਼ੰਕਾ ਬਣੀ ਰਹਿੰਦੀ ਹੈ। 'ਅਣਡਿੱਠਾ ਰਸਦਾਤਾ' ਵਿੱਚ ਰਸ ਪ੍ਰਦਾਨ ਕਰਨ ਵਾਲਾ ਦਾਤਾ ਰਸ ਦਿੰਦਾ ਹੋਇਆ ਵੀ ਆਪਣਾ ਆਪਾ ਲੁਕਾ ਜਾਂਦਾ ਹੈ। 'ਮਹਿੰਦੀ' ਨਾਂ ਦੀ ਕਵਿਤਾ ਸ਼ੂਨਯ ਅਵਸਥਾ ਨੂੰ ਪ੍ਰਾਪਤ ਆਤਮਾ ਅੱਗੇ ਵੀ ਇਹ ਪ੍ਰਸ਼ਨ ਹੈ ਕਿ ਉਸ ਦਾ ਅਗੰਮੀ ਸਵਾਦ ਸੱਜਣ ਨੇ ਵੀ ਚੱਖਿਆ ਹੈ ਜਾਂ ਨਹੀਂ, ਅਜਿਹੇ ਪ੍ਰਸ਼ਨ-ਵਾਚਕ ਅੰਤਕ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦਾ ਇੱਕ ਭਾਰੂ ਪਹਿਲੂ ਹਨ।

ਉਪਰੋਕਤ ਪ੍ਰਸ਼ਨਵਾਚਕ ਭਾਵ-ਆਵੇਸ਼ ਭਾਈ ਵੀਰ ਸਿੰਘ ਯੁਗ ਨਾਲ ਸੰਬੰਧਿਤ ਸਮਾਜਿਕ, ਇਤਿਹਾਸਕ ਪ੍ਰਸਥਿਤੀਆਂ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਹੈ। ਇੱਕ ਪਾਸੇ ਵਿਦੇਸ਼ੀ ਵਿਕਸਿਤ ਪੂੰਜੀਵਾਦੀ ਸਭਿਅਤਾ ਦਾ ਤਿੱਖਾ ਹਮਲਾ ਜੀਵਨ ਦੇ ਹਰ ਖੇਤਰ ਵਿੱਚ ਵਿਸ਼ੇਸ਼ ਕਿਸਮ ਦੀ ਟੁੱਟ-ਭੱਜ ਪੈਦਾ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਅੰਗਰੇਜ਼ੀ ਸਾਮਰਾਜ ਦੁਆਰਾ ਪੰਜਾਬ ਦੀ ਆਰਥਿਕਤਾ ਨੂੰ ਵਿਸ਼ੇਸ਼ ਰੁਖ਼ ਵੱਲ ਮੋੜਾ ਦੇਣ ਲਈ ਕੀਤੇ ਗਏ ਜ਼ਮੀਨੀ ਸੁਧਾਰਾਂ ਅਤੇ ਵਧਾਏ ਗਏ ਸਿੰਚਾਈ ਸਾਧਨਾਂ ਕਾਰਨ ਪੁਰਾਣੀ ਆਰਥਿਕ ਬਣਤਰ ਬੜੀ ਤੇਜ਼ੀ ਨਾਲ ਬਿਖਰ ਰਹੀ ਸੀ। ਤੀਸਰੇ, ਉੱਨਤ ਸਭਿਅਤਾ ਦੇ ਪ੍ਰਵੇਸ਼ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਵਿੱਚ ਗਿਆਨ ਦੇ ਨਵੇਂ ਪ੍ਰਭਾਵ ਅਧੀਨ ਤਰਕ ਅਤੇ ਬੁੱਧ ਵਿਵੇਕ ਦਾ ਵਿਸ਼ੇਸ਼ ਰੂਪ ਪੇਸ਼ ਹੋਣਾ ਜ਼ਰੂਰੀ ਹੋ ਗਿਆ ਸੀ। ਗਿਆਨ ਵਿਗਿਆਨ ਦੇ ਇਸ ਪ੍ਰਭਾਵ ਕਾਰਨ ਪੁਰਾਣੀ ਰਹਿਤਲ ਦੇ ਹਰ ਪਹਿਲੂ ਅੱਗੇ ਇੱਕ ਪ੍ਰਸ਼ਨ-ਚਿੰਨ੍ਹ ਲੱਗ ਚੁੱਕਾ ਸੀ। ਚੌਥੇ, ਧਾਰਮਿਕ ਵਲਗਣ ਵਿੱਚ ਇੱਕ ਸੰਪ੍ਰਦਾਇਕ ਹੋਂਦ ਆਪਣੇ ਆਪ ਨੂੰ ਅਸੁਰੱਖਿਅਤ ਅਨੁਭਵ ਕਰਨ ਲੱਗ ਗਈ ਸੀ, ਕਿਉਂਕਿ ਵਿਦੇਸ਼ੀ ਧਰਮ ਵੀ ਉਨ੍ਹਾਂ ਦੀ ਆਪਣੀ ਧਾਰਮਿਕ ਪਛਾਣ ਅਤੇ ਧਾਰਮਿਕ ਘੇਰੇ ਦੇ ਅਸਤਿਤਵ ਨੂੰ ਨਸ਼ਟ ਕਰਨ ਲਈ ਕਾਰਜਸ਼ੀਲ ਸੀ। ਧਾਰਮਿਕ ਪਛਾਣ ਦੀ ਇਹ ਅਸੁਰੱਖਿਆ ਦੀ ਭਾਵਨਾ ਆਪਣੀ ਧਾਰਮਿਕ ਵਲਗਣ ਅਤੇ ਪਛਾਣ ਨੂੰ ਹੋਰ ਸਥੂਲ ਰੂਪ ਵਿੱਚ ਬਰਕਰਾਰ ਰੱਖਣ ਲਈ ਤਤਪਰ ਹੋ ਰਹੀ ਸੀ। ਇੱਕੋ ਵੇਲੇ ਆਪਣੀ ਹੋਂਦ ਦੀ ਅਸੁਰੱਖਿਆ ਅਤੇ ਉਸ ਦੇ ਬਚਾਉ ਦੀ ਚੇਤਨਤਾ ਇੱਕ ਵਿਸ਼ੇਸ਼ ਤਨਾਉਸ਼ੀਲ ਸਮਾਜਕ ਸਥਿਤੀ ਨੂੰ ਜਨਮ ਦੇ ਰਹੀ ਸੀ। ਪੰਜਵੇਂ, ਬਸਤੀਵਾਦੀ ਪ੍ਰਬੰਧ ਅਧੀਨ ਨਵੇਂ ਸਮਾਜਿਕ, ਆਰਥਿਕ ਢਾਂਚੇ ਦੀ ਉਸਾਰੀ ਦੇ ਅਮਲ ਵਿੱਚ ਸਥਾਪਿਤ ਸਾਮੰਤੀ ਸਰਦਾਰੀ ਦੀ ਬਣਤਰ ਵੀ ਖੇਰੂੰ-ਖੇਰੂੰ ਹੋ ਰਹੀ ਸੀ। ਸਾਮੰਤੀ ਸਰਦਾਰਾਂ ਦੀ ਜਮਾਤੀ ਟੁੱਟ-ਭੱਜ ਲਈ ਤਤਕਾਲ ਕੋਈ





ਅਗਲੇਰਾ ਕਦਮ ਜਾਂ ਦਿਸ਼ਾ ਸਪਸ਼ਟ ਨਹੀਂ ਸੀ। ਇਸ ਜਮਾਤੀ ਟੁੱਟ-ਭੱਜ ਦੇ ਨਾਲ-ਨਾਲ ਵਪਾਰਕ ਵਰਗ ਉੱਠਦੀ ਬੁਰਜੂਆਜ਼ੀ ਦੇ ਰੂਪ ਧਾਰਨ ਦੀ ਪ੍ਰਕਿਰਿਆ ਗ੍ਰਹਿਣ ਕਰ ਰਿਹਾ ਸੀ। ਇਸ ਨਵੀਂ ਉੱਭਰ ਰਹੀ ਬਣਤਰ ਦਾ ਕੋਈ ਸਥੂਲ ਖ਼ਾਕਾ ਵੀ ਸਾਹਮਣੇ ਨਜ਼ਰ ਨਹੀਂ ਆਉਂਦਾ ਸੀ।

ਅਜਿਹੀਆਂ ਸਮਾਜਿਕ, ਆਰਥਿਕ ਪਰਿਸਥਿਤੀਆਂ ਵਿੱਚ ਚੇਤਨਾ ਦਾ ਨਿਰਪੇਖ ਮੁਹਾਵਰਾ ਜਿਹੜਾ ਮੱਧਕਾਲੀਨ ਰਹਿਤਲ ਦਾ ਅਚੇਤ ਵਿਚਾਰਧਾਰਕ ਆਧਾਰ ਸੀ, ਕਾਇਮ ਰਹਿ ਸਕਣਾ ਸੰਭਵ ਨਹੀਂ ਸੀ ਅਤੇ ਆਤਮ-ਅਨਾਤਮ ਦੀ ਨਿਰਪੇਖ ਅਭੇਦਤਾ ਯਥਾਰਥ ਦਾ ਸੁਭਾ ਨਹੀਂ ਬਣ ਸਕਦਾ ਸੀ। ਆਲੇ-ਦੁਆਲੇ ਅਤੇ ਜੀਵਨ ਦਾ ਹਰ ਪਹਿਲੂ ਤਿੜਕ ਚੁੱਕਾ ਸੀ, ਪਰੰਤੂ ਇਸ ਦੇ ਕਿਸੇ ਅਗਲੇ ਪੜਾਅ ਜਾਂ ਰੂਪਾਂਤਰਨ ਦੀ ਸੰਭਾਵਨਾ ਕਿਸੇ ਰੂਪ ਵਿੱਚ ਵੀ ਉਭਰਨ ਤੋਂ ਅਸਮਰੱਥ ਸੀ। ਅਜਿਹੀ ਸਥਿਤੀ ਵਿੱਚ ਭਾਈ ਵੀਰ ਸਿੰਘ ਦੇ ਕਾਵਿ ਵਿੱਚ ਨਿਰਪੇਖ ਯਥਾਰਥ ਦੀ ਹੋਂਦ ਦਾ ਸੁਭਾ ਬਦਲ ਜਾਣਾ ਬੜਾ ਕੁਦਰਤੀ ਸੀ। ਇਹ ਯਥਾਰਥ ਨਾ ਤਾਂ ਨਿਰੋਲ ਨਿਰਪੇਖਤਾ ਵਿੱਚ ਵਿਚਰਦਾ ਹੈ ਅਤੇ ਨਾ ਹੀ ਆਤਮ-ਅਨਾਤਮ ਦੇ ਦੋ ਸਥੂਲ ਵਿਰੋਧੀ ਜੁਟਾਂ ਦੇ ਦਵੈਤ ਵਿੱਚ ਵਿਚਰ ਸਕਦਾ ਹੈ, ਸਗੋਂ ਇਹ ਦਵੈਤ ਇੱਥੇ ਆ ਕੇ ਦਵੰਦ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਦਵੰਦ ਦਾ ਸੁਭਾ ਵੀ ਲਚਕੀਲਾ ਹੈ ਜਿਹੜਾ ਕਦੇ ਨਿਰਪੇਖਤਾ ਵੱਲ ਝੁਕਦਾ ਹੈ ਅਤੇ ਕਿਤੇ ਦਵੈਤ-ਮੁਖਤਾ ਵੱਲ। ਯਥਾਰਥ ਦਾ ਅਜਿਹਾ ਸੁਭਾ ਭਾਈ ਵੀਰ ਸਿੰਘ ਕਾਵਿ ਦੀ ਗਹਿਨ ਸੰਰਚਨਾ ਦਾ ਪ੍ਰਮੁੱਖ ਆਧਾਰ ਹੈ ਜਿਹੜਾ ਉਨ੍ਹਾਂ ਦੀ ਮੱਧਕਾਲੀਨ ਵਿਚਾਰਧਾਰਾ ਨਾਲੋਂ ਨਿਖੇੜਦਿਆਂ ਹੋਇਆਂ ਉਨ੍ਹਾਂ ਨੂੰ ਇੱਕ ਵਿਸ਼ੇਸ਼ ਪ੍ਰਕਾਰ ਦੀ ਵਿਅਕਤੀਵਾਦੀ ਮੱਧ-ਸ਼੍ਰੇਣਿਕਤਾ ਨਾਲ ਜੋੜਦਾ ਹੈ ਜਿਹੜੀ ਉੱਭਰਦੀ ਬੁਰਜੂਆਜ਼ੀ ਦੀਆਂ ਮੁਢਲੀਆਂ ਜਨਮ ਪੀੜਾਂ ਦੀ ਪ੍ਰਵਕਤਾ ਬਣਦੀ ਹੈ।

ਇਸੇ ਵਿਚਾਰਧਾਰਾਈ ਆਧਾਰ ਦਾ ਇੱਕ ਮਹੱਤਵਪੂਰਨ ਪਹਿਲੂ ਉਨ੍ਹਾਂ ਦੇ ਕਾਵਿ ਅਨੁਭਵ ਵਿੱਚ ਵਿਅਕਤੀ-ਨਿਸ਼ਠ ਅੱਡਰੀ ਪਹਿਚਾਣ ਦੀ ਸਥਿਤੀ ਵਾਲੀ ਸ਼ਖ਼ਸੀਅਤ ਉਸਾਰਨ ਦੀ ਚਾਹ ਨੂੰ ਕਾਵਿ-ਮਈ ਢੰਗ ਨਾਲ ਪ੍ਰਗਟ ਕਰਨ ਦੀ ਰੁਚੀ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇੱਕ ਪਾਸੇ ਜ਼ਿੰਦਗੀ ਨੂੰ ਵਿਸ਼ੇਸ਼ ਹੁਲਾਸਮਈ ਅਤੇ ਖੇੜੇ ਭਰਪੂਰ ਰੂਪ ਵਿੱਚ ਦੇਖਦੀਆਂ ਹਨ। ਇਹ ਖੇੜਾ ਪ੍ਰਾਕਿਰਤਕ ਜਗਤ, ਸਮਾਜਕ ਜੀਵਨ ਅਤੇ ਵਿਅਕਤੀਗਤ ਵਿਹਾਰ ਵਿੱਚ ਜੀਵਨ ਦੀ ਭਰਪੂਰਤਾ ਅਤੇ ਸਮੁੱਚਤਾ ਦੀਆਂ ਭਾਵਨਾਵਾਂ ਨੂੰ ਸਥਾਪਿਤ ਕਰਦਾ ਹੈ। ਜੀਵਨ ਦੇ ਇਸ ਹੁਲਾਸਮਈ ਰੂਪ ਦੀ ਸਥਾਪਨਾ ਵਾਸਤਵ ਵਿੱਚ ਆਤਮ ਅਤੇ ਅਨਾਤਮ ਦੇ ਦਵੰਦ ਨੂੰ ਸਥਾਪਿਤ ਕਰਨ ਦੀ ਰੁਚੀ ਦਾ ਹੀ ਇੱਕ ਪਾਸਾਰ ਹੈ। ਅਭੇਦਤਾ ਜਾਂ ਨਿਰਪੇਖ ਸੱਤਾ ਨਾਲ ਸ਼ੂਨਯ ਅਵਸਥਾ ਦੀ ਭਾਵਨਾ ਇਸੇ ਹੁਲਾਸ ਜਾਂ ਖੇੜੇ ਨੂੰ ਆਤਮ ਅਤੇ ਅਨਾਤਮ ਦੀ ਅਭੇਦਤਾ ਦੁਆਰਾ ਜੀਵਨ ਦੀ ਨਿਰਪੇਖਤਾ ਨੂੰ ਨਿਰਦਿਸ਼ਟ ਕਰਦਾ ਹੈ। ਪਰੰਤੂ ਨਿਰਪੇਖਤਾ ਤੋਂ ਮੁਕਤ ਪ੍ਰਸੰਗ ਵਿੱਚ ਇਹੋ ਹੁਲਾਸ ਆਤਮ ਦੀ ਅਨਾਤਮ ਤੋਂ ਮੁਕਤ ਸੁਤੰਤਰ ਪਛਾਣ ਅਤੇ ਸਥੂਲ ਹੋਂਦ ਨੂੰ ਸਵੀਕਾਰ ਅਤੇ ਸਥਾਪਿਤ ਕਰਨ ਵੱਲ ਰੁਚਿਤ ਹੁੰਦਾ ਹੈ। ਇਸੇ ਤਸਵੀਰ ਦਾ ਦੂਸਰਾ ਪਾਸਾ ਅਨਾਤਮ ਤੋਂ ਟੁੱਟ ਕੇ ਜਾਂ ਅਨਾਤਮ ਤੋਂ ਮੁਕਤ ਇਕੱਲਤਾ ਵਿੱਚ ਜਾਂ ਆਪਣੇ ਨਿੱਜ ਵੱਲ ਸਥਿਤ ਹੋਣ ਦੀ ਰੁਚੀ ਧਾਰਨ ਕਰਦਾ ਹੈ। ਛਿਪੇ ਰਹਿਣ ਦੀ ਚਾਹ ਤੇ ਖੇੜੇ ਦੇ ਇਹ ਦੋਵੇਂ ਵਿਰੋਧਮ ਜੁੱਟਾਂ ਦੀ ਉਹੀ ਸਥਿਤੀ ਹੈ ਜਿਹੜੀ ਪਹਿਲਾਂ ਬਿਆਨ ਕੀਤੇ ਪ੍ਰਸ਼ਨਵਾਚਕ ਭਾਵ-ਆਵੇਸ਼ ਦੀ ਹੈ। ਇਹ ਦੋਵੇਂ ਭਾਰੂ ਅਨੁਭਵ ਪ੍ਰਗਟਾਅ ਉਸੇ ਸਮਾਜਿਕ, ਆਰਥਿਕ ਸਥਿਤੀ ਵਿਚਲੇ ਇਤਿਹਾਸਕ ਲਚਕਦਾਰ ਦਵੰਦ ਦੇ ਪ੍ਰਤੀਕ ਹਨ, ਜਿਨ੍ਹਾਂ ਦੇ ਸੁਭਾ ਦਾ ਵਿਸ਼ਲੇਸ਼ਣ ਅਸੀਂ ਉੱਪਰ ਕਰ ਚੁੱਕੇ ਹਾਂ। ਇੱਕੋ ਵੇਲੇ ਜੀਵਨ ਦੇ ਖੇੜੇ ਅਤੇ ਹੁਲਾਸਮਈ ਰੂਪ ਦਾ ਜਸ਼ਨ ਅਤੇ ਦੂਸਰੇ ਪਾਸੇ ਆਪਣੀ ਹੋਂਦ ਦੀ ਵਿਅਕਤਿਕਤਾ ਨੂੰ ਦੂਸਰਿਆਂ ਨਾਲੋਂ ਦੂਰ ਰੱਖ ਕੇ ਨਿਖੇੜਨ ਦੀ ਪ੍ਰਵਿਰਤੀ ਸਿੱਖ ਜੀਵਨ ਦਰਸ਼ਨ ਦੇ ਗਿਆਨ ਸੰਚਾਲਿਤ, ਕਰਮ ਪ੍ਰਧਾਨ ਅਡੰਬਰ ਮੁਕਤ ਸਚਿਆਰਤਾ ਪੂਰਨ ਸਮਾਜਕ ਅਮਲ ਅਤੇ ਕਾਰਜਸ਼ੀਲ ਅਧਿਆਤਮਿਕਤਾ ਤੋਂ ਬਿਲਕੁਲ ਵੱਖਰੀ ਹੈ ਅਤੇ ਯਥਾਰਥ ਦੇ ਮਕਾਨਕੀ ਦਵੰਦ ਵੱਲ ਸੰਕੇਤ ਕਰਦੀ ਹੈ।

ਭਾਈ ਵੀਰ ਸਿੰਘ ਕਾਵਿ ਦੇ ਵਿਚਾਰਧਾਰਾਈ ਆਧਾਰਾਂ ਨੂੰ ਸਮਝਣ ਲਈ ਅਗਲਾ ਮਹੱਤਵਪੂਰਨ ਪਹਿਲੂ ਉਨ੍ਹਾਂ ਦੀਆਂ ਪ੍ਰਾਕਿਰਤਕ ਸੁੰਦਰਤਾ ਨਾਲ ਸੰਬੰਧਿਤ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਦੇ ਧਿਆਨ-ਪੂਰਵਕ ਅਧਿਐਨ ਨਾਲ ਇਨ੍ਹਾਂ ਨੂੰ ਅਸੀਂ ਸਹਿਜੇ ਹੀ ਦੋ ਖੰਡਾਂ ਵਿੱਚ ਰੱਖ ਸਕਦੇ ਹਾਂ। ਇੱਕ ਅਜਿਹੀਆਂ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਪ੍ਰਕਿਰਤੀ ਦੇ ਸਥੂਲ ਰੂਪ ਤੇ ਇਸ ਦੇ ਪਿੱਛੇ ਛੁਪੇ ਪਰਮ ਆਦਰਸ਼ ਅਤੇ ਨਿਰਪੇਖ ਸੱਤਾ ਤੱਕ ਪਹੁੰਚਣ ਦੇ ਮਾਧਿਅਮ ਵਜੋਂ ਚਿਤਰਿਆ ਗਿਆ ਹੈ। ਇਨ੍ਹਾਂ ਕਵਿਤਾਵਾਂ ਵਿੱਚ ਕਥਨ ਦੇ ਪੱਧਰ ’ਤੇ ਪਰਮ ਸੱਤਾ ਦੇ ਦਰਸ਼ਨ ਉਨ੍ਹਾਂ ਦੇ ਮੂਲ ਭਾਵ ਆਦਰਸ਼ਾਂ ਨੂੰ ਸਪਸ਼ਟ ਨਹੀਂ ਕਰਦੇ। ਇਨ੍ਹਾਂ ਦੇ ਨਾਲ ਦੀਆਂ ਹੀ ਦੂਸਰੀਆਂ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਨਿਰੋਲ ਪ੍ਰਾਕਿਰਤਕ ਸੁੰਦਰਤਾ ਦਾ ਮੁਕਤ ਭਾਵ ਸੁਤੰਤਰ ਚਿਤਰਨ ਕੀਤਾ ਗਿਆ ਹੈ। ਨਿਰਪੇਖ ਸੱਤਾ ਤੋਂ ਨਿਰੋਲ ਪ੍ਰਾਕਿਰਤਕ ਸੁੰਦਰਤਾ ’ਤੇ ਦਿੱਤੇ ਜਾਣ ਵਾਲਾ ਬਲ ਆਤਮ ਅਤੇ ਅਨਾਤਮ ਦੇ ਅਦਵੈਤ ਦੀ ਥਾਂ ਅਨਾਤਮ ਨੂੰ ਸਥੂਲਤਾ ਸਹਿਤ ਗ੍ਰਹਿਣ ਅਤੇ ਸਥਾਪਿਤ ਕਰਨ ਦੀ ਰੁਚੀ ਨੂੰ ਪ੍ਰਗਟ ਕਰਦਾ ਹੈ। ਆਤਮ ਦੀ ਸਥਾਪਤੀ ਅਨਾਤਮ ਤੋਂ ਸੁਤੰਤਰ ਹੋਣ ਦੀ ਪ੍ਰਬਲ ਰੁਚੀ ਨੂੰ ਹੀ ਪ੍ਰਗਟ ਕਰਦੀ ਹੈ। ਇੱਕੋ ਵੇਲੇ ਸਥੂਲ ਪ੍ਰਾਕਿਰਤਕ ਤੋਂ ਪਾਰ ਨਿਰਪੇਖ ਸੁੰਦਰਤਾ ਦੇ ਦਰਸ਼ਨ ਅਤੇ ਦੂਸਰੇ ਪਾਸੇ ਨਿਰਪੇਖ ਪ੍ਰਾਕਿਰਤਕ ਸੁੰਦਰਤਾ ਵਿਚਲਾ ਇਹ ਤਨਾਉ ਮੱਧਕਾਲੀਨ ਮਾਨਸਿਕਤਾ ਦੇ ਇਕਹਿਰੇ ਨਿਰਪੇਖਤਾਵਾਦੀ ਇੱਕ ਦਿਸ਼ਾਵੀ ਅਦਵੈਤਮਈ ਦਵੈਤ ਯੁਕਤ/ਵਿਚਾਰਧਾਰਕ ਆਧਾਰਾਂ ਤੋਂ ਮੁਕਤ ਹੋਣ ਦੀ ਪ੍ਰਵਿਰਤੀ ਦਾ ਬੜਾ ਸਪੱਸ਼ਟ ਸੰਕੇਤ ਹੈ। ਜਿੱਥੇ ਮੱਧਕਾਲੀਨ ਨਿਰਪੇਖਤਾਵਾਦੀ ਦ੍ਰਿਸ਼ਟੀ ਪ੍ਰਬੰਧ ਪ੍ਰਕਿਰਤੀ ਜਾਂ ਆਤਮ ਨੂੰ ਇੱਕ ਸੁਤੰਤਰ ਇਕਾਈ ਵਜੋਂ ਗ੍ਰਹਿਣ ਕਰਨ ਦੀ ਸਮਰੱਥਾ ਨਹੀਂ ਰੱਖਦੀ ਸੀ, ਕਿਉਂਕਿ ਉੱਥੇ ਯਥਾਰਥ ਆਪਣੇ ਦਿਸਦੇ ਅਣਦਿਸਦੇ ਰੂਪਾਂ ਵਿੱਚ ਅਦਵੈਤਪੂਰਨ ਇਕਾਗਰਤਾ ਸਹਿਤ ਨਿਰਪੇਖ ਰੂਪ ਵਿੱਚ ਵਿਚਰਦਾ ਸੀ। ਇਸੇ ਲਈ ਆਤਮ ਦੀ ਆਪਣੀ ਕੋਈ ਸੁਤੰਤਰ ਹਸਤੀ ਦੀ ਸੰਭਾਵਨਾ ਹੀ ਖ਼ਤਮ ਹੋ ਜਾਂਦੀ ਹੈ। ਉਸ ਦੇ ਮੁਕਾਬਲੇ ਵਿੱਚ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦੇ ਉਪਰੋਕਤ ਦੋ ਵਿਰੋਧੀ ਜੁੱਟਾਂ ਦਾ ਇੱਕੋ ਵੇਲੇ ਪ੍ਰਾਪਤ ਹੋਣਾ ਯਥਾਰਥ ਦੇ ਇਸ ਨਿਰਪੇਖ ਰੂਪ ਦੇ ਖੰਡਿਤ ਹੋਏ ਸੁਭਾ ਨੂੰ ਪੇਸ਼ ਕਰਦਾ ਹੈ। ਭਾਵੇਂ ਭਾਈ ਵੀਰ ਸਿੰਘ ਨੇ ਬਹੁਤ ਸਾਰੀਆਂ ਕਵਿਤਾਵਾਂ ਦੇ ਸਰਲ ਅਰਥ ਸਾਰ ਤੋਂ ਕੁਦਰਤ ਤੋਂ ਕੇਂਦਰ ਤੱਕ ਪਹੁੰਚਣ ਦੀ ਪ੍ਰਕਿਰਿਆ ਹੀ ਸਾਹਮਣੇ ਉੱਭਰ ਕੇ ਆਉਂਦੀ ਹੈ, ਪਰੰਤੂ ਇਸ ਦਾ ਮਹੱਤਵਪੂਰਨ ਉਪੇਖਿਅਤ ਪੱਖ ਇਹ ਹੈ ਕਿ ਪ੍ਰਾਕਿਰਤਕ ਸੁੰਦਰਤਾ ਦੇ ਸੁਤੰਤਰ ਅਤੇ ਮੌਲਿਕ ਰੂਪਾਂ ਦਾ ਚਿਤਰਨ ਆਤਮ ਦੀ ਸੁਤੰਤਰ ਅਤੇ ਵਿਅਕਤਿਤ ਹੋਂਦ ਨੂੰ ਸਥਾਪਤ ਕਰਦੇ ਹਨ। ਨਿਰਪੇਖ ਸੱਤਾ ਦੇ ਰੂ-ਬ-ਰੂ ਸਾਪੇਖ ਹੋਣ ਦਾ ਸਥੂਲ ਅਤੇ ਸੁਤੰਤਰ ਹੋਂਦ ਗ੍ਰਹਿਣ ਕਰਨਾ ਨਿਰਪੇਖਤਾ ਦੇ ਤਿੜਕ ਜਾਣ ਦਾ ਹੀ ਪ੍ਰਤੀਕ ਹੈ। ਜੀਵਨ ਦ੍ਰਿਸ਼ਟੀ ਵਿੱਚ ਨਿਰਪੇਖ ਆਦਰਸ਼ਾਂ, ਸੰਕਲਪਾਂ ਵਿਚਲੀ ਇਹ ਤ੍ਰੇੜ ਹੀ ਭਾਈ ਵੀਰ ਸਿੰਘ ਕਾਵਿ ਨੂੰ ਇੱਕ ਪਾਸੇ ਮੱਧਕਾਲੀ ਵਿਚਾਰਧਾਰਕ ਆਧਾਰਾਂ ਤੋਂ ਇੱਕ ਵਿਸ਼ੇਸ਼ ਪੱਧਰ ਉੱਤੇ ਸੁਤੰਤਰ ਕਰਦੀ ਹੈ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਉੱਭਰ ਰਹੇ ਮੱਧ ਸ਼੍ਰੇਣਿਕ ਵਿਅਕਤੀਵਾਦ ਵੱਲ ਵੀ ਰੁਚਿਤ ਕਰਦੀ ਹੈ। ਨਿਰਪੇਖਤਾ ਦਾ ਖੰਡਿਤ ਹੋਣਾ ਅਤੇ ਤਤਕਾਲੀ ਯਥਾਰਥ ਦੀ ਸੁਤੰਤਰਤਾ ਅਤੇ ਨਿੱਜੀ ਸਥੂਲ ਹੋਂਦ ਗ੍ਰਹਿਣ ਕਰਨਾ ਉਨ੍ਹਾਂ ਨਵੇਂ ਵਿਚਾਰਧਾਰਕ ਪਾਸਾਰਾਂ ਦਾ ਸੰਕੇਤਕ ਹੈ, ਜਿਸ ਕਰਕੇ ਭਾਈ ਵੀਰ ਸਿੰਘ ਕਾਵਿ ਸਿੱਖ ਸਿਧਾਂਤਾਂ ਅਤੇ ਸਿੱਖ ਲਹਿਰ ਦੇ ਅਸਲੇ ਨਾਲੋਂ ਇੱਕ ਬੁਨਿਆਦੀ ਵੱਖਰਤਾ ਧਾਰਨ ਕਰਦਾ ਹੈ।

ਇਸ ਵੱਖਰਤਾ ਦੇ ਸੁਭਾ ਦਾ ਇਤਿਹਾਸਕ ਸਮਾਜਕ ਆਧਾਰ ਇਸ ਦੌਰ ਦੇ ਜਮਾਤੀ ਉਭਾਰਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਦਾ ਇੱਕ ਅਤਿਅੰਤ ਬੁਨਿਆਦੀ ਪਹਿਲੂ ਇਹ ਹੈ ਕਿ ਬਸਤੀਵਾਦੀ ਆਰਥਿਕ ਨੀਤੀ ਅਧੀਨ ਵਿਸ਼ੇਸ਼ ਕਿਸਮ ਦੇ ਵਿਕਾਸ ਨਾਲ ਵਪਾਰਕ ਬਣ ਰਹੀ ਬੁਰਜੂਆ ਜਮਾਤ ਨੇ ਆਪਣੀ ਪਰੰਪਰਾਗਤ ਮੁਢਲੀ ਉਸਾਰੂ ਭੂਮਿਕਾ ਨਹੀਂ ਨਿਭਾਈ। ਜਿੱਥੇ ਪੱਛਮੀ ਦੇਸ਼ਾਂ ਦੀ ਉੱਠਦੀ ਬੁਰਜੂਆਜ਼ੀ ਨੇ ਸਾਮੰਤਵਾਦੀ ਜੀਵਨ ਦੇ ਹਰ ਖੇਤਰ ਵਿੱਚ ਪੀਡੀਆਂ ਜਕੜਾਂ ਅਤੇ ਖੋਖਲੇ ਵਿਸ਼ਵਾਸਾਂ ਨੂੰ ਤਹਿਸ-ਨਹਿਸ ਕਰਕੇ ਆਰਥਿਕਤਾ ਦੇ





ਨਾਲ-ਨਾਲ ਸਭਿਆਚਾਰ ਦਾ ਬੁਰਜੂਆ ਰੂਪਾਂਤਰਨ ਵੀ ਬੜੀ ਤੇਜ਼ੀ ਨਾਲ ਕੀਤਾ, ਉੱਥੇ ਭਾਰਤ ਦੀਆਂ ਵਿਸ਼ੇਸ਼ ਜਾਤੀ, ਜਮਾਤੀ ਅਤੇ ਇਤਿਹਾਸਕ ਸਥਿਤੀਆਂ ਨੇ ਇੱਕ ਮੂਲੋਂ ਵਿਲੱਖਣ ਸੁਭਾ ਗ੍ਰਹਿਣ ਕੀਤਾ। ਉੱਠਦੀਆਂ ਬੁਰਜੂਆ ਜਮਾਤਾਂ ਨੇ ਵੀਹਵੀਂ ਸਦੀ ਦੇ ਮੁਢਲੇ ਦੋ ਦਹਾਕਿਆਂ ਤੱਕ ਆਪਣੇ ਆਪ ਨੂੰ ਧਾਰਮਿਕ ਘੇਰੇ ਬੰਦੀਆਂ ਵਿੱਚ ਵਿਕਸਿਤ ਕਰਨਾ ਆਰੰਭ ਕੀਤਾ। ਇਸ ਕਾਲ ਦੀਆਂ ਧਾਰਮਿਕ ਸੁਧਾਰਕ ਲਹਿਰਾਂ ਇਸੇ ਕਰਕੇ ਆਪਣੇ ਬਾਹਰਲੇ ਮੁਹਾਵਰੇ ਵਿੱਚ ਹੀ ਧਾਰਮਿਕ ਹਨ। ਆਪਣੇ ਅਸਲੇ ਵਿੱਚ ਇਹ ਰਾਜਨੀਤਕ ਆਰਥਿਕ ਜਮਾਤੀ ਹਿਤਾਂ ਨੂੰ ਸੰਗਠਤ ਕਰਨ ਦਾ ਸਫਲ ਯਤਨ ਸਨ। ਜਿਹੜੀਆਂ ਇੱਕ ਪਾਸੇ ਸਾਮਰਾਜੀ ਬਸਤੀਵਾਦ ਵਿਰੁੱਧ ਲਾਮਬੰਦੀ ਦਾ ਰਾਹ ਪੱਧਰਾ ਕਰ ਰਹੀਆਂ ਸਨ, ਪਰ ਦੂਜੇ ਪਾਸੇ ਇਹ ਸਭਿਆਚਾਰਕ ਵਿਗਾੜ ਅਤੇ ਦੁਫੇੜ ਦੇ ਆਧਾਰ ਕਾਇਮ ਕਰ ਰਹੀਆਂ ਸਨ। ਸਿੰਘ ਸਭਾ ਰਾਹੀਂ ਭਾਈ ਵੀਰ ਸਿੰਘ ਇਸੇ ਸਮਾਜਿਕ-ਇਤਿਹਾਸਕ ਅਮਲ ਵਿੱਚ ਬੁਰਜੂਆ ਬਣ ਰਹੀ ਵਪਾਰਕ ਜਮਾਤ ਦੇ ਪ੍ਰਵਕਤਾ ਵਜੋਂ ਸਿੱਖ ਸਿਧਾਂਤਾਂ ਅਤੇ ਸਿੱਖ ਲਹਿਰ ਦੇ ਅਸਲੇ ਦੀ ਜਮਾਤੀ ਵਿਆਖਿਆ ਕਰ ਰਹੇ ਸਨ। ਉਨ੍ਹਾਂ ਦਾ ਸੰਬੰਧ ਜਦੋਂ ਇੱਕ ਪਾਸੇ ਪੁਨਰ-ਜਾਗਰਨ ਨਾਲ ਜੋੜਿਆ ਜਾਂਦਾ ਹੈ, ਤਾਂ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੇ ਆਪਣੇ ਸੀਮਿਤ ਘੇਰੇ ਵਿੱਚੋਂ ਕੱਢ ਕੇ ਪੁਨਰ-ਜਾਗਰਨ ਦੀ ਵਿਸ਼ਾਲ ਇਤਿਹਾਸਕ ਸਮਾਜਕ ਧਾਰਾ ਨਾਲ ਜੋੜਨ ਦੀ ਗ਼ਲਤੀ ਹੋ ਜਾਂਦੀ ਹੈ ਅਤੇ ਦੂਜੇ ਪਾਸੇ ਸਿੱਖ ਪੁਨਰ-ਸੁਰਜੀਤੀ ਦੇ ਪ੍ਰਵਕਤਾ ਕਹਿਣ ਨਾਲ ਉਨ੍ਹਾਂ ਦੁਆਰਾ ਪੇਸ਼ ਸਿੱਖੀ ਦੀ ਜਮਾਤੀ ਵਿਆਖਿਆ ਅੱਖੋਂ ਉਹਲੇ ਹੋ ਜਾਂਦੀ ਹੈ। ਸਿੱਖ ਗੁਰੂਆਂ ਦੁਆਰਾ ਨਿਰਦਿਸ਼ਟ ਸਿਧਾਂਤ ਅਤੇ ਸਿੱਖ ਲਹਿਰ ਇੱਥੇ ਸਪੱਸ਼ਟ ਰੂਪ ਵਿੱਚ ਮੱਧਕਾਲੀ ਪ੍ਰਸੰਗ ਵਿੱਚ ਕਿਸਾਨ ਕਾਮਿਆਂ ਦੇ ਦਲਿਤ ਅਤੇ ਸ਼ੋਸ਼ਿਤ ਵਰਗ ਦੀ ਵਿਚਾਰਧਾਰਾ ਵਜੋਂ ਨਿਰੋਲ ਲੋਕ-ਹਿਤ ਦੇ ਪੈਂਤੜੇ ਦੇ ਧਾਰਨੀ ਸਨ, ਉੱਥੇ ਰਣਜੀਤ ਸਿੰਘ ਕਾਲ ਤੱਕ ਸਿੱਖੀ ਦੇ ਇਸ ਲੋਕ-ਹਿਤੂ ਅਸਲੇ ਦਾ ਸਾਮੰਤੀਕਰਨ ਹੋ ਚੁੱਕਾ ਸੀ। ਸ਼ੋਸ਼ਿਤ, ਦਲਿਤ ਅਤੇ ਹੇਠਲੇ ਵਰਗ ਦੀ ਲੋਕ-ਹਿਤੀ ਵਿਚਾਰਧਾਰਾ ਤੋਂ ਖ਼ਾਲੀ ਕੇਵਲ ਆਪਣੇ ਬਾਹਰਲੇ ਮੁਹਾਵਰੇ ਰੂਪ ਜਾਂ ਦਿੱਖ ਤੱਕ ਸੀਮਿਤ ਇਹੋ ਸਾਮੰਤੀਕ੍ਰਿਤ ਸਿੱਖੀ ਭਾਈ ਵੀਰ ਸਿੰਘ ਨੂੰ ਆਪਣੇ ਵਿਰਸੇ ਵਿੱਚ ਪ੍ਰਾਪਤ ਹੋਈ, ਜਿਸ ਨੂੰ ਉਹ ਉੱਭਰਦੀ ਸਿੱਖ ਬੁਰਜੂਆਜ਼ੀ ਦੀ ਵਿਚਾਰਧਾਰਾ ਦਾ ਰੂਪ ਦੇਣ ਦੀ ਇਤਿਹਾਸਕ ਭੂਮਿਕਾ ਨਿਭਾ ਰਹੇ ਸਨ। ਇਹੋ ਕਾਰਨ ਹੈ ਕਿ ਇੱਕ ਪਾਸੇ ਉਹ ਪੰਜਾਬ ਦੇ ਇਤਿਹਾਸ, ਸਾਹਿਤ ਅਤੇ ਸਭਿਆਚਾਰ ਨੂੰ ਉਸ ਦੀ ਸਮੁੱਚਤਾ, ਜਿਸ ਨੂੰ ਲੁਕਾਚ ਨੇ Intensive totality ਕਿਹਾ ਹੈ, ਵਿੱਚ ਗ੍ਰਹਿਣ ਕਰਨ ਤੋਂ ਅਸਮਰੱਥ ਰਹੇ ਅਤੇ ਦੂਸਰੇ ਪਾਸੇ ਉਨ੍ਹਾਂ ਨੇ ਸਿੱਖ ਸਿਧਾਂਤਾਂ ਅਤੇ ਸਿੱਖ ਲਹਿਰ ਨੂੰ ਨਵੀਂ ਜਮਾਤੀ ਵਿਆਖਿਆ ਅਤੇ ਆਪਣੀ ਜਮਾਤੀ ਵਿਚਾਰਧਾਰਾ ਵਜੋਂ ਸਫਲਤਾ ਸਹਿਤ ਸਥਾਪਿਤ ਕੀਤਾ। ਸੰਪ੍ਰਦਾਇਕ ਘੇਰੇ ਵਿੱਚ ਹੋਣ ਕਾਰਨ ਉਨ੍ਹਾਂ ਦੀਆਂ ਰਚਨਾਵਾਂ ਇਤਿਹਾਸਕ ਯਥਾਰਥ ਦੇ ਕੇਵਲ ਇੱਕ ਅੰਗ ਤੱਕ ਹੀ ਸੀਮਿਤ ਹਨ ਅਤੇ ਇਹ ਪਹਿਲੂ ਵੀ ਵਿਸ਼ੇਸ਼ ਜਮਾਤੀ ਸੰਪ੍ਰਦਾਇਕ ਦ੍ਰਿਸ਼ਟੀ ਤੋਂ ਹੀ ਪੇਸ਼ ਹੋਇਆ ਹੈ। ਇਤਿਹਾਸ ਦੇ ਇਸ ਬਹੁਮੁਖੀ ਪਾਸਾਰ ਦੀ ਅਣਹੋਂਦ ਕਾਰਨ ਹੀ ਪੰਜਾਬੀਅਤ ਇਸ ਵਿੱਚੋਂ ਖ਼ਾਰਜ ਹੈ।

ਭਾਈ ਵੀਰ ਸਿੰਘ ਕਾਵਿ ਦੇ ਉਪਰੋਕਤ ਸੁਭਾ ਨਾਲ ਉਨ੍ਹਾਂ ਦੀਆਂ ਕਾਵਿ-ਜੁਗਤਾਂ ਦਾ ਡੂੰਘਾ ਸੰਬੰਧ ਹੈ। ਮੱਧਕਾਲੀਨ ਪੰਜਾਬੀ ਕਾਵਿ-ਮੁਹਾਵਰੇ ਤੋਂ ਉਨ੍ਹਾਂ ਦੀ ਭਾਸ਼ਾ ਪੂਰੀ ਤਰ੍ਹਾਂ ਸੁਤੰਤਰ ਹੈ, ਨਾ ਉਹ ਵਾਰਿਸ, ਬੁੱਲ੍ਹੇਸ਼ਾਹ, ਸ਼ਾਹ ਮੁਹੰਮਦ ਦੀ ਧਾਰਾ ਦਾ ਰੂਪਾਂਤਰਨ ਕਰਦੀ ਹੈ ਅਤੇ ਨਾ ਹੀ ਗੁਰਬਾਣੀ ਦੇ ਕਾਵਿ-ਮੁਹਾਵਰੇ ਨੂੰ ਅੱਗੇ ਤੋਰਨ ਵੱਲ ਰੁਚਿਤ ਹੈ। ਇਸੇ ਕਰਕੇ ਉਨ੍ਹਾਂ ਦੀ ਕਾਵਿ-ਭਾਸ਼ਾ ਮੱਧਕਾਲੀਨ ਸਭਿਆਚਾਰਕ ਭਾਵ-ਖੇਤਰ ਤੋਂ ਬਹੁਤ ਹੱਦ ਤੱਕ ਮੁਕਤ ਹੈ। ਮੱਧਵਰਗੀ ਇਲੀਟ ਦੇ ਭਾਸ਼ਾ ਵਿਵਹਾਰ ਦਾ ਸੁਭਾ ਉਨ੍ਹਾਂ ਦੀ ਸ਼ਬਦ-ਚੋਣ ਅਤੇ ਸ਼ਬਦ-ਜੁਗਤਾਂ ’ਤੇ ਬਹੁਤ ਡੂੰਘਾ ਹੈ। ਇਸੇ ਲਈ ਇਹ ਕਾਵਿ-ਭਾਸ਼ਾ ਇੱਕ ਮੌਲਿਕ ਅਤੇ ਵਿਲੱਖਣ ਮੁਹਾਵਰੇ ਦਾ ਪ੍ਰਭਾਵ ਸਿਰਜਦੀ ਹੈ। ਬਿਰਤਾਂਤ ਅਤੇ ਵਿਆਖਿਆ ਜੁਗਤ ਕਾਰਨ ਉਨ੍ਹਾਂ ਦੀਆਂ ਕਾਵਿ-ਜੁਗਤਾਂ ਕਥਨ, ਸੰਚਾਰ ਅਤੇ ਸੂਚਨਾਮੁਖੀ ਹਨ। ਇਨ੍ਹਾਂ ਵਿੱਚ ਉੱਭਰਵਾਂ ਪਹਿਲੂ ਪ੍ਰਗੀਤਕ ਅੰਸ਼ਾਂ ਦੀ ਬਹੁਲਤਾ, ਪ੍ਰਗੀਤ ਦੇ ਵੱਖ-

ਵੱਖ ਰੂਪਾਂ ਦੀ ਸਿਰਜਨਾ ਵੱਲ ਹੈ। ਇਹ ਸੁਹਜਾਤਮਿਕ ਬੋਧ ਦਾ ਅਜਿਹਾ ਮਾਧਿਅਮ ਹੈ ਜਿਹੜਾ ਯਥਾਰਥ ਦੇ ਇਕਹਿਰੇ ਇਕਾਗਰ ਅਤੇ ਅਣੂਮੂਲਕ (Atomist) ਸੁਭਾ ਉੱਤੇ ਨਿਰਭਰ ਕਰਦਾ ਹੈ। ਉਸ ਦੀ ਹੋਂਦ ਵਿਧੀ ਦੇ ਸੁਭਾ ਅਨੁਸਾਰ ਇਹ ਯਥਾਰਥ ਦੇ ਵਿਰੋਧਾਂ, ਖੰਡਾਂ ਜਾਂ ਉੱਚੇ-ਨੀਵੇਂ ਸਾਰੇ ਰੂਪਾਂ ਨੂੰ ਸੰਯੁਕਤ ਇਕਾਈ ਵਿੱਚ ਬੰਨ੍ਹ ਕੇ ਸਾਵਾਂ, ਪੱਧਰਾ, ਇਕਸਾਰ ਅਤੇ ਇਕਾਗਰ ਸੰਰਚਨਾ ਵਿੱਚ ਬਦਲ ਦਿੰਦਾ ਹੈ।

ਇਸ ਦੇ ਪ੍ਰਯੋਗ ਦਾ ਝੁਕਾਅ ਕਵੀ ਦੇ ਯਥਾਰਥ ਪ੍ਰਤੀ ਪਹੁੰਚ ਨਾਲ ਬੜੀ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ। ਭਾਈ ਵੀਰ ਸਿੰਘ ਦੁਆਰਾ ਇਸ ਦੀ ਚੋਣ ਦਾ ਆਧਾਰ ਤਿੜਕ ਰਹੇ ਸਮਾਜਕ ਇਤਿਹਾਸਕ ਯਥਾਰਥ ਨੂੰ ਹੀ ਅਖੰਡ ਰੱਖਣ ਦੀ ਤੀਬਰ ਇੱਛਾ ਨਾਲ ਸੰਬੰਧਿਤ ਹੈ। ਪਰ ਉਨ੍ਹਾਂ ਦੀ ਕਾਵਿ-ਸੰਰਚਨਾ ਵਿੱਚ ਇਹ ਤ੍ਰੇੜ ਪ੍ਰਗੀਤ ਦੇ ਮਾਧਿਅਮ ਰਾਹੀਂ ਅਧਿਕ ਕਲਾਤਮਿਕ ਢੰਗ ਨਾਲ ਪੇਸ਼ ਹੋਈ ਹੈ। ਕਾਵਿ-ਭਾਸ਼ਾ ਦੇ ਸੂਚਨਾ ਮੁਖੀ ਹੋਣ ਕਾਰਨ ਹੀ ਉਨ੍ਹਾਂ ਦੀ ਕਵਿਤਾ ਵਿਚਲੀ ਪ੍ਰਤੀਕ ਸਿਰਜਨਾ ਬੜੀ ਸੀਮਿਤ ਹੈ। ਵਸਤੂ ਯਥਾਰਥ ਉੱਤੇ ਕੇਂਦਰਿਤ ਦ੍ਰਿਸ਼ਟੀ ਅਤੇ ਖੰਡਿਤ ਯਥਾਰਥ ਦੇ ਰੂ-ਬ-ਰੂ ਹੋਣ ਤੋਂ ਅਪਸਾਰ ਦੀ ਪ੍ਰਵਿਰਤੀ ਕਾਰਨ ਉਨ੍ਹਾਂ ਦੇ ਬਿੰਬਾਂ ਵਿੱਚ ਇੰਦਰਿਆਵੀਪਣ ਵੱਲ ਵਿਸ਼ੇਸ਼ ਤੌਰ 'ਤੇ ਉਲਾਰ ਹਨ। ਸੰਬੋਧਨ, ਸੰਵਾਦ ਅਤੇ ਸਵੈ-ਕਥਨ ਦੀਆਂ ਜੁਗਤਾਂ ਇੱਕ ਪਾਸੇ ਨਿਰਪੇਖ ਯਥਾਰਥ ਦੇ ਖੰਡਿਤ ਹੋਣ ਦੀ ਪ੍ਰਵਿਰਤੀ ਨਾਲ ਸੰਬੰਧਿਤ ਹਨ ਅਤੇ ਦੂਜੇ ਪਾਸੇ ਵਿਅਕਤਿਕਤਾ ਮੁਖੀ ਦ੍ਰਿਸ਼ਟੀ ਤੋਂ ਆਪਣੀ ਹੋਂਦ-ਵਿਧੀ ਹਾਸਲ ਕਰਦੇ ਹਨ। ਮੱਧਕਾਲੀਨ ਛੰਦਾਂ ਦੀ ਵਰਤੋਂ ਉਪਰੋਕਤ ਵਿਰੋਧਾਭਾਵੀ ਸਥਿਤੀ ਦਾ ਸਿੱਟਾ ਹੀ ਹਨ। ਆਪਣੇ ਆਪ ਵਿੱਚ ਉਨ੍ਹਾਂ ਦੇ ਕਾਵਿ ਵਿੱਚ ਨਵੇਂ ਰੂਪਾਕਾਰ ਦਾ ਪ੍ਰਯੋਗ ਹੀ ਮੌਲਿਕ ਹੈ, ਉਨ੍ਹਾਂ ਦੀਆਂ ਕਾਵਿ ਜੁਗਤਾਂ ਮੋਟੇ ਤੌਰ 'ਤੇ ਮੱਧਕਾਲੀ ਹੀ ਹਨ।

ਸਾਬਕਾ ਰੀਡਰ (ਮਰਹੂਮ),
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ,
ਪਟਿਆਲਾ।

0-0-0





# ਬਸਤੀਵਾਦੀ ਰਾਜ, ਸਿੱਖ ਅਵਚੇਤਨ ਅਤੇ ਭਾਈ ਵੀਰ ਸਿੰਘ-ਕਾਵਿ

ਡਾ. ਸੁਖਦੇਵ ਸਿੰਘ ਸਿਰਸਾ

ਪੰਜਾਬ ਦੇ ਭਾਸ਼ਾਈ, ਸਾਹਿਤਕ ਅਤੇ ਸਭਿਆਚਾਰਕ ਮੁਹਾਣ ਨੂੰ ਨਵੀਂ ਦਿਸ਼ਾ ਦੇਣ ਲਈ ਭਾਈ ਵੀਰ ਸਿੰਘ ਨੇ ਇੱਕ ਯੁਗ-ਪ੍ਰਵਰਤਕ ਲੇਖਕ ਅਤੇ ਦੂਰ-ਦਰਸ਼ੀ ਵਿਚਾਰਕ ਵਾਲੀ ਭੂਮਿਕਾ ਨਿਭਾਈ। ਨਿਰਸੰਦੇਹ, ਉਸ ਨੇ ਪੰਜਾਬੀ ਸ਼ਬਦ-ਸਭਿਆਚਾਰ ਵਿੱਚ ਕਈ ਪਹਿਲਕਦਮੀਆਂ ਕੀਤੀਆਂ, ਪਰ ਪੰਜਾਬ ਨੂੰ ਉਸ ਦੀ ਦੇਣ ਸ਼ਬਦ-ਸਾਧਨਾ ਤੋਂ ਕਿਤੇ ਵਡੇਰੀ ਅਤੇ ਇਤਿਹਾਸਕ ਮਹੱਤਵ ਵਾਲੀ ਹੈ। ਉਸ ਨੇ ਰੋਜ਼ ਮਰ੍ਹਾ ਦੀ ਜ਼ਿੰਦਗੀ 'ਚ ਵਿਅਕਤੀ ਨੂੰ ਵਿਆਪਦੇ ਦੁੱਖ-ਸੁੱਖ ਉੱਤੇ ਆਧਾਰਿਤ ਸਰੋਦੀ ਕਵਿਤਾ, ਨਾਵਲ ਅਤੇ ਨਾਟਕ ਵਰਗੇ ਆਧੁਨਿਕ ਸਾਹਿਤ ਰੂਪਾਂ ਦੀ ਸਿਰਜਣਾ ਹੀ ਨਹੀਂ ਕੀਤੀ, ਸਗੋਂ ਪੰਜਾਬੀ ਸਾਹਿਤ ਦੀ ਤੁਰੀ ਆਉਂਦੀ ਰਵਾਇਤ ਵਿੱਚ ਵੱਢ ਮਾਰ ਕੇ ਉਸ ਦੇ ਖ਼ਮੀਰ ਨੂੰ ਨਵੇਂ ਯੁਗ ਦੀਆਂ ਲੋੜਾਂ ਤੇ ਵੰਗਾਰਾਂ ਅਨੁਸਾਰ ਢਾਲਣ ਦਾ ਉਪਰਾਲਾ ਕੀਤਾ। ਉਸ ਨੇ ਪੰਜਾਬ ਦੇ ਆਧੁਨਿਕੀਕਰਣ ਅਤੇ ਸਿੱਖ ਸਮਾਜ ਦੇ ਸਭਿਆਚਾਰਕ ਪੁਨਰ-ਜਾਗਰਣ ਵਿੱਚ ਅਗਰ-ਦੂਤ ਵਾਲੀ ਭੂਮਿਕਾ ਨਿਭਾਈ। ਪੰਜਾਬ ਦੀ ਆਰਥਿਕਤਾ ਅਤੇ ਸਿੱਖਿਆ ਨੂੰ ਬਰਤਾਨਵੀ ਬਸਤੀਵਾਦੀ ਪ੍ਰਬੰਧ ਦੇ ਪ੍ਰਵੇਸ਼ ਨਾਲ ਉਪਜੀਆਂ ਪਰਿਸਥਿਤੀਆਂ ਅਤੇ ਵੰਗਾਰਾਂ ਦੇ ਹਾਣ ਦਾ ਬਣਾਉਣ ਲਈ ਉਸ ਨੇ ਦੋ ਪੱਧਰਾਂ ਉੱਤੇ ਨਿਰੰਤਰ ਉਪਰਾਲੇ ਕੀਤੇ: ਇੱਕ ਸਮਰਪਿਤ ਲੇਖਕ ਅਤੇ ਪੱਤਰਕਾਰ ਵਜੋਂ ਉਸ ਨੇ ਨਵੀਂ ਤਰਜ਼ ਦੀ ਪੂੰਜੀਵਾਦੀ ਉਪਜ ਪ੍ਰਣਾਲੀ ਅਤੇ ਨਵੀਂ ਸਿੱਖਿਆ ਨੀਤੀ ਨੂੰ ਅਪਨਾਉਣ ਦੀ ਵਕਾਲਤ ਕੀਤੀ। ਦੂਜਾ, ਬਸਤੀਵਾਦੀ ਪ੍ਰਬੰਧ ਦੀ ਲੁੱਟ ਨੂੰ ਰੋਕਣ ਲਈ ਉਸ ਨੇ ਸਮਾਨਾਂਤਰ ਸਿੱਖ ਸੰਸਥਾਵਾਂ ਦੇ ਉਸਰਈਏ ਵਾਲੀ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਏਨੀ ਬਹੁ-ਪਾਸਾਰੀ, ਜੀਵਨ-ਦ੍ਰਿਸ਼ਟੀ ਭਵਿੱਖਮੁਖੀ ਅਤੇ ਸਿੱਖ ਸਮਾਜ ਬਾਰੇ ਫ਼ਿਕਰਮੰਦੀ ਏਨੀ ਵਸੀਹ ਸੀ ਕਿ ਉਸ ਬਾਰੇ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਉਹ ਵੱਡਾ ਲੇਖਕ ਸੀ ਜਾਂ ਵੱਡਾ ਸਿੱਖ ਸੁਧਾਰਕ? ਉਸ ਨੇ ਆਪਣੇ ਵੇਲੇ ਦੀ ਸਿੱਖ ਸਕਾਲਰਸ਼ਿਪ ਨੂੰ ਬ੍ਰਜ-ਭਾਸ਼ਾ ਦੀ ਥਾਂ ਵਿਸ਼ਾਲ ਜਨ-ਸਮੂਹ ਦੀ ਭਾਸ਼ਾ ਪੰਜਾਬੀ ਵੱਲ ਮੁੜਨ ਦੀ ਜਾਗ ਲਾਈ। ਸਿੱਖ ਸਾਮੰਤਸ਼ਾਹੀ ਤੇ ਪੜ੍ਹਿਆ ਲਿਖਿਆ ਮੱਧ ਵਰਗ ਆਪਣੇ-ਆਪਣੇ ਜਮਾਤੀ ਹਿਤਾਂ ਤੇ ਭਾਸ਼ਾਈ ਅਗਿਆਨ ਕਾਰਨ ਪੰਜਾਬ ਦੇ ਆਵਾਮ ਦੀ ਭਾਸ਼ਾ 'ਪੰਜਾਬੀ' ਨੂੰ ਗੰਵਾਰਾਂ ਦੀ ਭਾਸ਼ਾ ਸਮਝਦਾ ਸੀ। ਪੰਜਾਬੀ ਵਿੱਚ ਲਿਖਣ ਕਰਕੇ ਭਾਈ ਵੀਰ ਸਿੰਘ ਦੇ ਪਿਤਾ ਨੂੰ ਸਿੱਖ ਵਿਦਵਾਨਾਂ ਦੇ ਬੋਲ-ਕੁਬੋਲ ਤੇ ਨਿਹੋਰੇ ਸੁਣਨੇ ਪਏ। ਪੰਜਾਬੀ ਭਾਸ਼ਾ ਨੂੰ ਆਪਣੀ ਲਿਖਤ ਦਾ ਮਾਧਿਅਮ ਬਣਾਉਣਾ ਭਾਈ ਵੀਰ ਸਿੰਘ ਦੀ ਭਾਸ਼ਾਈ ਤੇ ਰਾਜਸੀ ਸੁਚੇਤਨਾ ਦਾ ਪ੍ਰਮਾਣ ਹੈ, ਜੋ ਆਪਣੀ ਭਾਸ਼ਾ ਤੇ ਸਭਿਆਚਾਰਕ ਪਛਾਣ ਤੋਂ ਅਵੇਸਲੇ ਹੋ ਰਹੇ ਸਮਾਜ ਨੂੰ ਆਪਣੇ ਸਭਿਆਚਾਰਕ ਅਵਚੇਤਨ ਨਾਲ ਜੋੜ ਕੇ ਬਸਤੀਵਾਦੀ ਹਕੂਮਤ ਦੀ ਵਿਚਾਰਧਾਰਕ ਚੌਧਰ (Hegemony) ਨੂੰ ਚੁਣੌਤੀ ਦੇਣ ਦਾ ਹੀ ਯਤਨ ਸੀ। ਇੱਕ ਜਨਵਰੀ 1900 ਨੂੰ ਖਾਲਸਾ ਸਮਾਚਾਰ ਵਿਚਲੇ ਆਪਣੇ ਲੇਖ 'ਚ ਉਨ੍ਹਾਂ ਨੇ ਪੰਜਾਬ ਵਿੱਚ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦੀ ਮੰਗ ਕੀਤੀ ਸੀ।

ਭਾਈ ਵੀਰ ਸਿੰਘ ਨੂੰ ਸਿੱਖ ਸਮਾਜ ਦੀ ਪੁਨਰ-ਸੁਰਜੀਤੀ ਦੇ ਸਿਧਾਂਤਕਾਰ ਜਾਂ ਜਨਕ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਭਾਈ ਜੋਧ ਸਿੰਘ ਅਨੁਸਾਰ ਸਿੱਖ ਲਹਿਰ ਵਿੱਚ ਆਈ ਗਿਰਾਵਟ ਨੂੰ ਦੂਰ ਕਰਕੇ ਸਿੱਖੀ ਦੀ ਅਸਲ ਸਪਿਰਟ ਨੂੰ ਮੁੜ ਸੁਰਜੀਤ ਕਰਨ ਵਿੱਚ ਭਾਈ ਵੀਰ ਸਿੰਘ ਤੇ ਉਸ ਦੇ ਨਾਨਕਾ ਤੇ ਦਾਦਕਾ ਪਰਿਵਾਰਾਂ ਦਾ ਯੋਗਦਾਨ ਇਤਿਹਾਸਕ ਮਹੱਤਵ ਵਾਲਾ ਹੈ। ਉੱਘਾ ਇਤਿਹਾਸਕਾਰ ਡਾ. ਗੰਡਾ ਸਿੰਘ ਵੀ ਸਿੱਖ ਪੁਨਰ-ਜਾਗਰਤੀ ਲਈ ਬਾਬਾ ਨੈਣਾ ਸਿੰਘ ਨਿਹੰਗ (ਆਨੰਦਪੁਰ) ਬਾਬਾ ਜੁਝਾਰ ਸਿੰਘ (ਜੰਮੂ), ਬਾਬਾ ਸਾਹਿਬ ਸਿੰਘ

ਬੇਦੀ, ਮਾਲਵੇ ਦੇ ਨਿਰਮਲੇ ਸੰਤਾਂ, ਲਹਿੰਦੇ ਪੰਜਾਬ ਦੇ ਅੱਡਣਸ਼ਾਹੀ ਸੰਤਾਂ, ਬਾਵਾ ਦਿਆਲ (ਨਿਰੰਕਾਰੀ) ਅਤੇ ਨਾਮਧਾਰੀ ਲਹਿਰ ਦੁਆਰਾ ਅਰੰਭੇ ਯਤਨਾਂ ਨੂੰ ਅੱਗੇ ਤੋਰਨ ਵਿੱਚ ਭਾਈ ਵੀਰ ਸਿੰਘ ਦੇ ਪਰਿਵਾਰ, ਸਿੰਘ ਸਭਾ ਲਹਿਰ, ਚੀਫ਼ ਖਾਲਸਾ ਦੀਵਾਨ ਆਦਿ ਸਿੱਖ ਲਹਿਰਾਂ ਅਤੇ ਭਾਈ ਵੀਰ ਸਿੰਘ ਦੇ ਨਿਕਟ-ਵਰਤੀ ਸਹਿਯੋਗੀਆਂ ਦੁਆਰਾ ਸਥਾਪਤ ਸੰਸਥਾਵਾਂ - ਚੀਫ਼ ਖਾਲਸਾ ਦੀਵਾਨ, ਖਾਲਸਾ ਟ੍ਰੈਕਟ ਸੁਸਾਇਟੀ, ਸਿੱਖ ਐਜੂਕੇਸ਼ਨਲ ਸੁਸਾਇਟੀ, ਪੰਜਾਬ ਐਂਡ ਸਿੰਧ ਬੈਂਕ, ਸੈਂਟਰਲ ਖਾਲਸਾ ਪ੍ਰਚਾਰਕ ਵਿਦਿਆਲਾ, ਸੈਂਟਰਲ ਖਾਲਸਾ ਯਤੀਮਖਾਨਾ, ਅਤੇ ਸੂਰਮਾ ਸਿੰਘ ਆਸ਼ਰਮ ਆਦਿ ਨੇ ਆਪਣੀਆਂ ਸੀਮਾਵਾਂ ਦੇ ਬਾਵਜੂਦ ਸਿੱਖ ਨਵ-ਜਾਗਰਣ ਦੁਆਰਾ ਬਰਤਾਨਵੀ ਸਾਮਰਾਜ ਦੀ ਆਰਥਿਕ, ਸਭਿਆਚਾਰਕ, ਭਾਸ਼ਾਈ ਅਤੇ ਵਿੱਦਿਅਕ ਨੀਤੀ ਨੂੰ ਸਿੱਧੀ ਚੁਣੌਤੀ ਦਿੱਤੀ। ਭਾਈ ਵੀਰ ਸਿੰਘ ਦੇ ਦੌਰ ਵਿੱਚ (ਖਾਸ ਕਰਕੇ 19ਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ 'ਚ) ਸਿੱਖ ਧਰਮ/ ਸਮਾਜ ਨੂੰ ਤਿੰਨ ਪਾਸਿਆਂ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਸਭ ਤੋਂ ਵੱਡੀ ਚੁਣੌਤੀ ਬਰਤਾਨਵੀ ਬਸਤੀਵਾਦੀ ਰਾਜ ਦੀ ਸੀ, ਜੋ ਸਾਡੀ ਰਾਜਸੀ ਆਜ਼ਾਦੀ, ਆਰਥਿਕਤਾ ਤੇ ਸਭਿਆਚਾਰਕ ਪਛਾਣ ਨੂੰ ਮਧੋਲਣ ਲਈ ਤਤਪਰ ਸੀ। ਦੂਜੇ ਪਾਸੇ ਪੰਜਾਬ 'ਚ ਉੱਠ ਰਹੀਆਂ ਧਾਰਮਿਕ ਪੁਨਰ-ਜਾਗਰਣ ਦੀਆਂ — ਆਰੀਆ ਸਮਾਜ, ਬ੍ਰਹਮੋ ਸਮਾਜ, ਦੇਵ ਸਮਾਜ, ਅਹਿਮਦੀਆ (ਕਾਦਿਆਨੀ) ਜਮਾਤ ਆਦਿ ਲਹਿਰਾਂ ਸਨ, ਜੋ ਆਪਣੇ ਆਪਣੇ ਸੰਪ੍ਰਦਾਇਕ ਤੰਗ ਨਜ਼ਰੀਏ ਕਰਕੇ ਕੌਮੀ ਸੁਤੰਤਰਤਾ ਸੰਗਰਾਮ ਨੂੰ ਕਮਜ਼ੋਰ ਕਰ ਰਹੀਆਂ ਸਨ ਅਤੇ ਭਾਈਚਾਰਕ ਸਦਭਾਵਨਾ ਲਈ ਵੀ ਖ਼ਤਰਾ ਬਣ ਰਹੀਆਂ ਸਨ। ਤੀਜਾ, ਸਿੱਖ ਰਜਵਾੜੇ ਤੇ ਸ਼ਹਿਰੀ ਪੂੰਜੀਪਤੀ ਸਿੱਖ ਸ਼੍ਰੇਣੀ ਵੀ ਆਪਣੇ ਆਪਣੇ ਮੁਫ਼ਾਦ ਖਾਤਰ ਨੈਤਿਕ ਵਿਕਾਰਾਂ ਦੀ ਸ਼ਿਕਾਰ ਹੋ ਕੇ ਬ੍ਰਾਹਮਣਵਾਦੀ ਧਾਰਮਿਕ ਰੀਤੀਆਂ ਤੇ ਬੁਰਜੂਆ ਇਖ਼ਲਾਕੀ ਨਿਘਾਰਾਂ ਦੀ ਦਲਦਲ ਵਿੱਚ ਗ੍ਰਸੀ ਜਾ ਰਹੀ ਸੀ। ਭਾਈ ਵੀਰ ਸਿੰਘ ਇਸ ਬਹੁ-ਤਰਫ਼ੇ ਹਮਲੇ ਨੂੰ ਇੱਕ ਸਜੱਗ ਲੇਖਕ ਤੇ ਪੱਤਰਕਾਰ ਵਜੋਂ ਚੁਣੌਤੀ ਵਜੋਂ ਲੈਂਦਾ ਹੈ ਅਤੇ ਸਿੱਖ ਸੰਸਥਾਵਾਂ ਦੇ ਜਾਗਰੂਕ ਪਹਿਰੂਏ ਜਾਂ ਉਸਰਈਏ ਵਜੋਂ ਸਾਹਮਣੇ ਆਉਂਦਾ ਹੈ।

ਉਨੀਵੀਂ ਸਦੀ ਦੀ ਪਿਛਲੀ ਚੌਥਾਈ ਵਿੱਚ ਪੰਜਾਬ 'ਚ ਉਦੈ ਹੋਈਆਂ ਧਾਰਮਿਕ ਪੁਨਰ ਸੁਰਜੀਤੀ ਦੀਆਂ ਲਹਿਰਾਂ ਬਰਤਾਨਵੀ ਬਸਤੀਵਾਦੀ ਸਰਕਾਰ ਦੀ ਸਭਿਆਚਾਰਕ ਸਰਦਾਰੀ ਸਥਾਪਤ ਕਰਨ ਵਾਲੀ ਨੀਤੀ ਅਤੇ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਤੋਂ ਭੈਭੀਤ ਸਨ। ਆਪਣੇ ਆਪਣੇ ਧਰਮ ਦੀ ਰੱਖਿਆ ਲਈ ਇਨ੍ਹਾਂ ਨੇ ਇੱਕ ਪਾਸੇ ਆਤਮ-ਰੱਖਿਆ ਦਾ ਪੈਂਤੜਾ ਅਪਣਾਇਆ ਅਤੇ ਦੂਜੇ ਪਾਸੇ ਹੋਰ ਧਰਮਾਂ ਲਈ ਹਮਲਾਵਰ ਰੁਖ਼ ਅਖ਼ਤਿਆਰ ਕੀਤਾ। ਅੰਗਰੇਜ਼ਾਂ ਦੀ ਗੁੱਝੀ ਰਾਜਸੀ ਸ਼ਤਰੰਜ ਕਰਕੇ ਵੀ ਪੰਜਾਬ ਸੰਪ੍ਰਦਾਇਕ ਨਫ਼ਰਤ ਤੇ ਫ਼ਿਰਕੂ ਜੰਗ ਦਾ ਅਖਾੜਾ ਬਣਿਆ ਹੋਇਆ ਸੀ। ਧਾਰਮਿਕ ਕਸ਼ਮਕਸ਼ ਤੇ ਫ਼ਿਰਕੂ ਉਨਮਾਦ ਦੇ ਇਸ ਦੌਰ ਵਿੱਚ ਪੰਜਾਬੀ ਤੇ ਹੋਰ ਸਥਾਨਕ ਭਾਸ਼ਾਵਾਂ 'ਚ ਅਖ਼ਬਾਰਾਂ ਤੇ ਪੱਤਰ-ਪੱਤ੍ਰਿਕਾਵਾਂ ਲਈ ਜ਼ਮੀਨ ਤਿਆਰ ਹੋਈ। ਧਾਰਮਿਕ ਪਛਾਣ ਦੀ ਰਾਜਨੀਤੀ ਨੇ ਪੰਜਾਬੀਆਂ ਅੰਦਰ ਅੰਗਰੇਜ਼ਾਂ ਪ੍ਰਤੀ ਵਿਦਰੋਹ ਦੀ ਭਾਵਨਾ ਵੀ ਪੈਦਾ ਕੀਤੀ ਅਤੇ ਆਪਣੇ ਤੋਂ ਵੱਖਰੇ ਧਰਮਾਂ ਤੇ ਅਕੀਦਿਆਂ ਪ੍ਰਤੀ ਤਿੱਖੇ ਤੇ ਤਲਖ਼ ਵਿਵਾਦਾਂ ਨੂੰ ਜਨਮ ਦਿੱਤਾ। ਪੰਜਾਬ ਵਿੱਚ ਆਰੀਆ ਸਮਾਜ, ਸਿੰਘ ਸਭਾ ਲਹਿਰ ਅਤੇ ਅਹਿਮਦੀਆ ਲਹਿਰ ਦੇ ਆਗੂਆਂ ਦੇ ਜ਼ਹਿਰੀਲੇ ਪ੍ਰਚਾਰ ਨੇ ਵਿਸਫ਼ੋਟਕ ਸਥਿਤੀ ਪੈਦਾ ਕੀਤੀ। ਇਸ ਸੰਕਟ ਦੇ ਸਮੇਂ ਭਾਈ ਵੀਰ ਸਿੰਘ ਨੇ ਆਪਣੇ ਟ੍ਰੈਕਟਾਂ ਅਤੇ 'ਖ਼ਾਲਸਾ ਸਮਾਚਾਰ' ਵਿਚਲੀਆਂ ਸੰਪਾਦਕੀਆਂ ਤੇ ਲੇਖਾਂ ਰਾਹੀਂ ਇਹ ਸੁਨੇਹਾ ਦਿੱਤਾ ਕਿ 'ਇਹ ਸਮਾਂ ਧੱਕੇ ਦਾ ਨਹੀਂ, ਅਕਲ ਦਾ ਹੈ।' ਉਨ੍ਹਾਂ ਨੇ ਸਿੱਖ ਸਮਾਜ ਨੂੰ ਦੂਜੇ ਧਰਮਾਂ, ਅਕੀਦਿਆਂ, ਕੌਮਾਂ ਅਤੇ ਸਭਿਆਚਾਰਾਂ ਨਾਲ ਉਸਾਰੂ ਸੰਵਾਦ ਰਚਾਉਣ ਦਾ ਮਸ਼ਵਰਾ ਦਿੱਤਾ। ਇਕ ਸਜੱਗ ਤੇ ਬੇਬਾਕ ਪੱਤਰਕਾਰ ਹੋਣ ਦੇ ਨਾਤੇ ਉਸ ਨੇ ਇਹ ਸਪਸ਼ਟ ਕੀਤਾ ਕਿ ਸਿੱਖ ਪੰਥ ਦੇ ਮੌਜੂਦਾ ਨਿਘਾਰ ਦਾ ਕਾਰਨ ਬਸਤੀਵਾਦੀ ਰਾਜ ਅਤੇ ਦੂਜੇ ਧਰਮ ਜਾਂ ਸੰਪਰਦਾਵਾਂ ਹੀ ਨਹੀਂ ਹਨ, ਸਗੋਂ ਸਿੱਖ ਸਮਾਜ ਦੀ ਤੰਗ-ਨਜਰੀ ਅਤੇ ਕੱਟੜਪੰਥੀ ਸਨਾਤਨੀ ਵਿਵਹਾਰ ਵੀ ਹੈ।





ਨਿਰਸੰਦੇਹ, ਭਾਈ ਵੀਰ ਸਿੰਘ ਨੇ ਆਪਣੇ ਰਚਨਾਤਮਿਕ ਲੇਖਣ, ਪੱਤਰਕਾਰੀ ਅਤੇ ਸੰਸਥਾਗਤ ਜਾਂ ਸੰਗਠਨਾਤਮਿਕ ਕੰਮਾਂ ਨੂੰ ਰਾਜਸੀ ਸਰਗਰਮੀ ਤੋਂ ਦੂਰ ਰੱਖਿਆ। ਭਾਵੇਂ ਉਹ ਪੰਜਾਬ ਜਾਂ ਸਿੱਖ ਪੰਥ ਦੀ ਰਾਜਨੀਤੀ ਦਾ ਕਦੇ ਅੰਗ ਨਹੀਂ ਬਣੇ, ਪਰ ਉਸ ਦੀਆਂ ਲਿਖਤਾਂ ਅਤੇ ਸੰਗਠਨਾਤਮਿਕ ਸਰਗਰਮੀਆਂ ਨੇ ਪੰਜਾਬੀਆਂ ਦੇ ਰਾਜਸੀ ਅਵਚੇਤਨ ਉੱਪਰ ਗਹਿਰੇ ਅਤੇ ਦੂਰ-ਰਸ ਪ੍ਰਭਾਵ ਪਾਏ। ਉਸ ਦੀਆਂ ਸਾਹਿਤਕ ਲਿਖਤਾਂ ਦਾ ਵਾ-ਮੰਡਲ ਅਤੇ ਮੁਹਾਵਰਾ ਰਾਜਨੀਤਕ ਪੁੱਠ ਵਾਲਾ ਨਹੀਂ, ਪਰ ਉਸ ਦੀਆਂ ਰਚਨਾਵਾਂ ਦਾ ਅੰਦਰੂਨੀ ਸਾਰ (essence) ਪੰਜਾਬ ਦੇ ਰਾਜਸੀ ਅਵਚੇਤਨ ਦੀਆਂ ਗਹਿਰੀਆਂ ਪਰਤਾਂ ਨੂੰ ਸੰਕੇਤਕ ਰੂਪ ਵਿੱਚ ਉਜਾਗਰ ਕਰਦਾ ਹੈ। ਸ਼ਾਇਦ ਇਸੇ ਕਰਕੇ ਉਨ੍ਹਾਂ ਦੇ ਸਾਹਿਤ ਵਿਚਲੀ ਅਦ੍ਰਿਸ਼ ਰਾਜਸੀ ਸੁਰ ਬਾਰੇ ਉਨ੍ਹਾਂ ਦਾ ਛੋਟਾ ਭਰਾ ਡਾ. ਬਲਵੀਰ ਸਿੰਘ ਕਹਿੰਦਾ ਹੈ, "ਭਾਈ ਵੀਰ ਸਿੰਘ ਦਾ ਸਾਹਿਤਯ ਸਿੱਖੀ ਦੀਆਂ ਸਮਾਜਕ ਲਹਿਰਾਂ ਨਾਲ ਗੂੜ੍ਹਾ ਸੰਬੰਧ ਰੱਖਦਾ ਹੈ। ਉਨ੍ਹਾਂ ਦਾ ਸਹਿਤਯ ਸੰਨ 1873 'ਚ ਚੱਲੀ ਸਿੰਘ ਸਭਾ ਲਹਿਰ ਦਾ ਸਿੱਟਾ ਹੈ ਤੇ ਹੁਣ ਦੀ ਅਕਾਲੀ ਲਹਿਰ ਦਾ ਕਾਰਨ।" (ਕਲਮ ਦੀ ਕਰਾਮਾਤ, ਪੰਨਾ 215) ਅਧਿਆਤਮਵਾਦੀ ਦ੍ਰਿਸ਼ਟੀ, ਮੱਧ-ਸ਼੍ਰੇਣਿਕ ਸੰਸਕਾਰਾਂ, ਸਵੈ-ਕੇਂਦਰਿਤ ਜ਼ਿਹਨ ਅਤੇ ਆਪਣੇ ਏਕਾਂਤ ਪ੍ਰੇਮੀ ਸੁਭਾਅ ਕਰਕੇ ਭਾਈ ਵੀਰ ਸਿੰਘ ਨੇ ਆਪਣੇ ਆਪ ਨੂੰ ਸਿੱਖ ਪੰਥ ਦੇ ਧਾਰਮਿਕ ਕੰਮਾਂ ਤੇ ਪਰਮਾਰਥਕ ਮਸਲਿਆਂ ਤੱਕ ਹੀ ਸੀਮਤ ਰੱਖਿਆ। ਪਰ ਉਹ ਇਸ ਗੱਲੋਂ ਸੁਚੇਤ ਸੀ ਕਿ ਸਿੱਖ ਪੰਥ ਦਾ ਬੌਧਿਕ, ਨੈਤਿਕ/ਇਖ਼ਲਾਕੀ ਅਤੇ ਪਰਮਾਰਥਕ ਵਿਕਾਸ ਸਿੱਖ ਸਮਾਜ ਦੀ ਪਦਾਰਥਕ ਉੱਨਤੀ ਅਤੇ ਸਮਾਜੀ-ਸਿਆਸੀ ਚੇਤਨਾ ਦੇ ਵਿਕਾਸ ਬਿਨਾਂ ਸੰਭਵ ਨਹੀਂ। ਉਹ ਇਹ ਸਮਝਦਾ ਸੀ ਕਿ ਪੰਜਾਬ ਦੀ ਆਰਥਿਕਤਾ ਨੂੰ ਨਵੀਂ ਉਪਜ-ਪ੍ਰਣਾਲੀ ਅਪਣਾ ਕੇ ਅਤੇ ਬਸਤੀਵਾਦੀ ਲੁੱਟ ਤੋਂ ਮੁਕਤ ਕਰਨ ਨਾਲ ਹੀ ਪੈਰਾਂ ਸਿਰ ਕੀਤਾ ਜਾ ਸਕਦਾ ਹੈ; ਇਸ ਲਈ ਉਸ ਨੇ 'ਨਿਰਗੁਣਿਆਰਾ' (1893 ਈ.) 'ਖਾਲਸਾ ਸਮਾਚਾਰ' ਅਤੇ 'ਖਾਲਸਾ ਟ੍ਰੈਕਟ ਸੁਸਾਇਟੀ' (1894) ਵਿੱਚ ਲਿਖੇ ਆਪਣੇ ਲੇਖਾਂ, ਸੰਪਾਦਕੀਆਂ ਅਤੇ ਟ੍ਰੈਕਟਾਂ ਰਾਹੀਂ ਪੰਜਾਬੀਆਂ ਨੂੰ ਅੰਗਰੇਜ਼ਾਂ ਵਾਂਗ ਉਤਪਾਦਨ ਦੀਆਂ ਆਧੁਨਿਕ ਵਿਧੀਆਂ ਤੇ ਨਵੇਂ ਧੰਦੇ ਅਪਣਾਉਣ ਦੀ ਸਲਾਹ ਦਿੱਤੀ। ਪੰਜਾਬ ਦੇ ਸਰਮਾਏ ਨੂੰ ਬਾਹਰ ਜਾਣ ਤੋਂ ਰੋਕਣ ਅਤੇ ਬਸਤੀਵਾਦੀ ਪ੍ਰਬੰਧ ਦੇ ਆਰਥਿਕ ਆਧਾਰ ਉੱਤੇ ਸੱਟ ਮਾਰਨ ਲਈ ਉਸਨੇ ਤੇ ਉਸ ਦੇ ਸਹਿਯੋਗੀਆਂ ਨੇ 1908 ਈ. ਵਿੱਚ 'ਪੰਜਾਬ ਐਂਡ ਸਿੰਧ ਬੈਂਕ' ਦੀ ਸਥਾਪਨਾ ਕੀਤੀ। ਭਾਈ ਵੀਰ ਸਿੰਘ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਸ਼ਕਤੀਸ਼ਾਲੀ ਤੇ ਦਮਨਕਾਰੀ ਬਰਤਾਨਵੀ ਬਸਤੀਵਾਦੀ ਪ੍ਰਬੰਧ ਦਾ ਮੁਕਾਬਲਾ ਕੇਵਲ ਭਾਵੁਕ ਅਪੀਲਾਂ ਅਤੇ ਬਾਹੂ-ਬਲ ਨਾਲ ਨਹੀਂ ਕੀਤਾ ਜਾ ਸਕਦਾ। ਪੰਜਾਬੀਆਂ/ਭਾਰਤੀਆਂ ਦੀ ਵਿਚਾਰਧਾਰਕ ਸੂਝ ਅਤੇ ਸਭਿਆਚਾਰਕ ਚੇਤਨਾ ਨੂੰ ਪ੍ਰਚੰਡ ਕਰਕੇ ਹੀ ਬਸਤੀਵਾਦੀ ਪ੍ਰਬੰਧ ਦੇ ਵਿਰੁੱਧ ਸਥਾਨਕ ਰਾਜਸੀ ਬਦਲ ਉਸਾਰਿਆ ਜਾ ਸਕਦਾ ਹੈ। ਇਸ ਲਈ ਉਸ ਨੇ ਬਰਤਾਨਵੀ ਸਿੱਖਿਆ ਪ੍ਰਬੰਧ ਦੇ ਸਮਾਨਾਂਤਰ ਆਪਣੀ ਸਿੱਖਿਆ-ਵਿਵਸਥਾ ਤੇ ਗਿਆਨ-ਪਰੰਪਰਾਵਾਂ ਨੂੰ ਸਮੇਂ ਦੀਆਂ ਵੰਗਾਰਾਂ ਦਾ ਹਾਣੀ ਬਣਾਉਣ ਦੇ ਉਪਰਾਲੇ ਕੀਤੇ। ਸਿੱਖ ਪੰਥ ਦੇ ਵਿਚਾਰਧਾਰਕ ਪੈਂਤੜੇ ਤੇ ਸਮਾਜੀ ਸ਼ਊਰ ਨੂੰ ਮਜ਼ਬੂਤ ਕਰਨ ਲਈ ਭਾਈ ਵੀਰ ਸਿੰਘ ਤੇ ਭਾਈ ਕੌਰ ਸਿੰਘ ਦੀ ਅਗਵਾਈ ਵਾਲੀ 'ਖਾਲਸਾ ਟ੍ਰੈਕਟ ਸੁਸਾਇਟੀ' ਨੇ 1901 ਤੋਂ 1905 ਈ. ਤੱਕ 6 ਲੱਖ ਤੋਂ ਵੱਧ ਟ੍ਰੈਕਟ ਛਾਪ ਕੇ ਮੁਫ਼ਤ ਵੰਡੇ। ਸੱਤਾ ਦੇ ਦਮਨ, ਹਿੰਸਾ ਅਤੇ ਵਿਚਾਰਧਾਰਕ ਦਾਬੇ ਨੂੰ ਪੋਥੀ-ਕਲਚਰ ਦੀ ਉਸਾਰੀ ਦੁਆਰਾ ਵੀ ਮਾਤ ਦਿੱਤੀ ਜਾ ਸਕਦੀ ਹੈ। ਬਸਤੀਵਾਦੀ ਲੁੱਟ ਦੀ ਮਾਰ ਹੇਠ ਆਈ ਪੰਜਾਬ ਦੀ ਆਰਥਿਕਤਾ ਦੀ ਨਵ-ਉਸਾਰੀ, ਪੰਜਾਬ ਦੀ ਸਿੱਖਿਆ ਤੇ ਭਾਸ਼ਾਈ ਨੀਤੀ ਅਤੇ ਪੰਜਾਬ/ ਸਿੱਖ ਪੰਥ ਦੀ ਇਖ਼ਲਾਕੀ ਤੇ ਆਤਮਿਕ ਅਮੀਰੀ ਬਾਰੇ ਭਾਈ ਵੀਰ ਸਿੰਘ ਦੇ ਫ਼ਿਕਰਾਂ ਦੀ ਟੋਹ ਉਸ ਦੁਆਰਾ ਲਿਖੇ ਟ੍ਰੈਕਟਾਂ ਤੇ ਲੇਖਾਂ ਦੀਆਂ ਇਨ੍ਹਾਂ ਸਤਰਾਂ ਚੋਂ ਸਹਿਜੇ ਹੀ ਮਿਲ ਜਾਂਦੀ ਹੈ :

- ਉੱਨਤੀ ਦੋ ਪ੍ਰਕਾਰ ਦੀ ਹੁੰਦੀ ਹੈ: ਵਿਵਹਾਰਕ ਤੇ ਪਰਮਾਰਥਕ। ਪਰਮਾਰਥਕ ਉੱਨਤੀ ਤੋਂ ਬਿਨਾਂ ਤਾਂ ਕੌਮ ਦਾ ਬਣਨਾ ਤੇ ਕਾਇਮ ਰਹਿਣਾ ਅਸੰਭਵ ਹੈ ਤੇ ਵਿਵਹਾਰਕ ਉੱਨਤੀ ਬਿਨਾਂ ਤਰੱਕੀ ਅਰ ਅਟੱਲਤਾ ਨਹੀਂ ਹੋ ਸਕਦੀ। ਹੁਣ ਅਸੀਂ ਆਪਣੀ ਖਾਲਸਾ ਕੌਮ ਵੱਲ ਵੇਖੀਏ ਤਾਂ ਦੋਹਾਂ ਪਾਸਿਆਂ ਤੋਂ ਗਰਾਉ ਭਾਸਦਾ ਹੈ।

ਪਹਿਲੀ ਗੱਲ ਵਾਸਤੇ ਤਾਂ ਅਖ਼ਬਾਰਾਂ, ਉਪਦੇਸ਼ਕ, ਟਰੈਕਟ ਅਰ ਧਾਰਮਿਕ ਕਮੇਟੀਆਂ ਕੁਝ ਯਤਨ ਕਰਦੀਆਂ ਹਨ ਪਰ ਵਿਵਹਾਰਕ ਤਰੱਕੀ ਵਾਸਤੇ ਕੋਸ਼ਿਸ਼ ਨਹੀਂ ਹੋ ਰਹੀ। ਖਾਲਸਾ ਕੌਮ ਵਿੱਚ ਹਰ ਪੇਸ਼ੇ ਦੇ ਪੁਰਸ਼ ਨਹੀਂ ਮਿਲਦੇ। ਦੋ-ਚਾਰ ਬਾਤਾਂ ਪਰ ਸਾਡੀ ਰੋਟੀ ਦਾ ਸਹਾਰਾ ਹੈ। ਪਹਿਲੇ ਖੇਤੀਬਾੜੀ ਦੂਜੇ ਫ਼ੌਜੀ ਨੌਕਰੀ, ਤੀਜੀ ਕਿਰਤ ਕਾਰੀਗਰੀ, ਚੌਥੇ ਵਪਾਰ ਜੋ ਕੇਵਲ ਨਾ-ਮਾਤਰ ਹੈ।... ਫ਼ੌਜੀ ਜੀਵਨ ਤਾਂ ਸਾਡਾ ਬੇਸ਼ੱਕ ਉੱਤਮ ਹੈ, ਪਰ ਖੇਤੀਬਾੜੀ, ਕਾਰੀਗਰੀ ਤੇ ਵਪਾਰ ਬੜੇ ਨਿਕੰਮੇ ਹਨ। ਜਿੰਨੀ ਜ਼ਮੀਨ ਵਿੱਚੋਂ ਸਿੱਖ ਜ਼ਿਮੀਂਦਾਰ 10 ਰੁਪੈ ਦੀ ਪੈਦਾਵਾਰ ਕੱਢਦੇ ਹਨ, ਯੂਰਪ ਤੇ ਅਮਰੀਕਾ ਵਿੱਚ ਉਸ ਤੋਂ ਦੁੱਗਣੀ ਕਰਦੇ ਹਨ। ਕਾਰਨ ਇਹ ਹੈ ਕਿ ਉਨ੍ਹਾਂ ਨੇ ਇਸ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ। ਅਰ ਅਸੀਂ ਲਕੀਰ ਦੇ ਫਕੀਰ ਬਣੇ ਹੋਏ ਪੁਰਾਣੇ ਦਸਤੂਰਾਂ ਉੱਤੇ ਅੱਖਾਂ ਮੀਟੀ ਤੁਰੇ ਜਾਂਦੇ ਹਾਂ।

- ਈਸਾਈਆਂ ਨੇ ਹਿੰਦੋਸਤਾਨ ਵਿੱਚ ਜਿਨ੍ਹਾਂ ਤਰੀਕਿਆਂ ਨਾਲ ਪੈਰ ਪਸਾਰੇ, ਉਨ੍ਹਾਂ ਵਿੱਚੋਂ ਇੱਕ ਤਰੀਕਾ ਪੋਥੀਆਂ, ਪਰਚੇ, ਟਰੈਕਟ ਛਾਪ ਕੇ ਵੰਡਣੇ ਦਾ ਹੈ। ਜਿੱਥੇ ਈਸਾਈਆਂ ਦਾ ਡੇਰਾ ਲੱਗਾ ਹੋਊ ਉੱਥੇ ਉਨ੍ਹਾਂ ਦੇ ਪੁਸਤਕ ਭੰਡਾਰ ਜ਼ਰੂਰ ਮਿਲਦੇ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਉਹ ਆਪਣੀਆਂ ਪੁਸਤਕਾਂ ਨੂੰ ਕਿੱਡਾ ਜ਼ਰੂਰੀ ਸਮਝਦੇ ਹਨ। ਆਰੀਆਂ ਵੱਲ ਤੱਕੋ ਜਿੱਥੇ ਆਰੀਆ ਸਮਾਜ ਉੱਥੇ ਆਰੀਆ ਪੁਸਤਕਾਂ। ਬ੍ਰਹਮੂਆਂ ਵੱਲ ਤੱਕੋ, ਜਿੱਥੇ ਬ੍ਰਹਮੋ ਸਮਾਜ ਉੱਥੇ ਬ੍ਰਹਮੋ ਧਰਮ ਦੀਆਂ ਪੁਸਤਕਾਂ। ਹੁਣ ਆਪਣੇ ਵੱਲ ਤੱਕੋ ਜਿੱਥੇ ਸਿੰਘ ਸਭਾ ਉੱਥੇ...?

(ਖਾਲਸਾ ਸਮਾਚਾਰ, 13 ਅਗਸਤ 1902)

ਭਾਈ ਵੀਰ ਸਿੰਘ ਇੱਕ ਸਜਗ ਤੇ ਸਮਰਪਿਤ ਮਿਸ਼ਨਰੀ ਲੇਖਕ ਸੀ। ਉਹ ਤਾ-ਉਮਰ ਸਿੱਖ-ਪੰਥ ਦੀ ਆਤਮਿਕ ਤੇ ਵਿਵਹਾਰਕ (ਪਦਾਰਥਕ) ਉੱਨਤੀ ਲਈ ਯਤਨਸ਼ੀਲ ਰਿਹਾ। ਸਿੱਖੀ ਆਦਰਸ਼ਾਂ ਦੀ ਜਾਗ ਅਤੇ ਸਿੱਖ ਸਿਧਾਂਤਾਂ ਦੀ ਸੋਝੀ ਉਸ ਨੂੰ ਪਰਿਵਾਰਕ ਵਿਰਾਸਤ ਵਿੱਚੋਂ ਮਿਲੀ। ਉਸ ਨੇ ਆਪਣੇ ਸਾਹਿਤ ਅਤੇ ਪੱਤਰਕਾਰੀ ਰਾਹੀਂ ਸਿੱਖ-ਸਿਧਾਂਤਾਂ, ਸਿੱਖ ਜੀਵਨ-ਜਾਚ, ਸਿੱਖ ਇਤਿਹਾਸ ਅਤੇ ਸਿੱਖ ਨੈਤਿਕਤਾ ਦੇ ਉਚੇਰੇ ਆਦਰਸ਼ਾਂ ਦੀ ਵਕਾਲਤ ਕੀਤੀ। ਗੁਰਮਤਿ ਸਾਹਿਤ ਦੀ ਵਿਆਖਿਆ, ਟੀਕਾਕਾਰੀ ਅਤੇ ਸੰਪਾਦਨ ਦੇ ਖੇਤਰ ਵਿੱਚ ਉਨ੍ਹਾਂ ਨੇ ਇੱਕ ਸੰਸਥਾ ਜਿੰਨਾ ਕੰਮ ਕੀਤਾ। ਜਦੋਂ ਪੰਜਾਬ ਵਿੱਚ ਬਰਤਾਨਵੀ ਬਸਤੀਵਾਦੀ ਪ੍ਰਬੰਧ ਦੀ ਸਥਾਪਨਾ ਤੋਂ ਬਾਅਦ 1857 ਈ. ਦਾ ਗ਼ਦਰ, ਨਾਮਧਾਰੀ ਲਹਿਰ, ਬਾਰ ਦੇ ਜਾਂਗਲੀਆਂ ਦਾ ਵਿਦਰੋਹ, 1907 ਦਾ ਕਿਸਾਨ ਅੰਦੋਲਨ ਅਤੇ ਗ਼ਦਰ ਲਹਿਰ ਵਰਗੇ ਅੰਗਰੇਜ਼ ਵਿਰੋਧੀ ਅੰਦੋਲਨ ਜਬਰੀ ਦਬਾ ਦਿੱਤੇ ਗਏ ਤਾਂ ਪੰਜਾਬੀਆਂ ਤੇ ਸਿੱਖ ਸਮਾਜ ਵਿੱਚ ਨਿਰਾਸ਼ਾ ਆਉਣੀ ਸੁਭਾਵਿਕ ਸੀ। ਇਸ ਸਮੇਂ ਨਿਰਾਸ਼ ਹੋਏ ਸਿੱਖ-ਪੰਥ ਦੇ ਮਨੋਬਲ ਨੂੰ ਸਹਾਰਾ ਦੇਣ ਲਈ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਤੇ ਮਹਾਂ-ਕਾਵਿ 'ਰਾਣਾ ਸੂਰਤ ਸਿੰਘ' ਰਾਹੀਂ ਸਿੱਖ-ਇਤਿਹਾਸ ਨੂੰ ਮਿਥ ਕੇ ਮਹਿਮਾ ਮੰਡਤ ਕੀਤਾ। ਉਸ ਨੇ ਆਪਣੇ ਨਾਵਲਾਂ ਦਾ ਵਸਤੂ ਸਮਕਾਲ ਨੂੰ ਬਣਾਉਣ ਦੀ ਥਾਂ ਸਿੱਖ ਮਿਸਲਾਂ ਦੀ ਚੜ੍ਹਤ ਦੇ ਇਤਿਹਾਸਕ ਕਾਲ ਖੰਡ ਨੂੰ ਬਣਾਇਆ। 18ਵੀਂ-19ਵੀਂ ਸਦੀ ਦੇ ਮੁਗਲ ਵਿਰੋਧੀ ਸਿੱਖ ਸੰਘਰਸ਼ ਅਤੇ ਸਿੱਖ ਮਿਸਲਾਂ ਦੀ ਚੜ੍ਹਤ ਦੇ ਸੁਨਹਿਰੀ ਦੌਰ ਦੇ ਗਲਪੀਕਰਨ ਰਾਹੀਂ ਉਹ ਹਤਾਸ਼ ਹੋਏ ਸਿੱਖ ਸਮਾਜ ਨੂੰ ਉਨ੍ਹਾਂ ਦੇ ਜੁਝਾਰੂ ਅਤੀਤ ਅਤੇ ਨਾਬਰੀ ਦੀ ਯਾਦ ਦੁਆ ਕੇ ਅੰਗਰੇਜ਼ਾਂ ਵਿਰੁੱਧ ਲਾਮਬੰਦ ਹੋਣ ਦਾ ਹੀ ਸੰਦੇਸ਼ ਦਿੰਦਾ ਹੈ। ਆਪਣੇ ਨਾਵਲਾਂ ਅਤੇ ਗੁਰ-ਇਤਿਹਾਸ ਨਾਲ ਸੰਬੰਧਤ 'ਚਮਤਕਾਰਾਂ' ਵਿੱਚ ਉਹ ਸਿੱਖ ਨਾਇਕਾਂ ਦੇ ਆਦਰਸ਼ਕ ਜੀਵਨ ਚਰਿਤਰਾਂ ਦੇ ਚਿਤਰਣ ਰਾਹੀਂ ਦਮਨਕਾਰੀ ਬਸਤੀਵਾਦੀ ਪ੍ਰਬੰਧ ਅੱਗੇ ਸੁਆਲੀਆ ਨਿਸ਼ਾਨ ਲਾਉਂਦਾ ਹੈ; ਜੋ ਲੁੱਟ-ਖਸੁੱਟ, ਧੋਖਾਧੜੀ ਅਤੇ ਵਿਅਕਤੀਵਾਦੀ ਜੀਵਨ-ਜਾਚ ਨੂੰ ਆਧੁਨਿਕਤਾ ਤੇ ਵਿਕਾਸ ਦੇ ਮਾਡਲ ਵਜੋਂ ਪੇਸ਼ ਕਰਦਾ ਸੀ। ਭਾਈ ਵੀਰ ਸਿੰਘ ਨੂੰ ਆਪਣੇ ਸਮਕਾਲ ਦੇ ਸਮਾਜਕ ਸੰਘਰਸ਼ਾਂ ਅਤੇ ਸਰਗਰਮ ਰਾਜਨੀਤੀ ਤੋਂ ਉਦਾਸੀਨ ਰਹਿਣ ਵਾਲਾ ਪੁਨਰ-ਉਥਾਨਵਾਦੀ ਲੇਖਕ ਕਹਿਣ ਵਾਲੇ ਆਲੋਚਕ ਭਾਈ ਵੀਰ ਸਿੰਘ ਦੀਆਂ ਲਿਖਤਾਂ ਦੇ ਅੰਦਰੂਨੀ ਸਾਰ





ਨੂੰ ਸਮਝਣ ਤੋਂ ਇਸ ਲਈ ਖੁੰਝ ਜਾਂਦੇ ਹਨ ਕਿ ਉਹ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਦੌਰ ਦੇ ਮੁੱਖ ਦਵੰਦਾਂ ਨੂੰ ਸਹੀ ਇਤਿਹਾਸਕ ਪਿੱਠਭੂਮੀ ਵਿੱਚ ਸਮਝਣ ਦਾ ਉਪਰਾਲਾ ਨਹੀਂ ਕਰਦੇ।

ਪੜ੍ਹੇ ਲਿਖੇ ਸ਼ਹਿਰੀ ਸਿੱਖ ਮੱਧਵਰਗੀ ਪਿਛੋਕੜ ਅਤੇ ਮਿਸ਼ਨਰੀ ਲੇਖਕ/ਚਿੰਤਕ ਹੋਣ ਨੇ ਉਸ ਦੀ ਸਾਹਿਤ ਸਿਰਜਣਾ, ਪੱਤਰਕਾਰੀ ਅਤੇ ਸੰਸਥਾਈ ਸਰਗਰਮੀ ਨੂੰ ਦਿਸ਼ਾ ਦਿੱਤੀ। ਉਸ ਨੂੰ ਵੱਡਾ ਪਾਠਕ ਵਰਗ ਅਤੇ ਸਿੱਖ ਪੰਥ ਵਿੱਚ ਅਦੁੱਤੀ ਮਾਣ ਸਨਮਾਨ ਮਿਲਿਆ। ਉਸ ਨੂੰ 'ਭਾਈ ਸਾਹਿਬ' ਦੇ ਪੰਥਕ ਲਕਬ ਜਾਂ ਸੰਬੋਧਨ ਨਾਲ ਸਵੀਕਾਰਿਆ ਗਿਆ। ਪਰ ਇਸ ਨਾਲ ਉਸ ਦੀ ਪਛਾਣ ਅਤੇ ਸਮਾਜ-ਸਭਿਆਚਾਰਕ ਸਰਗਰਮੀ ਦਾ ਘੇਰਾ ਸੀਮਤ ਵੀ ਹੋਇਆ। ਸਾਂਝੀ ਪੰਜਾਬੀਅਤ ਤੇ ਕੌਮੀ ਸਰੋਕਾਰਾਂ ਦੀ ਥਾਂ ਉਸ ਦੀ ਸਿਰਜਣਾਤਮਿਕਤਾ ਤੇ ਸਮਾਜਕ ਸਰਗਰਮੀ ਪੰਥ ਜਾਂ ਸਿੱਖ ਕੇਂਦਰਿਤ ਹੋ ਕੇ ਰਹਿ ਗਈ। ਸਿੱਖ ਸਮਾਜ ਵਿੱਚ ਉਸ ਦੀ ਲੋਕਪ੍ਰਿਯਤਾ ਤੇ ਉਸ ਪ੍ਰਤੀ ਸ਼ਰਧਾ ਨੇ ਉਸ ਦੀ ਸ਼ਖ਼ਸੀਅਤ ਅਤੇ ਰਚਨਾ ਨੂੰ ਵਿਸ਼ਾਲ ਪੱਧਰ ਉੱਤੇ ਮਾਨਤਾ ਤਾਂ ਦੁਆਈ, ਪਰ ਇਸ ਸ਼ਰਧਾ ਦੇ ਆਭਾ-ਮੰਡਲ ਨੇ ਉਸ ਦੀ ਸ਼ਖ਼ਸੀਅਤ ਅਤੇ ਰਚਨਾ ਦੇ ਕਈ ਪੱਖਾਂ ਨੂੰ ਸਹੀ ਸੰਦਰਭ ਵਿੱਚ ਉਜਾਗਰ ਨਹੀਂ ਹੋਣ ਦਿੱਤਾ। ਉਸ ਦੇ ਵਿਅਕਤੀਤਵ, ਵਿਚਾਰਾਂ, ਸਾਹਿਤਕ ਰਚਨਾਵਾਂ ਅਤੇ ਵਿਵਹਾਰ ਜਾਂ ਅਮਲਾਂ ਵਿਚਲੇ ਦਵੰਦਾਂ ਤੇ ਵਿਰੋਧਾਂ ਤੋਂ ਸਾਫ਼ ਜ਼ਾਹਿਰ ਹੈ ਕਿ ਉਸ ਦੀ ਬਖ਼ਸ਼ੀ ਮਹਾਨਤਾ ਵੀ ਸਧਾਰਨ ਮਨੁੱਖੀ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਪਰ੍ਹੇ ਦੀ ਚੀਜ਼ ਨਹੀਂ ਸੀ। ਪਰ ਅਸੀਂ ਉਸ ਨੂੰ ਜ਼ਿੰਦਗੀ ਨਾਲ ਦੋ-ਚਾਰ ਹੁੰਦੇ ਇਤਿਹਾਸ-ਪੁਰਸ਼ ਵਜੋਂ ਸਮਝਣ ਦੀ ਥਾਂ ਤੇਜੱਸਵੀ ਊਰਜਾ ਵਾਲੇ ਨਾਇਕਤਵ ਦੇ ਆਸਣ ਉੱਤੇ ਸਥਾਪਿਤ ਕਰ ਦਿੱਤਾ ਅਤੇ ਜਾਂ ਫਿਰ ਵਿਚਾਰਧਾਰਕ ਪੂਰਵਾਗ੍ਰਹਿਆਂ ਕਰਕੇ ਉਸ ਦੇ ਇਤਿਹਾਸਕ ਰਚਨਾਤਮਿਕ ਯੋਗਦਾਨ ਨੂੰ ਸਿੱਖ ਪ੍ਰਚਾਰਕ ਤੱਕ ਸੀਮਤ ਕਰ ਦਿੱਤਾ। ਭਾਈ ਵੀਰ ਸਿੰਘ ਦੇ ਸਾਹਿਤ, ਪੱਤਰਕਾਰੀ ਅਤੇ ਸਮਾਜਕ ਸਰੋਕਾਰਾਂ ਬਾਰੇ ਚਰਚਾ ਕਰਦੇ ਸਮੇਂ ਇਸ ਗੱਲੋਂ ਸੁਚੇਤ ਰਹਿਣ ਦੀ ਲੋੜ ਹੈ ਕਿ ਇਤਿਹਾਸਕ ਯੋਗਦਾਨ ਦੇ ਬਾਵਜੂਦ ਉਹ ਆਪਣੇ ਯੁਗ ਦੇ ਸੰਕਟਾਂ, ਵਿਚਾਰਧਾਰਕ ਅੰਤਰ-ਦਵੰਦਾਂ, ਦ੍ਰਿਸ਼ਟੀ-ਮੂਲਕ ਭ੍ਰਾਂਤੀਆਂ, ਮਾਨਸਿਕ ਤੇ ਭਾਵੁਕ ਉਲਾਰਾਂ, ਜਾਤੀ-ਜਮਾਤੀ ਤਰਫ਼ਦਾਰੀਆਂ, ਚੇਤ-ਅਚੇਤ ਜਾਤੀ ਸੰਸਕਾਰਾਂ, ਮੱਧਵਰਗੀ ਸਮਝੌਤਾਵਾਦੀ ਚਲਣ ਅਤੇ ਵਿਅਕਤੀਗਤ ਸੀਮਾਵਾਂ ਤੋਂ ਅਸਲੋਂ ਮੁਕਤ ਨਹੀਂ ਸੀ। ਮਿਸਾਲ ਵਜੋਂ ਵਿਵਹਾਰਕ ਜੀਵਨ ਵਿੱਚ ਉਹ ਆਤਮ-ਮਗਨ ਸੁਭਾਅ ਵਾਲਾ ਇਕਾਂਤ-ਪ੍ਰੇਮੀ ਸੀ, ਪਰ ਉਸ ਦੀਆਂ ਲਿਖਤਾਂ ਤੇ ਸੰਸਥਾਈ ਸਰਗਰਮੀ ਪੰਥ ਜਾਂ ਭਾਈਚਾਰੇ ਦੇ ਸਮੂਹਿਕ ਫ਼ਿਕਰਾਂ ਵਾਲੀ ਸੀ। ਜਮਾਤੀ ਪਿਛੋਕੜ ਸਮਝੌਤਾਵਾਦੀ ਸ਼ਹਿਰੀ ਮੱਧ-ਸ਼੍ਰੇਣੀ ਦਾ ਸੀ, ਜਿਸ ਦੀ ਟੇਕ ਅੰਗਰੇਜ਼ ਸਰਕਾਰ ਦੀਆਂ ਬਰਕਤਾਂ ਹਾਸਿਲ ਕਰਕੇ ਰਾਤੋ-ਰਾਤ ਅਮੀਰ ਹੋਣ ਦੀ ਸੀ, ਪਰ ਭਾਈ ਵੀਰ ਸਿੰਘ ਨੇ ਅੰਗਰੇਜ਼ ਸਰਕਾਰ ਦੀ ਨੌਕਰੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਪੂੰਜੀਵਾਦੀ ਉਤਪਾਦਨ ਪ੍ਰਣਾਲੀ ਤੇ ਨਵੀਂ ਸਿੱਖਿਆ ਦਾ ਸਮਰਥਕ ਹੋਣ ਦੇ ਬਾਵਜੂਦ ਉਸ ਨੇ ਬਰਤਾਨਵੀ ਬਸਤੀਵਾਦੀ ਸਰਕਾਰ ਦੀਆਂ ਆਰਥਿਕ ਤੇ ਸਿੱਖਿਆ ਸੰਸਥਾਵਾਂ ਦੇ ਵਿਰੋਧ ਵਿੱਚ ਆਪਣਾ ਸਮਾਨਾਂਤਰ ਸੰਸਥਾਗਤ ਢਾਂਚਾ ਉਸਾਰਨ ਉੱਪਰ ਜ਼ੋਰ ਦਿੱਤਾ। ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਤੇ ਗੁਰਦੁਆਰਾ ਸੁਧਾਰ ਲਹਿਰ ਜਾਂ ਅੰਗਰੇਜ਼ੀ ਵਿਰੋਧੀ ਰਾਜਸੀ ਸਰਗਰਮੀਆਂ ਪ੍ਰਤੀ ਉਦਾਸੀਨ ਜਾਂ ਖ਼ਾਮੋਸ਼ ਰਹਿਣ ਦੇ ਬਾਵਜੂਦ ਆਪਣੀਆਂ ਲਿਖਤਾਂ ਦੀ ਤਾਸੀਰ ਕਰਕੇ ਉਹ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿੱਚ ਬਾਗ਼ੀ ਸਿੱਖ ਨੇਤਾ ਵਜੋਂ ਰੜਕਦਾ ਸੀ। ਭਾਰਤ ਸਰਕਾਰ ਦੇ ਕੇਂਦਰੀ ਖੁਫ਼ੀਆ ਵਿਭਾਗ ਦੇ ਸਹਾਇਕ ਡਾਇਰੈਕਟਰ ਡੇਵਿਡ ਪੈਟਰੀ ਦੀ ਭਾਈ ਵੀਰ ਸਿੰਘ ਬਾਰੇ 1911 ਈ. ਦੀ ਰਿਪੋਰਟ ਦੇ ਇਹ ਸ਼ਬਦ ਪ੍ਰਮਾਣ ਵਜੋਂ ਦੇਖੇ ਜਾ ਸਕਦੇ ਹਨ:

> Bhai Vir Singh is mentioned from many sources as a leading figure in the Sikh revival and as disloyal to the core... He may safely be regarded as a zealous neo-Sikh and thoroughly anti-British. (P. 101-102)
>
> (Dr. Ganda Singh, Ed. Bhai Vir Singh Birth Centenary Volume.)

ਭਾਈ ਵੀਰ ਸਿੰਘ ਸੰਕ੍ਰਾਂਤੀ ਕਾਲ ਦੇ ਦੁਬਿਧਾਗ੍ਰਸਤ ਸ਼ਹਿਰੀ ਮੱਧ ਵਰਗ ਦਾ ਪ੍ਰਤਿਨਿਧ ਲੇਖਕ ਸੀ। ਉਸ ਦੇ ਸਾਹਿਤ ਨੂੰ ਉਸ ਦੇ ਦੌਰ ਦੇ ਅੰਤਰ-ਵਿਰੋਧਾਂ ਅਤੇ ਉਸ ਦੇ ਵਿਅਕਤੀਤਵ ਵਿਚਲੇ ਦਵੰਦਾਂ ਨੂੰ ਸਮਝ ਕੇ ਹੀ ਸਹੀ ਤਰ੍ਹਾਂ ਵਾਚਿਆ ਜਾ ਸਕਦਾ ਹੈ। ਇਸ ਦੌਰ ਦਾ ਮੁੱਖ ਰਾਜਨੀਤਕ ਦਵੰਦ ਪਤਨਮੁਖੀ ਸਾਮੰਤੀ ਸਨਾਤਨੀ ਬਣਤਰ ਅਤੇ ਉੱਭਰ ਰਹੇ ਪੂੰਜੀਵਾਦ ਦਾ ਵਿਰੋਧ ਸੀ। ਨਵੀਂ ਉਪਜ ਪ੍ਰਣਾਲੀ ਤੇ ਉਪਜ-ਸੰਬੰਧਾਂ ਉੱਤੇ ਟਿਕੀ ਹੋਣ ਕਾਰਨ ਪੂੰਜੀਵਾਦੀ ਵਿਵਸਥਾ ਸਨਾਤਨੀ ਸਾਮੰਤਕ ਬਣਤਰ ਨਾਲੋਂ ਵਧੇਰੇ ਵਿਕਾਸਮੁਖੀ ਤੇ ਰੁਜ਼ਗਾਰ ਮੁਹੱਈਆ ਕਰਨ ਵਾਲੀ ਸੀ। ਆਰਥਿਕ ਖ਼ੁਸ਼ਹਾਲੀ ਤੇ ਵਿਕਾਸ ਦੇ ਮੌਕਿਆਂ ਦੀ ਆਸ ਕਰਕੇ ਭਾਰਤੀ ਮੱਧ ਵਰਗ ਬਸਤੀਵਾਦੀ ਹਕੂਮਤ ਦੀਆਂ ਕੁਝ ਕੁ ਆਰਥਿਕ ਨੀਤੀਆਂ ਦਾ ਤਾਂ ਸਮਰਥਕ ਸੀ, ਪਰ ਉਸ ਦੇ ਵਿਚਾਰਧਾਰਕ ਦਾਬੇ ਵਾਲੇ ਸਭਿਆਚਾਰਕ ਏਜੰਡੇ ਦਾ ਵਿਰੋਧੀ ਸੀ। ਪੂੰਜੀਵਾਦੀ ਉਤਪਾਦਨ ਵਿਧੀ ਤੇ ਨਵੇਂ ਉਪਜ-ਸੰਬੰਧਾਂ ਕਾਰਨ ਮਿਲੀ ਆਰਥਿਕ ਖ਼ੁਸ਼ਹਾਲੀ ਕਰਕੇ ਭਾਰਤੀ ਮੱਧ ਵਰਗ ਬਸਤੀਵਾਦੀ ਹਾਕਮਾਂ ਨਾਲ ਨੇੜਤਾ ਚਾਹੁੰਦਾ ਸੀ, ਪਰ ਆਪਣੀ ਸਭਿਆਚਾਰਕ ਪਛਾਣ ਅਤੇ ਭਾਰਤੀ ਜਾਂ ਸਿੱਖ ਹੋਣ ਦੇ ਕੌਮੀ-ਗੌਰਵ ਦੀ ਰਾਖੀ ਲਈ ਬਰਤਾਨਵੀ ਸਰਕਾਰ ਤੋਂ ਚਿੰਤਤ ਸੀ। ਇਸ ਦੌਰ ਦਾ ਦੂਜਾ ਮੁੱਖ ਵਿਰੋਧ ਖੇਤਰੀ/ਕੌਮੀ ਪਛਾਣ ਅਤੇ ਬਸਤੀਵਾਦੀ ਪ੍ਰਬੰਧ ਦੀ ਰਾਜਸੀ ਅਧੀਨਗੀ ਨੂੰ ਸਵੀਕਾਰਨ ਜਾਂ ਪ੍ਰਵਾਨ ਕਰਨ ਨਾ-ਕਰਨ ਦਾ ਸੀ। ਪੰਜਾਬ ਦੀ ਰਜਵਾੜਾਸ਼ਾਹੀ ਅਤੇ ਬੁਰਜੁਆ ਜਾਂ ਨਵੀਂ ਅਮੀਰ ਹੋ ਰਹੀ ਸ਼ਹਿਰੀ ਸਿੱਖ ਜਮਾਤ ਨੇ ਅੰਗਰੇਜ਼ਾਂ ਨੂੰ ਆਪਣੇ ਮੁਕਤੀ ਦਾਤੇ ਸਮਝਣਾ ਸ਼ੁਰੂ ਕਰ ਦਿੱਤਾ ਸੀ। ਸਿੱਖ ਗੁਰਦਵਾਰਿਆਂ ਵਿੱਚ ਮਹੰਤਾਂ ਤੇ ਰਜਵਾੜਿਆਂ ਦੇ ਸਮਰਥਕਾਂ ਵੱਲੋਂ ‘ਯੁਗ ਯੁਗ ਹੋਵੇ ਰਾਜ ਸਵਾਇਆ ਟੋਪੀ ਵਾਲੇ ਦਾ’ ਦੀਆਂ ਅਰਦਾਸਾਂ ਵੀ ਹੋ ਰਹੀਆਂ ਸਨ ਅਤੇ ਸਿੱਖ ਆਵਾਮ ਦਮਨਕਾਰੀ ਬਰਤਾਨਵੀ ਹਕੂਮਤ ਤੇ ਉਸ ਦੇ ਸਥਾਨਕ ਸਮਰਥਕਾਂ ਨੂੰ ਲਹੂ-ਵੀਟਵੀਂ ਟੱਕਰ ਵੀ ਦੇ ਰਿਹਾ ਸੀ। ਭਾਈ ਵੀਰ ਸਿੰਘ ਤੇ ਉਸ ਦੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਇਨ੍ਹਾਂ ਦੋਵਾਂ ਰੁਝਾਨਾਂ ਦੀ ਝਲਕ ਦਿਖਾਈ ਦਿੰਦੀ ਹੈ। ਪੰਜਾਬ ਵਿੱਚ ਬਰਤਾਨਵੀ ਸਰਕਾਰ ਵਿਰੁੱਧ ਉਭਰੇ ਅੰਦੋਲਨਾਂ ਅਤੇ ਲਹਿਰਾਂ ਨੂੰ ਕੁਚਲ ਦਿੱਤੇ ਜਾਣ ਕਾਰਨ ਸ਼ਹਿਰੀ ਮੱਧ ਵਰਗ, ਪੜ੍ਹੇ ਲਿਖੇ ਬਾਬੂ ਅਤੇ ਰਜਵਾੜਾਸ਼ਾਹੀ ਲੋਕ-ਸੰਘਰਸ਼ਾਂ ਵਿੱਚ ਕੁੱਦਣ ਦੀ ਥਾਂ ਸਮਝੌਤੇ ਉੱਪਰ ਟੇਕ ਰੱਖਦੀ ਸੀ। ਖ਼ੁਦ ਭਾਈ ਵੀਰ ਸਿੰਘ ਨੇ ਸਮਕਾਲੀ ਸਿੱਖ ਸੰਘਰਸ਼ਾਂ (ਗੁਰਦੁਆਰਾ ਸੁਧਾਰ ਅੰਦੋਲਨ) ਅਤੇ ਕੌਮੀ ਸੁਤੰਤਰਤਾ ਸੰਗਰਾਮ ਤੋਂ ਦੂਰੀ ਬਣਾਈ ਰੱਖੀ। ਨਨਕਾਣਾ ਸਾਹਿਬ, ਗੁਰੂ ਕਾ ਬਾਗ਼, ਜੈਤੋ ਦੇ ਮੋਰਚੇ ਅਤੇ ਜੱਲ੍ਹਿਆਂਵਾਲਾ ਬਾਗ਼ ਦੇ ਨਰਸੰਹਾਰ ਸਮੇਂ ਭਾਈ ਵੀਰ ਸਿੰਘ ਖ਼ਾਮੋਸ਼ ਰਿਹਾ। ਆਪਣੇ ਮਹਾਂ-ਕਾਵਿ ਰਾਣਾ ਸੂਰਤ ਸਿੰਘ ਤੇ ਪ੍ਰਗੀਤਕ ਕਵਿਤਾਵਾਂ ਵਿੱਚ ਉਹ ਅੰਗਰੇਜ਼ਾਂ ਹੱਥੋਂ ਹਾਰੀ ਸਿੱਖ ਕੌਮ ਦੇ ਦਰਦ ਨੂੰ ‘ਵਿਧਵਾ’, ‘ਪਿੰਜਰੇ ਪਏ ਪੰਛੀ’ ਅਤੇ ‘ਆਲਣਿਓਂ ਡਿੱਗੇ ਬੋਟ’ ਦੇ ਪ੍ਰਤੀਕਾਂ ਰਾਹੀਂ ਰੂਪਮਾਨ ਕਰਦਾ ਹੈ। ਸ਼ਾਇਦ ਇਸੇ ਕਰਕੇ ਹੀਰਾ ਸਿੰਘ ਦਰਦ ਭਾਈ ਵੀਰ ਸਿੰਘ ਨੂੰ ਅੰਗਰੇਜ਼ਾਂ ਹੱਥੋਂ ਹਾਰੀ ਰਾਜਾ ਤੇ ਸਰਦਾਰ ਸ਼੍ਰੇਣੀ ਦਾ ਪ੍ਰਤਿਨਿਧ ਕਵੀ ਕਹਿੰਦਾ ਹੈ। (ਪੰਜਾਬੀ ਕਵਿਤਾ ਦੇ ਚੋਣਵੇ ਪੰਜਾਬੀ ਕਵੀ, ਪੰਨਾ 118)

ਇਹ ਕਹਿਣਾ ਉਚਿਤ ਨਹੀਂ ਕਿ ਭਾਈ ਵੀਰ ਸਿੰਘ ਆਪਣੇ ਯੁਗ ਦੇ ਸਮਾਜਕ ਸਰੋਕਾਰਾਂ ਅਤੇ ਰਾਜਸੀ ਮਸਲਿਆਂ ਪ੍ਰਤੀ ਅਸਲੋਂ ਹੀ ਉਦਾਸੀਨ ਰਿਹਾ। ਇੱਕ ਕਵੀ ਵਜੋਂ ਉਸ ਨੇ ਸਿੱਖ ਕੌਮ ਨੂੰ ਬਸਤੀਵਾਦੀ ਹਕੂਮਤ ਵੱਲੋਂ ਦਰਪੇਸ਼ ਸਮਾਜਕ, ਆਰਥਿਕ ਤੇ ਰਾਜਸੀ ਚੁਣੌਤੀਆਂ ਅਤੇ ਉਸ ਦੇ ਦਮਨਕਾਰੀ ਪ੍ਰਬੰਧ ਬਾਰੇ ਬਹੁਤ ਸਟੀਕ ਤਬਸਰਾ ਕੀਤਾ ਹੈ। ਉਸ ਦੇ ਪ੍ਰਗੀਤਾਂ – ‘ਪਿੰਜਰੇ ਪਿਆ ਪੰਛੀ’, ‘ਬੁਲਬੁਲ ਤੇ ਰਾਹੀ’, ‘ਬਿਸਮਿਲ ਮੋਰ’, ‘ਫੁੰਡਿਆ ਤੋਤਾ’ ਤੇ ‘ਗੰਗਾ ਰਾਮ’ ਅਤੇ ਮਹਾਂ-ਕਾਵਿ ‘ਰਾਣਾ ਸੂਰਤ ਸਿੰਘ’ ਵਿੱਚ ਰਾਜ-ਸੱਤਾ, ਪ੍ਰਭੂਸੰਪਨਤਾ, ਆਜ਼ਾਦੀ ਅਤੇ ਆਪਣਾ ਕੌਮੀ ਗੌਰਵ ਗੁਆ ਚੁੱਕੇ, ਸਿੱਖ ਸਮਾਜ ਦਾ ਦਰਦ ਤੇ ਵਿਸ਼ਾਦ ਸੰਕੇਤਕ ਰੂਪ ਵਿੱਚ ਉਜਾਗਰ ਹੋਇਆ ਹੈ। ਬਸਤੀਵਾਦੀ ਪ੍ਰਬੰਧ ਦੇ ਲੁਟੇਰੇ ਤੇ ਹਿੰਸਕ ਖ਼ਾਸੇ ਨੂੰ ਸਮਝ ਕੇ ਉਸ ਦੇ ਸਮਾਨਾਂਤਰ ਸਿੱਖ ਸੰਸਥਾਵਾਂ





ਦੀ ਉਸਾਰੀ ’ਚ ਮੋਹਰੀ ਭੂਮਿਕਾ ਨਿਭਾਉਣ ਵਾਲਾ ਭਾਈ ਵੀਰ ਸਿੰਘ ਸਭ ਕੁਝ ਤੋਂ ਬੇਨਿਆਜ਼ ਕਿਵੇਂ ਰਹਿ ਸਕਦਾ ਸੀ ? ਉਸ ਦਾ ਇਹ ਇਕਬਾਲੀਆ ਬਿਆਨ ਉਸ ਦੀ ਸੰਵੇਦਨਸ਼ੀਲਤਾ, ਇਤਿਹਾਸ-ਬੋਧ ਅਤੇ ਰਚਨੇਈ ਧਰਮ ਦਾ ਗਵਾਹ ਹੈ :

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ,
ਫਿਰ ਵੀ ਦਰਦ ਨਾ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਨਿਆ ਜਾਂਦਾ
ਦਰਦ ਦੇਖ ਦੁਖ ਆਂਦਾ।

(ਲਹਿਰਾਂ ਦੇ ਹਾਰ)

‘ਪਿੰਜਰੇ ਪਿਆ ਪੰਛੀ’ ਅਤੇ ‘ਬੁਲਬੁਲ ਤੇ ਰਾਹੀ’ ਪ੍ਰਗੀਤਾਂ ਵਿੱਚ ਉਹ ਪ੍ਰਾਧੀਨ ਹੋਏ ਮੁਲਕਾਂ ਤੇ ਕੌਮਾਂ ਦੇ ਦੁਖਾਂਤ ਵਿਰੁੱਧ ਹਾਅ ਦਾ ਨਾਹਰਾ ਤਾਂ ਮਾਰਦਾ ਹੈ, ਪਰ ‘ਭੌਰੇ, ਫ਼ਕੀਰ ਪੰਛੀ ਹੁੰਦੇ ਸਦਾ ਨਿਮਾਣੇ’ ਕਹਿ ਕੇ ਬਸਤੀਵਾਦੀ ਸਾਮਰਾਜ ਦੇ ਅਜਿੱਤ ਤੇ ਬਲਸ਼ਾਲੀ ਹੋਣ ਦੀ ਮਿੱਥ ਸਥਾਪਤ ਕਰਦਾ ਹੈ। ਉਹ ਆਪਣੀ ਆਜ਼ਾਦੀ ਤੇ ਕੌਮੀ ਗੌਰਵ ਲਈ ਲੜਨ ਮਰਨ ਨੂੰ ਬੀਰਾਂ ਦੀ ਰੀਤ ਤਾਂ ਕਹਿੰਦਾ ਹੈ, ਪਰ ਬਹੁਤ ਧੀਮੀ ਤੇ ਉਪਰਾਮਤਾ ਪੈਦਾ ਕਰਨ ਵਾਲੀ ਸੁਰ ਵਿੱਚ ਜੋ ਸਾਹ-ਸਤ ਹੋਏ ਪੰਥ ਨੂੰ ਸਮਝੌਤੇ ਦੀ ਨਸੀਹਤ ਦਿੰਦੀ ਹੈ :

ਜੋ ਆਪ ਹੈ ਸੁਤੰਤਰ
ਉਹ ਜਾਣਦਾ ਕੀ ਬੀਤੇ
ਜਿਸ ਦੀ ਹੈ ਖੁੱਲ੍ਹ ਸਾਰੀ
ਦੂਜੇ ਦੇ ਹੱਥ ਆਈ।
ਆਵੇ ਕਿ ਮੌਤ ਆਵੇ
ਜਾਵੇ ਤੇ ਜਿੰਦ ਜਾਈ।
ਖੁੱਲ੍ਹ ਜਾਣ ਵੇਲੇ ਲੜਨਾ
ਮਰਨਾ ਯਾ ਮਾਰ ਦੇਣਾ
ਬੀਰਾਂ ਦੀ ਬਾਣ ਧੁਰ ਤੋਂ
ਐਸੀ ਤੁਰੀ ਹੈ ਆਈ।

(ਲਹਿਰਾਂ ਦੇ ਹਾਰ)

‘ਬਿਸਮਿਲ ਮੋਰ’ ਨਜ਼ਮ ਵਿੱਚ ਉਹ ਸਾਮਰਾਜੀ ਵਿਵਸਥਾ ਨੂੰ ਪੱਛਮੀ ਮਤ ਵਾਲੇ ਕਰੂਪ ਸ਼ਿਕਾਰੀ ਨਾਲ ਤਸ਼ਬੀਹ ਦਿੰਦਾ ਹੈ, ਜੋ ਆਪਣੇ ਲੁਟੇਰੇ ਤੇ ਮਾਰਖੋਰੇ ਸੁਭਾਅ ਕਾਰਨ ਪ੍ਰਕਿਰਤਕ ਸੁਹਜ ਅਤੇ ਮਨੁੱਖੀ ਸੰਪਦਾ ਨੂੰ ਤਬਾਹ ਕਰਦਾ ਹੈ। ਬਸਤੀਵਾਦ ਆਪਣੀ ਰਾਜਸੀ ਧੌਂਸ ਤੇ ਗ਼ਲਬੇ ਨੂੰ ਸਥਾਪਤ ਕਰਨ ਲਈ ਬਸਤੀਆਂ ਬਣੇ ਗਰੀਬ ਮੁਲਕਾਂ ਦੇ ਕੌਮੀ ਸਨਮਾਨ ਤੇ ਮਨੁੱਖ ਹੋਣ-ਥੀਣ ਦੇ ਗੌਰਵ ਨੂੰ ਰੌਂਦਦਾ ਹੈ, ਪਰ ਜੇ ਕਿਤੇ ਪ੍ਰਾਧੀਨ ਮੁਲਕ ਦੇ ਲੋਕ ਮੋਰ ਦੇ ਸ਼ਿਕਾਰੀ ਨੂੰ ਇਕੱਠੇ ਹੋ ਕੇ ਕੁਟਾਪਾ ਚਾੜ੍ਹਣ ਤਾਂ ਉਸ ਵਾਂਗ ਬਸਤੀਕਾਰਾਂ ਨੂੰ ਵੀ ਗ਼ੁਲਾਮ ਮੁਲਕਾਂ ਵਿੱਚੋਂ ਭੱਜਣਾ ਪਏਗਾ। ‘ਫੁੰਡਿਆ ਤੋਤਾ’ ਨਜ਼ਮ ਵਿੱਚ ਵੀ ਕਵੀ ਗ਼ੁਲਾਮ ਹੋਏ ਮੁਲਕਾਂ ਨੂੰ ਬੇਵੱਸ ਪੰਛੀ ਅਤੇ ਬਸਤੀਵਾਦੀ ਸਰਕਾਰਾਂ ਨੂੰ

ਬੇਰਹਿਮ ਸ਼ਿਕਾਰੀ/ ਦੇ ਚਿਹਨ ਰਾਹੀਂ ਰੂਪਮਾਨ ਕਰਦਾ ਹੈ। ਮਾਇਆਧਾਰੀਆਂ ਨੇ ਆਪਣੇ ਲੋਭ ਖ਼ਾਤਰ ਕੁਦਰਤ ਦੀ ਸਾਜੀ ਕਾਇਨਾਤ ਨੂੰ ਆਪਣੀ ਜਾਗੀਰ ਬਣਾ ਛੱਡਿਆ ਹੈ; ਇੱਥੇ ਹੱਕ ਇਨਸਾਫ਼ ਦੀ ਕੋਈ ਉਮੀਦ ਨਹੀਂ:

ਧਰਤੀ ਏਸ ’ਤੇ ਜ਼ੋਰ ਜਰਵਾਣਿਆ ਦਾ
ਕਾਹਦਾ ਹੱਕ ਤੇ ਕਾਹਦਾ ਹੈ ਨਿਆਂ ਵੀਰਾ!
ਕੌਣ ਸਿਆਣਦਾ ਹੈ ਮੇਰੇ ਖੇੜਿਆਂ ਨੂੰ
ਕਿਹਨੂੰ ਚੜ੍ਹਦਾ ਹੈ ਵੇਖ ਕੇ ਚਾ ਵੀਰਾ!...
ਪਾ ਨਾ ਤੋਤਿਆ! ਰੌਲਾ ਤੇ ਸ਼ੋਰ ਏਥੇ
ਧੌਣ ਸਿੱਟ ਤੇ ਧਰਾ ਸਮਾ ਵੀਰਾ।

(ਲਹਿਰਾਂ ਦੇ ਹਾਰ)

‘ਗੰਗਾ ਰਾਮ’ ਨਜ਼ਮ ਵਿੱਚ ਪਿੰਜਰੇ ਪਏ ਪਾਲਤੂ ਤੋਤੇ ਤੇ ਜੰਗਲ ’ਚ ਰਹਿੰਦੇ ਬੁੱਢੇ ਤੋਤੇ ਦੇ ਸੰਵਾਦ ਰਾਹੀਂ ਭਾਈ ਵੀਰ ਸਿੰਘ ਸਿੱਖ ਪੰਥ ਨੂੰ ਇਹ ਨਸੀਹਤ ਦਿੰਦਾ ਹੈ ਕਿ ਖੁੱਲ੍ਹ ਗੁਆ ਕੇ ਸੁਰੱਖਿਅਤ ਤੇ ਐਸ਼ ਭਰਿਆ ਜੀਵਨ ਜੀਣ ਨਾਲੋਂ ਗਰੀਬੀ ਦਾਅਵੇ ਦਾ ਸਬਰ-ਸਬੂਰੀ ਵਾਲਾ ਜੀਵਨ ਬਿਹਤਰ ਹੈ। ਦੂਜਿਆਂ ਨੂੰ ਗ਼ੁਲਾਮ ਬਣਾਉਣ ਵਾਲੀ ਕੌਮ ਅਤੇ ਸਾਮਰਾਜੀ ਵਿਵਸਥਾ ਵਿਕਾਸਸ਼ੀਲ, ਨਿਆਂਸ਼ੀਲ ਅਤੇ ਲੋਕਤਾਂਤ੍ਰਿਕ ਕਿਵੇਂ ਹੋ ਸਕਦੀ ਹੈ? ਗੰਗਾ ਰਾਮ ਦੇ ਇਹ ਬੋਲ ਪੱਛਮੀ ਸਭਿਅਤਾ ਅਤੇ ਪੂੰਜੀਵਾਦੀ ਵਿਵਸਥਾ ਦੇ ਸ੍ਰੇਸ਼ਟ ਤੇ ਵਿਕਾਸਮੁਖੀ ਹੋਣ ਦੀ ਮਿੱਥ ਉੱਤੇ ਪ੍ਰਸ਼ਨ-ਚਿੰਨ੍ਹ ਲਾਉਂਦੇ ਹਨ:

– ਮੂੰਹ ਤੱਕੀਏ ਨਾ ਕਦੇ ਕੈਦ ਦਾ
ਕਦੇ ਗ਼ੁਲਾਮੀ ਆਵੇ ਨਾ
ਗੋਲਾ ਕਦੇ ਨਾ ਕਰੀਂ ਕਿਸੇ ਦਾ
ਪਿੰਜਰੇ ਸਾਨੂੰ ਪਾਵੇ ਨਾ।...
ਬੇਸ਼ੱਕ ਸਾਡੀ ਚੋਗ ਖਿਲਾਰੀ
ਹੰਢ ਹੰਢ ਦਿਨ ਪੇਟ ਭਰੇ।
ਪੇਟ ਭਰੇ ਚਹਿ ਊਣਾ ਰਹਿ ਜਾਏ
ਖੁੱਲ੍ਹ ਨਾ ਸਾਡੀ ਕਦੇ ਮਰੇ।...
ਖੁੱਲ੍ਹ ਹਰਨ ਦੀ ਜਾਚ ਅਸਾਨੂੰ
ਸਾਈਆਂ! ਕਦੇ ਸਿਖਾਈ ਨਾ।
ਪਸ਼ੂ ਅਸਾਂ ਨੂੰ ਚਾਹੇ ਰੱਖੀਂ
ਮਾਨੁੱਖ ਕਦੇ ਬਨਾਈਂ ਨਾ।
ਖੁੱਲ੍ਹ-ਵੇਚਣ ਦੀ ਅਕਲ ਨਾ ਦੇਵੀਂ
ਖੁੱਲ੍ਹ-ਖੁਹਣ ਦੀ ਜਾਚ ਸਿਖਾਵੀਂ ਨਾ
ਖੁੱਲ੍ਹ-ਰੱਖਣ ਦੀ ਗੈਰਤ ਦੇਵੀਂ
ਖੁੱਲ੍ਹ ਖੋਹਣੋਂ ਸ਼ਰਮ ਦਵਾਈਂ ਤੂੰ।

(ਬਿਜਲੀਆਂ ਦੇ ਹਾਰ)

ਆਪਣੀ ਨਜ਼ਮ ‘ਰਉਂ ਰੁਖ਼’ ਵਿੱਚ ਭਾਈ ਵੀਰ ਸਿੰਘ ਸ਼ਕਤੀਸ਼ਾਲੀ ਬਸਤੀਵਾਦੀ ਰਾਜਸੀ ਵਿਵਸਥਾ ਨੂੰ ਮੂੰਹ-ਜ਼ੋਰ ਹੜ੍ਹੇ ਹੋਏ ਦਰਿਆ ਦੇ ਰੂਪਕ ਰਾਹੀਂ ਪਰਿਭਾਸ਼ਿਤ ਕਰਦਾ ਹੈ, ਜਿਸ ਨੇ ਸਾਮੰਤੀ ਆਰਥਿਕ ਵਿਵਸਥਾ





ਦੀਆਂ ਰੋਕਾਂ ਨੂੰ ਭੰਨ ਕੇ ਅਗਾਂਹ ਵਧਣਾ ਸੀ। ਆਪਣੇ ਉੱਪਰ ਵਿਚਾਰੇ ਗਏ ਪ੍ਰਗੀਤਾਂ, ਮਹਾਂ-ਕਾਵਿ ਰਾਣਾ ਸੂਰਤ ਸਿੰਘ ਅਤੇ ਨਾਵਲ ਬਾਬਾ ਨੌਧ ਸਿੰਘ ਵਿੱਚ ਭਾਈ ਵੀਰ ਸਿੰਘ ਸਿੱਖ ਪੰਥ ਨੂੰ ਉਸ ਦੀ ਇਤਿਹਾਸਕ ਹੋਣੀ ਦਾ ਬੋਧ ਕਰਵਾਉਂਦਾ ਹੈ ਕਿ ਉਨ੍ਹਾਂ ਦਾ ਗੁਆਚਿਆ ਰਾਜ-ਭਾਗ ਤੇ ਕੌਮੀ ਗੌਰਵ ਮੁੜ ਹਾਸਿਲ ਨਹੀਂ ਹੋਣਾ। ਕਿਸੇ ਵੱਡੇ ਜਨਤਕ ਸੰਘਰਸ਼ ਦੀ ਅਣਹੋਂਦ ਤੇ ਪੰਜਾਬ ਦੀ ਵੇਲਾ ਵਿਹਾਅ ਚੁੱਕੀ ਸਾਮੰਤੀ ਆਰਥਿਕ ਬਣਤਰ ਦੀਆਂ ਸੀਮਾਵਾਂ ਕਾਰਨ ਬਰਤਾਨਵੀ ਸ਼ਾਸਨ ਦਾ ਮੁਕਾਬਲਾ ਸੰਭਵ ਨਹੀਂ, ਕੇਵਲ ਸਮਝੌਤਾ ਕਰਕੇ ਹੀ ਉਸ ਦੀਆਂ ਬਰਕਤਾਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ। ਭਾਈ ਵੀਰ ਸਿੰਘ ਪੰਜਾਬੀਆਂ ਜਾਂ ਸਿੱਖ ਪੰਥ ਦੀ ਸੰਕਟਮਈ ਇਤਿਹਾਸਕ ਸਥਿਤੀ ਦਾ ਬੋਧ ‘ਪਿੰਜਰੇ ਪਏ ਪੰਛੀ’, ‘ਮਾਂ-ਮਹਿੱਟਰ ਯਤੀਮ ਬਾਲ’ ਅਤੇ ‘ਨਿਰਸੰਤਾਨ ਵਿਧਵਾ’ ਆਦਿ ਦੇ ਬਿੰਬਾਂ ਦੇ ਚਿਤਰਣ ਰਾਹੀਂ ਕਰਵਾਉਂਦਾ ਹੈ। ਉਸ ਸਮੇਂ ਸਿੱਖ ਸਾਮੰਤਸ਼ਾਹੀ ਤੇ ਨਵੇਂ ਨਵੇਂ ਅਮੀਰ ਹੋਏ ਸ਼ਹਿਰੀ ਮੱਧ ਵਰਗ ਦੀ ਸਥਿਤੀ ਆਲ੍ਹਣਿਓਂ ਡਿੱਗੇ ਬੇਵੱਸ ਬੋਟ ਵਰਗੀ ਸੀ, ਜਿਸ ਨੂੰ ਰਾਣੀ ਰਾਜ ਦੇ ਰੁਦਨਮਈ ਬੋਲਾਂ ’ਚੋਂ ਤਲਾਸ਼ਿਆ ਜਾ ਸਕਦਾ ਹੈ:

ਕਦੀ ਨ ਮਿਲਸੀ ਹਾਇ! ਸਾਈਂ ਪਯਾਰੜਾ?
ਹੋਯਾ ਸਦਾ ਵਿਜੋਗ ਮੇਰੇ ਨਾਲ?
ਮੈਂ ਕੱਲੀ ਮਤਿਹੀਨ! ਮੈਂ ਪਤਿਹੀਨ ਹਾਂ?
ਸਕਾਂ ਨਾ ਸੋਚ ਸਹਾਰ ਭਯਾਨਕ ਐਸੜੀ
ਹਾ ਹਾ ਮੇਰੇ ਲੇਖ! ਇਹ ਕੀ ਵਰਤਯਾ?
ਵਰਤਯਾ ਕਹਿਰ ਕਹਾਰ ਹੋਈ ਬੋਟ ਹਾਂ?

(ਰਾਣਾ ਸੂਰਤ ਸਿੰਘ)

ਇਸ ਚਰਚਾ ਤੋਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਪੰਜਾਬ ਦੇ ਸਮਕਾਲੀ ਰਾਜਸੀ ਸੰਕਟ ਅਤੇ ਬਰਤਾਨਵੀ ਸਰਕਾਰ ਦੇ ਦਮਨ ਵਿਰੁੱਧ ਹਾਅ ਦਾ ਨਾਹਰਾ ਤਾਂ ਮਾਰਦਾ ਹੈ, ਪਰ ਉਹ ਮਨੁੱਖ ਦੀ ਆਜ਼ਾਦੀ ਤੇ ਸਮਾਜਕ ਨਿਆਂ ਦੀ ਤਾਂਘ ਨੂੰ ਕਿਸੇ ਵਡੇਰੇ ਤੇ ਫ਼ੈਸਲਾਕੁਨ ਸੰਘਰਸ਼ ਦੇ ਲੜ ਨਹੀਂ ਲਾਉਂਦਾ ਹੈ। ਆਪਣੇ ਮਰ ਚੁੱਕੇ ਪਤੀ ਨਾਲ ਮੇਲ ਤੇ ਗੁਆਚੇ ਰਾਜ-ਭਾਗ ਲਈ ਕਲਪਦੀ ਰਾਣੀ ਰਾਜ ਨੂੰ ਕਵੀ ਉਸ ਦੀ ਮਾਤਾ ਅਤੇ ਸੁਪਨੇ ’ਚ ਆਏ ਪਤੀ ਰਾਹੀਂ ਭਟਕਣ ਛੱਡ ਕੇ ਸੰਗਤ ਤੇ ਗੁਰੂ ਦਾ ਓਟ ਆਸਰਾ ਲੈਣ ਦਾ ਮਸ਼ਵਰਾ ਦਿੰਦਾ ਹੈ। ਇਸੇ ਤਰ੍ਹਾਂ ਮਾਲੀ ਦੇ ਗੁਲੇਲੇ ਦਾ ਸ਼ਿਕਾਰ ਹੋਏ ਬੇਕਸੂਰ ਤੋਤੇ ਨੂੰ ਭਾਣਾ ਮੰਨ ਕੇ ਸਬਰ ਕਰ ਲੈਣ ਲਈ ਕਹਿੰਦਾ ਹੈ। ਆਪਣੀ ਅਧਿਆਤਮਵਾਦੀ ਜੀਵਨ-ਦ੍ਰਿਸ਼ਟੀ, ਮੱਧਵਰਗੀ ਸਮਝੌਤਾਵਾਦੀ ਸੁਭਾਅ ਅਤੇ ਹੋਰ ਇਤਿਹਾਸਕ ਸੀਮਾਵਾਂ ਕਰਕੇ ਉਹ ਸਿੱਖ ਪੰਥ ਨੂੰ ਦਰਪੇਸ਼ ਰਾਜਸੀ, ਸਮਾਜਕ ਅਤੇ ਸਭਿਆਚਾਰਕ ਮਸਲਿਆਂ ਦਾ ਹੱਲ ਅਧਿਆਤਮਕ ਧਰਾਤਲ ਉੱਤੇ ਕਰਦਾ ਹੈ। ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਵਾਂਗ ਉਸ ਦੇ ਇਤਿਹਾਸ-ਬੋਧ ਦੀ ਸੀਮਾ ਇਹ ਹੈ ਕਿ ਸਮਕਾਲੀ ਆਰਥਿਕ, ਸਮਾਜਕ ਤੇ ਰਾਜਸੀ ਸੰਕਟ ਨੂੰ ਉਸ ਦੇ ਮੂਲ ਇਤਿਹਾਸਕ ਬਸਤੀਵਾਦੀ ਸੰਦਰਭ ਤੋਂ ਤਰੁੰਡ ਕੇ ਦੇਖਦਾ ਹੈ ਅਤੇ ਰਾਣੀ ਰਾਜ, ਫੁੰਡਿਆ ਤੋਤਾ ਤੇ ਗੰਗਾਰਾਮ ਆਦਿ ਦੇ ਬਿਰਤਾਂਤਾਂ ਦੁਆਰਾ ਮਾਲਕ ਦੀ ਰਜ਼ਾ ’ਚ ਰਹਿਣ, ਸਬਰ ਕਰਨ, ਭਾਣਾ ਮੰਨਣ ਅਤੇ ਅਰਦਾਸ ਦੀ ਅਧਿਆਤਮਕ ਜੁਗਤ ਰਾਹੀਂ ਸਿੱਖ ਪੰਥ ਦੀ ਮੁਕਤੀ ਦੀ ਕਲਪਣਾ ਕਰਦਾ ਹੈ। ਆਪਣੇ ਕੌਮੀ ਗੌਰਵ ਅਤੇ ਰਾਜਸੀ ਪ੍ਰਭੂਸੱਤਾ ਨੂੰ ਹਾਸਿਲ ਕਰਨ ਲਈ ਸਮੂਹਕ ਸੰਘਰਸ਼ ਦੀ ਪ੍ਰੇਰਣਾ ਦੇਣ ਵਾਲੀਆਂ ‘ਗੰਗਾ ਰਾਮ’ ਵਰਗੀਆਂ ਨਜ਼ਮਾਂ ਉਸ ਦੀ ਕਵਿਤਾ ’ਚ ਅਲਪ-ਮਾਤਰ ਹੀ ਹਨ। ਆਪਣਾ ਰਾਜ-ਭਾਗ ਅਤੇ ਕੌਮੀ ਸਵੈਮਾਣ ਗੁਆ ਚੁੱਕੇ ਸਿੱਖ ਸਮਾਜ ਦੀ ਬਾਹਰਲੀ/ਪਦਾਰਥਕ ਧਰਾਤਲ ’ਤੇ ਹੋਈ ਹਾਰ ਨੂੰ ਰਾਣੀ ਰਾਜ ਵਾਂਗ ਆਤਮਿਕ ਸ਼ਕਤੀ ਦੁਆਰਾ ਮੁੜ ਹਾਸਿਲ ਕਰਨ ਦਾ ਭਾਈ ਵੀਰ ਸਿੰਘ ਦਾ ਸੁਪਨਾ, ਮਹਿਜ਼ ਯੂਟੋਪੀਆ ਹੈ। ਰਾਜਸੀ ਤੌਰ ’ਤੇ ਮਾਤ ਖਾ ਚੁੱਕਾ ਸਿੱਖ ਪੰਥ ਜਾਂ ਸ਼ਹਿਰੀ ਮੱਧਵਰਗ,

ਜਿਸ ਦਾ ਭਾਈ ਵੀਰ ਸਿੰਘ ਪ੍ਰਤਿਨਿਧ ਬੁਲਾਰਾ ਸੀ, ਜਾਂ ਤਾਂ ਆਪਣੇ ਅਤੀਤ ਦਾ ਜਸ-ਗਾਇਣ ਕਰਕੇ ਜਾਂ ਆਪਣੀ ਆਤਮਿਕ ਤੇ ਨੈਤਿਕ ਅਮੀਰੀ ਦਾ ਦਾਅਵਾ ਕਰਕੇ ਹੀ ਮਾਨਸਿਕ ਵਿਸ਼ਾਦ ਤੋਂ ਮੁਕਤ ਹੋ ਸਕਦਾ ਸੀ। ਡਾ. ਅਤਰ ਸਿੰਘ ਦੇ ਸ਼ਬਦਾਂ ਵਿੱਚ; 'ਭਾਈ ਵੀਰ ਸਿੰਘ ਮਨੁੱਖੀ ਚੇਤਨਾ ਨੂੰ ਅੰਦਰ ਵੱਲ ਮੋੜ ਕੇ ਬਾਹਰਲੇ ਵਾਸਤਵਿਕ ਜੀਵਨ ਦੇ ਠੋਸ ਨਿੱਗਰ ਵਿਗੋਚੇ ਨੂੰ ਇੱਕ ਮਨੋਵਿਗਿਆਨਕ ਪੂਰਤੀ ਦੁਆਰਾ ਸੰਤੁਲਿਤ ਕਰਦੇ ਹਨ।' (**ਸਮਦਰਸ਼ਨ**, ਪੰਨਾ 125)। ਸਿੱਖ ਸਮਾਜ ਦੀ ਪੁਨਰ-ਸੁਰਜੀਤੀ ਲਈ ਉਮਰ ਭਰ ਪ੍ਰਤਿਬੱਧ ਅਤੇ ਕਰਮਸ਼ੀਲ ਰਹੇ ਭਾਈ ਵੀਰ ਸਿੰਘ ਨੇ ਸਿੱਖ-ਸਿਧਾਂਤਾਂ, ਸਿੱਖ ਆਦਰਸ਼ਾਂ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਵਿਆਖਿਆ ਤੇ ਸੰਪਾਦਨ ਆਦਿ ਲਈ ਲਾਮਿਸਾਲ ਕੰਮ ਕੀਤਾ। ਪਰ ਉਸ ਨੇ ਗੁਰਮਤਿ ਜਾਂ ਗੁਰਬਾਣੀ ਦੇ ਕੇਵਲ ਅਧਿਆਤਮਿਕ ਮਾਰਗ ਨੂੰ ਅਪਣਾਇਆ। ਗੁਰਬਾਣੀ ਦੇ ਸਮਾਜਕ ਨਿਆਂ ਤੇ ਇਨਸਾਫ਼ ਲਈ ਸੰਘਰਸ਼ ਕਰਨ ਦੇ ਮਾਡਲ ਨੂੰ ਉਸ ਦੀ ਚੇਤਨਾ ਨੇ ਅੰਗੀਕਾਰ ਨਹੀਂ ਕੀਤਾ। ਆਪਣੀ ਆਦਰਸ਼ਵਾਦੀ ਤੇ ਸਮਝੌਤਾਵਾਦੀ ਦ੍ਰਿਸ਼ਟੀ ਕਰਕੇ ਉਹ ਵੀਹਵੀਂ ਸਦੀ ਦੀ ਬੁਰਜੂਆ ਹੋ ਰਹੀ ਸਿੱਖੀ ਦੇ ਵਿਚਾਰਧਾਰਕ ਪੈਂਤੜੇ ਦਾ ਬੁਲਾਰਾ ਹੋ ਨਿਬੜਿਆ, ਜੋ ਮੱਧਕਾਲੀ ਸਿੱਖ ਲਹਿਰ ਦੇ ਕ੍ਰਾਂਤੀਕਾਰੀ ਖਾਸੇ ਤੋਂ ਦੂਰ ਜਾ ਚੁੱਕਾ ਸੀ। ਡਾ. ਰਵਿੰਦਰ ਸਿੰਘ ਰਵੀ ਗੁਰਬਾਣੀ ਅਤੇ ਭਾਈ ਵੀਰ ਸਿੰਘ ਦੇ ਦੌਰ ਦੀ ਸਿੱਖ ਬੁਰਜੁਆਜ਼ੀ ਦੇ ਵਿਚਾਰਧਾਰਕ ਵਖਰੇਵੇਂ ਨੂੰ ਸਪਸ਼ਟ ਕਰਦਿਆਂ ਲਿਖਦਾ ਹੈ: "ਭਾਈ ਵੀਰ ਸਿੰਘ ਇਸ ਉੱਠਦੀ (ਸਿੰਘ ਸਭਾ ਲਹਿਰ ਤੇ ਚੀਫ਼ ਖਾਲਸਾ ਦੀਵਾਨ) ਬੁਰਜੁਆਜ਼ੀ ਦਾ ਸਭ ਤੋਂ ਵੱਡਾ ਤੇ ਸਫਲ ਵਿਚਾਰਧਾਰਕ ਸੀ।... ਭਾਈ ਵੀਰ ਸਿੰਘ ਦੀ ਸਿੱਖੀ ਅਤੇ ਗੁਰੂਆਂ ਦੁਆਰਾ ਪ੍ਰਚਾਰਿਤ ਤੇ ਪ੍ਰਸਾਰਿਤ ਸਿੱਖੀ ਅਤੇ ਸਮੁੱਚੀ ਮੱਧਕਾਲੀਨ ਸਿੱਖ ਲਹਿਰ ਵਿੱਚ ਬੜਾ ਗੰਭੀਰ ਵਿਚਾਰਧਾਰਕ ਅੰਤਰ ਹੈ। ਗੁਰੂਆਂ ਦਾ ਸਿੱਖ-ਸਿਧਾਂਤ ਅਤੇ ਸਿੱਖ-ਲਹਿਰ ਚੇਤਨਾ ਦੇ ਧਾਰਮਿਕ ਮੁਹਾਵਰੇ ਤੇ ਹੋਰ ਇਤਿਹਾਸਕ ਸੀਮਾਵਾਂ ਦੇ ਬਾਵਜੂਦ ਵਿਚਾਰਧਾਰਾ ਅਤੇ ਅਮਲ ਦੇ ਪੱਖ ਤੋਂ ਅਜਿਹੀਆਂ ਸਮਾਜਕ ਮਨੁੱਖੀ ਕੀਮਤਾਂ ਅਤੇ ਕਦਰਾਂ ਦੀ ਸਥਾਪਨਾ ਲਈ ਸੰਘਰਸ਼ਸ਼ੀਲ ਰਹੇ, ਜਿਹੜੀਆਂ ਸਮਾਜਕ-ਇਤਿਹਾਸਕ ਦੌਰ ਦੇ ਅਨੁਕੂਲ ਲੋਕ-ਹਿਤੂ ਪੈਂਤੜੇ ਦੇ ਸਦੀਵੀ ਸੁਭਾ ਦੀਆਂ ਧਾਰਣੀ ਹਨ। ਇਸ ਦੇ ਉਲਟ ਬੁਰਜੂਆ ਹੋ ਰਹੀ ਫ਼ਿਊਡਲ ਸਿੱਖੀ ਦੇ ਬੁਲਾਰਿਆਂ ਅਤੇ ਸਿੰਘ ਸਭਾ, ਚੀਫ਼ ਖਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਰਾਹੀਂ ਪ੍ਰਚਾਰੀ ਤੇ ਸਥਾਪਤ ਕੀਤੀ ਜਾਣ ਵਾਲੀ ਸਿੱਖੀ ਇਨ੍ਹਾਂ ਦੇ ਜਮਾਤੀ ਹਿਤਾਂ ਅਨੁਕੂਲ ਗੁਰਬਾਣੀ ਦੇ ਵਿਚਾਰਧਾਰਕ ਅਸਲੇ ਦੀ ਥਾਂ ਉਸ ਦੇ ਸਰਲ ਅਰਥਾਂ ਅਤੇ ਇਨਕਲਾਬੀ ਅਮਲ ਦੀ ਥਾਂ ਕੇਵਲ ਸੰਸਥਾਗਤ ਰਹੁ-ਰੀਤਾਂ ਤੱਕ ਹੀ ਸੀਮਤ ਸੀ।" (**ਵਿਰਸਾ ਤੇ ਵਰਤਮਾਨ**, ਪੰਨੇ 22-23)

ਚਿੰਤਨ ਦੇ ਪੱਧਰ ਉੱਤੇ ਭਾਈ ਵੀਰ ਸਿੰਘ ਦੇ ਦੌਰ ਦਾ ਤੀਜਾ ਵੱਡਾ ਦਵੰਦ ਸਨਾਤਨੀ ਧਰਮ ਕੇਂਦਰਤ ਚੇਤਨਾ ਅਤੇ ਆਧੁਨਿਕ ਮਾਨਵ-ਕੇਂਦਰਤ ਚੇਤਨਾ ਵਿਚਕਾਰ ਕਸ਼ਮਕਸ਼ ਦਾ ਸੀ। ਯੂਰਪ ਵਿੱਚ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਵਿਗਿਆਨ ਅਤੇ ਤਕਨਾਲੋਜੀ ਦੇ ਪਾਸਾਰ ਨਾਲ ਮਨੁੱਖ ਦੀ ਉਤਪਾਦਨ ਸਮਰੱਥਾ ਵਿੱਚ ਵਾਧਾ ਹੋਇਆ, ਨਤੀਜੇ ਵਜੋਂ ਸਮਾਜ ਵਿੱਚ ਉਸ ਦਾ ਰੁਤਬਾ ਉਚੇਰਾ ਹੋਇਆ। ਵਿਗਿਆਨ ਅਤੇ ਤਕਨਾਲੋਜੀ ਨੇ ਮਨੁੱਖ ਨੂੰ ਵਧੇਰੇ ਤਰਕਸ਼ੀਲ ਬਣਾਇਆ। ਨਿਸ਼ਠਾ ਅਤੇ ਆਸਥਾ ਦੀ ਥਾਂ ਤਰਕ ਅਤੇ ਸੰਦੇਹ ਨੇ ਲੈ ਲਈ। ਰੱਬ ਅਤੇ ਦੇਵਤੇ ਦੀ ਥਾਂ ਮਨੁੱਖ ਦੀ ਸਿਰਜਣ ਸਮਰੱਥਾ ਵਿੱਚ ਸਾਡਾ ਵਿਸ਼ਵਾਸ ਵਧਿਆ। ਸਾਡੇ ਚਿੰਤਨ ਅਤੇ ਸਾਹਿਤ ਵਿੱਚ ਦੇਵਤੇ ਦੀ ਥਾਂ ਕੇਂਦਰੀ ਪੁਜ਼ੀਸ਼ਨ ਮਨੁੱਖ ਨੇ ਲੈ ਲਈ। ਵਿਗਿਆਨ ਅਤੇ ਤਕਨੀਕ ਨੇ ਮਨੁੱਖ ਦੀ ਉਤਪਾਦਨ ਸਮਰੱਥਾ 'ਚ ਹੀ ਵਾਧਾ ਨਹੀਂ ਕੀਤਾ, ਸਗੋਂ ਇਤਿਹਾਸ ਤੇ ਸਮਾਜ ਵਿੱਚ ਉਸ ਦੇ ਰੋਲ ਨੂੰ ਚਾਲਕ-ਸ਼ਕਤੀ ਵਜੋਂ ਤਸਲੀਮ ਕੀਤਾ। ਇਸ ਨਾਲ ਸਮਾਜੀ ਅਮਲ ਵਿੱਚ ਲੋਕਤਾਂਤ੍ਰਿਕ ਪ੍ਰਕਿਰਿਆ ਮਜ਼ਬੂਤ ਹੋਈ ਅਤੇ ਵਿਸ਼ੇਸ਼ ਜਾਂ ਕੁਲੀਨ ਵਰਗ ਦੀ ਥਾਂ ਆਮ ਬੰਦੇ ਨੂੰ ਮਾਨਵ ਸਮਾਜਾਂ ਦੇ ਨਾਇਕ ਵਜੋਂ ਸਵੀਕਾਰਿਆ ਜਾਣ ਲੱਗਾ। ਭਾਰਤ ਵਿੱਚ ਬਰਤਾਨਵੀ ਰਾਜ ਦੇ ਪ੍ਰਵੇਸ਼ ਬਾਅਦ ਨਵੀਂ ਸਿੱਖਿਆ ਦਾ ਜਿਹੜਾ ਪ੍ਰਚਾਰ-ਪ੍ਰਸਾਰ ਹੋਇਆ, ਉਸ





ਨੇ ਸਾਡੀ ਸਨਾਤਨੀ ਧਰਮ-ਕੇਂਦਰਤ ਚੇਤਨਾ ਨੂੰ ਖੋਰਾ ਲਾਇਆ ਅਤੇ ਆਧੁਨਿਕ ਮਾਨਵ-ਕੇਂਦਰਤ ਵਿਚਾਰਾਂ ਤੇ ਵਿਗਿਆਨਕ ਸੋਚ ਨੂੰ ਬਲ ਬਖਸ਼ਿਆ। ਪੱਛਮੀ ਸਿੱਖਿਆ ਤੋਂ ਪ੍ਰੇਰਿਤ ਬੰਗਾਲੀ ਨਵ-ਜਾਗਰਣ ਨੇ ਭਾਰਤ ਦੇ ਵੱਖ-ਵੱਖ ਖਿੱਤਿਆਂ ਤੇ ਉੱਥੋਂ ਦੀਆਂ ਜ਼ੁਬਾਨਾਂ ਦੇ ਸਾਹਿਤ ਰਾਹੀਂ ਭਾਰਤੀ ਆਵਾਮ ਦੀ ਸਨਾਤਨੀ ਧਰਮ ਕੇਂਦਰਤ ਚੇਤਨਾ ਤੇ ਜੜ੍ਹ ਮਾਨਤਾਵਾਂ ਨੂੰ ਵੰਗਾਰਿਆ ਸੀ। ਭਾਰਤ ਦੇ ਕੌਮੀ ਮੁਕਤੀ ਅੰਦੋਲਨ ਨੇ ਜਿੱਥੇ ਭਾਰਤੀ ਆਵਾਮ ਅੰਦਰ ਨਵੀਂ ਰਾਜਸੀ ਚੇਤਨਾ ਪੈਦਾ ਕੀਤੀ, ਉੱਥੇ ਇਸ ਨੇ ਮਾਨਵ ਕੇਂਦਰਤ ਸਮਾਜਕ ਚੇਤਨਾ ਦਾ ਵੀ ਸੰਚਾਰ ਕੀਤਾ। ਆਪਣੀਆਂ ਦਾਰਸ਼ਨਿਕ ਤੇ ਧਰਮ-ਸ਼ਾਸਤਰੀ ਸਨਾਤਨੀ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਆਤਮ-ਸਾਤ ਕਰ ਚੁੱਕਾ ਭਾਰਤੀ ਆਵਾਮ ਨਵੀਂ ਸਿੱਖਿਆ ਤੇ ਪੱਛਮ ਵੱਲੋਂ ਆ ਰਹੀ ਰੌਸ਼ਨੀ ਨੂੰ ਕਿਵੇਂ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਦਾ ਖ਼ੁਲਾਸਾ ਮਿਰਜ਼ਾ ਗ਼ਾਲਿਬ ਦੇ ਇਸ ਸ਼ੇਅਰ ਵਿੱਚ ਵੀ ਹੋਇਆ ਹੈ:

ਈਮਾਂ ਮੁਝੇ ਰੋਕੇ ਹੈ ਜੋ ਖੀਂਚੇ ਹੈ ਮੁਝੇ ਕੁਫ਼ਰ  
ਕਾਬਾ ਮੇਰੇ ਪੀਛੇ ਹੈ ਕਲੀਸਾ ਮਿਰੇ ਆਗੇ।

ਅਧਿਆਤਮਵਾਦੀ ਦ੍ਰਿਸ਼ਟੀ ਅਤੇ ਸਿੱਖ ਪਰੰਪਰਾਵਾਂ ਪ੍ਰਤੀ ਗਹਿਰੇ ਭਾਵੁਕ ਲਗਾਉ ਕਰਕੇ ਭਾਈ ਵੀਰ ਸਿੰਘ ਆਪਣੇ ਦੌਰ ਦੇ ਹਰ ਮਸਲੇ ਨੂੰ ਇੱਕ ਆਸਥਾਵਾਨ ਸਿੱਖ ਵਜੋਂ ਹੀ ਸਮਝਦਾ ਸਮਝਾਉਂਦਾ ਹੈ, ਕੇਵਲ ਧਰਮ ਪ੍ਰਤੀ ਹੀ ਨਹੀਂ, ਸਮਾਜਕ, ਆਰਥਿਕ, ਰਾਜਨੀਤਕ ਤੇ ਨੈਤਿਕ ਮਸਲਿਆਂ ਪ੍ਰਤੀ ਵੀ ਉਸ ਦੀ ਪਹੁੰਚ ਪੁਨਰ-ਉਥਾਨਵਾਦੀ ਸਿੱਖ ਵਾਲੀ ਹੈ। ਬਰਤਾਨਵੀ ਬਸਤੀਵਾਦੀ ਵਿਵਸਥਾ ਅਤੇ ਉਸ ਦੁਆਰਾ ਸੰਚਾਰਿਤ ਨੈਤਿਕ ਕਦਰਾਂ ਦਾ ਬਦਲ ਉਹ ਸਿੱਖੀ ਦੀ ਸਮੂਹਿਕ ਜੀਵਨ-ਜਾਚ ਅਤੇ ਸਰਬੱਤ ਦੇ ਭਲੇ ਵਾਲੇ ਖਾਲਸਾ ਜਾਂ ਹਲੇਮੀ ਰਾਜ ਵਿੱਚੋਂ ਹੀ ਢੂੰਡਦਾ ਹੈ। ਪੂੰਜੀਵਾਦੀ ਵਿਵਸਥਾ ਦੀਆਂ ਅਲਾਮਤਾਂ - ਵਿਅਕਤੀਵਾਦੀ ਜੀਵਨ ਸ਼ੈਲੀ ਅਤੇ ਪਦਾਰਥਕ ਉੱਨਤੀ ਲਈ ਧੋਖਾਧੜੀ ਤੇ ਖੋਹ-ਖਿੰਝ ਵਾਲੇ ਭਰਾ-ਮਾਰੂ ਸਭਿਆਚਾਰ ਦੇ ਮੁਕਾਬਲੇ ਉਹ ਗੁਰਮਤਿ ਦੇ ਸਮੂਹਕ ਜੀਵਨ, ਸਬਰ-ਸੰਤੋਖ, ਤਿਆਗ ਅਤੇ ਦਇਆ ਭਾਵਨਾ ਵਰਗੇ ਨੈਤਿਕ ਮੁੱਲਾਂ ਦੀ ਵਕਾਲਤ ਕਰਦਾ ਹੈ। ਪੂੰਜੀਵਾਦੀ ਅਰਥ-ਵਿਵਸਥਾ, ਨਵੀਂ ਸਿੱਖਿਆ ਨੀਤੀ ਅਤੇ ਮਾਨਵਵਾਦੀ ਚੇਤਨਾ ਦਾ ਸਮਰਥਕ ਹੋਣ ਦੇ ਬਾਵਜੂਦ ਉਹ ਆਪਣੇ ਨਾਵਲਾਂ ਵਿੱਚ ਸਾਮੰਤੀ ਸਿੱਖ ਆਦਰਸ਼ਾਂ ਅਤੇ ਵੇਲਾ ਵਿਹਾਅ ਚੁੱਕੇ ਨੈਤਿਕ ਮੁੱਲਾਂ ਦਾ ਪੱਖ ਪੂਰਨ ਲੱਗ ਜਾਂਦਾ ਹੈ। ਉਸ ਦੇ ਅਚੇਤ ਮਨ ਵਿਚਲੀ ਨਿਸ਼ਠਾ ਜਾਂ ਆਸਥਾ ਉਸ ਅੰਦਰਲੇ ਆਧੁਨਿਕ ਚੇਤਨਾ ਵਾਲੇ ਤਰਕਵਾਦ ਉੱਤੇ ਭਾਰੂ ਹੋ ਜਾਂਦੀ ਹੈ। ਪ੍ਰਮਾਣ ਵਜੋਂ ਉਸ ਦੁਆਰਾ ਸਿਰਜਤ 'ਰਾਣਾ ਸੂਰਤ ਸਿੰਘ' ਦੀ ਨਾਇਕਾ ਰਾਣੀ ਰਾਜ ਦਾ ਚਰਿੱਤਰ ਦੇਖਿਆ ਜਾ ਸਕਦਾ ਹੈ। ਮਨੁੱਖੀ ਜੀਵਨ ਦੇ ਸੁੱਖਾਂ ਤੇ ਰਸਾਂ-ਕਸਾਂ ਨੂੰ ਮਾਨਣ ਦੀ ਉਸ ਦੀ ਕੁਦਰਤੀ ਖ਼ਾਹਸ਼ ਨੂੰ ਭਾਈ ਵੀਰ ਸਿੰਘ ਧਰਮ ਅਤੇ ਸਾਮੰਤੀ ਨੈਤਿਕਤਾ, ਜੋ ਆਪਣੇ ਖ਼ਾਸੇ ਵਜੋਂ ਹੀ ਵਰਜਣਾ-ਮੁਖੀ ਹੁੰਦੀ ਹੈ, ਦੇ ਆਵਰਣ ਨਾਲ ਕੱਜ ਦਿੰਦਾ ਹੈ। ਭਾਈ ਵੀਰ ਸਿੰਘ ਸੰਕ੍ਰਾਂਤੀ ਕਾਲ ਦੇ ਜਿਸ ਇਤਿਹਾਸਕ ਦੋਰਾਹੇ ਉੱਤੇ ਖੜ੍ਹਾ ਸੀ, ਉਸ ਸਮੇਂ ਵਿਗਿਆਨ ਤੇ ਤਕਨਾਲੋਜੀ ਦੇ ਪਾਸਾਰ ਅਤੇ ਪੂੰਜੀਵਾਦੀ ਉਪਜ ਸੰਬੰਧਾਂ ਨੇ ਮਨੁੱਖ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਸਨ। ਪਦਾਰਥਕ ਵਿਕਾਸ ਨਾਲ ਪੈਦਾ ਹੋਈ ਨਵੀਂ ਚੇਤਨਾ ਕਰਕੇ ਵਰਜਣਾ-ਮੁਖੀ ਸਭਿਆਚਾਰ ਦੀਆਂ ਤੰਦਾਂ ਦੀ ਪਕੜ ਢਿੱਲੀ ਪੈ ਰਹੀ ਸੀ। ਪ੍ਰਕਿਰਤਕ ਪੱਧਰ 'ਤੇ ਭਰਵਾਂ ਜੀਵਨ ਜਿਊਣ ਦੀ ਰੀਝ ਨੇ ਆਧੁਨਿਕ ਮਨੁੱਖ ਸਾਹਮਣੇ ਨਵੇਂ ਸੁਪਨੇ ਲਿਆ ਰੱਖੇ ਸਨ। ਪਰ ਬਸਤੀਵਾਦੀ ਰਾਜ-ਪ੍ਰਬੰਧ ਆਪਣੇ ਅਸਾਵੇਂ ਵਿਕਾਸ ਤੇ ਲੁੱਟ ਕਰਕੇ ਮਨੁੱਖ ਦੀ ਭਰਵਾਂ ਜੀਣ-ਥੀਣ ਦੀ ਖ਼ਾਹਸ਼ ਨੂੰ ਬੰਨ੍ਹ ਮਾਰਦਾ ਸੀ। ਭਾਈ ਵੀਰ ਸਿੰਘ ਕੋਲ ਇਸ ਇਤਿਹਾਸਕ-ਸਮਾਜਕ ਵਿਕਾਸ ਰੁਖ਼ ਦੀ ਅੰਸ਼ਿਕ ਚੇਤਨਾ ਹੈ, ਜਿਸ ਦਾ ਚਿਹਨਾਤਮਿਕ ਪ੍ਰਗਟਾਵਾ ਉਸ ਦੀ ਨਜ਼ਮ 'ਅਣਡਿੱਠਾ ਰਸਦਾਤਾ' ਵਿੱਚ ਹੋਇਆ ਹੈ। ਇਸ ਨਜ਼ਮ ਦਾ ਪਾਤਰ ਜੀਣ-ਥੀਣ ਦੀ ਲੋਚਾ ਨਾਲ ਲਬਰੇਜ਼ ਆਧੁਨਿਕ ਮਨੁੱਖ ਹੈ, ਜੋ ਜੀਵਨ ਦੇ ਸੁੱਖਾਂ ਤੋਂ ਵੰਚਿਤ ਰਹਿ ਜਾਣ ਦਾ ਦਰਦ ਹੰਢਾਉਂਦਾ ਹੈ। ਵਿਗਿਆਨ ਤੇ ਤਕਨਾਲੋਜੀ ਕਰਕੇ

ਵਿਕਾਸ ਦੀਆਂ ਅਥਾਹ ਸੰਭਾਵਨਾਵਾਂ ਰੁਖ ਹੋਏ ਸਮਾਜ ਤੇ ਮਨੁੱਖ ਦੇ ਸੁਪਨਿਆਂ ਨੂੰ ਪੂੰਜੀਵਾਦੀ ਪ੍ਰਬੰਧ ਕਿਵੇਂ ਨਿਗਲ ਜਾਂਦਾ ਹੈ? ਇਹ ਵੀਹਵੀਂ ਸਦੀ ਦੇ ਮਨੁੱਖ ਸਾਹਮਣੇ ਵੱਡਾ ਸੁਆਲ ਸੀ, ਪਰ ਭਾਈ ਵੀਰ ਸਿੰਘ ਇਸ ਦਾ ਵਿਵੇਕ ਸਿਰਜਣ ਦੀ ਸੰਭਾਵਨਾ ਹੀ ਗੁਆ ਦਿੰਦਾ ਹੈ ਅਤੇ ਇਸ ਨੂੰ ਅਣਦਿਸਦੀ ਦੈਵੀ ਖੇਡ ਵਜੋਂ ਪੇਸ਼ ਕਰ ਦਿੰਦਾ ਹੈ। ਮਨੁੱਖ ਦੇ ਵਜੂਦ ਤੇ ਉਸ ਦੀਆਂ ਤੀਬਰ ਸਰੀਰਕ ਲੋੜਾਂ ਨੂੰ ਅਣਡਿੱਠ ਕਰਨ ਕਰਕੇ ਹੀ ਡਾ. ਹਰਿਭਜਨ ਸਿੰਘ 'ਭਾਈ ਵੀਰ ਸਿੰਘ ਕਾਵਿ ਨੂੰ ਮਾਨਵੀ ਭਾਵ ਨਾਲੋਂ ਵੱਧ ਦੈਵੀ ਨਿਸ਼ਠਾ ਦੇ ਸੰਸਾਰ ਦਾ ਸਿਰਜਕ' ਕਹਿੰਦਾ ਹੈ।' (ਪਤਰਾਂਜਲੀ, ਪੰਨਾ 54)

ਪੰਜਾਬੀ ਕਾਵਿ-ਆਲੋਚਨਾ ਦੀ ਇੱਕ ਸੀਮਾ ਇਹ ਰਹੀ ਹੈ ਕਿ ਅਸੀਂ ਕਿਸੇ ਕਵੀ ਨੂੰ ਕਿਸੇ ਇੱਕ ਵਿਚਾਰਧਾਰਾ ਜਾਂ ਸਾਹਿਤਕ ਲਹਿਰ ਦੇ ਸਾਂਚੇ ਵਿੱਚ ਸਥਿਤ ਕਰਕੇ ਉਸ ਦੇ ਅਨੁਭਵ, ਕਾਵਿ-ਦ੍ਰਿਸ਼ਟੀ ਅਤੇ ਕਾਵਿ-ਸ਼ਿਲਪ ਵਿੱਚ ਤਬਦੀਲੀ ਜਾਂ ਵਿਕਾਸ ਦੀਆਂ ਸੰਭਾਵਨਾਵਾਂ ਤੋਂ ਮੁਨਕਰ ਹੋ ਜਾਂਦੇ ਹਾਂ। ਭਾਈ ਵੀਰ ਸਿੰਘ ਨੂੰ ਵੀ ਅਸੀਂ ਸਿੱਖ ਅਵਚੇਤਨ ਵਾਲਾ, ਪ੍ਰਕਿਰਤੀ-ਪ੍ਰੇਮੀ ਤੇ ਅਧਿਆਤਮਵਾਦੀ ਕਵੀ ਕਹਿ ਕੇ ਉਸ ਦੀ ਮੁੰਦਵਣੀ ਪੜ੍ਹ ਦਿੱਤੀ। ਜੀਵਨ ਤੇ ਤਜਰਬੇ, ਵਿਸ਼ਾਲ ਅਧਿਐਨ, ਸਿੱਖ ਸੰਘਰਸ਼ ਤੇ ਰਾਸ਼ਟਰੀ ਸੁਤੰਤਰਤਾ ਅੰਦੋਲਨ ਦੇ ਪ੍ਰਭਾਵਾਂ ਅਤੇ ਯੁਗ ਚੇਤਨਾ ਦੇ ਦਬਾਵਾਂ ਕਾਰਨ ਭਾਈ ਵੀਰ ਸਿੰਘ ਦੀ ਸਮਾਜਕ-ਰਾਜਸੀ ਚੇਤਨਾ ਅਤੇ ਉਸ ਦੀ ਕਵਿਤਾ ਦੇ ਵਸਤੂ ਅਤੇ ਰਚਨਾ-ਦ੍ਰਿਸ਼ਟੀ ਵਿੱਚ ਪਰਿਵਰਤਨ ਵਾਪਰਦੇ ਰਹੇ ਹਨ। ਆਧੁਨਿਕ ਵਿਗਿਆਨਕ ਤੇ ਮਾਨਵਵਾਦੀ ਚਿੰਤਨ ਦੇ ਵਧ ਰਹੇ ਚੇਤ-ਅਚੇਤ ਪ੍ਰਭਾਵਾਂ ਕਾਰਨ ਭਾਈ ਵੀਰ ਸਿੰਘ ਨੇ ਸੰਸਾਰ ਨੂੰ ਰੱਬ ਸਿਰਜਤ ਹੋਂਦ ਮੰਨ ਕੇ ਵੀ ਇਤਿਹਾਸ ਅਤੇ ਸਮਾਜ ਵਿੱਚ ਮਨੁੱਖ ਦੇ ਨਿਰਣਾਇਕ ਰੋਲ ਨੂੰ ਸਵੀਕਾਰ ਕੀਤਾ ਹੈ, ਭਾਵੇਂ ਦਸਵੇਂ ਸੁਰ ਵਿੱਚ ਸਹੀ। 'ਅਰਸ਼ਾਂ ਵੱਲ ਨਜ਼ਰ' (ਲਹਿਰਾਂ ਦੇ ਹਾਰ) ਨਜ਼ਮ ਵਿੱਚ ਉਹ ਕਹਿੰਦਾ ਹੈ ਕਿ ਮਨੁੱਖ ਭਾਵੇਂ ਰੱਬੀ ਹੁਕਮ 'ਚ ਹੀ ਵਿਚਰਦਾ-ਵਰਤਦਾ ਹੈ, ਪਰ ਉਸ ਕੋਲ ਇਸ ਸੰਸਾਰ ਜਾਂ ਵਾਸਤਵਿਕਤਾ ਨੂੰ ਦੇਖਣ, ਸਮਝਣ ਵਾਲਾ ਇਨਸਾਨੀ ਵਿਵੇਕ ਵੀ ਹੈ। ਇਨਸਾਨੀ ਦੇਹ ਤੇ ਜੀਵਨ ਭਾਵੇਂ ਰੱਬ ਦੀ ਦਾਤ ਹੈ, ਪਰ ਇਸ ਨੂੰ ਵਰਤਣਾ ਮਨੁੱਖ ਨੇ ਆਪਣੇ ਵਿਵੇਕ ਅਤੇ ਸਮਾਜੀ ਸ਼ਊਰ ਨਾਲ ਹੈ :

ਇਹ ਤਾਂ ਸੱਚ ਅਜ਼ਲ ਨੇ ਅੱਖਾਂ
ਸਿਰ ਤੇਰੇ ਨਹੀਂ ਲਾਈਆਂ,
ਪਰ ਗਿੱਚੀ ਦੀਆਂ ਨਾੜਾਂ ਉਸ ਨੇ
ਲਚਕਾਂ ਦੇ ਦੇ ਪਾਈਆਂ,
ਦਿੱਤੀ ਖੁੱਲ੍ਹ ਨਜ਼ਰ ਦੀ ਤੱਕੇਂ
ਹੇਠਾਂ, ਉੱਪ੍ਰ, ਚੁਫੇਰੇ-
ਹੁਣ ਜੇ ਲੋਅ ਉਤਾਹਾਂ ਲਾਵੇਂ
ਤਾਂ ਤੇਰੀਆਂ ਵਡਿਆਈਆਂ।

(ਲਹਿਰਾਂ ਦੇ ਹਾਰ)

'ਫਰਾਮੁਰਜ਼ ਦੀ ਵਿਲਕਣੀ' ਨਜ਼ਮ ਵਿੱਚ ਭਾਈ ਵੀਰ ਸਿੰਘ ਇਹ ਬੁਨਿਆਦੀ ਸਵਾਲ ਉਠਾਉਂਦਾ ਹੈ ਕਿ ਮਨੁੱਖੀ ਜੀਵਨ ਲਈ ਰੱਬ ਕਿ ਮਨੁੱਖ ਅਤੇ ਧਰਤੀ ਦਾ ਸੱਚ ਕਿ ਸਵਰਗ ਵਿੱਚੋਂ ਕੌਣ ਵਧੇਰੇ ਮਹੱਤਵਪੂਰਨ ਹੈ? ਇਸ ਨਜ਼ਮ ਦਾ ਨਾਇਕ ਰੱਬ ਦੀ ਥਾਂ ਲਾਲਾ-ਰੁੱਖ ਨਾਮੀ ਪ੍ਰੇਮਿਕਾ ਹੈ। ਅਤੇ ਕਾਵਿ-ਪਾਤਰ ਜੱਨਤ ਦੀ ਥਾਂ ਕਸ਼ਮੀਰ ਦੀ ਮੰਗ ਕਰਕੇ ਅਧਿਆਤਮਵਾਦੀ ਆਸਥਾ ਦੀ ਥਾਂ ਮਨੁੱਖਤਾਵਾਦੀ ਵਿਚਾਰਧਾਰਾ ਦੇ ਵੱਧ ਪ੍ਰਸੰਗਕ ਤੇ ਸਾਰਥਕ ਹੋਣ ਦਾ ਸੁਝਾਉ ਦਿੰਦਾ ਹੈ। ਮਨੁੱਖ ਤੇ ਧਰਤੀ ਦੇ ਸੱਚ ਵੱਲ ਇਹ ਮੋੜਾ ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਵਿੱਚ ਵਾਪਰ ਰਹੇ ਇਤਿਹਾਸਕ ਪਰਿਵਰਤਨ ਦਾ ਗਵਾਹ ਹੈ। ਮੱਧਕਾਲੀ ਅਧਿਆਤਮਵਾਦੀ/ਆਦਰਸ਼ਵਾਦੀ





ਚਿੰਤਨ ਦੀ ਪਕੜ ਵਿੱਚ ਹੋਣ ਕਰਕੇ ਭਾਈ ਵੀਰ ਸਿੰਘ ਦਾ ਸੁਚੇਤ ਮਨ ਤਾਂ ਮਨੁੱਖ ਦੀ ਹੋਂਦ, ਮਨੁੱਖੀ ਸਮਰੱਥਾ ਅਤੇ ਉਸ ਦੀ ਇੱਛਾ ਸ਼ਕਤੀ ਨੂੰ ਕਿਸੇ ਅਣਦਿਸਦੇ ਦੈਵੀ ਸੋਮੇ ਦੁਆਰਾ ਸੰਚਾਲਿਤ ਮੰਨਦਾ ਹੈ, ਪਰ ਵਿਗਿਆਨਕ ਚੇਤਨਾ ਅਤੇ ਤਰਕਸ਼ੀਲ ਵਿਚਾਰਾਂ ਦੇ ਵਧਦੇ ਪ੍ਰਭਾਵਾਂ ਕਾਰਨ ਉਹ ਹੱਡ-ਮਾਸ ਦੇ ਮਨੁੱਖ 'ਤੇ ਇਸ ਦਿਸਦੇ ਸੰਸਾਰ ਦੇ ਭੌਤਿਕ ਵਜੂਦ ਨੂੰ ਹਕੀਕਤ ਪ੍ਰਵਾਨ ਕਰਨ ਲੱਗਦਾ ਜਾਪਦਾ ਹੈ। ਉਸ ਦਾ ਕਾਵਿ-ਪਾਤਰ ਪਾਰਲੌਕਿਕ ਸੰਸਾਰ ਵਿੱਚ ਕਿਸੇ ਦਿੱਬ-ਹੋਂਦ ਨਾਲ ਅਭੇਦ ਹੋਣ ਜਾਂ ਕਥਿਤ ਮੁਕਤੀ ਦੀ ਮੰਗ ਨਹੀਂ ਕਰਦਾ। ਉਸ ਦੀ ਟੇਕ ਧਰਤੀ ਅਤੇ ਇਸ ਉੱਤੇ ਵਸਦੇ ਰਸਦੇ ਬੰਦਿਆਂ ਦੀਆਂ ਅਨੰਤ ਮਨੁੱਖੀ ਸੰਭਾਵਨਾਵਾਂ ਉੱਪਰ ਹੈ।

ਜੱਨਤ ਅਜੇ ਨਸੀਬ ਉ ਮੇਰੇ ਹੋਇ ਨਾ,
ਜੱਨਤ ਇਹ ਕਸ਼ਮੀਰ ਕਿ ਮੈਨੂੰ ਬਖਸ਼ਿਓ
ਏਥੇ ਪਯਾਰੀ ਨਾਲ ਕਿ ਸੁਹਣਯਾਂ ਰਹਿਣ ਦੇ।
ਤੂੰ ਲਾਲਾਂ ਦਾ ਲਾਲ ਕਿ ਲਾਲ ਕਮਾਲ ਹੈਂ
ਪਰ ਉਹ ਲਾਲਾ-ਰੁੱਖ ਮੈਂ ਬਖਸ਼ੀ ਰੱਖਣੀ।
ਹੂਰਾਂ ਜੱਨਤ ਸੁੱਖ ਨ ਮੈਂ ਹਾਂ ਮੰਗਦਾ।
ਸੁੱਖ ਅਗਾਹਾਂ ਢੇਰ ਮੈਂ ਸੁਪਨੇ ਦੇਖ ਲਏ।
ਪਰ ਸੁਹਣਯਾਂ! ਕਰ ਮੇਹ੍ਰ ਕਿ ਏਥੇ ਰਹਿਣ ਦੇ।

(ਮਟਕ ਹੁਲਾਰੇ)

ਇਸ ਨਜ਼ਮ 'ਚੋਂ ਪ੍ਰਾਪਤ ਵਿਵੇਕ ਅਨੁਸਾਰ ਭਾਈ ਵੀਰ ਸਿੰਘ ਇਹ ਸਮਝਦਾ ਸੀ ਕਿ ਬਸਤੀਵਾਦੀ ਪ੍ਰਬੰਧ ਜਾਂ ਗ਼ੁਲਾਮੀ ਦਾ ਜੀਵਨ ਜੱਨਤ ਨਹੀਂ ਹੋ ਸਕਦਾ, ਪਰ ਮਨੁੱਖ ਲਈ ਜੱਨਤ ਦੀਆਂ ਸੰਭਾਵਨਾਵਾਂ ਅਜੇ ਮੁੱਕੀਆਂ ਨਹੀਂ। ਮਨੁੱਖਾਂ (ਫਰਾਮੁਰਜ਼ ਤੇ ਲਾਲਾ-ਰੁੱਖ) ਦੀ ਸਾਂਝੀ ਮਿਹਨਤ ਤੇ ਸਮਾਜੀ ਸ਼ਊਰ ਨਾਲ ਇਸ ਧਰਤੀ ਉੱਤੇ ਸਵਰਗ ਉਸਾਰਿਆ ਜਾ ਸਕਦਾ ਹੈ; ਭਾਈ ਵੀਰ ਸਿੰਘ ਦੇ ਇਤਿਹਾਸ-ਬੋਧ ਦਾ ਇਹੋ 'ਹਾਸਿਲ' ਹੈ।

ਸਾਬਕਾ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ।
ਮੋਬਾਇਲ : 98156-36565

## ਭਾਈ ਵੀਰ ਸਿੰਘ ਦੀ ਕਵਿਤਾ ਦੇ ਕਾਵਿ ਸ਼ਾਸਤਰ ਨੂੰ ਪਛਾਣਦਿਆਂ

ਡਾ. ਵਨੀਤਾ

ਅਸੀਂ ਭਾਈ ਵੀਰ ਸਿੰਘ ਆਧੁਨਿਕ ਸਾਹਿਤ ਦੇ ਮੋਢੀ, ਉਸਰਈਏ, ਕਵੀ, ਗਲਪਕਾਰ, ਵਾਰਤਕਕਾਰ, ਇਤਿਹਾਸਕਾਰ, ਸੰਪਾਦਕ, ਪੱਤਰਕਾਰ, ਅਨੁਵਾਦਕ ਤੇ ਹੋਰ ਬਹੁਤ ਕੁਝ ਯਾਨੀ ਕਿ ਗੁਰਮਤਿ ਦੇ ਵਿਆਖਿਆਕਾਰ, ਚਿੰਤਕ, ਆਲੋਚਕ ਦੀ 150 ਵੀਂ ਵਰ੍ਹੇ ਗੰਢ ਮਣਾ ਰਹੇ ਹਾਂ। ਅਸੀਂ ਭਾਈ ਸਾਹਿਬ ਦੀ ਕਵਿਤਾ ਦੇ ਕਾਵਿ ਸ਼ਾਸਤਰ ਬਾਰੇ ਗੱਲ ਕਰਨ ਜਾ ਰਹੇ ਹਾਂ। ਭਾਰਤੀ ਕਾਵਿ ਸ਼ਾਸਤਰ ਦਾ ਮੁੱਢ ਕਵਿਤਾ ਦੇ ਅਧਿਐਨ ਤੋਂ ਹੀ ਬੱਝਦਾ ਹੈ ਅਤੇ ਪੱਛਮ ਵਿਚ ਵੀ ਨਾਟਕ ਦੇ ਨਾਲ-ਨਾਲ ਕਵਿਤਾ ਦੇ ਅਧਿਐਨ ਜਾਂ ਕਾਵਿ ਸ਼ਾਸਤਰ ਬਾਰੇ ਹੀ ਵਧੇਰੇ ਚਰਚਾ ਕੀਤੀ ਗਈ ਅਤੇ ਹੁਣ ਇੱਕੀਵੀਂ ਸਦੀ ਤੱਕ ਪਹੁੰਚਦਿਆਂ, ਜਿੰਨਾ ਵੀ ਸਾਹਿਤ ਬਾਰੇ ਚਰਚਾ ਸਾਹਮਣੇ ਆ ਰਿਹਾ ਹੈ ਉਸ ਵਿਚ ਦੂਜੀਆਂ ਵਿਧਾਵਾਂ ਤੋਂ ਵੱਧ ਬਹੁਤੀਆਂ ਗੱਲ੍ਹਾਂ ਕਵਿਤਾ ਬਾਰੇ ਹੀ ਕੀਤੀਆਂ ਜਾ ਰਹੀਆਂ ਹਨ। ਇਸ ਲਈ ਭਾਈ ਵੀਰ ਸਿੰਘ ਦੇ ਸਮੁੱਚੇ ਸਾਹਿਤ ਦੇ ਅੰਤਰੀਵੀ ਪ੍ਰਵਾਹ ਨੂੰ ਧਿਆਨ ਵਿਚ ਰੱਖਕੇ ਉਸਦੇ ਕਾਵਿ ਸ਼ਾਸਤਰ ਦੀ ਪਛਾਣ ਕਰਨ ਦਾ ਅਸੀਂ ਯਤਨ ਕਰ ਰਹੇ ਹਾਂ ਤਾਂ ਕਿ ਬਹੁਤ ਚਿਰ ਤੋਂ ਜਿਹੜੇ ਆਲੋਚਕ-ਵਿਦਵਾਨ ਉਸਦੇ ਸਾਹਿਤ ਦੀ ਇਕਹਿਰੀ ਪੜ੍ਹਤ ਕਰਦੇ ਆਏ ਹਨ ਉਸਦੇ ਬਰਕਸ ਉਸਦੀ ਕਾਵਿਕ ਵੰਨ-ਸੁਵੰਨਤਾ, ਸਿੱਖ ਚਿੰਤਨ, ਇਤਿਹਾਸ, ਪ੍ਰਕਿਰਤੀ, ਸੁਹਜ, ਰਹੱਸ, ਵਿਚਾਰਧਾਰਾ ਜਾਂ ਸਭਿਆਚਾਰ, ਰਾਸ਼ਟਰਵਾਦ, ਪਾਰ-ਰਾਸ਼ਟਰੀ ਚੇਤਨਾ ਤੇ ਬ੍ਰਹਿਮੰਡੀ ਦ੍ਰਿਸ਼ਟੀਕੋਂਣ ਦੇ ਹੋਰ ਪੱਖਾਂ ਵੱਲ ਵੀ ਧਿਆਨ ਕਰ ਸਕੀਏ। ਯਾਨੀ ਕਿ ਹੁਣ ਭਾਈ ਵੀਰ ਸਿੰਘ ਦੇ ਸਾਹਿਤ ਦਾ ਪੁਨਰ-ਪਾਠ ਕਰਕੇ ਉਸਦੀ ਟੈਕਸਟ ਦੀਆਂ ਬਹੁਪਰਤਾਂ ਦਾ ਅਧਿਐਨ ਕਰਨਾ ਲੋੜੀਂਦਾ ਹੈ ਕਿਉਂਕਿ ਹੁਣ ਕਿਸੇ ਇਕ ਵਿਚਾਰਧਾਰਾ ਜਾਂ ਇਕ ਸਿਧਾਂਤ ਦੀ ਇਜਾਰੇਦਾਰੀ ਦਾ ਭੋਗ ਪੈ ਚੁਕਾ ਹੈ। ਦੂਜਿਆਂ ਨੂੰ ਰੱਦ ਕਰਕੇ ਕੇਵਲ ਇਕ ਦੀ ਪ੍ਰਭੂਤਾ ਨੂੰ ਨਹੀਂ ਸਵੀਕਾਰਿਆ ਜਾ ਸਕਦਾ।

ਅਸਲ ਵਿਚ ਕਵਿਤਾ ਦਾ ਅਧਿਐਨ ਜਾਂ ਉਸਦੇ ਕਾਵਿ ਸ਼ਾਸਤਰ ਦੀ ਪਛਾਣ ਕੇਵਲ ਕੁਝ ਨਿਸ਼ਚਿਤ ਗੱਲਾਂ ਨੂੰ ਧਿਆਨ ਵਿਚ ਰੱਖਕੇ ਹੋ ਹੀ ਨਹੀਂ ਸਕਦੀ ਕਿਉਂਕਿ ਹਰ ਪ੍ਰਵਿਰਤੀ ਜਾਂ ਲਹਿਰ ਦਾ ਆਪੋ-ਆਪਣਾ ਸੁਭਾਅ ਹੁੰਦਾ ਹੈ ਜਦਕਿ ਹਰ ਇਕ ਕਵਿਤਾ ਦੂਜੀ ਕਵਿਤਾ ਤੋਂ ਵੱਖਰੀ ਹੁੰਦੀ ਹੈ, ਉਸਦੀ ਆਪਣੀ ਨਿਵੇਕਲੀ ਭਾਸ਼ਾ, ਥੀਮ, ਸਰੋਕਾਰ, ਸੁਹਜ, ਬਿੰਬ-ਰੂਪਕ ਹੁੰਦੇ ਹਨ, ਜਿਸ ਕਾਰਨ ਇੱਕੋ ਤਰੀਕੇ ਨਾਲ ਪੜ੍ਹਨ ਕਾਰਨ ਅਸੀਂ ਉਸਦੇ ਅੰਤ੍ਰੀਵੀ ਭੇਤਾਂ ਤੱਕ ਨਹੀਂ ਪਹੁੰਚ ਸਕਦੇ। ਤਾਂ ਹੀ ਅਸੀਂ ਕਿਹਾ ਹੈ ਕਿ ਪਿਛਲੇ ਸਿਧਾਂਤਾਂ ਦਾ ਬਹੁਤੇਰਾ ਹਿੱਸਾ ਪੁਰਾਣਾ ਹੋ ਗਿਆ ਹੈ ਤੇ ਆਧੁਨਿਕ ਸਮੇਂ ਵਿਚ ਨਵੀਆਂ ਵਿਧੀਆਂ ਤੇ ਜੁਗਤਾਂ ਨਾਲ ਕੇਵਲ ਭਾਈ ਵੀਰ ਸਿੰਘ ਦੀ ਹੀ ਨਹੀਂ ਕਿਸੇ ਵੀ ਕਾਲ ਦੀ ਕਵਿਤਾ ਨੂੰ ਪੜ੍ਹਕੇ ਉਸਦੀ ਅਨਿਕ-ਸਵਰਤਾ ਨੂੰ ਪੜ੍ਹਨ-ਸੁਣਨ ਸਮਝਣ ਦੀ ਲੋੜ ਹੈ।

ਜਦੋਂ ਅਸੀਂ ਭਾਈ ਵੀਰ ਸਿੰਘ ਦੀ ਕਵਿਤਾ ਦਾ ਅਧਿਐਨ ਕਰਨ ਜਾਂ ਰਹੇ ਹਾਂ ਤਾਂ ਇਹ ਗੱਲ ਪੁਰਾਣੀਆਂ ਇਤਿਹਾਸ ਦੀਆਂ ਪੁਸਤਕਾਂ ਅਤੇ ਆਲੋਚਕ ਵਿਦਵਾਨਾਂ ਵਲੋਂ ਤਕਰੀਬਨ ਨਿਸ਼ਚਿਤ ਕੀਤੀ ਗਈ ਕਿ ਭਾਈ ਵੀਰ ਸਿੰਘ ਤੇ ਗੁਰਮਤਿ ਦਾ ਡੂੰਘਾ ਪ੍ਰਭਾਵ ਹੈ ਅਤੇ ਉਹ ਪ੍ਰਕਿਰਤੀ ਦਾ ਕਵੀ ਹੈ। ਉਹ ਅਧਿਆਤਮਵਾਦੀ ਜਾਂ ਰਹੱਸਵਾਦੀ ਕਵੀ ਹੈ। ਇਸ ਵਿਚ ਕੋਈ ਦੋ ਰਾਇ ਵੀ ਨਹੀਂ ਹੈ ਪਰ ਕੀ ਇਹੋ ਹੈ ਭਾਈ ਵੀਰ ਸਿੰਘ ? ਨਹੀਂ ! ਜਦੋਂ ਅਸੀਂ ਅਧਿਐਨ ਕਰਾਂਗੇ ਤਾਂ ਉਸਦੀ ਕਵਿਤਾ ਦੀਆਂ ਬਾਰੀਕੀਆਂ, ਕਵਿਤਾ ਨਾਲ ਸੰਵਾਦ, ਵੱਖਰਤਾ, ਵਿਚਾਰਧਾਰਾ, ਸਮਕਾਲੀ ਚਿੰਤਨ ਤੇ ਸੰਵਾਦ ਅਤੇ ਹੋਰ ਸਮਾਨਤਾਵਾਂ ਤੇ ਭਿੰਨਤਾਵਾਂ ਸਮਝਣ ਆਉਣਗੀਆਂ, ਮਿਸਾਲ ਦੇ ਤੌਰ ਤੇ ਉਸਦੀ ਇਕ ਕਵਿਤਾ 'ਲਹਿਰ ਹੁਲਾਰੇ' ਚੋਂ





ਵੈਰੀ ਨਾਗ ! ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਵਿਚ ਵਜਦਾ,
ਕੁਦਰਤ ਦੇ ਕਾਦਰ ਦਾ ਜਲਵਾ,
ਲੈ ਲੈਂਦਾ ਇਕ ਸਜਦਾ।

ਇਸ ਕਵਿਤਾ ਦੇ ਨਾਲ ਹੀ 'ਲਹਿਰ ਹੁਲਾਰੇ' 'ਚ ਉਸਦੀ ਇਕ ਹੋਰ ਕਵਿਤਾ 'ਚਸ਼ਮਾ ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਜਾਂ ਹੋਰ ਅਜਿਹੀਆਂ ਉਸਦੀਆਂ ਕਵਿਤਾਵਾਂ ਪੜ੍ਹਦੇ ਹਾਂ ਤਾਂ ਇਨ੍ਹਾਂ ਨੂੰ ਪ੍ਰਕਿਰਤੀ ਦੇ ਅਨੁਭਵ ਨਾਲ ਜੋੜੇ ਬਿਨਾ ਨਹੀਂ ਪੜ੍ਹਿਆ ਜਾ ਸਕਦਾ। ਸਾਨੂੰ ਉਸ ਚੇਤਨਾ ਨਾਲ ਜੁੜ ਕੇ ਇਸਦੀ ਕਾਵਿ ਭਾਸ਼ਾ, ਬਿੰਬ ਅਤੇ ਰਹੱਸ ਨਾਲ ਜੁੜਦੇ ਇਨ੍ਹਾਂ ਦੇ ਆਪਸੀ ਸੰਬੰਧ ਨੂੰ ਵੀ ਵੇਖਣਾ ਹੋਵੇਗਾ ਜਿਸ ਵਿਚ ਪ੍ਰਕਿਰਤੀ ਤੋਂ ਬਿਨਾ ਵੀ ਹੋਰ ਕਈ ਰਮਜ਼ਾਂ ਪਈਆ ਹੁੰਦੀਆ ਹਨ। ਇਸੇ ਤਰ੍ਹਾਂ ਲਹਿਰ ਹੁਲਾਰੇ ਵਿਚੋਂ ਹੀ ਜੇਕਰ ਅਸੀਂ ਉਸਦੀ ਕਵਿਤਾ 'ਚੜ੍ਹ ਚੱਕ ਤੇ ਚੱਕ ਘੁਮਾਨੀਆਂ' ਵੇਖਣੀ ਹੋਵੇ ਤਾਂ ਇਸਦੇ ਰਹੱਸ ਨੂੰ ਪੇਸ਼ ਕਰਨ ਦੀ ਵਿਧੀ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਪਵੇਗਾ ਅਤੇ ਉਸਦੀ ਕਵਿਤਾ ਦਾ ਬਾਕੀ ਹਿੱਸਾ ਅਤੇ ਪੱਖਾਂ ਨੂੰ ਵੀ ਉਸ ਮੁਤਾਬਕ ਵੇਖਣਾ ਪਵੇਗਾ ਜਿਸਦੇ ਪਿੱਛੇ ਰਹੱਸ-ਪ੍ਰਕਿਰਤੀ ਦੇ ਨਾਲ-ਨਾਲ ਉਸ ਕਿੱਸਾ ਕਾਵਿ ਦੇ ਅਵਚੇਤਨ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ, ਜਿਸਦੇ ਪਿਛੋਕੜ ਵਿਚ ਕਵੀ ਸੋਹਣੀ-ਮਹੀਂਵਾਲ ਦੇ ਸਭਿਆਚਾਰਕ ਬਿੰਬ ਨੂੰ ਕਿਵੇਂ ਪੇਸ਼ ਕਰਦਾ ਹੈ ਅਤੇ ਉਸ ਰਹੱਸ ਨਾਲ ਕਿਵੇਂ ਜੋੜਦਾ ਹੈ। ਜਿਵੇਂ :

ਚੜ ਚੱਕ ਤੇ ਚੱਕ ਘੁਮਾਨੀਆਂ
ਮਹੀਂਵਾਲ ਦੇ ਸਦਕੇ ਜਾਨੀਆਂ।

ਭਾਈ ਸਾਹਬ ਦੀ ਕਵਿਤਾ 'ਕੰਬਦੀ ਕਲਾਈ' 'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ' ਅੱਜ ਤੀਕ ਇੰਨੀ ਚਰਚਾ ਵਿਚ ਰਹੀ ਹੈ ਕਿ ਬੱਚਾ-ਬੱਚਾ ਇਸਨੂੰ ਬੋਲਦਾ, ਪੜ੍ਹਦਾ ਤੇ ਗਾਉਂਦਾ ਹੈ। ਇਸਨੂੰ ਵੀ ਆਲੋਚਕ ਕਦੇ ਰੂਪਵਾਦੀ ਜਾਂ ਦਵੰਦਾਤਮਕ ਪਦਾਰਥਵਾਦੀ ਦ੍ਰਿਸ਼ਟੀ ਤੋਂ ਵੇਖਦੇ ਰਹੇ। ਇੱਥੇ ਭਾਵੇਂ ਭਾਈ ਵੀਰ ਸਿੰਘ ਗੁਰੂ ਨਾਨਕ ਰਚਿਤ ਸ਼ਬਦ "ਰਾਗ ਵਡਹੰਸ" ਸੁਪਨੇ ਆਇਆ ਭੀ ਗਇਆ ਮੈ ਜਲ ਭਰਿਆ ਰੋਇ ਨੂੰ ਆਪਣਾ ਪਿਛੋਕੜ ਬਣਾਉਂਦਾ ਹੈ ਤੇ 'ਕੰਬਦੀ ਕਲਾਈ' ਦੀ ਸਿਰਜਣਾ ਵਿਚ ਪ੍ਰਵੇਸ਼ ਕਰਦਾ ਹੈ। ਜਿਸ ਦੀਆਂ ਸਾਰੀਆਂ ਕਵਿਤਾਵਾਂ 'ਕਲਾਸਕੀ ਰਾਗਾਂ' ਵਿਚ ਸਿਰਜ ਕੇ ਆਪਣਾ ਅਵਚੇਤਨ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦੇ ਕਲਾਸਕੀ ਰਾਗਾਂ ਵਿਚ ਜੁੜੀ ਬਾਣੀ ਨਾਲ ਕਰਦਾ ਹੈ ਪਰ ਜਦੋਂ ਧਿਆਨ ਨਾਲ ਇਸ ਇਸ ਕਾਵਿ ਪੁਸਤਕ ਦੇ ਰਾਗਾਂ ਵੱਲ ਵੇਖਿਆ ਜਾਵੇ ਤਾਂ 'ਗੁਰਬਾਣੀ ਦੇ ਰਾਗ ਅਤੇ ਕਲਾਸਕੀ ਹਿੰਦੁਸਤਾਨੀ ਰਾਗ ਪਰੰਪਰਾ ਦੇ Fusion ਵਿਚੋਂ ਉਹ ਇਸ ਕਾਵਿ ਸੰਗ੍ਰਹਿ ਵਿਚ ਲਗਭਗ 24 ਤੋਂ ਵੱਧ ਰਾਗਾਂ ਦੀ ਵਰਤੋਂ ਕਰਦਾ ਅਤੇ ਕਿਉਂ ਇਸ ਨਾਲ ਮਿਸ਼ਰਿਤ ਰਾਗਾਂ ਵਿਚ ਕਾਵਿ ਸਿਰਜਣਾ ਕਰਦਾ ਹੋਇਆ ਮੱਧਕਾਲੀ ਕਵਿਤਾ ਅਤੇ ਆਧੁਨਿਕ ਕਵਿਤਾ ਵਿਚ ਥੀਮ ਅਤੇ ਸ਼ੈਲੀ ਵਜੋਂ ਇਕ ਪੁਲ ਦਾ ਕਾਰਜ ਕਰਦਾ ਹੈ। ਉਹ ਇਸ ਕਾਵਿ ਸੰਗ੍ਰਹਿ ਵਿਚ ਜਿੱਥੇ ਗੁਰਮਤਿ ਰਾਗ ਪਰੰਪਰਾ ਦੇ ਤੋਡੀ, ਰਾਮਕਲੀ, ਆਸਾ, ਆਸਾਵਰੀ ਅਤੇ ਨਾਨਕ ਦੇ 'ਸੁਪਨੇ' ਨੂੰ ਆਧਾਰ ਬਣਾਉਂਦਾ ਹੈ, ਉੱਥੇ ਹਿੰਦੁਸਤਾਨੀ ਰਾਗਾਂ ਵਿਚੋਂ ਭੀਮ, ਪੂਰੀਆਂ, ਪੀਲੂ, ਪਹਾੜੀ, ਗੰਧਾਰੀ ਤੋਡੂ, ਸੋਹਣੀ, ਭੈਰਵੀ, ਮਾਲਕੌਂਸ, ਜ਼ਿਲਾ, ਮਾਂਡ, ਕੌਂਸੀਆਂ ਤੇ ਭੀਮਪਲਾਸੀ ਆਦਿ ਰਾਗਾਂ ਦੀ ਵਰਤੋਂ ਕਰਦਾ ਕਲ ਤੇ ਅੱਜ ਵਿਚ ਪੁਲ ਸਿਰਜਣ ਦਾ ਕਾਰਜ ਵੀ ਕਰਦਾ ਹੈ। ਜਿੱਥੇ ਭਾਈ ਵੀਰ ਸਿੰਘ ਗੁਰਮਤਿ, ਸੰਗੀਤ ਅਤੇ ਭਾਰਤੀ ਸੰਗੀਤ ਦੇ ਸੁਮੇਲ ਚੋਂ 'ਕੰਬਦੀ ਕਲਾਈ' ਰਾਗ ਬੱਧ ਕਾਵਿ ਸਿਰਜਣਾ ਕਰਦਾ ਹੈ। ਉੱਥੇ ਰਾਗ ਬੱਧ ਲੋਕਯਾਨਿਕ ਕਾਵਿ ਰੂਪਾਕਾਰ ਬਾਰ੍ਹਾਂ ਮਾਹ ਦੀ ਰਚਨਾ 'ਕੰਤ ਸਹੇਲੀ' ਵਿਚ ਕਰਦਾ ਹੈ ਤੇ ਗੁਰੂ ਉਸਤਤਿ ਅਤੇ ਪ੍ਰਕਿਰਤੀ ਚਿਤ੍ਰਣ ਤੇ ਅਧਿਆਤਮ ਉਨ੍ਹਾਂ ਦੀ ਕਵਿਤਾ 'ਚ ਪਰੁੱਦੇ ਹੋਏ ਹਨ। ਸੁਗਮ ਸੰਗੀਤ (*Light Classical Music*) ਜਿਵੇਂ ਗ਼ਜ਼ਲ, ਠੁਮਰੀ,

ਰੁਬਾਈ ਦਾਦਰਾ ਆਦਿ ਸੰਗੀਤਕ ਕਾਵਿ ਰੂਪ ਹਨ, ਕਵੀ ਆਧੁਨਿਕ ਨਿੱਕੀ ਕਵਿਤਾ ਵਿਚ ਸੂਫੀ ਅਵਚੇਤਨ ਵਿਚਲੀ ਬਿਰਹਾ, ਇਸ਼ਕ, ਪ੍ਰੇਮ, ਸੰਜੋਗ-ਵਿਜੋਗ ਜਿਹੇ ਭਾਵਾਂ ਨਾਲ ਲਬਰੇਜ਼ 'ਠੁਮਰੀ ਕਾਵਿ' ਦੀ ਸਿਰਜਣਾ ਵੀ ਕਰਦਾ ਹੈ।ਅਸੀਂ ਜਾਣਦੇ ਹਾਂ ਕਿ ਠੁਮਰੀ ਵਿਚ ਵਧੇਰੇ ਸ਼ਿੰਗਾਰ ਰਸ ਅਤੇ ਬਿਰਹਾ ਦਾ ਵਰਣਨ ਵਧੇਰੇ ਹੁੰਦਾ ਹੈ ਤਾਂ ਭਾਈ ਸਾਹਬ 'ਠੁਮਰੀ' ਨੂੰ ਲਿਖਦਿਆਂ ਹੇਠ ਲਿਖਤ ਹਿਦਾਇਤਾਂ ਵੀ ਦਿੰਦਾ ਹੈ :

**ਠੁਮਰੀ**

ਇਸ ਗੀਤ ਦੇ ਗਾਉਣ ਦੇ ਸੁਰ ਤਾਲ
ਰਾਗ ਦੇਸ, ਤਾਲ-ਤ, ਗਤ-ਤਲਵਾੜਾ, ਮਾਤ੍ਰਾ-8
ਲਯ-ਧੀਮੀ 'ਆ' ਦਾ ਘਰ ਯਾਨੀ ਸਮ 'ਬਹੀਆ' ਪਰ ਹੈ।
ਸੁਰ ਖਾਸ- ਸਾ ਰੇ ਗਾ ਮਾ ਪਾ ਧਾ ਨੀ ਨੀ।
ਮੇਰੀ ਬਹੀਆਂ ਗਹੋ
ਮੇਰੀ ਬਹੀਆ ਗਹੋ ਜੀ
ਤੇ ਸਤਿਗੁਰ ਨਾਨਕ! ਮੇਰੀਆਂ ਬਹੀਆ ਗਹੋ ਜੀ!
ਰਾਤ! ਮੇਰੇ ਨੇੜੇ, ਮੇਰੇ ਨੇੜੇ ਰਹੋ ਜੀ!
ਹੇ ਸਤਿਗੁਰੂ ਨਾਨਕ! ... ... "

ਜਦੋਂ ਅਸੀਂ 'ਸੁਪਨੇ ਵਿਚ ਤੁਸੀ ਮਿਲੇ ਅਸਾਨੂੰ' ਰਾਗ ਭੀਮ ਪਲਾਸ, ਤਾਲ ਤੇ ਰਾਤ-ਦਾਦਰਾ, ਮਾਤ੍ਰਾ-6, ਲਯ-ਬਹੁਤ ਧੀਮੀ, ਸੁਰ ਖਾਸ ਕਵਿਤਾ ਦੀ ਗੱਲ ਕਰ ਰਹੇ ਹਾਂ ਤਾਂ ਇਸ ਕਵਿਤਾ ਵਿਚ ਉਹ ਰਹੱਸਵਾਦ ਹੈ ਜਿਸ ਦੇ ਪਿਛੋਕੜ ਤੇ ਗੁਰਬਾਣੀ ਹੈ ਪਰ ਇਹ ਕਵਿਤਾ ਵਿਚ ਨਾ ਤਾਂ ਉਹ ਨਾਨਕ ਕਾਲ ਵਾਲਾ ਪੂਰਾ ਅਧਿਆਤਮਕ ਰਹੱਸ ਹੈ ਤੇ ਨਾ ਹੀ ਉਹ ਖੇਤਰ ਪਰ ਕਵੀ ਅਧਿਆਤਮਕ ਰਹੱਸ ਦੀ ਪਰੰਪਰਾ ਨਾਲ ਜੁੜਦੇ ਗੁਰੂ ਸਾਹਿਬਾਨ ਪ੍ਰਤੀ ਆਪਣੀ ਸ਼ਰਧਾ ਵੀ ਪ੍ਰਗਟਾਉਂਦਾ ਹੈ ਅਤੇ ਸਿੱਖ ਸੰਗਤ ਦੇ ਨੇੜੇ ਵੀ ਰਹਿੰਦਾ ਹੈ। ਪਿਛਲੀ ਤੇ ਅਗਲੇਰੀ ਰਹੱਸਵਾਦੀ ਕਵਿਤਾ ਦੇ ਦਰਮਿਆਨ ਇਕ ਪੁਲ ਦਾ ਕਾਰਜ ਕਰਦਾ ਹੈ ਜਿਵੇਂ 'ਮਜਹੂਰ' ਕਸ਼ਮੀਰੀ ਸ਼ਾਇਰ। ਸੋ ਇਹ ਕਵਿਤਾ ਗੁਰਬਾਣੀ ਤੇ ਨਵਰਹੱਸਵਾਦ ਵਿਚਾਲੇ ਰੂਪਾਂਤਰਣ ਕਿਵੇਂ ਵਾਪਰਦੇ ਹਨ, ਵਲ ਸੰਕੇਤ ਕਰਦਾ ਹੈ, ਜਿਸ ਨਾਲ ਇਸ ਕਵਿਤਾ ਦੀਆਂ ਪਰਤਾਂ ਨੂੰ ਸਮਝਿਆ ਜਾ ਸਕਦਾ ਹੈ।

ਦੂਜੀ ਗੱਲ ਇਸ ਕਵਿਤਾ ਦੀਆਂ ਪਹਿਲੀਆਂ 2 ਸਤਰਾਂ ਵਿਚ ਇਸ ਅਧਿਆਤਮ ਰਹੱਸ ਦਾ ਅਨੁਭਵ ਹੈ ਤੇ ਅਗਲੀ ਸਤਰ! ਨਿਰਾ ਨੂਰ ਤੂਸੀ 'ਹੱਥ ਨਾ ਆਏ' ਵਿਚ ਅਤੀਤ ਵਿਚ ਵਾਪਰਿਆਂ ਅਨੁਭਵ ਹੈ ਜਿਸ ਤੋਂ ਅਗਾਂਹ ਕਵੀ ਬਿਰਤਾਂਤ ਸਿਰਜਦਾ ਹੈ, ਜਿਸ ਵਿਚ ਕਲਪਨਾ ਦੇ ਅੰਸ਼ ਆਉਂਦੇ ਹਨ ਜਿਸ ਨਾਲ ਉਹ ਮੱਧਕਾਲੀ ਕਾਵਿ ਸਿਰਜਣਾ ਤੋਂ ਅਜੋਕੀ ਭਾਸ਼ਾ ਵਿਚ ਰਹੱਸਵਾਦੀ ਕਵਿਤਾ ਸਿਰਜਦਾ ਹੈ। ਪਰ ਇਹ ਕਵਿਤਾ ਕੇਵਲ ਗੁਰੂ ਨਾਨਕ ਨਾਲ ਹੀ ਸਬੰਧਤ ਨਹੀਂ ਰਹਿੰਦੀ ਸਗੋਂ 'ਸੁਪਨੇ ਵਿਚ ਮਿਲਿਆ ਸੱਜਣ' ਪਾਠਕ ਦਾ ਵੀ ਕੋਈ ਪਿਆਰਾ ਹੋ ਸਕਦਾ ਹੈ, ਜਿਸ ਨਾਲ ਕਵਿਤਾ ਵਿਚ ਸੱਜਣ ਦੀ ਛੋਹ ਭਾਵੇਂ ਸੁਪਨੇ ਵਿਚ ਮਿਲੀ ਤੇ ਜਾਗਦਿਆਂ ਕਲਾਈ ਨੂੰ ਕੰਬਦੀ ਮਹਿਸੂਸ ਕਰਨਾ ਉਸ ਵਿਛੋੜੇ ਦਾ ਲਖਾਇਕ ਹੈ, ਜਿਸਦੀ ਕਵੀ ਨੂੰ ਇੱਛਾ ਸੀ। ਸੋ ਸੁਪਨਾ ਧਾਅ ਕੇ ਗਲਵਕੜੀ ਪਾਉਂਦਾ ਛੋਹ ਤੇ ਵਿਛੋੜਾ ਅਜਿਹੇ ਚਿਹਨਿਕ ਬਣ ਜਾਂਦੇ ਹਨ ਜੋ ਉਸਦੇ ਕਾਵਿ ਸ਼ਾਸਤਰ ਦੇ ਕਈ ਅਰਥਾਂ ਵਲ ਸੰਕੇਤ ਕਰਦੇ ਹਨ।

ਮੈਂ ਇਸ ਗੱਲ ਨੂੰ ਡਾ. ਗੁਰਭਗਤ ਦੀ ਪੁਸਤਕ 'ਦੇਹ ਕਾਵਿ ਸ਼ਾਸਤਰ ਤੇ ਕ੍ਰਾਂਤੀ' ਦੇ ਪੰਨਾ 25-26 ਤੋਂ ਕੁਝ ਸਤਰਾਂ ਕੋਡ ਕਰਨਾ ਚਾਹੁੰਦੀ ਹਾਂ :





ਸਾਹਿਤਕ ਪਾਠ ਦਾ ਪੂਰਨ ਸ਼ਕਤੀ ਵਲ ਲੈ ਕੇ ਜਾਣ ਵਾਲਾ ਚਿਹਨਿਕ ਸਿਰਫ ਚਿਹਨਾਂ ਦੇ ਇਕ ਨਵੇਂ ਜੋੜ ਵਿਚੋਂ ਹੀ ਨਹੀਂ ਉਪਜਦਾ ਸਗੋ ਇਸਦਾ ਰਿਸ਼ਤਾ 'ਲੇਖਕ ਦੇ ਮਨ ਅਤੇ ਸਰੀਰ ਦੇ ਸੰਗਠਨ ਨਾਲ ਵੀ ਹੁੰਦੈ। ਭਾਵੇਂ ਲੈਵੀ ਸਤ੍ਰਾਸ ਅਤੇ ਫੂਕੋ ਇਸ ਧਾਰਨਾ ਨੂੰ ਨਹੀਂ ਮੰਨਦੇ ਪਰ ਪੂਰਬ ਵਿਚ ਲੇਖਕ ਦੀ ਦਿਵ-ਦ੍ਰਿਸ਼ਟੀ ਤੇ ਇਸ ਨਾਲ ਸੰਬੰਧਿਤ 'ਮਨੋਸਰੀਰਕ ਸੰਗਠਨ' ਉੱਤੇ ਬਲ ਦਿੰਦੇ ਹਨ। "ਇਸ ਗੱਲ ਨੂੰ ਹੁਣ ਹੌਲੀ-ਹੌਲੀ ਪੱਛਮ ਚਿੰਤਨ ਵੀ ਸਵੀਕਾਰਨ ਲੱਗ ਪਿਆ ਹੈ। ਇਸ ਗੱਲ ਦੀ ਤਸਦੀਕ ਰੋਮਨ ਜੈਕਬਸਨ ਦਾ ਇਕ ਲੇਖ (The Poetry of Grammer and the Grammar of Poetry) ਕਰਦਾ ਹੈ। ਭਾਰਤ ਦੇ ਚਾਰਵਾਕ ਜਾਂ ਲੋਕਾਇਤ, ਬੁੱਧਵਾਦ, ਬ੍ਰਹਮਵਾਦ ਆਦਿ ਗ੍ਰੰਥ ਜਾਂ ਦਸਮਗ੍ਰੰਥ ਸੋਚ ਪ੍ਰਬੰਧਾਂ ਦੀਆਂ ਸੰਰਚਨਾਵਾਂ ਨੂੰ ਧਿਆਨ ਨਾਲ ਵੇਖੀਏ ਤਾਂ ਇਨ੍ਹਾਂ ਦੇ ਵੱਖੋ-ਵੱਖਰੇ ਇਤਿਹਾਸਕ ਪ੍ਰਸੰਗਾਂ ਦੇ ਬਾਵਜੂਦ ਇਕ ਸਾਂਝ ਜੋ ਕਾਇਮ ਹੈ ਉਹ ਹੈ- 'ਦੇਹ ਦੀ ਸਾਰਥਕਤਾ' "

ਭਾਈ ਵੀਰ ਸਿੰਘ ਕੇਵਲ ਪਰਾਸਰੀਰਕ ਰਹੱਸ ਦੀ ਹੀ ਗੱਲ ਨਹੀਂ ਕਰਦਾ ਸਗੋਂ ਦੁਨਿਆਵੀ ਪੱਧਰ ਤੇ ਸਰੀਰਕ ਤੇ ਮਨੋਵਿਗਿਆਨਕ ਪਰਤਾਂ ਨੂੰ ਵੀ ਉਘਾੜਦਾ ਹੈ। ਭਾਰਤੀ ਵਿਸ਼ਵ ਦ੍ਰਿਸ਼ਟੀ ਵਿਚ ਸੌਂਦਰਯ ਸ਼ਾਸਤਰੀ ਪੱਖ ਤੋਂ ਅਜਿਹੀ ਦ੍ਰਿਸ਼ਟੀ ਨਾਲ ਅਤੇ ਪਛੱਮੀ ਸਾਹਿਤ ਦੇ ਰੁਮਾਂਸਵਾਦੀ ਵਰਤਾਰੇ ਨਾਲ ਭਾਈ ਸਾਹਬ ਦੀ ਕਵਿਤਾ 'ਕੰਬਦੀ ਕਲਾਈ' ਨਵੇਂ ਅਰਥ ਗ੍ਰਹਿਣ ਕਰਦੀ ਹੈ ਜਿਸ ਵਿਚ ਪਰਾਭੌਤਿਕਤਾ ਤੇ ਸੰਦਰਭ ਵਿਚ ਦੇਹ-ਮਿਲਣ-ਛੋਹ 'ਸੁਪਨੇ' ਦੇ ਪ੍ਰਤੀਕ ਰਾਹੀਂ ਆਧੁਨਿਕ ਪੰਜਾਬੀ ਸਾਹਿਤ ਵਿਚ ਗੌਰਵਸ਼ਾਲੀ ਕਾਵਿ ਸਿਰਜਣਾ ਕਰਦੀ ਹੈ। ਅਵਚੇਤਨ 'ਸੁਪਨਾ' ਅਤੇ ਦੇਹ ਦੇ ਸੰਜੋਗ ਨੂੰ ਸਵੀਕਾਰ ਕਰਦੀ ਮਨੁੱਖੀ ਸ਼ਖਸੀਅਤ ਵਿਚ ਪ੍ਰਫੁਲਿਤ ਕਰਦੀ ਹੈ।

ਇਸੇ ਤਰ੍ਹਾਂ 1905 ਵਿਚ ਰਚਿਤ ਭਾਈ ਵੀਰ ਸਿੰਘ ਦਾ ਮਹਾਂਕਾਵਿ 'ਰਾਣਾ ਸੂਰਤ ਸਿੰਘ' ਜਿਹੜਾ ਕਿ ਆਧੁਨਿਕ ਮਹਾਂ ਕਾਵਿ ਵਿਚ ਆਪਣੇ ਨਵੇਂ ਪ੍ਰਤਿਮਾਨ ਸਿਰਜਦਾ ਹੈ ਜਿਹੜਾ ਕਿ ਨਾ ਤਾਂ ਯੂਰਪੀ ਮਹਾਂਕਾਵਿ ਅਤੇ ਨਾ ਹੀ ਸੰਸਕ੍ਰਿਤ ਕਾਵਿ ਸ਼ਾਸਤਰ (Indian Poetics) ਦੇ ਪ੍ਰਤਿਮਾਨਾਂ ਦੀ ਗ਼ੁਲਾਮੀ ਕਰਦਾ ਹੈ ਸਗੋਂ 33 ਵਰ੍ਹਿਆਂ ਦੀ ਉਮਰ ਵਿਚ ਅਜਿਹਾ ਮਹਾਂਕਾਵਿ ਸਿਰਜਦਾ ਹੈ ਜਿਸ ਵਿਚ ਅਧਿਆਤਮਕ ਤਲਾਸ਼ ਨੂੰ ਬਿਆਨ ਕਰਦਿਆਂ ਪ੍ਰਤੀਕਾਤਮਕ ਤੌਰ ਤੇ ਕੇਵਲ ਰਾਣੀ ਰਾਜ ਕੌਰ ਦੀ ਤਲਾਸ਼ ਨੂੰ ਹੀ ਬਿਆਨ ਨਹੀਂ ਕਰ ਰਿਹਾ ਜਾਂ ਦਾਂਤੇ ਦੀ 'ਡਿਵਾਈਨ ਕਾਮੇਡੀ' ਦੀ ਪਾਤਰ ਬਿਆਤਰਿਸ ਨੂੰ ਹੀ ਨਹੀਂ ਅਵਚੇਤਨ 'ਚ ਨਹੀਂ ਚਿਤਣ ਰਿਹਾ ਸਗੋਂ ਪੰਜਾਬੀ ਆਤਮਾ ਦੇ ਅੰਦਰਲੇ ਖਲਾਅ ਨੂੰ ਸੰਕਟ ਨੂੰ ਪੇਸ਼ ਕਰਦਾ ਇਸ ਨੂੰ ਬਹੁਅਰਥੀ ਬਣਾ ਦਿੰਦਾ ਹੈ। ਜਿਸ ਰਾਹੀਂ ਭਾਈ ਵੀਰ ਸਿੰਘ ਪੰਜਾਬ ਦੇ ਇਤਿਹਾਸ ਵਿਚ ਫੈਲ ਰਹੇ ਸਮਕਾਲੀ ਵਿਸਥਾਰ ਨੂੰ ਵੀ ਕਾਵਿਕ ਅੰਦਾਜ਼ ਵਿਚ ਪਕੜਨ ਦਾ ਯਤਨ ਕਰਦਾ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਵਿਚਲਾ ਅਧਿਆਤਮ, ਪ੍ਰਕਿਰਤੀ ਤੇ ਰਹੱਸ ਆਧੁਨਿਕ ਪੰਜਾਬੀ ਕਵਿਤਾ ਵਿਚ ਸੰਵਾਦੀ ਸਥਿਤੀ ਵੀ ਪੈਦਾ ਕਰਦਾ ਹੈ। ਭਾਵੇਂ ਇਹ ਸੰਵਾਦ ਉਸਦਾ ਮੂਲ ਰੂਪ ਵਿਚ ਹੋਵੇ ਭਾਵੇਂ ਪ੍ਰਕਿਰਤੀ ਨਾਲ, ਰਹੱਸ ਜਾਂ ਸਭਿਆਚਾਰ ਨਾਲ ਪਰ ਇਹ ਸੰਵਾਦੀ ਵਿਧੀ ਰਾਹੀਂ ਕਵਿਤਾ ਦੀਆਂ ਇਕੇਰਾਂ ਹੀ ਅਨੇਕਾਂ ਪਰਤਾਂ ਨੂੰ ਖੋਲ ਜਾਂਦਾ ਹੈ। ਆਧੁਨਿਕ ਆਲੋਚਨਾ ਪ੍ਰਣਾਲੀਆਂ ਵਿਚ ਅਸੀਂ ਗਲਪ ਵਿਚ ਬਾਖ਼ਤਿਨ ਵੱਲੋਂ 'ਸੰਵਾਦ' ਜਾਂ 'ਡਾਇਲੱਾਗ' ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਪਰ ਭਾਈ ਵੀਰ ਸਿੰਘ ਦਾ ਇਹ ਸੰਵਾਦ ਆਪਣੇ ਸਮਕਾਲੀਆਂ ਨਾਲ, ਠੇਠ ਪੰਜਾਬੀ ਸਭਿਆਚਾਰ ਨਾਲ ਜਾਂ ਹੋਰ ਅਨੇਕਾਂ ਤਰ੍ਹਾਂ ਦੇ ਕਾਵਿਕ ਸੰਵਾਦ ਦੀਆਂ ਅਤੇ ਪ੍ਰਸ਼ਨ ਉੱਤਰ ਵਿਧੀ ਜਾਂ ਨਾਟਕੀ ਵਿਧੀ ਬਾਰੇ ਕੁਝ ਉਦਾਹਰਣਾਂ ਨੂੰ ਲੈਣਾ ਠੀਕ ਰਹੇਗਾ! ਜਿਵੇਂ ਕਿ ਉਸਦੀ ਪਹਿਲੀ ਕਿਰਤ 'ਨਿਨਾਣ ਭਰਜਾਈ ਦੀ ਸਿੱਖਿਆਦਾਇਕ ਵਾਰਤਾਲਾਪ' ਸਾਨੂੰ ਉਸਦੇ ਸਮਾਜਕ ਸਰੋਕਾਰਾਂ ਦੀ ਕਾਵਿ ਸ਼ੈਲੀ ਦੀ ਨਾਟਕੀ ਵਾਰਤਾਲਾਪ ਨਾਲ ਸਾਂਝ ਪੁਆਉਂਦਾ ਹੈ।ਉਸਦੀਆਂ ਮੁੱਢਲੀਆਂ 2-2 ਸਤਰਾਂ ਉਦਾਹਰਣ ਵਜੋਂ ਦੇਣਾ ਚਾਹਾਂਗੇ : -

ਭਰਜਾਈ:- ਮੇਰੇ ਨਾਲ ਹੈ ਮਾਪਿਆਂ ਵੈਰ ਕੀਤਾ
ਜੋੜ ਦਿੱਤਾ ਹੈ ਨਾਲ ਗੁਮਾਨੀਏ ਦੇ।
ਨਿਨਾਣ:- ਐਸੇ ਬੋਲ ਨਾ ਭਾਬੀਏ ਬੋਲ ਮੂੰਹੋ,
ਕੁਲਵੰਤੀਆਂ ਨੂੰ ਇਹ ਨਾ ਸੋਭਦਾ ਨੀ।

ਭਾਈ ਵੀਰ ਸਿੰਘ ਦੇ ਸਰੋਕਾਰ ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਨਾਲ-ਨਾਲ ਵਿਆਹ ਪ੍ਰਬੰਧ ਪ੍ਰਣਾਲੀ ਨੂੰ ਵੀ ਕਾਵਿਕ ਯੋਗਤਾ ਨਾਲ ਕਲਾਵੇ ਭਰਦੇ ਹਨ।

ਇਸੇ ਤਰ੍ਹਾਂ ਉੱਤਰਆਧੁਨਿਕਤਾ ਦੇ ਦੌਰ ਵਿਚ ਜਵਾਬਾਂ ਕੋਲੋਂ ਪ੍ਰਸ਼ਨ ਵਿਧੀ ਕਾਵਿ ਨੂੰ ਬਹੁਤ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਤੇ ਭਾਈ ਵੀਰ ਸਿੰਘ ਦੀ ਸਮੁੱਚੀ ਕਾਵਿ ਰਚਨਾ ਵਿਚ ਪ੍ਰਸ਼ਨਾਤਮਕ ਵਿਧੀ ਦੀਆਂ ਕਵਿਤਾਵਾਂ ਇਨ੍ਹਾਂ ਸੰਗ੍ਰਹਿਆਂ ਦੇ ਆਰ-ਪਾਰ ਫੈਲੀਆ ਹੋਈਆਂ ਹਨ ਮਸਲਨ - (ਰੌਸ਼ਨ ਆਰਾ ਸਮਾਧ ਚੋਂ) ਕਿਉਂ ਜਚਦੇ ਹਨ ਕਦਮ ਤੁਸਾਡੇ ਬਾਗ ਅਸਾਡਾ ਵੜਦੇ? ਤਾਂ 'ਰੌਸ਼ਨ ਆਰਾ' ਯਾਤ੍ਰੀਆਂ ਨੂੰ ਇਉਂ ਸੰਬੋਧਿਤ ਹੁੰਦੈ ਜਿਸ ਵਿਚ ਇਤਿਹਾਸ, ਫਲਸਫਾ ਨੂੰ ਵੇਖ ਮਨੁੱਖੀ ਮਨ ਦੀ ਸਾਇਕੀ ਇਕੇਰਾਂ ਹੀ ਝਲਕਾਰੇ ਮਾਰਨ ਲੱਗਦੀ ਹੈ। ਉਸਦਾ ਜਵਾਬ :

"ਬਾਗ ਸੈਰ ਨੂੰ ਹਰ ਕੋਈ ਆਵੇ ਕਬਰੋਂ ਪਰੇ ਰਹਾਇਆ
ਲੋਥ ਨਹੀਂ, ਵੇ ਲੋਕੋ, ਮੈਂ ਹਾਂ, ਕਿਉਂ ਜੱਚਦੇ ਤੇ ਹੱਟਦੇ?
ਫੁੱਲ, ਫਲ, ਫਲੀ, ਕਲੀ ਤੇ ਪੱਤੇ, ਸਹੀਓ ਰੂਪ ਵਟਾਇਆ॥"

ਭਾਈ ਵੀਰ ਸਿੰਘ ਨੇ ਪ੍ਰਕਿਰਤਕ ਬਿੰਬਾਂ ਰਾਹੀਂ ਅਨੇਕਾਰਥੀ ਅਤੇ ਬਹੁ-ਪਰਤੀ ਕਾਵਿ ਸਿਰਜਣਾ ਕੀਤੀ ਹੈ, ਜਿਸਦੇ ਪਾਠਕ ਕਿੰਨੇ ਹੀ ਚਿਹਨਿਕਾਂ ਨੂੰ ਚਿਹਨਿਤ ਕਰ ਸਕਦੇ ਹਨ। ਜਿਵੇਂ ਗੁਲਦਾਉਂਦੀਆਂ ਨਹੀਂ ਆਈਆਂ, ਫੁੱਲ ਤੇ ਯੋਗੀ, ਬੁਲਬੁਲ ਤੇ ਰਾਹੀ ਜਾਂ 'ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਕੇਵਲ ਕਸ਼ਮੀਰ ਦੇ ਚਸ਼ਮੇ ਦੀ ਸੁੰਦਰਤਾ ਜਾਂ ਚੰਚਲਤਾ ਨੂੰ ਹੀ ਪ੍ਰਸ਼ਨ-ਉੱਤਰ ਵਿਧੀ ਵਿਚ ਨਹੀਂ ਬਿਆਨ ਕਰ ਰਿਹਾ ਸਗੋਂ ਜਜ਼ਬਾ, ਇਸ਼ਕ, ਉਤਸਾਹ, ਨਿਰੋਈ ਸੋਚ ਤੇ ਮਿਹਨਤ ਮਿਲਣ ਬਿਰਹਾ ਆਦਿ ਅਨੇਕਾਂ ਸੰਕਲਪਾਂ ਨੂੰ ਮੁਖਾਤਿਬ ਹੁੰਦੈ। ਸਾਨੂੰ ਸੂਫੀ ਤੇ ਇਸ਼ਕ ਕਾਵਿ ਦੇ ਪ੍ਰਵਾਹ ਵਿਚ ਵੀ ਪ੍ਰਵਾਹਿਤ ਕਰਦਾ ਜਾਂਦਾ ਹੈ:-

ਪ੍ਰਸ਼ਨ- ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਨੂੰ ਜਾਰੀ?
ਚਸ਼ਮੇ ਦਾ ਉੱਤਰ- ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ

ਵਸਲੋਂ ਉਰੇ ਮੁਕਾਮ ਨਾ ਕੋਈ
ਸੋ ਚਾਲ ਪਏ ਨਿੱਤ ਰਹਿੰਦੇ।

ਅਸਲ ਵਿਚ ਅਸੀਂ ਭਾਈ ਵੀਰ ਸਿੰਘ ਦੇ ਕਾਵਿ ਨੂੰ ਇਕਹਰੀ ਦ੍ਰਿਸ਼ਟੀ ਤੇ ਵਿਚਾਰਧਾਰਾ ਨਾਲ ਪੜ੍ਹ ਕੇ ਉਸਨੂੰ ਮਨਫ਼ੀ ਕਰਕੇ ਬੜਾ ਖਾਮਿਆਜ਼ਾ ਭੁਗਤਿਆ ਹੈ। ਅਜਿਹੀ ਭਾਸ਼ਾ ਦੀ ਅਮੀਰੀ, ਸੁਹਣੀ ਸਰਲ ਭਾਸ਼ਾ 'ਚ





ਇੰਨੀਆਂ ਡੂੰਘੀਆਂ ਪਰਤਾਂ ਵਾਲੇ ਕਾਵਿ ਨੂੰ ਪੁਨਰ ਪੜਚੋਲਣ ਦੀ ਲੋੜ ਹੈ। ਜਵਾਨੀ 'ਚ ਮਾਵਾਂ ਦੀ ਜੱਫੀ ਜਾਂ ਗੋਦੀ ਸੌੜੀ ਲਗਦੀ ਹੈ ਅਤੇ ਮਹਿਕ ਖੁੱਲੇ ਅਰਸ਼ਾਂ 'ਚ ਵਿਚਰਨ ਦੀ ਸੁਤੰਤਰਤਾ ਚਾਹੁੰਦੀ ਹੈ ਤੇ ਪੰਜਾਬੀ ਸਭਿਆਚਾਰਕ ਮਾਨਸਿਕਤਾ, ਕੁੜੀਆਂ ਦੀ ਸਾਂਭ ਸਭਾਲ ਤੇ ਵਹਿਸ਼ੀ ਮਾਹੌਲ ਭਾਈ ਸਾਹਿਬ ਤੋਂ ਲੁਕਿਆ ਨਹੀਂ ਸੀ ਉਹ ਬੜੇ ਪ੍ਰਤੀਕਾਤਮਕ ਅੰਦਾਜ਼ ਵਿਚ ਸੌਂਦਰਯ ਪ੍ਰਕਿਰਤੀ, ਖੁੱਲ ਤੇ ਮਨੋਵਿਗਿਆਨ ਨੂੰ ਕਵਿਤਾ, ਕਰਨੇ ਦੀ ਖੁਸ਼ਬੋ ਤੇ ਕਰਨੇ ਦੀ ਅਨਖੁੱਲੀ ਕਲੀ ਦੀ, ਕਰਨੇ ਦੇ ਅੱਧਖਿਲੇ ਫੁਲ ਨੂੰ ਜੋ ਅਜੇ ਬੰਦ ਹੈ, ਕਲੀ ਦੀ ਸ਼ਕਲ ਵਿਚ ਹੈ, ਮਾਨੋ ਅੰਦਰੋ ਹੀ ਆਖਦੀ ਹੈ -

ਖੁਸ਼ਬੋ- ਜੱਫੀ ਛੇਤੀ ਖੋਲ੍ਹ ਨੀ ਮਾਏਂ!
ਬੰਨ ਨਾ ਬਹਾਲ ਸਾਨੂੰ,
ਗੋਦੀ ਤੇਰੀ ਹੋਰ ਸਾਥੋਂ
ਬੈਠਾ ਨਹੀਂ ਜਾਂਵਦਾ।

ਕਲੀ ਦਾ ਆਪਣੇ ਅੰਦਰ ਪੈਦਾ ਹੋਈ ਖੁਸ਼ਬੋ ਨੂੰ ਜਵਾਬ:-

ਗੋਦੋਂ ਗਈ, ਗਈ, ਗਈ
ਖਿੰਡ-ਖਿੰਡ, ਖਿਲ੍ਹ ਖਿਲ੍ਹ
ਖਿਲ੍ਹ ਖਿਲ੍ਹ, ਖਿੰਡ-ਖਿੰਡ
ਗੁਆਚ ਜਾਸੇਂ ਜਾਣ ਲੈ!
ਖੁੱਲੇ ਖੁੱਲੇ ਮੰਡਲਾਂ ਦੇ
ਸੁਪਨੇ ਜੋ ਆਣ ਤੈਨੂੰ
ਸੁਪਨਾ ਕਰ ਲੈਣਗੇ ਓ
ਸਾਦੀ ਏ ਪਛਾਣ ਲੈ।

ਆਮ ਤੌਰ ਤੇ ਭਾਈ ਵੀਰ ਸਿੰਘ ਤੇ ਦੋਸ਼ ਇਹ ਲਗਦਾ ਹੈ ਕਿ ਉਹ ਕੁਦਰਤ ਦੀ ਗੋਦ ਵਿਚ ਸੁੱਖ ਅਰਾਮ ਮਾਣਦਾ ਕੇਵਲ ਸਿੱਖੀ ਦਾ ਝੰਡਾ ਬਰਦਾਰ ਸੀ ਪਰ ਜਦੋਂ ਉਸਦੇ ਸਮੁੱਚੇ ਸਾਹਿਤ ਨੂੰ ਤਾਂ ਕੀ ਕੇਵਲ ਕਵਿਤਾ ਨੂੰ ਚੰਗੀ ਤਰ੍ਹਾਂ ਹੀ ਪੜ੍ਹੋ ਪਛਾਣੋ ਤਾਂ ਸਾਨੂੰ ਉਸਦੇ ਥੀਮਕ ਸਰੋਕਾਰਾਂ ਵਿਚ ਹੀ ਸਮਕਾਲ ਪ੍ਰਤੀ ਸੰਵੇਦਨਸ਼ੀਲਤਾ ਤੇ ਫ਼ਿਕਰ ਨਜ਼ਰ ਆਉਂਦੇ ਹਨ ਜਿਸਦੀ ਸ਼ੈਲੀ ਉਸਦੀ ਆਪਣੀ ਵਿਲੱਖਣ ਅਤੇ ਪ੍ਰਤੀਕਾਤਮਕ ਹੈ ਜਿਹੜਾ ਕਵੀ ਬਨਫ਼ਸ਼ਾਂ ਦੇ ਅਣਗੋਲੇ ਲੁਕੇ ਛਿਪੇ ਫੁਲ ਨੂੰ ਆਪਣੀ ਕਵਿਤਾ ਦੀ ਨਜ਼ਰ ਵਿਚ ਲੈ ਆਂਉਂਦ ਤਾਂ ਕੀ ਉਹ 1947 ਦੀ ਵੰਡ ਤੇ ਘੱਲੂਘਾਰੇ ਨੂੰ ਵੇਖ ਚੁੱਪ ਰਿਹਾ ਹੋਵੇਗਾ? ਜੇਕਰ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ 'ਚ ਜਕੜਿਆ ਪਿਆ ਸੀ ਤਾਂ 1857 ਤੋਂ ਬਾਅਦ ਦੇ ਪੰਜਾਬ ਵਿਚ ਉਸਨੇ ਕੇਵਲ ਪੰਜਾਬੀ ਭਾਸ਼ਾ ਜਾਂ ਸਿੱਖੀ ਆਦਰਸ਼ਾਂ ਜਾਂ ਕੌਮ ਦਾ ਫ਼ਿਕਰ ਹੀ ਜ਼ਾਹਿਰ ਕਰਦਿਆਂ ਕੇਵਲ ਟ੍ਰੈਕਟ ਹੀ ਨਾ ਲਿਖੇ ਸਗੋਂ ਗੁਲਾਮੀ ਦੇ ਦਰਦਾਂ ਨੂੰ ਬਹੁਤ ਹੀ ਤਾਰਕਿਕ ਸੰਵੇਦਨਸ਼ੀਲ ਅਤੇ ਪ੍ਰਤੀਕੀ ਭਾਸ਼ਾ ਵਿਚ ਪੇਸ਼ ਕੀਤਾ 1946-48 ਦੇ ਟ੍ਰੈਕਟਾ ਵਿਚ ਉਹ ਇਕ *Political Analytical* ਵਜੋਂ ਸਾਹਮਣੇ ਆਇਆ ਜਿਸਦਾ ਦਰਸ਼ਨ ਲੋਕਤੰਤਰੀ ਸੀ। ਉਸਦੇ ਸਮੁੱਚੇ ਸਾਹਿਤ ਨੂੰ ਵਾਚ ਕੇ ਹੀ ਉਸਦਾ ਕਾਵਿ ਸ਼ਾਸਤ੍ਰੀ ਅਧਿਐਨ ਸਹੀ ਢੰਗ ਨਾਲ ਕੀਤਾ ਜਾ ਸਕਦਾ ਹੈ ਜਿਸ ਨਾਲ ਉਸਦੇ ਪਾਠਾਂ ਦੀ ਅਨਿਕਸਵਰਤਾ ਨੂੰ ਸਮਝਿਆ ਜਾ ਸਕਦਾ ਹੈ।

ਪ੍ਰਸ਼ਨ- ਪੱਛੋਂ ਵੱਲੋਂ ਤੁਰੇ ਆਏ ਜ਼ਵਾਨਿਆਂ ਦੇ ਦੱਲੋ ਦੱਲ
ਮੂੰਹੋ ਚੁੱਕ ਪਾਰ ਆਏ, ਪੇਸ਼ ਤੇਰੀ ਨਹੀ ਗਈ।
ਉੱਤਰ- ਲਟਕ ਐਸ਼ ਲਾਂਦੇ ਨਾ 'ਅਟਕ' ਕੌਣ ਹੌੜ ਦਾ।

ਲਟਕਾਂ ਨੇਹੁੰ ਤੁਸਾਂ ਲਾਏ, ਪਟਕ ਵੈਰੀ ਤੁਰੇ ਆਏ।
ਦੋਸ਼ ਸਾਰਾ ਤੁਸਾਂ ਦਾ ਹੈ, ਅਟਕ ਜੋ ਗਏ ਸਾ ਜੇ।[6]

ਇਸੇ ਪ੍ਰਕਾਰ ਫੁੰਡਿਆਂ ਤੋਤਾ ਜਾਂ ਗੰਗਾ ਰਾਮ, ਸੌਦਾਰਗੀ ਬੀਸਾ ਕਵਿਤਾ ਨੂੰ ਵੇਖਿਆ ਜਾ ਸਕਦਾ ਹੈ। 'ਕੁਤਬ ਦੀ ਲਾਠ' ਕਵਿਤਾ ਵਿਚ ਕਵੀ ਹਿੰਦੂ ਮੁਸਲਿਮ ਦੇ ਝਗੜੇ ਜਾਂ ਸੈਮਟਿਕ ਵਰਤਾਰੇ ਨੂੰ ਸਾਂਝੀਵਾਲਤਾ ਦੇ ਸੰਕਲਪ ਨਾਲ ਪਛਾਣਦਾ ਉਸਨੂੰ 'ਹਿੰਦ ਗਗਨ ਦਾ ਇੰਦੂ' ਬਿਆਨਦਾ ਅਮਨ ਸਥਾਪਤ ਕਰਦਾ ਹੈ।

"ਕੀ ਤੂੰ ਕੁਤਬ! ਕੁਤਬ ਦਾ ਜਾਇਆ,
ਸੈਮਟਿਕ ਹੈ ਤੂੰ ਅਸਲੋਂ?
ਯਾ ਪੱਥਰ ਤੂੰ ਪੁੱਤ ਪਿਥੌਰਾ,
ਅਰਯ ਹੈ ਤੂੰ ਨਸਲੋਂ?

ਕਵੀ ਉਸ ਬਾਰੇ ਸੈਕੁਲਰ ਦ੍ਰਿਸ਼ਟੀਕੋਣ ਦਿੰਦਾ ਆਖਦਾ ਹੈ :-

'ਕੁਤਬ' ਨਾਮ ਤੋਂ ਸੈਮਟਿਕ ਜਾਪੇਂ
'ਲਾਠ' ਨਾਮ ਤੋਂ ਹਿੰਦੂ,
ਪਰ ਸਾਨੂੰ ਤੂੰ ਸਾਂਝਾਂ ਦਿੱਸੇ
ਹਿੰਦ ਗਗਨ ਦਾ ਇੰਦੂ।"

ਹਿੰਦੁਸਤਾਨ ਤੇ ਸਮੇਂ-ਸਮੇਂ ਧਾੜਵੀ ਆ-ਆ ਕੇ ਲੁੱਟ-ਖਸੁੱਟ ਮਚਾਉਂਦੇ ਰਹੇ ਤੇ ਭਾਈ ਵੀਰ ਸਿੰਘ ਆਪਣੀ ਸਾਰੀ ਹਯਾਤੀ ਜੋ ਕੁਝ ਅਨੁਭਵ ਕੀਤਾ, ਵੇਖਿਆ ਉਸ ਵਿਚੋਂ ਆਰਯਾ ਕਾਲ ਤੋਂ ਸਾਮਰਾਜੀ ਬ੍ਰਿਟਿਸ਼ ਕਾਲ ਤੱਕ ਨੂੰ ਆਪਣੇ ਨਿਵੇਕਲੇ ਰੂਪਾਂ, ਮਿੱਥਾਂ, ਇਤਿਹਾਸ, ਪ੍ਰਕਿਰਤੀ ਆਦਿ ਦੇ ਬਿੰਬਾਂ ਰਾਹੀਂ ਸਾਡੀ ਨਜ਼ਰੇ ਕਰਦਾ 'ਸਾਂਝੀਵਾਲਤਾ ਦਾ ਪੈਗਾਮ ਦਿੰਦਾ ਹੈ। 1947 ਦੀ ਤ੍ਰਾਸਦੀ ਬਾਰੇ ਪੁਸਤਕ 'ਬਿਖਮ ਤੇਰਾ ਭਾਣਾ' ਦੀ ਸਿਰਜਣਾ ਕਰਦਾ ਹੈ। ਪਰ ਪਤਾ ਨਹੀਂ ਕਿਉਂ ਅਸੀਂ ਇਕੀਵੀਂ ਸਦੀ ਦੀ ਜੋਬਨ ਰੁੱਤ ਵਿਚ ਪਹੁੰਚ ਕੇ ਜਦੋਂ ਵੱਖ-ਵੱਖ ਅਨੁਸ਼ਾਸਨਾਂ ਦੇ ਅਧਿਐਨ ਦੇ ਅਤੇ ਵਰਤਾਰੇ ਦੇ ਸਨਮੁੱਖ ਹਾਂ, ਫਿਰ ਵੀ ਸਾਡੀ ਸਮਝ ਅਜੇ ਇੰਨੀ ਪੇਤਲੀ ਕਿਉਂ ਹੈ? ਜਦਕਿ ਭਾਈ ਵੀਰ ਸਿੰਘ ਦੇ ਫ਼ਿਕਰ ਆਪਣੇ ਸਮਕਾਲ ਨਾਲ ਬੜੀ ਸ਼ਿਦੱਤ ਨਾਲ ਜੁੜੇ ਹੋਏ ਹਨ। ਜੇਕਰ ਸਾਡੇ ਵਿਦਵਾਨ ਉਸ ਦੀ ਪਾਠ ਸੰਬੰਧੀ ਰਾਜਨੀਤੀ ਉਸਦੀ ਸਮੁੱਚੀ ਲਿਖਤ ਨੂੰ ਪੜ੍ਹ ਕੇ ਕਰਦੇ ਤਾਂ ਨਿਜੀ ਰੰਜਿਸ਼ ਅਤੇ ਅਕੜੇਵੇਂ ਤੋਂ ਹੱਟ ਕੇ ਉਸਨੂੰ ਫ਼ਖਰ ਨਾਲ ਪੰਜਾਬ ਦਾ ਟੈਗੋਰ ਆਖਦੇ। ਜਿਹੜੇ ਵਿਦਵਾਨ ਉਨ੍ਹਾਂ ਨੂੰ ਅੰਗ੍ਰੇਜ਼ਾ ਦਾ ਬੁਲਾਰਾ ਆਖਦੇ ਸਨ ਜੇਕਰ ਉਨ੍ਹਾਂ ਨੇ ਸਾਮਰਾਜੀ ਸ਼ਕਤੀਆਂ ਦੀ ਅੱਗੇ ਦਿੱਤੀ ਖ਼ੁਫ਼ੀਆਂ ਰਿਪੋਰਟ ਵਿਚ ਜਿਹੜੀ ਹਿੰਦ ਸਰਕਾਰ ਦੇ ਕ੍ਰਿੰਮੀਕਲ ਇੰਟੈਲਿਜੈਂਸ ਦੇ ਅਸਿਸਟੇਂਟ ਡਾਇਰੈਕਟਰ, ਮਿਸਟਰ ਡੀ. ਪੈਟਰੀ ਨੇ 1911 ਵਿਚ ਪੇਸ਼ ਕੀਤੀ ਸੀ, ਤਾਂ ਉਨ੍ਹਾਂ ਨੂੰ ਪਤਾ ਚਲਦਾ ਕਿ ਸਾਮਰਾਜੀ ਹਕੂਮਤਾ ਦੀ ਅੱਖ ਵਿਚ ਤਾਂ ਉਹ ਕੰਡੇ ਵਾਂਗ ਚੁੱਭ ਰਿਹਾ ਸੀ। ਰਿਪੋਰਟ ਦੇ ਹਵਾਲੇ ਨਾਲ ਭਾਈ ਵੀਰ ਸਿੰਘ ਦੇ ਦੋ ਤਰ੍ਹਾਂ ਦੇ ਪਾਠਕ ਆਲੋਚਕ ਰਹੇ। ਇਕ ਜਿਨ੍ਹਾਂ ਨੇ ਉਨ੍ਹਾਂ ਨੂੰ ਮੱਧਕਾਲੀ ਟੈਕਸਟ ਵਾਂਗ ਸ਼ਰਧਾ ਤੇ ਆਰਤੀ ਦੇ ਫੁੱਲ ਵਾਂਗ ਸਜਾਉਣ ਵਾਂਗ ਪੜ੍ਹਿਆ ਪੂਜਿਆ ਤੇ ਦੂਜੇ ਉਹ ਪਾਠਕ/ ਬੁੱਧੀਜੀਵੀ ਸਨ ਜਿਹੜੇ ਮਹਾਂ ਕਵੀ ਦੇ ਅੱਖ ਵਿਚਲੇ ਟੀਰ ਨੂੰ ਪ੍ਰਚਾਰਦੇ ਪ੍ਰਸਾਰਦੇ ਸਨ। ਤਾਂ ਇਹ ਗੱਲ ਯਕੀਨੀ ਹੈ ਕਿ ਉਨ੍ਹਾਂ ਕੋਲ ਆਪ ਹੀ ਇਸਨੂੰ ਪੜ੍ਹਨ-ਵੇਖਣ ਤੇ ਅਧਿਐਨ ਕਰਨ ਦੀ ਅੱਖ ਵਿਚ ਮੋਤੀਆ ਬਿੰਦ ਤੇ ਲੈਂਸ ਧੁੰਧਲਾ ਸੀ, ਜਿਸ ਵਿਚੋਂ ਅਸਲ ਵਿਚ ਉਨ੍ਹਾਂ ਦੀ ਆਪਣੀ ਇਕਹਿਰੀ ਆਲੋਚਨਾ ਦੇ ਟੀਰ ਸਾਹਮਣੇ ਆਏ।ਸਵਾਲ ਇਹ ਸੀ ਕਿ ਕੀ ਭਾਈ ਸਾਹਿਬ ਕਮਿਊਨਲ ਸਨ? ਜਾਂ ਕਿਸੇ ਵਿਸ਼ੇਸ਼ ਪਛਾਣ ਲਈ ਯਤਨਸ਼ੀਲ ਸਨ? ਤਾਂ ਉਨ੍ਹਾਂ ਦਾ ਯਤਨ ਆਪਣੇ ਤੋਂ ਵਿਰੋਧੀ ਪਛਾਣਾਂ ਨੂੰ ਆਪਣੇ 'ਚ ਸ਼ਾਮਲ





ਕਰਨਾ ਜਾਂ assimilate ਕਰਨਾ ਸੀ? ਜਵਾਬ ਹੈ ਨਹੀ! ਕਿਉਂਕਿ ਭਾਵੇਂ ਗੁਲਾਮੀ ਦੀ ਜਾਂ ਸਾਮਰਾਜੀ ਤਾਕਤਾਂ ਨਾਲ ਜੂਝਣ ਦੀ ਗੱਲ ਹੋਵੇ ਤੇ ਭਾਵੇਂ ਦੇਸ਼ ਵੰਡ ਦਾ ਮਸਲਾ ਜਾਂ ਮਨੁੱਖੀ ਸਾਮਰਾਜੀ ਤਾਕਤਾਂ ਵਿਰੁੱਧ ਉਨ੍ਹਾਂ ਦੀਆ ਕਈ ਕਵਿਤਾਵਾਂ ਪ੍ਰਤੀਕਾਤਮਕ ਸੁਰ ਵਿਚ ਕਟਾਖਸ਼ੀ ਭਾਸ਼ਾ ਵਿਚ ਬੋਲਦੀਆਂ ਹਨ ਜਿਨ੍ਹਾਂ ਚੋਂ ਕੁਝ ਉਦਾਹਰਣਾਂ ਮੈਂ ਹੇਠਾਂ ਦੇਣਾ ਚਾਹਾਂਗੀ ਅਤੇ ਹਰ ਘਟਨਾ, ਸਮੱਸਿਆਕਾਰ ਜਾਂ ਵਿਸ਼ਾ ਸਿਰਜਣ ਲਈ ਸਾਡੇ ਕੋਲ ਬਹੁਤ ਸਾਰੀਆਂ ਵਿਧਾਵਾਂ ਹਨ ਅਤੇ 47 ਦੀ ਵੰਡ ਦੀ ਸਮਾਈ ਲਈ ਕਵਿਤਾ ਕਾਫ਼ੀ ਨਹੀਂ ਸੀ ਉਸਦੇ ਬਿਰਤਾਂਤ ਤੇ ਇਤਿਹਾਸਕ ਪੱਖ ਨੂੰ ਛੋਹਣ ਲਈ ਭਾਈ ਸਾਹਿਬ ਦੇ ਲਿਖੇ ਟ੍ਰੈਕਟ ਅਤੇ ਪੱਤਰਕਾਰੀ ਨੂੰ ਵਾਚਣਾ ਬਣਦਾ ਹੈ, ਜਿਹੜੇ ਅਜੇ ਅਣਗੌਲੇ ਪਏ ਹਨ। ਉਹ ਤਾਂ ਸਿੱਖ ਕੌਮ ਵਿਚੋਂ ਅੰਗਰੇਜ਼ਾਂ ਦੀ ਅੱਖ ਵਿਚ ਚੁੱਭਣ ਵਾਲਾ ਸਭ ਤੋਂ ਖ਼ਤਰਨਾਕ ਵਿਦਵਾਨ ਸੀ।

ਪੁਸਤਕ: ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਦੇਣ: ਪੰਨਾ 64-65

> Bhai Vir Singh is editor and manager of Khalsa Samachar, a Gurmukhi Journal, which is published in Amritsar. Vir Singh is mentioned from many sources as a leading figure in the Sikh revival and as disloyal to the care. The same opinion is entertained of him by local officer. He seems to have controlling voice in the counsels of the chief Khalsa dewan. He reported to do overtures to the head Granthi of the Golden Temple with a view to have the institution under the control of new Sikh party. At the present he has complete control over the Khalsa tract society … He may safely be regarded as a Zealous neo Sikh and thoroughly anti-British.
>
> (ਸਾਮਰਾਜੀ ਸ਼ਕਤੀਆਂ ਦੀ ਅੱਗੇ ਦਿੱਤੀ ਖ਼ੁਫ਼ੀਆ ਰਿਪੋਰਟ 'ਚ ਹਿੰਦ ਸਰਕਾਰ ਦੇ Criminal Intelligence ਦੇ Assistant Director, Mr. D. Petrie ਨੇ 1911 ਵਿਚ ਪੇਸ਼ ਕੀਤੀ ਸੀ।)

ਅਰਥਾਤ:- "ਭਾਈ ਵੀਰ ਸਿੰਘ ਅੰਮ੍ਰਿਤਸਰੋਂ ਪ੍ਰਕਾਸ਼ਤ ਹੋ ਰਹੇ 'ਖਾਲਸਾ ਸਮਾਚਾਰ' ਨਾਂ ਦੇ ਇਕ ਗੁਰਮੁਖੀ ਪੱਤਰ ਦੇ ਸੰਪਾਦਕ ਤੇ ਪ੍ਰਬੰਧਕ ਹਨ। ਉਹ ਸਿੱਖਾਂ ਵਿਚ ਪੁਨਰ ਜਾਗ੍ਰਤੀ ਦੀ ਇਕ ਸਿਰਕੱਢ ਹਸਤੀ ਦਸੇ ਜਾ ਰਹੇ ਹਨ ਅਤੇ ਬੜੇ ਪੱਕੇ ਵਿਦਰੋਹ-ਭਾਵੀ ਹਨ। ਉਨ੍ਹਾਂ ਬਾਰੇ ਸਥਾਨਕ ਅਫਸਰ ਦੀ ਰਾਇ ਵੀ ਇਹੋ ਹੈ। ਚੀਫ਼ ਖ਼ਾਲਸਾ ਦੀਵਾਨ ਦੀਆਂ ਨੀਤੀਆਂ ਵਿਚ ਉਨ੍ਹਾਂ ਦੀ ਹੀ ਗੱਲ ਚਲਦੀ ਜਾਪਦੀ ਹੈ।ਉਹ ਹਰਿਮੰਦਰ ਸਾਹਿਬ ਦੇ ਵੱਡੇ ਗ੍ਰੰਥੀ ਜੀ ਨੂੰ ਇਸ ਦਾ ਪ੍ਰਬੰਧ ਨਵੀਂ ਸਿੱਖ ਪਾਰਟੀ ਦੇ ਹਵਾਲੇ ਕਰ ਦੇਣ ਲਈ ਚੁੱਕਾਂ ਦੇਂਦੇ ਰਹਿੰਦੇ ਹਨ। ਇਸ ਵੇਲੇ ਖ਼ਾਲਸਾ ਟ੍ਰੈਕਟ ਸੁਸਾਇਟੀ ਉਤੇ ਉਨ੍ਹਾਂ ਦਾ ਸੰਪੂਰਨ ਅਧਿਕਾਰ ਹੈ। ਉਨ੍ਹਾਂ ਨੂੰ ਨਿਸ਼ਚੇ ਹੀ ਇਕ ਜੋਸ਼ੀਲਾ ਨਵਾਂ ਸਿੱਖ ਅਤੇ ਬਰਤਾਨਵੀ ਰਾਜ ਦਾ ਕੱਟਰ ਵਿਰੋਧੀ ਸਮਝਿਆ ਜਾ ਸਕਦਾ ਹੈ।"

ਵੇਖੋ: Petrie, Mr. D.Recent Developments in Sikh Politics (1900-1911), A repart i.e, secret CID memorandum.

ਕਵੀ ਹਕੂਮਤਾਂ ਤੇ ਰਾਜਸੱਤਾਵਾਂ ਕਿਸੇ ਵੀ ਵਕਤਾਂ 'ਚ ਆਉਂਦੀਆਂ ਹੋਣ, ਉਨ੍ਹਾਂ ਦੀ ਕਟੱੜਤਾ ਤੇ ਕਟਾਖਸ਼ ਕਰਦਾ ਹੈ ਭਾਵੇਂ ਉਹ ਹਵਾਲਾ ਅਵਾਂਤੀ ਪੂਰੇ ਦੇ ਖੰਡਰ ਹੋਣ ਜਾਂ ਮਾਰਤੰਡੇ ਨੂੰ ਤੋੜਨ ਦਾ ਬਿੰਬ। ਸ੍ਰੀ ਨਗਰ ਅਤੇ ਅਨੰਤ ਨਾਗ ਦੇ ਵਿਚਾਲੇ 'ਅਵਾਂਤੀਪੁਰੇ ਦੇ ਖੰਡਰ' ਸਨ ਅਤੇ 'ਮਾਰਤੰਡ' ਇਹ ਸੂਰਜ ਮੰਦਰ ਜਿੱਥੇ ਕਦੇ ਖਗੋਲ ਵਿਦਿਆ ਦਾ ਟਿਕਾਣਾ ਹੁੰਦਾ ਸੀ, ਦੋਨੋਂ ਖੰਡਰ ਹੋਏ ਖੋਲ਼ੇ ਬਣੇ ਪਏ ਹਨ, ਜਿਹੜੇ ਕਿ ਬੀਤੀ

ਸਭਿਅਤਾ ਦੇ ਨਿਸ਼ਾਨ ਆਪਣੀ ਦਾਸਤਾਂ-ਏ-ਗੋਈ ਕਹਿੰਦੇ ਹਨ। ਜਦੋਂ ਕਵੀ ਮਾਰਤੰਡ ਦੇ ਖੰਡਰਾ ਨੂੰ ਵੇਖਦਾ ਹੈ ਤਾਂ ਇਕੇਰਾਂ ਹੀ ਵਸਤੂ, ਕ੍ਰਿਸ਼, ਇਤਿਹਾਸ, ਵਕਤੀ ਹਕੂਮਤਾਂ ਦੀ ਵਹਿਸ਼ਤ ਤੇ ਕਟੱੜਤਾ ਦੇ ਸਮਵਿੱਥ ਲੋਕਾਂ ਦੀਆਂ ਆਸਥਾਵਾਂ, ਜਜ਼ਬਾਤ ਤੇ ਵਿਸ਼ਵਾਸਾਂ ਦੀ ਕਰੁਣਾ ਸਾਕਾਰ ਹੋਣ ਲਗਦੀ ਹੈ। ਭੁੱਲ ਚੁੱਕੀ ਸਭਿਅਤਾ ਦੇ Mode of Production ਤੇ ਸੱਤਾ ਕਿਵੇਂ ਤਖ਼ਤਾ ਪਲਟਦੀ ਹੈ ਵੀਰ ਸਿੰਘ ਉਸਨੂੰ deconstruct ਕਰਦੈ: -

ਅਵਾਂਤੀਪੁਰਾ ਕੀ ਰਹਿ ਗਿਆ ਬਾਕੀ
ਦੋ ਮੰਦਰਾਂ ਦੇ ਢੇਰ
ਬੀਤ ਚੁੱਕੀ ਸਭਯਤਾ ਦੇ ਖੰਡਰ,
ਦੱਸਦੇ ਸਮੇਂ ਦਾ ਫੇਰ।
ਕਵੀ ਦੀ ਕਲਮ ਕੁਰਲਾਉਂਦੀ ਹੈ ਕਿ ਪਛਾਣ ਦੀਆਂ ਅੱਖਾਂ ਤੇ ਮੋਤੀਆਬਿੰਦ ਉੱਤਰ ਆਇਐ
'ਜੋਸ਼ ਮਜ਼ਹਬ' ਦੇ ਕੁਦਰਤ ਹੁਨਰ ਦੀ
ਰਹੀ ਨਾ ਠਕਿ ਤਮੀਜ਼
ਪੱਥਰ ਤੋ ਡ਼ੋ? ਦਿਲ ਪਏ ਟੁੱਟਦੇ
ਦਿੱਲ ਕਾਬਾ ਰੱਬਾਣੇ।

(ਪੰਨਾ-75)

ਹਕੂਮਤਾਂ ਰੱਬ ਦੇ ਘਰ ਹਥੋੜੇ ਚਲਾਉਂਦੀਆਂ ਤੇ ਕਵੀ ਕਟਾਖਸ਼ ਕਰਦੈ ਕਿਉਂਕਿ ਰੱਬ ਤਾਂ ਜ਼ਰੇ-ਜ਼ਰੇ 'ਚ ਸਮਾਇਐ ਪਰ ਹਕੂਮਤ ਆਪਣੇ ਵੇਲੇ ਦੀ ਸੱਤਾ ਤੇ ਈਨ ਮਨਾਉਣ ਖ਼ਾਤਰ ਆਪਣੀ ਹੈਜਮਨੀ ਤੇ ਵਿਚਾਰਧਾਰਾ ਨੂੰ ਸਿੱਧ ਕਰਦੀ ਹੈ ਤੇ ਆਮ ਆਦਮੀ ਪੱਥਰਾਂ ਤੇ ਸੱਟ ਨਹੀਂ ਆਪਣੇ ਸੀਨੇ ਤੇ ਜਿਵੇਂ ਸਹਿੰਦੇ ਹੋਣ। ਇਹ ਕਵਿਤਾਵਾਂ ਭਾਰਤ ਦੇ ਉਨ੍ਹਾਂ ਸਮੱਸਿਆਕਾਰਾਂ ਨਾਲ ਨਜਿੱਠਦੀਐਂ, ਜਿਨ੍ਹਾਂ ਦਾ ਹੱਲ ਇਕਹਿਰੀ ਵਿਚਾਰਧਾਰਾ ਕੋਲ ਨਹੀਂ।ਸੋ ਕਵੀ ਉਸ ਕੱਟੜਤਾ ਤੇ ਕਟਾਖ਼ਸ਼ ਕਰਦਾ ਇਤਿਹਾਸਕ ਘਟਨਾ ਬਿੰਬ ਦੁਆਰਾ ਸੱਤਾ ਦੇ ਵਿਰੁੱਧ ਸੰਵੇਦਨਸ਼ੀਲ ਪੱਥਰ ਤੁਟਦਿਆਂ ਦੇ ਹਾਣ ਜਾ ਖਲੋਂਦਾ ਹੈ।

ਭਾਈ ਵੀਰ ਸਿੰਘ ਬੰਦੂਕਾਂ, ਤਲਵਾਰਾਂ ਤੇ ਤੋਪਾਂ ਦੀ ਲੜਾਈ ਆਪਣੇ ਸਮਕਾਲ ਨਾਲ ਨਹੀਂ ਸੀ ਲੜ ਰਿਹਾ ਸਗੋਂ 'ਮਿਸ਼ੇਲ ਫੂਕੋ' ਮੁਤਾਬਕ ਉਹ Power of Words ਕੁਦਰਤ ਕਾਦਰ ਮਨੁੱਖਤਾ ਤੇ ਸੰਵੇਦਨਕਾਰੀ ਸ਼ਬਦ ਸ਼ਕਤੀ ਦੀ ਕਲਮ ਚਲਾ ਰਿਹਾ ਸੀ। ਇੱਥੇ ਅਸੀਂ ਭਾਈ ਸਾਹਬ ਦੀਆਂ ਸੁਤੰਤਰਤਾ ਨੂੰ ਮੱਧੇਨਜ਼ਰ ਰੱਖਦਿਆਂ ਕੁਝ ਕਾਵਿ ਸਤਰਾਂ ਕੋਡ ਕਰਨਾ ਚਾਹਾਂਗੇ, ਜਿਸ ਨਾਲ ਉਸਦੇ ਕਾਵਿ ਸ਼ਾਸਤਰ ਦੀ ਇਕ ਹੋਰ ਪਰਤ ਜ਼ਾਹਿਰ ਹੁੰਦੀ ਹੈ। ਕਵਿਤਾ ਰੁੰਡਿਆ ਤੋਤਾ ਦੇ 'ਬਾਗਬਾਨ ਅਤੇ ਤੋਤੇ' ਸੰਵਾਦ ਬਾਅਦ 'ਜ਼ਮੀਨੀ ਬੋਲੀ' ਦੇ ਬੋਲ ਗੌਰਤਲਬ ਹਨ। (ਪੰਨਾ-63)

"ਪਾ ਨਾ ਤੋਤਿਆਂ! ਰੌਲਾ ਤੇ ਸ਼ੋਰ ਏਥੇ
ਧੋਣ ਸਿੱਟ ਤੇ ਦਰਾ ਸਮਾਂ ਵੀਰਾ!
ਏਸ ਆਦਮੀ ਤੋਂ ਆਸ ਰੱਖ ਨਾਹੀਂ
ਕਰੂ ਪਿਆਰ ਤੇ ਹੁੱਬ ਵਰਤਾ ਵੀਰਾ।
ਧਰਤੀ ਇਕ ਨੂੰ ਜਿਨ੍ਹੇ ਚਾ ਵੰਡਿਆ ਏ
ਦੇਸ਼ ਦੇਸ਼ ਦੀ ਵੰਡ ਵੀਰਾ।
ਫੇਰ ਦੇਸ਼ ਦੇ ਵਿਚ ਇਲਾਕਿਆਂ ਦੀ
ਫੇਰ ਪਿੰਡ ਤੇ ਜੂਹ ਜੁਦਾ ਵੀਰਾ!





ਚੱਪੇ ਚੱਪੇ ਤੇ ਹਨ ਜਿਨ੍ਹੇ ਚੀਰ ਲਾਏ
ਵੀਰ ਚੀਰ ਤੋਂ ਵੱਖ ਵੱਖਾਂ ਵੀਰਾ
———
ਤੇਰੇ ਜਿਹੇ ਮਜ਼ਲੂਮ ਅਨੰਤ ਮੋਏ,
ਮੇਰੇ ਜਿਗਰ ਵਿਚ ਕਬਰ ਅਗਾ ਵੀਰਾ।

(ਪੰਨਾ-64)

———
ਧਰਤੀ ਏਸ ਤੇ ਜੋਰ ਜਰਵਾਨਿਆ ਦਾ
ਖਾਹਦਾ ਹੱਕ ਤੇ ਕਾਹਦਾ ਨਿਆਂ ਵੀਰਾ!
ਕੌਣ ਸਯਾਣਦਾ ਹੈ ਮੇਰੇ ਖੇੜਿਆਂ ਨੂੰ
ਕਿਸਨੂੰ ਚੜਦਾ ਹੈ ਵੇਖ ਕੇ ਚਾ ਵੀਰਾ।"

ਅਸੀਂ ਭਾਈ ਵੀਰ ਸਿੰਘ ਦੀ ਕਵਿਤਾ ਰਾਹੀਂ ਉਸਦੀ ਪ੍ਰਕਿਰਤੀ ਅਧਿਆਤਮ, ਗੁਰਮਤਿ, ਰਹੱਸ, ਲੋਕ ਤੰਤਰੀ ਰਾਜ ਬਣਤਰ, ਰਾਸ਼ਟਰਵਾਦ, ਮਨੁੱਖਤਾ, ਇਤਿਹਾਸਕਤਾ ਦੇ ਗੁਹਜਾਂ ਨੂੰ ਉਸਦੇ ਕਾਵਿ ਸ਼ਾਸਤਰ ਦੀਆਂ ਕੁਝ ਪਰਤਾਂ ਨੂੰ ਉਘਾੜਣ ਦਾ ਯਤਨ ਕੀਤਾ ਹੈ। ਇਹ ਪਾਠਗਤ ਅਧਿਐਨ ਭਾਈ ਸਾਹਬ ਭਾਈ ਵੀਰ ਸਿੰਘ ਦੀ ਕੇਵਲ ਕੁਝ ਕਵਿਤਾਵਾਂ ਦੇ ਹਵਾਲੇ ਨਾਲ ਉਨ੍ਹਾਂ ਦੀ ਕਵਿਤਾ ਦੀ ਡੂੰਘੀ ਤੇ ਬਹੁਤ ਦਿਸ਼ਾਵੀ, ਬਹੁਪਰਤੀ ਪਛਾਣ ਕਰਨ ਤੇ ਉਨ੍ਹਾਂ ਦੇ ਕਾਵਿ ਸ਼ਾਸਤ੍ਰ ਨੂੰ ਤਲਾਸ਼ਣ ਦਾ ਇਕ ਨਿਮਾਣਾ ਉਪਰਾਲਾ ਸੀ। ਉਸਨੂੰ Redefine, Represent ਅਤੇ Revisit ਕਰਨ ਦਾ ਕੰਮ Institutions 'ਚ ਬੈਠੇ ਅਧਿਕਾਰੀਆਂ ਤੇ Research Fellows ਦਾ ਹੈ। ਅਸਲ ਵਿਚ ਭਾਈ ਵੀਰ ਸਿੰਘ ਦੇ ਸਾਹਿਤ ਨੂੰ Redefine ਕਰਨ ਤੋਂ ਪਹਿਲਾਂ ਸਾਨੂੰ ਖੁਦ ਨੂੰ ਖੋਜ ਸੰਬੰਧੀ ਆਪਣੇ-ਆਪ ਨੂੰ Redefine ਕਰਨਾ ਪਵੇਗਾ ਤਾਂ ਕਿ ਨਿਸ਼ਚਿਤਤਾ ਦੇ ਹਾਸ਼ੀਆਂ ਨੂੰ ਕੱਟ ਕੇ ਖੁੱਲ੍ਹੇ ਮਨ ਨਾਲ ਸਮਾਂ/ ਇਤਿਹਾਸ ਨੂੰ ਮਾਪਦਿਆਂ ਸਮਝਦਿਆਂ ਸਾਹਿਤਕ ਕਿਰਤਾਂ ਦੀ ਪੁਨਰ ਪੜਚੋਲ ਕਰ ਸਕੀਏ। ਉਹ ਵੀ ਉਨ੍ਹਾਂ ਦੀ ਪੂਰੀ Text ਨੂੰ ਖੋਜ ਪੜ ਕੇ ਘੋਖ ਕੇ। ਖੋਜਾਰਥੀਆਂ ਨੂੰ ਇਸ ਮੌਕੇ ਸ਼ੁਭ ਇਛਾਵਾਂ ਪ੍ਰਗਟ ਕਰਦੀ ਹਾਂ। ਤਾਂ ਕਿ ਪੰਜਾਬੀ ਦੇ ਪਦਮ ਸਾਹਿਤ ਰਤਨ ਦੀ ਟੈਕਸਟ ਨੂੰ ਪੜ੍ਹ ਕੇ ਉਨ੍ਹਾਂ ਦਾ ਸਹੀ ਮੁਲਾਂਕਣ ਹੋ ਸਕੇ। ਇਹੀ ਉਨ੍ਹਾਂ ਨੂੰ ਮੇਰੀ ਅਕੀਦਤ ਹੈ।

ਐਫ.-23, ਰਾਜੌਰੀ ਗਾਰਡਨ,
ਨਵੀਂ ਦਿੱਲੀ।
ਮੋਬਾਇਲ : 98113-23640
E-mail: vanitapoet@gmail.com

0-0-0

# ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਡਾ. ਹਰਿਭਜਨ ਸਿੰਘ ਦੀ ਕਾਵਿ-ਸਮੀਖਿਆ ਨਾਲ਼ ਅਲੋਚਨਾਤਮਕ ਸੰਵਾਦ (ਮੈਟਾ-ਆਲੋਚਨਾ ਦੀ ਦ੍ਰਿਸ਼ਟੀ ਤੋਂ )

ਡਾ. ਯੋਗ ਰਾਜ

ਪੰਜਾਬੀ ਕਾਵਿ-ਸਮੀਖਿਆ ਵਿੱਚ ਭਾਈ ਵੀਰ ਸਿੰਘ ਦੀ ਕਵਿਤਾ ਸੰਬੰਧੀ ਪ੍ਰਮੁੱਖ ਸਵਾਲ ਤਾਂ ਇਹੀ ਰਿਹਾ ਹੈ ਕਿ ਕੀ ਭਾਈ ਵੀਰ ਸਿੰਘ ਦੀ ਕਵਿਤਾ ਆਧੁਨਿਕ ਹੈ ? ਜਦੋਂ ਭਾਈ ਵੀਰ ਸਿੰਘ ਦੀ ਕਵਿਤਾ ਦੀ ਆਧੁਨਿਕਤਾ ਤੇ ਆਲੋਚਕ ਪ੍ਰਸ਼ਨ ਚਿੰਨ੍ਹ ਲਾਉਂਦੇ ਹਨ ਤਾਂ ਉਨ੍ਹਾਂ ਦਾ ਆਧਾਰ, ਆਧੁਨਿਕਤਾ ਨੂੰ ਇੱਕ ਅਜਿਹੀ ਜੀਵਨ ਦ੍ਰਿਸ਼ਟੀ ਖ਼ਿਆਲ ਕਰਨਾ ਹੁੰਦਾ ਹੈ ਜਿਹੜੀ ਤਰਕ, ਬਾਹਰਮੁਖਤਾ ਅਤੇ ਵਿਗਿਆਨਕ ਹੈ। ਸਾਹਿਤਕ ਪਾਠ ਨੂੰ ਵੀ ਉਹ ਇਸੇ ਸੰਕਲਪਵਾਚੀ ਅਰਥਾਂ ਵਿੱਚ ਆਧੁਨਿਕ ਜਾਂ ਪੁਰਾਤਨ ਕਹਿੰਦੇ ਹਨ। ਪੁਰਾਤਨ ਨੂੰ ਜਦੋਂ ਭਾਈ ਵੀਰ ਸਿੰਘ ਦੀ ਕਵਿਤਾ ਰਾਹੀਂ ਦੇਖਦੇ ਹਨ ਤਾਂ ਇਹ ਪੁਰਾਤਨ ਸੰਕਲਪ ਮੱਧਕਾਲੀ ਅਧਿਆਤਮਿਕ ਚੇਤਨਾ ਬਣ ਜਾਂਦਾ ਹੈ ਜਿਸ ਦਾ ਆਧਾਰ ਧਰਮ-ਸ਼ਾਸਤਰ ਆਂਕਿਆ ਜਾਂਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਦਾ ਵਿਚਾਰਧਾਰਕ ਧੁਰਾ ਅਧਿਆਤਮਿਕ ਵੀ ਹੈ ਅਤੇ ਸਿੱਖ ਵਿਚਾਰਧਾਰਾ ਦਾ ਪਰਚਾਰ-ਪਰਸਾਰ ਵੀ ਹੈ, ਇਸ ਲਈ ਇਹ ਵਿਗਿਆਨਿਕ ਚੇਤਨਾ ਵਾਲਾ ਨਹੀਂ, ਰਹੱਸਵਾਦੀ ਹੈ, ਅਧਿਆਤਮਿਕ ਹੈ। ਇਸ ਤੋਂ ਅਗਾਂਹ ਇੱਕ ਹੋਰ ਸਰਲ ਵੰਡ ਕੀਤੀ ਜਾਂਦੀ ਰਹੀ ਹੈ - ਮੱਧਕਾਲ ਅਤੇ ਆਧੁਨਿਕ ਕਾਲ ਦੀ। ਸਾਰਾ ਪੰਜਾਬੀ ਮੱਧਕਾਲੀ ਸਾਹਿਤ ਅਧਿਆਤਮਿਕ ਮੁਹਾਵਰੇ ਵਾਲਾ ਹੈ ਸਮੇਤ ਕਿੱਸਾ-ਕਾਵਿ ਦੇ ਅਤੇ ਆਧੁਨਿਕਤਾ ਨੂੰ ਪੱਛਮੀ ਆਧੁਨਿਕਤਾ ਦੇ ਸੰਕਲਪ ਰਾਹੀਂ ਸਮਝਦਿਆਂ, ਇਸ ਨੂੰ ਸਨਅਤੀ ਕ੍ਰਾਂਤੀ ਦੀ ਵਿਗਿਆਨਿਕ ਚੇਤਨਾ ਨਾਲ਼ ਜੋੜਿਆ ਜਾਂਦਾ ਹੈ। ਸਿੱਟੇ ਵਜੋਂ ਸਮੁੱਚਾ ਪੰਜਾਬੀ ਸਾਹਿਤ ਦੋ ਪ੍ਰਮੁੱਖ ਕੋਟੀਆਂ ਵਿੱਚ ਵੰਡ ਦਿੱਤਾ ਜਾਂਦਾ ਹੈ। ਇਸ ਨਾਲ਼ ਭਾਵੇਂ ਅਸੀਂ ਪੰਜਾਬੀ ਸਾਹਿਤ ਦੀ ਵੰਡ ਨੂੰ ਤਾਂ ਸਰਲ ਬਣਾ ਲਿਆ ਪਰ ਮੱਧਕਾਲੀ ਸਾਹਿਤ ਪਰੰਪਰਾ ਦੇ ਅਸਲ ਗੌਰਵ ਨੂੰ ਸਮਝਣੋਂ ਅਸਮਰਥ ਰਹੇ। ਆਧੁਨਿਕਤਾ ਦੀ ਇਸ ਸਰਲ ਸੰਕਲਪਵਾਚੀ ਸੂਝ ਰਾਹੀਂ ਜਦੋਂ ਅਸੀਂ ਪੰਜਾਬੀ ਸਾਹਿਤ ਵਿੱਚ ਨਵੀਂ ਭਾਂਤ ਦੇ ਰੂਪਾਕਾਰਾਂ (ਯਾਨਰਜ਼) ਦੀ ਆਮਦ ਨੂੰ ਵਾਚਦੇ ਹਾਂ ਤਾਂ ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਇਹ ਵੀ ਸਿੱਟਾ ਕੱਢਦੇ ਹਾਂ ਕਿ ਭਾਈ ਵੀਰ ਸਿੰਘ ਦੀ ਕਵਿਤਾ ਰੂਪ ਦੇ ਪੱਖ ਤੋਂ ਨਵੀਂ ਹੈ, ਪੱਛਮੀਂ ਭਾਂਤ ਦੀ, ਇਸ ਲਈ ਇਹ ਰੂਪਕ ਪੱਖ ਤੋਂ ਆਧੁਨਿਕ ਹੈ ਅਤੇ ਵਿਸ਼ੇ ਅਤੇ ਵਿਚਾਰਧਾਰਾ ਦੇ ਪੱਖ ਤੋਂ ਪੁਰਾਤਨ ਅਤੇ ਰਹੱਸਵਾਦੀ। ਇਸ ਤੋਂ ਅਗਾਂਹ ਇਹ ਵੀ ਕਿਹਾ ਗਿਆ ਕਿ ਇਹ ਧਰਮ-ਸ਼ਾਸਤ੍ਰੀ ਪ੍ਰਚਾਰ ਵਾਲੀ ਹੈ ਇਸ ਲਈ ਸੰਪਰਦਾਇਕ ਹੈ। ਇਹ ਦ੍ਰਿਸ਼ਟੀ ਪਹਿਲੇ ਪੜਾਅ ਦੀ ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਵਧੇਰੇ ਹੈ, ਪਰ ਸਾਰੇ ਆਲੋਚਕਾਂ ਬਾਰੇ ਇਹ ਬਿਲਕੁਲ ਨਹੀਂ ਕਿਹਾ ਜਾ ਸਕਦਾ। ਜਿਵੇਂ ਜਿਵੇਂ ਸਾਹਿਤਕ-ਪਾਠਾਂ ਨੂੰ ਪੜ੍ਹਨ ਦੀਆਂ ਇੱਕ ਤੋਂ ਵਧੇਰੇ ਅਲੋਚਨਾ ਦ੍ਰਿਸ਼ਟੀਆਂ ਪੰਜਾਬੀ ਸਾਹਿਤ ਅਲੋਚਨਾ ਵਿੱਚ ਆਈਆਂ, ਭਾਈ ਵੀਰ ਸਿੰਘ ਦੀ ਕਵਿਤਾ ਨੂੰ ਵੀ ਪੁਨਰ-ਮੁਲਾਂਕਣ ਦੀ ਕੋਸ਼ਿਸ਼ ਜਾਰੀ ਹੈ। ਅਲਾਇੰਡ ਸਾਹਿਤ ਆਲੋਚਨਾ ਵਿੱਚ ਇੱਕ ਦ੍ਰਿਸ਼ਟੀ ਜਾਂ ਮਕਸਦ ਇਹ ਵੀ ਹੁੰਦਾ ਹੈ ਕਿ ਵੱਧ ਤੋਂ ਵੱਧ ਸਾਹਿਤਕ ਪਾਠਾਂ ਨੂੰ ਆਪਣੇ ਗੁੱਟ 'ਚ ਖੜ੍ਹਾ ਦਿਖਾਈਏ। ਇਸ ਦ੍ਰਿਸ਼ਟੀ ਤੋਂ ਕੁਝ ਯਤਨ ਭਾਈ ਵੀਰ ਸਿੰਘ ਦੀ ਕਵਿਤਾ ਦੀ ਪੜ੍ਹਤ ਦੇ ਵੀ ਦੇਖੇ ਜਾ ਸਕਦੇ ਹਨ। ਇਸ ਦ੍ਰਿਸ਼ਟੀ ਤੋਂ ਇਹ ਆਲੋਚਕ ਕੁਝ ਕਵਿਤਾਵਾਂ ਦੇ ਪਾਠਾਂ ਦੇ ਹਵਾਲੇ ਨਾਲ਼ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਉਸ ਸਮੇਂ ਦੀ ਪ੍ਰਗਤੀਸ਼ੀਲ/ਕ੍ਰਾਂਤੀਕਾਰੀ ਕਵਿਤਾ ਦੀ ਸ਼੍ਰੇਣੀ ਵਿੱਚ ਸ਼ਾਮਿਲ ਕਰ ਲੈਂਦੇ ਹਨ। ਅਜਿਹੀ ਪੜ੍ਹਤ ਬਾਰੇ ਰੇਮੰਡ ਵਿੱਲਿਅਮਜ਼ ਆਪਣੇ ਚਰਚਿਤ ਲੇਖ 'ਗੁਟਬੰਦਕ ਅਤੇ ਪ੍ਰਤਿਬੱਧ ਸਾਹਿਤ ਆਲੋਚਨਾ' ਵਿੱਚ ਬਾਖ਼ੂਬੀ ਕਰਦੇ ਹਨ। ਭਾਈ ਵੀਰ ਦੀ ਕਵਿਤਾ ਸੰਬੰਧੀ ਪੜ੍ਹਤ





ਵੀ ਕਈ ਭਾਂਤ ਦੀਆਂ ਉਲਾਰ ਦ੍ਰਿਸ਼ਟੀਆਂ ਦੀ ਉਪਜ ਰਹੀ ਹੈ। ਮੇਰੇ ਲੇਖ ਵਿੱਚ ਭਾਈ ਵੀਰ ਸਿੰਘ ਦੀ ਕਵਿਤਾ ਦੀ ਪੜ੍ਹਤ ਬਾਰੇ ਇਹ ਕੋਈ ਦਾਅਵਾ ਕਿ ਇਹ ਅੰਤਿਮ ਪੜ੍ਹਤ ਦਾ ਮਾਡਲ ਨਹੀਂ ਹੈ ਸਗੋਂ ਮੇਰੇ ਲੇਖ ਦਾ ਮੁੱਖ ਵਸਤੂ ਤਾਂ ਡਾਕਟਰ ਹਰਿਭਜਨ ਦੀ ਪੜ੍ਹਤ ਦੇ ਤਿੰਨ ਲੇਖ ਹਨ ਜਿਨ੍ਹਾਂ ਵਿੱਚ ਉਸ ਨੇ ਭਾਈ ਵੀਰ ਸਿੰਘ ਦੀ ਰਚਨਾ ਦ੍ਰਿਸ਼ਟੀ ਅਤੇ ਉਸ ਦੇ ਆਧੁਨਿਕ ਸੁਭਾਅ ਨੂੰ ਸਮਝਣ ਦਾ ਯਤਨ ਕੀਤਾ ਹੈ।

ਮੈਂ ਜਦੋਂ ਇਹ ਕਿਹਾ ਹੈ ਕਿ ਡਾਕਟਰ ਹਰਿਭਜਨ ਸਿੰਘ ਦੀ ਕਾਵਿ-ਸਮੀਖਿਆ ਨਾਲ ਸੰਵਾਦ ਤਾਂ ਕੁਦਰਤੀ ਹੈ ਕਿ ਇਸ ਲੇਖ ਵਿੱਚ ਹਰਿਭਜਨ ਸਿੰਘ ਦੀ ਭਾਈ ਵੀਰ ਸਿੰਘ ਬਾਰੇ ਸਮੀਖਿਆ ਦੀ ਵਿਆਖਿਆ ਨਹੀਂ, ਇੱਕ ਅਲੋਚਨਾਤਮਕ ਸੰਵਾਦ ਵੀ ਹੈ ਜਿਸ ਵਿੱਚ ਮੈਂ ਵੀ ਹਾਜ਼ਿਰ ਹਾਂ। ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਜਿਹੜੇ ਤਿੰਨ ਲੇਖਾਂ ਨੂੰ ਮੈਂ ਸ਼ਾਮਿਲ ਕਰ ਰਿਹਾ ਹਾਂ, ਓਹ ਹਨ: 1 ਭਾਈ ਵੀਰ ਸਿੰਘ : ਮਾਡਰਨ ਤੇ ਓਰੀਅੰਟਲ (ਪਤਰਾਂਜਲੀ, 2002) 2. ਭਾਈ ਵੀਰ ਸਿੰਘ : ਤਲਾਸ਼ ਇੱਕ ਮੂਲ ਆਦਰਸ਼ ਦੀ (ਪਾਰਗਾਮੀ, 2002) 3. ਯੁੱਗ-ਪੁਰਖ ਭਾਈ ਵੀਰ ਸਿੰਘ (ਪਤਰਾਂਜਲੀ, 2002) ਇਹ ਤਿੰਨੋਂ ਲੇਖ ਭਾਈ ਵੀਰ ਸਿੰਘ ਦੀ ਕਵਿਤਾ ਸੰਬੰਧੀ ਉਨ੍ਹਾਂ ਮੂਲ ਪ੍ਰਸ਼ਨਾਂ ਨੂੰ ਆਪਣੇ ਅਧਿਅਨ 'ਚ ਲਿਆ ਰਹੇ ਹਨ ਜਿਨ੍ਹਾਂ ਦੀ ਚਰਚਾ ਅਕਸਰ ਪੰਜਾਬੀ ਕਾਵਿ-ਆਲੋਚਨਾ ਵਿੱਚ ਹੁੰਦੀ ਰਹੀ ਹੈ। ਪਹਿਲਾ ਲੇਖ ਇਸ ਮੂਲ ਸਵਾਲ ਨੂੰ ਕੇਂਦਰ 'ਚ ਰੱਖਦਾ ਹੈ ਕਿ ਭਾਈ ਵੀਰ ਸਿੰਘ ਆਧੁਨਿਕ ਹੈ ਜਾਂ ਪੁਰਾਤਨ। ਹਰਿਭਜਨ ਸਿੰਘ ਨੇ ਦੋਨੋਂ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਵਰਤੇ ਹਨ ਜਿਹੜੇ ਅਸਲ ਵਿੱਚ ਸ਼ਬਦ ਤੋਂ ਅਗਾਂਹ ਸੰਕਲਪਾਂ ਦਾ ਦਰਜਾ ਰੱਖਦੇ ਹਨ। ਕੁਦਰਤੀ ਹੈ ਕਿ ਜਦੋਂ ਉਹ ਇਸ ਲੇਖ ਦੀ ਸਿਰਜਣਾ ਕਰਦੇ ਹਨ ਤਾਂ ਉਨ੍ਹਾਂ ਦੇ ਜ਼ਿਹਨ ਵਿੱਚ ਪੂਰਬਵਾਦੀ ਸਮੀਖਿਆ ਦ੍ਰਿਸ਼ਟੀ ਦੇ ਸੰਕਲਪ ਰਹੇ ਹਨ। ਭਾਈ ਵੀਰ ਸਿੰਘ ਦੇ ਇਸ ਲੇਖ ਦੇ ਸਿਰਲੇਖ ਵਿਚ ਦੂਜਾ ਵਿਲੱਖਣ ਨੁਕਤਾ ਇਹ ਹੈ ਕਿ ਉਹ ਮਾਡਰਨ ਕਿ ਓਰੀਅੰਟਲ ਦੀ ਥਾਂ ਤੇ ਦਾ ਸਬੰਧਕ ਲਾ ਕੇ ਸਿਰਲੇਖ ਵਿਚ ਹੀ ਸਪਸ਼ਟ ਕਰ ਦਿੰਦੇ ਹਨ ਕਿ ਉਹ ਇਹ ਨਿਰਣਾ ਨਹੀਂ ਕਰ ਰਹੇ ਕਿ ਭਾਈ ਵੀਰ ਸਿੰਘ ਆਧੁਨਿਕ ਹਨ ਕਿ ਪੁਰਾਤਨ। ਅਸਲ ਵਿਚ ਪੰਜਾਬੀ ਆਲੋਚਨਾ ਵਿਚ ਆਧੁਨਿਕਤਾ ਅਤੇ ਪਰੰਪਰਾ ਦੀ ਜੋ ਪ੍ਰਚਲਿਤ ਪਰਿਭਾਸ਼ਾ ਪ੍ਰਾਪਤ ਹੈ, ਉਸ ਅਨੁਸਾਰ ਤਾਂ ਭਾਈ ਵੀਰ ਸਿੰਘ ਆਧੁਨਿਕ ਦੀ ਥਾਂ ਮੱਧਕਾਲੀ ਸੋਹਜ-ਚੇਤਨਾ ਦੇ ਕਵੀ ਵਧੇਰੇ ਬਣਦੇ ਹਨ ਅਤੇ ਪੁਰਾਤਨ ਕਹੇ ਜਾ ਸਕਦੇ ਹਨ। ਪਰ ਹਰਿਭਜਨ ਸਿੰਘ ਇਸ ਲੇਖ ਵਿੱਚ ਭਾਈ ਵੀਰ ਸਿੰਘ ਦੀ ਕਵਿਤਾ ਦੇ ਉਸ ਮੂਲ ਸੁਭਾਅ ਨੂੰ ਅਧਿਅਨ ਦਾ ਕੇਂਦਰ ਬਣਾ ਰਹੇ ਹਨ ਜਿਸ ਕਾਰਣ ਉਹ ਆਧੁਨਿਕ ਪੰਜਾਬੀ ਕਵਿਤਾ ਦੇ ਵਿਲੱਖਣ ਅਤੇ ਚਰਚਿਤ ਕਵੀ ਬਣ ਜਾਂਦੇ ਹਨ। ਹਰਿਭਜਨ ਸਿੰਘ ਲਈ ਇਹ ਮਹੱਤਵਪੂਰਨ ਨਹੀਂ ਕਿ ਉਹ ਆਧੁਨਿਕ ਹੈ ਜਾਂ ਪੁਰਾਤਨ, ਮਹੱਤਵਪੂਰਨ ਇਹ ਹੈ ਕਿ ਜਦੋਂ ਪੰਜਾਬੀ ਕਵਿਤਾ ਆਧੁਨਿਕਤਾ ਦੀਆਂ ਬਰੂਹਾਂ 'ਤੇ ਹੈ; ਗਦਰ ਲਹਿਰ ਦੀ ਰਾਜਨੀਤਕ ਕਵਿਤਾ ਦਾ ਆਗਾਜ਼ ਹੋ ਚੁੱਕਾ ਹੈ ਜਿਸ ਨੇ ਪ੍ਰਗਤੀਸ਼ੀਲ ਕਵਿਤਾ ਦੀ ਜ਼ਮੀਨ ਤਿਆਰ ਕੀਤੀ; ਪੰਜਾਬੀ ਸਾਹਿਤ ਵਿਚ ਨਵੇਂ ਸਾਹਿਤਕ ਰੂਪਾਂ ਦੀ ਸ਼ੁਰੂਆਤ ਹੋ ਰਹੀ ਹੈ; ਆਧੁਨਿਕਤਾ ਦੀਆਂ ਸਾਹਿਤ ਚਿੰਤਨ ਵਿੱਚ ਪਰਿਭਾਸ਼ਾਵਾਂ ਹੋਣੀਆਂ ਸ਼ੁਰੂ ਹੋ ਗਈਆਂ ਹਨ; ਰਾਜਨੀਤਕ ਮਾਹੌਲ ਵਿਚ ਆਜ਼ਾਦੀ ਦਾ ਅੰਦੋਲਨ ਨਵੀਂ ਦਿਸ਼ਾ ਲੈ ਚੁੱਕਿਆ ਹੈ, ਉਸੇ ਸਮੇਂ ਜਲ੍ਹਿਆਂਵਾਲੇ ਬਾਗ ਦਾ ਸਾਕਾ ਵਾਪਰਦਾ ਹੈ, ਵਾਲੇ ਸਮੇਂ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਦਾ ਕੀ ਸੁਭਾਅ ਹੈ। ਹਰਿਭਜਨ ਸਿੰਘ ਇਸ ਲੇਖ ਵਿਚ ਬਹੁਤ ਹੀ ਸਟੀਕ ਸਾਹਿਤਕ ਸੰਕਲਪਨਾਵਾਂ ਰਾਹੀਂ ਇਹ ਵੀ ਵਾਚਦੇ ਹਨ ਕਿ ਭਾਈ ਵੀਰ ਸਿੰਘ ਦੀ ਕਵਿਤਾ ਦਾ ਗੁਰਮਤਿ, ਸੂਫ਼ੀ ਅਤੇ ਹੋਰ ਮੱਧਕਾਲੀ ਪਰੰਪਰਾ ਨਾਲ ਕੀ ਸਬੰਧ ਬਣਦਾ ਹੈ। ਇਹ ਤੁਲਨਾਤਮਕ ਪੜ੍ਹਤ ਇਸ ਲਈ ਵੀ ਜ਼ਰੂਰੀ ਸੀ ਕਿਉਂ ਕਿ ਭਾਈ ਵੀਰ ਸਿੰਘ ਨੂੰ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰਕ ਕਵੀ ਵਜੋਂ ਸਾਰੇ ਹੀ ਸਾਹਿਤਕ ਆਲੋਚਕ ਸਮਝਦੇ ਹਨ। ਮਸਲਾ ਇਹ ਨਹੀਂ ਕਿ ਕਿ ਕਵੀ ਐਲਾਨੀਆ ਤੌਰ ਉਤੇ ਕਿਸ ਵਿਚਧਾਰਾ ਨਾਲ ਜੁੜਿਆ ਹੋਇਆ ਹੈ, ਮਸਲਾ ਕਾਵਿ-ਪਾਠ ਦਾ ਹੁੰਦਾ ਹੈ ਕਿ ਕਾਵਿ-ਪਾਠ ਦਾ ਸਾਹਿਤਕ ਪ੍ਰਵਚਨ ਕੀ ਸਿਰਜ ਰਿਹਾ ਹੈ। ਹਰਿਭਜਨ ਸਿੰਘ ਦੇ ਅਧਿਐਨ ਦਾ ਮੂਲ ਤਾਂ ਹੈ ਹੀ ਪਾਠ-ਆਧਾਰਿਤ ਅਧਿਐਨ।

1

ਇਸ ਲੇਖ ਵਿਚੋਂ ਹਰਿਭਜਨ ਸਿੰਘ ਦੀਆਂ ਸ਼ੁਰੂਆਤੀ ਕੁਝ ਸਤਰਾਂ ਪੜ੍ਹਦੇ ਹਾਂ : ਵੀਰ ਸਿੰਘ ਕਾਵਿ ਸੁਚੇਤ ਤੌਰ ਤੇ ਵਿਸ਼ੇਸ਼ ਪ੍ਰਕਾਰ ਦੀਆਂ ਵਸਤਾਂ ਗ੍ਰਹਿਣ ਕਰਦਾ ਹੈ ਅਤੇ ਉਸ ਤੋਂ ਵੱਖਰੀਆਂ ਪ੍ਰਕਾਰ ਦੀਆਂ ਵਸਤਾਂ ਤਿਆਗ ਦਿੰਦਾ ਹੈ ।——— ਉਸ ਦਾ ਸੁਚੇਤ ਅਤੇ ਸਮੁੱਚਾ ਮਨੋਦੇਸ਼ ਸਮੀਖਿਆਤਮਿਕ ਸੰਸਕਾਰ ਦੀ ਅਧੀਨਗੀ ਵਿੱਚ ਹੈ। ——ਇਸ ਦਾ ਮੁੱਖ ਕਾਰਣ ਇਹ ਹੈ ਕਿ ਉਸਦੇ ਸਾਰੇ ਭਾਵੁਕ ਰਿਸ਼ਤੇ ਦ੍ਰਿੜ੍ਹ ਬੌਧਿਕ ਆਧਾਰ ਉਪਰ ਖਲੋਤੇ ਹਨ ਨਿਰੋਲ ਭਾਵ ਜਾਂ ਨਿਰੋਲ ਬੁੱਧ ਦਾ ਸੰਸਾਰ ਵੀਰ ਸਿੰਘ-ਕਾਵਿ ਦਾ ਨਹੀਂ। ਇਸ ਦ੍ਰਿਸ਼ਟੀ ਤੋਂ ਵੀਰ ਸਿੰਘ-ਕਾਵਿ ਦੀ ਬਿਰਤੀ ਮੱਧਕਾਲੀਨ ਧਾਰਮਿਕ ਕਾਵਿ ਜਿਹੀ ਹੈ। ਵਿਰਲੇ ਜਿਹੇ ਅੱਪਵਾਦਾਂ ਤੋਂ ਛੁੱਟ ਸਮੁੱਚੇ ਵੀਰ ਸਿੰਘ-ਕਾਵਿ ਦੀ ਭਾਵੁਕ ਦਿਸ਼ਾ ਅਤੇ ਬੌਧਿਕ ਆਧਾਰ ਇੱਕੋ ਹੈ। ਤਾਂ ਵੀ ਵੀਰ ਸਿੰਘ-ਕਾਵਿ ਦਾ ਨਿਖੜਵਾਂ ਗੁਣ ਇਹ ਹੈ ਕਿ ਸੁਚੇਤ ਤੌਰ ਤੇ ਕੁਝ ਪ੍ਰਸ਼ਨ ਕਰਦਾ ਹੈ ਅਤੇ ਉਨ੍ਹਾਂ ਦੇ ਉਤਰ ਵੀ ਸੁਝਾਉਂਦਾ ਹੈ। ਸਮੁੱਚਾ ਵੀਰ ਸਿੰਘ-ਕਾਵਿ ਆਪ ਸਿਰਜੀ ਸੁਚੇਤ ਵੰਗਾਰ ਦਾ ਸੁਚਿੰਤਿਤ ਪ੍ਰਤੀ-ਉਤਰ ਹੈ। ਵੰਗਾਰ ਅਤੇ ਪ੍ਰਤੀ-ਉਤਰ ਦਾ ਤਨਾਉ ਵੀਰ ਸਿੰਘ-ਕਾਵਿ ਦਾ ਮੁੱਖ ਪਛਾਣ-ਚਿਹਨ ਹੈ। ਉਸਦੇ ਕੁਝ ਪ੍ਰਸ਼ਨ ਤਾਂ 'ਕਿਉਂ' ਨਾਲ ਸ਼ੁਰੂ ਹੁੰਦੇ ਹਨ ;

1 ਪੁਛਿਆ ਅਸਾਂ ਹੇ ਸੋਹਣੀ;
ਤੂੰ ਆਪ ਸੁੰਦਰਤਾ ਹੈਂ
ਹੀਰੇ ਜਵਾਹਰਤ ਵਾਂਗੂੰ
ਟਿਕਦੀ ਤੂੰ ਹੈਂ ਕਿਉਂ ਨਹੀਂ ?

2 ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਤੂੰ ਜਾਰੀ ?

——— ਪਤਰਾਂਜਲੀ, ਪੰਨੇ, 53-54

ਹਰਿਭਜਨ ਸਿੰਘ ਇਸ ਨੂੰ ਭਾਈ ਵੀਰ ਸਿੰਘ ਦੀ ਕਵਿਤਾ ਦੀ ਸੰਦੇਹ-ਯੁਕਤ ਭਾਸ਼ਾਈ ਤਕਨੀਕ ਕਹਿੰਦਾ ਹੈ। ਪਰ ਮੇਰੀ ਜਾਚੇ ਇਹ ਕੇਵਲ ਭਾਸ਼ਾਈ-ਜੁਗਤ ਹੀ ਨਹੀਂ, ਭਾਈ ਵੀਰ ਸਿੰਘ ਕਾਵਿ ਦੀ ਸੰਦੇਹ-ਦ੍ਰਿਸ਼ਟੀ ਵੀ ਹੈ। ਇਹ ਜੁਗਤ ਇੱਕ ਪਾਸੇ ਤਣਾਅ ਸਿਰਜ ਕੇ, ਕਾਵਿ ਦੇ ਸੋਹਜ ਦਾ ਅੰਗ ਬਣ ਜਾਂਦੀ ਹੈ, ਜਿਵੇਂ ਰੋਮਾਂਟਿਕ ਧਾਰਾ ਵਿਚ ਵਾਪਰਦਾ ਹੈ, ਦੂਜੇ ਪਾਸੇ ਪ੍ਰਸ਼ਨ-ਉਤਰ ਦੀ ਤਕਨੀਕ ਨਾਲ ਜਦੋਂ ਉਤਰ ਸਿਰਜਿਆ ਜਾਂਦਾ ਹੈ ਤਾਂ ਭਾਈ ਵੀਰ ਸਿੰਘ ਦੀ ਇਹ ਸੰਦੇਹ ਦ੍ਰਿਸ਼ਟੀ, ਨਿਸ਼ਠਾ (Faith) ਦ੍ਰਿਸ਼ਟੀ ਬਣ ਆਪਣਾ ਕਾਵਿ-ਆਦਰਸ਼ ਸਪੱਸ਼ਟ ਕਰ ਦਿੰਦੀ ਹੈ। ਭਾਈ ਵੀਰ ਸਿੰਘ ਦੀ ਇਸ ਦੈਵੀ ਅਤੇ ਨਿਸ਼ਠਾਵਾਨ ਦ੍ਰਿਸ਼ਟੀ ਬਾਰੇ ਹਰਿਭਜਨ ਸਿੰਘ ਦੀ ਧਾਰਨਾ ਹੈ, "ਰਾਣਾ ਸੂਰਤ ਸਿੰਘ ਤੋਂ ਲੈ ਕੇ ਮੇਰੇ ਸਾਈਆਂ ਜੀਓ ਤਕ ਜਿਸ ਸੰਸਾਰ ਦਾ ਸਿਰਜਣ ਹੈ ਉਹ ਮਾਨਵੀ ਭਾਵ ਤੋਂ ਕਿਤੇ ਵਧੀਕ ਦੈਵੀ ਨਿਸ਼ਠਾ ਦਾ ਸੰਸਾਰ ਹੈ ਉਸ ਵਿੱਚ ਕਲਪਨਾ, ਵਿਚਾਰਕਤਾ, ਅਤੇ ਤੱਥ, ਸਭਨਾਂ ਦੇ ਤੱਤ ਮੌਜੂਦ ਹਨ, ਪਰ ਉਹ, ਮੇਰੀ ਜਾਚੇ, ਨਾ ਨਿਰੋਲ ਕਾਵਿ ਹੈ, ਨਾ ਫ਼ਲਸਫ਼ਾ ਅਤੇ ਨਾ ਇਤਿਹਾਸ। ਭਾਈ ਸਾਹਿਬ ਦੀਆਂ ਇਤਿਹਾਸਮੁਖ ਰਚਨਾਵਾਂ ਵਿੱਚ ਵੀ ਦੈਵੀ ਨਿਸ਼ਠਾ ਦੀ ਸੰਘਣੀ ਰੰਗਣ ਹੈ, ਉਨ੍ਹਾਂ ਦੀ ਵਿਚਾਰਕਤਾ ਵੀ ਮਨੁੱਖ ਅਤੇ ਦੈਵ ਦੇ ਰਿਸ਼ਤੇ ਨਾਲ ਸੰਬੰਧਿਤ ਹੈ।" (**ਪਤਰਾਂਜਲੀ**, ਪੰਨਾ, 55) ਇਸੇ ਲੇਖ ਵਿੱਚ ਹਰਿਭਜਨ ਸਿੰਘ ਬਾਬਾ ਫਰੀਦ ਤੋਂ ਲੈ ਕੇ ਮੱਧਕਾਲੀ ਗੁਰਮਤਿ ਸਾਹਿਤ ਨੂੰ ਨਿਸ਼ਠਾਵਾਦੀ ਦ੍ਰਿਸ਼ਟੀ ਦਾ ਅਧਿਆਤਮਕ ਸਾਹਿਤ ਕਹਿੰਦਾ ਹੈ ਅਤੇ ਭਾਈ ਵੀਰ ਸਿੰਘ ਉਸ ਪਰੰਪਰਾ ਦੇ ਪ੍ਰਭਾਵ ਹੇਠ, ਪਰਚਾਰ ਹਿਤ ਆਪਣੀ ਕਾਵਿ-ਸਿਰਜਣਾ ਕਰ ਰਿਹਾ ਹੈ ਅਤੇ ਨਿਸ਼ਠਾ ਦਾ ਜੋ ਸੰਸਾਰ ਅਤੇ ਮਿੱਥ ਫਰੀਦ ਕਾਵਿ ਵਿੱਚ ਸਿਰਜੀ ਗਈ, ਵੀਰ ਸਿੰਘ ਉਸ ਦਾ ਹੀ ਅਨੁਸਰਣ ਕਰ ਰਿਹਾ ਹੈ। ਭਾਈ ਵੀਰ ਸਿੰਘ ਕਾਵਿ ਦਾ ਸਮਕਾਲੀ





ਯਥਾਰਥ ਨਾਲ ਕਿਵੇਂ ਦਾ ਵਾਸਤਾ ਹੈ ? ਹੈ ਵੀ ਜਾ ਸਾਰਾ ਕਾਵਿ-ਦ੍ਰਿਸ਼ ਨਿਸ਼ਠਵਾਨ ਕਲਪਨਾ ਦੇ ਸਹਾਰੇ ਹੈ ਜਿਸ ਨੂੰ ਵਿਚਾਰਕਤਾ ਵੀ ਕਿਹਾ ਜਾ ਸਕਦਾ ਹੈ। ਹਰਿਭਜਨ ਸਿੰਘ ਇਸ ਸਵਾਲ ਦਾ ਉਤਰ ਦਿੰਦੇ ਕਹਿੰਦਾ ਹੈ, "ਸਵਾਲ ਹੈ ਭਾਈ ਵੀਰ ਸਿੰਘ ਨੇ ਸਮਕਾਲੀ ਯਥਾਰਥ ਨੂੰ ਦੁਖ ਜਾਂ ਬੰਧਨ ਜਾਂ ਦੁਸ਼ਟਤਾ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ ਜਾਂ ਉਸ ਤੋਂ ਵੱਖਰੇ ਮੌਲਿਕ ਰੂਪ ਵਿੱਚ ? ਜਿਵੇਂ ਗੁਰਬਾਣੀ ਬੰਧਨ ਦਾ ਨਵਾਂ ਪਾਸਾਰ ਜੋੜਨ ਵੇਲੇ ਪੂਰਬ ਪਾਸਾਰ ਦੁੱਖ ਨੂੰ ਰੱਦ ਨਹੀਂ ਕਰਦੀ, ਇਵੇਂ ਹੀ 'ਦਸਮ ਗ੍ਰੰਥ' ਵਿੱਚ ਦੁਸ਼ਟਤਾ ਦਾ ਨਵਾਂ ਪਾਸਾਰ ਜੋੜਿਆ ਗਿਆ ਹੈ, ਪਰ ਦੁੱਖ ਅਤੇ ਬੰਧਨ ਨੂੰ ਨਕਾਰਿਆ ਨਹੀਂ ਗਿਆ। ਭਾਈ ਵੀਰ ਸਿੰਘ ਵੀ ਦੁੱਖ, ਬੰਧਨ ਜਾਂ ਦੁਸ਼ਟਤਾ ਨੂੰ ਨਕਾਰਦੇ ਨਹੀਂ। ਸਿਰਫ ਉਨ੍ਹਾਂ ਦੇ ਮਿਥ-ਸੰਸਾਰ ਵਿੱਚ ਪ੍ਰਥਮਤਾ ਸ਼ੰਕਾ ਨੂੰ ਮਿਲੀ ਹੈ। ਉਨ੍ਹਾਂ ਨੇ ਯਥਾਰਥ ਨੂੰ ਸ਼ੰਕਾ ਰੂਪ ਵਿੱਚ ਗ੍ਰਹਿਣ ਕੀਤਾ ਹੈ। "... ਵੀਰ ਸਿੰਘ-ਕਾਵਿ ਵਿੱਚ ਸ਼ੰਕਾ ਨੂੰ ਇੱਕ ਤੱਤ ਵਜੋਂ ਸਵੀਕਾਰ ਕਰ ਲੈਣ ਵਿੱਚ ਸ਼ਾਇਦ ਕਿਸੇ ਨੂੰ ਵੀ ਇਤਰਾਜ਼ ਨਾ ਹੋਵੇ। ਪਰ ਉਸ ਨੂੰ ਭੌਤਿਕ ਯਥਾਰਥ ਜਾਂ ਇਤਿਹਾਸਿਕ ਯਥਾਰਥ ਵਜੋਂ ਸਵੀਕਾਰ ਕਰਨ ਦੇ ਰਾਹ ਵਿੱਚ ਜ਼ੋਰਦਾਰ ਇਤਰਾਜ਼ ਖੜਾ ਕੀਤਾ ਜਾ ਸਕਦਾ ਹੈ। ——ਭਾਈ ਵੀਰ ਸਿੰਘ ਦੇ ਇਤਿਹਾਸਵਾਦੀ ਆਲੋਚਕਾਂ ਦੇ, ਭਾਈ ਸਾਹਿਬ ਵਿਰੁੱਧ ਵੱਡਾ ਰੋਸ ਇਹ ਰਿਹਾ ਕਿ ਉਹ ਇਤਿਹਾਸਿਕ ਤੱਥ ਵੱਲ ਰੁਚਿਤ ਨਹੀਂ ਹੁੰਦਾ। ਭਾਈ ਵੀਰ ਸਿੰਘ ਕਾਵਿ ਦੀ ਦਿਸ਼ਾ ਇਤਿਹਾਸਿਕ ਤੱਥ ਦੇ ਤਣਾਓ ਵਿੱਚ ਵਿਸ਼ੇਸ਼ ਪ੍ਰਕਾਰ ਦੀ ਸੱਚ-ਸਿਰਜਣਾ ਵੱਲ ਹੈ। ਇਹੋ ਹੀ ਪਰਮਾਣਿਕ ਉਰੀਅੰਟਲ ਸਿਰਜਣ-ਵਿਧੀ ਹੈ।" (**ਪਤਰਾਂਜਲੀ**, ਪੰਨੇ, 61-62) ਭਾਵੇਂ ਕਿ ਫਰੀਦ ਤੋਂ ਲੈ ਕੇ ਵਾਰਸ ਤੱਕ ਦੇ ਸਾਹਿਤ ਨੂੰ ਹਰਿਭਜਨ ਸਿੰਘ ਇਸੇ ਵਿਧੀ ਦਾ ਸਾਹਿਤ ਮੰਨਦੇ ਹਨ। ਪਰ ਇਤਿਹਾਸ ਅਤੇ ਵਰਤਮਾਨ ਯਥਾਰਥ ਦੇ ਦ੍ਰਿਸ਼-ਚਿਤਰਣ ਤੋਂ ਵਿਹੂਣੇ ਸਾਹਿਤ ਵਿਚ ਆਪਣੇ ਅਤੀਤ ਦੇ ਆਦਰਸ਼ ਦੀ ਕਿੰਨੀ ਵੀ ਨਿਸ਼ਠਾ ਹੋਵੇ, ਨੂੰ ਉਵੇਂ ਓਰੀਅੰਟਲ਼ ਸਵੀਕਾਰ ਕਰਨਾ ਮੁਸ਼ਕਿਲ ਹੈ ਜਿਸ ਦੀ ਸਿਧਾਂਤਕਾਰੀ ਅਡਵਰਡ ਸਈਅਦ ਨੇ ਕੀਤੀ ਹੈ। ਪ੍ਰੋਫ਼ੈਸਰ ਪੂਰਨ ਸਿੰਘ ਵੀ ਆਪਣੀ ਮਹੱਤਵਪੂਰਨ ਕਿਤਾਬ 'ਪੂਰਬੀ ਕਵਿਤਾ ਦੀ ਆਤਮਾ ਵਿੱਚ' ਪੂਰਬਵਾਦੀ ਸਾਹਿਤ ਦੇ ਇਤਿਹਾਸਕ ਅਤੇ ਦਾਰਸ਼ਨਿਕ ਮੁੱਲ ਨੂੰ, ਆਪਣੀ ਵਿਸ਼ੇਸ਼ ਸਭਿਆਚਾਰਕ ਹਸਤੀ ਅਤੇ ਗੌਰਵ ਦੇ ਪਰਸੰਗ ਵਿੱਚ ਦੇਖਦਾ ਹੈ ਅਤੇ ਖ਼ੁਦ ਆਪਣੀ ਕਵਿਤਾ ਵਿੱਚ ਪੰਜਾਬੀ ਜਨ-ਜੀਵਨ, ਕੀਮਤਾਂ, ਬਨਸਪਤੀ ਦੇ ਭਰਵੇਂ ਦ੍ਰਿਸ਼ ਸਿਰਜਦਾ ਹੈ। ਭਾਈ ਵੀਰ ਸਿੰਘ ਦੀ ਓਰੀਅੰਟਲ ਦ੍ਰਿਸ਼ਟੀ ਤਾਂ ਇੱਕ-ਇਕਹਿਰੇ ਵਿਸ਼ਵਾਸ-ਪਰਪੰਚ 'ਚ ਉਸਰਦੀ ਹੈ। ਇਹ ਜ਼ਰੂਰ ਹੈ ਕਿ ਵੀਰ ਸਿੰਘ ਕੁਦਰਤ ਦੇ ਸੁੰਦਰ ਅਤੇ ਭਾਵੁਕ ਦ੍ਰਿਸ਼ਾਂ ਨਾਲ਼ ਆਪਣੀ ਕਵਿਤਾ ਦੇ ਸੋਹਜ ਨੂੰ ਨਿਖਾਰ ਦਿੰਦੇ ਹਨ ਅਤੇ ਸਰਲ-ਸਿਖਿਆ, ਪਰਵਚਨ ਰਾਹੀਂ, ਸ੍ਰੋਤੇ ਦੀਆਂ ਭਾਵਨਾਵਾਂ ਤੱਕ ਇਹ ਕਵਿਤਾ ਪਹੁੰਚ ਕੇ ਪ੍ਰਭਾਵ ਸਿਰਜ ਦਿੰਦੀ ਹੈ। ਇਸੇ ਲੇਖ ਵਿੱਚ ਅੱਗੇ ਚੱਲ ਕੇ ਹਰਿਭਜਨ ਸਿੰਘ ਭਾਈ ਵੀਰ ਸਿੰਘ ਦੀ ਕਵਿਤਾ ਦੇ ਕੁਦਰਤ-ਦ੍ਰਿਸ਼ਾਂ ਨੂੰ ਸ਼ੁੱਧ ਵਿਚਾਰਕ ਪ੍ਰਕਿਰਤੀ ਦੇ ਭਾਵੁਕ ਚਿੱਤਰ ਕਹਿੰਦਾ ਹੈ। ਹਰਿਭਜਨ ਸਿੰਘ, ਰਾਣਾ ਸੂਰਤ ਸਿੰਘ ਤੋਂ ਲੈ ਕੇ ਆਧੁਨਿਕ ਭਾਂਤ ਦੀਆਂ ਨਿੱਕੀਆਂ ਕਵਿਤਾਵਾਂ ਦੇ ਹਵਾਲੇ ਨਾਲ਼, ਭਾਈ ਵੀਰ ਸਿੰਘ ਦੇ ਕੁਦਰਤ-ਦ੍ਰਿਸ਼ਾਂ ਨੂੰ ਯਥਾਰਥ ਅਤੇ ਮਾਨਵੀ ਭਾਵਨਾਵਾਂ ਤੋਂ ਨਿਗੂਣੇ ਅਤੇ ਸ਼ੁੱਧ ਵਿਚਾਰਕ ਹੀ ਮੰਨਦਾ ਹੈ, "ਪ੍ਰਕਿਰਤੀ ਦੇ ਕੁਝ ਭਾਵੁਕ ਚਿੱਤਰ ਵੀ ਹਨ, ਪ੍ਰਕਿਰਤੀ ਮਨੁੱਖ ਨੂੰ ਪਿਆਰਦੀ ਹੈ ਪਰ ਇਸ ਦਾ ਕਾਵਿ-ਰਚਨਾ ਦੀ ਚਾਲ ਨਾਲ਼ ਕੋਈ ਸੰਬੰਧ ਨਹੀਂ

ਬਦਲਾਂ ਵਾਲਾ ਸੱਦ ਸੁਣਿਆ ਬ੍ਰਿਛ ਨੇ
ਖ਼ੁਸ਼ੀ ਹੋਈ ਹੁਣ ਹੋਰ ਮਾਨੋਂ ਸੋਚਦਾ

ਪ੍ਰਕਿਰਤੀ ਦਾ ਇਹੋ ਵਿਚਾਰਕ ਅਤੇ ਭਾਵੁਕ ਰੂਪ ਹੀ ਭਾਈ ਸਾਹਿਬ ਦੀਆਂ ਬਾਕੀ ਦੀਆਂ ਕਾਵਿ-ਕਿਰਤਾਂ ਵਿੱਚ ਵਿਖਾਈ ਦਿੰਦਾ ਹੈ। ਮਨੁੱਖ ਅਤੇ ਮਨੁੱਖ ਜਾਂ ਮਨੁੱਖ ਅਤੇ ਪ੍ਰਕਿਰਤੀ ਦੇ ਯਥਾਰਥ-ਸੰਬੰਧ ਨੂੰ ਵੀਰ ਸਿੰਘ-ਕਾਵਿ ਵਿੱਚ ਅਸਲੋਂ ਨਿਗੂਣੀ ਥਾਂ ਮਿਲੀ ਹੈ। ਭਾਈ ਵੀਰ ਸਿੰਘ-ਕਾਵਿ ਸੰਬੰਧ ਦੀ ਬਜਾਏ ਪ੍ਰਭਾਵ ਵਿੱਚ ਦਿਲਚਸਪੀ ਰੱਖਦਾ ਹੈ। ਜ਼ਾਹਰ ਹੈ ਭਾਈ ਵੀਰ ਸਿੰਘ ਦਾ ਅਧਿਆਤਮਕ ਮਨੁੱਖ ਪ੍ਰਕਿਰਤਕ ਪੱਧਰ ਉਪਰ ਵਿਚਰਦਾ ਹੈ। ਮਨੁੱਖ ਦਾ ਪ੍ਰਕਿਰਤੀਕਰਣ ਵੀਰ ਸਿੰਘ-ਕਾਵਿ ਦੀ ਵਿਲੱਖ਼ਣ ਰਚਨਾ-ਜੁਗਤ ਹੈ। ਜਿਵੇਂ ਭਾਈ ਵੀਰ ਸਿੰਘ ਅਧਿਆਤਮ ਨੂੰ

ਪ੍ਰਕਿਰਤਕ ਪੱਧਰ ਉਪਰ ਪੇਸ਼ ਕਰਦੇ ਹਨ, ਉਵੇਂ ਹੀ ਉਹ ਪ੍ਰਕਿਰਤੀ ਨੂੰ ਅਧਿਆਤਮਿਕ ਪੱਧਰ ਉਪਰ ਪ੍ਰਗਟਾਉਂਦੇ ਹਨ। ਹਰ ਪ੍ਰਕਿਰਤਕ ਹੋਂਦ ਅਧਿਆਤਮਿਕ ਅਰਥ ਹੈ। (**ਪਤਰਾਂਜਲੀ**, ਪੰਨੇ, 65-66)। ਇਸ ਪ੍ਰਕਾਰ ਭਾਈ ਵੀਰ ਸਿੰਘ ਕੁਦਰਤ ਦਾ ਮਾਨਵੀਕਰਨ ਤਾਂ ਕਰਦੇ ਹਨ, ਪਰ ਕੁਦਰਤ ਨੂੰ ਮਾਨਵੀ ਅਰਥ ਦੇਣ ਦੀ ਬਜਾਏ ਸ਼ੁੱਧ ਅਧਿਆਤਮਿਕ ਬਣਾ ਦਿੰਦੇ ਹਨ। ਇਸ ਦਾ ਕਾਰਣ ਅਸਲ ਵਿੱਚ ਭਾਈ ਵੀਰ ਸਿੰਘ ਦਾ ਆਪਣੇ ਸਮਕਾਲੀ ਜੀਵਨ ਨਾਲ ਇੱਕ ਵਿੱਥ ਦਾ ਰਿਸ਼ਤਾ ਹੈ ਜਿਸ ਵਿੱਚ ਸਮ-ਸਾਮਿਅਕ ਜੀਵਨ ਦਾ ਘਟਨਾ-ਕਰਮ ਹੀ ਮਨਫ਼ੀ ਹੋ ਜਾਂਦਾ ਹੈ। ਗਿਣਤੀ ਦੀਆਂ ਦੋ-ਤਿੰਨ ਕਵਿਤਾਵਾਂ ਦਾ ਪ੍ਰਤੀਕ-ਪ੍ਰਬੰਧ ਹੀ ਉਸ ਸਮੇਂ ਦੀ ਰਾਜਨੀਤਕ ਵਿਵਸਥਾ ਵੱਲ ਸੰਕੇਤ ਕਰਦਾ ਹੈ। ਸਮਾਜਿਕ ਅਤੇ ਰਾਜਨੀਤਕ ਜੀਵਨ ਪ੍ਰਤੀ ਇਸ ਉਦਾਸੀਨਤਾ ਸੰਬੰਧੀ ਸਵਾਲ ਦਾ ਜਵਾਬ ਉਨ੍ਹਾਂ ਦੀ ਵਿਲੱਖਣ ਜੀਵਨ-ਸ਼ੈਲੀ ਤਾਂ ਹੈ ਹੀ ਜਿਹੜੀ ਇੱਕ ਇਲੀਟ ਸਿੱਖ ਦੀ ਰਹੀ, ਅਸਲ ਵਿੱਚ ਤਾਂ ਉਹ ਦ੍ਰਿਸ਼ਟੀ ਹੈ ਜਿਹੜੀ ਸਿੱਖ ਆਸ਼ੇ ਦੇ ਸਿਰਫ ਅਧਿਆਤਮਿਕ ਅਰਥਾਂ ਤੱਕ ਸੀਮਿਤ ਹੈ। ਇਹ ਦ੍ਰਿਸ਼ਟੀ ਗੁਰਮਤਿ ਦੇ ਵਿਸ਼ਾਲ ਦਾਰਸ਼ਨਿਕ ਆਸ਼ੇ ਨੂੰ ਆਪਣੀ ਕਵਿਤਾ ਤੱਕ ਨਹੀਂ ਫੈਲਣ ਦਿੰਦੀ ਅਤੇ ਇੱਕ ਸਿੱਖ ਕਵੀ ਦੇ ਤੌਰ ਤੇ ਭਾਈ ਵੀਰ ਸਿੰਘ ਪ੍ਰਭੂ-ਭਗਤੀ ਦੇ ਥੀਮ ਨੂੰ ਤਾਂ ਗੁਰਬਾਣੀ ਦੇ ਆਸ਼ੇ ਵਾਂਗ ਸਿਰਜਣ ਵਿੱਚ ਸਫਲ ਹੋ ਜਾਂਦਾ ਹੈ ਪਰ ਗੁਰਬਾਣੀ ਦੇ ਸੰਘਣੇ ਸਮਾਜਿਕ-ਰਾਜਨੀਤਕ ਸੰਦ੍ਰਿਸ਼ ਤੋਂ ਨਿਰਲੇਪ ਹੀ ਰਹਿੰਦਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਉਨ੍ਹਾਂ ਦੀ ਰਚਨਾ ਦਾ ਆਰੰਭ ਕਿਸੇ ਅਪ੍ਰਸਤੁਤ (ਪ੍ਰਕਿਰਤੀ ਤੋਂ ਅਧਿਆਤਮ) ਤੋਂ ਹੋ ਕੇ ਕਿਸੇ ਵੀ ਅਪ੍ਰਸਤੁਤ ਤੇ ਮੁੱਕ ਜਾਂਦਾ ਹੈ। (**ਪਤਰਾਂਜਲੀ**, ਪੰਨਾ, 67) ਪ੍ਰਕਿਰਤੀ ਤੋਂ ਅਧਿਆਤਮਿਕ-ਸਿਰਜਣ ਸਥਿਤੀ ਦਾ ਇਹ ਕਾਵਿ-ਸਫ਼ਰ ਭਾਈ ਵੀਰ ਸਿੰਘ ਦੀ ਕਵਿਤਾ ਨੂੰ, ਇੱਕ ਸਿੱਖ ਕਵੀ ਵਜੋਂ ਵੀ, ਸਿੱਖ-ਆਦਰਸ਼ ਨੂੰ ਵੀ ਫਿਰ ਅਧਿਆਤਮਿਕ-ਆਦਰਸ਼ਕ ਮਨੁੱਖ ਸਿਰਜਣ ਤੱਕ ਹੀ ਸੀਮਿਤ ਰਹਿੰਦਾ ਹੈ ਅਤੇ ਗੁਰਮਤਿ ਦੇ ਵਿਸ਼ਾਲ ਅਤੇ ਵਿਲੱਖਣ ਸੰਸਕ੍ਰਿਤਕ ਮਾਡਲ ਨੂੰ ਹੀ ਸੀਮਿਤ ਕਰ ਦਿੰਦਾ ਹੈ। ਹਾਂ, ਇੱਕ ਕਵੀ ਦੇ ਤੌਰ ਤੇ ਆਧੁਨਿਕ ਮੁਹਾਵਰੇ ਵਿੱਚ ਆਪਣੀ ਕਵਿਤਾ ਨੂੰ ਕੁਦਰਤ ਦੇ ਚਿਤਰਣ ਅਤੇ ਉਪਮਾਨਾਂ ਨਾਲ ਭਰਪੂਰ ਵਿਲੱਖਣ ਸ਼ੈੱਲੀ ਦੀ ਵੱਡਮੁਲੀ ਦਾਤ ਦੇ ਕੇ, ਇੱਕ, ਕੁਦਰਤ ਨੂੰ ਪਿਆਰ ਕਰਨ ਵਾਲੇ ਸ਼ਾਂਤ-ਚਿੱਤ ਆਦਰਸ਼ਕ ਮਨੁੱਖ ਦਾ ਵਿਲੱਖਣ ਬਿੰਬ ਸਿਰਜ ਦਿੰਦਾ ਹੈ। ਇਸੇ ਲਈ ਹਰਿਭਜਨ ਸਿੰਘ ਸਿੱਟਾ ਕੱਢਦਿਆਂ ਕਹਿੰਦਾ ਹੈ, "ਦੁਖ, ਬੰਧਨ, ਦੁਸ਼ਟਤਾ ਆਦਿ ਵਸਤੂ-ਯਥਾਰਥ ਤੋਂ ਕੱਟ ਕੇ ਵੀਰ ਸਿੰਘ-ਕਾਵਿ ਆਪਣੇ ਹੀ ਮਨੋਸਚ ਸ਼ੰਕੇ ਤੋਂ ਆਪਣੇ ਹੀ ਮਨੋਸਚ 'ਵਿਸ਼ਵਾਸ' ਤੱਕ ਪਹੁੰਚਣ ਦਾ ਉਦਮ ਹੈ। ਇਹ ਸ਼ੈਲੀ ਦਾ ਸ਼ੈਲੀਕਰਣ ਹੈ। ਇਸ ਨੂੰ ਕਿਸੇ ਵੀ ਰੂੜ੍ਹ ਖਾਨੇ ਵਿੱਚ ਬੰਨ੍ਹ ਬਹਾਲਣਾ ਸੰਭਵ ਨਹੀਂ"। (**ਪਤਰਾਂਜਲੀ**, ਪੰਨਾ, 67) ਸਪੱਸ਼ਟ ਹੈ ਕਿ ਹਰਿਭਜਨ ਸਿੰਘ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਕੁਦਰਤ ਦੇ ਮਾਨਵੀਕਰਣ ਦਾ ਸ਼ੁੱਧ ਅਧਿਆਤਮਕ-ਕਾਵਿ ਕਹਿੰਦਾ ਹੈ, ਜਿਹੜੀ ਆਪਣੇ ਸਮੇਂ ਦੇ ਮਨੁੱਖ ਦੀਆਂ ਦੁਸ਼ਵਾਰੀਆਂ, ਸਰੋਕਾਰਾਂ ਜਾਂ ਰਾਜਨੀਤਕ ਸੰਦਰਭਾਂ ਨੂੰ ਪ੍ਰਸਤੁਤ ਕਰਨ ਦੀ ਬਜਾਏ ਇੱਕ ਅਧਿਆਤਮਿਕ ਮਨੁੱਖ ਦਾ ਆਦਰਸ਼ ਸਿਰਜਦੀ ਹੈ। ਨਿਰਸੰਦੇਹ ਇਹ ਆਦਰਸ਼ ਗੁਰਬਾਣੀ ਦੇ ਅਧਿਆਤਮ ਤੋਂ ਪ੍ਰਭਾਵਿਤ ਹੈ, ਇਸੇ ਲਈ ਭਾਈ ਵੀਰ ਸਿੰਘ ਦੀਆਂ ਅਨੇਕਾਂ ਕਵਿਤਾਵਾਂ ਗੁਰਬਾਣੀ ਦੇ ਸ਼ਲੋਕਾਂ ਨੂੰ ਆਧੁਨਿਕ ਕਾਵਿ-ਮੁਹਾਵਰੇ ਵਿੱਚ ਰੂਪਾਂਤਰਿਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਜਿਸ ਦੀਆਂ ਕਿੰਨੀਆਂ ਹੀ ਉਦਾਹਰਣਾਂ ਪ੍ਰੋਫ਼ੈਸਰ ਪ੍ਰਕਾਸ਼ ਸਿੰਘ ਨੇ ਆਪਣੇ ਲੇਖ 'ਭਾਈ ਵੀਰ ਸਿੰਘ ਦਾ ਕਾਵਿ-ਜਗਤ' ਵਿੱਚ ਕਰਕੇ ਆਪਣਾ ਅਧਿਐਨ ਪ੍ਰਸਤੁਤ ਕੀਤਾ ਹੈ। (ਹਵਾਲੇ ਲਈ ਇਹ ਲੇਖ ਦੇਖਿਆ ਜਾ ਸਕਦਾ ਹੈ। ਇਹ ਲੇਖ 'ਭਾਈ ਵੀਰ ਸਿੰਘ ਦੀ ਸਾਹਿਤਕ ਪ੍ਰਤਿਭਾ', ਸੰਪਾਦਕ ਡਾ. ਗੁਰਚਰਨ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਪੰਨਾ 1-13) ਇਸ ਲੇਖ ਵਿੱਚ, ਹਰਿਭਜਨ ਸਿੰਘ, ਭਾਈ ਵੀਰ ਸਿੰਘ ਦੀ ਕਾਵਿ-ਦ੍ਰਿਸ਼ਟੀ ਨੂੰ ਉਰੀਐਂਟਲ (ਪੂਰਵਵਾਦੀ) ਸਿੱਧ ਕਰਨ ਦਾ ਯਤਨ ਕਰਦੇ ਹਨ ਜੋ ਤਰਕਸੰਗਤ ਨਹੀਂ। ਕਿਉਂਕਿ ਉਰੀਐਂਟਲ ਵਿਸ਼ਵ-ਦ੍ਰਿਸ਼ਟੀ ਪੂਰਬੀ ਸਾਹਿਤ ਅਤੇ ਚਿੰਤਨ ਦੇ ਗੌਰਵ ਨੂੰ- ਪੱਛਮ ਦੀ ਹੈਜ਼ਮੋਨਿਕ (ਸਰਦਾਰੀ) ਦ੍ਰਿਸ਼ਟੀ ਦੇ ਸਮਾਨਾਂਤਰ ਆਪਣੀਆਂ ਸਥਾਨਕ ਸੰਸਕ੍ਰਿਤੀਆਂ ਦੀ ਪਛਾਣ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ।





2

ਹਰਿਭਜਨ ਸਿੰਘ ਦਾ ਭਾਈ ਵੀਰ ਸਿੰਘ ਬਾਰੇ ਇੱਕ ਹੋਰ ਅਹਿਮ ਲੇਖ ਹੈ, 'ਯੁੱਗ-ਪੁਰਖ ਭਾਈ ਵੀਰ ਸਿੰਘ'। ਇਹ ਲੇਖ ਉਨ੍ਹਾਂ ਭਾਈ ਵੀਰ ਸਿੰਘ ਸਿੰਘ ਦੇ ਸ਼ਤਾਬਦੀ ਸਮਾਰੋਹ ਲਈ ਲਿਖਿਆ ਸੀ। ਸ਼ਤਾਬਦੀ ਸਮਾਰੋਹਾਂ ਮੌਕੇ ਲਿਖੇ ਜਾਣ ਵਾਲੇ ਲੇਖ ਭਾਵੇਂ ਪਰਸ਼ੰਸਾ ਦੀ ਭਾਵਨਾ ਨਾਲ ਭਰੇ ਹੁੰਦੇ ਹਨ। ਇਸ ਲੇਖ ਦਾ ਸਿਰਲੇਖ ਵੀ ਇਵੇਂ ਦਾ ਭਾਵ ਪ੍ਰਗਟ ਕਰਦਾ ਹੈ ਕਿ ਜਿਵੇਂ ਸ਼ਾਇਦ ਇਸ ਲੇਖ ਵਿੱਚ ਭਾਈ ਵੀਰ ਸਿੰਘ ਦੀ ਵਡਿਆਈ ਕੀਤੀ ਗਈ ਹੋਵੇ। ਪਰ ਐਸਾ ਹੈ ਨਹੀਂ। ਇਸ ਲੇਖ ਵਿੱਚ ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਤ ਪਰੰਪਰਾ ਵਿੱਚ ਸਥਾਪਤੀ ਦੇ ਪ੍ਰਸ਼ਨ ਨੂੰ ਭਾਈ ਵੀਰ ਸਿੰਘ ਦੇ ਰਚਨਾਤਮਿਕ ਸੰਸਾਰ ਦੀ ਗਹਿਨ-ਪੜ੍ਹਤ ਰਾਹੀਂ ਅਧਿਐਨ ਕੀਤਾ ਗਿਆ ਹੈ। ਹਰਿਭਜਨ ਸਿੰਘ ਦੀ ਪੜ੍ਹਤ-ਵਿਧੀ ਉਹੀ ਹੈ - ਭਾਈ ਵੀਰ ਸਿੰਘ ਦਾ ਰਚਨਾ-ਸੰਸਾਰ। ਅਸੀਂ ਪੂਰਬਲੇ ਲੇਖ ਵਿੱਚ ਜ਼ਿਕਰ ਕੀਤਾ ਸੀ ਕੀ ਭਾਈ ਵੀਰ ਸਿੰਘ-ਕਾਵਿ ਦੀ ਮੂਲ ਭਾਵਨਾ ਨਿਸ਼ਠਾਵਾਦੀ ਹੈ ਅਤੇ ਦ੍ਰਿਸ਼ਟੀ ਅਧਿਆਤਮਿਕ। ਪੇਸ਼ਕਾਰੀ ਵਿਚ ਕੁਦਰਤ ਦਾ ਮਾਨਵੀਕਰਨ, ਉਸ ਦੀ ਕਵਿਤਾ ਦੀ ਵਿਧੀ ਹੈ। ਪਰ ਹੁਣ ਸਵਾਲ ਹੈ ਕਿ ਪੰਜਾਬੀ ਸਾਹਿਤ-ਪਰੰਪਰਾ ਵਿੱਚ ਭਾਈ ਵੀਰ ਸਿੰਘ ਨੂੰ ਐਨਾ ਮਾਣ ਮਿਲਣ ਦੇ ਕੀ ਕਾਰਣ ਹਨ ਕਿ ਹੁਣ ਵੀ ਅਸੀਂ ਉਨ੍ਹਾਂ ਦੀ ਡੇਢ ਸੌ ਸਾਲਾ ਜਨਮ ਸ਼ਤਾਬਦੀ ਮਨਾ ਰਹੇ ਹਾਂ ਅਤੇ ਇਸ ਪੱਖੋਂ ਭਾਈ ਵੀਰ ਸਿੰਘ, ਫ਼ਰੀਦ, ਗੁਰੂ ਨਾਨਕ, ਵਾਰਿਸ ਆਦਿ ਬਰਾਬਰ ਆਣ ਖਲੋਂਦਾ ਹੈ। ਅਸੀਂ ਜਿੰਨਾਂ ਮਰਜੀ ਕਹੀ ਜਾਈਏ ਕਿ ਪੂਰਨ ਸਿੰਘ ਅਤੇ ਚਾਤ੍ਰਿਕ ਵੱਡੇ ਕਵੀ ਹਨ ਅਤੇ ਪੰਜਾਬੀਅਤ ਦੇ ਪ੍ਰਤੀਕ ਹਨ ਪਰ ਕੋਈ ਉਨ੍ਹਾਂ ਦੀਆਂ ਸ਼ਤਾਬਦੀਆਂ ਨਹੀਂ ਮਨਾਉਂਦਾ। ਇਸ ਦੇ ਯਕੀਨਨ ਕਾਰਣ ਹਨ ਜਿਨ੍ਹਾਂ ਦਾ ਉਤਰ ਸ਼ਾਇਦ ਸਾਨੂੰ ਇਸ ਲੇਖ ਨਾਲ ਚਰਚਾ-ਸੰਵਾਦ ਵਿਚੋਂ ਮਿਲ ਜਾਵੇ। ਭਾਈ ਵੀਰ ਸਿੰਘ ਅਸਲ ਵਿੱਚ ਇੱਕ ਵੱਡੇ ਮਕਸਦ ਨਾਲ ਜੁੜੇ ਹੋਏ ਸਨ। ਭਾਈ ਵੀਰ ਸਿੰਘ ਦੇ ਸਮੇਂ ਤੱਕ ਸਿੱਖ-ਪਰੰਪਰਾ ਖਾਸੀ ਭਰਪੂਰ ਹੋ ਚੁਕੀ ਸੀ। ਭਾਈ ਵੀਰ ਸਿੰਘ ਨੇ ਇਸ ਪਰੰਪਰਾ ਦੇ ਇਤਿਹਾਸ ਅਤੇ ਬਾਣੀ ਦੀ ਨਵੀਨ, ਨਿਰੰਤਰ ਅਤੇ ਬਹੁਵਿਧ ਵਿਆਖਿਆ ਰਾਹੀਂ ਉਸ ਦੇ ਨਿਵੇਕਲੇ, ਸੁਤੰਤਰ ਅਤੇ ਆਤਮ-ਸੰਪੰਨ ਆਪੇ ਦੀ ਸਾਂਭ-ਸੰਭਾਲ ਕੀਤੀ।" (**ਪਤਰਾਂਜਲੀ**, ਪੰਨਾ, 71)। ਇਹ ਉਦੇਸ਼ ਹੀ ਬਹੁਤ ਅਹਿਮ ਸੀ ਜਿਸ ਦੀ ਭਾਈ ਵੀਰ ਸਿੰਘ ਨੇ ਸਾਰੀ ਜ਼ਿੰਦਗੀ ਇੱਕ ਸਿੱਖ ਵਿਦਵਾਨ ਦੀ ਭੂਮਿਕਾ ਵਿੱਚ ਸੇਵਾ ਕੀਤੀ। ਗੁਰਬਾਣੀ ਦੀ ਵਿਆਖਿਆ ਨੂੰ ਵੀਹਵੀਂ ਸਦੀ ਦਾ ਨਵੀਨ ਅਧਿਅਨ ਮਾਡਲ, ਸ਼ੁਰੂ ਵਿੱਚ ਭਾਈ ਵੀਰ ਸਿੰਘ ਨੇ ਹੀ ਦਿੱਤਾ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਇੱਕ ਐਸੀ ਇਤਿਹਾਸਕ ਭੂਮਿਕਾ ਸੀ ਜਿਸ ਨੇ ਭਾਈ ਵੀਰ ਸਿੰਘ ਨੂੰ ਸਿੱਖ ਬੌਧਿਕ-ਪਰੰਪਰਾ ਦਾ ਯੁੱਗ-ਪੁਰਖ ਬਣਾ ਦਿੱਤਾ। ਪਰ, ਹਰਿਭਜਨ ਸਿੰਘ ਇਸ ਲੇਖ ਵਿੱਚ ਵੀ ਇਹ ਮੁੱਦਾ ਫਿਰ ਖੜ੍ਹਾ ਕਰਦੇ ਹਨ ਕਿ ਭਾਈ ਵੀਰ ਸਿੰਘ ਦਾ ਜਾਂ ਉਨ੍ਹਾਂ ਦੇ ਰਚਨਾਤਮਕ ਸੰਸਾਰ ਦਾ ਆਪਣੇ ਸਮਕਾਲੀ ਸਮਾਜ ਨਾਲ ਰਿਸ਼ਤਾ ਕਿਹੋ ਜਿਹਾ ਸੀ। ਇਸ ਬਾਬਤ ਉਨ੍ਹਾਂ ਦਾ ਮੱਤ ਹੈ, ਭਾਈ ਵੀਰ ਸਿੰਘ ਦੀਆਂ ਕੁਝ ਕੁ ਕਾਵਿ-ਉਕਤੀਆਂ ਦਾ ਹਵਾਲਾ ਦੇ ਕੇ ਆਮ ਤੌਰ ਤੇ ਸਿੱਧ ਕਰ ਲਿਆ ਜਾਂਦਾ ਹੈ ਕਿ ਉਹ ਸਮਕਾਲੀ ਸਮਾਜ ਤੋਂ ਨਿਰਲਿਪਤ ਰਹਿ ਕੇ ਆਪਣੀ ਨਿਜੀ ਸੰਤੁਸ਼ਟੀ ਲਈ ਹੀ ਸਾਹਿਤ-ਸਾਧਨਾ ਕਰਦੇ ਰਹੇ। ਇਹ ਵਿਚਾਰ ਭਾਵੇਂ ਗਲਤ ਹੈ ਪਰ ਨਿਰਮੂਲ ਨਹੀਂ। ਉਨ੍ਹਾਂ ਦੇ ਜੀਵਨ ਦਾ ਘਟਨਾ-ਮੂਲਕ ਇਤਿਹਾਸ ਵਾਚਣ ਤੋਂ ਵੀ ਇਹੋ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਵਿੱਚ ਸਕ੍ਰਿਆ ਹਿੱਸਾ ਕਦੇ ਨਾ ਲਿਆ ———— ਗੁਰੂ ਅਤੇ ਗੁਰੂ ਕੇ ਸਿੰਘਾਂ ਨੇ ਇਤਿਹਾਸ-ਦ੍ਰਿਸ਼ ਦਾ ਸਿਰਜਣ ਕੀਤਾ, ਭਾਈ ਵੀਰ ਸਿੰਘ ਦੀ ਰੁਚੀ ਦ੍ਰਿਸ਼-ਸਿਰਜਣ ਪ੍ਰਤੀ ਨਹੀਂ, ਦ੍ਰਿਸ਼ਟੀ ਸਿਰਜਣ ਪ੍ਰਤੀ ਹੈ।" (ਉਹੀ, ਪੰਨਾ ਉਹੀ।) ਜਿਥੇ ਗੁਰੂ ਸਾਹਿਬਾਨ ਦ੍ਰਿਸ਼-ਨਾਇਕ ਸਨ ਉਥੇ ਭਾਈ ਵੀਰ ਸਿੰਘ ਦ੍ਰਿਸ਼ਟੀ-ਵੇਤਾ ਸਨ। ਉਨ੍ਹਾਂ ਕੋਲ ਅਸਲ ਵਿੱਚ ਪਹਿਲਾਂ ਨਿਰਧਾਰਤ ਇੱਕ ਧਰਮ-ਸ਼ਾਸਤਰ ਦਾ ਮਾਡਲ ਸੀ ਜਿਸ ਦੀ ਨਵੀਂ ਵਿਆਖਿਆ ਅਤੇ ਪਰਚਾਰ ਮੂਲ ਸੀ। ਵਰਤਮਾਨ ਵਿੱਚ ਕੀ ਵਾਪਰ ਰਿਹਾ, ਇਹ ਉਨ੍ਹਾਂ ਦਾ ਮੁੱਦਾ ਕਦੇ ਬਣਿਆ ਹੀ ਨਹੀਂ। ਸ਼ਾਇਦ ਉਨ੍ਹਾਂ ਨੂੰ ਲਗਦਾ ਰਿਹਾ ਕਿ ਜੋ ਬਣਿਆ ਬਣਾਇਆ ਇੱਕ ਮਾਡਲ ਉਨ੍ਹਾਂ ਕੋਲ ਹੈ, ਇਹ ਆਪਣੇ ਆਪ ਵਿੱਚ ਸੰਪੂਰਨ ਹੈ ਜਿਸ ਦੇ ਪਰਚਾਰ ਨਾਲ ਸਿੱਖ ਕੌਮ ਆਪਣੇ ਮੂਲ

ਆਸ਼ੇ ਵੱਲ ਪਰਤੇਗੀ। ਉਨ੍ਹਾਂ ਦੇ ਸਮਕਾਲ ਵਿਚ ਕੀ ਵਾਪਰ ਰਿਹਾ ਹੈ, ਦੇ ਘਟਨਾ-ਕ੍ਰਮ ਦਾ ਦ੍ਰਿਸ਼ ਜਾਂ ਘਟਨਾ ਦੇ ਕਾਵਿ-ਬਿਰਤਾਂਤ ਦੀ ਅਣਹੋਂਦ ਵਿਚ ਹੀ, ਭਾਈ ਵੀਰ ਸਿੰਘ-ਕਾਵਿ ਆਪਣਾ ਆਦਰਸ਼ ਪ੍ਰਗਟ ਕਰਦਾ ਹੈ।

ਭਾਈ ਵੀਰ ਸਿੰਘ ਦੀ ਛੁਪੇ ਰਹਿਣ ਦੀ ਚਾਹ ਨੂੰ ਹਰਿਭਜਨ ਸਿੰਘ ਉਦਾਸੀਨਤਾ ਨਹੀਂ, ਸਗੋਂ ਫਾਸਲੇ ਉਪਰ ਵਿਚਰਨ ਦੀ ਚਾਹ ਕਹਿ ਕੇ ਡਿਫੈਂਡ ਵੀ ਕਰਦੇ ਹਨ। 'ਛੁਪੇ ਰਹਿਣ' ਦੀ ਇਸ ਚਾਹ ਨੇ ਹੀ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਸਮਾਜਿਕ ਘਟਨਾ-ਕਰਮ ਦੇ ਦ੍ਰਿਸ਼ਾਂ ਤੱਕ ਫੈਲਣ ਨਹੀਂ ਦਿੱਤਾ। ਇਹ ਇੱਕ ਐਸੀ ਵਿਲੱਖਣ ਆਧੁਨਿਕ ਕਵਿਤਾ ਬਣ ਜਾਂਦੀ ਹੈ ਜਿਹੜੀ ਕੁਦਰਤ-ਸੋਹਜ ਦੇ ਬਲ ਨਾਲ ਪਾਠਕ ਤੱਕ ਪਹੁੰਚਦੀ ਹੈ। ਦ੍ਰਿਸ਼ਟੀ ਦੀ ਭਾਲ ਵਿੱਚ, ਪਾਠਕ ਨੂੰ ਬਿਰਤਾਂਤਕ-ਦ੍ਰਿਸ਼ ਨਹੀਂ ਮਿਲਦੇ, ਪਰਵਚਨੀ ਸੰਕੇਤ ਹੀ ਮਿਲਦੇ ਹਨ ਜਿਨ੍ਹਾਂ ਦੀ ਚਿਹਨਿਕਤਾ ਵੀ ਸ਼ੁੱਧ ਕੁਦਰਤ ਕਾਵਿ ਵਿੱਚ ਸਮਾ ਜਾਂਦੀ ਹੈ। ਪ੍ਰਸ਼ਨ-ਉਤਰ ਦੀ ਜੁਗਤ ਨਾਲ, ਪਾਠਕ ਨੂੰ ਪ੍ਰਭੂ-ਸਿਮਰਨ ਅਤੇ ਕੁਦਰਤ ਪਿਆਰ ਦਾ ਕੋਮਲ ਪੈਗਾਮ ਦੇ ਕੇ ਆਪਣਾ ਲਕਸ਼ ਪੂਰਾ ਕਰ ਲੈਂਦੀ ਹੈ। ਅਸੀਂ ਜਦੋਂ ਇਹ ਕਹਿੰਦੇ ਹਨ ਕਿ ਭਾਈ ਵੀਰ ਸਿੰਘ ਇੱਕ ਸਿੱਖ ਸਕਾਲਰ ਦੇ ਤੌਰ ਤੇ, ਸਿੱਖ ਰਚਨਾਵਾਂ ਅਤੇ ਫਲਸਫ਼ੇ ਦੀ ਵਿਆਖਿਆ ਨਵੀਨ ਮੁਹਾਵਰੇ ਵਿੱਚ ਕਰਦੇ ਹਨ ਤਾਂ ਇਹ ਵੀ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਇਹ ਵਿਆਖਿਆ ਇਤਿਹਾਸ ਵਿੱਚ ਕਿਸ ਭੂਮਿਕਾ ਵਿੱਚ ਹੈ ? ਇਸ ਬਾਰੇ ਹਰਿਭਜਨ ਸਿੰਘ ਦਾ ਕਥਨ ਹੈ, "ਵੀਰ ਸਿੰਘ ਇਤਿਹਾਸ-ਵਿਗਿਆਨੀ ਨਹੀਂ ——ਪਹਿਲੀ ਗੱਲ ਤਾਂ ਇਹ ਹੈ ਕਿ ਉਸ ਨੇ ਕੇਵਲ ਉਸ ਇਤਿਹਾਸ ਖੰਡ ਦੀ ਹੀ ਵਿਆਖਿਆ ਕੀਤੀ ਹੈ ਜੋ ਉਸ ਦੇ ਭਾਵੁਕ ਘੇਰੇ ਵਿੱਚ ਸੀ। ਦੂਸਰੇ ਉਸ ਦੀ ਇਤਿਹਾਸ-ਦ੍ਰਿਸ਼ਟੀ ਵੀ ਉਸ ਦੇ ਭਾਵੁਕ ਉਦੇਸ਼ ਤੋਂ ਹੀ ਪ੍ਰੇਰਨਾ ਗ੍ਰਹਿਣ ਕਰਦੀ ਹੈ। —ਭਾਈ ਵੀਰ ਸਿੰਘ ਅਨੁਸਾਰ ਸਿੱਖ-ਇਤਿਹਾਸ ਦੀ ਕਿਸੇ ਵੀ ਘਟਨਾ ਦੀ ਪ੍ਰਮਾਣਿਕਤਾ ਦੀ ਕਸਵੱਟੀ ਹੈ ਗੁਰਬਾਣੀ। ਜ਼ਾਹਿਰ ਹੈ ਇਹ ਕਸਵੱਟੀ ਬੌਧਿਕ, ਨਿਰਾਤਮ ਤੇ ਨਿਸੰਗ ਇਤਿਹਾਸਿਕ ਕਸਵੱਟੀ ਨਹੀਂ। ਇਹ ਤਾਂ ਭਾਵੁਕ ਅਧਿਆਤਮਿਕ ਕਸਵੱਟੀ ਹੈ ਜੋ ਸਿੱਖ ਸਮਾਜ ਦੇ ਮਿਥਿਕ ਵਿਰਸੇ ਨੂੰ ਸਿੱਧ ਵੀ ਕਰਦੀ ਹੈ ਅਤੇ ਉਸ ਨੂੰ ਇਤਿਹਾਸ ਦੀ ਪਦਵੀ ਵੀ ਦਿੰਦੀ ਹੈ। ਭਾਈ ਵੀਰ ਸਿੰਘ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਸ ਨੇ ਸਿੱਖ ਸਮਾਜ ਵਿੱਚ ਜਾਤੀ ਅਵਚੇਤਨ ਦੀ ਭਾਵਨਾ ਨੂੰ ਪ੍ਰਪੱਕ ਕਰ ਦਿੱਤਾ ਹੈ। ਇਸ ਪ੍ਰਕਾਰ ਦੇ ਕੰਮ ਦੀ ਆਸ ਕਿਸੇ ਕਵੀ ਪਾਸੋਂ ਹੀ ਰੱਖੀ ਜਾ ਸਕਦੀ ਹੈ। ਵੀਰ ਸਿੰਘ ਨੇ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖ ਸਭਿਆਚਾਰ ਨੂੰ ਪੰਜਾਬ ਦੇ ਧੁਰ ਅਵਚੇਤਣ ਵਿੱਚ ਟਿਕਾ ਦਿੱਤਾ ਹੈ।" (ਉਹੀ, ਪੰਨੇ, 72-73) ਇਸ ਪ੍ਰਕਾਰ ਭਾਈ ਵੀਰ ਸਿੰਘ ਦੀ ਗੁਰਮਤਿ ਵਿਆਖਿਆ ਨੂੰ ਵੀ ਕਿਸੇ ਵਿਗਿਆਨਕ-ਇਤਿਹਾਸਿਕ ਵਿਆਖਿਆ ਦੇ ਘੇਰੇ 'ਚ ਰੱਖਣ ਨਾਲੋਂ, ਉਸ ਉਪਦੇਸ਼ਾਤਮਕ ਅਤੇ ਨਿਸ਼ਠਾਵਾਚੀ ਦ੍ਰਿਸ਼ਟੀ ਵਿੱਚ ਹੀ ਰੱਖਣਾ ਚਾਹੀਦਾ ਹੈ ਜਿਹੜੀ ਦ੍ਰਿਸ਼ਟੀ ਉਸ ਦਾ ਭਾਵੁਕ ਅਤੇ ਬੌਧਿਕ ਉਦੇਸ਼ ਸੀ। ਇਹ ਉਦੇਸ਼ ਉਨ੍ਹਾਂ ਬਖੂਬੀ ਨਿਭਾਇਆ ਵੀ। ਇੱਕ ਸਿੱਖ ਕਵੀ; ਇੱਕ ਸਿੱਖ ਵਿਦਵਾਨ ਦੇ ਤੌਰ ਤੇ ਉਸ ਦੀ ਭੂਮਿਕਾ ਵੱਡੀ ਵੀ ਹੈ ਵਿਲੱਖਣ ਵੀ ਅਤੇ ਇਤਿਹਾਸਕ ਵੀ। ਸਿੰਘ ਸਭਾ ਲਹਿਰ ਦੇ ਪ੍ਰਥਮ ਬੌਧਿਕ-ਮਾਨਵ ਅਤੇ ਪ੍ਰਸਿੱਧ ਕਵੀ ਦੇ ਤੌਰ 'ਤੇ ਉਸ ਦੀ ਸਥਾਪਤੀ, ਉਨ੍ਹਾਂ ਨੂੰ ਸ਼ਰਧਾ ਦ੍ਰਿਸ਼ਟੀ ਵਜੋਂ ਵੀ ਯੁੱਗ-ਪੁਰਖ ਦੀ ਉਪਾਧੀ ਮਿਲਣੀ ਸੁਭਾਵਕ ਪ੍ਰਤੀਤ ਹੁੰਦੀ ਹੈ।

3

ਹਰਿਭਜਨ ਸਿੰਘ ਦਾ ਭਾਈ ਵੀਰ ਸਿੰਘ ਬਾਰੇ ਇੱਕ ਬਹੁਤ ਹੀ ਮਹੱਤਵਪੂਰਨ ਲੇਖ ਹੈ, 'ਭਾਈ ਵੀਰ ਸਿੰਘ: ਤਲਾਸ਼ ਇੱਕ ਮੂਲ ਆਦਰਸ਼ ਦੀ'। ਇਸ ਲੇਖ ਵਿੱਚ ਹਰਿਭਜਨ ਸਿੰਘ ਨੇ ਭਾਈ ਵੀਰ ਸਿੰਘ ਦੀ ਵਿਚਾਰਧਾਰਾ ਦੇ ਮੂਲ ਆਦਰਸ਼ ਨੂੰ ਤਲਾਸ਼ਦਿਆਂ, ਇਸ ਬੁਨਿਆਦੀ ਸਵਾਲ ਨੂੰ ਉਠਾਇਆ ਹੈ ਕਿ ਪੰਜਾਬੀ ਬੰਦੇ ਦਾ ਜਾਂ ਕਹਿ ਲਵੋ ਪੰਜਾਬ ਦਾ ਇਤਿਹਾਸ ਸੰਘਰਸ਼ਾਂ ਦਾ ਇਤਿਹਾਸ ਰਿਹਾ ਹੈ; ਅਪਾਰ ਕੁਰਬਾਨੀਆਂ ਦਾ; ਜੰਗਾਂ ਯੁੱਧਾਂ ਦਾ, ਸਿੱਖ-ਇਤਿਹਾਸ ਦੀ ਬਹਾਦਰੀ ਦੇ ਕਾਰਨਾਮਿਆਂ ਦਾ; ਜਿੱਤਾਂ ਅਤੇ ਹਾਰਾਂ ਦਾ। ਤਾਂ ਵੀ ਕੀ ਕਾਰਣ ਹੈ ਕਿ ਪੰਜਾਬੀ ਸਾਹਿਤ-ਸਿਰਜਣ ਵਿੱਚ ਗ੍ਰੀਕ ਸਾਹਿਤ ਵਾਂਗ ਤ੍ਰਾਸਦੀ ਦੀ ਮਹਾਨ ਰਚਨਾ ਦੀ ਅਣਹੋਂਦ ਹੈ। ਅਸੀਂ ਭਾਈ ਵੀਰ ਸਿੰਘ ਬਾਰੇ ਤਾਂ ਪ੍ਰਸ਼ਨ ਖੜ੍ਹੇ ਕਰਦੇ ਹਾਂ ਕਿ ਉਨ੍ਹਾਂ ਨੇ ਜੱਲ੍ਹਿਆਂਵਾਲਾ ਬਾਗ ਤੋਂ ਲੈ ਕੇ ਸੁਤੰਰਤਾ





ਅੰਦੋਲਨ ਵਿੱਚ, ਪੰਜਾਬੀਆਂ ਜਾਂ ਸਿੱਖਾਂ ਦੀ ਭੂਮਿਕਾ ਬਾਰੇ ਕੋਈ ਘਟਨਾ-ਦ੍ਰਿਸ਼ ਨਹੀਂ ਸਿਰਜੇ, ਆਪਣੀਆਂ ਕਵਿਤਾਵਾਂ ਵਿੱਚ। ਪਰ ਸਾਡੀ ਪਰੰਪਰਾ ਦੇ ਇਤਿਹਾਸ ਵਿੱਚ ਤ੍ਰਾਸਦੀ ਸਾਹਿਤ ਦੀ ਅਣਹੋਂਦ ਦੇ ਮਸਲੇ ਨੂੰ ਵੀ ਅਧਿਐਨ ਕਰਨਾ ਪਵੇਗਾ। ਹਰਿਭਜਨ ਸਿੰਘ ਅਨੁਸਾਰ ਪੰਜਾਬੀ ਸਭਿਆਚਾਰ ਵਿੱਚ ਤ੍ਰਾਸਦੀ ਦੀ ਅਣਹੋਂਦ ਦਾ ਵੱਡਾ ਕਾਰਣ ਪਰਮਾਣਿਕ ਵਿਅਕਤੀ ਦੀ ਹੀ ਅਣਹੋਂਦ ਹੈ। "ਪੰਜਾਬ ਵਿੱਚ ਬੰਦ ਬੰਦ ਕਟਵਾਉਣ ਵਾਲੇ, ਖੋਪਰ ਲੁਹਾਉਣ ਵਾਲੇ ——ਮਿਲਦੇ ਰਹੇ ਹਨ। ਤਾਂ ਵੀ ਤ੍ਰਾਸਦੀ ਰਚਨਾ ਨਹੀਂ ਹੋ ਸਕੀ। ਕਾਰਣ ? ਉਨ੍ਹਾਂ ਦੇ ਤ੍ਰਾਸਦ ਕੰਮ ਸਮਰੂਪਤਾ ਦਾ ਸਿੱਟਾ ਹਨ। ——ਭਾਈ ਵੀਰ ਸਿੰਘ ਦੀ ਛੁਪੇ ਰਹਿਣ ਦੀ ਚਾਹ ਸਰਸਮਤਾ ਦੇ ਰਾਹ ਵਿੱਚ ਗੁਪਤਦਾਨ ਵਰਗੀ ਕੋਈ ਸ਼ੈ ਹੈ। ਭਾਈ ਵੀਰ ਸਿੰਘ ਨੇ ਆਪਣੀਆਂ ਬਹੁਤੀਆਂ ਪੁਸਤਕਾਂ ਉਪਰ ਆਪਣਾ ਨਾਮ ਲੇਖਕ ਰੂਪ ਵਿੱਚ ਨਹੀਂ ਦਿੱਤਾ —। ਇਸ ਤਰਾਂ ਦਾ ਕਬੀਲਾਦਾਰੀ ਚਰਿੱਤਰ ਪੰਜਾਬ ਦੇ ਸਾਰੇ ਸੰਪ੍ਰਦਾਇਕ ਸਮੂਹਾਂ ਦਾ ਹੈ। ਪੰਜਾਬ ਦੀ ਸਿਰਜਨਾਤਮਿਕ ਸਮੂਹ-ਭਾਵਨਾ, ਆਤਮ-ਪ੍ਰਸੰਨ ਅਤੇ ਆਤਮ-ਨਿਰਭਰ ਸਮੂਹਾਂ ਨਾਲ ਸੰਬੰਧਿਤ ਹੈ। ——ਭਾਈ ਵੀਰ ਸਿੰਘ ਇਸੇ ਆਤਮਲੀਨ ਸਾਹਿਤ-ਪਰੰਪਰਾ ਨਾਲ ਸੰਬੰਧਿਤ ਹਨ।" (**ਪਾਰਗਾਮੀ**, ਪੰਨੇ, 84-85, 2002)

ਇਤਿਹਾਸਿਕ ਤੌਰ ਤੇ ਭਾਈ ਵੀਰ ਸਿੰਘ ਦਾ ਸਮਾਂ ਕਈ ਮਾਅਨਿਆਂ ਵਿੱਚ ਵਿਸ਼ੇਸ਼ ਸੀ। ਧਾਰਮਿਕ ਪੁਨਰ-ਸੁਰਜੀਤੀ ਦੀਆਂ ਲਹਿਰਾਂ ਅਤੇ ਸੁਤੰਤਰਤਾ ਅੰਦੋਲਨ ਦਾ ਕਰਾਂਤੀਕਾਰੀ ਪੜਾਅ ਸ਼ੁਰੂ ਹੋ ਚੁੱਕਾ ਸੀ। ਸਿੱਖ ਧਰਮ ਵਿੱਚ ਵੀ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਪੈਦਾ ਹੋ ਚੁਕੀ ਸੀ। ਸੁਤੰਤਰਤਾ ਅੰਦੋਲਨ ਵਿੱਚ ਇੱਕ ਪਾਸੇ ਗਦਰੀ-ਯੋਧੇ ਭਾਰਤੀ ਪਰਿਪੇਖ ਵਿੱਚ ਆਪਣੀ ਰਾਜਨੀਤਕ ਅਤੇ ਸਿਰਜਨਾਤਮਿਕ ਭੂਮਿਕਾ ਵਿੱਚ ਸਰਗਰਮ ਹੋ ਚੁਕੇ ਸਨ। ਪੰਜਾਬ ਵਿੱਚ ਧਾਰਮਿਕ ਪੁਨਰ-ਸੁਰਜੀਤੀ ਦੀਆਂ ਲਹਿਰਾਂ ਨੇ ਮਾਹੌਲ ਨੂੰ ਸੰਪਰਦਾਇਕ ਵੀ ਬਣਾ ਦਿੱਤਾ ਜਿਸ ਦਾ ਪਰਿਣਾਮ ਪਾਕਿਸਤਾਨ ਬਣਨ ਵਿੱਚ ਨਿਕਲਿਆ। ਵੀਹਵੀਂ ਸਦੀ ਦੇ ਦੂਜੇ-ਤੀਜੇ ਦਹਾਕੇ ਵਿੱਚ, ਪੰਜਾਬ ਵਿੱਚ ਸਿੱਖ ਧਰਮ ਦੀ ਪੁਨਰ-ਸੁਰਜੀਤੀ ਦੀ ਭਾਵਨਾ ਨੇ ਸਿੰਘ ਸਭਾ ਲਹਿਰ ਨੂੰ ਸਥਾਪਿਤ ਕੀਤਾ। ਪੰਜਾਬ ਦੇ ਲੇਖਕਾਂ ਅਤੇ ਬੁਧੀਜੀਵੀਆਂ ਦੀ ਪਹਿਲੀ ਪੀੜ੍ਹੀ ਵਿੱਚ, ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਪ੍ਰਮੁੱਖ ਚਿੰਤਕ ਬਣੇ। ਭਾਈ ਵੀਰ ਸਿੰਘ ਦੀ ਭੂਮਿਕਾ ਬਾਰੇ ਹਰਿਭਜਨ ਸਿੰਘ ਪ੍ਰਸ਼ਨ ਖੜ੍ਹਾ ਕਰਦੇ ਕਹਿੰਦੇ ਹਨ, "ਹੁਣ ਪ੍ਰਸ਼ਨ ਹੈ ਕਿ ਭਾਈ ਵੀਰ ਸਿੰਘ ਦਾ ਰੋਲ ਕੀ ਸੀ ? ਭਾਈ ਵੀਰ ਸਿੰਘ ਨੂੰ ਪੁਨਰ ਸਥਾਪਨਵਾਦੀ ਕਿਹਾ ਜਾਂਦਾ ਹੈ। ਪੁਨਰ ਸਥਾਪਨ ਦਾ ਮੁੱਖ ਲੱਛਣ ਹੈ ਬੀਤ ਚੁੱਕੇ ਨੂੰ ਵਰਤਮਾਨ ਸਥਿਤੀ ਵਿੱਚ ਸਥਾਪਿਤ ਕਰਨਾ। ———— ਭਾਈ ਵੀਰ ਸਿੰਘ ਦਾ ਮੁੱਖ ਯੋਗਦਾਨ ਇਹ ਹੈ ਕਿ ਉਸ ਨੇ ਮੂਲ ਨੂੰ ਅਨੁਭਵ ਦੀ ਮੁਥਾਜੀ ਤੋਂ ਮੁਕਤ ਕੀਤਾ ਅਤੇ ਉਸ ਨੂੰ ਨਵੀਨ ਪ੍ਰਤਿਮਾਨਕ ਜੀਵਨ-ਜਾਚ ਦਾ ਹਾਣੀ ਬਣਾਇਆ। —- ਉਸ ਦੀ ਰਚਨਾ ਵਿੱਚ ਸਿੱਖੀ ਮੂਲ ਆਦਰਸ਼ ਨੂੰ ਜ਼ੁਬਾਨ ਮਿਲੀ। ——— ਮਹਾਨਤਾ ਦੀ ਅਨੁਭਵੀ ਹੋਂਦ ਸੰਭਵ ਨਹੀਂ, ਇਹ ਕੇਵਲ ਪ੍ਰਤਿਮਾਨਕ ਯਥਾਰਥ ਹੈ। ਭਾਈ ਵੀਰ ਸਿੰਘ ਦੀ ਆਪਾ-ਲੁਕਾਊ ਬਿਰਤੀ ਤੇ ਪੰਥ-ਸਮਰਪਿਤ ਆਪਾ ਅਨੁਭਵ-ਮੁਕਤੀ ਤੇ ਪ੍ਰਤੀਮਾਨਕ, ਜੀਵਨ ਦੇ ਪ੍ਰਤੀਕ ਹਨ। ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਪ੍ਰਤਿਮਾਨ ਨਿਸ਼ਚਿਤ ਕਰ ਕੇ ਉਨ੍ਹਾਂ ਨੂੰ ਹੀ ਆਪਣੀ ਜੀਵਨ-ਵਿਧੀ ਦਾ ਆਧਾਰ ਬਣਾਉਣ ਵਿੱਚ ਭਾਈ ਵੀਰ ਸਿੰਘ ਦਾ ਯੋਗਦਾਨ ਬੇਜੋੜ ਹੈ। ਭਾਈ ਵੀਰ ਸਿੰਘ ਦਾ ਸਮੁੱਚਾ ਅਤੇ ਬਹੁ-ਪੱਖੀ ਜੀਵਨ ਇਸੇ ਇੱਕ ਉਦੇਸ਼ ਪ੍ਰਤਿ ਸਮਰਪਿਤ ਹੈ।" (ਉਹੀ, ਪੰਨੇ, 87-89 ) ਇਸ ਪ੍ਰਕਾਰ ਇਸ ਲੇਖ ਵਿਚ ਡਾ. ਹਰਿਭਜਨ ਸਿੰਘ, ਭਾਈ ਵੀਰ ਸਿੰਘ ਦੇ ਮੂਲ-ਆਰਦਸ਼ ਨੂੰ ਸਿੱਖ ਧਰਮ ਦੀ ਪੁਨਰ-ਸੁਰਜੀਤੀ ਦੇ ਲਕਸ਼ ਨਾਲ ਜੋੜਦੇ ਹਨ। ਪਰ ਇਸ ਲਕਸ਼ ਦੀ ਪ੍ਰਾਪਤ ਲਈ ਉਨ੍ਹਾਂ ਕੋਲ ਗੁਰਬਾਣੀ ਦੀ ਅਧਿਆਤਮਿਕ ਦ੍ਰਿਸ਼ਟੀ ਥੀਸਿਜ ਨੂੰ ਉਨ੍ਹਾਂ ਨੇ ਆਪਣੀਆਂ ਗਲਪੀ, ਨਾਟਕੀ ਅਤੇ ਕਾਵਿ-ਰਚਨਾਵਾਂ ਵਿੱਚ ਪ੍ਰਗਟ ਕੀਤਾ। ਸਿੱਖ ਧਾਰਮਿਕ ਗ੍ਰੰਥਾਂ ਦੀ ਨਵੀਨ ਭਾਸ਼ਾਈ ਮੁਹਾਵਰੇ ਵਿੱਚ ਵਿਲੱਖਣ ਵਿਆਖਿਆ ਨੇ ਭਾਈ ਵੀਰ ਸਿੰਘ ਨੂੰ ਇੱਕ ਪ੍ਰਮੁੱਖ ਅਤੇ ਪ੍ਰਥਮ ਸਿੱਖ ਵਿਦਵਾਨ ਦੇ ਤੌਰ 'ਤੇ ਸਥਾਪਿਤ ਕਰ ਦਿੱਤਾ ਅਤੇ ਆਧੁਨਿਕ ਸਿੱਖ ਇਤਿਹਾਸ ਵਿੱਚ ਇਕ ਯੁੱਗ-ਵੇਤਾ ਦੀ ਭੂਮਿਕਾ ਵਿੱਚ ਵੀ

**ਸਾਰੰਸ਼** :

ਉਪਰੋਕਤ, ਹਰਿਭਜਨ ਸਿੰਘ ਦੇ ਤਿੰਨੋਂ ਲੇਖ, ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਵਿਸ਼ੇਸ਼ ਤੌਰ ਤੇ ਬੁਨਿਆਦੀ ਪ੍ਰਸ਼ਨਾਂ ਨੂੰ ਸੰਬੋਧਿਤ ਹਨ, ਜਿਨ੍ਹਾਂ ਦਾ ਸੰਖੇਪ ਸਾਰੰਸ਼ ਦੇਣਾ ਮੇਰੀ ਆਪਣੀ ਪੜ੍ਹਤ ਲਈ, ਜ਼ਰੂਰੀ ਮਹਿਸੂਸ ਹੋਇਆ। ਇਸ ਸਾਰੰਸ਼ ਦੀ ਪੜ੍ਹਤ ਵਿੱਚ ਬਹੁਤੀਆਂ ਧਾਰਨਾਵਾਂ ਦਾ ਆਧਾਰ ਭਾਵੇਂ ਮੈਂ ਉਪਰੋਕਤ ਲੇਖਾਂ ਨੂੰ ਹੀ ਬਣਾਇਆ ਹੈ, ਪਰ ਕਈ ਥਾਵੇਂ ਮੇਰੀ ਹਾਜ਼ਰੀ ਵੀ ਹੈ। ਇਸ ਅਧਿਅਨ ਵਿੱਚ ਭਾਵੇਂ ਮੇਰੀ ਹਾਜ਼ਰੀ ਨਿਰੰਤਰ ਰਹੀ ਹੈ ਪਰ ਭਾਈ ਵੀਰ ਸਿੰਘ ਦੀ ਕਵਿਤਾ ਦੇ ਪਾਠਕਾਂ ਅਤੇ ਖੋਜ-ਵਿਦਿਆਰਥੀਆਂ ਲਈ ਇਨ੍ਹਾਂ ਦਾ ਸੰਖੇਪ ਅਤੇ ਸੂਤਰ ਰੂਪ ਵਿੱਚ ਸਾਰੰਸ਼ ਹੋਰ ਸਪੱਸ਼ਟਤਾ ਦੇਵੇਗਾ।

1. ਭਾਈ ਵੀਰ ਸਿੰਘ ਇੱਕ ਕਵੀ ਦੇ ਤੌਰ ਤੇ, ਨਿਸ਼ਚਿਤ ਵਿਚਾਰਧਾਰਾ ਨੂੰ ਲੈ ਕੇ ਕਾਵਿ-ਸਿਰਜਣਾ ਕਰਦੇ ਹਨ। ਇਹ ਵਿਚਾਰਧਾਰਾ ਗੁਰਬਾਣੀ ਦਾ ਪ੍ਰਵਚਨ ਹੈ ਜਿਸ ਨੂੰ ਭਾਈ ਵੀਰ ਸਿੰਘ ਆਧੁਨਿਕ ਭਾਸ਼ਾਈ ਮੁਹਾਵਰੇ ਵਿੱਚ ਪ੍ਰਗਟ ਕਰਦੇ ਹਨ। ਰਾਣਾ ਸੂਰਤ ਸਿੰਘ ਮਹਾਂ-ਕਾਵਿ ਨੂੰ ਛੱਡ ਕੇ ਉਨ੍ਹਾਂ ਦੀ ਸਮੁੱਚੀ ਕਵਿਤਾ, ਆਧੁਨਿਕ ਰੂਪਕਾਰਾਂ ਵਿੱਚ ਹੈ ਜਿਸ ਨੂੰ ਨਿੱਕੀ ਕਵਿਤਾ, ਨਜ਼ਮ, ਰੁਬਾਈ, ਦਰਮਿਆਨੇ ਆਕਾਰ ਦੀ ਆਧੁਨਿਕ ਕਵਿਤਾ ਦੇ ਰੂਪ ਵਿੱਚ ਪੜ੍ਹਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਭਾਰਤੀ ਛੰਦ-ਸ਼ਾਸਤਰ ਵਿਚੋਂ ਤੁਕਾਂਤਕ ਵਜ਼ਨ ਨੂੰ ਆਧਾਰ ਬਣਾਉਂਦੀ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਕਵਿਤਾ ਵਿੱਚ ਪ੍ਰਗੀਤਕ-ਸੋਹਜ ਦੀ ਸਿਰਜਣਾ ਵਿਸ਼ੇਸ਼ ਹੈ ਅਤੇ ਸਰੋਤਾਮੁਖਤਾ ਇਸ ਕਵਿਤਾ ਦਾ ਕੇਂਦਰੀ ਗੁਣ ਰਿਹਾ ਹੈ।

2. ਭਾਈ ਵੀਰ ਸਿੰਘ ਦੀ ਕਵਿਤਾ ਪ੍ਰਮੁੱਖ ਸੋਹਜ-ਸ਼ਾਸਤ੍ਰੀ ਯੁਗਤ ਕੁਦਰਤ ਦੇ ਮਨਮੋਹਕ ਦ੍ਰਿਸਾਂ ਦਾ ਚਿਤਰਣ ਹੈ। ਉਨ੍ਹਾਂ ਦੀ ਕਵਿਤਾ ਵਿੱਚ ਕੁਦਰਤ ਦਾ ਮਾਨਵੀਕਰਣ, ਪੂਰੀ ਕਲਾਤਮਿਕਤਾ ਨਾਲ ਹੋਇਆ ਹੈ। ਕੁਦਰਤ ਦੇ ਦ੍ਰਿਸ਼ਾਂ ਦੇ ਚਿਹਨਿਕ, ਇੱਕ ਥੀਮ ਵਜੋਂ, ਬਹੁਤਿਆਂ ਵਿਸ਼ਿਆਂ ਵਿੱਚ ਪ੍ਰਭੂ-ਭਗਤੀ ਅਤੇ ਨਾਮ-ਸਿਮਰਨ ਦੇ ਸਿਖਿਆ-ਪਰਵਚਨ ਹੀ ਹਨ। ਬਹੁਤੀਆਂ ਕਵਿਤਾਵਾਂ ਦਾ ਮੂਲ ਆਧਾਰ ਗੁਰਬਾਣੀ ਦੇ ਸ਼ਲੋਕ ਬਣ ਜਾਂਦੇ ਹਨ ਜਿਨ੍ਹਾਂ ਨੂੰ ਭਾਈ ਵੀਰ ਸਿੰਘ ਸਮਕਾਲੀ ਭਾਸ਼ਾਈ ਰੂਪ ਦੇ ਸੋਹਜ ਵਿੱਚ ਲਬਰੇਜ਼ ਕਰ ਦਿੰਦੇ ਹਨ। ਇਹ ਕਵਿਤਾ ਪਾਠਕ ਅਤੇ ਸ਼੍ਰੋਤੇ ਦੇ ਭਾਵਾਂ ਨੂੰ ਕੁਦਰਤ-ਦ੍ਰਿਸ਼ਾਂ ਦੇ ਸੋਹਜ ਰਾਹੀਂ ਪ੍ਰਭਾਵਿਤ ਕਰਦੀ ਹੈ। ਪਰ ਇੱਥੇ ਵੀ ਦੇਖਣ ਵਾਲਾ ਨੁਕਤਾ ਇਹ ਹੈ ਕਿ ਗੁਰਬਾਣੀ ਦੇ ਵੀ ਉਨ੍ਹਾਂ ਸ਼ਲੋਕਾਂ ਨੂੰ ਆਧਾਰ ਬਣਾਇਆ ਗਿਆ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਵਿਚ ਨਾਮ-ਸਿਮਰਨ- ਪ੍ਰਭੂ-ਭਗਤੀ ਅਤੇ ਗੁਰਮੁਖ ਮਨੁੱਖ ਦੇ ਆਚਰਣ ਨਾਲ ਸੰਬੰਧਿਤ ਸਿੱਖਿਆ-ਪ੍ਰਵਚਨ ਹਨ। ਗੁਰੂ ਨਾਨਕ ਬਾਣੀ ਦੀ ਸੰਸਕ੍ਰਿਤਕ ਦਾਰਸ਼ਨਿਕਤਾ ਅਤੇ ਸਮਾਜਿਕ ਪ੍ਰਵਚਨ ਦਾ ਪ੍ਰਤਿਰੋਧਕ ਸੰਵਾਦ ਵੀ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਨਜ਼ਰ ਨਹੀਂ ਆਉਂਦਾ।

3. ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ, ਭਾਵੁਕ ਆਵੇਸ਼ ਵਾਲੀ ਹੈ। ਬੌਧਿਕ ਪ੍ਰਵਚਨ ਵੀ ਭਾਵੁਕ ਆਭਾ ਵਿੱਚ ਸਿਰਜਿਆ ਗਿਆ ਹੈ। ਇਹ ਭਾਵੁਕ ਆਵੇਸ਼, ਕੁਦਰਤ ਦੇ ਸੁੰਦਰ ਅਤੇ ਮਨਮੋਹਕ ਦ੍ਰਿਸ਼-ਚਿਤ੍ਰਾਂ ਨਾਲ ਆਪਣਾ ਪੈਗਾਮ ਦਿੰਦਾ ਹੈ। ਇਹ ਕਾਵਿ-ਦ੍ਰਿਸ਼ ਕੁਦਰਤ ਦਾ ਵੀ ਅਧਿਆਤਮੀਕਰਣ ਬਣ ਜਾਂਦਾ ਹੈ।

4. ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਸਮ-ਸਾਮਿਅਕ, ਸਮਾਜਿਕ, ਰਾਜਨੀਤਕ ਅਤੇ ਸੰਸਕ੍ਰਿਤਕ ਘਟਨਾ-ਕ੍ਰਮ ਦੀ ਲੱਗ-ਭੱਗ ਅਣਹੋਂਦ ਹੀ ਹੈ। ਕੁਝ ਕਵਿਤਾਵਾਂ ਵਿੱਚ ਜ਼ਰੂਰ ਅੰਗਰੇਜ਼ੀ ਸਾਮਰਾਜ ਦੀ ਰਾਜਨੀਤਕ ਚਲਾਕੀ ਦੇ ਚਿਹਨਿਕ ਉਭਰਦੇ ਹਨ, ਪਰ ਸਮਾਜਿਕਤਾ ਭਾਈ ਵੀਰ ਸਿੰਘ ਦੀ ਕਵਿਤਾ ਦਾ ਸੁਭਾਅ ਨਹੀਂ।

5. ਭਾਈ ਵੀਰ ਸਿੰਘ ਦੀ ਕਵਿਤਾ ਦਾ ਪੈਂਦਾ ਵੀ ਅਤੇ ਰੂਹ ਵੀ ਅਧਿਆਤਮਕ ਮੰਡਲਾਂ ਵਿੱਚ ਵਿਚਰਦੀ ਹੈ। ਉਨ੍ਹਾਂ ਦੀ ਕਵਿਤਾ ਦੇ ਚਿਹਨਿਕ ਵੀ ਅਧਿਆਤਮ ਤੋਂ ਅਧਿਆਤਮ ਵਾਲ ਦਾ ਹੀ ਸਫ਼ਰ ਹਨ। ਇਸ ਅਧਿਆਤਮ ਦੀ ਮੂਲ ਰੂਹ ਅਤੇ ਚੂਲ਼ ਰਹੱਸਵਾਦੀ ਹੈ। 'ਛੁਪੇ ਰਹਿਣ' ਦਾ ਮੁੱਖ ਰੂਪਕ (ਮੈਟਾਫਰ) ਇਸੇ ਰਹੱਸਵਾਦੀ ਦ੍ਰਿਸ਼ਟੀ ਦਾ ਲਖਾਇਕ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਰਹੱਸਵਾਦ ਇੱਕ ਦ੍ਰਿਸ਼ਟੀ, ਕਾਵਿ-ਵਿਧੀ ਜਾਂ ਨਿਰੀ ਕੋਈ





ਭਾਸ਼ਾਈ-ਜੁਗਤ ਨਹੀਂ। ਭਾਈ ਵੀਰ ਸਿੰਘ ਦੀ ਕਵਿਤਾ ਦੀ ਜ਼ਮੀਨ ਭਾਵੇਂ ਮੱਧਕਾਲੀ ਗੁਰਮਤਿ ਦੀ ਹੈ ਪਰ ਇਸ ਦੀ ਕਾਵਿ-ਭਾਸ਼ਾ ਵੀਹਵੀਂ ਸਦੀ ਦੀ ਆਧੁਨਿਕ ਪੰਜਾਬੀ ਭਾਸ਼ਾ ਹੈ ਜਿਹੜੀ ਕਵਿਤਾ ਦੇ ਰੂਪ ਲਈ ਬਹੁਤ ਢੁਕਵੀਂ ਹੈ। ਇਸ ਪੱਖ ਤੋਂ ਭਾਈ ਵੀਰ ਸਿੰਘ ਮੋਢੀ ਸਮਝਿਆ ਜਾ ਸਕਦਾ ਹੈ।

6. ਭਾਈ ਵੀਰ ਸਿੰਘ ਦਾ ਸਮੁੱਚਾ ਕਾਵਿ-ਇੱਕ ਮੋਨੋਇਸਟਿਕ (ਇਕਹਿਰੀ ਵਿਚਾਰਧਾਰਾ ਦੇ ਰੂਪ ਵਿੱਚ) ਪ੍ਰਵਚਨ ਤੇ ਟਿਕਿਆ ਹੋਇਆ ਹੈ, ਇਥੇ ਕੋਈ ਡਾਇਕੋਟਮੀ ਨਹੀਂ ਹੈ। ਇਹ ਪ੍ਰਵਚਨ ਆਪਣੇ ਧਰਮ-ਸ਼ਾਸਤ੍ਰੀ ਮਕਸਦ ਨੂੰ ਪੂਰਾ ਕਰਨ ਲਈ ਗੁਰਬਾਣੀ ਦੇ ਪੂਰੇ ਦੇ ਪੂਰੇ ਸ਼ਲੋਕਾਂ ਨੂੰ ਹੀ ਨਵੀਨ ਭਾਸ਼ਾ ਵਿੱਚ ਰੂਪਾਂਤਰਿਤ ਕਰ ਦਿੰਦਾ ਹੈ। ਭਾਈ ਵੀਰ ਸਿੰਘ ਮਿੱਥ ਨੂੰ ਵੀ ਆਪਣੇ ਮੂਲ ਆਸ਼ੇ ਅਨੁਕੂਲ ਇੱਕ ਸਮੇਂ ਵਿੱਚ ਹੀ ਸਥਿਤ ਕਰਕੇ ਰੂਪਾਂਤਰਿਤ ਕਰਦੇ ਹਨ। ਉਹ ਸੁਚੇਤ ਹਨ ਕਿ ਥੀਮ ਨੂੰ ਨਹੀਂ ਭਾਸ਼ਾ ਨੂੰ ਨਵੀਨ ਬਣਾਉਣਾ ਹੈ, ਸਮਕਾਲ ਦੇ ਪ੍ਰਸੰਗ ਵਿੱਚ। ਇਹੀ ਕਾਰਣ ਹੈ ਕਿ ਭਾਈ ਵੀਰ ਸਿੰਘ ਦੀ ਕਵਿਤਾ ਕਿਤੇ ਵੀ ਪ੍ਰਤੀਰੋਧਕ-ਸੰਵਾਦ ਪੈਦਾ ਨਹੀਂ ਕਰਦੀ। ਪ੍ਰਸ਼ਨ-ਉਤਰ ਦਾ ਤਣਾਅ ਤਾਂ ਉਭਰਦਾ ਹੈ, ਉਤਰ ਐਨੇ ਨਿਸ਼ਠਾਵਾਨ ਪ੍ਰਵਚਨ ਰਾਹੀਂ ਦਿੱਤੇ ਜਾਂਦੇ ਹਨ ਕਿ ਇਹ ਕਵਿਤਾ ਅਟੁੱਟ ਵਿਸ਼ਵਾਸ ਦੀ ਕਵਿਤਾ ਬਣ ਜਾਂਦੀ ਹੈ। ਇਹ ਅਟੁੱਟ ਵਿਸ਼ਵਾਸ ਹੀ ਭਾਈ ਵੀਰ ਸਿੰਘ ਦੀ ਸਿੱਕੇਬੰਦ ਅਤੇ ਨਿਸ਼ਚਿਤ ਵਿਚਾਰਧਾਰਾ ਹੈ। ਇਸ ਦਾ ਨਵ-ਰਹੱਸਵਾਦੀ ਪ੍ਰਵਚਨ ਵੀ ਅਨੁਭਵ ਵਿਚੋਂ ਨਹੀਂ, ਬਣੀ ਬਣਾਈ ਸਿਧਾਂਤਕੀ ਵਿਚੋਂ ਸਿਰਜਿਆ ਜਾਂਦਾ ਹੈ। ਸਿੱਖ ਵਿਚਾਰਧਾਰਾ ਅਤੇ ਗੁਰਮਤਿ ਨੂੰ ਉਹ ਆਪਣੀ ਕਵਿਤਾ ਦਾ ਮੁੱਖ ਥੀਮ ਬਣਾਉਂਦਾ ਹੈ। ਇਸ ਪੱਖ ਤੋਂ ਉਹ ਪੂਰਨ ਸਿੰਘ ਜਾਂ ਚਾਤ੍ਰਿਕ ਵਾਂਗ ਪੰਜਾਬੀਅਤ ਦਾ ਕਵੀ ਨਹੀਂ ਸਗੋਂ, ਇੱਕ ਪ੍ਰਤੀਬੱਧ ਸਿੱਖ-ਵਿਚਾਰਧਾਰਾ ਦਾ ਕਵੀ ਹੈ ਅਤੇ ਖੇਤਰੀ ਸੰਸਕ੍ਰਿਤਕ ਵਿਲੱਖਣਤਾ ਦੀ ਅਣਹੋਂਦ ਹੈ।

ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਨੂੰ ਸਾਹਮਣੇ ਰੱਖਦਿਆਂ, ਪਹਿਲੇ ਦੌਰ ਦੀ ਪੰਜਾਬੀ ਸਾਹਿਤ ਆਲੋਚਨਾ ਵਿਚ ਉਨ੍ਹਾਂ ਨੂੰ ਸੰਪਰਦਾਇਕ ਤੱਕ ਵੀ ਕਿਹਾ ਗਿਆ ਹੈ ਜੋ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ। ਭਾਈ ਵੀਰ ਸਿੰਘ ਇਕ ਸੰਪਰਦਾਇ ਵਿਸ਼ੇਸ਼ ਦਾ ਕਵੀ ਹੈ, ਸੰਪਰਦਾਇਕ ਨਹੀਂ। ਉਨ੍ਹਾਂ ਦੀ ਸਮੁੱਚੀ ਕਵਿਤਾ ਵਿੱਚ ਕਿਤੇ ਵੀ, ਕਿਸੇ ਹੋਰ ਧਰਮ ਵਿਸ਼ੇਸ਼ ਪ੍ਰਤਿ ਕੋਈ ਨਫ਼ਰਤੀ ਟਿੱਪਣੀ ਜਾਂ ਵਿਅੰਗ ਨਹੀਂ। ਸ਼ਾਇਕ ਇਹ ਧਾਰਨਾ, ਉਸ ਮਕਾਨਕੀ- ਇਕਹਿਰੀ ਅਤੇ ਇਤਿਹਾਸਿਕ ਪਦਾਰਥਵਾਦ ਦੀ ਸਰਲ ਸਮਝ ਦਾ ਸਿੱਟਾ ਸੀ ਜਿਹੜੀ ਦ੍ਰਿਸ਼ਟੀ ਸਮੁੱਚੇ ਧਰਮ-ਸ਼ਾਸਤਰੀ ਸਾਹਿਤਕ-ਪ੍ਰਵਚਨ ਨੂੰ ਸੰਪਰਦਾਇਕ ਮੰਨਦੀ ਹੈ। ਮੈਂ ਤਾਂ ਇਹ ਵੀ ਮੰਨਦਾ ਹਾਂ ਕਿ ਜਦੋਂ ਭਾਈ ਵੀਰ ਸਿੰਘ ਆਪਣੀਆਂ ਗਲਪੀ-ਰਚਨਾਵਾਂ ਵਿੱਚ ਸਿੱਖ ਪਾਤਰਾਂ ਨੂੰ ਵਿਸ਼ੇਸ਼ ਨਾਇਕ ਬਣਾ ਕੇ, ਉਨ੍ਹਾਂ ਦੀ ਕਾਇਆ-ਕਲਪ ਹੁੰਦੀ ਵਿਖਾਉਂਦਾ ਹੈ ਤਾਂ ਇਸ ਦਾ ਕਾਰਣ, ਕੋਈ ਸੰਪਰਦਾਇਕ ਦ੍ਰਿਸ਼ਟੀਕੋਣ ਨਹੀਂ, ਸਗੋਂ ਗੁਰਮਤਿ ਦੇ 'ਗੁਰਮੁਖ ਮਾਨਵ' ਦੇ ਨਾਇਕਤਵ ਦਾ ਆਦਰਸ਼ ਹੈ। ਤੁਸੀਂ ਜਦੋਂ ਪੱਛਮ ਵਿੱਚ, ਖਾਸ ਕਰਕੇ ਸੋਵੀਅਤ ਦੌਰ ਦੇ, ਰੂਸੀ ਗਲਪ ਵਿਚ ਨਾਇਕਾਂ ਦੀ ਪਛਾਣ ਕਰਦੇ ਹੋ ਤਾਂ ਲੱਗਭੱਗ ਹਰ ਨਾਵਲ ਅਤੇ ਕਹਾਣੀ ਵਿਚ ਆਦਰਸ਼ਕ ਨਾਇਕ-ਕਮਿਊਨਿਸਟ ਵਿਚਾਰਧਾਰਾ ਨੂੰ ਅਪਣਾਇਆ ਮਾਨਵ ਹੈ। ਵਿਸ਼ਵ ਪ੍ਰਸਿੱਧ ਨਾਵਲ 'ਮਾਂ' (ਗੋਰਕੀ ਦਾ) ਦੇ ਨਾਇਕਤਵ ਨੂੰ ਇਸ ਪੱਖ ਤੋਂ ਸਪੱਸ਼ਟ ਦੇਖਿਆ ਜਾ ਸਕਦਾ ਹੈ। ਸੋ ਭਾਈ ਵੀਰ ਸਿੰਘ ਦੀ ਗੁਰਮਤਿ ਅਤੇ ਸਿੱਖ-ਵਿਚਾਰਧਾਰਾ ਦੇ ਆਦਰਸ਼ ਦੀ ਦ੍ਰਿਸ਼ਟੀ ਨੂੰ ਸੰਪਦਾ ਦੇ ਆਦਰਸ਼ ਦੇ ਦ੍ਰਿਸ਼ਟੀਕੋਣ ਤੋਂ ਸਮਝਣਾ ਚਾਹੀਦਾ ਹੈ, ਸੰਪਰਦਾਇਕਤਾ ਦੇ ਨਹੀਂ। ਸੰਪਰਦਾਇਕ ਹੋਣਾ ਅਤੇ ਕਿਸੇ ਸੰਪਰਦਾਇ ਵਿਸ਼ੇਸ਼ ਦੇ ਆਦਰਸ਼ ਸਿਰਜਣ ਦਾ ਕਵੀ ਹੋਣਾ ਮੂਲੋਂ ਵੱਖਰੇ ਸੰਕਲਪ ਹਨ ਜਿਨ੍ਹਾਂ ਦੇ ਵਿਚਾਰਧਾਰਕ ਅੰਤਰ ਨੂੰ ਸਮਝਣਾ ਜ਼ਰੂਰੀ ਹੈ- ਤਾਂ ਹੀ ਅਸੀਂ ਭਾਈ ਵੀਰ ਸਿੰਘ ਦੀ ਕਵਿਤਾ ਦੇ ਮੂਲ-ਆਦਰਸ਼ ਦੀ ਸਹੀ ਪਛਾਣ ਕਰ ਸਕਾਂਗੇ।

7. ਭਾਈ ਵੀਰ ਸਿੰਘ ਦੀ ਕਵਿਤਾ ਦੀ ਆਧੁਨਿਕਤਾ ਨੂੰ ਸੰਕਲਪਵਾਚੀ ਆਧੁਨਿਕਤਾ, ਜਿਹੜੀ ਆਧੁਨਿਕਤਾ ਨੂੰ ਤਰਕ ਅਤੇ ਵਿਗਿਆਨਿਕ ਦ੍ਰਿਸ਼ਟੀ ਤੇ ਆਧਾਰਿਤ ਪਰਿਭਾਸ਼ਿਤ ਕਰਦੀ ਅਨੁਸਾਰ ਨਹੀਂ ਸਮਝਿਆ ਜਾ

ਸਕਦਾ ਹੈ। ਇਸ ਪੱਖ ਤੋਂ ਭਾਈ ਵੀਰ ਸਿੰਘ ਅਧਿਆਤਮਕ-ਰਹੱਸਵਾਦੀ ਕਵੀ ਹੈ ਅਤੇ ਗੁਰਮਤਿ ਨੂੰ ਆਪਣਾ ਵਿਚਾਰਧਾਰਕ ਲਕਸ਼ ਮੰਨਦਾ ਹੈ। ਪਰ ਇਹ ਵੀ ਕੋਈ ਆਧਾਰ ਨਹੀਂ ਕਿ ਕੋਈ ਕਵੀ ਜੇ ਗੁਰਮਤਿ ਅਤੇ ਸਿੱਖੀ ਨੂੰ ਆਪਣੀ ਵਿਚਾਰਧਾਰਾ ਬਣਾਉਂਦਾ ਹੈ ਤਾਂ ਉਹ ਆਧੁਨਿਕ ਨਹੀਂ ਹੋ ਸਕਦਾ। ਭਾਈ ਵੀਰ ਸਿੰਘ ਕਾਵਿ ਦੀ ਆਧੁਨਿਕਤਾ ਨੂੰ ਸਮਝਣ ਲਈ ਵੀਹਵੀਂ ਸਦੀ ਦੇ ਉਸ ਸੰਕ੍ਰਾਂਤੀ-ਕਾਲ ਦੀ ਦ੍ਰਿਸ਼ਟੀ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਜਿਸ ਰਾਹੀਂ, ਭਾਰਤੀ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਵਾਪਰਦੀਆਂ ਹਨ। ਪੰਜਾਬੀ ਸਾਹਿਤ ਵੀ ਆਪਣੇ ਪੁਰਾਣੇ ਮੱਧਕਾਲੀ ਸਾਹਿਤਕ ਰੂਪਾਂ ਨੂੰ ਤਿਆਗ ਕੇ ਨਵੀਨ ਪੱਛਮੀ ਰੂਪਾਂ ਨੂੰ ਆਧਾਰ ਬਣਾ ਰਿਹਾ ਹੈ। ਪੰਜਾਬੀ ਕਵਿਤਾ, ਭਾਈ ਵੀਰ ਸਿੰਘ ਦੀ ਨਵ-ਰਹੱਸਵਾਦੀ ਦ੍ਰਿਸ਼ਟੀ ਤੋਂ ਨਵੇਂ ਕਾਵਿਕ ਰੂਪਾਂ ਨੂੰ ਚੁਣਦੀ ਹੈ। ਗਦਰ ਲਹਿਰ ਤੋਂ ਪ੍ਰਭਾਵਿਤ ਕਵਿਤਾ ਕਿੱਸੇ ਦੇ ਪੁਰਾਣੇ ਰੂਪ ਨੂੰ ਤਿਆਗ ਕੇ, ਨਵੇਂ ਰੂਪ ਦੀ ਚੋਣ ਕਰਦੀ ਹੈ। ਭਾਈ ਵੀਰ ਸਿੰਘ ਇਸ ਸਮੇਂ ਨਵੀਂ ਨਿੱਕੀ ਕਵਿਤਾ ਦਾ ਪ੍ਰਮੁੱਖ ਕਵੀ ਬਣ ਜਾਂਦਾ ਹੈ। ਕੁਦਰਤ ਨੂੰ ਪਹਿਲੀ ਵਾਰ ਭਾਈ ਵੀਰ ਸਿੰਘ ਇੱਕ ਆਧੁਨਿਕ ਕਾਵਿਕ-ਪ੍ਰਗਟਾ ਵਿਧੀ ਦੇ ਤੌਰ ਤੇ ਸਥਾਪਿਤ ਕਰਦਾ ਹੈ ਜਿਸ ਨੂੰ ਬਾਅਦ ਵਿੱਚ, ਆਪਣੀ ਵਿਸ਼ੇਸ਼ ਦ੍ਰਿਸ਼ਟੀ ਤੋਂ ਪੂਰਨ ਸਿੰਘ ਵੀ ਅਪਣਾਉਂਦਾ ਹੈ। ਨਵੀਂ ਆਧੁਨਿਕ ਕਵਿਤਾ ਦੀ ਇਸ ਮੌਲਿਕ ਰੂਪ ਦੀ ਸਥਾਪਤੀ ਅਤੇ ਸਿਰਜਣਾ ਦਾ ਸਿਹਰਾ ਭਾਈ ਵੀਰ ਸਿੰਘ ਸਿਰ ਹੀ ਬੱਝਦਾ ਹੈ। ਜਦੋਂ ਕਿਸੇ ਸਾਹਿਤਕ ਪਰੰਪਰਾ ਵਿੱਚ ਰੂਪਕ ਅਤੇ ਭਾਸ਼ਾਈ ਪਰਿਵਰਤਨ ਵਾਪਰਦੇ ਹਨ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਰਾਤੋ-ਰਾਤ ਨਹੀਂ ਬਦਲਦੀ, ਦਹਾਕੇ ਲੱਗ ਜਾਂਦੇ ਹਨ। ਭਾਈ ਵੀਰ ਸਿੰਘ ਸੁਚੇਤ ਰੂਪ ਵਿੱਚ ਗੁਰਬਾਣੀ ਨੂੰ ਆਪਣੀ ਕਾਵਿਕ-ਵਿਚਾਰਧਾਰਾ ਦਾ ਵਾਹਣ ਬਣਾਉਂਦਾ ਹੈ ਜਿਹੜੀ ਸਮਾਜਿਕ-ਕ੍ਰਾਂਤੀਕਾਰੀ ਹੁੰਦੀ ਹੋਈ ਵੀ, ਧਰਮ-ਸ਼ਾਸਤ੍ਰੀ ਅਤੇ ਅਧਿਆਤਮਕ ਹੈ। ਇਸ ਲਈ ਭਾਈ ਵੀਰ ਨੂੰ ਦ੍ਰਿਸ਼ਟੀ ਦੀ ਬਜਾਏ, ਇਸ ਲਈ ਆਧੁਨਿਕ ਮੰਨਿਆ ਜਾਂਦਾ ਹੈ ਕਿ ਉਸ ਨੇ ਆਧੁਨਿਕ ਕਵਿਤਾ ਲਈ ਕਾਵਿ-ਭਾਸ਼ਾਈ ਅਤੇ ਰੂਪਾਕਾਰ (ਯਾਨਰ) ਦੀ ਦ੍ਰਿਸ਼ਟੀ ਤੋਂ ਨਵੀਂ ਭਾਂਤ ਦੀ ਕਵਿਤਾ ਦਾ ਆਗਾਜ਼ ਕੀਤਾ। ਭਾਵੇਂ ਭਾਈ ਵੀਰ ਸਿੰਘ ਦੀ ਕਵਿਤਾ ਦਾ ਚਿਹਨਕ-ਸੰਸਾਰ ਅਤੇ ਪ੍ਰਤੀਕ-ਪ੍ਰਬੰਧ ਨਿਸ਼ਠਾਵਾਦੀ ਹੈ ਪਰ ਉਸ ਦਾ ਭਾਸ਼ਾਈ ਟਰੀਟਮੈਂਟ ਇੱਕ ਦਮ ਵੱਖਰਾ ਹੈ ਜਿਸ ਨੂੰ ਆਧੁਨਿਕਤਾ ਦਾ ਆਰੰਭ ਬਿੰਦੂ ਮਿੱਥਣਾ ਚਾਹੀਦਾ ਹੈ। ਓਰੀਅੰਟਲ ਉਹ ਐਨਾ ਕੁ ਹੀ ਸਵੀਕਾਰਿਆ ਜਾ ਸਕਦਾ ਹੈ ਕਿ ਉਸ ਦੀ ਕਵਿਤਾ ਵਿੱਚ ਮੱਧਕਾਲੀ ਗੁਰਮਤਿ ਦਰਸ਼ਨ ਦੀ ਉਸਤਤਿ ਹੈ। ਪਰ ਭਾਈ ਵੀਰ ਸਿੰਘ ਦੀ ਕਵਿਤਾ ਪੱਛਮ ਦੀ ਸਰਦਾਰੀ (ਹੈਜਮਨੀ) ਪ੍ਰਤਿ ਕੋਈ ਪ੍ਰਤੀਰੋਧਕ ਸੰਵਾਦ ਨਹੀਂ ਸਿਰਜਦੀ ਅਤੇ ਗੁਰਬਾਣੀ ਦੇ ਬਹੁ-ਪਾਸਾਰੀ ਪ੍ਰਤਿਰੋਧਕ-ਸੰਵਾਦ ਤੋਂ ਵਿਰਵੀ ਹੀ ਰਹਿੰਦੀ ਹੈ। ਇਸ ਲਈ ਉਨ੍ਹਾਂ ਨੂੰ ਇਸ ਪੱਖ ਤੋਂ ਭਾਈ ਵੀਰ ਸਿੰਘ ਨੂੰ ਓਰੀਅੰਟਲ ਕਵੀ ਕਹਿਣਾ ਵੀ ਉਚਿਤ ਨਹੀਂ ਪ੍ਰਤੀਤ ਹੁੰਦਾ।

ਪ੍ਰੋ.ਫ਼ੈਸਰ
ਪੰਜਾਬੀ ਅਧਿਐਨ ਸਕੂਲ
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।
ਮੋਬਾਇਲ : 94644-18163

0-0-0





# ਬਸਤੀਵਾਦੀ ਆਧੁਨਿਕਤਾ ਅਤੇ ਭਾਈ ਵੀਰ ਸਿੰਘ ਕਾਵਿ

ਡਾ. ਸਰਬਜੀਤ ਸਿੰਘ

ਬਸਤੀਵਾਦੀ ਦੌਰ ਦੇ ਪੰਜਾਬ ਦੇ ਇਤਿਹਾਸ ਵਿੱਚ ਭਾਈ ਵੀਰ ਸਿੰਘ ਇਤਿਹਾਸਕ ਮਹੱਤਤਾ ਵਾਲੀ ਸਖ਼ਸ਼ੀਅਤ ਅਤੇ ਸ਼ਬਦਕਾਰ ਹੈ ਜਿਸਦੀ ਵਿਹਾਰਕਤਾ ਅਤੇ ਸ਼ਬਦ ਰਚਨਾ ਵਿਚੋਂ ਉਸ ਦੌਰ ਦੇ ਇਤਿਹਾਸਕ ਦਬਾਅ, ਵਿਰੋਧ, ਅੰਤਰ-ਵਿਰੋਧ, ਤਣਾਅ, ਮਜਬੂਰੀ, ਲਾਚਾਰੀ ਅਤੇ ਪ੍ਰਤਿਰੋਧ ਦੀਆਂ ਵਿਭਿੰਨ ਧੁਨੀਆਂ ਸੁਣਾਈ ਦਿੰਦੀਆਂ ਹਨ। ਇਨ੍ਹਾਂ ਧੁਨੀਆਂ ਨੂੰ ਜਾਨਣ-ਸਮਝਣ ਤੋਂ ਪਹਿਲਾਂ ਇਸ ਤੱਥ ਤੋਂ ਪੂਰਨ ਤੌਰ 'ਤੇ ਸੁਚੇਤ ਰਹਿਣ ਦੀ ਜ਼ਰੂਰਤ ਹੈ ਕਿ ਭਾਈ ਵੀਰ ਸਿੰਘ ਉਸ ਸਮੇਂ ਦੇ ਵਿਸ਼ਾਲ ਪੰਜਾਬ ਦੇ ਭੂਖੰਡ ਨਾਲ ਸੰਬੰਧਿਤ ਹੈ, ਜਿਹੜਾ 1849 ਵਿਚ ਬਸਤੀਕਾਰਾਂ ਦੁਆਰਾ ਹਥਿਆ ਲਿਆ ਗਿਆ ਸੀ। ਬਾਕੀ ਪੰਜਾਬ ਵਿਭਿੰਨ ਸਿੱਖ ਰਿਆਸਤਾਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਵਿਚ ਬਸਤੀਕਾਰਾਂ ਦਾ ਦਖ਼ਲ ਤਾਂ ਸੀ ਪ੍ਰੰਤੂ ਉਨ੍ਹਾਂ ਦੀ ਸਮਾਜੀ-ਰਾਜਸੀ ਸੰਰਚਨਾ, ਸੂਰਤ ਅਤੇ ਸਰੂਪ ਬਸਤੀਵਾਦੀ ਰਾਜ ਨਾਲੋਂ ਭਿੰਨ ਸੀ। ਇਸ ਕਰਕੇ ਇਹ ਇਤਿਹਾਸਕ ਤੱਥ ਹਮੇਸ਼ਾਂ ਨਜ਼ਰ ਹੇਠ ਰਹਿਣਾ ਚਾਹੀਦਾ ਹੈ ਕਿ ਭਾਈ ਵੀਰ ਸਿੰਘ ਬਸਤੀਵਾਦੀ ਪੰਜਾਬ ਦੇ ਉਸ ਆਬੋ-ਹਵਾ ਵਿਚ ਵਿਚਰ ਰਿਹਾ ਹੈ ਜਿਹੜਾ ਕਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਜੋਂ ਅਤੇ ਵਿਸ਼ੇਸ਼ ਤੌਰ 'ਤੇ 'ਖ਼ਾਲਸਾ ਰਾਜ' ਵਜੋਂ ਜਾਣਿਆ ਜਾਂਦਾ ਹੈ। ਅਜੇ ਇਤਿਹਾਸ ਵਿਚ ਇਨ੍ਹਾਂ ਤੱਥਾਂ ਦਾ ਨਿਖੇੜ ਦਰਕਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਕਿੰਨ੍ਹਾਂ ਆਧਾਰਾਂ ਉੱਪਰ 'ਖਾਲਸਾ ਰਾਜ' ਦੀ ਸੰਗਿਆ ਦਿੱਤੀ ਗਈ ਹੈ ਜਦੋਂ ਕਿ ਇਸ ਤੋਂ ਬਿਨਾਂ ਪੰਜਾਬ ਵਿਚ ਹੋਰ ਵੀ ਸਿੱਖ ਰਿਆਸਤਾਂ ਹਨ, ਜਿਨ੍ਹਾਂ ਨੂੰ ਖ਼ਾਲਸਾ ਰਾਜ ਨਹੀਂ ਕਿਹਾ ਜਾਂਦਾ।

ਪੰਜਾਬੀ ਚਿੰਤਨ ਦੇ ਆਪਣੇ ਕਈ ਗੰਭੀਰ ਸੰਕਟ ਹਨ। ਪੰਜਾਬੀ ਚਿੰਤਨ ਵਿਚ ਹਰ ਰੰਗ ਦੀ ਵਿਚਾਰਧਾਰਾ ਨੇ ਬਸਤੀਵਾਦ ਦੀ ਆਮਦ ਨੂੰ ਹੀ ਆਧੁਨਿਕਤਾ ਵਜੋਂ ਬਿਨਾਂ ਕਿਸੇ ਉਜਰ ਦੇ ਸਵੀਕਾਰ ਕਰ ਲਿਆ। ਇਸ ਸਵੀਕਾਰਤਾ ਵਿਚੋਂ ਹੀ ਅਸੀਂ ਪੰਜਾਬੀ ਸਮਾਜ, ਸਭਿਆਚਾਰ ਅਤੇ ਸਾਹਿਤ ਦੇ ਨਿਰਣੇ ਕਰਨੇ ਸ਼ੁਰੂ ਕਰ ਦਿੱਤੇ। ਇਸ ਦਾ ਵੱਡਾ ਨੁਕਸਾਨ ਇਹ ਵਾਪਰਿਆ ਕਿ ਬਸਤੀਵਾਦ ਨੇ ਜੋ ਸਾਨੂੰ ਆਪਣੀ ਚਿੰਤਨ ਦ੍ਰਿਸ਼ਟੀ ਦਿੱਤੀ, ਅਸੀਂ ਉਸੇ ਦ੍ਰਿਸ਼ਟੀ ਤੋਂ ਹੀ ਪੰਜਾਬ/ਭਾਰਤ ਦੇ ਸਮਾਜ, ਸਭਿਆਚਾਰ ਅਤੇ ਸਾਹਿਤ ਬਾਰੇ ਆਪਣੀਆਂ ਧਾਰਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਬਸਤੀਵਾਦੀ ਆਧੁਨਿਕਤਾ ਦਾ ਸਭ ਤੋਂ ਵੱਡਾ ਅਤੇ ਉੱਭਰਵਾਂ ਪਛਾਣ ਚਿੰਨ੍ਹ ਹੈ। ਬਸਤੀਵਾਦ ਨੇ ਭਾਰਤੀ ਇਤਿਹਾਸ ਪ੍ਰਤੀ ਜਿਹੜਾ ਮਾਡਲ ਪੁਰਾਤਨ, ਮੱਧਕਾਲ ਅਤੇ ਆਧੁਨਿਕਤਾ ਦਾ ਅਪਣਾਇਆ, ਉਹੋ ਮਾਡਲ ਸਾਡੇ ਸਮੁੱਚੇ ਸਮਾਜ ਅਤੇ ਸਾਹਿਤ ਅਧਿਐਨ ਦਾ ਮਾਡਲ ਹੈ। ਪੰਜਾਬੀ ਸਾਹਿਤ ਸੰਬੰਧੀ ਲਿਖੇ ਗਏ ਹੁਣ ਤੱਕ ਦੇ ਵਧੇਰੇ ਇਤਿਹਾਸ ਇਸੇ ਮਾਡਲ ਦੀ ਪਰਿਕਰਮਾ ਕਰਦੇ ਹਨ। ਭਾਈ ਵੀਰ ਸਿੰਘ ਪ੍ਰਤੀ ਵੀ ਸਾਡੀ ਦ੍ਰਿਸ਼ਟੀ ਇਹੋ ਰਹਿੰਦੀ ਹੈ, ਜਦੋਂ ਉਸ ਨੂੰ ਆਧੁਨਿਕ ਸਾਹਿਤ ਦਾ ਪਿਤਾਮਾ ਕਹਿ ਕੇ ਸਥਾਪਤ ਕੀਤਾ ਜਾਂਦਾ ਹੈ। ਜਦੋਂ ਤੱਕ ਇਤਿਹਾਸ ਅਤੇ ਚਿੰਤਨ-ਦ੍ਰਿਸ਼ਟੀ ਦੀ ਪੱਧਰ ਉੱਪਰ ਇਨ੍ਹਾਂ ਤੱਥਾਂ ਦਾ ਨਿਖੇੜ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਹੋ ਧਾਰਨਾਵਾਂ ਮੁੜ-ਮੁੜ ਸਾਹਮਣੇ ਆਉਂਦੀਆਂ ਰਹਿਣਗੀਆਂ, ਅਸੀਂ ਭਾਈ ਵੀਰ ਸਿੰਘ ਸੰਬੰਧੀ ਅਤੇ ਦੂਜੇ ਸਾਹਿਤ ਪ੍ਰਤੀ ਇਤਿਹਾਸਕਤਾ ਤੋਂ ਮੁਕਤ ਹੋ ਕੇ ਬਸਤੀਵਾਦੀ ਮਾਨਸਿਕਤਾ ਦੇ ਗੁਲਾਮ ਬਣੇ ਰਹਾਂਗੇ। ਸਮਾਜ ਸ਼ਾਸਤਰੀ ਮਨੇਂਦਰ ਨਾਥ ਠਾਕੁਰ ਆਪਣੀ ਪੁਸਤਕ 'ਗਿਆਨ ਕੀ ਰਾਜਨੀਤੀ' ਵਿਚ ਪੱਛਮੀ ਗਿਆਨ ਪਰੰਪਰਾ ਅਤੇ ਭਾਰਤੀ ਸਮਾਜ ਦਾ ਅਧਿਐਨ ਕਰਦਿਆਂ ਕਈ ਗੰਭੀਰ ਸਮੱਸਿਆਵਾਂ ਵੱਲ ਸੰਕੇਤ ਕਰਦਾ ਹੈ। ਉਸ ਦਾ ਮੰਨਣਾ ਹੈ, "ਪੱਛਮ ਦੇ ਜਿਸ ਆਧੁਨਿਕ ਚਿੰਤਨ ਦੇ ਆਧਾਰ ਉੱਪਰ ਸਮਾਜ ਅਧਿਐਨ ਦਾ ਮਹਿਲ ਖੜ੍ਹਾ ਹੈ, ਉਸਦੇ ਮੂਲ ਵਿਚ ਹੀ ਇਕ ਗੰਭੀਰ ਸਮੱਸਿਆ ਹੈ। ਉਸ ਚਿੰਤਨ ਵਿੱਚ ਮਨੁੱਖ ਨੂੰ ਇੱਕ ਵਿਵੇਕਸ਼ੀਲ ਪ੍ਰਾਣੀ ਤਾਂ ਮੰਨ ਲਿਆ ਗਿਆ ਹੈ, ਪਰੰਤੂ

ਉਸਦੇ ਸੁਭਾਅ ਦੇ ਵਿਭਿੰਨ ਪਾਸਾਰ ਵਿਸ਼ਲੇਸ਼ਣ ਤੋਂ ਬਾਹਰ ਰਹਿ ਜਾਂਦੇ ਹਨ। ਕੋਈ ਚਿੰਤਕ ਇਸ ਨੂੰ ਆਪਣੇ ਨਜ਼ਰੀਏ ਨਾਲ ਚੰਗਾ ਮੰਨਦਾ ਹੈ ਅਤੇ ਕੋਈ ਬੁਰਾ। ਫਿਰ ਆਪਣੀ ਇਸ ਮਾਨਤਾ ਉਪਰ ਸੰਪੂਰਨ ਸਮਾਜ ਦੀ ਪਰਿਕਲਪਨਾ ਕਰ ਲੈਂਦਾ ਹੈ। ਸਮੱਸਿਆ ਹੈ ਕਿ ਮਨੁੱਖ ਸਭ ਕੁਝ ਨਾਲੋ ਨਾਲ ਹੈ। ਉਸ ਵਿਚ ਵਿਵੇਕ ਵੀ ਹੈ, ਭਾਵੁਕਤਾ ਵੀ ਹੈ, ਵਿਵੇਕਹੀਣਤਾ ਵੀ ਹੈ, ਉਹ ਚੰਗਾ ਵੀ ਹੈ, ਬੁਰਾ ਵੀ।"[1]

ਪੰਜਾਬੀ ਚਿੰਤਨ ਵਿਚ ਜਦੋਂ ਭਾਈ ਵੀਰ ਸਿੰਘ ਦੀ ਗਤਿਮਿਤ ਨੂੰ ਦੇਖਦੇ ਹਾਂ ਤਾਂ ਉਸ ਬਾਰੇ ਇਕ ਧਿਰ ਉਹ ਹੈ ਜੋ ਸ਼ਰਧਾਲੂ ਬਿਰਤੀ ਰਾਹੀਂ ਭਾਈ ਵੀਰ ਸਿੰਘ ਨੂੰ ਸੰਤ ਕਵੀ, ਸਿੱਖ ਕਵੀ, ਦਰਵੇਸ਼ ਅਤੇ ਸਿੱਖ ਦਾਨਿਸ਼ਵਰ ਵਜੋਂ ਸਥਾਪਿਤ ਕਰਦੀ ਹੈ। ਇਸ ਧਿਰ ਦੀ ਸੂਝ ਦਾ ਮਾਡਲ ਸਿੰਘ ਸਭਾ ਲਹਿਰ, ਗੁਰਮਤਿ ਦੇ ਨਿਰੋਲ ਅਧਿਆਤਮਕ ਵਿਸ਼ਵਾਸ ਬਿੰਦੂ ਅਤੇ ਸਿੱਖ ਪਛਾਣ ਵਿਚੋਂ ਉਸਰਿਆ ਹੈ। ਉਸਦਾ ਬੁਨਿਆਦੀ ਕਾਰਨ ਭਾਈ ਵੀਰ ਸਿੰਘ ਦਾ ਇਸ ਸੂਝ ਮਾਡਲ ਦੇ ਇਰਦ ਗਿਰਦ ਸ਼ਬਦ ਸਿਰਜਣਾ ਕਰਨਾ ਅਤੇ ਆਪਣੇ ਕਥਨਾਂ ਵਿਚ ਇਸ ਪਹਿਲੂ ਨੂੰ ਬਾਰ-ਬਾਰ ਚਿਤਾਰਨਾ ਹੈ। ਇਥੇ ਭਾਈ ਵੀਰ ਸਿੰਘ ਦੀ ਲਿਖਤ ਨੂੰ ਵਾਚਣਾ ਵਧੇਰੇ ਦਰੁਸਤ ਰਹੇਗਾ। 1898 ਵਿਚ ਰਚਿਤ 'ਸੁੰਦਰੀ' ਨਾਵਲ ਦੇ ਮਨੋਰਥ ਨੂੰ ਸਪੱਸ਼ਟ ਕਰਦਿਆਂ ਭਾਈ ਵੀਰ ਸਿੰਘ ਲਿਖਦੇ ਹਨ, "ਸੁੰਦਰੀ ਦੇ ਸਮਾਚਾਰ ਅਰ ਖ਼ਾਲਸੇ ਦੇ ਹੋਰ ਹਾਲਾਤ ਜੋ ਇਸ ਪੁਸਤਕ ਵਿਚ ਲਿਖੇ ਹਨ ਅਸਾਂ ਪੰਥ ਪ੍ਰਕਾਸ਼, ਖਾਲਸਾ ਤਾਰੀਖ ਤੇ ਹੋਰ ਕਈ ਇਤਿਹਾਸ ਅਰ ਬਿਰਧ ਤੀਵੀਆਂ ਪੁਰਖਾਂ ਤੋਂ ਸੁਣ ਕੇ ਇਕੱਠੇ ਕਰਕੇ ਇਕ ਸ਼੍ਰੇਣੀ ਵਿਚ ਗੁੰਦ ਕੇ ਅਰ ਟੁੱਟੇ ਸਿਲਸਲਿਆਂ ਨੂੰ ਮਿਲਾ ਕੇ ਲਿਖੇ ਹਨ, ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕਾ ਹੋਣ, ਪ੍ਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉੱਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕੋ ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਅਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ', ਵਾਲੀ ਗੁਰ ਸਿੱਖਿਆ ਪੁਰ ਟੁਰ ਕੇ ਅਟੱਲ ਰਹਿਣ।"[2]

ਉਪਰੋਕਤ ਤੱਥ ਦੇ ਸੰਦਰਭ ਵਿਚ ਇਸ ਧਾਰਨਾਂ ਦੀ ਪੁਖ਼ਤਗੀ ਲਈ ਭਾਈ ਵੀਰ ਸਿੰਘ ਦੁਆਰਾ ਬਿਜੈ ਸਿੰਘ ਨਾਵਲ ਦੀ ਭੂਮਿਕਾ ਨੂੰ ਪੜ੍ਹ ਲੈਣਾ ਵੀ ਲਾਹੇਵੰਦ ਰਹੇਗਾ। "ਇਸ ਪੋਥੀ ਵਿਚ ਕਿਸੇ ਇਕ ਸਮੇਂ ਦੇ ਕੁਝ ਹਾਲਾਤ ਮਿਲੇ, ਚੁਗਣ ਵਾਂਗ ਕੱਠੇ ਕੀਤੇ ਗਏ ਹਨ। ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ ਤੇ ਇਹ ਇਕ ਤਰਲਾ ਹੈ ਕਿ ਕਿਵੇਂ ਪੁਰਾਤਨ ਹਾਲਾਤ ਵਾਚ ਕੇ ਕੌਮ ਵਿਚ ਉਤਸ਼ਾਹ ਭਰੇ ਤੇ ਇਸ ਵਿਚ ਜੀਵਨ ਦੀ ਰੌਂ ਰੁਮਕ ਪਵੇ।"[3] ਭਾਈ ਵੀਰ ਸਿੰਘ ਦੀਆਂ ਲਿਖਤਾਂ ਵਿਸ਼ੇਸ਼ ਮਨੋਰਥ ਅਧੀਨ ਰਚੀਆਂ ਗਈਆਂ ਹਨ। ਇਹ ਲਿਖਤਾਂ ਸਿਰਜਣਾਤਮਮਕ ਸਾਹਿਤ ਤੋਂ ਲੈ ਕੇ, ਪੁਰਾਤਨ ਜਨਮ ਸਾਖੀ ਦੇ ਸੰਪਾਦਨ, ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸੰਪਾਦਨ, ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਅਸ਼ਟ ਗੁਰੂ ਚਮਤਕਾਰ, ਸੈਂਕੜਿਆਂ ਦੀ ਗਿਣਤੀ ਵਿਚ ਟ੍ਰੈਕਟ, ਨਿਬੰਧ ਇਤਿਆਦ ਤੱਕ ਪ੍ਰਚਾਰਾਤਮਕ, ਉਪਦੇਸ਼ਾਤਮਕ ਆਸ਼ਿਆਂ ਨੂੰ ਪ੍ਰਣਾਈਆਂ ਲਿਖਤਾਂ ਤੱਕ ਫੈਲਿਆ ਹੋਇਆ ਹੈ। ਪੰਜਾਬੀ ਚਿੰਤਨ ਵਿਚ ਸ਼ਰਧਾਵਾਨ ਸੋਚਵਾਨ ਇਸ ਸਮੁੱਚੀ ਘਾਲਣਾ ਵਿਚੋਂ ਭਾਈ ਵੀਰ ਸਿੰਘ ਨੂੰ ਸੰਤ ਸ਼ਬਦ-ਸਾਧਕ ਦੇ ਰੂਪ ਵਜੋਂ ਸਥਾਪਤ ਕਰਦੇ ਹਨ। ਇਹ ਭਾਈ ਵੀਰ ਸਿੰਘ ਦੁਆਰਾ ਰਚਿਤ ਸ਼ਬਦ-ਰਚਨਾ ਨੂੰ ਤਰਕ, ਵਿਚਾਰਧਾਰਾ ਜਾਂ ਕਿਸੇ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਬਜਾਏ, ਉਸ ਸੰਕਟ ਗ੍ਰਸਤ ਸਥਿਤੀ ਵਿਚ ਘਿਰੇ ਧਰਮੀ ਮਨੁੱਖ ਨੂੰ ਭਾਈ ਵੀਰ ਸਿੰਘ ਦੀ ਭਾਵਨਾ ਨਾਲ ਹੀ ਦੇਖਦੇ ਹਨ। ਇਨ੍ਹਾਂ ਵਿਚ ਨਿਰਖ-ਪਰਖ ਜਾਂ ਨਿਖੇੜਾ ਕਰਨ ਦੀ ਬਿਰਤੀ ਨਹੀਂ ਹੈ ਸਗੋਂ ਸ਼ਰਧਾਵਾਨ ਸਥਿਤੀ ਅਤੇ ਧਰਮ ਦੀ ਭਾਵਕ ਪਹੁੰਚ ਹੈ।

ਦੂਸਰੀ ਧਿਰ ਜਿਸ ਕੋਲ ਇਕ ਵਿਸ਼ੇਸ਼ ਵਿਚਾਰਧਾਰਕ ਚੌਖਟਾ ਹੈ, ਉਹ ਭਾਈ ਵੀਰ ਸਿੰਘ ਨੂੰ ਸ਼ਰਧਾ ਸਥਿਤੀ 'ਚੋ ਕੱਢ ਕੇ ਵਿਚਾਰਧਾਰਕ ਸਥਿਤੀ ਵਿਚੋਂ ਦੇਖਦਾ ਹੈ। ਸੰਤ ਸਿੰਘ ਸੇਖੋਂ ਭਾਈ ਵੀਰ ਸਿੰਘ ਨੂੰ ਭਾਵੁਕ ਆਵੇਸ਼ ਦੇ ਥਾਵੇਂ ਤਰਕ ਦ੍ਰਿਸ਼ਟੀ ਨਾਲ ਸੁਝਾਏ ਜਮਾਤੀ ਸਮਾਜ ਦੇ ਸੰਕਲਪ (Suggestive Class Society) ਵਿਚੋਂ ਦੇਖਣ ਦਾ ਯਤਨ





ਕਰਦਾ ਹੈ। ਪਰੰਤੂ ਸੰਤ ਸਿੰਘ ਸੇਖੋਂ ਉਸ ਇਤਿਹਾਸਕ ਪਰਿਪੇਖ ਤੋਂ ਮੁਕਤ ਰਹਿੰਦਾ ਹੈ ਜਿਸ ਦੇ ਅੰਤਰ-ਵਿਰੋਧ ਅਤੇ ਤਿੱਖੇ ਤਣਾਓ ਭਾਈ ਵੀਰ ਸਿੰਘ ਦੇ ਰਚਨਾਤਮਕ ਸੰਸਾਰ ਵਿਚ ਪਏ ਹਨ। ਭਾਈ ਵੀਰ ਸਿੰਘ ਦੀ ਕਵਿਤਾ 'ਰਉਂ ਰੁਖ' ਦੇ ਹਵਾਲੇ ਨਾਲ ਉਹ ਭਾਈ ਵੀਰ ਸਿੰਘ ਕਾਵਿ ਨੂੰ ਸਿੱਧੜ ਮਾਰਕਸਵਾਦੀ ਅਤੇ ਸਰਲ ਜਮਾਤੀ ਵੰਡ ਰਾਹੀਂ ਮੱਧਵਰਗੀ ਮੌਕਾਪ੍ਰਸਤੀ ਦੇ ਰੂਪ ਵਜੋਂ ਤਲਾਸ਼ਦਾ ਹੈ।[4]

ਡਾ. ਅਤਰ ਸਿੰਘ ਜਦੋਂ ਪੱਛਮੀ ਗਿਆਨ ਪਰੰਪਰਾ ਦੇ ਆਧਾਰ ਉੱਪਰ ਆਧੁਨਿਕਤਾ ਦੇ ਸੰਕਲਪ ਦੀ ਉਸਾਰੀ ਕਰਦਾ ਹੈ ਤਾਂ ਉਹ ਆਧੁਨਿਕਤਾ ਨੂੰ ਵਿਗਿਆਨ ਕੇਂਦਰਿਤ ਸਮਝਦਿਆਂ ਹੋਇਆ ਭਾਰਤੀ ਪਰਿਸਥਿਤੀਆਂ ਦੀ ਇਤਿਹਾਸਕਤਾ ਅਤੇ ਸਮਾਜ-ਸਭਿਆਚਾਰਕ ਅੰਤਰ ਵਿਰੋਧਾਂ ਉੱਪਰ ਆਪਣੀ ਨਜ਼ਰ ਨਹੀਂ ਟਿਕਾਉਂਦਾ। ਇਸ ਕਰਕੇ ਪੱਛਮੀ ਗਿਆਨ ਪਰੰਪਰਾ 'ਚੋਂ ਉਦੈ ਹੋਈ ਆਧੁਨਿਕਤਾ ਭਾਰਤੀ ਸਮਾਜ ਵਿਚ ਕਿਵੇਂ ਬਸਤੀਵਾਦੀ ਆਧੁਨਿਕਤਾ ਵਿਚ ਪਲਟ ਜਾਂਦੀ ਹੈ, ਇਹ ਮਸਲਾ ਡਾ. ਅਤਰ ਸਿੰਘ ਦੇ ਚਿੰਤਨ ਵਿਚੋਂ ਅਸਲੋਂ ਹੀ ਚਰਚਾ ਤੋਂ ਬਾਹਰ ਰਹਿ ਜਾਂਦਾ ਹੈ। ਇਸ ਸਥਿਤੀ ਵਿਚੋਂ ਹੀ ਉਸਦੀ ਇਹ ਧਾਰਨਾ ਨਿਖੇਧਾਤਮਕ ਰੂਪ 'ਚ ਬਣਨੀ ਸੁਭਾਵਿਕ ਹੋ ਜਾਂਦੀ ਹੈ। "ਪੰਜਾਬੀ ਕਵਿਤਾ ਵਿਚ ਭਾਵੇਂ ਆਧੁਨਿਕਤਾ ਦੇ ਵਿਕੋਲਿਤਰੇ ਤੱਤਾਂ ਦਾ ਪ੍ਰਵੇਸ਼ ਉਪਰ ਬਿਆਨ ਕੀਤੇ ਗਏ ਕਾਰਨਾਂ ਕਰਕੇ ਭਾਈ ਵੀਰ ਸਿੰਘ ਦੇ ਸਮੇਂ ਤੋਂ ਹੀ ਆਰੰਭ ਹੋ ਜਾਂਦਾ ਹੈ, ਪਰ ਇਸ ਕਵਿਤਾ ਨੂੰ ਆਧੁਨਿਕ ਕਹਿਣਾ ਭੁੱਲ ਹੋਵੇਗੀ। ਇਸ ਦਾ ਕਾਰਨ ਇਹ ਹੈ ਕਿ ਭਾਈ ਵੀਰ ਸਿੰਘ ਨੇ ਆਪਣੀ ਕਵਿਤਾ ਰਾਹੀਂ ਪੰਜਾਬੀ ਕਵਿਤਾ ਵਿਚ ਕੋਈ ਅਜਿਹਾ ਅਨੁਭਵ ਪੇਸ਼ ਨਹੀਂ ਕੀਤਾ ਜਿਹੜਾ ਸੰਕਲਪਵਾਚੀ ਅਰਥਾਂ ਵਿਚ ਆਧੁਨਿਕ ਹੋਵੇ। ਉਹਨਾਂ ਦਾ ਅਨੁਭਵ ਨਿੱਜੀ ਪੱਧਰ ਉੱਤੇ ਵੀ ਤੇ ਸਾਂਝੇ ਪੱਧਰ ਉੱਤੇ ਵੀ ਉਹਨਾਂ ਤੋਂ ਪਹਿਲਾਂ ਦੇ ਪੰਜਾਬੀ ਜਾਂ ਭਾਰਤੀ ਅਨੁਭਵ ਨਾਲੋਂ ਨਿਖੇੜਨਾ ਅਸੰਭਵ ਹੈ।"[5]

1972 ਵਿਚ ਭਾਈ ਵੀਰ ਸਿੰਘ ਦੀ ਜਨਮ ਸ਼ਤਾਬਦੀ ਮਨਾਉਂਦਿਆਂ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੇ ਅਧਿਆਪਕਾਂ ਨੇ ਇਕ ਆਲੋਚਨਾ ਪੁਸਤਕ ਤਿਆਰ ਕੀਤੀ, ਜਿਸ ਨੂੰ ਡਾ. ਹਰਿਭਜਨ ਸਿੰਘ ਨੇ ਸੰਪਾਦਤ ਕੀਤਾ। ਉਸ ਸਮੇਂ ਪੰਜਾਬੀ ਚਿੰਤਨ ਵਿਚ ਰੂਪਵਾਦੀ-ਸੰਰਚਨਾਵਾਦੀ ਚਿੰਤਨ ਦਾ ਚਰਚਾ ਆਰੰਭ ਹੋ ਚੁੱਕਿਆ ਸੀ। ਹਾਲਾਂਕਿ ਇਹ ਸਮੀਖਿਆ ਆਪਣੇ ਤੋਂ ਪੂਰਵਲੀ ਵਿਸ਼ੇਸ਼ ਕਰਕੇ ਮਾਰਕਸਵਾਦੀ ਆਲੋਚਨਾ ਉੱਪਰ ਹਮਲਾ ਵੀ ਬੋਲਦੀ ਸੀ ਅਤੇ ਆਪਣੇ ਆਪ ਨੂੰ ਸ਼ੁੱਧ ਸਾਹਿਤਕਤਾ ਦੀ ਅਭਿਲਾਸ਼ੀ ਹੋਣ ਦਾ ਦਾਅਵਾ ਵੀ ਪੇਸ਼ ਕਰਦੀ ਸੀ। ਇਸ ਪੁਸਤਕ ਦਾ ਅਧਿਐਨ ਵਿਚਾਰਧਾਰਕ ਤੌਰ 'ਤੇ ਪੂਰਵਲੇ ਅਧਿਐਨ ਤੋਂ ਕਿਸੇ ਵੀ ਤਰ੍ਹਾਂ ਪਾਰ ਨਹੀਂ ਜਾਂਦਾ। ਡਾ. ਹਰਿਭਜਨ ਸਿੰਘ ਨੇ ਭਾਈ ਵੀਰ ਸਿੰਘ ਸੰਬੰਧੀ ਹੋਈ ਸਮੀਖਿਆ ਦੇ ਹਵਾਲੇ ਨਾਲ ਲਿਖਿਆ ਕਿ ਸਾਰੀ ਪੰਜਾਬੀ ਆਲੋਚਨਾ ਸਪੱਸ਼ਟ ਬੌਧਿਕ ਆਧਾਰ ਦੇ ਬਾਵਜੂਦ ਭਾਵਨਾਮੁਖ ਰਹੀ ਹੈ। "ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਪ੍ਰਤਿਮਾਨ ਨਿਸ਼ਚਿਤ ਕਰਕੇ ਉਨ੍ਹਾਂ ਨੂੰ ਹੀ ਆਪਣੀ ਜੀਵਨ-ਵਿਧੀ ਦਾ ਆਧਾਰ ਬਣਾਉਣ ਵਿਚ ਭਾਈ ਵੀਰ ਸਿੰਘ ਦਾ ਯੋਗਦਾਨ ਬੇਜੋੜ ਹੈ। ਭਾਈ ਵੀਰ ਸਿੰਘ ਦਾ ਸਮੁੱਚਾ ਅਤੇ ਬਹੁਪੱਖੀ ਜੀਵਨ ਇਸੇ ਉਦੇਸ਼ ਪ੍ਰਤੀ ਸਮਰਪਿਤ ਹੈ।"[6] ਡਾ. ਹਰਿਭਜਨ ਸਿੰਘ ਦਾ ਅਧਿਐਨ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਖੁੱਸ ਜਾਣ ਉਪਰੰਤ ਸੰਕਟਗ੍ਰਸਤ ਸਿੱਖ-ਸਥਿਤੀ ਦੇ ਇਰਦ ਗਿਰਦ ਦੀਆਂ ਚਿੰਤਾਵਾਂ ਵਿਚੋਂ ਅਰਥ ਤਲਾਸ਼ਦਾ ਹੈ। ਇਸ ਚਿੰਤਨ ਦਾ ਆਪਣਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਇਹ ਵਿਚਾਰਧਾਰਕ ਤੌਰ 'ਤੇ ਗੁਰਮਤਿ ਦਰਸ਼ਨ ਅਤੇ ਸਿੱਖ ਲਹਿਰ ਨੂੰ ਅਧਿਆਤਮਕ, ਨੈਤਿਕ ਅਤੇ ਇਕ ਵਿਸ਼ਵਾਸ਼ੀ ਰੂਪ ਵਿਚ ਹੀ ਚਿਤਵਦਾ ਹੈ। ਇਸ ਚਿੰਤਨ ਵਿਚ ਗੁਰਮਤਿ ਦਰਸ਼ਨ ਅਤੇ ਸਿੱਖ ਲਹਿਰ ਦੀ ਸਮਾਜਕਤਾ/ਜੀਵਨ ਦ੍ਰਿਸ਼ਟੀ ਨੂੰ ਸਮਝੇ-ਨਿਖੇੜੇ ਬਿਨਾਂ ਹੀ ਭਾਈ ਵੀਰ ਸਿੰਘ ਦੇ ਜੀਵਨ ਅਤੇ ਰਚਨਾ ਨੂੰ "ਸਿੱਖੀ ਮੂਲ ਆਦਰਸ਼" ਦਾ ਰੂਪ ਸਵੀਕਾਰ ਕਰ ਲਿਆ ਗਿਆ ਹੈ। ਸਨਾਤਨੀ ਮਾਰਕਸਵਾਦੀ ਚਿੰਤਨ (ਪ੍ਰੋ. ਕਿਸ਼ਨ ਸਿੰਘ ਨੂੰ ਛੱਡ ਕੇ) ਅਤੇ ਰੂਪਵਾਦੀ-ਸੰਰਚਨਾਵਾਦੀ ਚਿੰਤਨ ਅਧਿਆਤਮਕਤਾ ਦੀ ਸਮਾਜਕਤਾ ਨੂੰ ਸਮਝਣ ਤੋਂ ਅਸਮਰੱਥ ਰਿਹਾ ਹੈ। ਅਧਿਆਤਮਕਤਾ ਨੂੰ ਉਸਦੇ ਇਕਹਿਰੇ ਅਮੂਰਤ ਰੂਪ 'ਚ ਸਵੀਕਾਰ ਕਰਕੇ, ਇਹ ਚਿੰਤਨ ਧਰਮ ਅਤੇ ਧਰਮ ਦੀ ਸੋਚ ਵਿਧੀ (Mode of Consciousness) ਵਿਚ ਅੰਤਰ ਨਹੀਂ ਕਰ ਸਕਿਆ। ਇਸੇ ਕਰਕੇ ਭਾਈ ਵੀਰ ਸਿੰਘ ਦੀ ਸਿੱਖ-

ਚੇਤਨਾ ਅਤੇ ਗੁਰਬਾਣੀ ਦੀ ਸਮਾਜਕ ਚੇਤਨਤਾ ਇਕ ਦੂਸਰੇ ਵਿਚ ਜਜ਼ਬ ਕਰ ਦਿੱਤੀ ਗਈ। ਗੁਰਮਤਿ ਜਿੱਥੇ ਆਪਣੇ ਆਪ ਵਿਚ ਇਕ ਨਵੇਂ ਮਨੁੱਖ (ਨਿਰਭਉ-ਨਿਰਵੈਰ ਵਾਲਾ ਗੁਰਮੁਖ) ਅਤੇ ਨਵੇਂ ਸਮਾਜ ਦੇ ਕਿਰਤ ਅਤੇ ਨਾਮ ਕੇਂਦਰਿਤ ਕਲਿਆਣਕਾਰੀ ਅਤੇ ਸਰਬ-ਹਿੱਤਕਾਰੀ ਰੂਪ ਦਾ ਅਸਲੋਂ ਨਵਾਂ ਮਾਡਲ ਸਥਾਪਤ ਕਰਦੀ ਹੈ, ਉਥੇ ਭਾਈ ਵੀਰ ਸਿੰਘ ਦਾ ਆਦਰਸ਼ ਅਧਿਆਤਮਕ ਸਿੱਖੀ ਦੀ ਨਿਵੇਕਲੀ ਹੋਂਦ ਦੀ ਬਾਹਰੀ ਦਿੱਖ ਦੇ ਨਾਲ ਨਾਲ ਬਸਤੀਵਾਦ ਰਾਜ ਨਾਲ ਸ਼ਾਂਤਮਈ ਸਹਿਹੋਂਦ ਦੇ ਰੂਪ ਵਿਚ ਵਿਚਰਨ ਦਾ ਹੈ। ਇਸ ਕਰਕੇ ਇਸ ਨਿਖੇੜੇ ਤੋਂ ਬਿਨਾਂ ਭਾਈ ਵੀਰ ਸਿੰਘ ਅਤੇ ਉਸਦੀ ਵਿਚਾਰਧਾਰਕ ਸਥਿਤੀ ਨੂੰ ਇਤਿਹਾਸਕਤਾ ਵਿਚ ਨਹੀਂ ਸਮਝਿਆ ਜਾ ਸਕਦਾ।

ਮਾਰਕਸਵਾਦੀ ਸਮੀਖਿਆ ਧਾਰਾ ਵਿਚ ਡਾ. ਰਵਿੰਦਰ ਸਿੰਘ ਰਵੀ 'ਭਾਈ ਵੀਰ ਸਿੰਘ ਕਾਵਿ ਦੇ ਵਿਚਾਰਧਾਰਾਈ ਆਧਾਰ ਅਤੇ ਪਾਸਾਰ'[7] ਨਿਬੰਧ ਵਿਚ ਕਈ ਅੰਤਰ-ਦ੍ਰਿਸ਼ਟੀਆਂ ਪੈਦਾ ਕਰਦਾ ਹੈ, ਜੋ ਭਾਈ ਵੀਰ ਸਿੰਘ ਸੰਬੰਧੀ ਪੂਰਵਲੇ ਅਧਿਐਨ ਨਾਲੋਂ ਨਵੀਨ ਵੀ ਹਨ ਅਤੇ ਅਰਥ ਪੂਰਨ ਵੀ। ਬਰਤਾਨਵੀ ਪਰਿਵਰਤਨ, ਪੰਜਾਬ ਦਾ ਪੂੰਜੀਵਾਦੀ ਲੀਹਾਂ ਉਪਰ ਢਲਣਾ, ਸਿੱਖ ਸਾਮੰਤਸ਼ਾਹੀ ਦਾ ਖੇਰੂੰ-ਖੇਰੂੰ ਹੋਣਾ ਆਦਿ ਦੇ ਨਾਲ ਨਾਲ ਭਾਈ ਵੀਰ ਸਿੰਘ ਨੂੰ ਉੱਭਰ ਰਹੀ ਨਵੀਂ ਸਿੱਖ ਮੱਧ-ਸ਼੍ਰੇਣੀ ਦੇ ਪ੍ਰਵਕਤਾ ਵਜੋਂ ਸਥਾਪਤ ਕਰਨਾ ਖ਼ਾਸ ਧਿਆਨ ਦੀ ਮੰਗ ਕਰਦਾ ਹੈ। ਪਰੰਤੂ ਇਸ ਅਧਿਐਨ ਦੀ ਸੀਮਾ ਇਹ ਹੈ ਕਿ ਇਹ ਬਸਤੀਵਾਦ ਨੂੰ ਸਹਿਜ ਤੇ ਸੁਭਾਵਕ ਵਿਕਾਸ ਦਾ ਪੂੰਜੀਵਾਦ ਸਵੀਕਾਰ ਕਰ ਲੈਂਦਾ ਹੈ, ਜਿਸ ਕਰਕੇ ਪੂੰਜੀਵਾਦ ਦਾ ਸਹਿਜ ਰੂਪ ਅਤੇ ਪੂੰਜੀਵਾਦ ਦੇ ਬਸਤੀਵਾਦੀ ਰੂਪ ਦਾ ਅੰਤਰ ਖ਼ਤਮ ਹੋ ਜਾਂਦਾ ਹੈ। ਇਸ ਨਾਲ ਗੰਭੀਰ ਸੰਕਟ ਇਹ ਵਾਪਰ ਜਾਂਦਾ ਹੈ ਕਿ ਬਸਤੀਵਾਦ, ਉਸਦੀਆਂ ਆਰਥਿਕ-ਸਿਆਸੀ ਸਮੀਕਰਨਾਂ, ਉਸ ਦੁਆਰਾ ਉਤਪੰਨ ਕੀਤਾ ਗਿਆ ਦਹਿਸ਼ਤੀ ਕਾਨੂੰਨ-ਪ੍ਰਬੰਧ, ਉਸ ਅੰਦਰ ਛੁਪੀ ਹੋਈ ਪਰੰਤੂ ਹਿੰਸਕ ਤਾਨਾਸ਼ਾਹੀ ਦਾ ਆਪਹੁਦਰਾ ਰੂਪ, ਆਪਣੀ ਸੱਤਾ ਨੂੰ ਬਣਾਈ ਰੱਖਣ ਦਾ ਸੰਸਥਾਈ ਪ੍ਰਬੰਧ ਆਦਿ ਅਸਲੋਂ ਹੀ ਪਰੇਰੇ ਰਹਿ ਜਾਂਦੇ ਹਨ। ਇਸ ਨਾਲ ਉਸ ਦੌਰ ਦੀ ਸਮਾਜੀ, ਰਾਜਸੀ, ਆਰਥਿਕ, ਸਭਿਆਚਾਰਕ, ਧਾਰਮਿਕ ਅਤੇ ਨੈਤਿਕ ਜ਼ਿੰਦਗੀ ਦੀ ਜਟਿਲ ਸਥਿਤੀ, ਉਸ ਦੇ ਅੰਤਰੀਵੀ ਅੰਤਰ ਵਿਰੋਧ ਅਤੇ ਬਸਤੀਵਾਦੀ ਰਾਜਨੀਤਕ ਯਥਾਰਥ ਦੀ ਸਮਝ ਸਰਲ ਬਣ ਜਾਂਦੀ ਹੈ, ਜਿਸ ਜਟਿਲ ਸਥਿਤੀ ਵਿਚ ਭਾਈ ਵੀਰ ਸਿੰਘ ਸਖ਼ਸ਼ੀ ਤੌਰ 'ਤੇ ਵਿਚਰ ਰਿਹਾ ਹੈ ਅਤੇ ਸ਼ਾਬਦਿਕ ਤੌਰ 'ਤੇ ਆਪਣੇ ਆਪ ਨੂੰ ਸੰਚਾਰ ਰਿਹਾ ਹੈ।

– 2 –

1849 ਵਿਚ ਈਸਟ ਇੰਡੀਆ ਕੰਪਨੀ ਪੰਜਾਬ ਨੂੰ ਹਥਿਆ ਲੈਂਦੀ ਹੈ। ਪੰਜਾਬ ਈਸਟ ਇੰਡੀਆ ਕੰਪਨੀ ਲਈ ਬਸਤੀਵਾਦੀ ਰਣਨੀਤਕ ਰੂਪ ਵਿਚ ਮਹੱਤਵਪੂਰਨ ਸੀ, ਇਸ ਲਈ ਇਸ ਉਪਰ ਕਬਜ਼ਾ ਜ਼ਰੂਰੀ ਸੀ, ਭਾਵੇਂ ਉਹ ਕਿਸੇ ਵੀ ਰੂਪ ਵਿਚ ਹੁੰਦਾ। ਆਰੰਭਕ ਪੂੰਜੀਵਾਦੀ ਬਸਤੀਵਾਦ ਦਾ ਪ੍ਰਾਥਮਿਕ ਮਨੋਰਥ ਹੋਰਨਾਂ ਪ੍ਰਾਥਮਿਕ ਭਾਵਾਂ ਸਮੇਤ ਵਧੇਰੇ ਅਹਿਮੀਅਤ ਵਾਲੇ ਤਿੰਨ ਬਿੰਦੂਆਂ ਉੱਪਰ ਸਭ ਤੋਂ ਵਧੇਰੇ ਕੇਂਦਰਿਤ ਰਹਿੰਦਾ ਹੈ, (1) ਧਰਤੀ (2) ਧਨ (3) ਸ਼ਰੀਰਕ ਬਲ। ਸ਼ਰੀਰਕ ਬਲ ਰਾਹੀਂ ਧਰਤੀ ਕਬਜ਼ਾਉਣੀ, ਧਰਤੀ ਕਬਜ਼ਾ ਕੇ ਧਨ ਦੀ ਉਤਪਤੀ ਦੇ ਸ੍ਰੋਤ ਪੈਦਾ ਕਰਨੇ। ਇਸ ਧਨ ਰਾਹੀਂ ਬਾਹਰੀ ਰੂਪ 'ਚ ਸੱਤਾ ਪੈਦਾ ਕਰਨੀ ਅਤੇ ਅੰਦਰੂਨੀ ਰੂਪ ਵਿਚ ਲੋਕਾਈ ਦੀ ਮਾਨਸਿਕਤਾ, ਸੋਚ, ਸੂਝ ਨੂੰ ਅਸਲੋਂ ਹੀ ਬਦਲ ਦੇਣਾ। ਇਸ ਉਪਰੰਤ ਆਪਣੇ ਸਭਿਆਚਾਰ ਨੂੰ ਉੱਤਮ ਸਿੱਧ ਕਰਕੇ ਗ਼ੁਲਾਮ ਲੋਕਾਈ ਨੂੰ ਉਸ ਸਭਿਆਚਾਰ ਦੇ ਅਨੁਕੂਲ ਬਣਨ ਲਈ ਇਕ ਜਦੋ ਜਹਿਦ ਨੂੰ ਜਨਮ ਦੇਣਾ। ਮੂਲ ਲੋਕਾਂ ਅੰਦਰ ਆਪਣੇ ਆਪੇ ਤੋਂ ਟੁੱਟ ਕੇ ਦੂਸਰੇ ਵਿਚ ਢਲ ਜਾਣਾ ਜਾਂ ਦੂਸਰਾ ਹੀ ਬਣ ਜਾਣ ਦਾ ਮੁੱਖ ਉਦੇਸ਼ ਪੈਦਾ ਕਰ ਦੇਣਾ ਹੁੰਦਾ ਹੈ। ਈਸਟ ਇੰਡੀਆ ਕੰਪਨੀ ਨੇ ਪੰਜਾਬ ਨੂੰ ਧੋਖੇਬਾਜ਼ੀ ਨਾਲ ਹਥਿਆ ਕੇ ਇਥੇ ਈਸਟ ਇੰਡੀਆ ਕੰਪਨੀ ਦੇ ਪ੍ਰਬੰਧ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਇਸ ਹਕੀਕਤ ਦੇ ਬਾਵਜੂਦ ਅਤੇ ਇਸਦੀ ਇਤਿਹਾਸਕ ਮਹੱਤਤਾ ਦੇ ਬਾਵਜੂਦ ਭਾਰਤੀ ਇਤਿਹਾਸ (ਵਿਸ਼ੇਸ਼ ਰੂਪ 'ਚ ਪੰਜਾਬ) ਵਿਚ ਸਭ ਤੋਂ ਮਹੱਤਵਪੂਰਨ 1857 ਦਾ ਜਨ-ਵਿਦਰੋਹ ਹੈ। ਇਥੇ ਵਿਸ਼ੇਸ਼ ਧਿਆਨਯੋਗ ਮਸਲਾ ਹੈ ਕਿ ਪੰਜਾਬ ਦੇ ਸਾਹਿਤ/ਇਤਿਹਾਸ ਵਿਚੋਂ 1857 ਗੈਰਹਾਜ਼ਿਰ ਰਹਿੰਦਾ ਹੈ, ਜੇਕਰ ਕਿਧਰੇ ਕੋਈ ਚਿੰਤਨੀ ਸੰਕੇਤ-ਸੂਤਰ ਮਿਲਦਾ ਹੈ ਤਾਂ ਉਹ ਸਿਰਫ਼ ਸ਼ਾਹ ਮੁਹੰਮਦ ਦੇ ਵਿਰਲਾਪੀ ਬਿਰਤਾਂਤ ਦਾ ਹੈ। ਅਵਚੇਤਨ ਵਿਚ ਬਿਠਾ ਦਿੱਤੇ ਗਏ 1857 ਦੇ ਉਪਰੰਤ ਹਿੰਸਕ ਕਾਨੂੰਨੀ ਪ੍ਰਬੰਧ ਦੀ ਪਛਾਣ ਪੰਜਾਬੀ ਚਿੰਤਨ 'ਚ





ਅਪੂਰਨ ਹੈ। ਇਸ ਲਈ ਇਹ ਮਸਲਾ ਧਿਆਨ ਕੇਂਦਰਿਤ ਰਹਿਣਾ ਚਾਹੀਦਾ ਹੈ ਕਿ ਬਸਤੀਵਾਦੀ ਪੂੰਜੀਵਾਦ ਹਰ-ਹੱਦ-ਬੰਨਾ ਮਿਟਾ ਕੇ ਏਕੀਕਰਨ ਪੈਦਾ ਕਰਦਾ ਹੈ, ਭਾਰਤ 'ਚ ਇਹ ਏਕੀਕਰਨ ਭੂਗੋਲਿਕ ਰੂਪ 'ਚ ਪੈਦਾ ਕਰ ਦਿੰਦਾ ਹੈ। ਇਸ ਲਈ 1857 ਦੇ ਜਨ-ਵਿਦਰੋਹ ਦੇ ਇਤਿਹਾਸਕ ਵਰਤਾਰੇ ਨੂੰ ਸਮਝੇ ਬਿਨਾਂ ਪੰਜਾਬ ਦੇ ਮਨੁੱਖ, ਸਮਾਜ, ਇਤਿਹਾਸ, ਸਾਹਿਤ, ਭਾਸ਼ਾ ਅਤੇ ਸਭਿਆਚਾਰ ਨੂੰ ਸਮਝਣਾ ਅਸੰਭਵ ਅਤੇ ਨਾਮੁਮਕਿਨ ਹੈ। ਪੂੰਜੀਵਾਦ ਧਰਤੀਆਂ ਦੀ ਜਿੱਤ ਰਾਹੀਂ ਵੀ ਪੂੰਜੀ ਦੇ ਇਕੱਤਰੀਕਰਨ ਵਿਚ ਮਦਹੋਸ਼ ਹੋਣ ਕਰਕੇ ਸਮਰੂਪੀਕਰਨ/ਏਕੀਕਰਨ (Unification) ਦੀ ਪ੍ਰਕਿਰਿਆ ਦਾ ਅਨੁਯਾਈ ਹੈ। ਇਹ ਏਕੀਕਰਨ ਕੁਦਰਤੀ ਸੰਸਾਧਨਾਂ ਉੱਪਰ ਕਬਜ਼ਾ ਅਤੇ ਉਤਪਾਦਨੀ ਵਸਤ ਲਈ ਮੰਡੀ ਦੀ ਜ਼ਰੂਰਤ ਦਾ ਗ਼ੁਲਾਮ ਹੁੰਦਾ ਹੈ। ਇਸੇ ਲਈ ਪੂੰਜੀ ਆਪਣੇ ਆਪ ਨੂੰ ਵਿਸਤਾਰੇ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ। ਇਸ ਜਨ-ਵਿਦਰੋਹ ਨੇ ਈਸਟ ਇੰਡੀਆ ਕੰਪਨੀ ਦੇ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਬਹਾਦਰ ਸ਼ਾਹ ਜ਼ਫ਼ਰ ਮੁੜ ਦਿੱਲੀ ਦੇ ਤਖ਼ਤ ਉੱਪਰ ਮੁਗ਼ਲ ਰਾਜੇ ਦੇ ਰੂਪ ਵਿਚ ਸਥਾਪਤ ਕਰ ਦਿੱਤਾ ਗਿਆ। 1859 ਦੇ ਅਖੀਰ ਵਿਚ ਮੁੜ ਬਸਤਵਾਦੀ ਰਾਜ ਪ੍ਰਾਪਤੀ ਉਪਰੰਤ ਸਮੁੱਚਾ ਭਾਰਤ ਵਿਕਟੋਰੀਅਨ ਤਾਜ ਅਧੀਨ ਆ ਕੇ ਬਸਤੀਵਾਦੀ ਰਾਜ ਪ੍ਰਬੰਧ ਵਿਚ ਢਲਦਾ ਹੈ। ਇਸ ਕਰਕੇ 1849 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਾਮੰਤੀ ਰਾਜ ਦੀ ਖੁੱਸੀ ਹੋਈ ਤਾਕਤ ਜਿੱਥੇ ਸਿੱਖ ਅਹਿਲਕਾਰਾਂ ਅਤੇ ਸਿੱਖ ਪਤਵੰਤਿਆਂ ਅੰਦਰ ਸਦਮੇਂ ਦਾ ਰੂਪ ਧਾਰ ਕੇ ਮੁੜ ਸਾਮੰਤੀ ਸਿੱਖ ਰਾਜ ਦੀ ਪ੍ਰਾਪਤੀ ਦੇ ਸੁਪਨੇ ਦੀ ਅਕਾਂਖਿਆ ਪੈਦਾ ਕਰਦੀ ਹੈ, ਉੱਥੇ 1857 ਦੇ ਜਨ ਵਿਦਰੋਹ ਉਪਰੰਤ ਬਸਤੀਕਾਰਾਂ ਨੂੰ ਸਮੁੱਚੇ ਭਾਰਤ ਵਿਚ ਟਿਕੇ ਰਹਿਣ ਲਈ ਅਜਿਹੀ ਰਾਜਸੀ ਅਤੇ ਕਾਨੂੰਨੀ ਵਿਵਸਥਾ ਸਿਰਜਣ ਉੱਪਰ ਮਜਬੂਰ ਕਰਦੀ ਹੈ ਕਿ ਮੁੜ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਵਿਦਰੋਹੀ ਘਟਨਾ ਨਾ ਵਾਪਰ ਜਾਵੇ। 1947 ਤੱਕ ਬਸਤੀਕਾਰਾਂ ਲਈ 1857 ਦਾ ਜਨ-ਵਿਦਰੋਹ ਪ੍ਰੇਤ ਵਾਂਗ ਚਿੰਬੜਿਆ ਰਿਹਾ। ਬਸਤੀਕਾਰ ਇਸ ਪ੍ਰੇਤ ਦੀ ਗ੍ਰਿਫ਼ਤ ਵਿਚ ਕਿ ਮੁੜ 1857 ਦੀ ਸਥਿਤੀ ਨਾ ਪੈਦਾ ਹੋਵੇ, ਆਪਣੀ ਬਸਤੀਵਾਦੀ ਰਣਨੀਤੀ ਦਾ ਸਿਰਜਣ ਕਰਦੇ ਹਨ। ਇਸ ਰਣਨੀਤੀ ਦੇ ਉਭਰਵੇਂ ਲੱਛਣ ਇਹ ਹਨ :

1. ਅਜਿਹੇ ਆਪਹੁਦਰੇ ਸਵੈ-ਪ੍ਰਭੂਤਵੀ ਰਾਜ ਪ੍ਰਬੰਧ ਦੀ ਵਿਵਸਥਾ ਦੀ ਸਿਰਜਣਾ ਕਿ ਜਿੱਥੇ ਵੀ ਕਿਧਰੇ ਵਿਰੋਧ, ਪ੍ਰਤਿਰੋਧ ਜਾਂ ਵਿਦਰੋਹ ਦੀ ਆਵਾਜ਼ ਉਠੇ, ਉਸ ਨੂੰ ਵਿਕਟੋਰੀਅਨ ਤਾਜ ਦੇ ਖਿਲਾਫ਼ ਦੇਸ਼ ਧ੍ਰੋਹ ਕਹਿ ਕੇ ਦੰਡ, ਕਾਲੇ ਪਾਣੀ ਦੀ ਸਜ਼ਾ ਅਤੇ ਫਾਂਸੀ ਤੱਕ ਦਾ ਕਾਨੂੰਨੀ ਪ੍ਰਾਵਧਾਨ ਕਰ ਦਿੱਤਾ ਗਿਆ।
2. ਕਿਸੇ ਵੀ ਤਰ੍ਹਾਂ ਦੀ ਅਸਹਿਮਤੀ ਦੀ ਵਿਚਾਰਧਾਰਾ, ਜਥੇਬੰਦੀ, ਪੱਤ੍ਰਿਕਾ ਜਾਂ ਸੰਸਥਾ ਉੱਪਰ ਜ਼ੁਰਮਾਨਾ, ਸਖ਼ਤ ਦੰਡ ਜਾਂ ਉਸਨੂੰ ਪ੍ਰਤਿਬੰਧਤ ਕਰ ਦੇਣ ਦੀ ਵਿਵਸਥਾ ਦਾ ਪ੍ਰਬੰਧ ਕਰਨਾ।
3. ਭਾਰਤੀ ਸਮਾਜ ਵਿਚ ਸਾਮੰਤਸ਼ਾਹੀ ਦੀ ਅੰਦਰੂਨੀ ਬਣਤਰ ਨੂੰ ਸਮਝਦਿਆਂ ਕਿਸੇ ਵੀ ਸਭਾ, ਸੋਸਾਇਟੀ, ਜਥੇਬੰਦੀ ਆਦਿ ਨੂੰ ਨਾਇਕ ਤੋਂ ਵਿਹੂਣਾ ਕਰ ਦੇਣ ਦਾ ਕਾਨੂੰਨੀ ਅਤੇ ਰਣਨੀਤਕ ਪ੍ਰਬੰਧ ਕਰਨਾ।
4. ਸ਼ਿਲਪਕਾਰੀ ਕਿੱਤਿਆਂ ਨੂੰ ਪੂੰਜੀਵਾਦੀ ਬਸਤੀਵਾਦੀ ਉਤਪਾਦਨੀ ਰਿਸ਼ਤਿਆਂ ਵਿਚ ਤਬਦੀਲ ਕਰਨਾ ਅਤੇ ਵਿਦਿਅਕ ਪਾਸਾਰ ਰਾਹੀਂ ਲੋਕਾਈ ਵਿਚ ਨਵੀਆਂ ਪੂੰਜੀਵਾਦੀ ਲਾਲਸਾਵਾਂ, ਅਕਾਂਖਿਆਵਾਂ ਦੇ ਸੁਪਨੇ ਜਗਾਉਣਾ।
5. ਬਸਤੀਕਾਰਾਂ ਵੱਲੋਂ ਨਵੇਂ ਸੁਪਨੇ ਜਗਾਉਣਾ ਅਤੇ ਦਹਿਸ਼ਤਜ਼ਦਾ ਮਾਨਸਿਕਤਾ ਦਾ ਸਿਰਜਣਾ ਕਰਨਾ, ਇਸ ਦੇ ਨਾਲ ਹੀ ਮੂਲਵਾਸੀ ਲੋਕ-ਪਰੰਪਰਾ, ਵਿਰਾਸਤ ਅਤੇ ਸਮਾਜ ਪ੍ਰਤੀ ਤ੍ਰਿਸਕਾਰ ਪੈਦਾ ਕਰਨਾ।
6. ਬਸਤੀਕਾਰਾਂ ਦਾ ਅਜਿੱਤ ਰਹਿਣਾ, ਬੌਧਿਕ ਤੌਰ 'ਤੇ ਗਿਆਨਵਾਨ ਸਿੱਧ ਕਰਨਾ ਅਤੇ ਨਸਲੀ ਰੂਪ 'ਚ ਆਪਣੇ-ਆਪ ਨੂੰ ਸਰਬ ਸ੍ਰੇਸ਼ਟ ਸਥਾਪਤ ਕਰਨਾ ਅਤੇ ਆਪਣੇ ਆਪ ਨੂੰ ਨਿਆਂ ਪਸੰਦ ਸਿੱਧ ਕਰਨਾ।
7. ਸ਼ਰੀਰਕ ਅਤੇ ਕਬੀਲਾਈ ਤਾਕਤ ਦੇ ਮੁਕਾਬਲੇ ਅਕਲ, ਸੂਝ ਅਤੇ ਪੂੰਜੀ ਦੀ ਧੌਂਸ ਪੈਦਾ ਕਰਨਾ।
8. ਕੁਦਰਤੀ ਸੰਸਾਧਨਾਂ ਅਤੇ ਉਪਜ ਨੂੰ ਦਾਤੇ ਦੇ ਸਾਧਨਾਂ ਅਤੇ ਦੇਣ ਦੀ ਥਾਂ ਉੱਪਰ ਪਦਾਰਥਕ ਅਤੇ ਮੰਡੀ ਦੀ ਵਸਤੂ ਦੇ ਰੂਪ ਵਿਚ ਵਪਾਰਕ ਵਸਤੂ ਵਿਚ ਤਬਦੀਲ ਕਰ ਦੇਣਾ।

9. ਮਨੁੱਖ ਨੂੰ ਭਾਵਨਾ, ਆਵੇਸ਼, ਸ਼ਰਧਾ, ਭਾਈਚਾਰਕਤਾ, ਸਦਭਾਵਨਾ 'ਚੋਂ ਕੱਢ ਕੇ ਵਿਵੇਕ, ਤਰਕ, ਵਿਅਕਤੀਵਾਦ, ਸੰਪਰਦਾਇਕ ਪਛਾਣ, ਨਸਲੀ ਪਛਾਣ ਅਤੇ ਵਸਤੂ ਪ੍ਰੇਮੀ ਬਣਾ ਦੇਣਾ।
10. ਭਾਰਤ ਦੀ ਸਭਿਆਚਾਰਕ ਵੰਨ-ਸੁਵੰਨਤਾ, ਭਾਸ਼ਾਈ ਵੱਖਰਤਾ, ਭੂਗੋਲਿਕ ਵਿਸ਼ੇਸ਼ਤਾ, ਵਰਣ ਵਿਵਸਥਾ ਅਤੇ ਨਸਲੀ ਵਿਭਿੰਨਤਾ ਨੂੰ ਬਸਤੀਵਾਦੀ ਰਾਜਸੀ ਹਿੱਤਾਂ ਦੀ ਪ੍ਰਾਪਤੀ ਲਈ ਦੁਰਵਰਤੋਂ ਕਰਨਾ।
11. ਭਾਰਤੀਆਂ ਨੂੰ ਅਸੱਭਿਅਕ, ਉਜੱਡ, ਜਾਂਗਲੀ ਸਥਾਪਤ ਕਰਕੇ ਆਪਣੇ ਆਪ ਨੂੰ ਸੱਭਿਅਕ, ਮਾਨਵੀ ਅਤੇ ਵਿਕਸਤ ਮਾਨਵ ਵਜੋਂ ਸਥਾਪਤ ਕਰਨਾ।

ਇਹ ਕੁਝ ਉਹ ਲੱਛਣ ਹਨ ਜੋ 1849 ਤੋਂ ਬਾਅਦ ਪੰਜਾਬ ਨੂੰ ਹਥਿਆਏ ਜਾਣ ਉਪਰੰਤ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਹਤ ਰਹਿੰਦੇ ਹਨ। ਇਨ੍ਹਾਂ ਨੂੰ ਸਮਝੇ-ਜਾਣੇ ਬਗੈਰ ਭਾਰਤ/ਪੰਜਾਬ ਦੇ ਸਮਾਜ, ਸਭਿਆਚਾਰ, ਸਾਹਿਤ, ਭਾਸ਼ਾ ਅਤੇ ਰਾਜਸੀ ਪ੍ਰਬੰਧ/ਵਿਹਾਰ ਨੂੰ ਜਾਣਿਆ ਨਹੀਂ ਜਾ ਸਕਦਾ। ਇਹੋ ਕਾਰਨ ਹੈ ਕਿ ਡਾ. ਗੰਡਾ ਸਿੰਘ ਵਰਗਾ ਇਤਿਹਾਸਕਾਰ ਵੀ ਪੰਜਾਬ ਵਿਚ ਬਸਤੀਵਾਦ ਖਿਲਾਫ਼ ਉੱਠੀ ਲਹਿਰ ਕੂਕਾ ਲਹਿਰ (ਜਿਸਦਾ ਲਿਬਾਸ ਧਾਰਮਿਕ ਸੀ ਪਰੰਤੂ ਵਿਚਾਰਧਾਰਾ ਰਾਜਸੀ ਸੀ) ਨੂੰ ਸਮਝਣ ਤੋਂ ਖੁੰਝ ਜਾਂਦਾ ਹੈ। "ਨਾਂਹ ਤਾਂ ਕੂਕਿਆਂ ਦੇ ਆਗੂ ਬਾਬਾ ਰਾਮ ਸਿੰਘ ਨੇ ਅਤੇ ਨਾਂਹ ਹੀ ਉਸਦੇ ਵਿਸ਼ਵਾਸ ਪਾਤਰ ਸ਼ਾਗਿਰਦਾਂ ਨੇ ਬਰਤਾਨਵੀ ਸਰਕਾਰ ਦੇ ਵਿਰੁੱਧ ਕੁੱਝ ਕੀਤਾ ਸੀ। ਬਾਬਾ ਰਾਮ ਸਿੰਘ ਨੇ ਕਿਸੇ ਵੀ ਸਮੇਂ ਤੇ ਕਿਸੇ ਵੀ ਸਰਕਾਰੀ ਅਫ਼ਸਰ ਦੀ ਹੁਕਮ-ਅਦੂਲੀ ਨਹੀਂ ਕੀਤੀ ਸੀ।"[8] ਡਾ. ਗੰਡਾ ਸਿੰਘ ਦੀ ਨਜ਼ਰ ਵਿਚ ਪੰਜਾਬ ਤਾਂ ਹੈ, ਪਰੰਤੂ 1857 ਬਾਅਦ ਬਸਤੀਕਾਰਾਂ ਦੀਆਂ ਰਣਨੀਤੀਆਂ, ਬਸਤੀਵਾਦ ਦੇ ਪ੍ਰਤੀਰੋਧ ਵਿਚ ਉੱਠਣ ਵਾਲੀ ਕਿਸੇ ਵੀ ਲਹਿਰ ਦੀ ਇਤਿਹਾਸਕ ਸੂਝ ਦੀ ਪਛਾਣ ਅਤੇ ਬਸਤੀਵਾਦ ਦੀ ਹੋਂਦ/ਸਥਾਪਤੀ ਦੀ ਸੋਝੀ ਨਹੀਂ ਹੈ। 17-18 ਜਨਵਰੀ 1872 ਨੂੰ 65 ਕੂਕਿਆਂ ਨੂੰ ਤੋਪਾਂ ਅੱਗੇ ਖੜ੍ਹੇ ਕਰਕੇ ਉਡਾ ਦੇਣਾ ਅਤੇ ਬਾਬਾ ਰਾਮ ਸਿੰਘ ਨੂੰ ਜਲਾਵਤਨ ਕਰ ਦੇਣਾ, ਉਸੇ ਸੋਚ/ਰਾਜਨੀਤੀ/ਵਿਚਾਰਧਾਰਾ ਦਾ ਨਤੀਜਾ ਹੈ, ਜੋ 1857 ਬਾਅਦ ਬਸਤੀਕਾਰ ਆਪਣੀ ਵਿਰਾਟ ਰਾਜਨੀਤੀ ਅਤੇ ਰਣਨੀਤੀ ਦਾ ਹਿੱਸਾ ਬਣਾਉਂਦੇ ਹਨ। ਹੁਣ ਤੱਕ ਦੇ ਪ੍ਰਾਪਤ ਅਧਿਐਨ ਵਿਚ ਤਾਂ ਇਹ ਕਾਫ਼ੀ ਹੱਦ ਤੱਕ ਸਪੱਸ਼ਟ ਹੋ ਚੁੱਕਿਆ ਹੈ ਕਿ ਕੂਕਾ ਅੰਦੋਲਨ ਬਸਤੀਵਾਦ ਖਿਲਾਫ਼ ਅਸਹਿਮਤੀ ਦਾ ਅੰਦੋਲਨ ਸੀ। ਇੱਥੇ ਇਕ ਪ੍ਰਸ਼ਨ ਬਹੁਤ ਧਿਆਨ ਦੀ ਮੰਗ ਕਰਦਾ ਹੈ ਕਿ ਪੰਜਾਬ/ਭਾਰਤ ਨੇ ਆਪਣਾ ਪ੍ਰਤਿਹੁੰਗਾਰਾ ਆਪਣੀਆਂ ਪਰੰਪਰਾਵਾਂ ਵਿਚੋਂ ਸਿਰਜਣਾ ਹੈ। ਇਸ ਲਈ ਭਾਈ ਮਹਾਰਾਜ ਸਿੰਘ, ਕੂਕਾ ਅੰਦੋਲਨ, ਸਿੰਘ ਸਭਾ ਲਹਿਰ, ਆਰੀਆ ਸਮਾਜ, ਦੇਵ ਸਮਾਜ, ਨਿਰੰਕਾਰੀ ਲਹਿਰ, ਰਾਧਾ ਸੁਆਮੀ, ਅਹਿਮਦੀਆ ਲਹਿਰ ਆਦਿ ਨੂੰ ਸ਼ੁੱਧ ਧਾਰਮਿਕਤਾ ਦੀ ਬਜਾਏ, ਉਸ ਸਮੇਂ ਦੇ ਇਤਿਹਾਸਕ ਪ੍ਰਸੰਗ ਵਿਚ ਅਧਿਐਨ ਕਰਨਾ ਜ਼ਰੂਰੀ ਹੈ ਤਾਂ ਜੋ ਇਸ ਤੱਥ ਦੀ ਥਾਹ ਪਾਈ ਜਾ ਸਕੇ ਕਿ ਉਹ ਦੌਰ ਕਿੰਨਾ ਜਟਿਲ ਅਤੇ ਸੰਘਣਾ ਸੀ, ਜੋ ਅਣਦਿਸਦੇ ਰੂਪਾਂ/ਤਕਨੀਕਾਂ/ਰਾਜਨੀਤੀ ਨੂੰ ਆਪਣੇ ਵਿਚ ਸਮੋਈ ਬੈਠਾ ਸੀ। ਉਪਰੋਕਤ ਲਹਿਰਾਂ/ ਆਵਾਜ਼ਾਂ ਤੋਂ ਐਨਾ ਪ੍ਰਤੱਖ ਹੈ ਕਿ ਉਸ ਸਮੇਂ ਦਾ ਪੰਜਾਬ ਖ਼ਾਮੋਸ਼ ਨਹੀਂ ਸੀ। ਉਸ ਦੇ ਪ੍ਰਤਿਹੁੰਗਾਰੇ ਨੇ ਇਤਿਹਾਸਕ ਪਰਿਸਥਿਤੀਆਂ ਵੱਸ ਆਪਣੀ ਤਕਨੀਕ/ਵਿਧੀ/ਰੂਪ ਬਦਲ ਲਿਆ ਸੀ, ਜਿਸਨੂੰ ਜਾਨਣਾ-ਸਮਝਣਾ ਚਿੰਤਨ ਲਈ ਵੰਗਾਰ ਹੈ।

ਪੱਛਮੀ ਚਿੰਤਨ ਆਧਾਰਿਤ ਅੰਤਰ-ਦ੍ਰਿਸ਼ਟੀਆਂ ਤੋਂ ਭਾਈ ਵੀਰ ਸਿੰਘ ਸੰਬੰਧੀ ਹੁਣ ਤੱਕ ਬਣੀ ਵਧੇਰੇ ਸਮਝ ਸੰਤ ਕਵੀ/ਸਿੱਖ ਕਵੀ ਜਾਂ ਇਸ ਦੇ ਸਮਾਨਾਂਤਰ ਮੱਧਵਰਗੀ ਰਚਨਾਕਾਰ, ਸਮਝੌਤਾਵਾਦੀ ਅਤੇ ਸੰਪਰਦਾਇਕ ਸ਼ਬਦਕਾਰ ਦੀ ਹੈ। ਪਰੰਤੂ ਹਕੀਕੀ ਰੂਪ ਵਿਚ ਉਸ ਸਮੇਂ ਦੀ ਜਟਿਲ ਅਤੇ ਵਿਰੋਧਾਂ ਭਰਪੂਰ ਇਤਿਹਾਸਕ ਸਥਿਤੀ ਤਾਨਾਸ਼ਾਹੀ, ਹਿੰਸਕ, ਹੀਣਤਾ, ਨਿਹੱਥੀ, ਸਵੈਮਾਣ ਖੋਹ ਲੈਣ ਵਾਲੀ ਦਬਾਓ ਅਤੇ ਦਹਿਸ਼ਤਜ਼ਦਾ ਕਰਨ ਵਾਲੀ ਹੈ। ਇਸ ਦੇ ਵਧੇਰੇ ਸੰਕੇਤ ਉਸ ਸਮੇਂ ਦੇ ਰਚੇ ਸਾਹਿਤ ਵਿਚੋਂ ਮਿਲ ਜਾਂਦੇ ਹਨ। ਪੰਜਾਬ ਦੇ ਮਾਲਵੇ ਦਾ ਸ਼ਾਇਰ ਭਗਵਾਨ ਸਿੰਘ ਜਦੋਂ 'ਜਿਊਣਾ ਮੌੜ' ਦਾ ਕਿੱਸਾ ਲਿਖਦਾ ਹੈ ਤਾਂ ਜਿਊਣੇ ਮੌੜ ਵਰਗਾ ਬਹਾਦਰ ਜੱਟ ਪੰਜਾਬੀ ਲੋਕਾਈ ਵਿਚ ਨਾਇਕ ਵਜੋਂ ਜਾਣਿਆ ਜਾਂਦਾ ਸੀ, ਜਿਹੜਾ ਅਮੀਰਾਂ-ਸ਼ਾਹੂਕਾਰਾਂ ਨੂੰ ਲੁੱਟ ਕੇ ਆਮ ਲੋਕਾਈ ਦੀਆਂ ਗ਼ਰਜ਼ਾਂ ਪੂਰੀਆਂ ਕਰ ਦਿੰਦਾ ਸੀ। ਅਜਿਹੇ ਨਾਇਕਤਵ ਨੂੰ ਪ੍ਰਾਪਤ ਜਿਊਣੇ ਵਰਗੀ ਸਖ਼ਸ਼ੀਅਤ ਭਗਵਾਨ ਸਿੰਘ ਦੇ ਕਿੱਸੇ ਵਿਚ ਡਾਕੂ,





ਲੁਟੇਰਾ ਅਤੇ ਬਦਮਾਸ਼ ਦੇ ਰੂਪ ਵਿਚ ਬਸਤੀਵਾਦੀ ਚਾਹਤ/ਬਸਤੀਕਾਰਾਂ ਦੀ ਰਣਨੀਤੀ ਵਿਚ ਢਲ ਜਾਂਦੀ ਹੈ। ਜਿਊਣਾ ਮੌੜ ਦੀ ਕਬੀਲਾਈ ਮਾਨਵਤਾ ਬਸਤੀਵਾਦੀ ਪ੍ਰਸੰਗ ਵਿਚ ਬਦਮਾਸ਼ ਚਿਹਨਾਤਮਕਤਾ ਵਿਚ ਰੂਪਾਂਤਰਿਤ ਕਰ ਦਿੱਤੀ ਜਾਂਦੀ ਹੈ। ਇਸੇ ਰਚਨਾ ਵਿਚ ਉਸ ਦੌਰ ਦੇ ਪੂਰਨ ਦਾਬੇ, ਦਮਨ, ਹਿੰਸਾ ਅਤੇ ਦਹਿਸ਼ਤ ਵਿਚ ਵਿਕਟੋਰੀਅਨ ਰਾਜ ਦੀ ਜੈ ਜੈ ਕਾਰ ਤੋਂ ਸਪੱਸ਼ਟ ਪੰਜਾਬੀ ਮਾਨਸਿਕਤਾ ਉੱਪਰ ਬਸਤੀਵਾਦ ਦੀ ਜਕੜ ਅਤੇ ਬਸਤੀਵਾਦੀ ਧੌਂਸ ਦਾ ਪ੍ਰਗਟਾਵਾ ਮਿਲ ਜਾਂਦਾ ਹੈ :

ਉਨੀ ਸੌ ਇਕਵੰਜਾ ਵਦੀ ਦਿਨ
ਕੱਤਕ ਮਾਹਿ ਲਿਖਾਂ ਜੋ ਜੁਲਾਨੀ
ਦੁਨੀਆਂ ਖ਼ੁਸ਼ਬਾਸ਼ ਹਮੇਸ਼ਾਂ ਰਹੇ
ਅਰ ਪੀਵਤ ਸਿੰਘ ਅਜਾ ਸੰਗ ਪਾਨੀ
ਕੋਊ ਕਲੇਸ ਨਾ ਦੇਸ ਵਿਖੇ
ਨਾਲ ਅਮਨ ਅਮਾਨ ਬਸੇ ਰਾਜਧਾਨੀ
ਮੁਲਕ ਪੰਜਾਬ ਖ਼ੁਸ਼-ਆਬ ਵਿਖੇ
ਨਾਲ ਅਮਨ ਅਮਾਨ ਬਸੇ ਰਾਜਧਾਨੀ
ਸ਼ੁਭ ਕਾਜ ਕਰੇ ਵਿਕਟੋਰੀਆ ਰਾਨੀ।[9]

ਕਿੱਸਾਕਾਰ ਭਗਵਾਨ ਸਿੰਘ ਦੇ ਇਸ ਕਿੱਸੇ ਦੀ ਪੜ੍ਹਤ ਉਪਰੰਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਸਤੀਵਾਦ ਨੇ ਜੋ ਮਨੁੱਖ ਅੱਗੇ ਸਥਿਤੀਆਂ ਦੀ ਸੰਭਾਵਨਾ ਪੈਦਾ ਕਰ ਦਿੱਤੀ, ਉਸ ਵਿਚੋਂ ਇਕ ਇਹ ਸਥਿਤੀ ਸੀ ਕਿ ਬਸਤੀਕਾਰਾਂ ਦੀ ਧੌਂਸ ਨੂੰ ਪ੍ਰਵਾਨ ਕਰਕੇ ਉਸ ਦੇ ਰਉਂ ਰੁੱਖ ਨੂੰ ਸਵੀਕਾਰ ਲੈਣ ਦੀ। ਇਸ ਦੇ ਸਮਾਨਾਂਤਰ ਦੂਸਰੀ ਸਥਿਤੀ ਵਿਦਰੋਹ ਕਰ ਜਾਣ ਦੀ ਸੀ। ਇਸ ਦਾ ਸਪੱਸ਼ਟ ਨਤੀਜਾ ਭਾਈ ਮਹਾਰਾਜ ਸਿੰਘ, ਬਾਬਾ ਰਾਮ ਸਿੰਘ ਤੇ ਕੂਕਾ ਲਹਿਰ ਦੇ ਪ੍ਰਸੰਗ ਵਿਚ ਪੰਜਾਬ ਦੇ ਸਨਮੁਖ ਸੀ। ਭਾਈ ਵੀਰ ਸਿੰਘ ਇਨ੍ਹਾਂ ਦੋਵਾਂ ਰਸਤਿਆਂ ਦੀ ਥਾਵੇਂ ਤੀਜਾ ਰਸਤਾ ਸ਼ਾਂਤਮਈ ਸਹਿਹੋਂਦ (Peaceful Co-Existence) ਅਤੇ ਸਿੱਖ ਧਰਮ ਦੇ ਮਾਧਿਅਮ ਅਧਿਆਤਮਕ ਅਤੇ ਵੱਖਰੀ, ਨਿਆਰੀ ਹੋਂਦ ਨੂੰ ਵੀ ਬਣਾਈ ਰੱਖਣਾ, ਦੀ ਚੋਣ ਕਰਦਾ ਹੈ।

ਭਾਈ ਵੀਰ ਸਿੰਘ ਦੀ ਚੋਣ ਪ੍ਰਤੀ ਉਸ ਸਮੇਂ ਦੀਆਂ ਕੁਝ ਇਤਿਹਾਸਕ ਪਰਿਸਥਿਤੀਆਂ ਨੂੰ ਹੋਰ ਜਾਨਣਾ ਜ਼ਰੂਰੀ ਹੈ। ਈਸਟ ਇੰਡੀਆ ਕੰਪਨੀ ਦਾ ਰਾਜ ਜਿਸ ਰਫ਼ਤਾਰ ਨਾਲ ਸਮੁੱਚੇ ਏਸ਼ੀਆ ਵਿਚ ਫੈਲ ਰਿਹਾ ਸੀ, ਉਸ ਦੇ ਸਪੱਸ਼ਟ ਸੰਕੇਤ ਸਨ ਕਿ ਪੰਜਾਬ ਉਸ ਤੋਂ ਮੁਕਤ ਨਹੀਂ ਰਹਿ ਸਕਦਾ। ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ਼ ਪੰਜਾਬ ਦੀਆਂ ਬਾਕੀ ਜਗੀਰੂ ਸਿੱਖ ਰਿਆਸਤਾਂ ਈਸਟ ਇੰਡੀਆ ਕੰਪਨੀ ਨਾਲ ਸੰਧੀ ਕਰਕੇ 1808 ਵਿਚ ਮਹਾਰਾਜਾ ਰਣਜੀਤ ਸਿੰਘ ਨਾਲ ਸਤਲੁਜ ਤੋਂ ਪਾਰ ਦੇ ਇਲਾਕੇ ਅਤੇ ਉਰਾਰ ਦੇ ਇਲਾਕੇ ਦੀ ਵੰਡ ਕਰ ਲੈਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ 1849 ਵਿਚ ਉਸ ਦਾ ਰਾਜ ਬਸਤੀਕਾਰਾਂ ਦੀ ਹਕੂਮਤ ਦਾ ਹਿੱਸਾ ਬਣ ਜਾਂਦਾ ਹੈ। ਬਸਤੀਕਾਰ ਬਸਤੀਵਾਦੀ ਉਤਪਾਦਨ ਵਿਧੀ ਰਾਹੀਂ ਪੰਜਾਬ ਦੀ ਖੇਤੀਬਾੜੀ ਨੂੰ ਬਸਤੀਵਾਦੀ ਪੂੰਜੀਵਾਦੀ ਪੈਟਰਨ ਵਿਚ ਢਾਲਣਾ ਸ਼ੁਰੂ ਕਰ ਦਿੰਦਾ ਹੈ। ਪੰਜਾਬ ਦੀ ਆਰਥਿਕਤਾ ਵਿਚ ਇਥੇ ਹੀ ਸਭ ਤੋਂ ਵੱਡਾ ਵੱਢ ਬੱਝਣਾ ਸ਼ੁਰੂ ਹੁੰਦਾ ਹੈ। ਇਸ ਵੱਲ ਪਾਕਿਸਤਾਨੀ ਮੂਲ ਦਾ ਇਤਿਹਾਸਕਾਰ ਇਸ਼ਤਿਆਕ ਅਹਿਮਦ ਸੰਕੇਤ ਕਰਦਿਆਂ ਲਿਖਦਾ ਹੈ। "ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਪੰਜਾਬ ਦਾ ਪੱਛਮੀ ਇਲਾਕਾ ਬਰਤਾਨਵੀ ਯੋਜਨਾ ਅਤੇ ਸਰਪ੍ਰਸਤੀ ਅਧੀਨ ਬਹੁਤ ਜਲਦ ਬਦਲ ਗਿਆ। ਨਹਿਰਾਂ ਅਤੇ ਜਲ-ਪ੍ਰਬੰਧ ਦਾ ਇੱਕ ਲੰਬਾ-ਚੌੜਾ ਸਿਲਸਲਾ ਕਾਇਮ ਕੀਤਾ ਗਿਆ। ਇਸ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਸਿੰਜਾਈ ਪ੍ਰਬੰਧ ਸਥਾਪਤ ਹੋ ਗਿਆ। ਅਮਰੀਕਾ ਵਿਚ ਚੱਲ ਰਹੇ ਗ੍ਰਿਹਿ ਯੁੱਧ ਕਾਰਨ ਉਸਦੇ ਦੱਖਣੀ ਸੂਬਿਆਂ ਤੋਂ ਬਰਤਾਨੀਆਂ ਨੂੰ ਕਪਾਹ ਭੇਜਣਾ ਮੁਸ਼ਕਲ ਹੋ ਗਿਆ। ਇਸ ਦਾ

ਪੰਜਾਬ ਨੂੰ ਫਾਇਦਾ ਹੋਇਆ ਕਿਉਂਕਿ ਉਸਦੇ ਕਿਸਾਨਾਂ ਨੂੰ ਕਪਾਹ ਦੀ ਖੇਤੀ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਵੱਧ ਆਬਾਦੀ ਵਾਲੇ ਪੂਰਬੀ ਪੰਜਾਬ ਦੇ ਲੋਕਾਂ ਨੂੰ ਨਹਿਰੀ ਕਲੋਨੀਆਂ ਵਿਚ ਵਸਾਇਆ ਗਿਆ। ਹਜ਼ਾਰਾਂ ਨਵੇਂ ਵਸਨੀਕਾਂ ਵਿਚ ਸਿੱਖ ਅਤੇ ਮੁਸਲਮਾਨ ਸ਼ਾਮਲ ਸਨ। (Ali, 1989, Bhatia 1987: 83-89, Singh, 1966: 116-18) ਪੱਛਮੀ ਜ਼ਿਲਿਆਂ ਵਿਚ ਹੋਈ ਇਹ ਤਬਦੀਲੀ ਅਜਿਹੇ ਢਾਂਚੇ ਵਿਚ ਹੋਈ, ਜਿਹੜਾ ਜ਼ਮੀਨ ਦੀ ਨਿੱਜੀ ਮਾਲਕੀ ਅਤੇ ਆਰਥਿਕਤਾ ਦੇ ਵਪਾਰੀਕਰਨ ਨੂੰ ਉਤਸ਼ਾਹ ਦਿੰਦਾ ਸੀ, ਪਰ ਆਜ਼ਾਦ ਉਦਯੋਗਿਕ ਵਿਕਾਸ 'ਤੇ ਬੰਦਸ਼ਾਂ ਲਾਉਂਦਾ ਸੀ।"[10] ਇਸ਼ਤਿਆਕ ਅਹਿਮਦ ਜਿਸ ਪਹਿਲੂ ਨੂੰ ਅੰਕਿਤ ਕਰਦਾ ਹੈ, ਉਹ ਪਹਿਲੂ ਹੀ ਬਸਤੀਵਾਦੀ ਉਤਪਾਦਨ ਵਿਧੀ ਦਾ ਲੱਛਣ ਹੈ। ਪੰਜਾਬ ਨੂੰ ਬਸਤੀਵਾਦੀ ਉਤਪਾਦਨ ਦਾ ਮੁੱਖ ਸੋਮਾ ਬਣਾਇਆ ਗਿਆ। ਪੰਜਾਬ ਵਿਚੋਂ ਖੇਤੀ ਉਤਪਾਦਨ ਰਾਹੀਂ ਇਸ ਨੂੰ ਕੱਚੇ ਮਾਲ ਦਾ ਮੁੱਖ ਸ੍ਰੋਤ ਬਣਾ ਕੇ ਬਰਤਾਨਵੀ ਬਸਤੀਵਾਦ ਨੇ ਆਪਣੇ ਪੂੰਜੀਵਾਦ ਨੂੰ ਜਿੱਥੇ ਮਜ਼ਬੂਤ ਕਰਨਾ ਸ਼ੁਰੂ ਕੀਤਾ, ਉਥੇ ਦੂਸਰੇ ਮੁਲਕਾਂ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਕੱਚੇ ਮਾਲ ਤੋਂ ਛੁਟਕਾਰਾ ਪਾ ਕੇ ਆਪਣੀ ਪੂੰਜੀ ਵਿਚ ਬੇਤਹਾਸ਼ਾ ਵਾਧਾ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ/ਭਾਰਤ ਵਿਚੋਂ ਪੈਦਾ ਹੋਣ ਵਾਲੇ ਕੱਚੇ ਉਤਪਾਦਨ ਨੂੰ ਆਪਣੀ ਮਰਜ਼ੀ ਦੇ ਭਾਅ ਉੱਪਰ ਖਰੀਦਣ ਦੀ ਧੌਂਸ ਨੇ ਭਾਰਤ ਦੇ ਕੁਦਰਤੀ ਸੰਸਾਧਨਾਂ ਦੀ ਬੇਤਹਾਸ਼ਾ ਲੁੱਟ ਦੀ ਸੰਭਾਵਨਾ ਪੈਦਾ ਕਰ ਦਿੱਤੀ। ਇਸ ਦੇ ਨਾਲ ਹੀ ਬਸਤੀਵਾਦ ਪੰਜਾਬ/ਭਾਰਤ ਨੂੰ ਉਦਯੋਗਿਕ ਵਿਕਾਸ ਤੋਂ ਵਾਂਝਾ ਕਰਦਾ ਸੀ ਕਿਉਂਕਿ ਪੰਜਾਬ/ਭਾਰਤ ਦੀ ਧਰਤੀ ਤੋਂ ਪੈਦਾ ਹੋਇਆ ਕੱਚਾ ਮਾਲ ਬਰਤਾਨੀਆਂ ਦੇ ਮਾਨਚੈਸਟਰ ਅਤੇ ਲਿਵਰਪੂਲ ਦੇ ਉਦਯੋਗ ਵਿਚ ਪੱਕਾ ਸਰੂਪ ਧਾਰਨ ਕਰਕੇ ਮੁੜ ਪੰਜਾਬ/ਭਾਰਤ ਵਿਚ ਮੰਡੀ ਦੀ ਵਸਤੂ ਵਜੋਂ ਆ ਜਾਂਦਾ ਸੀ। ਇਸ ਪ੍ਰਕਿਰਿਆ ਨੂੰ ਸਮਝਣਾ ਹੀ ਬਸਤੀਵਾਦੀ ਉਤਪਾਦਨ ਵਿਧੀ ਅਤੇ ਬਸਤੀਵਾਦੀ ਰਾਜਸੀ ਰਣਨੀਤੀ ਨੂੰ ਸਮਝਣਾ ਹੈ। ਸਾਡੇ ਮਾਰਕਸਵਾਦੀ ਚਿੰਤਨ ਦੀ ਇਹੋ ਸੀਮਾ ਰਹੀ ਹੈ ਕਿ ਉਸ ਨੇ ਬਸਤੀਵਾਦ ਨੂੰ ਸਹਿਜ ਪੂੰਜੀਵਾਦੀ ਪ੍ਰਬੰਧ ਦੇ ਰੂਪ ਵਿਚ ਸਵੀਕਾਰ ਕਰ ਲਿਆ। ਜਦੋਂ ਕਿ ਸਹਿਜ ਪੂੰਜੀਵਾਦ ਆਪਣੇ ਹੀ ਦੇਸ਼ ਕਾਲ ਵਿਚ (ਮੁੱਢਲੇ ਦੌਰ ਵਿਚ) ਕੱਚੇ ਉਤਪਾਦਨ ਤੋਂ ਪੱਕੇ ਉਤਪਾਦਨ ਦੀ ਪ੍ਰਕਿਰਿਆ ਨੂੰ ਅਪਣਾਉਂਦਾ ਉਦਯੋਗਿਕ ਵਿਕਾਸ ਕਰਦਾ ਹੈ। ਇਸੇ ਕਰਕੇ ਆਰੰਭਕ ਪੂੰਜੀਵਾਦ ਦਾ ਕਿਰਦਾਰ ਪ੍ਰਗਤੀਸ਼ੀਲ ਹੁੰਦਾ ਹੈ। ਪਰੰਤੂ ਇਸ ਦੇ ਸਮਾਨਾਂਤਰ ਬਸਤੀਵਾਦੀ ਪੂੰਜੀਵਾਦ ਪੰਜਾਬ/ਭਾਰਤ ਦੇ ਸੁਤੰਤਰ ਉਦਯੋਗਿਕ ਵਿਕਾਸ ਨੂੰ ਬਸਤੀਵਾਦੀ ਹਿੱਤਾਂ ਦੀ ਖਾਤਰ ਰੋਕ ਦਿੰਦਾ ਹੈ। ਇਸੇ ਕਰਕੇ ਬਸਤੀਵਾਦੀ ਪੂੰਜੀਵਾਦ ਵਿਚ ਜਿਸਨੂੰ ਮੱਧਵਰਗ ਕਿਹਾ ਜਾਂਦਾ ਹੈ, ਉਹ ਪੈਦਾ ਹੀ ਨਹੀਂ ਹੁੰਦਾ। ਇਸਦੇ ਉਲਟ ਰੁਖ਼ ਬਸਤੀਵਾਦ ਆਪਣੀ ਰਾਜ-ਪ੍ਰਬੰਧਕੀ ਲਈ ਕਲ-ਪੁਰਜ਼ੇ ਪੈਦਾ ਕਰਦਾ ਹੈ। ਇਸ ਕਲ-ਪੁਰਜ਼ੇ ਨੂੰ ਹੀ ਮੱਧਵਰਗ ਸਮਝ ਲੈਣ ਦਾ ਭਰਮ ਸਮੁੱਚੇ ਪੰਜਾਬੀ ਚਿੰਤਨ ਦੀ ਪਛਾਣ ਹੈ, ਪਰੰਤੂ ਸਹਿਜ ਪੂੰਜੀਵਾਦ ਕਲ-ਪੁਰਜ਼ਾ ਪੈਦਾ ਨਹੀਂ ਕਰਦਾ, ਉਹ ਮੱਧਵਰਗ ਪੈਦਾ ਕਰਦਾ ਹੈ। ਇਹੋ ਮਹੀਨ ਅੰਤਰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਦੇ ਨਾਲ ਨਾਲ ਰੇਲਵੇ ਪ੍ਰਬੰਧ, ਡਾਕ-ਤਾਰ ਪ੍ਰਬੰਧ, ਵਿਦਿਅਕ ਪ੍ਰਬੰਧ, ਕਾਨੂੰਨੀ ਢਾਂਚਾ ਸਥਾਪਤ ਕਰਨਾ ਇਤਿਆਦ ਪ੍ਰਾਥਮਿਕ ਪੱਧਰ ਉਪਰ ਬਸਤੀਵਾਦੀ ਹਿੱਤਾਂ ਦੀ ਰੱਖਿਆ ਕਰਨ ਲਈ ਉਸਾਰੀਆਂ ਗਈਆਂ ਵਿਭਿੰਨ ਰਾਜਨੀਤਕ ਸੰਸਥਾਵਾਂ ਸਨ। ਪਰੰਤੂ ਮਾਰਕਸਵਾਦੀ ਅਤੇ ਪਰੰਪਰਕ ਚਿੰਤਨ ਦੀ ਸੀਮਾ ਇਹ ਰਹੀ ਕਿ ਉਸ ਨੇ ਇਸੇ ਨੂੰ ਹੀ ਆਧੁਨਿਕਤਾ ਦੇ ਬੁਨਿਆਦੀ ਜੁਜ਼ ਮੰਨ ਲਿਆ, ਜਿਹੜੇ ਬਸਤੀਵਾਦੀ ਆਧੁਨਿਕਤਾ ਦੇ ਰਣਨੀਤਕ ਹਥਿਆਰ ਸਨ।

ਭਾਈ ਵੀਰ ਸਿੰਘ ਅਜਿਹੇ ਆਬੋ-ਹਵਾ ਵਿਚ ਵਿਕਸਤ ਹੁੰਦਾ ਹੈ, ਜਿੱਥੇ ਕਬੀਲਾਈ/ਸਾਮੰਤਸ਼ਾਹੀ ਦਾ ਖਿੰਡਾਉ ਅਤੇ ਬਸਤੀਵਾਦੀ ਪੂੰਜੀਵਾਦ ਦੀ ਆਧਾਰਸ਼ਿਲਾ ਪੱਕੀ ਕੀਤੀ ਜਾ ਰਹੀ ਹੈ। ਭਾਈ ਵੀਰ ਸਿੰਘ ਸਾਮੰਤੀ ਅਵਚੇਤਨ ਦੇ ਨਾਲ ਹੀ ਬਸਤੀਵਾਦੀ ਪੂੰਜੀਵਾਦ ਨਾਲ ਸ਼ਾਂਤਮਈ ਸਹਿਹੋਂਦ ਦਾ ਰਸਤਾ ਚੁਣਦਾ ਹੈ ਕਿਉਂਕਿ ਭਾਈ ਵੀਰ ਸਿੰਘ ਬਸਤੀਵਾਦ ਦੇ ਬਦਲ ਵਜੋਂ ਨਾ ਤਾਂ ਸਾਮੰਤੀ ਵਿਦਰੋਹ ਦਾ ਰਸਤਾ ਚੁਣਦਾ ਹੈ ਅਤੇ ਨਾ ਹੀ ਪ੍ਰਤਿਰੋਧੀ ਚੇਤਨਾ ਵਾਲਾ ਬਦਲਵਾਂ ਕ੍ਰਾਂਤੀਕਾਰੀ ਰਸਤਾ ਚੁਣਦਾ ਹੈ। ਉਹ ਇਸ ਇਤਿਹਾਸਕ ਸਥਿਤੀ ਵਿਚੋਂ ਵਿਕਾਸ ਦੀਆਂ ਸੰਭਾਵਨਾਵਾਂ ਤਲਾਸ਼ਦਾ ਹੈ।





ਪੰਜਾਬੀ ਚਿੰਤਨ ਵਿਚ ਭਾਈ ਵੀਰ ਸਿੰਘ ਦੇ ਹਵਾਲੇ ਨਾਲ ਸਭ ਤੋਂ ਵਧੀਕ ਚਰਚਾ ਸਿੰਘ ਸਭਾ ਲਹਿਰ ਦੀ ਮਿਲਦੀ ਹੈ। ਸਿੰਘ ਸਭਾ ਲਹਿਰ ਨੂੰ ਬਸਤੀਵਾਦ ਦੇ ਦੌਰ ਵਿਚ ਸਿੱਖਾਂ ਦੀ ਪ੍ਰਤੀਨਿਧ ਲਹਿਰ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਉਤਪੰਨ ਹੋਣ ਦੇ ਇਤਿਹਾਸਕ ਕਾਰਨ ਤਾਂ ਇਹ ਬਣਦੇ ਹਨ ਕਿ ਬਸਤੀਵਾਦ ਦਾ ਪੰਜਾਬ ਉੱਪਰ ਕਬਜ਼ਾ ਹੋ ਜਾਣ ਉਪਰੰਤ, ਸੱਤਾ ਉੱਪਰ ਕਾਬਜ਼ ਸਿੱਖ ਸਾਮੰਤਸ਼ਾਹੀ ਦਾ ਅਵਚੇਤਨ ਵਲੂੰਧਰਿਆ ਜਾਂਦਾ ਹੈ। ਇਸ ਦੇ ਨਾਲ ਹੀ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ ਪੁਸਤਕ 'ਸਿੱਖਾਂ ਦੇ ਰਾਜ ਦੀ ਵਿਥਿਆ' ਵਿਚ ਗੁਰੂ ਸਾਹਿਬਾਨ ਬਾਰੇ ਕੀਤੀਆਂ ਇਤਰਾਜ਼ਯੋਗ ਟਿੱਪਣੀਆਂ ਨਾਲ ਵਾਦ-ਵਿਵਾਦ ਪੈਦਾ ਹੁੰਦਾ ਹੈ, ਜਿਹੜਾ ਬਾਅਦ ਵਿਚ 1875 ਵਿਚ ਬਣਨ ਵਾਲੀ 'ਆਰੀਆ ਸਮਾਜੀ ਲਹਿਰ' ਨਾਲ ਹੋਰ ਤਿੱਖਾ ਹੋ ਜਾਂਦਾ ਹੈ। ਸਿੰਘ ਸਭਾ ਦਾ ਆਰੰਭ 1872 ਵਿਚ ਸ਼ਰਧਾ ਰਾਮ ਫਿਲੌਰੀ ਦੇ ਵਿਵਾਦ ਵਿਚੋਂ ਹੁੰਦਾ ਹੈ ਪਰੰਤੂ 1873 ਵਿਚ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਸਿੱਖ ਵਿਦਿਆਰਥੀਆਂ ਦੇ ਈਸਾਈ ਧਰਮ ਅਪਣਾਉਣ ਦੀ ਖ਼ਬਰ ਦੇ ਫੌਰੀ ਕਾਰਨ ਨੇ ਇਸ ਨੂੰ ਇਕ ਜਥੇਬੰਦਕ ਸਰੂਪ ਦੇਣਾ ਸ਼ੁਰੂ ਕੀਤਾ। ਇਸ ਸਿੰਘ ਸਭਾ ਲਹਿਰ ਦੇ ਵਧੇਰੇ ਅਕੀਦੇ ਧਾਰਮਿਕ ਸਨ। ਵਿਚਾਰਧਾਰਕ ਤੌਰ 'ਤੇ ਇਹ 'ਸਿੱਖ' ਤੋਂ 'ਸਿੰਘ' ਤੱਕ ਦੇ ਸਫ਼ਰ ਦੀ ਲਹਿਰ ਵੀ ਹੈ। ਇਸ ਲਹਿਰ ਨੇ ਸਿੱਖਾਂ ਨੂੰ ਇਕ ਵੱਖਰੀ ਸੰਪਰਦਾ ਵਜੋਂ ਸਥਾਪਤ ਕਰਕੇ ਸਿੱਖ ਦੀ ਨਿਆਰੀ, ਨਿਵੇਕਲੀ ਅਤੇ ਸੁਤੰਤਰ ਹਸਤੀ ਵਜੋਂ ਪਰਿਭਾਸ਼ਤ ਕਰਨਾ ਸ਼ੁਰੂ ਕੀਤਾ। ਇਸ ਸੁਤੰਤਰ ਹਸਤੀ ਲਈ ਸਿੱਖਾਂ ਦੀ ਸੰਪੂਰਨ ਜੀਵਨ-ਸ਼ੈਲੀ ਨੂੰ ਐਨਾ ਨਿਖੇੜ ਦਿੱਤਾ ਕਿ ਸਿੱਖ ਭਾਈਚਾਰੇ ਦੇ ਨਾਲ ਸਮਾਨਾਂਤਰ ਵਸਦੀਆਂ ਹੋਰ ਸੰਪਰਦਾਵਾਂ ਨਾਲ ਅਚੇਤ-ਸੁਚੇਤ ਵਿਰੋਧ ਦੀ ਸਥਿਤੀ ਬਣ ਗਈ। ਬਸਤੀਵਾਦੀ ਰਾਜ ਨਾਲ ਈਸਾਈ ਧਰਮ ਦਾ ਪਸਾਰ, ਆਰੀਆ ਸਮਾਜੀ ਲਹਿਰ ਦੁਆਰਾ ਹਿੰਦੂ ਧਰਮ ਵਿਚ ਸ਼ੁੱਧੀ ਪਰਿਵਰਤਨ ਰਾਹੀਂ ਦੂਜੀਆਂ ਸੰਪਰਦਾਵਾਂ ਨੂੰ ਸਨਾਤਨ ਧਰਮ ਵਿਚ ਪ੍ਰਵੇਸ਼ ਕਰਵਾਉਣਾ ਅਤੇ ਇਸਲਾਮ ਦੀ ਪਿੱਠਭੂਮੀ ਵਾਲੀਆਂ ਜਥੇਬੰਦੀਆਂ ਦਾ ਉੱਠ ਪੈਣਾ ਆਦਿ ਨਾਲ ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਸੰਪਰਦਾਇਕਤਾ ਦੇ ਬੀਜ ਬੀਜੇ ਗਏ, ਜਿਨ੍ਹਾਂ ਦੇ ਦੂਰ ਰਸ ਸਿੱਟੇ 1947 ਦੀ ਵੰਡ, ਕਤਲੇਆਮ, ਬਲਾਤਕਾਰ ਅਤੇ ਵਿਸ਼ਵ ਦੇ ਵੱਡੇ ਉਜਾੜੇ ਦੇ ਰੂਪ ਵਿਚ ਸਾਹਮਣੇ ਆਏ। ਸਿੱਖ ਜੋ ਖ਼ਾਲਸਾ ਰਾਜ ਦੇ ਸਾਮੰਤਸ਼ਾਹੀ ਰਾਜ ਦੇ 1849 ਤੱਕ ਰਾਜ-ਭਾਗ ਮਾਣ ਕੇ ਇਕ ਅਜਿਹੇ ਪ੍ਰਭੂਤਵੀ ਅਵਚੇਤਨ ਅਤੇ ਵਿਸ਼ਵਾਸ ਨੂੰ ਸਿਰਜ ਚੁੱਕੇ ਸਨ ਜਿਹੜਾ ਉਨ੍ਹਾਂ ਅੰਦਰ ਸਵੈ ਪ੍ਰਭੂਤਾ (Sovergnity) ਦੇ ਰੂਪ ਵਿਚ ਪੈਦਾ ਹੋ ਚੁੱਕਿਆ ਸੀ। ਰਾਜ-ਭਾਗ ਦਾ ਖੁੱਸ ਜਾਣਾ, ਬਸਤੀਕਾਰਾਂ ਰਾਹੀਂ ਵੱਡੇ ਜਾਗੀਰਦਾਰਾਂ ਕੋਲੋਂ ਜਾਗੀਰਾਂ ਖੋਹ ਲੈਣਾ, ਕੁੰਵਰ ਦਲੀਪ ਵਿਚ ਨੂੰ ਇੰਗਲੈਂਡ ਲੈ ਜਾਣਾ, ਮਹਾਰਾਣੀ ਜਿੰਦਾਂ ਨੂੰ ਕੈਦ ਕਰ ਲੈਣਾ, ਭਾਈ ਮਹਾਰਾਜ ਸਿੰਘ ਦੀ ਲਹਿਰ ਦਾ ਖ਼ਾਤਮਾ ਕਰ ਦੇਣਾ ਅਤੇ ਬਾਬਾ ਰਾਮ ਸਿੰਘ ਨੂੰ ਜਲਾਵਤਨ ਕਰ ਦੇਣਾ ਇਤਿਆਦਿ ਇਤਿਹਾਸਕ ਕਾਰਨਾਂ ਨੇ ਸਿੱਖਾਂ ਨੂੰ ਆਤਮ-ਰੱਖਿਆ (Self Defence) ਦੀ ਪੁਜੀਸ਼ਨ ਉੱਪਰ ਲਿਆ ਖੜ੍ਹਾ ਕੀਤਾ। ਇਸ ਸਥਿਤੀ ਵਿਚੋਂ ਉੱਠਣ ਵਾਲੀ ਸਿੰਘ ਸਭਾ ਲਹਿਰ ਸਿੱਖ ਸੰਪਰਦਾ ਦੀ ਵੱਖਰੀ ਪਛਾਣ, ਵੱਖਰੇ ਅਕੀਦੇ, ਵੱਖਰਾ ਪਹਿਰਾਵਾ, ਵੱਖਰਾ ਗ੍ਰੰਥ, ਵੱਖਰੇ ਧਾਰਮਕ ਸਥਾਨ, ਵੱਖਰਾ ਜੀਵਨ ਪ੍ਰਬੰਧ ਸਥਾਪਤ ਕਰਦੀ ਹੈ। ਇਸ ਪ੍ਰਸੰਗ ਵਿਚ ਭਾਈ ਵੀਰ ਸਿੰਘ ਦੀ ਹੀ ਪੁਸਤਕ 'ਅਮਰ ਲੇਖ' ਪੜ੍ਹਨ ਵਾਲੀ ਹੈ, ਜੋ ਸਿੱਖਾਂ ਦੇ ਧਾਰਮਕ ਅਤੇ ਭਾਈਚਾਰਕ ਸੰਸਕਾਰ ਨਿਰੋਲ ਰੂਪ 'ਚ ਵੱਖਰੇ ਕਰ ਦਿੰਦੀ ਹੈ। ਉਹ ਆਪਣੇ ਨਿਬੰਧ 'ਗੁਰਮਤ ਸੰਸਕਾਰ' ਵਿਚ ਚਾਰ ਸੰਸਕਾਰ ਪਹਿਲਾ ਜਨਮ ਸੰਸਕਾਰ, ਦੂਜਾ ਅੰਮ੍ਰਿਤ ਸੰਸਕਾਰ, ਤੀਜਾ ਆਨੰਦ ਸੰਸਕਾਰ ਅਤੇ ਚੌਥਾ ਮ੍ਰਿਤਕ ਸੰਸਕਾਰ ਵਿਚ ਪੂਰਨ ਤੌਰ 'ਤੇ ਸਿੱਖਾਂ ਨੂੰ ਹਿੰਦੂਆ ਨਾਲੋਂ ਵੱਖਰਾ ਕਰ ਦਿੰਦੇ ਹਨ।[11] ਇਉਂ ਸਿੰਘ ਸਭਾ ਲਹਿਰ ਸਿੱਖਾਂ ਦੇ ਧਰਮ ਤੇ ਆਭਾ ਮੰਡਲ ਵਿਚ ਇਕ ਪ੍ਰਮਾਣਿਕ ਸੰਪਰਦਾਇ ਪਛਾਣ ਬਣਾਉਣ ਦੇ ਸੰਘਰਸ਼ ਦੀ ਵਿਚਾਰਧਾਰਕ ਗਾਥਾ ਹੈ। ਗੁਰਮਤਿ ਅਤੇ ਸਿੱਖ ਲਹਿਰ ਜੋ ਪਸਤ ਲੋਕਾਈ ਦੇ ਮੁਕਤੀ ਪ੍ਰਵਚਨ ਦਾ ਬਿਰਤਾਂਤ ਸੀ, ਉਹ ਸਿੰਘ ਸਭਾ ਲਹਿਰ ਵਿਚ ਸੁੰਗੜ ਕੇ ਇਕ ਸੰਪਰਦਾ ਦੀ ਪਛਾਣ ਦਾ ਵਿਚਾਰਧਾਰਕ ਪ੍ਰਵਚਨ ਬਣਨ ਲੱਗ ਜਾਂਦੀ ਹੈ। ਭਾਈ ਵੀਰ ਸਿੰਘ ਇਸ ਵਿਚ ਪੇਸ਼-ਪੇਸ਼ ਰਹਿੰਦਾ ਹੈ। ਇਸੇ ਵਿਚੋਂ ਭਾਈ ਵੀਰ ਸਿੰਘ ਬ੍ਰਜ ਭਾਸ਼ਾ ਦੀ ਥਾਵੇਂ ਪੰਜਾਬੀ ਭਾਸ਼ਾ ਨੂੰ ਅਪਣਾ ਕੇ ਸਿੱਖ ਪਛਾਣ ਦਾ ਜੋ ਰਸਤਾ ਚੁਣਦਾ ਹੈ ਤਾਂ ਇਹ ਉਸ ਦੌਰ ਦੇ ਮੂਲ ਇਤਿਹਾਸਕ ਦਬਾਵਾਂ ਦੀ ਦੇਣ ਹੈ ਕਿਉਂਕਿ ਬ੍ਰਜ ਭਾਸ਼ਾ (ਸੰਸਕ੍ਰਿਤ ਭਾਸ਼ਾ ਵਾਂਗ) ਜਿੱਥੇ ਗਿਆਨ ਅਤੇ ਸਾਹਿਤ ਦੀ ਭਾਸ਼ਾ ਦਾ ਰੁਤਬਾ ਗ੍ਰਹਿਣ ਕਰ ਗਈ ਸੀ, ਉੱਥੇ ਭਾਈ ਵੀਰ ਸਿੰਘ ਪੰਜਾਬੀ ਭਾਸ਼ਾ ਨੂੰ ਸਿੱਖ ਪਛਾਣ ਦਾ ਮਾਧਿਅਮ ਬਣਾਉਂਦਾ ਹੈ। ਬਸਤੀਵਾਦ ਵਿਚ ਸਵੈ ਦੀ ਪਛਾਣ ਧਰਮ ਦੇ ਰਸਤਿਓਂ ਕਰਨਾ ਬਸਤੀਵਾਦੀ ਆਧੁਨਿਕਤਾ ਦਾ ਉੱਭਰਵਾਂ ਲੱਛਣ ਹੈ

ਕਿਉਂਕਿ ਬਸਤੀਵਾਦ ਮੂਲ ਵਾਸੀਆਂ ਨੂੰ ਅਸੱਭਿਅਕ ਸਿੱਧ ਕਰਕੇ ਸਿਰ ਪਰਨੇ ਖੜ੍ਹਾ ਕਰ ਦਿੰਦਾ ਹੈ। ਬਸਤੀਵਾਦ ਦੀ ਮੁੱਖ ਧਾਰਾ ਵਿਚੋਂ ਪੰਜਾਬੀ/ਭਾਰਤ ਦੇ ਮੂਲਵਾਸੀ ਖਦੇੜ ਦਿੱਤੇ ਜਾਂਦੇ ਹਨ। ਮੂਲਵਾਸੀ ਬਸਤੀਵਾਦੀ ਉਤਪਾਦਨ ਪ੍ਰਕਿਰਿਆ ਵਿਚ ਭਾਈਵਾਲ ਨਹੀਂ ਹਨ ਅਤੇ ਨਾ ਹੀ ਉਤਪਾਦਨੀ ਪ੍ਰਕਿਰਿਆ ਵਿਚ ਸਹਿਭਾਗੀ ਹਨ। ਉਹ ਆਪਣੀ ਹੀ ਧਰਤੀ ਉੱਪਰ ਬੇਗਾਨੇ ਅਤੇ ਦੂਜੇ ਪੱਧਰ ਦੇ ਸ਼ਹਿਰੀ ਹਨ। ਇਸ ਕਰਕੇ ਪੰਜਾਬ/ਭਾਰਤ ਦੇ ਲੋਕ ਆਪਣੀ ਹੋਂਦ ਅਤੇ ਹਸਤੀ ਦੀ ਪਛਾਣ ਆਪਣੀਆਂ ਮੂਲ ਪਰੰਪਰਾਵਾਂ ਵਿਚੋਂ ਖੋਜਦੇ ਹਨ। ਸਿੰਘ ਸਭਾ ਲਹਿਰ ਦਾ ਸਿੱਖ ਧਰਮ ਵਿਚੋਂ ਅਤੇ ਪੰਜਾਬੀ ਭਾਸ਼ਾ ਨਾਲ ਆਪਣੇ ਆਪ ਨੂੰ ਇਕ ਵਿਸ਼ੇਸ਼ ਸੰਪਰਦਾਇ ਵਜੋਂ ਨਿਰਧਾਰਤ ਕਰਕੇ ਆਪਣੀ ਪਛਾਣ ਤਲਾਸ਼ਣਾ, ਉਸ ਸਮੇਂ ਦੀ ਇਤਿਹਾਸਕ ਮਜਬੂਰੀ ਵੀ ਹੈ, ਲਾਚਾਰੀ ਵੀ, ਚਾਹਤ ਵੀ ਅਤੇ ਪਛਾਣ ਦੀ ਲੋੜ ਹੈ। ਪ੍ਰੋ. ਹਰਬੰਸ ਸਿੰਘ ਇਸ ਨੂੰ ਪੱਛਮੀ ਵਿਗਿਆਨ ਨਾਲ ਜੋੜ ਕੇ ਸੰਕੇਤ ਕਰਦਿਆਂ ਲਿਖਦਾ ਹੈ। "ਪੱਛਮੀ ਵਿਗਿਆਨ ਵਲੋਂ ਮਿਲੀ ਚੁਣੌਤੀ, ਇਸਾਈ ਸਦਾਚਾਰ ਤੇ ਮਾਨਵਵਾਦ ਦਾ ਸਦਕਾ, ਭਾਰਤੀ ਧਰਮਾਂ ਨੂੰ ਸਵੈ-ਪੜਚੋਲ ਅਤੇ ਪੁਨਰ ਮੁਲਅੰਕਨ ਲਈ ਮਜਬੂਰ ਹੋਣਾ ਗਿਆ। ਇਸ ਦੇ ਸਿੱਟੇ ਵਜੋਂ ਹਿੰਦੂ ਧਰਮ ਦਾ ਆਰੀਆ ਸਮਾਜੀ ਰੂੜੀਵਾਦ ਅਤੇ ਮੁਸਲਮਾਨਾਂ ਵਿਚ ਅਹਿਮਦੀਆ ਫ਼ਿਰਕੇ ਦੀ ਬੇਦੀਨੀ ਉਮੱਤ ਉਗਮ ਆਏ। ਇਸ ਦਾ ਉਦਾਰ ਰੂਪ ਰਾਜਾ ਰਾਮ ਮੋਹਨ ਰਾਏ ਵਲੋਂ 1828 ਵਿਚ ਸਥਾਪਤ ਬ੍ਰਹਮ ਸਮਾਜ ਸੀ, ਜਿਸਨੂੰ ਬਾਅਦ ਵਿਚ ਬ੍ਰਹਮੋ ਸਮਾਜ ਆਖਿਆ ਗਿਆ। ਏਸੇ ਕਾਰਨ 1867 ਵਿਚ ਬੰਬਈ ਵਿਖੇ ਪ੍ਰਾਰਥਨਾ ਸਮਾਜ ਦੀ ਸਥਾਪਨਾ ਹੋਈ ਅਤੇ ਰਾਮ ਕ੍ਰਿਸ਼ਨ ਪਰਮ ਹੰਸ (1834-86) ਨੇ ਏਸੇ ਤਰ੍ਹਾਂ ਦਾ ਉਪਦੇਸ਼ ਦਿੱਤਾ।"[12] ਇਸ ਤੋਂ ਅਗਾਂਹ ਪ੍ਰੋ. ਹਰਬੰਸ ਸਿੰਘ ਖ਼ਾਲਸਾ ਅਖ਼ਬਾਰ ਵਿਚ ਸਿੰਘ ਸਭਾ ਲਹਿਰ ਦੇ ਸੰਬੰਧੀ ਛਪੀ ਚਰਚਾ ਦਾ ਹਵਾਲਾ ਦਿੰਦਾ ਹੈ। "ਇਕ ਅੰਗਰੇਜ਼ੀ ਪੱਤਰ ਲਿਖਦਾ ਹੈ ਕਿ ਇਸਾਈ ਦੀਨ ਦੀ ਦਿਨ-ਬ-ਦਿਨ ਉੱਨਤੀ ਹੈ - ਜਿਸ ਪਰ ਉਹ ਪੇਸ਼ੀਨਗੋਈ ਕਰਦਾ ਹੈ ਕਿ ਅੱਗੇ ਆਉਣ ਵਾਲੇ 25 ਵਰ੍ਹਿਆਂ ਵਿਚ ਮਾਝੇ ਦਾ ਤੀਸਰਾ ਹਿੱਸਾ ਇਸਾਈ ਹੋ ਜਾਵੇਗਾ। ਮਾਲਵਾ ਭੀ - ਜਿਵੇਂ ਬੋਧ ਏਥੇ ਨਹੀਂ ਰਹੇ, ਮੂਰਤਾਂ ਹੀ ਹਨ - ਤਿਵੇਂ ਸਰਦਾਰਾਂ ਦੀਆਂ ਸੂਰਤਾਂ ਜੋ ਕੜੇ, ਕ੍ਰਿਪਾਨ ਅਤੇ ਸਿੱਧੀਆਂ ਪੱਗਾਂ ਵਾਲੀਆਂ ਕਿਤੇ ਕਿਤੇ ਦਿਸਦੀਆਂ ਹਨ ਜੋ ਕਦੇ ਬੋਧਾਂ ਵਾਂਗ ਅਜਾਇਬ ਘਰਾਂ ਵਿਚ ਮੂਰਤਾਂ ਹੋ ਕੇ ਦਿਖਾਈ ਦੇਣਗੀਆਂ। ਇਨ੍ਹਾਂ ਦੇ ਹੀ ਪੁੱਤਰ ਪੋਤਰੇ ਜੋ ਇਸਾਈ ਦੀਨ ਵਿਚ ਆ ਕੇ ਕੋਟ ਪਤਲੂਨ ਅਤੇ ਪਦਭੇਹੜੇ ਵਰਗੇ ਟੋਪੀ ਪਹਨੀ ਹੋਈ ਅਜਾਇਬ ਘਰ ਨੂੰ ਦੇਖਣ ਆਇਆ ਕਰਨਗੇ ਤਾਂ ਕਿਹਾ ਕਰਨਗੇ ਕਿ "ਦੇਖੋ ਯਹ ਸੀਖ ਲੋਗ ਦਾ ਤਸਵੀਰ ਹੈ - ਜੋ ਕਬੀ ਇਸ ਦੇਸ਼ ਮੇਂ ਹੋਤਾ ਥਾ"।"[13]

ਉਪਰੋਕਤ ਇਤਿਹਾਸਕ ਪਰਿਸਥਿਤੀਆਂ ਵਿਚੋਂ ਪੈਦਾ ਹੋਣ ਵਾਲੀ ਸਿੰਘ ਸਭਾ ਲਹਿਰ ਆਤਮ-ਰੱਖਿਆ ਦੀ ਜੰਗ ਲੜਦੀ ਹੈ। ਸਿੰਘ ਸਭਾ ਲਹਿਰ ਜਿੱਥੇ ਧਾਰਮਿਕ ਤੌਰ ਤੇ ਸਿੱਖ ਪਛਾਣ ਅਤੇ ਪੰਜਾਬੀ ਭਾਸ਼ਾ ਨੂੰ ਵਿਸ਼ੇਸ਼ ਤਬਕੇ ਦੇ ਲੋਕਾਂ ਦੀ ਪਛਾਣ ਦੇ ਮਸਲੇ ਵਜੋਂ ਉਭਾਰਦੀ ਹੈ, ਉਥੇ ਧਰਮ ਦੇ ਰਸਤਿਓਂ ਹੀ ਪੰਜਾਬੀ ਸਭਿਆਚਾਰ ਦੀ ਪਛਾਣ ਨਿਰਧਾਰਤ ਕਰਦੀ ਹੋਈ ਰਾਜਨੀਤਕ ਤੌਰ 'ਤੇ ਬਸਤੀਵਾਦ ਨਾਲ ਟੱਕਰ ਲੈਣ ਦੀ ਬਜਾਏ ਉਸ ਨਾਲ ਸ਼ਾਂਤਮਈ ਸਹਿਹੋਂਦ ਵਿਚ ਢਲ ਕੇ ਵਿਕਾਸ ਦੇ ਰਸਤੇ ਤਲਾਸ਼ਦੀ ਹੈ। ਇਥੇ ਹੀ ਸਿੰਘ ਸਭਾ ਲਹਿਰ ਅਤੇ ਉਸ ਉਪਰੰਤ ਚੀਫ਼ ਖ਼ਾਲਸਾ ਦੀਵਾਨ ਬਸਤੀਵਾਦੀ ਰਾਜ ਵਿਚੋਂ ਆਪਣਾ ਰਾਜ-ਭਾਗੀ ਹਿੱਸਾ ਤਲਾਸ਼ਦੇ ਹਨ। ਸਿੰਘ ਸਭਾ ਲਹਿਰ ਨਾਲ ਜੋ ਜਾਗਰਿਤੀ ਇਸੇ ਹੀ ਇਤਿਹਾਸਕ ਪ੍ਰਸੰਗ ਵਿਚ ਸਿੱਖਾਂ ਵਿਚ ਆਉਂਦੀ ਹੈ, ਉਸ ਨੂੰ ਪ੍ਰੋ. ਹਰਬੰਸ ਸਿੰਘ ਯਥਾਰਥ ਰੂਪ 'ਚ ਸਪੱਸ਼ਟ ਕਰਦਿਆਂ ਲਿਖਦਾ ਹੈ। "ਇਸ ਜਾਗਰਿਤੀ ਦੇ ਨਾਲ ਨਾਲ ਸਿੱਖ ਧਰਮ ਆਪਣੇ ਭਵਿੱਖ ਬਾਰੇ ਭੀ ਦੇਖਣ ਲੱਗ ਪਿਆ, ਨਵੀਂ ਧਾਰਮਿਕ ਰਹੁ-ਰੀਤੀ ਵਿਚ ਬਦਲਣ ਦੀ ਭਾਵਨਾ ਦਾ ਸਤਿਕਾਰ ਕੀਤਾ ਗਿਆ ਅਤੇ ਉਸਨੂੰ ਸਮੇਂ ਦੀਆਂ ਲੋੜਾਂ ਅਨੁਸਾਰ ਢਾਲਿਆ ਗਿਆ। ਇਸ ਜਾਗਰਿਤੀ ਦੇ ਸਮੇਂ ਵਿਚ ਸਿੱਖ ਆਧੁਨਿਕ ਰੂਪ ਵਿਚ ਆਪਣੇ ਸਾਹਮਣੇ ਆਏ ਅਤੇ ਉਨ੍ਹਾਂ ਨੇ ਆਪਣੀਆਂ ਸਾਂਸਕ੍ਰਿਤਕ-ਰਾਜਨੀਤਕ ਅਤੇ ਆਪਣੀ ਹੋਂਦ ਨੂੰ ਬੜੀ ਮਜ਼ਬੂਤੀ ਨਾਲ ਲੋਕਾਂ ਸਾਹਮਣੇ ਲਿਆਂਦਾ। ਉਨ੍ਹਾਂ ਦੇ ਸਾਹਮਣੇ ਹੁਣ ਸਭ ਤੋਂ ਵੱਡਾ ਮੁੱਖ ਨਿਸ਼ਾਨਾ ਸੀ ਕਿ ਉਹ ਆਪਣੀ ਪੁਰਾਣੀ ਤਰਜ਼ ਦੀ ਵਿਦਿਆ ਨੂੰ ਕਾਬੂ ਕਰਨ ਤਾਂ ਜੋ ਉਹ ਆਪਣੇ ਧਰਮ ਨੂੰ ਅਤੇ ਲਿਟਰੇਚਰ ਨੂੰ ਦੂਸਰੀਆਂ ਕੌਮਾਂ ਦੇ ਮੁਕਾਬਲੇ 'ਤੇ ਨਿਖਾਰ ਕੇ ਪੇਸ਼ ਕਰ ਸਕਣ ਅਤੇ ਰਾਜ ਕਾਜ ਵਿਚ ਆਪਣਾ ਹਿੱਸਾ ਵੰਡਾਣ ਦੇ ਯੋਗ ਹੋ ਸਕਣ।"[14]





ਸਿੰਘ ਸਭਾ ਲਹਿਰ ਨੂੰ ਪੁਨਰ ਜਾਗਰਣ ਦੀ ਲਹਿਰ ਕਹਿ ਲੈਣਾ ਯੋਗ ਨਹੀਂ ਹੈ, ਦਰਅਸਲ ਇਹ ਬਸਤੀਵਾਦੀ ਦੌਰ ਵਿਚ ਸਿੱਖਾਂ ਦੇ ਬਸਤੀਵਾਦੀ ਨਵ-ਨਿਰਮਾਣ ਦੀ ਲਹਿਰ ਹੈ ਕਿਉਂਕਿ ਇਹ ਸਿੱਖ ਧਰਮ ਦੀ ਅਮੂਰਤ ਅਧਿਆਤਮਕਤਾ ਦੇ ਰਾਹੀਂ ਬਰਤਾਨਵੀ ਬਸਤੀਵਾਦ ਨਾਲ ਸਾਂਝ-ਭਿਆਲੀ ਦਾ ਸੰਬੰਧ ਸਥਾਪਤ ਕਰਕੇ ਆਪਣੀ ਸੰਪਰਦਾਇ ਦੇ ਵਿਕਾਸ ਦੇ ਨਵੇਂ ਰਸਤੇ ਤਲਾਸ਼ਦੀ ਹੈ। ਨਿਸ਼ਚੇ ਹੀ ਇਸ ਦਾ ਅਵਚੇਤਨ ਸਾਮੰਤੀ ਹੈ ਪਰੰਤੂ ਦ੍ਰਿਸ਼ਟੀ ਭਵਿੱਖਮੁਖੀ ਹੈ ਜੋ ਬਸਤੀਵਾਦ ਨਾਲ ਟਕਰਾਅ ਦੀ ਸਥਿਤੀ ਛੱਡ ਕੇ ਆਪਣੇ ਆਪ ਨੂੰ ਸਮੇਂ ਦੇ ਹਾਣ ਦੀ ਬਣਾਉਣ ਪ੍ਰਤੀ ਚਿੰਤਤ ਹੈ। ਇਹ ਅਤੀਤ ਨੂੰ ਪ੍ਰੇਰਨਾ ਦੇ ਰੂਪ 'ਚ ਸੁਨਹਿਰੀਕਰਨ ਤੱਕ ਮਹਿਦੂਦ ਹੋ ਕੇ ਪੁਰਾਤਨਤਾ ਵਿਚ ਹੀ ਖਪਤ ਨਹੀਂ ਹੋ ਰਹੀ ਸਗੋਂ ਅਤੀਤ ਦੀ ਜੰਗਜੂ ਵਿਰਾਸਤ ਨੂੰ ਵਰਤਮਾਨ ਦੀਆਂ ਪਰਿਸਥਿਤੀਆਂ ਅਨੁਸਾਰ ਬਸਤੀਵਾਦੀ ਚਾਹਤ ਵਿਚ ਢਾਲ ਕੇ ਅਗਾਂਹ ਵਧਣਾ ਚਾਹੁੰਦੀ ਹੈ। ਇਹ ਅਤੀਤ ਨੂੰ ਪੁਨਰ ਜੀਵਤ ਕਰਨ ਵਿਚ ਬੱਝੀ ਹੋਈ ਨਹੀਂ ਹੈ ਸਗੋਂ ਵਰਤਮਾਨ ਲਈ ਉਸ ਨੂੰ ਵਰਤਣਾ ਚਾਹੁੰਦੀ ਹੈ। ਇਹ ਲਹਿਰ ਸਿੱਖ ਦੀ ਪਛਾਣ, ਭਵਿੱਖ ਦਾ ਅਜਿਹਾ ਸਿੱਖ ਸਿਰਜਣ ਦੇ ਰੂਪ ਵਿਚ ਵਿਸ਼ਵਾਸ਼ ਰੱਖਦੀ ਹੈ ਜੋ ਬਸਤੀਵਾਦ ਦੇ ਨਵੇਂ ਯੁੱਗ ਵਿਚ ਨਵੀਨ ਵਿਚਾਰਾਂ ਵਾਲਾ ਬਣੇ। ਇਸ ਤਣਾਓ ਵਿਚੋਂ ਉਸ ਲਈ ਵਧੇਰੇ ਸਾਰਥਕ ਦਾਰਸ਼ਨਿਕ ਅਤੇ ਵਿਚਾਰਧਾਰਕ ਰਸਤਾ ਅਮੂਰਤ ਅਧਿਆਤਮਕਤਾ ਦਾ ਬਣਦਾ ਹੈ ਕਿਉਂਕਿ ਇਸ ਦੇ ਸਮਾਨਾਂਤਰ ਜਦੋਂ ਗੁਰਮਤਿ ਦਰਸ਼ਨ ਅਤੇ ਸਿੱਖ ਲਹਿਰ ਨੂੰ ਦੇਖਦੇ ਹਾਂ ਤਾਂ ਉਸ ਦੀ ਅਧਿਆਤਮਕਤਾ ਇਕ ਸਮੂਰਤ ਸਮਾਜੀ ਮਾਡਲ ਨਾਲ ਭਰਪੂਰ ਹੈ। ਗੁਰਮਤਿ ਅਤੇ ਸਿੱਖ ਲਹਿਰ ਕਿਸੇ ਵੀ ਤਰ੍ਹਾਂ ਆਪਣੇ ਯੁੱਗ ਦੀ ਹਕੂਮਤ ਨਾਲ ਸਹਿਹੋਂਦ ਦੇ ਰਸਤਿਓਂ ਰਾਜ-ਭਾਗ ਵਿਚੋਂ ਆਪਣਾ ਹਿੱਸਾ ਨਹੀਂ ਭਾਲਦੀ ਸਗੋਂ ਅਨਿਆਂ ਦੀ ਬੁਨਿਆਦ ਉੱਪਰ ਖੜ੍ਹੀ ਜ਼ਾਲਮ ਹਕੂਮਤ ਨੂੰ ਤਹਿਸ-ਨਹਿਸ ਕਰਕੇ ਇਕ ਅਜਿਹੇ ਮਾਨਵੀ ਸਮਾਜ ਦੀ ਕਲਪਨਾ ਕਰਦੀ ਹੈ, ਜਿਸ ਵਿਚ ਮਨੁੱਖ ਪੂਰੇ ਬ੍ਰਹਿਮੰਡ ਨਾਲ ਸਹਿਭਾਗਤਾ ਵਿਚ ਰਹਿ ਸਕੇ। ਸਿੰਘ ਸਭਾ ਲਹਿਰ ਦੇ ਅੰਤਰੀਵ ਵਿਚ ਦੂਸਰੇ ਫਿਰਕਿਆਂ ਨਾਲ ਪ੍ਰਤਿਯੋਗਤਾ ਦੀ ਭਾਵਨਾ ਹੈ ਪਰੰਤੂ ਗੁਰਮਤਿ ਦਰਸ਼ਨ ਅਤੇ ਸਿੱਖ ਲਹਿਰ ਇਕ ਨਵੇਂ ਮਨੁੱਖ (ਗੁਰਮੁਖ) ਨੂੰ ਸਾਕਾਰ ਕਰਨਾ ਚਾਹੁੰਦੀ ਹੈ। ਗੁਰਮਤਿ ਦਾ ਸੰਕਲਪਿਆ ਗੁਰਮੁਖ ਜਗਿਆਸੂ ਅਤੇ ਸੱਚ ਦੀ ਤਲਾਸ਼ ਦਾ ਅਭਿਲਾਸ਼ੀ ਪੁਰਖ ਹੈ ਪਰੰਤੂ ਸਿੰਘ ਸਭਾ ਲਹਿਰ ਦਾ ਗੁਰਮੁਖ ਦਿੱਖ ਦੀ ਪੱਧਰ ਉੱਪਰ ਸਿੱਖ ਅਤੇ ਆਪਣੇ ਅੰਤਰੀਵ ਵਜੋਂ ਬਸਤੀਵਾਦੀ ਰਾਜ ਦੇ ਰਉਂ-ਰੁਖ ਵਗਣ ਵਾਲਾ ਹੈ। ਇਥੇ ਹੀ ਉਹ ਬੁਨਿਆਦੀ ਦਾਰਸ਼ਨਿਕ ਅਤੇ ਵਿਚਾਰਧਾਰਕ ਤਣਾਓ ਵਾਪਰਦਾ ਹੈ ਜਿਹੜਾ ਬਹੁਤ ਉੱਭਰਵੇਂ ਰੂਪ ਵਿਚ ਭਾਈ ਵੀਰ ਸਿੰਘ ਦੇ ਕਾਵਿ ਵਿਚ ਦੇਖਿਆ ਜਾ ਸਕਦਾ ਹੈ। ਇਹ ਉਹ ਇਤਿਹਾਸਕ ਤਣਾਓ ਹੈ ਜੋ ਉਸ ਸਮੇਂ ਦੇ ਸਮੁੱਚੇ ਸਮਾਜ ਅੰਦਰ ਹੈ।

ਉਪਰੋਕਤ ਤਣਾਓ, ਦਬਾਓ, ਲਾਚਾਰੀ ਅਤੇ ਮਜਬੂਰੀ ਨੂੰ ਸਿਰਫ਼ ਪੰਜਾਬ ਤੱਕ ਸੀਮਤ ਨਾ ਕੀਤਾ ਜਾਵੇ ਤਾਂ ਸਮੁੱਚੇ ਭਾਰਤ ਅੰਦਰ ਹੀ ਇਹ ਬਹੁਤ ਸ਼ਕਤੀਸ਼ਾਲੀ ਰੂਪ ਵਿਚ ਦਿਖਾਈ ਦਿੰਦਾ ਹੈ। 1857 ਦੇ ਹਿੰਸਕ ਜਨ-ਵਿਦਰੋਹ ਤੋਂ ਸਖ਼ਤ ਸਿੱਖਿਆ ਲੈਂਦਿਆਂ ਜਿੱਥੇ ਬਸਤੀਕਾਰਾਂ ਨੇ ਸਖ਼ਤ ਕਾਨੂੰਨਬੰਦੀ ਕੀਤੀ, ਉਥੇ ਭਾਰਤੀਆਂ ਨੇ ਵੀ ਇਸ ਤੋਂ ਇਕ ਸਿੱਖਿਆ ਲਈ। ਭਾਰਤ ਦੇ ਰਾਜਨੀਤਕ ਚੇਤੰਨ ਵਰਗ ਨੇ ਹਿੰਸਾ ਦੀ ਥਾਵੇਂ ਇਕ ਦੂਸਰਾ ਰਸਤਾ ਅਹਿੰਸਕ ਅਪਣਾਇਆ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਭਾਰਤ ਵਿਚ ਉਤਪੰਨ ਹੋਣ ਵਾਲੀ ਰਾਜਨੀਤਕ ਚੇਤਨਤਾ ਦੋ ਵੱਖ ਵੱਖ ਧੁਰਿਆਂ ਉੱਪਰ ਖੜ੍ਹੀ ਹੈ। ਇਹ ਪੰਜਾਬ ਅੰਦਰ ਵੀ ਹੈ। ਭਾਰਤੀ ਪ੍ਰਸੰਗ ਵਿਚ ਦੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਅਰੁਬਿੰਦੋ ਘੋਸ਼ ਹੁਰਾਂ ਦੀ ਅਨੁਸ਼ੀਲਨ ਕਮੇਟੀ ਅਤੇ ਬੰਗਾਲੀ ਕ੍ਰਾਂਤੀਕਾਰੀਆਂ ਦਾ ਰਾਹ ਹਿੰਸਕ ਰਾਜਨੀਤੀ ਉਪਰ ਕੇਂਦਰਿਤ ਹੈ। ਸ਼ਹੀਦ ਭਗਤ ਸਿੰਘ ਹੁਰਾਂ ਦਾ ਇਸ ਲਹਿਰ ਨਾਲ ਆਰੰਭ ਵਿਚ ਜੁੜਨਾ ਹਿੰਸਕ ਰਾਜਨੀਤੀ ਦਾ ਹੀ ਪ੍ਰੇਰਕ ਕਾਰਨ ਬਣਦਾ ਹੈ। ਪੰਜਾਬ ਵਿਚ ਪਗੜੀ ਸੰਭਾਲ ਜੱਟਾ ਅਤੇ 1914 ਵਿਚ ਅਮਰੀਕਾ-ਕੈਨੇਡਾ ਵਿਚ ਜਥੇਬੰਦ ਹੋਣ ਵਾਲੀ ਗ਼ਦਰ ਲਹਿਰ ਦੇ ਖਮੀਰ ਵਿਚ ਵੀ ਹਿੰਸਾ ਹੈ। ਪਰੰਤੂ ਇਸ ਦੇ ਸਮਾਨਾਂਤਰ ਨਿਰੋਲ ਅਹਿੰਸਾਤਮਕ ਲਹਿਰ ਉੱਭਰਦੀ ਹੈ। ਮਹਾਤਮਾ ਗਾਂਧੀ 'ਹਿੰਦ ਸਵਰਾਜ' ਦੀ ਭੂਮਿਕਾ ਵਿਚ ਸਪੱਸ਼ਟ ਲਿਖਦਾ ਹੈ, "ਲੰਡਨ ਵਿਚ ਰਹਿਣ ਵਾਲੇ ਹਰ ਇਕ ਨਾਮੀ ਅਰਾਜਕਤਾਵਾਦੀ ਹਿੰਦੁਸਤਾਨੀ ਦੇ ਸੰਪਰਕ ਵਿਚ ਆਇਆ ਸੀ। ਉਨ੍ਹਾਂ ਦੀ ਸੂਰਬੀਰਤਾ ਦਾ ਅਸਰ ਮੇਰੇ ਮਨ 'ਤੇ ਪਿਆ ਸੀ, ਪਰੰਤੂ ਮੈਨੂੰ

ਲੱਗਿਆ ਕਿ ਉਨ੍ਹਾਂ ਦੇ ਜੋਸ਼ ਨੇ ਉਲਟੀ ਰਾਹ ਫੜ ਲਈ ਹੈ। ਮੈਨੂੰ ਲੱਗਿਆ ਕਿ ਹਿੰਸਾ ਹਿੰਦੁਸਤਾਨ ਦੇ ਦੁੱਖਾਂ ਦਾ ਇਲਾਜ ਨਹੀਂ ਹੈ ਅਤੇ ਇਸ ਦੇ ਸਭਿਆਚਾਰ ਨੂੰ ਦੇਖਦੇ ਹੋਏ ਇਸਨੂੰ ਆਤਮ-ਰੱਖਿਆ ਦੇ ਲਈ ਕੋਈ ਅਲੱਗ ਅਤੇ ਉੱਚੇ ਪ੍ਰਕਾਰ ਦਾ ਸ਼ਾਸਤਰ ਕੰਮ ਵਿਚ ਲਿਆਉਣਾ ਚਾਹੀਦਾ ਹੈ।"[15] ਮਹਾਤਮਾ ਗਾਂਧੀ 1901 ਵਿਚ ਲੰਡਨ ਵਿਚ ਜਾਂਦਾ ਹੈ। ਉਸ ਸਮੇਂ ਲੰਡਨ ਵਿਚ ਭਾਰਤੀ ਵਿਦਿਆਰਥੀ ਪੜ੍ਹਨ ਹਿੱਤ ਜਾ ਰਹੇ ਸਨ ਅਤੇ ਰਾਜਸੀ ਤੌਰ 'ਤੇ ਉਨ੍ਹਾਂ ਲੋਕਾਂ ਵਿਚ ਜਾਂਦੇ ਹਨ ਜਿਹੜੇ ਲੋਕ ਭਾਰਤ ਅੰਦਰ ਆਪਣੀ ਹਕੂਮਤ ਚਲਾ ਰਹੇ ਹਨ। ਇਹ ਇਤਿਹਾਸਕ ਤੌਰ 'ਤੇ ਉਹ ਸਮਾਂ ਹੈ ਜਦੋਂ ਭਾਰਤੀ ਚੇਤਨਾ ਵਿਚ ਬੁਨਿਆਦੀ ਤਬਦੀਲੀ ਵਾਪਰਦੀ ਹੈ। ਇਹ ਤਬਦੀਲੀ ਸਾਮੰਤੀ ਚੇਤਨਾ ਤੋਂ ਬਸਤੀਵਾਦੀ-ਪੂੰਜੀਵਾਦੀ ਚੇਤਨਾ ਦੇ ਇਤਿਹਾਸਕ ਦਬਾਓ ਅਤੇ ਤਣਾਓ ਦੇ ਪਰਸਪਰ ਵਿਰੋਧਾਂ ਵਿਚ ਹੈ। ਇਨ੍ਹਾਂ ਵਿਰੋਧਾਂ ਵਿਚੋਂ ਜੋ ਰੂਪ ਧਾਰਿਆ ਜਾਂਦਾ ਹੈ, ਉਸਨੂੰ ਸਮਝਣਾ ਜ਼ਰੂਰੀ ਹੈ ਤਾਂ ਹੀ ਉਸ ਸਮੇਂ ਦੇ ਸਮਾਜ, ਸਭਿਆਚਾਰ ਅਤੇ ਸਾਹਿਤ ਨੂੰ ਸਮਝਿਆ ਜਾ ਸਕਦਾ ਹੈ। ਇਸ ਜਟਿਲਤਾ ਦਾ ਸਰਲੀਕਰਨ ਨਹੀਂ ਕੀਤਾ ਜਾ ਸਕਦਾ। ਇਸ ਜਟਿਲਤਾ ਵਿਚੋਂ ਹੀ ਮਹਾਤਮਾ ਗਾਂਧੀ 'ਹਿੰਦ ਸਵਰਾਜ' ਵਿਚ ਇਸ ਤੱਥ ਨੂੰ ਨਜਿੱਠਦਾ ਹੈ। "ਹਿੰਦੁਸਤਾਨ ਜੇਕਰ ਪ੍ਰੇਮ ਦੇ ਸਿਧਾਂਤ ਨੂੰ ਆਪਣੇ ਧਰਮ ਦੇ ਇਕ ਕਿਰਿਆਸ਼ੀਲ ਤੱਤ ਦੇ ਰੂਪ ਵਿਚ ਸਵੀਕਾਰ ਕਰੇ ਅਤੇ ਉਸਨੂੰ ਆਪਣੀ ਰਾਜਨੀਤੀ ਵਿਚ ਸ਼ਾਮਲ ਕਰੇ ਤਾਂ ਸਵਰਾਜ ਸਵਰਗ ਤੋਂ ਹਿੰਦੁਸਤਾਨੀ ਧਰਤੀ ਉੱਪਰ ਉਤਰੇਗਾ।"[16]

ਉਪਰੋਕਤ ਮਸਲੇ ਉਪਰ ਚਰਚਾ ਕਰਦਿਆਂ ਇਕ ਪਹਿਲੂ ਵੱਲ ਸੰਕੇਤ ਕਰਨਾ ਹੋਰ ਜ਼ਰੂਰੀ ਹੈ ਕਿ ਬਸਤੀਵਾਦੀ ਰਾਜ ਨਾਲ ਸਹਿਹੋਂਦ ਦੀ ਧਾਰਮਿਕ-ਰਾਜਸੀ ਲਹਿਰ ਤੋਂ ਬਿਨਾਂ ਅਨੁਸ਼ੀਲਨ ਕਮੇਟੀ ਵਰਗੀ ਕ੍ਰਾਂਤੀਕਾਰੀ ਲਹਿਰ ਵਿਚ ਵੀ ਧਰਮ ਕੇਂਦਰ ਬਿੰਦੂ ਰਿਹਾ ਹੈ। ਇਥੇ ਪਹੁੰਚ ਕੇ ਧਰਮ ਸੰਸਥਾਈ ਰੂਪ ਦੀ ਥਾਵੇਂ ਧਰਮ ਜੀਵਨ ਦ੍ਰਿਸ਼ਟੀ, ਜੀਵਨਸ਼ੈਲੀ, ਜੀਵਨ ਜਾਚ ਅਤੇ ਭਾਰਤੀ ਜੀਵਨ ਦਾ ਕੇਂਦਰੀ ਜੁਜ ਬਣ ਜਾਂਦਾ ਹੈ। ਇਥੇ ਧਰਮ ਸੰਕੀਰਨਤਾ ਦੇ ਬਾਵਜੂਦ ਆਪਣੀਆਂ ਸੀਮਾਵਾਂ ਨੂੰ ਉਲੰਘਦਾ ਵੀ ਹੈ ਅਤੇ ਉਸ ਵਿਚੋਂ ਜੀਵਨ ਜਿਉਣ ਦੀਆਂ ਜੁਗਤਾਂ ਵੀ ਤਲਾਸ਼ਦਾ ਹੈ। ਇਹੋ ਉਸ ਸਮੇਂ ਦਾ ਇਤਿਹਾਸਕ ਅੰਤਰ-ਵਿਰੋਧ ਵੀ ਬਣਦਾ ਹੈ। ਇਸ ਅੰਤਰ-ਵਿਰੋਧ ਵਿਚ ਐਨਾ ਤਿਲਕਵਾਂਪਣ ਹੈ ਕਿ ਇਹ ਕਿਸੇ ਸਮੇਂ ਵੀ ਮਾਨਵੀ ਬਣਿਆ ਰਹਿ ਸਕਦਾ ਹੈ ਅਤੇ ਕਿਸੇ ਸਮੇਂ ਵੀ ਸੰਪਰਦਾਇਕ ਬਣ ਸਕਦਾ ਹੈ। ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਹਾਤਮਾ ਗਾਂਧੀ ਦੇ ਸਮੁੱਚੇ ਸਿਧਾਂਤ ਚਿੰਤਨ ਵਿਚ ਇਹ ਸਮਾਧਾਨ ਵੀ ਬਣਦਾ ਹੈ ਅਤੇ ਸੰਕਟ ਵੀ। ਭਾਈ ਵੀਰ ਸਿੰਘ ਦੇ ਸ਼ਬਦ ਸੰਸਾਰ ਵਿਚ ਵੀ ਇਹ ਬਿਲਕੁਲ ਇਸੇ ਰੂਪ ਵਿਚ ਵਿਚਰਦਾ ਹੈ, ਭਾਵੇਂ ਕਿ ਭਾਈ ਵੀਰ ਸਿੰਘ ਕਿਧਰੇ ਵੀ ਸਿੱਖ ਸਿਧਾਂਤਾਂ ਪ੍ਰਤੀ ਉਗਰ ਰੂਪ ਨਹੀਂ ਅਪਣਾਉਂਦਾ, ਸਗੋਂ ਨਿਰੰਤਰ ਸਹਿਜ, ਸ਼ਾਂਤੀ, ਨਿਮਰਤਾ ਅਤੇ ਬਸਤੀਵਾਦੀ-ਆਧੁਨਿਕਤਾ ਨੂੰ ਪ੍ਰਣਾਇਆ ਨਿਮਰ ਮਨੁੱਖ ਦਿਖਾਈ ਦਿੰਦਾ ਹੈ। ਇਸ ਪਰਿਪੇਖ ਨੂੰ ਨਜ਼ਰ-ਅੰਦਾਜ਼ ਕਰਕੇ ਭਾਈ ਵੀਰ ਸਿੰਘ ਨੂੰ ਸਮਝਣਾ ਮੁਸ਼ਕਿਲ ਹੈ।

ਉਪਰੋਕਤ ਚਰਚਾ ਦੇ ਪ੍ਰਸੰਗ ਵਿਚ ਬਸਤੀਵਾਦੀ ਦੌਰ ਵਿਚ ਪੰਜਾਬ ਦੀ ਰਾਜਨੀਤਕ ਸਥਿਤੀ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਇਕ ਰਾਜਨੀਤਕ ਇਕਾਈ ਵਾਲੀ ਨਹੀਂ ਸੀ। ਪੰਜਾਬ ਦੀ ਭੂਗੋਲਿਕ ਸਥਿਤੀ ਸੰਬੰਧੀ ਸ਼ਮਸ਼ੇਰ ਸਿੰਘ ਅਸ਼ੋਕ ਦਾ ਕਥਨ ਸਪੱਸ਼ਟ ਕਰ ਦਿੰਦਾ ਹੈ ਕਿ ਬਸਤੀਵਾਦ ਤੋਂ ਪਹਿਲਾਂ ਸਿੱਖ ਮਿਸਲਾਂ ਸਮੇਂ ਦਾ ਪੰਜਾਬ ਕਿਹੋ ਜਿਹਾ ਹੈ। "ਤਵਾਰੀਖ ਸਿੱਖਾਂ" ਮੁਨਸ਼ੀ ਖ਼ੁਸ਼ਵਕਤ ਰਾਇ ਦੇ ਕਥਨ ਅਨੁਸਾਰ ਸੂਬਾ ਲਾਹੌਰ ਦੇ ਅਧੀਨ ਪੰਜ ਦਰਿਆਵਾਂ ਦੀ ਧਰਤੀ ਇਸ ਤਰ੍ਹਾਂ ਵੰਡੀ ਹੋਈ ਸੀ - (1) ਦੁਆਬਾ ਬਿਸਤ ਜਲੰਧਰ, ਦਰਿਆ ਸਤਲੁਜ ਤੇ ਬਿਆਸ ਦਾ ਦਰਮਿਆਨੀ ਇਲਾਕਾ, (2) ਦੁਆਬਾ ਬਾਰੀ ਦਰਿਆ ਬਿਆਸ ਤੇ ਰਾਵੀ ਦਾ ਇਲਾਕਾ, (3) ਦੁਆਬਾ ਰਚਨਾ, ਦਰਿਆ ਰਾਵੀ ਤੇ ਝਨਾਂ ਦਾ ਇਲਾਕਾ, (4) ਦੁਆਬਾ ਚੱਪੂ ਜਾਂ ਚੱਜ, ਦਰਿਆ ਝਨਾਂ ਤੇ ਜਿਹਲਮ ਦਾ ਇਲਾਕਾ ਅਤੇ (5) ਦੁਆਬਾ ਸਿੰਧ ਸਾਗਰ ਦਰਿਆ ਜਿਹਲਮ ਤੇ ਸਿੰਧ ਦਾ ਇਲਾਕਾ। ਇਸ ਇਲਾਕੇ ਦੀ ਲੰਬਾਈ ਦਰਿਆ ਸਤਲੁਜ ਤੋਂ ਸਿੰਧ ਤੱਕ 260 ਕੋਹ ਅਤੇ ਚੌੜਾਈ ਨੂਰਪੁਰ (ਹਿਮਾਚਲ ਪ੍ਰਦੇਸ਼) ਤੋਂ ਦੀਪਾਲਪੁਰ (ਮਿੰਟਗੁਮਰੀ) ਤੱਕ 100 ਕੋਹ। ਬਸ ਇਹੋ ਮੁਗਲੇਈ ਸਮੇਂ ਦਾ ਪੁਰਾਣਾ ਪੰਜਾਬ ਸੀ। ਸੂਬਾ ਮੁਲਤਾਨ ਤੇ ਕਸ਼ਮੀਰ ਇਸ ਵਿਚ ਸ਼ਾਮਲ ਨਹੀਂ ਸਨ, ਤੇ ਨਾ ਹੀ ਦਰਿਆ ਸਤਲੁਜ ਤੋਂ ਪਾਰ ਜਮਨਾ ਤੱਕ





ਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਪੁਰਾਣੇ ਪੰਜਾਬ ਦੀਆਂ ਇਸ ਇਕ ਸੂਬੇ ਨਾਲ ਸੰਬੰਧ ਰੱਖਦੀਆਂ ਹੱਦਬੰਦੀਆਂ ਨੂੰ ਮੇਟ ਕੇ ਪੰਜਾਬ ਨੂੰ ਦਰਿਆ ਅਟਕ ਤੋਂ ਜਮਨਾ ਤੱਕ ਤੇ ਹਿਮਾਲਾ ਪਰਬਤ ਤੋਂ ਇਲਾਕਾ ਸਿੰਧ ਤੱਕ ਫੈਲਾਉਣਾ ਤੇ ਇਸ ਦਾ ਘੇਰਾ ਵਿਸ਼ਾਲ ਕਰਨਾ ਸਿੱਖਾਂ ਦੀਆਂ ਇਨ੍ਹਾਂ 12 ਮਿਸਲਾਂ ਦਾ ਸਭ ਤੋਂ ਪਹਿਲਾ ਕੰਮ ਸੀ, ਜੋ ਇਨ੍ਹਾਂ ਨੇ ਮੁਲਕੀ ਮੱਲਾਂ ਮਾਰ ਕੇ ਛੇਤੀ ਹੀ ਸਿਰੇ ਚਾੜ੍ਹ ਦਿੱਤਾ।"[17] ਪੰਜਾਬ ਭੂਗੋਲਿਕ ਤੌਰ 'ਤੇ ਕਦੇ ਵੀ ਇਕ ਪ੍ਰਪੱਕ ਇਕਾਈ ਨਹੀਂ ਰਿਹਾ। ਮੁਗਲ ਸਾਮੰਤਸ਼ਾਹੀ ਤੋਂ ਲੈ ਕੇ ਬਸਤੀਵਾਦੀ ਹਕੂਮਤ ਦੀ ਆਮਦ ਤੱਕ ਪੰਜਾਬ ਦਾ ਖ਼ਿੱਤਾ ਸਾਮੰਤਸ਼ਾਹੀ ਰਾਜਿਆਂ ਵਿਚ ਵਟਦਾ ਤੇ ਵੰਡਿਆ ਜਾਂਦਾ ਰਿਹਾ ਹੈ। ਬਸਤੀਵਾਦੀ ਰਾਜ ਤੱਕ ਪੰਜਾਬ ਦੀ ਰਾਜਨੀਤੀ ਸਾਮੰਤਸ਼ਾਹੀ, ਇਕ ਪੁਰਖੇ ਰਾਜ ਦੀ ਹੀ ਰਹਿੰਦੀ ਹੈ। ਬਸਤੀਵਾਦੀ ਕਬਜ਼ੇ ਨਾਲ ਇਹ ਈਸਟ ਇੰਡੀਆ ਕੰਪਨੀ ਦੀ ਰਿਆਸਤ ਬਣ ਜਾਂਦੀ ਹੈ ਅਤੇ ਸਤਲੁਜ ਤੋਂ ਜਮਨਾ ਵਾਲੀ ਧਰਤੀ ਵੱਖ ਵੱਖ ਸਿੱਖ ਰਿਆਸਤਾਂ ਵਿਚ ਵੰਡੀ ਜਾਂਦੀ ਹੈ। ਸਿੱਖ ਮਿਸਲਾਂ ਵੇਲੇ ਵੀ ਸਤਲੁਜ ਤੋਂ ਉਰਾਰ ਮਿਸਲ ਸ਼ਹੀਦਾਂ, ਮਿਸਲ ਨਿਸ਼ਾਨਾਂ ਵਾਲੀ, ਮਿਸਲ ਕਰੋੜਸਿੰਘੀਆ ਤੇ ਮਿਸਲ ਫੂਲਕੀਆ ਅਧੀਨ ਹੁੰਦੀ ਹੈ। ਸਤਲੁਜ ਤੋਂ ਪਾਰ ਦਾ ਪੰਜਾਬ ਅੱਠ ਮਿਸਲਾਂ ਵਿਚ ਵੰਡਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਤਲੁਜ ਤੋਂ ਪਾਰ ਹੈ ਜਿਹੜਾ ਬਾਅਦ ਵਿਚ ਬਸਤੀਵਾਦੀ ਰਾਜ 'ਚ ਪਲਟ ਕੇ 1857 ਦੇ ਜਨ-ਵਿਦਰੋਹ ਬਾਅਦ ਵਿਕਟੋਰੀਅਨ ਤਾਜ ਅਧੀਨ ਆ ਜਾਂਦਾ ਹੈ। ਇਥੇ ਪਹੁੰਚ ਕੇ ਪੰਜਾਬ ਦੀ ਰਾਜਨੀਤੀ ਵਿਚ ਬਦਲਾਓ ਵਾਪਰਦਾ ਹੈ। ਬਸਤੀਵਾਦ ਦੇ ਤੁਰੰਤ ਪ੍ਰਭਾਵ ਅਧੀਨ ਤਾਂ ਪੰਜਾਬੀ ਬੰਦਾ ਸਾਮੰਤਸ਼ਾਹੀ ਅਵਚੇਤਨ ਤਹਿਤ ਹੀ ਰਾਜਨੀਤੀ ਦਾ ਰਸਤਾ ਅਪਣਾਉਂਦਾ ਹੈ ਜਿਵੇਂ ਭਾਈ ਮਹਾਰਾਜ ਸਿੰਘ ਅਤੇ ਨਾਮਧਾਰੀ ਅੰਦੋਲਨ ਹੈ। ਇਸ ਉਪਰੰਤ ਧਰਮ ਦੇ ਮਾਧਿਅਮ ਆਪਣੀ ਸੰਸਕ੍ਰਿਤਕ ਪਛਾਣ ਪ੍ਰਤੀ ਮੁੜਨਾ ਅਤੇ ਇਸ ਪਛਾਣ ਦਾ ਹੀ ਇਕ ਹਿੱਸਾ ਰਾਜਨੀਤਕ ਸਰੂਪ ਵਿਚ ਢਲਣਾ, ਪੰਜਾਬ ਦੇ ਰਾਜਸੀ ਤੇਵਰਾਂ ਨੂੰ ਨਿਰਧਾਰਤ ਕਰਨ ਵੱਲ ਵਧਦਾ ਹੈ। ਇਸ ਪਛਾਣ ਦੇ ਸਮਾਨਾਂਤਰ ਹੀ ਪੰਜਾਬ ਵਿਚ ਪੰਜਾਬੀ ਭਾਸ਼ਾ ਕੇਂਦਰਿਤ ਸੱਭਿਆਚਾਰਕ ਪਛਾਣ ਦਾ ਮਸਲਾ ਵੀ ਉੱਭਰਦਾ ਹੈ ਜੋ ਧਾਰਮਿਕਤਾ ਦੀ ਥਾਵੇਂ ਭਾਸ਼ਾ ਕੇਂਦਰਿਤ ਹੋ ਕੇ ਪੰਜਾਬੀ ਪਛਾਣ ਦੀ ਰਾਜਨੀਤਕ ਚੇਤਨਾ ਦੀ ਅੰਤਰ ਦ੍ਰਿਸ਼ਟੀ ਪੈਦਾ ਕਰਦਾ ਹੈ। ਇਸ ਦੇ ਕੁਝ ਸੰਕੇਤ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਧਨੀ ਰਾਮ ਚਾਤ੍ਰਿਕ ਅਤੇ ਪ੍ਰੋ. ਪੂਰਨ ਸਿੰਘ ਦੀ ਰਚਨਾ 'ਚੋਂ ਮਿਲ ਜਾਂਦੇ ਹਨ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਪੰਜਾਬ ਦੀ ਧਰਤੀ ਉਪਰ ਬਸਤੀਵਾਦੀ ਰਾਜ ਦੇ ਖਿਲਾਫ਼ ਪਹਿਲੀ ਰਾਜਨੀਤਕ ਚੇਤਨਾ ਦੀ ਲਹਿਰ ਪਗੜੀ ਸੰਭਾਲ ਜੱਟਾ ਪੈਦਾ ਹੁੰਦੀ ਹੈ। ਇਹ ਲਹਿਰ ਬਸਤੀਵਾਦੀ ਹਕੂਮਤ ਦੇ ਖਿਲਾਫ਼ ਸਾਮੰਤੀ ਚੇਤਨਾ, ਰਣਨੀਤੀ ਅਤੇ ਦਾਅਪੇਚਾਂ ਦੀ ਥਾਵੇਂ ਲੋਕਾਂ ਦੀ ਸ਼ਕਤੀ ਵਿਚ ਵਿਸ਼ਵਾਸ ਦਾ ਪ੍ਰਗਟਾਵਾ ਕਰਦੀ ਹੈ। ਇਸ ਉਪਰੰਤ ਗ਼ਦਰ ਲਹਿਰ, ਜੱਲਿਆਂਵਾਲਾ ਬਾਗ਼, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਕ੍ਰਾਂਤੀਕਾਰੀ ਲਹਿਰ ਅਤੇ ਕਿਰਤੀ ਲਹਿਰਾਂ ਰਾਹੀਂ ਪੰਜਾਬ ਰਾਜਨੀਤਕ ਤੌਰ 'ਤੇ ਚੇਤੰਨ ਹੁੰਦਾ ਚਲਿਆ ਜਾਂਦਾ ਹੈ। 1914 ਦੀ ਪਹਿਲੀ ਵਿਸ਼ਵ ਜੰਗ ਅਤੇ ਆਲ ਇੰਡੀਆ ਕਾਂਗਰਸ ਵੱਲੋਂ ਬਸਤੀਕਾਰਾਂ ਤੋਂ ਡੋਮੀਨੀਅਨ ਸਰਕਾਰ ਦੀ ਮੰਗ ਦਾ ਖਾਰਜ ਹੋਣਾ ਅਤੇ 1919 ਦੇ ਜੱਲਿਆਂਵਾਲਾ ਬਾਗ਼ ਦੇ ਹੱਤਿਆਕਾਂਡ ਉਪਰੰਤ ਸਮੁੱਚੇ ਭਾਰਤ ਵਿਚ ਕੌਮੀ ਮੁਕਤੀ ਲਹਿਰ ਦਾ ਰਾਜਨੀਤਕ ਉਭਾਰ ਪੰਜਾਬੀ/ਭਾਰਤੀ ਮਨੁੱਖ ਨੂੰ ਨਵੀਂ ਰਾਜਨੀਤਕ ਚੇਤਨਾ ਦੇ ਰੂ-ਬ-ਰੂ ਕਰਦਾ ਹੈ। ਇਉਂ ਪੰਜਾਬ/ਭਾਰਤ ਸਾਮੰਤੀ ਚੇਤਨਾ ਦੇ ਰਸਤਿਓਂ ਬਸਤੀਵਾਦ ਖਿਲਾਫ਼ ਜਿਸ ਤਰ੍ਹਾਂ ਦੀ ਰਾਜਨੀਤਕ ਚੇਤਨਾ ਪ੍ਰਾਪਤ ਕਰਦਾ ਹੈ, ਉਹ ਇਕਹਿਰੀ ਨਹੀਂ ਬਹੁਤ ਜਟਿਲ ਹੈ ਜਿਸ ਵਿਚ ਧਰਮ, ਇਲਾਕਾ, ਜਾਤੀ, ਪਦਾਰਥਵਾਦੀ ਵਿਚਾਰਾਂ ਦਾ ਅਜਿਹਾ ਸੰਗਮ ਹੈ ਕਿ ਇਹ ਪਰਤ-ਦਰ-ਪਰਤ ਸੂਖ਼ਮ ਵੀ ਹੈ ਅਤੇ ਗੁੰਝਲਦਾਰ ਵੀ। ਭਾਈ ਵੀਰ ਸਿੰਘ ਅਜਿਹੇ ਜਟਿਲ ਰਾਜਨੀਤਕ ਪਰਿਵੇਸ਼ ਵਿਚ ਜੋ ਸ਼ਬਦ ਸਿਰਜਣਾ ਕਰਦਾ ਹੈ, ਉਸ ਨੂੰ ਖੁੱਲ੍ਹੇ-ਡੁੱਲ੍ਹੇ ਰੂਪ ਵਿਚ ਸਿੱਧੀਆਂ ਕੋਟੀਆਂ ਬਣਾ ਕੇ ਸਮਝਣਾ ਮੁਸ਼ਕਿਲ ਹੈ।

– 3 –

ਭਾਈ ਵੀਰ ਸਿੰਘ ਸਾਹਿਤ ਰਚਨਾ ਤੋਂ ਪਹਿਲਾਂ 1893-94 ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਕਰਕੇ ਟ੍ਰੈਕਟਾਂ ਦੀ ਰਚਨਾਕਾਰੀ ਆਰੰਭ ਕਰਦਾ ਹੈ ਅਤੇ ਇਸ ਤੋਂ ਪਹਿਲਾਂ 1892 ਵਿਚ ਉਰਦੂ ਲੁਗਾਤ, ਜੁਗਰਾਫ਼ੀਆ

ਤੇ ਬੱਚਿਆਂ ਦੀਆਂ ਪੁਸਤਕਾਂ ਆਦਿ ਰਚਦਾ ਹੈ। ਉਸ ਦੀ ਪਹਿਲੀ ਸਾਹਿਤਕ ਰਚਨਾ 'ਸੁੰਦਰੀ' 1898 ਵਿਚ ਛਪਦੀ ਹੈ। ਬਿਜੈ ਸਿੰਘ ਅਤੇ ਸਤਵੰਤ ਕੌਰ ਰਾਹੀਂ ਉਹ ਗਾਲਪਨਿਕ ਰੂਪ ਵਿਚ ਸਾਹਮਣੇ ਆਉਂਦਾ ਹੈ। ਕਵਿਤਾ ਦੀ ਪਹਿਲੀ ਪੁਸਤਕ 'ਨਿਨਾਣ ਭਰਜਾਈ ਦੀ ਸਿੱਖਿਆਦਾਇਕ ਵਾਰਤਾਲਾਪ' 1903 ਵਿਚ ਪ੍ਰਕਾਸ਼ਿਤ ਹੁੰਦੀ ਹੈ। ਇਸ ਉਪਰੰਤ 'ਰਾਣਾ ਸੂਰਤ ਸਿੰਘ', 'ਲਹਿਰਾਂ ਦੇ ਹਾਰ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਬਾਰਾਂ ਮਾਂਹ ਕੰਤ ਮਹੇਲੀ' ਅਤੇ 'ਮੇਰੇ ਸਾਈਆਂ ਜੀਓ' (1953) ਸਾਹਮਣੇ ਆਉਂਦੀਆ ਹਨ। ਇਉਂ ਭਾਈ ਵੀਰ ਸਿੰਘ ਦਾ ਕਾਵਿ ਸਫ਼ਰ ਅੱਧੀ ਸਦੀ ਤੋਂ ਵੱਧ ਉਸ ਸਮੇਂ ਵਿਚ ਫੈਲਿਆ ਹੋਇਆ ਹੈ, ਜਦੋਂ ਪੰਜਾਬ/ਭਾਰਤ ਸਮੁੱਚੇ ਤੌਰ 'ਤੇ ਵੱਡੀਆਂ ਤਬਦੀਲੀਆਂ ਅਤੇ ਵੱਡੀਆਂ ਵੰਗਾਰਾਂ ਦੇ ਦੌਰ 'ਚੋਂ ਗੁਜ਼ਰ ਰਿਹਾ ਸੀ।

ਭਾਈ ਵੀਰ ਸਿੰਘ ਦੀ ਕਵਿਤਾ ਨੂੰ ਸਮਝਣ ਲਈ ਸਭ ਤੋਂ ਅਹਿਮ ਪੱਖ ਇਹ ਹੈ ਕਿ ਉਸਦੀ ਕਵਿਤਾ ਵਿਚ ਸਰੂਪੇ ਗਏ ਮਨੁੱਖ ਨੂੰ ਜਾਨਣਾ। ਇਸ ਮਨੁੱਖ ਤੋਂ ਅਰਥ ਇਹ ਹੈ ਕਿ ਇਸ ਨਾਲ ਭਾਈ ਵੀਰ ਸਿੰਘ ਦੀ ਚਾਹਤ ਦੇ ਮਨੁੱਖ ਦੀ ਪਛਾਣ ਵੀ ਹੋਵੇਗੀ ਅਤੇ ਜੋ ਮਨੁੱਖ ਪ੍ਰਾਪਤ ਹੈ, ਉਸ ਦੀ ਸੋਝੀ ਵੀ ਹੋਵੇਗੀ। ਹਰ ਦਰਸ਼ਨ, ਹਰ ਵਿਚਾਰਧਾਰਾ ਅਤੇ ਹਰ ਲਿਖਤ ਆਪਣੀ ਚਾਹਤ ਦੇ ਮਨੁੱਖ ਦੀ ਸਿਰਜਣਾ ਕਰਦੀ ਹੈ। ਇਸ ਮਨੁੱਖ ਦੀ ਸਿਰਜੀ ਗਈ ਸਮਾਜੀ-ਸਭਿਆਚਾਰਕ ਸ਼ਖ਼ਸ਼ੀਅਤ ਹੀ ਕਿਸੇ ਵਿਚਾਰਧਾਰਾ ਦੀ ਸੋਚੀ-ਕਲਪੀ ਸ਼ਖ਼ਸ਼ੀਅਤ ਹੁੰਦੀ ਹੈ। ਭਾਈ ਵੀਰ ਸਿੰਘ ਦੀ ਚਾਹਤ ਦੇ ਮਨੁੱਖ ਦੇ ਸੰਕੇਤ ਉਸਦੇ ਪਹਿਲੇ ਕਾਵਿ ਸੰਗ੍ਰਹਿ ਵਿਚੋਂ ਮਿਲਦੇ ਹਨ ਜੋ ਅਗਲੇ ਕਾਵਿ ਵਿਚ ਵਿਚਾਰਧਾਰਕ ਵਿਕਾਸ ਅਤੇ ਡੂੰਘਾਈ ਪ੍ਰਾਪਤ ਕਰਦੇ ਜਾਂਦੇ ਹਨ। ਇਸ ਦੀ ਚਰਚਾ ਕਰਨ ਤੋਂ ਪਹਿਲਾਂ ਇਸ ਵਾਰਤਾਲਾਪੀ ਕਾਵਿ ਦੇ ਇਕ ਬੰਦ 'ਚੋਂ ਗੁਜ਼ਰਦੇ ਹਾਂ : -

ਗੁਰੂ ਕਰੇਗਾ ਭਲੀ, ਨ ਡੋਲ ਵੀਰਾ।
ਜਿਨ੍ਹੇ ਸਾਜੀਆਂ ਓਸ ਨੇ ਗੰਢੀਆਂ ਨੀ।
ਜਿਨ੍ਹੇ ਗੰਢੀਆਂ ਓਸ ਨੇ ਵਿਗੜੀਆਂ ਵੀ,
ਨਿਤ ਆਪ ਹੀ ਮੇਲ ਕੇ ਸੰਢੀਆਂ ਨੀ।
ਫਿਕਰ ਓਸ ਨੂੰ ਕੁੱਲ ਜਹਾਨ ਦਾ ਹੈ,
ਅਕਲਾਂ ਐਵੇਂ ਹੀ ਥਕਤ ਤੇ ਹੰਢੀਆਂ ਨੀ।
ਗਲ ਘੁੱਟ ਲੀਤੀ, ਲੰਘ, ਹੋਇ ਬੀਤੀ,
ਗਲ ਚੁੱਕ ਦਿਤੀ, ਤਦੋਂ ਭੰਡੀਆਂ ਨੀ।
ਐਪਰ, ਵੀਰ ਜੀ! ਤੁਸੀਂ ਜੇ ਕਰੋ ਉੱਦਮ,
ਧਰਮ ਆਪ ਦਾ ਤਦੋਂ ਹੀ ਸੋਹਿਣਾ ਹੈ।
ਉਸਦੀ ਵਿਦਿਯਾ ਦਾ ਕੁਝ ਕਰੋ ਉੱਦਮ,
ਸਿੱਖਿਯਾ ਦੇਵਣੀ ਚੁੱਪ ਨੂੰ ਕੋਹਿਣਾ ਹੈ।
ਬਿਨਾਂ ਸਿੱਖਿਯਾ ਦੇ ਆਸ ਸੁੱਖ ਸੰਦੀ,
ਧੋਪਾ ਜਿਵੇਂ ਹਾਥੀ ਤਾਈਂ ਧੋਹਿਣਾ ਹੈ
ਬਿਨਾਂ ਸਿੱਖਿਯਾ ਸੁੱਖਾਂ ਦੀ ਭਾਲ ਕਰਨੀ,
ਧੂਏਂ ਵਿਚ ਜਾ ਬਰਫ ਨੂੰ ਜੋਹਿਣਾ ਹੈ।[18]

ਭਾਈ ਵੀਰ ਸਿੰਘ ਦੇ ਇਸ ਬੰਦ ਵਿਚ ਕੁਝ ਚਿਹਨ ਪ੍ਰਮਾਤਮਾ, ਕੁੱਲ ਜਹਾਨ ਸਿਰਜਣ ਵਾਲਾ, ਵਿੱਦਿਆ, ਵਿੱਦਿਆ ਨਾਲ ਸੁਖ ਦੀ ਪ੍ਰਾਪਤੀ ਅਹਿਮ ਹਨ। ਭਾਈ ਵੀਰ ਸਿੰਘ ਇਕ ਅਜਿਹੀ ਧਰਮੀ-ਕਰਮੀ ਸ਼ਖ਼ਸ਼ੀਅਤ ਦੀ ਕਾਮਨਾ ਕਰ ਰਿਹਾ ਹੈ ਜਿਸ ਦਾ ਪ੍ਰਮਾਤਮਾ ਵਿਚ ਅਟੁੱਟ ਵਿਸ਼ਵਾਸ ਹੋਵੇ, ਉਹ ਵਿੱਦਿਆ (ਗੁਰਮਤਿ ਅੰਦਰ ਪਈ ਨਵ-ਸਮਾਜ ਦੀ





ਸਿਰਜਣਾ ਵਾਲੀ ਨਹੀਂ ਸਗੋਂ ਬਸਤੀਵਾਦੀ ਗਿਆਨ ਵਾਲੀ ਵਿੱਦਿਆ) ਪ੍ਰਾਪਤ ਕਰਕੇ ਅਗਾਂਹ ਤੁਰੇ ਅਤੇ ਇਕ ਅਜਿਹਾ ਆਦਰਸ਼ਕ ਮਨੁੱਖ ਹੋਵੇ ਜਿਸਦੀ ਆਪਣੀ ਨਿਰਾਲੀ ਅਤੇ ਨਿਵੇਕਲੀ ਪਛਾਣ ਹੋਵੇ। ਇਸ ਨਿਵੇਕਲੀ ਪਛਾਣ ਲਈ ਜਿਸ ਦਾਰਸ਼ਨਿਕ ਅਤੇ ਵਿਸ਼ਵਾਸੀ ਸ਼ਰਧਾ-ਪ੍ਰਬੰਧ ਉੱਪਰ ਉਹ ਟੇਕ ਰੱਖਦਾ ਹੈ, ਉਹ ਗੁਰੂ ਗ੍ਰੰਥ ਸਾਹਿਬ ਹੈ। ਭਾਈ ਵੀਰ ਸਿੰਘ ਦੇ ਸਮੁੱਚੇ ਰਚਨਾ ਪ੍ਰਬੰਧ ਵਿਚ ਵਿਚਾਰਧਾਰਕ ਟੇਕ ਅਤੇ ਦਾਰਸ਼ਨਿਕ ਪ੍ਰੇਰਕ ਗੁਰੂ ਗ੍ਰੰਥ ਸਾਹਿਬ, ਗੁਰੂ ਜੀਵਨ, ਸਿੱਖ ਲਹਿਰ ਅਤੇ ਅਵਚੇਤਨ ਵਿਚ ਸਿੱਖ ਰਾਜ ਦੌਰਾਨ ਪ੍ਰਾਪਤ ਕੀਤੀ ਸਿੱਖ ਸਵੈ-ਪ੍ਰਭੁਤਾ ਹੈ। ਇਸ ਪ੍ਰਭਾਵ ਵਿਚੋਂ ਭਾਈ ਵੀਰ ਸਿੰਘ ਨੂੰ ਨਵ-ਰਹੱਸਵਾਦੀ ਕਵੀ ਕਹਿਣ ਦੀ ਉਕਤੀ ਵੀ ਬਹੁਤ ਪ੍ਰਚੱਲਤ ਹੈ, ਜੋ ਸਰਾਸਰ ਗ਼ੈਰ-ਵਿਗਿਆਨਕ, ਵਿਵੇਕਹੀਣ ਅਤੇ ਸਰਲ ਅਰਥੀ ਸਾਰ ਵਾਲੀ ਹੈ। ਭਾਈ ਵੀਰ ਸਿੰਘ ਗੁਰਮਤਿ ਅਤੇ ਸਿੱਖ ਪਰੰਪਰਾ ਰਾਹੀਂ ਬਸਤੀਵਾਦੀ ਰਾਜ ਦੌਰਾਨ ਸਿੱਖ ਪਛਾਣ ਨੂੰ ਦ੍ਰਿੜ ਤਾਂ ਕਰਦਾ ਹੈ ਪਰੰਤੂ ਭਵਿੱਖਮਈ ਸਰੋਕਾਰ ਉਸ ਨਵੇਂ ਮਨੁੱਖ ਦੇ ਹਨ, ਜਿਹੜਾ ਪੁਰਾਤਨ ਕਦਰ-ਪ੍ਰਬੰਧ ਦੇ ਥਾਵੇਂ ਨਵੇਂ ਕਦਰ-ਪ੍ਰਬੰਧ ਅਤੇ ਬਸਤੀਵਾਦੀ ਨਵੇਂ ਵਿਚਾਰ ਪ੍ਰਬੰਧ ਨਾਲ ਜੁੜ ਕੇ ਸਮੇਂ ਦੇ ਹਾਣ ਦਾ ਬਣ ਸਕੇ। ਇਸ ਘੁੰਢੀ ਨੂੰ ਸਮਝਣਾ ਹੀ ਜ਼ਰੂਰੀ ਹੈ ਕਿਉਂਕਿ ਗੁਰਮਤਿ ਨੂੰ ਸਿਰਫ਼ ਅਧਿਆਤਮਕਤਾ ਤੱਕ ਸੀਮਤ ਕਰ ਦੇਣਾ, ਬਹੁਤ ਵੱਡੀ ਸੀਮਾ ਬਣ ਜਾਂਦਾ ਹੈ। ਗੁਰਮਤਿ ਇਕ ਸੰਪੂਰਨ ਜੀਵਨ ਦਰਸ਼ਨ ਅਤੇ ਜੀਵਨ-ਜਾਚ ਹੈ। ਇਹ ਸਮੁੱਚੇ ਹਿੰਸਕ ਅਤੇ ਸੋਸ਼ਣਕਾਰੀ ਪ੍ਰਬੰਧ ਨੂੰ ਹੀ ਪਲਟ ਕੇ ਨਵੇਂ ਸਮਾਜ ਦੀ ਸੰਕਲਪਨਾ ਕਰਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਗੁਰਮਤਿ ਦਰਸ਼ਨ ਦੀ ਅਧਿਆਤਮਕਤਾ ਨੂੰ ਤਾਂ ਸਵੀਕਾਰ ਕਰਦੀ ਹੈ ਪਰੰਤੂ ਉਹ ਗੁਰਮਤਿ ਦਰਸ਼ਨ ਦੀ ਸਮਾਜਕਤਾ ਤੋਂ ਨਿਰਲੇਪ ਹੋ ਜਾਂਦੀ ਹੈ। ਇਹ ਨਿਰਲੇਪਤਾ ਬਸਤੀਵਾਦੀ ਪ੍ਰਬੰਧ ਨਾਲ ਸਹਿ-ਹੋਂਦ ਵਿਚ ਬਦਲਣ ਲਗਦੀ ਹੈ। ਇਸੇ ਕਰਕੇ ਭਾਈ ਵੀਰ ਸਿੰਘ ਅਜਿਹੇ ਸਿੱਖਿਅਤ (ਬਸਤੀਵਾਦੀ ਗਿਆਨ ਪ੍ਰਬੰਧ ਵਾਲੇ) ਮਨੁੱਖ ਦੀ ਕਾਮਨਾ ਕਰਦਾ ਹੈ ਜਿਹੜਾ ਬਸਤੀਵਾਦ ਦੇ ਵਰਤਮਾਨ ਨਾਲ ਭਾਈਵਾਲ ਬਣ ਜਾਂਦਾ ਹੈ। ਭਾਈ ਵੀਰ ਸਿੰਘ ਦੇ ਕਾਵਿ ਵਿਚ ਜੰਗਜੂ, ਬਹਾਦਰ, ਅਨਿਆਂ ਖਿਲਾਫ਼ ਡਟ ਜਾਣ ਵਾਲਾ ਸਿੱਖ ਪਾਤਰ ਨਹੀਂ ਹੈ ਸਗੋਂ ਅਜਿਹਾ ਹੈ ਜੋ ਸਮੇਂ ਨੂੰ ਵਾਚ ਕੇ ਤੁਰਨ ਵਾਲਾ ਹੈ। ਜੋ ਡਟ ਜਾਣ ਵਾਲਾ ਸਿੱਖ ਹੈ, ਉਹ ਬਾਹਰੀ ਦਿੱਖ ਵਜੋਂ ਦਿਖਣ ਵਾਲਾ ਸਿੱਖ, ਅਧਿਆਤਮਕ ਸ਼ਰਧਾ ਨੂੰ ਵਰੋਸਾਇਆ ਹੋਇਆ ਹੈ, ਜਿਹੜਾ ਦੂਜੀਆਂ ਸੰਪਰਦਾਵਾਂ ਦੇ ਸਮਾਨਾਂਤਰ ਤਣਾਓ ਰੂਪੀ ਰਿਸ਼ਤੇ ਵਿਚ ਬੱਝਿਆ ਹੋਇਆ ਹੈ। ਇਹ ਮਨੁੱਖ ਸਵੈ-ਨਿਯੰਤਰਣ ਵਾਲਾ, ਅਧਿਆਤਮਕ ਅਨੁਸਾਸ਼ਨ ਵਾਲਾ ਅਤੇ ਸਦਵਿਹਾਰੀ ਸਦਾਚਾਰ ਵਾਲਾ ਸਹਿਹੋਂਦੀ ਮਨੁੱਖ ਹੈ। ਇਹ ਵਿਦਰੋਹੀ ਨਹੀਂ ਸਗੋਂ ਸਦਾਵਿਹਾਰੀ ਵਿਹਾਰਕ ਸਿਆਣਪ ਵਾਲਾ ਹੈ। ਇਉਂ ਭਾਈ ਵੀਰ ਸਿੰਘ ਦੇ ਕਾਵਿ ਵਿਚ ਸਰੂਪਿਆ ਜਾਣ ਵਾਲਾ ਮਨੁੱਖ ਬਸਤੀਵਾਦੀ ਰਉਂ-ਰੁੱਖ ਵਾਲਾ ਬਣਨ ਲੱਗਦਾ ਹੈ, ਜਿਹੜਾ ਸਿੱਖਿਆ ਦੇ ਨਵੇਂ ਮਾਡਲ ਨੂੰ ਅਪਣਾਉਣ ਦੀ ਚਾਹਤ ਕਰਕੇ ਅਸਲੋਂ ਪਰਿਵਰਤਤ ਅਤੇ ਬਸਤੀਵਾਦੀ ਵਿਧੀ-ਵਿਧਾਨ ਅਨੁਸਾਰ ਹੈ।

ਭਾਈ ਵੀਰ ਸਿੰਘ ਦੇ ਨਿਮਰ ਭਾਵਾਂ ਦੇ ਵਧੇਰੇ ਚਿਹਨ ਉਸ ਦੀਆਂ ਉਨ੍ਹਾਂ ਸੂਖ਼ਮ ਕਵਿਤਾਵਾਂ ਵਿਚ ਹਨ ਜੋ ਕਥਨ ਦੀ ਪੱਧਰ ਵਾਲੀਆਂ ਨਹੀਂ ਹਨ, ਸਗੋਂ ਪ੍ਰਕਿਰਤੀ ਦੇ ਚਿਹਨਾਂ ਨਾਲ ਲਬਰੇਜ਼ ਹਨ। 'ਲਹਿਰਾਂ ਦੇ ਹਾਰ' ਸੰਗ੍ਰਹਿ ਵਿਚ ਸ਼ਾਮਲ ਕਵਿਤਾ 'ਕਰਨੇ ਦੀ ਖੁਸ਼ਬੋ ਤੇ ਕਰਨੇ ਦੀ ਅਨਖੁੱਲ੍ਹੀ ਕਲੀ ਦੀ ਬਾਤ ਚੀਤ' ਵਿਚ ਇਹ ਧੁਨੀ ਬਣ ਕੇ ਸਮੋਈ ਹੋਈ ਹੈ। ਖ਼ੁਸ਼ਬੋ ਜਿਹੜੀ ਖੁੱਲ੍ਹੇ ਅੰਬਰਾਂ ਵਿਚ ਉੱਠਣ ਲਈ ਬਿਹਬਲ ਹੈ ਅਤੇ ਆਪਣੇ ਇਰਦ-ਗਿਰਦ ਦੀਆਂ ਸਭ ਬੰਦਸ਼ਾਂ ਉਲੰਘ ਜਾਣੀਆਂ ਚਾਹੁੰਦੀ ਹੈ। ਆਜ਼ਾਦ ਹੋਵਣ ਦਾ ਸੁਪਨਾ ਜਿਸ ਦੀ ਚਾਹਤ ਹੈ। ਪਰ ਕਲੀ ਦਾ ਜਵਾਬ ਇਸ ਆਜ਼ਾਦੀ ਦੀ ਥਾਵੇਂ ਨਿਯੰਤਰਣ ਅਤੇ ਅਨੁਸਾਸ਼ਨ ਵਿਚ ਰਹਿਣ ਦਾ ਸੰਕੇਤ ਬਸਤੀਵਾਦੀ ਪ੍ਰਬੰਧ ਅਧੀਨ ਵਿਚਰਨ ਦੀ ਚੇਤਨਾ ਦਾ ਹੀ ਸੰਕੇਤ ਹੈ :

ਕਾਹਲੀਏ ਤੇ ਬਾਹਲੀਏ
ਮੁਟਿਆਰ ਹੋਈਏ ਬੱਚੀਏ ਨੀ।
ਬੈਠ ਨੀ ਆਰਾਮ ਨਾਲ
ਗੋਦੀ ਸੁੱਖ ਮਾਣ ਲੈ।

ਮੇਰੀਆਂ ਕਲਾਈਆਂ ਵਿਚ
ਤੇਰੀ ਹੈ ਸਲਾਮਤੀ ਨੀ,
ਗੋਦੀ ਬੈਠ, ਗੋਦੀ ਬੈਠ
ਗੋਦੀ-ਸੁੱਖ ਸਯਾਣ ਲੈ।
ਗੋਦੋਂ ਗਈ, ਗਈ ਗਈ,
ਖਿੰਡ ਖਿੰਡ, ਖਿਲ੍ਹ ਖਿਲ੍ਹ,
ਖਿਲ੍ਹ ਖਿਲ੍ਹ, ਖਿੰਡ ਖਿੰਡ
ਗੁਆਚ ਜਾਸੇਂ ਜਾਣ ਲੈ।
ਖੁੱਲ੍ਹੇ ਖੁੱਲ੍ਹੇ ਮੰਡਲਾਂ ਦੇ
ਸੁਪਨੇ ਜੋ ਆਣ ਤੈਨੂੰ
ਸੁਪਨਾ ਕਰ ਲੈਣਗੇ ਓ
ਸਾਚੀ ਏ ਪਛਾਣ ਲੈ।[19]

ਇਥੇ ਕਵਿਤਾ ਸਿਰਫ਼ ਵਿਚਾਰ ਦੇ ਪੱਖ ਤੋਂ ਹੀ ਵਿਦਰੋਹੀ ਸਰੂਪ ਵਾਲੇ ਮਨੁੱਖ ਨੂੰ ਅਨੁਸਾਸ਼ਨ ਵਿਚ ਬੱਝਣ ਦੇ ਵਿਚਾਰਧਾਰਾਈ ਸੰਕੇਤ ਤੱਕ ਸੀਮਤ ਨਹੀਂ ਹੈ, ਸਗੋਂ ਭਾਈ ਵੀਰ ਸਿੰਘ ਦੇ ਭਾਵਾਂ ਵਿਚ ਨਿਮਰਤਾ, ਜ਼ਬਤ, ਨਿਰਮਾਣਤਾ, ਸਲਾਮਤੀ, ਸੁੱਖ ਅਤੇ ਸੁਰੱਖਿਆ ਦੇ ਨਾਲ ਨਾਲ ਇਹ ਦੱਬਵੀਂ ਸੁਰ ਵਿਚ ਚੇਤਾਵਨੀ ਵੀ ਹੈ ਕਿ ਜੇਕਰ ਖੁੱਲ੍ਹੇ-ਮੰਡਲ (ਆਜ਼ਾਦੀ ਦੇ) ਸੁਪਨੇ ਨਾ ਰੋਕੇ ਤਾਂ ਬਸਤੀਵਾਦ ਤੈਨੂੰ ਵੀ ਸੁਪਨਾ (ਮਿਟਾ ਦੇਣਾ) ਕਰ ਦੇਵੇਗਾ।

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਬਸਤੀਵਾਦੀ ਜ਼ਬਤ ਦਾ ਇਕੋ ਵਿਚਾਰ ਕਿਧਰੇ ਮੁਖਰ ਰੂਪ ਵਿਚ, ਕਿਧਰੇ ਕਥਨ ਦੀ ਪੱਧਰ ਉੱਪਰ, ਕਿਧਰੇ ਰੂਪਕ ਪੱਧਰ ਉੱਪਰ, ਕਿਧਰੇ ਧੁਨੀ ਬਣ ਕੇ ਅਤੇ ਕਿਧਰੇ ਸੰਵਾਦ ਦੇ ਰੂਪ ਵਿਚ ਬਾਰ ਬਾਰ ਸਾਹਮਣੇ ਆਉਂਦਾ ਹੈ :

ਸਾਗਰ ਪੁੱਛਦਾ : – 'ਨਦੀਏ! ਸਾਰੇ
ਬੂਟੇ ਬੂਟੀਆਂ ਲਯਾਵੇਂ,
ਪਰ ਨਾ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ?
ਨਦੀ ਆਖਦੀ : 'ਆਕੜ ਵਾਲੇ',
ਸਭ ਬੂਟੇ ਪਟ ਸੱਕਾਂ
ਪਰ ਜੋ ਝੁਕੇ, ਵਗੇ ਰਉਂ ਰੁਖ ਨੂੰ
ਪੇਸ਼ ਨ ਉਸ 'ਤੇ ਜਾਵੇ।[20]

ਭਾਈ ਵੀਰ ਸਿੰਘ ਦਾ ਸਰੂਪਿਆ ਮਨੁੱਖ ਬਾਰ ਬਾਰ ਉਸ ਜ਼ਬਤ ਦਾ ਪ੍ਰਮਾਣ ਦਿੰਦਾ ਹੈ, ਜਿਹੜਾ ਜ਼ਬਤ ਸਮੇਂ ਦੀ ਬਸਤੀਵਾਦੀ ਹਕੂਮਤ ਨੇ 1857 ਦੇ ਜਨ-ਵਿਦਰੋਹ ਉਪਰੰਤ ਸਖ਼ਤ ਕਾਨੂੰਨਬੰਦੀ ਰਾਹੀਂ ਮਾਨਵੀ ਸੋਚ ਦਾ ਹਿੱਸਾ ਬਣਾ ਦਿੱਤਾ ਸੀ। ਬਸਤੀਵਾਦੀ ਪ੍ਰਬੰਧ ਅਧੀਨ ਮਨੁੱਖ ਕੋਲ ਦੋ ਹੀ ਰਸਤੇ ਸਨ, ਜਾਂ ਤਾਂ ਉਹ ਬਸਤੀਵਾਦੀ ਪ੍ਰਬੰਧ ਤੋਂ ਵਿਦਰੋਹ ਕਰੇ ਜਾਂ ਉਹ ਬਸਤਵਾਦੀ ਪ੍ਰਬੰਧ ਦੇ ਅਨੁਕੂਲ ਚੱਲੇ। ਬਸਤੀਵਾਦੀ ਵਿਦਰੋਹ ਦਾ ਅਰਥ ਸੀ, ਜਬਰ, ਹਿੰਸਾ, ਜਲਾਵਤਨੀ, ਫਾਂਸੀ ਤੇ ਆਪਾ ਮਿਟਾ ਲੈਣਾ। ਬਸਤੀਵਾਦੀ ਅਨੁਕੂਲਤਾ ਦੇ ਅੱਗੋਂ ਦੋ ਰਸਤੇ ਸਨ। ਇਕ ਸੀ ਕਿ ਆਪਣਾ ਸਮੁੱਚਾ ਆਪਾ ਬਸਤੀਵਾਦ ਨੂੰ ਸਮਰਪਿਤ ਕਰ ਦੇਣਾ ਅਤੇ ਬਸਤੀਵਾਦੀ ਪ੍ਰਬੰਧ ਦਾ ਹੱਥ ਠੋਕਾ ਬਣ ਕੇ





ਬਸਤੀਵਾਦੀ ਮਸ਼ੀਨਰੀ ਦਾ ਕਲਪੁਰਜ਼ਾ ਬਣ ਜਾਣਾ। ਦੂਜਾ ਸੀ, ਬਸਤੀਵਾਦੀ ਪ੍ਰਬੰਧ ਦੇ ਅਨੁਕੂਲ ਵੀ ਰਹਿਣਾ ਅਤੇ ਆਪਣੀ ਮੂਲ ਪਛਾਣ ਵੀ ਬਚਾਈ ਰੱਖਣਾ ਤੇ ਵਿਪਰੀਤ ਪਰਿਸਥਿਤੀਆਂ ਦੇ ਬਾਵਜੂਦ ਆਪਣੀ ਹਾਜ਼ਰੀ ਨੂੰ ਦਰਜ਼ ਕਰਵਾ ਕੇ ਅਗਾਂਹ ਵਧਣਾ। ਇਹ ਇਤਿਹਾਸਕ ਦਬਾਓ, ਤਣਾਓ ਅਤੇ ਅੰਤਰ-ਵਿਰੋਧ ਉਸ ਯੁੱਗ ਦਾ ਹੈ, ਜਿਸ ਦੀ ਜਟਿਲਤਾ ਨੂੰ ਸਮਝਣਾ ਜ਼ਰੂਰੀ ਹੈ। ਇਸ ਨੂੰ ਮਾਰਕਸਵਾਦੀ ਚਿੰਤਨ ਉੱਠਦੀ ਸਿੱਖ ਬੁਰਜੁਆਜੀ ਅਤੇ ਮੱਧਵਰਗੀ ਸੋਚ ਨਾਲ ਮੋਟੇ ਠੁੱਲ੍ਹੇ ਰੂਪ ਵਿਚ ਨੱਥੀ ਕਰ ਦਿੰਦਾ ਹੈ। ਇਹ ਕਦੇ ਵੀ ਜ਼ਰੂਰੀ ਨਹੀਂ ਹੁੰਦਾ ਕਿ ਮਨੁੱਖ ਹਮੇਸ਼ਾਂ ਜਮਾਤੀ ਪੁਜੀਸ਼ਨ ਤੋਂ ਹੀ ਆਪਣਾ ਰੁਖ਼ ਸਾਬਤ ਕਰੇ। ਮਨੁੱਖ ਇਕ ਤੋਂ ਵਧੀਕ ਪਰਤਾਂ 'ਚ ਜਿਉਂਦਾ ਹੋਇਆ ਕਦੇ ਕਿਸੇ ਪੁਜੀਸ਼ਨ 'ਤੇ ਖੜ੍ਹੋਂਦਾ ਹੈ ਅਤੇ ਕਦੇ ਕਿਸੇ ਪੁਜੀਸ਼ਨ ਉੱਪਰ, ਕਿਉਂਕਿ ਇਹ ਮਾਨਵੀ ਇੱਛਾ ਉੱਪਰ ਨਿਰਭਰ ਨਹੀਂ ਕਰ ਰਿਹਾ ਹੁੰਦਾ ਸਗੋਂ ਉਸ ਦੌਰ ਦੀ ਸਮਾਜੀ ਸੰਰਚਨਾ ਅਤੇ ਉਸ ਦੀਆਂ ਇਤਿਹਾਸਕ ਪਰਿਸਥਿਤੀਆਂ ਦੀ ਦੇਣ ਹੁੰਦਾ ਹੈ। ਇਨ੍ਹਾਂ ਪਰਿਸਥਿਤੀਆਂ ਵਿਚੋਂ ਹੀ ਰਚਨਾਕਾਰ ਨੇ ਆਪਣਾ ਪ੍ਰਤਿਹੁੰਗਾਰਾ ਸਿਰਜਣਾ ਹੁੰਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿਚ ਸਰੂਪਿਆ ਮਨੁੱਖ 1857 ਤੋਂ ਬਾਅਦ ਦਾ ਜ਼ਬਤੀ ਮਨੁੱਖ ਹੈ, ਪਰੰਤੂ ਉਹ ਬਸਤੀਵਾਦੀ ਸਥਾਪਤੀ ਦਾ ਨਹੀਂ ਹੈ, ਸਗੋਂ ਜਟਿਲ ਸਥਿਤੀ ਵਿਚ ਆਪੇ ਨੂੰ ਸਾਂਭ ਕੇ, ਖੜੋ ਕੇ, ਅੱਗੇ ਵਧਣ ਵਾਲਾ ਮਨੁੱਖ ਹੈ ਜੋ ਆਪਣੀ ਮੂਲ ਪਛਾਣ ਨੂੰ ਧਰਮ ਕੇਂਦਰਿਤ ਰੱਖ ਕੇ ਪੰਜਾਬ ਦੀ ਸਭਿਆਚਾਰਕ (ਸਿੱਖ) ਪਛਾਣ ਨੂੰ ਦ੍ਰਿੜ ਕਰਦਾ ਹੈ। ਉਹ ਮਨੁੱਖ ਪਰਿਸਥਿਤੀਆਂ ਨਾਲ ਤੁਰਨ ਵਾਲਾ ਅਤੇ ਬੈਂਤ ਦੇ ਬੂਟੇ ਵਾਂਗ ਆਪਣੀ 'ਆਤਮ ਰੱਖਿਆ' ਦੀ ਚੇਤਨਾ ਨਾਲ ਲਬਰੇਜ਼ ਹੈ। ਇਹ ਉਹੀ ਆਤਮ ਰੱਖਿਆ ਹੈ ਜੋ 1849 ਤੋਂ ਬਾਅਦ ਇਤਿਹਾਸਕ ਦਬਾਅ ਵਿਚੋਂ ਆਪਣੀ ਪਛਾਣ ਬਣਾਈ ਰੱਖਣ ਦੀ ਸੋਝੀ ਵਿਚੋਂ ਪੈਦਾ ਹੁੰਦੀ ਹੈ।

ਬਸਤੀਵਾਦੀ ਗਿਆਨ ਸ਼ਾਸਤਰ ਨੇ ਭਾਰਤੀ ਦਰਸ਼ਨ ਅਤੇ ਭਾਰਤੀ ਧਰਮ ਨੂੰ ਇਕ ਹੀ ਸਵੀਕਾਰ ਵੀ ਲਿਆ ਅਤੇ ਸਥਾਪਤ ਵੀ ਕਰ ਦਿੱਤਾ। ਬਸਤੀਵਾਦੀ ਦੌਰ ਵਿਚ ਭਾਰਤ ਦੇ ਸਮੁੱਚੇ ਧਰਮ-ਗਿਆਨ ਨੂੰ ਦਰਸ਼ਨ ਗਿਆਨ ਅਤੇ ਦਰਸ਼ਨ ਗਿਆਨ ਨੂੰ ਧਰਮ ਗਿਆਨ ਵਿਚ ਬਦਲ ਕੇ ਵਿਭਿੰਨ ਸੰਪਰਦਾਵਾਂ ਨੂੰ ਉਨ੍ਹਾਂ ਦਾ ਅਨੁਯਾਈ ਸਵੀਕਾਰ ਕਰ ਲਿਆ। ਇਸ ਨਾਲ ਸੰਕਟ ਇਹ ਵਾਪਰਿਆ ਕਿ ਬਸਤੀਵਾਦੀ ਦੌਰ ਅਤੇ ਬਸਤੀਵਾਦ ਤੋਂ ਬਾਅਦ ਉਤਪੰਨ ਹੋਏ ਭਾਰਤੀ ਚਿੰਤਨ ਨੇ ਇਸ ਨੂੰ ਸਵੀਕਾਰ ਕਰਕੇ ਆਪਣੀਆਂ ਪਰੰਪਰਾਵਾਂ, ਸਾਹਿਤ ਅਤੇ ਸਮਾਜ ਦੇ ਬਾਕੀ ਅਨੁਸਾਸ਼ਨਾਂ ਦਾ ਅਧਿਐਨ ਇਸੇ ਦ੍ਰਿਸ਼ਟੀ ਤੋਂ ਕਰਨਾ ਸ਼ੁਰੂ ਕਰ ਦਿੱਤਾ। ਇਸ ਕਰਕੇ ਸਾਡੇ ਅਧਿਐਨ ਦੇ ਨਤੀਜੇ ਵੀ ਲਗਭਗ ਉਹ ਹੀ ਹਨ, ਜੋ ਬਸਤੀਵਾਦੀ ਚਿੰਤਨ ਦੇ ਹਨ। ਡਾ. ਮਨੇਂਦਰ ਨਾਥ ਠਾਕਰ ਇਸ ਤੱਥ ਵੱਲ ਗੰਭੀਰ ਧਿਆਨ ਦਿਵਾਉਂਦਿਆਂ ਸੰਕੇਤ ਕਰਦਾ ਹੈ, "ਉਦਾਹਰਨ ਦੇ ਲਈ ਜੇਕਰ ਬੰਗਾਲ ਵਿਚ ਸਾਂਖ ਦਰਸ਼ਨ ਦਾ ਪ੍ਰਭਾਵ ਹੈ ਤਾ ਆਸਾਮ ਵਿਚ ਤੰਤਰ ਦਾ ਅਤੇ ਮਿਥਿਲਾ ਵਿਚ ਨਯਾਯ ਦਾ। ਇਨ੍ਹਾਂ ਦਰਸ਼ਨਾਂ ਦਾ ਪ੍ਰਭਾਵ ਇਨ੍ਹਾਂ ਦੇ ਸੋਚਣ-ਸਮਝਣ ਦੇ ਤਰੀਕਿਆਂ ਉੱਪਰ ਦੇਖਿਆ ਜਾ ਸਕਦਾ ਹੈ।"[21] ਪਰੰਤੂ ਨਾ ਤਾਂ ਬਸਤੀਵਾਦੀ ਚਿੰਤਨ ਵਿਚ ਅਤੇ ਨਾ ਹੀ ਸਾਡੇ ਆਪਣੇ ਚਿੰਤਨ ਵਿਚ ਇਨ੍ਹਾਂ ਤੱਤਾਂ ਦਾ ਨਿਖੇੜਾ ਹੈ। ਇਸੇ ਕਰਕੇ ਸਾਡੇ ਵਿਹਾਰਕ ਅਧਿਐਨ ਵੇਲੇ ਗੰਭੀਰ ਸੰਕਟ ਵਿਆਪ ਜਾਂਦੇ ਹਨ।

ਭਾਈ ਵੀਰ ਸਿੰਘ ਦੇ ਪ੍ਰਸੰਗ ਵਿਚ ਵੀ ਇਹੋ ਸਥਿਤੀ ਹੈ ਕਿ ਭਾਈ ਵੀਰ ਸਿੰਘ ਦੇ ਵਧੇਰੇ ਆਧਾਰਾਂ ਨੂੰ ਧਰਮ-ਚਿੰਤਨ ਵਿਚੋਂ ਹੀ ਤਲਾਸ਼ਿਆ ਜਾਂਦਾ ਹੈ। ਜਦੋਂ ਕਿ ਭਾਈ ਵੀਰ ਸਿੰਘ ਦਾ ਧਾਰਮਿਕ ਵਿਸ਼ਵਾਸ ਸਿੱਖ ਧਰਮ ਨਾਲ ਸੰਬੰਧਿਤ ਹੈ ਅਤੇ ਦਰਸ਼ਨ ਦੀ ਪੱਧਰ ਉੱਪਰ ਉਹ ਗੁਰਮਤਿ ਤੇ ਜੰਗਜੂ ਕਿਰਦਾਰ ਅਤੇ ਨਵੇਂ ਸਮਾਜ ਦੀ ਸਿਰਜਣਾ ਵਾਲੇ ਵਿਚਾਰਧਾਰਕ ਸੂਤਰ ਤੋਂ ਵਿੱਥ ਥਾਪ ਲੈਂਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਵਿਚ ਸਿੱਖ ਧਰਮ ਦਾ ਪੂਜਿਆ ਜਾਣ ਵਾਲਾ ਅਤੇ ਅਧਿਆਤਮੀ ਪ੍ਰਸੰਗ ਹਰ ਵਕਤ ਹਾਜ਼ਰ ਰਹਿੰਦਾ ਹੈ। ਭਾਈ ਵੀਰ ਸਿੰਘ ਵਿਸ਼ਵਾਸ ਦੀ ਪੱਧਰ ਉੱਪਰ ਗੁਰਮਤਿ ਦੀ ਅਧਿਆਤਮਕਤਾ ਨਾਲ ਲਬਰੇਜ਼ ਰਹਿ ਕੇ 'ਸਿੱਖ ਪਛਾਣ' ਨੂੰ ਦ੍ਰਿੜ ਕਰਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਵਿਚ ਸੰਵਾਦ ਨਾਲੋਂ ਵਧੇਰੇ ਸਵੀਕਾਰ ਦੀ ਚੇਤਨਾ ਹੈ। ਇਸ ਵਿਚੋਂ ਉਸਦੀ ਕਾਵਿ

ਭਾਸ਼ਾਕਾਰੀ ਅਧਿਆਤਮਕ ਚਿਹਨਾਂ ਦਾ ਪ੍ਰਾਇਵਾਚੀ ਬਣ ਜਾਂਦੀ ਹੈ। ਇਹ ਚਿਹਨ ਅਧਿਆਤਮਕਤਾ ਦੇ ਰਸਤਿਓਂ ਗੁਰਮਤਿ ਵਾਂਗ ਸਮਾਜਕਤਾ ਦਾ ਸਿਰਜਣ ਨਹੀਂ ਕਰਦੇ ਸਗੋਂ ਪੂਜਾ, ਸ਼ਰਧਾ ਅਤੇ ਆਸਥਾ ਵਿਚ ਉੱਤਰ ਜਾਂਦੇ ਹਨ। 'ਕੰਬਦੀ ਕਲਾਈ' ਕਾਵਿ ਸੰਗ੍ਰਹਿ ਦੇ ਵਧੇਰੇ ਗੀਤ ਇਸ ਚੇਤਨਾ ਨਾਲ ਵਰੋਸਾਏ ਹੋਏ ਹਨ : -

ਇਕ ਝਲਕਾ ਮਿਲਯਾ ਅਚਾਨਕ ਦਾ
ਦੁਖ ਮਿਟਿਆ ਰਾਹ ਭਿਆਨਕ ਦਾ
ਫਿਰ ਹੁਕਮ ਮਿਲਯਾ ਗੁਰ ਨਾਨਕ ਦਾ
'ਘਰ ਜੰਗਲ ਆਪ ਬਨਾਈਦਾ,
ਨਹੀਂ ਵਿਚ ਬਨਾਂ ਦੇ ਧਾਈਦਾ।
'ਜਦ ਸੁੱਤਾ ਟੱਬਰ ਰਾਤ ਪਿਆ
ਘਰ ਜੰਗਲ ਤਦ ਹੋ ਸਾਫ਼ ਗਿਆ,
ਚੁੱਪ ਸ਼ਾਂਤਿ ਇਕਾਂਤ ਚੁਫੇਰ ਥਿਆ,
ਨਹੀਂ ਸੁੱਤਿਆਂ ਸਮਾਂ ਗਵਾਈਦਾ
'ਸ਼ਹੁ ਮਿਲੇ ਜਿ ਜਾਗ ਧਿਆਈਦਾ।
ਸ਼ਹੁ ਪਾਈਏ ਯਾਦ ਕਰਾਈਏ ਜੇ
ਕਰ ਪਯਾਰ ਨਾ ਦਿਲੋਂ ਭੁਲਾਈਏ ਜੇ,
ਉਹ ਪਯਾਰ ਕੀਤਿਆਂ ਪਾਈਦਾ
'ਬਿਨ ਪ੍ਰੇਮ ਹੱਥ ਨਹੀਂ ਆਈਦਾ।
ਜਦ ਲਿਵ ਦੀ ਤਾਰ ਬਨ੍ਹਾਂਦੀ ਹੈ,
ਜਿੰਦ ਸ਼ਹੁ ਦੇ ਵਿਚ ਸਮਾਂਦੀ ਹੈ,
'ਸੁਖ ਵਸਲ ਪੀਆ ਦੀ ਪਾਂਦੀ ਹੈ,
ਤਦ ਘਰ ਬੈਠੇ ਹੀ ਪਾਈਦਾ।
'ਘਰ ਬਨ ਦੇ ਤੁਲ ਬਨਾਈ ਦਾ।'
ਮੈਂ ਸਦਕੇ ਸਤਿਗੁਰ ਪਯਾਰੇ ਤੋਂ
ਗੁਰ ਨਾਨਕ ਮੇਲਨਹਾਰੇ ਤੋਂ
ਉਸ ਪ੍ਰੀਤਮ ਆਪ ਸੁਆਰੇ ਤੋਂ
ਜਿਸ ਮਿਲਿਆ ਭਵ ਤਰ ਜਾਈਦਾ।
ਮਿਲ, ਵਿਛੜ ਨ ਜਿਸ ਤੋਂ ਜਾਈਦਾ।[22]

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਸਰੂਪਿਆ ਮਨੁੱਖ ਜੰਗਜੂ, ਸੰਘਰਸ਼ੀ ਅਤੇ ਬਸਤੀਵਾਦੀ ਹਿੰਸਕ ਰਾਜ ਦੇ ਖਿਲਾਫ਼ ਵਿਰੋਧੀ, ਪ੍ਰਤਿਰੋਧੀ ਜਾਂ ਵਿਦਰੋਹੀ ਨਹੀਂ ਬਣਦਾ ਸਗੋਂ ਆਪਣੀ ਸਿੱਖ ਪਛਾਣ ਨੂੰ ਸਿੱਖ ਧਰਮ ਦੇ ਮਾਧਿਅਮ ਬਣਾ ਕੇ ਅਗਾਂਹ ਤੁਰਨ ਵਾਲਾ ਹੈ। ਭਾਈ ਵੀਰ ਸਿੰਘ ਜਿਸ ਸਿੰਘ ਸਭਾ ਲਹਿਰ ਦਾ ਪ੍ਰਵਕਤਾ ਸੀ, ਉਹ ਲਹਿਰ ਵਿਚਾਰਧਾਰਕ ਤੌਰ 'ਤੇ ਜਿੰਨੀ ਆਰੀਆ ਸਮਾਜੀ ਅਤੇ ਅਹਿਮਦੀਆ ਲਹਿਰ ਦੇ ਖਿਲਾਫ਼ ਸੀ, ਉਸਦੇ ਓਨੇ ਤਿੱਖੇ ਤੇਵਰ ਬਸਤੀਵਾਦੀ ਰਾਜ ਦੇ ਖਿਲਾਫ਼ ਨਹੀਂ ਸਨ। ਇਸ ਪ੍ਰਸੰਗ ਵਿਚ ਸਿੰਘ ਸਭਾ ਲਹਿਰ ਦੀ ਨੇਮਾਵਲੀ ਦੇਖੀ ਜਾ ਸਕਦੀ ਹੈ, ਜਿਸ ਲਹਿਰ ਪ੍ਰਤੀ ਭਾਈ ਵੀਰ ਸਿੰਘ ਦਾ ਸਮਰਪਣ ਕਿਸੇ ਪ੍ਰਮਾਣ ਦਾ ਮੁਥਾਜ ਨਹੀਂ। "ਸਿੰਘ ਸਭਾ ਲਹਿਰ ਦਾ ਦਸਮਾਂ ਨਿਯਮ ਹੀ ਅੰਗਰੇਜ਼ ਸਰਕਾਰ ਦੀ ਤਨ, ਮਨ, ਧਨ ਨਾਲ ਸੇਵਾ ਅਤੇ ਨਮਕ ਹਲਾਲੀ ਸੀ। ਇਸ ਕਾਰਨ





'ਸਿੱਖ ਰਾਜ' ਪ੍ਰਾਪਤੀ ਦੀ ਇੱਛਾ ਸਿੱਖ ਕੌਮ ਵਿਚ ਭਾਵੇਂ ਖ਼ਤਮ ਨਹੀਂ ਸੀ ਹੋਈ, ਪਰ ਦੱਬ ਜ਼ਰੂਰ ਗਈ ਸੀ। ਖ਼ਾਲਸਾ ਸਮਾਚਾਰ ਸਿੱਖਾਂ ਦੇ ਅਜਿਹੇ ਵਰਗ ਦਾ ਪ੍ਰਤੀਨਿਧ ਅਖ਼ਬਾਰ ਸੀ, ਜਿਹੜਾ ਬਰਤਾਨਵੀ ਰਾਜ ਦੁਆਰਾ ਹੀ ਆਪਣੇ ਰਾਜਸੀ ਹੱਕ ਪ੍ਰਾਪਤ ਕਰਨ ਦੀ ਨੀਤੀ ਅਪਣਾ ਕੇ ਚੱਲ ਰਿਹਾ ਸੀ। ਦੂਸਰੇ ਪਾਸੇ ਇਸ ਵਰਗ ਸਾਹਮਣੇ ਸਿੱਖ ਧਰਮ ਅਤੇ ਬੋਲੀ ਦੀ ਹੋਂਦ ਬਣਾਈ ਰੱਖਣ ਦਾ ਸਿਧਾਂਤਕ ਕਾਰਜ ਸ਼੍ਰੋਮਣੀ ਅਹਿਮੀਅਤ ਹਾਸਿਲ ਕਰ ਗਿਆ ਸੀ।"[23] ਇਸ ਪ੍ਰਸੰਗ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਇਕ ਵਿਰੋਧ ਵਿਚ ਤਣੀ ਹੋਈ ਹੈ। ਇਹ ਵਿਰੋਧ ਧਾਰਮਿਕ ਪਛਾਣ ਨੂੰ ਬਚਾਈ ਰੱਖਣ ਅਤੇ ਸਿੱਖਾਂ ਦੇ ਬਸਤੀਵਾਦ ਹਕੂਮਤ ਅੰਦਰ ਵਿਕਾਸ ਵਿਚੋਂ ਹੀ ਦੇਖਿਆ ਜਾ ਸਕਦਾ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਬਸਤੀਵਾਦੀ ਦਬਾਓ ਉਨ੍ਹਾਂ ਕਾਵਿ-ਕਿਰਤਾਂ ਵਿਚ ਹੋਰ ਵੀ ਵਧੇਰੇ ਤੀਖਣ ਰੂਪ ਵਿਚ ਹੈ ਜਿਨ੍ਹਾਂ ਕਵਿਤਾਵਾਂ ਵਿਚ ਰਾਜਸੀ ਚੇਤਨਾ ਹੈ। ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਸਿੱਖ ਸਮੂਹ ਦੀ ਮਾਨਸਿਕਤਾ ਨੂੰ ਸਾਮੰਤੀ ਅਵਚੇਤਨ ਵਿਚ ਰੂਪਾਂਤਰਿਤ ਕਰਕੇ ਉਨ੍ਹਾਂ ਅੰਦਰ ਸਵੈ-ਪ੍ਰਭੁਤਾ ਦਾ ਭਾਵ, ਚੇਤਨਾ ਅਤੇ ਬੋਧ ਪੈਦਾ ਕਰ ਦਿੱਤਾ ਸੀ। 18ਵੀਂ ਸਦੀ ਦੇ ਉਤਰ ਅੱਧ ਤੋਂ ਲੈ ਕੇ ਬਸਤੀਵਾਦ ਦੁਆਰਾ ਹਥਿਆਏ ਜਾਣ ਤੱਕ ਦਾ ਸਮਾਂ ਨਿਸ਼ਚੇ ਹੀ ਸਿੱਖ ਸੰਪਰਦਾਇ ਵਿਚ ਚੜ੍ਹਤ ਦਾ ਸਮਾਂ ਸੀ। ਸਿੱਖਾਂ ਦੇ ਬਾਹੂਬਲ ਦੁਆਰਾ ਪ੍ਰਾਪਤ ਕੀਤੇ ਰਾਜ ਨੇ ਉਨ੍ਹਾਂ ਦੀ ਧਾਰਮਿਕ ਅਤੇ ਹਕੂਮਤੀ ਪਛਾਣ ਨੂੰ ਵਿਸ਼ੇਸ਼ ਅਰਥ ਦਿੱਤੇ ਸਨ। ਇਹ ਅਰਥ ਸਮੇਂ ਸਮੇਂ ਮੁੜ ਪਰਿਭਾਸ਼ਤ ਹੁੰਦੇ ਰਹੇ ਹਨ। ਪਰੰਤੂ ਬਸਤੀਵਾਦ ਨੇ 1857 ਦੇ ਜਨ-ਵਿਦਰੋਹ ਉਪਰੰਤ ਜਿਸ ਤਰ੍ਹਾਂ ਨਾਲ ਹਰ ਅਸਹਿਮਤੀ ਦੀ ਆਵਾਜ਼ ਨੂੰ ਕੁਚਲਿਆ, ਉਸ ਵਿਚੋਂ ਇਹ ਰਾਜਸੀ ਚੇਤਨਾ ਮੁਖਰ ਹੋਣ ਦੀ ਬਜਾਏ ਸੰਕੇਤਕ ਅਤੇ ਟੇਢੇਪਣ ਦਾ ਰਸਤਾ ਅਖਤਿਆਰ ਕਰ ਲੈਂਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਇਸ ਦ੍ਰਿਸ਼ਟੀ ਤੋਂ ਵਧੇਰੇ ਮਹੱਤਵਪੂਰਨ ਹੈ। ਉਸ ਦੀਆਂ ਰਾਜਸੀ ਚੇਤਨਾ ਵਾਲੀਆਂ ਕਵਿਤਾਵਾਂ ਦਾ ਚਿਹਨ ਪ੍ਰਬੰਧ ਵਧੇਰੇ ਸੂਖ਼ਮਤਾ ਵਾਲਾ ਅਤੇ ਪ੍ਰਤੀਕਾਤਮਕ ਹੈ। 1849 ਤੋਂ ਬਾਅਦ ਸਾਮੰਤੀ ਅਤੇ ਹਕੂਮਤੀ ਅਵਚੇਤਨ ਵਾਲੇ ਸਿੱਖ ਸਮੂਹ ਅੰਦਰ ਪੈਦਾ ਹੋਈ ਬੇਗਾਨਗੀ, ਸਿੱਖਾਂ ਕੋਲੋ ਖੋਹੀ ਹੋਈ ਉਨ੍ਹਾਂ ਦੀ ਸਵੈ-ਪ੍ਰਭੁਤਾ, ਆਜ਼ਾਦੀ ਆਦਿ ਦਾ ਪ੍ਰਤਿਹੁੰਗਾਰਾ ਭਾਈ ਵੀਰ ਸਿੰਘ ਦੇ ਕਾਵਿ ਵਿਚ ਬਹੁਤ ਸ਼ਿੱਦਤ ਵਾਲਾ ਹੈ। ਉਸ ਦੀਆਂ ਕਵਿਤਾਵਾਂ ਪਿੰਜਰੇ ਪਿਆ ਪੰਛੀ ਪਿੰਜਰੇ ਦੀ ਬਲਾਹੁਤਾ ਕਰਨ ਵਾਲੇ ਨੂੰ, ਬੁਲਬੁਲ ਤੇ ਰਾਹੀ, ਫੁੰਡਿਆ ਤੋਤਾ, ਗੰਗਾ ਰਾਮ, ਦਰਦ ਦੇਖ ਦੁੱਖ ਆਂਦਾ, ਬੰਦ ਖਲਾਸੀ, ਅਟਕ, ਕੁਤਬ ਦੀ ਲਾਠ, ਬੇਲਾ ਭੁਆਨੀ, ਆਦਿ ਰਾਜਸੀ ਕਵਿਤਾਵਾਂ ਹਨ। ਭਾਈ ਵੀਰ ਸਿੰਘ ਦੀ ਕਵਿਤਾ ਵਿਚ 'ਫੁੰਡਿਆ ਤੋਤਾ' ਬਸਤੀਕਾਰਾਂ ਰਾਹੀਂ ਹਥਿਆਏ ਪੰਜਾਬ ਦਾ ਰੂਪਕ ਹੈ। ਇਸ ਨਾਟਕੀ ਕਵਿਤਾ ਵਿਚ ਬਾਗ਼ਬਾਨ, ਤੋਤਾ ਅਤੇ ਜ਼ਮੀਨ ਦੇ ਪਾਤਰ ਬਸਤੀਵਾਦ ਦੇ ਰਾਜ ਨੂੰ ਸੰਕੇਤੀਕਰਨ ਦੀ ਵਿਧੀ ਰਾਹੀਂ ਸਪੱਸ਼ਟ ਕਰਦੇ ਹਨ। ਬਾਗ਼ਬਾਨ ਅਤੇ ਤੋਤੇ ਦੇ ਆਪਸੀ ਸੰਵਾਦ ਵਿਚੋਂ ਜ਼ਮੀਨ ਪੰਜਾਬ ਦੇ ਬੰਦੇ ਨੂੰ ਇਸ ਬਸਤੀਵਾਦੀ ਜਰਵਾਣੇ ਰਾਜ ਦੀ ਹਿੰਸਾ ਦਾ ਤਿੱਖਾ ਅਹਿਸਾਸ ਕਰਵਾਉਂਦੀ ਹੈ :

ਜ਼ਮੀਨ ਬੋਲੀ :

ਪਾ ਨਾ ਤੋਤਿਆ! ਰੌਲਾ ਤੇ ਸ਼ੋਰ ਏਥੇ
ਧੌਣ ਸਿੱਟ ਤੇ ਧਰਾ ਸਮਾ ਵੀਰਾ।
ਏਸ ਆਦਮੀ ਤੋਂ ਆਸ ਰੱਖ ਨਾਹੀਂ
ਕਰੂ ਪਯਾਰ ਤੇ ਹੁੱਬ ਵਰਤਾ ਵੀਰਾ।
ਧਰਤੀ ਇਕ ਨੂੰ ਜਿਨ੍ਹੈ ਚਾ ਵੰਡਿਆ ਏ
ਦੇਸ਼ ਦੇਸ਼ ਦੀ ਵੰਡ ਵੀਰਾ।
ਫੇਰੇ ਦੇਸ਼ ਦੇ ਵਿਚ ਇਲਾਕਿਆਂ ਦੀ
ਫੇਰ ਪਿੰਡ ਤੇ ਜੂਹ ਜੁਦਾ ਵੀਰਾ।
ਚੱਪੇ ਚੱਪੇ ਤੇ ਹਨ ਜਿਨ੍ਹੈ ਚੀਰ ਲਾਏ,

ਵੀਰ ਵੀਰ ਤੋਂ ਵੱਖ ਵਖਾ ਵੀਰਾ।
ਹੰਨੇ ਹੰਨੇ ਤੇ ਬੰਨੇ ਹਨ ਜਿਨ੍ਹੈ ਲਾਏ
'ਮੈਂ' ਤੇ 'ਮੇਰੀ' ਦੀ ਟੱਕ ਲਗਾ ਵੀਰਾ।
ਲੜਦੇ ਮਾਰਦੇ ਮਰਨ ਦੇ ਆਪ ਵਿਚੀਂ
ਲਹੂ ਵੀਟਦੇ ਵੀਰ ਵਿਰਾ ਵੀਰਾ।
... ... ... ... ... ... ... ...
... ... ... ... ... ... ... ...
ਧਰਤੀ ਏਸ ਤੇ ਜ਼ੋਰ ਜਰਵਾਣਿਆ ਦਾ
ਕਾਹਦਾ ਹੱਕ ਤੇ ਕਾਹਦਾ ਹੈ ਨਿਆਂ ਵੀਰਾ।[24]

ਭਾਈ ਵੀਰ ਸਿੰਘ ਇਸ ਕਵਿਤਾ ਵਿਚ ਬਸਤੀਵਾਦ ਦੁਆਰਾ ਫੁੰਡੇ ਪੰਜਾਬ ਵਿਚ ਉਤਪੰਨ ਕੀਤੀ ਦਹਿਸ਼ਤੀ ਸਥਿਤੀ ਅਤੇ ਭਾਰਤ ਨੂੰ ਵਿਭਿੰਨ ਆਧਾਰਾਂ ਉੱਪਰ ਟੁਕੜੇ ਟੁਕੜੇ ਕਰ ਦੇਣ ਦੀ ਵਿਚਾਰਧਾਰਕ ਰਣਨੀਤੀ ਦਾ ਰੂਪਾਂਤਰਣ ਕਰ ਰਿਹਾ ਹੈ। ਭਾਰਤੀ ਜਨਤਾ ਵਿਚ ਬਸਤੀਵਾਦੀ ਪੂੰਜੀਵਾਦ ਦੁਆਰਾ ਪੈਦਾ ਕੀਤੀ ਗਈ 'ਮੈਂ' ਅਤੇ 'ਮੇਰੀ' ਦੀ ਸੁਆਰਥੀ ਚੇਤਨਾ ਨੂੰ ਉਭਾਰ ਕੇ ਭਾਰਤੀਆਂ ਦੀ ਫੁੱਟ ਤੇ ਆਪਾ-ਖਿੱਚੋਤਾਣ ਨੂੰ ਦਰਸਾ ਕੇ ਬਸਤੀਵਾਦ ਦੇ ਰਾਜ ਪ੍ਰਬੰਧ ਨੂੰ ਜਰਵਾਣਿਆਂ ਦੇ ਜ਼ੋਰ ਰਾਹੀਂ ਅੰਕਿਤ ਕਰਦਾ ਹੈ, ਜਿਸ ਕੋਲੋਂ ਪਿਆਰ, ਬਰਾਬਰਤਾ, ਨਿਆਂ, ਹੱਕ-ਸੱਚ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਭਾਈ ਵੀਰ ਸਿੰਘ ਖ਼ੁੱਸੀ ਹੋਈ ਆਜ਼ਾਦੀ ਪ੍ਰਤੀ ਵੇਦਨਾ, ਤਰਲਾ ਅਤੇ ਦੁਖ-ਚੇਤਨਾ ਨੂੰ ਬਾਰ ਬਾਰ ਅੰਕਿਤ ਕਰਦਾ ਹੈ। ਇਹ ਪੂਰਵਲੇ ਖੋਹੇ ਹੋਏ ਸਿੱਖ-ਰਾਜ ਦੀ ਵੇਦਨਾ ਹੈ, ਪਰੰਤੂ ਬਸਤੀਵਾਦੀ ਹਕੂਮਤ ਦੁਆਰਾ ਐਨੀ ਸਖ਼ਤੀ ਅਤੇ ਕਾਨੂੰਨਬੰਦੀ ਹੈ, ਜਿਸਨੂੰ ਉਹ ਪਿੰਜਰੇ ਦੇ ਰੂਪਕ ਰਾਹੀਂ ਸਥਾਪਤ ਕਰਦਾ ਹੈ। ਇਨ੍ਹਾਂ ਕਵਿਤਾਵਾਂ ਦਾ ਸੰਵਾਦ ਅਤੀਤ ਦੀ ਆਜ਼ਾਦੀ ਨੂੰ ਪੁਨਰ ਚਿਤਵਨ ਤਾਂ ਕਰਦਾ ਹੈ ਪਰੰਤੂ ਵਰਤਮਾਨ ਦੇ ਬਸਤੀਵਾਦੀ ਪ੍ਰਬੰਧ ਵਿਚ ਇਸ ਆਜ਼ਾਦੀ ਦੀ ਮੁੜ ਪ੍ਰਾਪਤੀ ਲਈ ਸੰਘਰਸ਼ ਚੇਤਨਾ ਤੋਂ ਮੁਕਤ ਹੈ। ਇਹੋ ਯਥਾ-ਸਥਿਤੀ ਹੈ ਜੋ ਭਾਈ ਵੀਰ ਸਿੰਘ ਨੂੰ ਅਤੀਤ ਦੇ ਮੋਹ ਵੱਲ ਖਿੱਚਦੀ ਹੈ। ਭਾਈ ਵੀਰ ਸਿੰਘ ਦਾ ਕਾਵਿ ਬੋਧ ਇਸ ਸੀਮਾ ਵਿਚ ਮਹਿਦੂਦ ਹੋ ਜਾਂਦਾ ਹੈ। ਇਸ ਦਾ ਹੋਰ ਪ੍ਰਮਾਣ 'ਬੁਲਬੁਲ ਤੇ ਰਾਹੀ' ਨਾਂ ਦੀ ਲੰਮੀ ਵਾਰਤਾਲਾਪੀ ਕਵਿਤਾ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਹੈ : –

ਬੁਲਬੁਲ :

ਮੌਸਮ ਬਸੰਤ ਆਈ
ਇਸ ਬਾਗ਼ ਤੇ ਸੁਹਾਈ,
ਮਾਲੀ ਨੇ ਫੜ ਕੇ ਉਦੋਂ
ਮੈਨੂੰ ਸੀ ਕੈਦ ਪਾਈ।
ਪਿੰਜਰਾ ਕਠੋਰ ਸੀਖਾਂ
ਬੰਦੀ ਪਾਈ ਨਿਮਾਣੀ,
ਹਿਰਦੇ ਵਿਯੋਗ ਵੜਿਆ,
ਸਿਰ ਤੇ ਪਈ ਜੁਦਾਈ।
ਪਯਾਰੀ ਸੁਤੰਤ੍ਰਤਾ ਓ,
ਪਯਾਰੀ ਉਹ ਖੁੱਲ੍ਹ ਸਾਰੀ
ਵਾਰੀ ਗਈ ਸਜਨ ਤੋਂ





ਜਿੰਦੋ ਜੋ ਸੀ ਸਵਾਈ॥20॥
ਗਵਾਚੀ ਓ ਮੌਜ ਮਨ ਦੀ
ਉਡਣਾ ਜੁ ਨਾਲ ਮਰਜ਼ੀ
ਨਦੀਆਂ ਬਨਾਂ ਪਹਾੜਾਂ
ਦੀ ਸੈਰ ਬੀ ਗੁਵਾਈ।
ਸਿਰ ਸੀਖ ਨਾਲ ਮਾਰਾਂ
ਵਿੱਥਾਂ ਵਿਖੇ ਅੜਾਵਾਂ
ਲਾਵਾਂ ਜਤਨ ਹਜ਼ਾਰਾਂ
ਹੋਵਾਂ ਕਿਵੇਂ ਹਵਾਈ।
ਓ ਕੈਦ ਕਰਨ ਵਾਲਾ
ਕਦੀਓ ਨ ਕਾਂਪ ਖਾਈ।[25]

'ਬੁਲਬੁਲ ਤੇ ਰਾਹੀ' ਲੰਮੀ ਕਵਿਤਾ 1903-1921 ਦੇ ਸਮੇਂ ਦੌਰਾਨ ਰਚੇ ਕਾਵਿ ਸੰਗ੍ਰਹਿ ਵਿਚ ਹੈ। ਇਸ ਕਵਿਤਾ ਵਿਚੋਂ ਉਸ ਸਮੇਂ ਦੇ ਰਾਜਨੀਤਕ ਉੱਥਲ-ਪੁਥਲ ਦੇ ਕਈ ਸੂਖ਼ਮ ਸੰਕੇਤ ਮਿਲਦੇ ਹਨ। ਬਸਤੀਵਾਦੀ ਹਕੂਮਤ ਦੀ ਦਹਿਸ਼ਤ ਦੇ ਬਾਵਜੂਦ ਪੰਜਾਬ ਉਸ ਸਮੇਂ ਵਿਦਰੋਹੀ ਆਵਾਜ਼ਾਂ ਦਾ ਕੇਂਦਰੀ ਸਥਾਨ ਬਣ ਚੁੱਕਾ ਸੀ। ਪਗੜੀ ਸੰਭਾਲ ਜੱਟਾ, ਗ਼ਦਰ ਲਹਿਰ, ਬੱਬਰ ਲਹਿਰ, ਭਗਤ ਸਿੰਘ ਹੁਰਾਂ ਦੇ ਵਿਚਾਰਾਂ ਦੀ ਲਹਿਰ ਆਦਿ ਨਾਲ ਪੰਜਾਬ ਬਸਤੀਵਾਦ ਖਿਲਾਫ਼ ਰਾਜਨੀਤਕ ਆਜ਼ਾਦੀ ਦੀ ਅੰਗੜਾਈ ਲੈ ਚੁੱਕਿਆ ਸੀ। ਭਾਈ ਵੀਰ ਸਿੰਘ ਭਾਵੇਂ ਵਿਅਕਤੀਗਤ ਰੂਪ ਵਿਚ ਅਜਿਹੀ ਕਿਸੇ ਵੀ ਰਾਜਨੀਤਕ ਲਹਿਰ ਦਾ ਸੁਚੇਤ ਰੂਪ ਵਿਚ ਅੰਗ ਨਹੀਂ ਸੀ, ਪ੍ਰੰਤੂ ਉਸ ਦਾ ਪ੍ਰਤਿਹੁੰਗਾਰਾ ਉਸ ਦੀਆਂ ਕਵਿਤਾਵਾਂ ਵਿਚੋਂ ਪ੍ਰਗਟ ਹੁੰਦਾ ਹੈ। ਜਦੋਂ ਭਾਈ ਵੀਰ ਸਿੰਘ ਉੱਪਰ ਅਜਿਹੇ ਦੋਸ਼ ਲੱਗਦੇ ਹਨ ਕਿ ਉਹ ਪ੍ਰਚੰਡ ਰਾਜਨੀਤਕ ਲਹਿਰ ਜਾਂ ਬਸਤੀਵਾਦ ਦੁਆਰਾ ਕੀਤੇ ਜਾ ਰਹੇ ਹਿੰਸਕ ਹੱਤਿਆ ਕਾਂਡਾਂ ਦੇ ਖਿਲਾਫ਼ ਨਹੀਂ ਬੋਲਦਾ ਤਾਂ ਇਹ ਪਹਿਲੂ ਧਿਆਨ ਕੇਂਦਰਿਤ ਜ਼ਰੂਰੀ ਰਹਿਣਾ ਚਾਹੀਦਾ ਹੈ ਕਿ ਭਾਈ ਵੀਰ ਸਿੰਘ ਦੀ ਸਥਿਤੀ ਵਿਚਾਰਧਾਰਕ ਸਹਿਹੋਂਦ ਦੀ ਹੈ। ਪਰੰਤੂ ਭਾਈ ਵੀਰ ਸਿੰਘ ਦੀ ਕਵਿਤਾ ਰਾਜਨੀਤੀ ਤੋਂ ਅਣਭਿੱਜ ਬਿਲਕੁਲ ਨਹੀਂ ਹੈ। ਇਸੇ ਹੀ ਲੰਮੀ ਕਵਿਤਾ 'ਚ ਰਾਜਸੀ ਚੇਤਨਾ ਦੇ ਸੰਕੇਤ ਹਨ : –

ਰਾਹੀ :-

ਆਖੇ ਜੁ ਠੀਕ ਬੁਲਬੁਲ!
ਕਿਸਨੂੰ ਹੈ ਹੱਕ ਪਯਾਰਾ?
ਜਿਸ ਨੇ ਹੈ ਸਚ ਪਛਾਤਾ
ਸਚ ਵਰਤਿਆ ਹੈ ਸਾਰਾ।
ਬਾਕੀ ਜੁ ਲੋਕ ਦੇਖੇ
'ਲਾਠੀ' ਨੂੰ ਹੱਕ ਜਾਨਣ,
ਡੌਲੇ ਦੇ ਜ਼ੋਰ ਖੁਹ ਕੇ,
ਫਿਰ ਮਾਰਦੇ ਟਪਾਰਾਂ।
ਕੋਈ ਨ ਹੱਕ ਜਾਣੇ,
ਜਾਣੇ ਤਾਂ ਅੱਖ ਮੀਟੇ,
ਸ੍ਵਾਰਥ ਸਭਸ ਨੂੰ ਮੂਹਰੇ,

ਆਪਾ ਸਦਾ ਪਯਾਰਾ।
ਡੌਲੇ ਜਿ ਜ਼ੋਰ ਤੇਰੇ,
ਬੁਲਬੁਲ! ਰਤਾ ਨਹੀਂ ਹੈ,
ਹੱਕ ਕੂਕਣਾ ਹੈ ਐਵੇਂ,
ਕੂੜਾ ਹੈ ਇਹ ਸਹਾਰਾ।
ਸੁਣਦਾ ਹੈ ਕੌਣ ਤੇਰੇ
ਮਿੱਠੀ ਮਹੀਨ ਬਾਣੀ,
ਵਜਦਾ ਹੈ ਇਸ ਥਾਂ ਤੇ
ਕੜਕੁੱਟਵਾਂ ਨਗਾਰਾ।
ਹੱਕ ਦੀ ਪਛਾਣ ਬਾਰੇ,
ਲੋਕਾਂ ਜਿ ਵਿਚ ਆਵੇ,
ਦੁਨੀਆਂ ਸੁਰਗ ਹੋ ਜਾਵੇ,
ਟਹਿਕੇ ਇਹ ਬਾਗ਼ ਸਾਰਾ।
ਧੱਕਾ ਨਾ ਜ਼ੁਲਮ ਹੋਵੇ,
ਬੰਦੀ ਨਾ ਹੋ ਸਿਪਾਹੀ,
ਕੋਈ ਕਿਸੇ ਦੇ ਹੱਥੋਂ
ਹੋਵੇ ਨਹੀਂ ਦੁਖਾਰਾ॥[26]

ਭਾਈ ਵੀਰ ਸਿੰਘ ਦੀ ਸਾਰੀ ਕਵਿਤਾ ਦਾ ਸੁਭਾਅ ਹੀ ਅੰਤਰਮੁਖੀ ਹੈ ਅਤੇ ਸੰਬੋਧਨ ਦੀ ਪੱਧਰ ਉੱਪਰ ਅਧਿਆਤਮਕ। ਉਸ ਦੀਆਂ ਇਨ੍ਹਾਂ ਕਵਿਤਾਵਾਂ ਦਾ ਸੁਭਾਅ ਅੰਤਰਮੁਖੀ ਹੋਣ ਕਰਕੇ ਇਹ ਉਚੀ ਸੁਰ ਦੀ ਕਾਵਿ ਭਾਸ਼ਾ ਦੀ ਥਾਵੇਂ ਸੰਕੇਤਕ ਅਤੇ ਪ੍ਰਤੀਕਾਤਮਕ ਵਧੇਰੇ ਹੈ ਕਿਉਂਕਿ ਰਾਜਸੀ ਸੁਰ ਦੀ ਕਵਿਤਾ ਦਾ ਵਡੇਰਾ ਭਾਗ ਪ੍ਰਤਿਰੋਧੀ ਹੋਣ ਕਰਕੇ ਉਚੀ ਸੁਰ ਦੀ ਕਾਵਿ ਭਾਸ਼ਾ ਦਾ ਅੰਦਾਜ਼ ਅਪਣਾ ਲੈਂਦਾ ਹੈ, ਜਦੋਂ ਕਿ ਭਾਈ ਵੀਰ ਸਿੰਘ ਇਤਿਹਾਸਕ ਦਬਾਅ ਵਿਚ ਹਿੰਸਕ ਬਿਰਤੀ ਦੀ ਥਾਵੇਂ ਅਹਿੰਸਕ ਅਤੇ ਬਾਹਰਮੁਖੀ ਦੀ ਥਾਵੇਂ ਅੰਤਰਮੁਖੀ ਹੈ। ਉਸ ਦੀ ਕਵਿਤਾ ਦੀ ਇਹ ਅੰਤਰਸੋਝੀ (insight) ਪ੍ਰਤੀਕੀਕਰਨ ਦੀ ਪ੍ਰਕਿਰਿਆ ਵਿਚੋਂ ਜਾਨਣ-ਸਮਝਣ ਦੀ ਜ਼ਰੂਰਤ ਹੈ। ਉਪਰੋਕਤ ਕਾਵਿ ਬੰਦ ਵਿਚ ਪਏ ਸੰਕੇਤ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀ ਰਾਜਨੀਤੀ ਦੀਆਂ ਕਨਸੋਆਂ ਨਾਲ ਭਰਪੂਰ ਹਨ। ਇਨ੍ਹਾਂ ਵਿਚੋਂ ਆਜ਼ਾਦੀ ਦੀ ਚਾਹਤ ਦੀ ਕਾਮਨਾ ਅਤੇ ਇੱਛਾ ਵੀ ਦਿਖਾਈ ਦਿੰਦੀ ਹੈ ਜੋ ਭਾਈ ਵੀਰ ਸਿੰਘ ਦੇ ਕਾਵਿ ਵਿਕਾਸ ਦਾ ਪ੍ਰਮਾਣ ਹੈ। 1927 ਵਿਚ ਛਪਣ ਵਾਲੇ ਕਾਵਿ ਸੰਗ੍ਰਹਿ 'ਬਿਜਲੀਆਂ ਦੇ ਹਾਰ' ਦੀਆਂ ਕਵਿਤਾਵਾਂ ਵਿਸ਼ੇਸ਼ ਕਰਕੇ ਲੰਮੀ ਬਿਰਤਾਂਤਕ ਕਵਿਤਾ 'ਗੰਗਾ ਰਾਮ' ਵਿਚ ਇਸ ਵਿਕਾਸ ਨੂੰ ਦੇਖਿਆ ਜਾ ਸਕਦਾ ਹੈ। ਕਵੀ ਇਸ ਬਿਰਤਾਂਤਕ ਕਵਿਤਾ ਵਿਚ ਇਕ ਅਜਿਹੇ ਤੋਤੇ (ਗੰਗਾ ਰਾਮ) ਦਾ ਬਿਰਤਾਂਤ ਬੁਣਦਾ ਹੈ ਜੋ ਦੇਵ ਲੋਕ (ਬਸਤੀਵਾਦੀ ਸੱਤਾ) 'ਚੋਂ ਆਉਂਦਾ ਹੈ। ਦੇਵ ਲੋਕਾਂ ਦੇ ਰਹਿਮੋ ਕਰਮ 'ਤੇ ਜਿਊਣ ਵਾਲਾ, ਉਨ੍ਹਾਂ ਦੀ ਬੋਲੀ ਬੋਲਣ ਵਾਲਾ, ਉਨ੍ਹਾਂ ਦੀਆਂ ਦਿੱਤੀਆਂ ਨੇਅਮਤਾਂ ਮਾਨਣ ਵਾਲਾ ਆਪਣੀ ਹੋਂਦ, ਹਸਤੀ ਅਤੇ ਆਜ਼ਾਦੀ ਗੁਆ ਬੈਠਦਾ ਹੈ। ਕਵੀ ਇਸ ਬਿਰਤਾਂਤਕ ਕਵਿਤਾ ਵਿਚ ਬਸਤੀਕਾਰਾਂ ਦੇ ਪਿੱਠੂਆਂ ਦਾ ਦ੍ਰਿਸ਼ ਖਿੱਚਦਾ ਹੈ ਅਤੇ ਬਸਤੀਕਾਰਾਂ ਦਾ ਸਾਥ ਛੱਡ ਦੇਣ ਉਪਰੰਤ ਇਨ੍ਹਾਂ ਦੀ ਦੁਖਾਂਤਕ ਸਥਿਤੀ ਦਾ ਵਰਨਣ ਕਰਦਾ ਹੈ। ਇਸ ਕਵਿਤਾ ਦਾ ਬੁਨਿਆਦੀ ਤਰਕ ਆਜ਼ਾਦੀ ਦਾ ਹੈ। ਪਰੰਤੂ ਇਹ ਆਜ਼ਾਦੀ ਦਾ ਸਰੂਪ ਕੀ ਹੋਵੇ, ਇਸ ਪਿੱਛੇ ਗੁਰਮਤਿ ਦੀ ਉਹ ਚੇਤਨਾ 'ਸਭੇ ਸਾਂਝੀ ਵਾਲਿ ਸਦਾਇਣ' ਵਾਲੀ ਹੈ ਜਿਸਨੂੰ ਭਾਈ ਵੀਰ ਸਿੰਘ ਆਦਰਸ਼ਿਆ ਦਿੰਦਾ ਹੈ। ਬਸਤੀਕਾਰ ਏਸ਼ੀਆ ਵਿਚ ਜਾਂਗਲੀ ਲੋਕਾਂ ਨੂੰ ਸਭਿਅਕ ਬਣਾਉਣ ਦੀ ਰਣਨੀਤੀ ਰਾਹੀਂ





ਗੁਲਾਮ ਬਣਾ ਕੇ ਸੋਸ਼ਣ ਕਰਦੇ ਰਹੇ। ਆਪਣੀ ਸਭਿਅਤਾ ਅਤੇ ਸਭਿਆਚਾਰ ਨੂੰ ਮਾਨਵੀ, ਨਵੀਨ, ਪ੍ਰਗਤੀਸ਼ੀਲ ਸਥਾਪਤ ਕਰਕੇ ਏਸ਼ੀਆ ਦੇ ਕੁਦਰਤੀ ਸੰਸਾਧਨਾਂ ਅਤੇ ਮਾਨਵੀ ਸ੍ਰੋਤਾਂ ਦਾ ਸੋਸ਼ਣ ਕਰਦੇ ਰਹੇ ਅਤੇ ਨਾਲੋ-ਨਾਲ ਆਪਣੇ ਵਿਚਾਰ ਪ੍ਰਬੰਧ ਨੂੰ ਸ੍ਰੇਸ਼ਟ ਸਿੱਧ ਕਰਕੇ ਏਸ਼ੀਆਈ ਲੋਕਾਈ ਦੀ ਸੋਚ ਦਾ ਅੰਗ ਬਣਾਉਂਦੇ ਰਹੇ। ਭਾਈ ਵੀਰ ਸਿੰਘ ਇਸ ਲੰਮੀ ਕਵਿਤਾ ਵਿਚ ਬਸਤੀਵਾਦੀ ਆਧੁਨਿਕਤਾ ਨੂੰ ਰੱਦ ਕਰਦਾ ਦਿਖਾਈ ਦਿੰਦਾ ਹੈ।

ਇਕ ਅਰਦਾਸ ਹੋਰ ਹੈ ਸਾਈਆਂ,
ਮਿਹਰ ਕਰੀਂ ਦੇ ਕੰਨ ਸੁਣੀਂ,
'ਪਸ਼ੂ ਅਸੀਂ ਹਾਂ, ਪਸ਼ੂ ਰਖਾਵੀਂ,
ਬੇਸ਼ਕ ਸਖਣੇ ਸਭਨ ਗੁਣੀ।
'ਉਹ ਨਾ ਅਕਲ ਅਸਾਨੂੰ ਦੇਵੀਂ,
ਉਹ ਤਹਿਜ਼ੀਬ ਦਿਵਾਵੀਂ ਨਾ,
'ਉਹ ਸੱਭਯਤਾ ਦੂਰ ਰਹਾਵੀ
ਵਿੱਦਿਯਾ ਉਹ ਸਿਖਾਵੀਂ ਨਾ,
'ਜਾਲ ਲਾਣ ਤੇ ਘੜਨ ਪਿੰਜਰੇ
ਕੈਦ ਪਾਣ ਸਿਖਲਾਵੇ ਜੋ,
'ਖੰਭ ਤੋੜ ਕਰ ਬੋਟ ਬਹਾਵੇ,
ਦੂਜਿਆਂ ਬੰਦੀ ਪਾਵੇ ਜੋ,
'ਲੋਕ ਗੁਲਾਮ ਬਨਾਇ ਬਹਾਲੇ
ਸੁਰਤਾਂ ਕਤਲ ਕਰਾਵੇ ਜੋ,
'ਤੇਰੇ ਰਚੇ ਸੁਤੰਤਰ ਬੰਦੇ,
ਪਰ ਦੇ ਤਾਣ ਸੁਟਾਵੇ ਜੋ।
'ਖੁੱਲ੍ਹ ਹਰਨ ਦੀ ਜਾਚ ਅਸਾਨੂੰ,
ਸਾਈਆਂ! ਕਦੇ ਸਿਖਾਈ ਨਾ,
'ਪਸ਼ੂ ਅਸਾਂ ਨੂੰ ਚਾਹੇ ਰੱਖੀ,
ਮਨੁੱਖ ਕਦੇ ਬਨਾਈ ਨਾ,
'ਚਹੇ ਜੰਗਲੀ ਚਹੇ ਪਸ਼ੂ ਰੱਖ
ਦਾਨੇਂ ਚਹੇ ਬਨਾਵੀਂ ਨਾ।
'-ਖੁੱਲ੍ਹ ਵੇਚਣ - ਦੀ ਅਕਲ ਨਾ ਦੇਵੀਂ
- ਖੁੱਲ੍ਹ ਖੋਹਣ - ਜਾਚ ਸਿਖਾਵੀਂ ਨਾ
'- ਖੁੱਲ੍ਹ ਰੱਖਣ - ਦੀ ਗੈਰਤ ਦੇਵੀਂ,
- ਖੁੱਲ੍ਹ ਖੁਹਣੋਂ - ਸ਼ਰਮ ਦਿਖਾਵੀਂ ਤੂੰ,
'ਖੁੱਲ੍ਹ ਲਈਏ ਖੁੱਲ੍ਹ ਦਾਨ ਕਰਾਈਏ
ਖੁੱਲ੍ਹ ਦੇ ਦਾਸ ਬਨਾਵੀਂ ਤੂੰ।[27]

ਇਥੇ ਭਾਈ ਵੀਰ ਸਿੰਘ ਦੀ ਕਵਿਤਾ ਪ੍ਰੋ. ਪੂਰਨ ਸਿੰਘ ਦੀ ਉਸ ਚੇਤਨਾ ਨਾਲ ਜੁੜਦੀ ਹੈ, ਜਿੱਥੇ ਉਹ ਬਸਤੀਵਾਦੀ ਆਧੁਨਿਕਤਾ ਅਤੇ ਸੱਭਿਅਤਾ ਨੂੰ ਤਿਲਾਂਜਲੀ ਦੇ ਕੇ ਮੁੜ ਪਸ਼ੂ ਹੋਣ-ਥੀਣ ਦੀ ਚੇਤਨਾ ਦਾ ਅਭਿਲਾਸ਼ੀ

ਬਣਦਾ ਹੈ। ਇਥੇ ਪਹੁੰਚ ਕੇ ਭਾਈ ਵੀਰ ਸਿੰਘ ਬਸਤੀਵਾਦੀ ਆਧੁਨਿਕਤਾ ਅਤੇ ਸੱਭਿਅਤਾ ਤੋਂ ਇਨਕਾਰੀ ਹੁੰਦਿਆਂ ਅਜਿਹੀ ਸੰਪੂਰਨ ਆਜ਼ਾਦੀ ਦੀ ਕਾਮਨਾ ਕਰਦਾ, ਜਿਹੜੀ ਕਿਸੇ ਦੂਸਰੇ ਦੀ ਪਰਤੰਤਰਤਾ ਉੱਪਰ ਨਹੀਂ ਵਿਗਸਦੀ। ਇਸ ਵਿਚ ਦੂਸਰੇ ਦੀ ਆਜ਼ਾਦੀ ਵੀ ਸ਼ਾਮਲ ਹੈ। ਇਉਂ ਭਾਈ ਵੀਰ ਸਿੰਘ ਦੀ ਕਵਿਤਾ ਅੰਦਰ ਰਾਜਸੀ ਚੇਤਨਾ ਦਾ ਵਿਕਾਸ ਬਸਤੀਵਾਦੀ ਨਿਯੰਤਰਣ ਅਤੇ ਵਿਕਾਸ ਤੋਂ ਤੁਰਕੇ ਮਾਨਵਵਾਦ ਨੂੰ ਪ੍ਰਣਾਈ ਆਜ਼ਾਦੀ ਦੀ ਚਾਹਤ ਵਿਚ ਜਜ਼ਬ ਹੁੰਦਾ ਹੈ। ਪਰੰਤੂ ਇਸ ਤੱਥ ਤੋਂ ਸਤਰਕ ਰਹਿਣਾ ਜ਼ਰੂਰੀ ਹੈ ਕਿ ਪੰਜਾਬ ਵਿਚ ਉਸ ਸਮੇਂ ਚੱਲ ਰਹੀਆਂ ਮੁਖਰ ਰਾਜਨੀਤਕ ਲਹਿਰਾਂ ਅਤੇ ਇਤਿਹਾਸ ਨੂੰ ਮੋੜ ਦੇਣ ਵਾਲੀਆਂ ਘਟਨਾਵਾਂ ਪ੍ਰਤੀ ਭਾਈ ਵੀਰ ਸਿੰਘ ਕਾਵਿ-ਪ੍ਰਤਿਹੁੰਗਾਰਾ ਨਹੀਂ ਦਿੰਦਾ। ਅੰਤਰਮੁਖਤਾ ਕਾਰਨ ਭਾਈ ਵੀਰ ਸਿੰਘ ਦੇ ਪ੍ਰਤਿਹੁੰਗਾਰੇ ਦਾ ਤੇਵਰ ਅਤੇ ਅੰਦਾਜ਼ ਅਸਲੋਂ ਵੱਖਰਾ ਹੈ, ਜਿਸ ਨੂੰ ਪੰਜਾਬੀ ਚਿੰਤਨ ਭਾਈ ਵੀਰ ਸਿੰਘ ਦੀ ਰਾਜਨੀਤੀ ਪ੍ਰਤੀ ਵਿਤਰੇਕਤਾ ਵਿਚ ਦੇਖਦਾ ਹੈ ਜਾਂ ਸਿੰਘ ਸਭਾ ਲਹਿਰ ਦੀ ਬਸਤੀਵਾਦ ਪ੍ਰਤੀ ਉਦਾਰ ਨੀਤੀ ਵਿਚੋਂ। ਭਾਈ ਵੀਰ ਸਿੰਘ ਉਸ ਦੌਰ ਦੀ ਜਟਿਲ ਸਥਿਤੀ ਪ੍ਰਤੀ ਖ਼ਾਮੋਸ਼ ਨਹੀਂ ਹੈ, ਪ੍ਰੰਤੂ ਉਸ ਦੇ ਪ੍ਰਤਿਹੁੰਗਾਰੇ ਦੇ ਅੰਦਾਜ਼, ਵਿਧੀ ਅਤੇ ਬੋਧ ਨੂੰ ਇਸ ਜਟਿਲਤਾ ਵਿਚੋਂ ਗ੍ਰਹਿਣ ਕਰਨ ਦੀ ਜ਼ਰੂਰਤ ਹੈ।

ਪੰਜਾਬੀ ਚਿੰਤਨ ਵਿਚ ਭਾਈ ਵੀਰ ਸਿੰਘ ਸੰਬੰਧੀ ਇਸ ਧਾਰਨਾ ਨੂੰ ਬਾਰ-ਬਾਰ ਦ੍ਰਿੜ ਕੀਤਾ ਗਿਆ ਹੈ ਕਿ ਉਹ ਦ੍ਰਿਸ਼ਟੀ ਪੱਖੋਂ ਮੱਧਕਾਲੀ ਹੈ ਅਤੇ ਰੂਪਾਕਾਰ ਪੱਖੋਂ ਆਧੁਨਿਕ ਹੈ। ਇਸ ਆਧਾਰ ਉੱਪਰ ਉਸ ਨੂੰ ਕੁਝ ਆਧੁਨਿਕ ਸਿੱਧ ਕਰ ਦਿੰਦੇ ਹਨ ਅਤੇ ਕੁਝ ਇਸ ਦੁਵੰਡਤਾ ਕਾਰਨ ਉਸ ਨੂੰ ਸੰਕ੍ਰਾਂਤੀ ਕਾਲ ਦਾ ਪ੍ਰਵਕਤਾ ਸਿੱਧ ਕਰ ਦਿੰਦੇ ਹਨ। ਦ੍ਰਿਸ਼ਟੀਕੋਣ ਕਦੇ ਵੀ ਕਾਲ-ਕੇਂਦਰਿਤ ਨਹੀਂ ਹੁੰਦਾ, ਇਹ ਆਪਣੇ ਯੁੱਗ ਦੀਆਂ ਠੋਸ ਅਤੇ ਯਥਾਰਥਕ ਪਰਿਸਥਿਤੀਆਂ ਵਿਚੋਂ ਉਸਰਿਆ-ਨਿਸਰਿਆ ਆਪਣੇ ਸਮੇਂ ਦੀ ਉਤਪਾਦਨ ਵਿਧੀ ਅਤੇ ਪ੍ਰਕਿਰਿਆ ਨਾਲ ਸੰਬੰਧਿਤ ਹੁੰਦਾ ਹੈ। ਦੂਸਰਾ ਇਹ ਵੀ ਹੈ ਕਿ ਇਹ ਕਦੇ ਸੰਭਵ ਨਹੀਂ ਹੁੰਦਾ ਕਿ ਬੋਧ ਪੱਖੋਂ ਕੋਈ ਰਚਨਾਕਾਰ ਕਿਸੇ ਹੋਰ ਯੁੱਗ ਵਿਚ ਵਿਚਰਦਾ ਹੋਵੇ ਅਤੇ ਰੂਪ ਪੱਖੋਂ ਕਿਸੇ ਹੋਰ ਯੁੱਗ ਵਿਚ। ਜੇਕਰ ਬੋਧ ਯੁੱਗ ਅਤੀਤ ਦਾ ਹੋਵੇਗਾ ਤਾਂ ਉਹ ਨਵੇਂ ਦੌਰ ਵਿਚ ਨਵੇਂ ਪ੍ਰਸੰਗ ਰਾਹੀਂ ਅਰਥਪੂਰਨ ਬਣੇਗਾ। ਜੇਕਰ ਪ੍ਰਸੰਗ ਵੀ ਅਤੀਤ ਮੁਖੀ ਹੈ ਤਾਂ ਕਿਸੇ ਰਚਨਾਕਾਰ ਦੀ ਰਚਨਾ ਹਰ ਤਰ੍ਹਾਂ ਦੀ ਸਾਰਥਕਤਾ ਤੋਂ ਮੁਕਤ ਹੋ ਜਾਵੇਗੀ। ਬੁਨਿਆਦੀ ਮਸਲਾ ਇਹ ਹੈ ਕਿ ਭਾਈ ਵੀਰ ਸਿੰਘ ਦੇ ਰਚਨਾਤਮਕ ਕਾਰਜ ਨੂੰ ਉਸਦੀ ਇਤਿਹਾਸਕਤਾ ਤੋਂ ਮੁਕਤ ਕਰ ਦਿੱਤਾ ਗਿਆ। ਇਸੇ ਕਰਕੇ ਚਿੰਤਨ ਤੁਰੰਤ ਹੀ ਉਸ ਨੂੰ ਇਤਿਹਾਸ ਵਿਚ ਸਥਿਤ ਕਰਨ ਦੀ ਮਜਬੂਰੀ ਵਿਚੋਂ ਕਦੇ ਆਧੁਨਿਕ ਸਾਹਿਤ ਦਾ ਪਿਤਾਮਾ, ਕਦੇ ਸੰਕ੍ਰਾਂਤੀ ਕਾਲ ਦਾ ਰਚਨਾਕਾਰ ਆਦਿ ਕਹਿਣ ਲੱਗ ਪਿਆ। ਇਹ ਸਪੱਸ਼ਟ ਹੈ ਕਿ ਭਾਈ ਵੀਰ ਸਿੰਘ ਆਧੁਨਿਕ ਦ੍ਰਿਸ਼ਟੀ ਵਾਲਾ ਰਚਨਾਕਾਰ ਨਹੀਂ ਹੈ ਸਗੋਂ ਬਸਤੀਵਾਦੀ ਆਧੁਨਿਕ ਦ੍ਰਿਸ਼ਟੀ ਵਾਲਾ ਰਚਨਾਕਾਰ ਹੈ। ਪੰਜਾਬੀ ਚਿੰਤਨ ਵਿਚ ਬਸਤੀਕਾਰਾਂ ਦੇ ਗਿਆਨ ਸ਼ਾਸਤਰ ਦੁਆਰਾ ਸਥਾਪਤ ਕਰ ਦਿੱਤਾ ਗਿਆ ਇਹ ਵਿਚਾਰ ਕਿ ਬਸਤੀਵਾਦ ਹੀ ਆਧੁਨਿਕਤਾ ਹੈ, ਇਹ ਸਾਡੇ ਸਮੁੱਚੇ ਇਤਿਹਾਸ, ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਸਾਹਿਤ ਚਿੰਤਨ ਆਦਿ ਵਿਚ ਇਸੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ। ਸਮੁੱਚੇ ਚਿੰਤਨ ਵਿਚ ਬਸਤੀਵਾਦ ਨੂੰ ਭੂਗੋਲਿਕ ਅਤੇ ਰਾਜਸੀ ਤੌਰ 'ਤੇ ਤਾਂ ਹਕੂਮਤ ਦੇ ਰੂਪ ਵਜੋਂ ਸਵੀਕਾਰ ਕਰ ਲਿਆ ਗਿਆ ਪਰੰਤੂ ਸਭਿਆਚਾਰਕ ਪ੍ਰਕਿਰਿਆਵਾਂ ਵਿਚ ਉਸ ਦੇ ਦਖ਼ਲ ਨੂੰ ਸਮਝਿਆ ਹੀ ਨਹੀਂ ਗਿਆ। ਬਸਤੀਵਾਦ ਦੇ ਸਭਿਆਚਾਰਕ ਪ੍ਰਕਿਰਿਆਵਾਂ ਵਿਚ ਦਖ਼ਲ ਸੰਬੰਧੀ ਨਿਕੋਲਸ ਬੀ. ਡਰਕ ਚਰਚਾ ਕਰਦਾ ਲਿਖਦਾ ਹੈ, "ਬਸਤੀਵਾਦ ਦੀ ਜਿੱਤ ਸਿਰਫ਼ ਬਿਹਤਰੀਨ ਹਥਿਆਰਾਂ ਦੀ ਤਾਕਤ, ਫੌਜੀ ਸੰਗਠਨਕਾਰੀ, ਰਾਜਨੀਤਕ ਤਾਕਤ ਜਾਂ ਆਰਥਿਕ ਧਨ-ਦੌਲਤ ਦਾ ਨਤੀਜਾ ਹੀ ਨਹੀਂ ਸੀ, ਜਦੋਂ ਕਿ ਇਹ ਬਹੁਤ ਮਹੱਤਵਪੂਰਨ ਮਸਲੇ ਸਨ। ਬਸਤੀਵਾਦ ਪਹਿਲਾਂ ਸੰਭਵ/ਸੁਭਾਵਕ ਬਣਿਆ, ਫਿਰ ਟਿਕਾਊ ਬਣਿਆ ਅਤੇ ਮੁੜ ਸ਼ਕਤੀਸ਼ਾਲੀ ਬਣਿਆ ਤਾਂ ਇਹ ਸਭਿਆਚਾਰਕ ਤਕਨਾਲੋਜੀ ਦੀ ਬਦੌਲਤ ਸੀ। ਇਹ ਬਹੁਤ ਲਾਜ਼ਮੀ ਅਤੇ ਹਿੰਸਕ ਵਿਧੀਆਂ ਦੀ ਜਿੱਤ ਸੀ ਕਿ ਸਭ ਤੋਂ ਪਹਿਲਾਂ ਵਿਦੇਸ਼ੀ ਧਰਤੀਆਂ ਉੱਪਰ ਆਪਣੀ ਸੱਤਾ ਨੂੰ ਸਥਾਪਤ ਕਰਨਾ ਹੈ। ਇਸ ਦੌਰਾਨ ਸਭਿਆਚਾਰਕ ਪ੍ਰਭਾਵਾਂ ਨੂੰ ਅਕਸਰ ਅਣਗੌਲਿਆਂ ਕੀਤਾ ਗਿਆ ਜਾਂ ਇਸਨੂੰ ਆਧੁਨਿਕੀਕਰਨ ਦੇ ਤਰਕ ਅਤੇ ਸੰਸਾਰ ਪੂੰਜੀਵਾਦ ਦੇ ਨਾ ਟਾਲਣਯੋਗ ਤਰਕ ਵਿਚ ਢਾਲ ਦਿੱਤਾ ਗਿਆ।





ਪ੍ਰੰਤੂ ਇਸ ਤੋਂ ਵੀ ਵਧੀਕ ਇਸ ਨੂੰ ਤਸੱਲੀਬਖ਼ਸ਼ ਰੂਪ ਵਿਚ ਪਛਾਣਿਆ ਨਹੀਂ ਗਿਆ ਕਿ ਬਸਤੀਵਾਦ ਆਪਣੇ ਆਪ ਵਿਚ ਹੀ ਨਿਯੰਤਰਣ ਦਾ ਸਭਿਆਚਾਰਕ ਪ੍ਰਾਜੈਕਟ ਹੈ। ... ਸਮਾਜਾਂ ਦੇ ਸਭਿਆਚਾਰਕ ਰੂਪਾਂ ਨੂੰ ਨਵੇਂ ਪ੍ਰਵਰਗਾਂ "ਪਰੰਪਰਕ" ਵਿਚ ਵਰਗੀਕ੍ਰਿਤ ਕਰਕੇ ਮੁੜ ਦੁਬਾਰਾ ਬਸਤੀਵਾਦੀ ਗਿਆਨ ਰਾਹੀਂ ਰੂਪਾਂਤਰਿਤ ਕੀਤਾ ਗਿਆ। ਇਹ ਨਵੇਂ ਪ੍ਰਵਰਗਾਂ ਨੂੰ ਇਕ ਦੂਜੇ ਦੇ ਵਿਰੋਧ ਵਿਚ ਜਿਵੇਂ ਬਸਤੀਕਾਰ ਤੇ ਬਸਤੀਕ੍ਰਿਤ, ਯੂਰਪੀਨ ਤੇ ਏਸ਼ਿਆਈ, ਆਧੁਨਿਕ ਅਤੇ ਰੂੜੀਵਾਦੀ, ਪੱਛਮ ਅਤੇ ਪੂਰਬ ਵਿਚ ਘੜਿਆ ਗਿਆ।"[28] ਭਾਈ ਵੀਰ ਸਿੰਘ ਦਾ ਅਧਿਐਨ ਕਰਦਿਆਂ ਅਸੀਂ ਬਸਤੀਵਾਦੀ ਗਿਆਨ-ਸ਼ਾਸਤਰ ਦੇ ਗੁਲਾਮ ਹੋ ਕੇ ਅਜਿਹੀਆਂ ਧਾਰਨਾਵਾਂ ਹੂੰਝਾ-ਫੇਰੂ ਕਥਨਾਂ ਦੇ ਰੂਪ ਵਿਚ ਸਥਾਪਤ ਕਰ ਦਿੰਦੇ ਹਾਂ ਜਿਨ੍ਹਾਂ ਦਾ ਨਾ ਇਤਿਹਾਸਕ ਰੂਪ ਵਿਚ ਅਤੇ ਨਾ ਹੀ ਵਿਚਾਰਧਾਰਕ ਰੂਪ ਵਿਚ ਭਾਈ ਵੀਰ ਸਿੰਘ ਨਾਲ ਡੂੰਘਾ ਸਰੋਕਾਰ ਬਣਦਾ ਹੈ। ਸਾਡਾ ਚਿੰਤਨ ਭਾਈ ਵੀਰ ਸਿੰਘ ਦੀ ਰਚਨਾਤਮਕਤਾ ਦੇ ਕਥਨਾਂ 'ਚੋਂ ਸਰਲੀਕਰਨ ਦਾ ਰਸਤਾ ਅਖ਼ਤਿਆਰ ਕਰਕੇ ਉਸਦੀ ਇਤਿਹਾਸਕ ਮਹੱਤਤਾ ਨੂੰ ਖੀਣ ਕਰ ਦਿੰਦਾ ਹੈ। ਭਾਈ ਵੀਰ ਸਿੰਘ ਬਸਤੀਵਾਦੀ ਦੌਰ ਦੀ ਪ੍ਰਕਿਰਿਆ ਵਿਚ ਦੋਫਾੜ ਮਾਨਸਿਕਤਾ, ਦੋਫਾੜ ਦ੍ਰਿਸ਼ਟੀ ਵਿਚ ਹੀ ਹੈ ਜਿਵੇਂ ਹੋਰ ਸੋਚਵਾਨ ਸਨ, ਜਿਹੜੇ ਆਪਣੀ ਵਿਸ਼ੇਸ਼ ਪਛਾਣ ਵੀ ਬਣਾਈ ਰੱਖਣੀ ਚਾਹੁੰਦੇ ਸਨ ਅਤੇ ਬਸਤੀਵਾਦੀ ਨਾਲ ਸ਼ਾਂਤਮਈ ਸਹਿਹੋਂਦ ਵਿਚ ਅੱਗੇ ਵੀ ਵਧਣਾ ਚਾਹੁੰਦੇ ਸਨ। ਭਾਈ ਵੀਰ ਸਿੰਘ ਸਿੱਖ ਪਛਾਣ ਲਈ ਜਦੋਂ ਅਧਿਆਤਮਕਤਾ ਦੀ ਚੋਣ ਕਰਦਾ ਹੈ ਤਾਂ ਇਹ ਉਸਦੀ ਇਤਿਹਾਸਕ ਲੋੜ ਹੈ, ਇਸੇ ਨੂੰ ਆਧਾਰ ਬਣਾ ਕੇ ਚਿੰਤਨ ਦੀ ਇਕ ਧਿਰ ਉਸ ਸੰਬੰਧੀ ਸੰਪਰਦਾਇਕ ਹੋਣ ਦੀ ਧਾਰਨਾ ਬਣਾਉਂਦੀ ਹੈ। ਭਾਈ ਵੀਰ ਸਿੰਘ ਅਧਿਆਤਮਕਤਾ ਦੇ ਪਹਿਰਨ ਵਿਚ ਹੀ ਵਲਵਲੇ ਉੱਪਰ ਕੇਂਦਰਿਤ ਕਰਦਾ ਹੈ। ਇਸ ਵਲਵਲੇ ਦੀ ਪੇਸ਼ਕਾਰੀ ਅਤੇ ਨਵੀਂ ਕਾਵਿ ਭਾਸ਼ਾ ਇਸ ਕਵਿਤਾ ਨੂੰ ਨਵਾਂਪਣ ਦਿੰਦੀ ਹੈ। ਇਹ ਨਵਾਂਪਣ ਬਸਤੀਵਾਦੀ ਆਧੁਨਿਕਤਾ ਨੂੰ ਪ੍ਰਣਾਇਆ ਉਹ ਪਰੰਪਰਕ ਤਰਕ ਹੈ ਜਿਹੜਾ ਭਾਈ ਵੀਰ ਸਿੰਘ ਦੇ ਆਧੁਨਿਕ ਹੋਣ ਦਾ ਭਰਮ ਸਿਰਜ ਦਿੰਦਾ ਹੈ। ਭਾਈ ਵੀਰ ਸਿੰਘ ਦਾ ਬਾਰ-ਬਾਰ ਅੰਤਰਮੁਖੀ ਖੇੜੇ ਦਾ ਪ੍ਰਵਚਨ ਬੁੱਧੀ ਕੇਂਦਰਿਤ ਨਹੀਂ ਸਗੋਂ ਵਲਵਲਾ ਕੇਂਦਰਿਤ ਹੈ। ਇਹ ਵਲਵਲਾ ਬਸਤੀਵਾਦੀ ਸੰਵੇਦਨਾ ਹੈ ਜਿਹੜੀ ਬਸਤੀਵਾਦੀ ਧੌਂਸ ਨੂੰ ਪ੍ਰਸ਼ਨ ਕਰਨ ਦੀ ਥਾਵੇਂ ਆਪਣੇ ਅੰਦਰੋਂ ਹੀ ਜ਼ਿੰਦਗੀ ਦੀ ਰੌਂਅ ਲੱਭਦੀ ਹੈ। ਭਾਈ ਵੀਰ ਸਿੰਘ ਦੀ ਇਸ ਸੰਵੇਦਨਾ ਨਾਲ ਲਬਰੇਜ਼ ਲੰਮੀ ਕਵਿਤਾ 'ਜੀਵਨ ਕੀ ਹੈ' ਪੜ੍ਹਨਯੋਗ ਹੈ। ਭਾਈ ਵੀਰ ਸਿੰਘ ਦੇ ਸਮੁੱਚੇ ਕਾਵਿ ਵਿਚ ਵਲਵਲਾ ਬੁੱਧੀ ਤੋਂ ਵਧੇਰੇ ਮਹੱਤਵ ਪ੍ਰਾਪਤ ਕਰਦਾ ਹੈ।

ਜਿਨ੍ਹਾਂ ਉਚਿਆਈਆਂ ਉੱਤੋਂ
'ਬੁੱਧੀ' ਖੰਭ ਸਾੜ ਢੱਠੀ,
ਮੱਲੋ ਮੱਲੀ ਓਥੇ ਦਿਲ
ਮਾਰਦਾ ਉਡਾਰੀਆਂ?
ਪਯਾਲੇ ਅਣਡਿੱਠੇ ਨਾਲ
ਬੁੱਲ੍ਹ ਲੱਗ ਜਾਣ ਓਥੇ
ਰਸ ਦੇ ਸਰੂਰ ਚੜ੍ਹੇ
ਝੂੰਮਾਂ ਆਉਣ ਪਯਾਰੀਆਂ,
'ਗਯਾਨੀ' ਸਾਨੂੰ ਹੋੜਦਾ ਤੇ
'ਵਹਿਮੀ ਢੋਲਾ' ਆਖਦਾ ਏ,
"ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੋਂ ਪਾਰ ਤਾਰੀਆਂ।"
"ਬੈਠ ਵੇ ਗਿਆਨੀ! ਬੁੱਧੀ-

ਮੰਡਲੇ ਦੀ ਕੈਦ ਵਿਚ,
'ਵਲਵਲੇ ਦੇ ਦੇਸ਼' ਸਾਡੀਆਂ
ਲੱਗ ਗਈਆਂ ਯਾਰੀਆ।[29]

ਭਾਈ ਵੀਰ ਸਿੰਘ ਬਹੁਤ ਸੁਚੇਤ ਕਵੀ ਹੈ। ਇਹ ਕਵਿਤਾ 1927 ਵਿਚ ਛਪਣ ਵਾਲੇ ਕਾਵਿ ਸੰਗ੍ਰਹਿ 'ਲਹਿਰਾਂ ਦੇ ਹਾਰ' ਵਿਚੋਂ ਹੈ। ਨਿਸ਼ਚੇ ਹੀ ਉਹ ਸਮਾਂ ਬਹੁਤ ਤੇਜ਼ ਧਾਰ ਤਬਦੀਲੀਆਂ ਦਾ ਹੈ। ਦੇਸ਼ ਵਿਚ ਕੌਮੀ ਸੰਘਰਸ਼ ਆਪਣੇ ਆਪ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਪੰਜਾਬ ਰਾਜਨੀਤਕ ਸਰਗਰਮੀਆਂ ਦਾ ਗੜ੍ਹ ਬਣਿਆ ਹੋਇਆ ਹੈ। ਭਾਈ ਵੀਰ ਸਿੰਘ ਬੁੱਧੀ ਦੇ ਰਸਤੇ ਚੱਲਣ ਵਾਲੇ ਵਿਦਰੋਹੀ ਲੋਕਾਂ ਦੇ ਮਾਰੇ ਜਾਣ ਪ੍ਰਤੀ ਵੀ ਸੁਚੇਤ ਹੈ ਅਤੇ ਆਪਣੀ ਧਿਰ ਨੂੰ "ਵਹਿਮੀ ਢੋਲਾ" ਕਹੇ ਜਾਣ ਪ੍ਰਤੀ ਵੀ ਜਾਗਰੂਕ ਹੈ। ਇਹੋ ਬਸਤੀਵਾਦੀ ਸੰਵੇਦਨਾ ਹੈ, ਜਿਹੜੀ ਬੁੱਧੀ ਦੀ ਥਾਵੇਂ ਵਲਵਲੇ ਨੂੰ ਪ੍ਰਾਥਮਿਕਤਾ ਦੇ ਰਹੀ ਹੈ। ਇਹ ਸਤਹੀ ਪੱਧਰ ਉੱਪਰ ਅਧਿਆਤਮਕਤਾ ਦੇ ਪਹਿਰਨ ਵਿਚ ਮੱਧਕਾਲੀ ਬੋਧ/ਦ੍ਰਿਸ਼ਟੀ ਦਿਖਾਈ ਦਿੰਦਾ ਹੈ ਅਤੇ ਪੇਸ਼ਕਾਰੀ ਦੀ ਨਵੀਨਤਾ ਪੱਖੋਂ ਆਧੁਨਿਕ ਪ੍ਰਤੀਤ ਹੁੰਦਾ ਹੈ। ਪਰੰਤੂ ਹਕੀਕੀ ਤੌਰ 'ਤੇ ਇਹ ਬੋਧ ਬਸਤੀਵਾਦੀ ਬੋਧ ਹੈ, ਜਿਸ ਨੂੰ ਭਾਈ ਵੀਰ ਸਿੰਘ ਕਲਾ-ਕੌਸ਼ਲਤਾ ਨਾਲ ਪੇਸ਼ ਕਰਨ ਦੇ ਸਮਰੱਥ ਹੈ। ਭਾਈ ਵੀਰ ਸਿੰਘ ਦੇ ਰੂਪ ਅਤੇ ਪ੍ਰਗਟਾਅ ਪ੍ਰਤੀ ਇਥੇ ਏਨਾਂ ਸੁਚੇਤ ਰਹਿਣ ਦੀ ਜ਼ਰੂਰਤ ਹੈ ਕਿ ਭਾਈ ਵੀਰ ਸਿੰਘ ਦੇ ਵਧੇਰੇ ਕਾਵਿ ਰੂਪ ਛੰਦ ਬੱਧ ਹਨ ਅਤੇ ਪ੍ਰਗੀਤਕ ਅੰਦਾਜ਼ ਵਾਲੇ ਹਨ। ਇਹ ਪ੍ਰਗੀਤਕਤਾ ਜਿੰਨੀ ਤਰਲਤਾ ਨਾਲ ਪੇਸ਼ ਹੁੰਦੀ ਹੈ, ਇਹ ਓਨੀ ਹੀ ਵਿਚਾਰ ਨੂੰ ਜਜ਼ਬੇਮਈ ਬਣਾ ਦਿੰਦੀ ਹੈ। ਇਹ ਅੰਦਾਜ਼ ਬਸਤੀਵਾਦੀ ਦੌਰ ਵਿਚ ਤਰਕ ਦੀ ਥਾਵੇਂ ਵਿਸ਼ਵਾਸ ਪੈਦਾ ਕਰਨ ਵਾਲਾ ਹੈ। ਵਿਸ਼ਵਾਸ਼ ਜੋ ਅਧਿਆਤਮਕ ਸ਼ਰਧਾ ਵਿਚ ਹੈ, ਉਹ ਸੰਵਾਦ ਪੈਦਾ ਨਹੀਂ ਕਰ ਸਕਦਾ ਸਗੋਂ ਉਲਟੇ ਰੁਖ਼ ਲੋਕਾਈ ਨੂੰ ਅਧਿਆਤਮੀ ਹੁਲਾਰਿਆਂ ਵਿਚ ਜਜ਼ਬ ਕਰ ਦਿੰਦਾ ਹੈ। ਭਾਈ ਵੀਰ ਸਿੰਘ ਦਾ ਇਹ ਅਧਿਆਤਮੀ ਵਿਸ਼ਵਾਸ, ਪ੍ਰਗੀਤਕਤਾ ਦਾ ਸਿਖਰ 'ਕੰਬਦੀ ਕਲਾਈ' (1933) ਵਿਚ ਦੇਖਿਆ ਜਾ ਸਕਦਾ ਹੈ, ਜਿਸ ਵਿਚ ਭਾਈ ਵੀਰ ਸਿੰਘ ਲਈ ਗੁਰੂ ਸਾਹਿਬਾਨ ਪ੍ਰੇਰਕ ਨਹੀਂ ਬਣਦੇ ਸਗੋਂ ਪੂਜਣਯੋਗ ਸ਼ਖ਼ਸ਼ੀਅਤਾਂ ਤੱਕ ਸੀਮਤ ਹੋ ਜਾਂਦੇ ਹਨ। ਇਥੇ ਸ਼ਬਦ 'ਗਿਆਨ ਗੀਤ' ਨਹੀਂ ਬਣਦਾ ਸਗੋਂ 'ਜੋਦੜੀ' ਵਿਚ ਤਬਦੀਲ ਹੋ ਜਾਂਦਾ ਹੈ। ਇਸ ਕਰਕੇ ਭਾਈ ਵੀਰ ਸਿੰਘ ਨੂੰ ਬੋਧ/ਦ੍ਰਿਸ਼ਟੀ ਪੱਖੋਂ ਮੱਧਕਾਲੀ ਅਤੇ ਰੂਪ ਪੱਖੋਂ ਆਧੁਨਿਕ ਕਹਿਣਾ ਕਿਧਰੇ ਵੀ ਜਾਇਜ਼ ਨਹੀਂ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਦਾ ਇਕ ਪ੍ਰਮੁੱਖ ਪਾਸਾਰ ਪ੍ਰਕਿਰਤੀ ਚਿਤਰਨ ਨਾਲ ਸੰਬੰਧਿਤ ਹੈ, ਜਿਸ ਦੇ ਆਧਾਰ 'ਤੇ ਉਸਨੂੰ ਪੰਜਾਬੀ ਦਾ ਵਰਡਜ਼ਵਰਥ ਵੀ ਕਿਹਾ ਗਿਆ ਹੈ। ਪ੍ਰਕਿਰਤੀ ਨਾਲ ਸੰਬੰਧਿਤ ਕਾਵਿ ਸੰਬੰਧੀ ਵੀ ਬਹੁਤ ਸੁਚੇਤ ਹੋਣ ਦੀ ਜ਼ਰੂਰਤ ਹੈ ਕਿਉਂਕਿ ਪ੍ਰਕਿਰਤੀ ਚਿਤਰਨ ਸਿਰਫ਼ ਪ੍ਰਕਿਰਤੀ ਦੀ ਖ਼ੂਬਸੂਰਤੀ ਅਤੇ ਉਸ ਦੇ ਸੁਹਜ ਨੂੰ ਮਾਨਣਾ ਹੀ ਨਹੀਂ ਹੁੰਦਾ, ਉਸ ਦੇ ਡੂੰਘੇ ਰੁਖ਼ ਪਏ ਅਰਥਾਂ ਦੀ ਤਲਾਸ਼ ਵੀ ਕਰਨੀ ਹੁੰਦੀ ਹੈ। ਭਾਈ ਵੀਰ ਸਿੰਘ ਦੇ ਕਾਵਿ ਵਿਚ ਪ੍ਰਕਿਰਤੀ ਚਿਤਰਨ ਦਾ ਵਡੇਰਾ ਭਾਗ ਪੰਜਾਬ ਦੀ ਭੂਗੋਲਿਕਤਾ ਨਾਲ ਸੰਬੰਧਿਤ ਨਹੀਂ ਹੈ। ਕਸ਼ਮੀਰ ਅਤੇ ਪੰਜਾਬੋ ਬਾਹਰ ਦੀ ਪ੍ਰਕਿਰਤੀ ਜਿਸ ਅੰਦਰ ਪੰਜਾਬ ਦਾ ਭੂਗੋਲਿਕ ਵਾਤਾਵਰਣ ਨਹੀਂ ਹੈ, ਉਸ ਨਾਲ ਸੰਬੰਧਿਤ ਕਵਿਤਾਵਾਂ ਨੂੰ ਆਤਮ ਅਤੇ ਅਨਾਤਮ ਦੀ ਅੰਤਰ-ਦ੍ਰਿਸ਼ਟੀ ਵਿਚੋਂ ਸਹਿਜੇ ਹੀ ਸਥਾਪਤ ਕੀਤਾ ਜਾ ਸਕਦਾ ਹੈ ਜੋ ਪੰਜਾਬ ਦੀ ਮੈਦਾਨੀ ਭੂਗੋਲਿਕਤਾ ਦੀ ਠੋਸ ਯਥਾਰਥਕਤਾ ਨਾਲੋਂ ਸੁਖੈਨ ਹੈ। ਭਾਈ ਵੀਰ ਸਿੰਘ ਦਾ ਇਹ ਪ੍ਰਕਿਰਤੀ ਚਿਤਰਨ ਜਦੋਂ ਆਪੇ ਦੇ ਪ੍ਰਗਟਾਅ ਦਾ ਬਦਲ ਬਣਦਾ ਹੈ ਤਾਂ ਸੂਖ਼ਮ ਤੌਰ 'ਤੇ ਉਸ ਅੰਦਰ ਉਹ ਅਧਿਆਤਮਕਤਾ ਅੰਤਰ-ਦ੍ਰਿਸ਼ਟੀ ਵਜੋਂ ਉਦੈ ਹੋ ਜਾਂਦੀ ਹੈ, ਜੋ ਉਸ ਦੇ ਸਮੁੱਚੇ ਕਾਵਿ ਵਿਚ ਪ੍ਰਵਾਹਤ ਹੈ। ਪ੍ਰਕਿਰਤੀ ਚਿਤਰਨ ਅੰਦਰ ਵੀ ਭਾਈ ਵੀਰ ਸਿੰਘ ਦੇ ਕਈ ਰਾਜਸੀ ਅਤੇ ਵਿਚਾਰਧਾਰਕ ਸੰਕੇਤ ਪਏ ਹਨ। ਭਾਈ ਵੀਰ ਸਿੰਘ ਦਾ ਪ੍ਰਤੀਕੀਕਰਨ ਅਤੇ ਸੰਕੇਤੀਕਰਨ ਉਸ ਬਸਤੀਵਾਦੀ ਦਬਾਓ ਅਤੇ ਬਸਤੀਕ੍ਰਿਤ ਮਨੁੱਖ ਦਾ ਤਣਾਓ ਹੈ ਜਿਹੜਾ ਆਜ਼ਾਦੀ ਤਾਂ ਚਾਹੁੰਦਾ ਹੈ, ਪਰੰਤੂ ਜਾਬਰ ਪ੍ਰਬੰਧ ਦੇ ਖਿਲਾਫ਼ ਉੱਗਰ ਰੂਪ ਅਖ਼ਤਿਆਰ ਨਹੀਂ ਕਰਦਾ। ਉਸ ਦਾ ਇਹ ਜਬਤ ਹੀ ਸਭ ਤੋਂ ਵੱਡਾ ਦਬਾਓ ਹੈ।





ਭਾਈ ਵੀਰ ਸਿੰਘ ਦੇ ਸਮੁੱਚੇ ਕਾਵਿ ਵਿਚੋਂ ਇਕਹਿਰੇਪਣ ਦੀ ਥਾਵੇਂ ਉਸ ਜਟਿਲਤਾ ਨੂੰ ਸਮਝਣਾ ਜ਼ਰੂਰੀ ਹੈ ਜੋ ਉਸ ਦੌਰ ਦੇ ਇਤਿਹਾਸਕ ਦਬਾਵਾਂ, ਤਣਾਓ, ਵਿਰੋਧਾਂ ਅਤੇ ਅੰਤਰ-ਵਿਰੋਧਾਂ ਨਾਲ ਜੁੜੀ ਹੋਈ ਹੈ। ਉਸ ਦੀ ਕਵਿਤਾ ਦੀ ਰੂਪ-ਸੰਰਚਨਾ ਵੀ ਇਸ ਤੋਂ ਮੁਕਤ ਨਹੀਂ ਹੈ। ਉਸ ਦੀ ਸੰਵਾਦੀ ਵਿਧੀ ਅਸਲ ਵਿਚ ਆਤਮਲਾਪ ਦੀ ਵਿਧੀ ਹੈ ਜਿਹੜੀ ਆਪ ਹੀ ਪ੍ਰਸ਼ਨ ਕਰਕੇ ਉੱਤਰ ਦਿੰਦੀ ਹੈ। ਕਾਵਿ ਸ਼ਬਦਾਂ ਦਾ ਕੌਮਿਆਂ ਵਿਚ ਬੰਨ੍ਹੇ ਜਾਣਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਹ ਅਜਿਹੀ ਸਥਿਤੀ ਹੈ ਜਿਸਨੂੰ ਭਾਈ ਵੀਰ ਸਿੰਘ ਪਛਾਣ ਵਜੋਂ ਅਧਿਆਤਮੀ ਅਤੇ ਸੰਜਮੀ ਸਿੱਖ ਦੇ ਰੂਪ ਵਿਚ, ਪੰਜਾਬੀਅਤ ਦੀ ਥਾਂ ਸਿੱਖ ਪੰਜਾਬੀਅਤ ਵਿਚ ਪੰਜਾਬੀ ਭਾਸ਼ਾ ਨੂੰ ਸਿੱਖਾਂ ਦੀ ਪੰਜਾਬੀ ਬੋਲੀ ਵਜੋਂ, ਵਿਕਾਸ ਲਈ ਬਸਤੀਵਾਦੀ ਸਹਿਹੋਂਦ ਵਜੋਂ ਪਰਿਭਾਸ਼ਤ ਕਰਦਾ ਅਤੇ ਦ੍ਰਿੜ ਕਰਦਾ ਹੈ। ਇਨ੍ਹਾਂ ਨੂੰ ਬਸਤੀਵਾਦੀ ਆਧੁਨਿਕਤਾ ਦੇ ਪਰਿਪੇਖ ਵਿਚ ਸਮਝਣਾ ਤਾਂ ਜ਼ਰੂਰੀ ਹੈ ਕਿਉਂਕਿ ਇਹ ਜਿਸ ਤਰ੍ਹਾਂ ਦੀ ਸੋਚ-ਵਿਧੀ ਅਖਤਿਆਰ ਕਰਦੇ ਹਨ, ਉਨ੍ਹਾਂ ਨੂੰ ਭਾਈ ਵੀਰ ਸਿੰਘ ਵਿਚਾਰਧਾਰਾ ਪੱਖੋਂ ਅਕਸਰ ਅੰਕਿਤ ਕਰਦਾ ਹੈ :-

ਸਾਨੂੰ ਅਜਬ ਸ਼ਿਕਾਰੀ ਮਿਲਿਆ
ਫੜ ਪਿੰਜਰੇ ਵਿਚ ਪਾਂਦਾ,
ਪਰ ਪਿੰਜਰਾ ਨਾ ਬੰਦ ਕਰਾਂਦਾ
ਖਿੜਕੀ ਖੁੱਲ੍ਹੀ ਰਹਾਂਦਾ।
ਅਸੀਂ ਕਦੇ ਜੇ ਬੰਦ ਕਰਾਈਏ,
ਉਹ ਫਿਰ ਖੁਹਲੇ ਖਿੜਕੀ,
'ਬੰਦਖਲਾਸੀ' ਕਰਕੇ ਕੱਠੀਆਂ
ਅਚਰਜ ਰੰਗ ਜਮਾਂਦਾ।[30]

0-0-0

**ਹਵਾਲੇ** :


1. ਮਨੋਂਦਰ ਨਾਥ ਠਾਕੁਰ, **ਗਿਆਨ ਕੀ ਰਾਜਨੀਤੀ : ਸਮਾਜ ਅਧਿਐਨ ਔਰ ਭਾਰਤੀਯ ਚਿੰਤਨ**, ਪੰਨਾ XIV
2. ਭਾਈ ਵੀਰ ਸਿੰਘ, **ਸੁੰਦਰੀ** (32ਵਾਂ ਐਡੀਸ਼ਨ), ਪੰਨਾ 131-132
3. ਉਧਰਿਤ, ਦਰਸ਼ਨ ਕੌਰ ਗਰੇਵਰ, *ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲ*, **ਭਾਈ ਵੀਰ ਸਿੰਘ : ਪੁਨਰ ਵਿਚਾਰ**, (ਸੰਪਾ. ਹਰਿਭਜਨ ਸਿੰਘ) ਪੰਨਾ 66
4. ਸੰਤ ਸਿੰਘ ਸੇਖੋਂ, **ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ**, ਪੰਨਾ 127
5. ਡਾ. ਅਤਰ ਸਿੰਘ, **ਕਾਵਿ ਅਧਿਅਨ** (ਐਡੀਸ਼ਨ-1990), ਪੰਨਾ 27
6. ਡਾ. ਹਰਿਭਜਨ ਸਿੰਘ, *ਭਾਈ ਵੀਰ ਸਿੰਘ : ਤਲਾਸ਼ ਇਕ ਮੂਲ ਆਦਰਸ਼ ਦੀ*, **ਭਾਈ ਵੀਰ ਸਿੰਘ : ਪੁਨਰ ਵਿਚਾਰ** (ਸੰਪਾ. ਹਰਿਭਜਨ ਸਿੰਘ), ਪੰਨਾ 18
7. ਵਿਆਖਿਆ ਲਈ ਦੇਖੋ, **ਡਾ. ਰਵਿੰਦਰ ਸਿੰਘ ਰਵੀ : ਸਿਰਜਣਾ ਤੇ ਸੰਵਾਦ** (ਸੰਪਾ. ਸੁਖਦੇਵ ਸਿੰਘ ਸਿਰਸਾ-ਸਰਬਜੀਤ ਸਿੰਘ), ਪੰਨਾ 140-148
8. ਡਾ. ਗੰਡਾ ਸਿੰਘ, *ਭਾਈ ਵੀਰ ਸਿੰਘ ਅਤੇ ਉਹਨਾਂ ਦਾ ਸਮਾਂ*, **ਕੌਮੀ ਸਿੰਘ ਸਭਾ ਪੱਤ੍ਰਿਕਾ, ਜਨਵਰੀ-2023**, (ਭਾਈ ਵੀਰ ਸਿੰਘ ਦੀ 150ਵੀਂ ਜਨਮ ਵਰ੍ਹੇ ਗੰਢ ਨੂੰ ਸਮਰਪਤ ਅੰਕ), ਪੰਨਾ 13
9. **ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** (ਸੰਪਾ.) ਡਾ. ਹਰਿਭਜਨ ਸਿੰਘ, ਪੰਨਾ 511
10. ਇਸ਼ਤਿਆਕ ਅਹਿਮਦ, **ਲਹੂ-ਲੁਹਾਣ, ਵੰਡਿਆ, ਵੱਢਿਆ-ਟੁੱਕਿਆ ਪੰਜਾਬ**, ਪੰਨਾ 86

11. ਭਾਈ ਸਾਹਿਬ ਡਾਕਟਰ ਭਾਈ ਵੀਰ ਸਿੰਘ, **ਅਮਰ ਲੇਖ, ਭਾਗ ਪਹਿਲਾ** (ਸੰਪਾ. ਮਹਾਂ ਸਿੰਘ ਗਯਾਨੀ), (ਐਡੀਸ਼ਨ -ਸਤੰਬਰ-1967), ਪੰਨਾ 62
12. ਪ੍ਰੋ. ਹਰਬੰਸ ਸਿੰਘ, **ਭਾਈ ਵੀਰ ਸਿੰਘ**, (ਅਨੁਵਾਦ : ਸੁਰਿੰਦਰ ਸਿੰਘ ਨਰੂਲਾ), (ਐਡੀਸ਼ਨ - ਚੌਥੀ ਵਾਰ ਜੂਨ - 2022), ਪੰਨਾ 15
13. ਉਧਰਿਤ, ਉਹੀ, ਪੰਨਾ 18-19
14. ਪ੍ਰੋ. ਹਰਬੰਸ ਸਿੰਘ, *ਸਿੰਘ ਸਭਾ ਲਹਿਰ ਦੀ ਵਿਦਿਅਕ ਖੇਤਰ ਵਿਚ ਦੇਣ*, **ਕੌਮੀ ਸਿੰਘ ਸਭਾ ਪੱਤ੍ਰਿਕਾ** (ਸਿੰਘ ਸਭਾ ਲਹਿਰ ਵਿਸ਼ੇਸ਼ ਅੰਕ), ਅਕਤੂਬਰ-ਦਸੰਬਰ-2022, ਪੰਨਾ 70
15. ਗਾਂਧੀ ਜੀ, **ਹਿੰਦ ਸਵਰਾਜ** (ਅਨੁ : ਅੰਮ੍ਰਿਤ ਲਾਲ ਠਾਕੋਰ ਦਾਸ ਨਾਨਾਵਟੀ), (ਐਡੀਸ਼ਨ - ਜਨਵਰੀ - 2020), ਪੰਨਾ 25
16. ਉਹੀ, ਪੰਨਾ 27
17. ਸ਼ਮਸ਼ੇਰ ਸਿੰਘ ਅਸ਼ੋਕ, **ਅਠਾਰਵੀਂ ਸਦੀ ਦਾ ਪੰਜਾਬ**, ਪੰਨਾ 64-65
18. **ਭਾਈ ਵੀਰ ਸਿੰਘ ਰਚਨਾਵਲੀ**, (ਜਿਲਦ ਪਹਿਲੀ), ਕਵਿਤਾ, ਪੰਨਾ 19-20
19. ਉਹੀ, ਪੰਨਾ 38
20. ਉਹੀ, ਪੰਨਾ 26
21. ਮਨੇਂਦਰ ਨਾਥ ਠਾਕੁਰ, **ਗਿਆਨ ਕੀ ਰਾਜਨੀਤੀ : ਸਮਾਜ ਅਧਿਐਨ ਔਰ ਭਾਰਤੀਯ ਚਿੰਤਨ**, ਪੰਨਾ - XVIII
22. **ਭਾਈ ਵੀਰ ਸਿੰਘ ਰਚਨਾਵਲੀ** (ਜਿਲਦ ਪਹਿਲੀ), ਕਵਿਤਾ, ਪੰਨਾ 157
23. ਗੁਰਤੇਜ ਸਿੰਘ ਠੀਕਰੀਵਾਲਾ (ਡਾ.), *ਸਿੰਘ ਸਭਾ ਲਹਿਰ ਵਿਚ 'ਖ਼ਾਲਸਾ ਸਮਾਚਾਰ' ਦਾ ਯੋਗਦਾਨ*, **ਕੌਮੀ ਸਿੰਘ ਸਭਾ ਪੱਤ੍ਰਿਕਾ**, (ਭਾਈ ਵੀਰ ਸਿੰਘ ਦੀ 150 ਵੀਂ ਜਨਮ ਵਰ੍ਹੇਗੰਢ ਨੂੰ ਸਮਰਪਤ ਅੰਕ), ਜਨਵਰੀ-2023, ਪੰਨਾ 37
24. **ਭਾਈ ਵੀਰ ਸਿੰਘ ਰਚਨਾਵਲੀ** (ਜਿਲਦ ਪਹਿਲੀ), ਕਵਿਤਾ, ਪੰਨਾ 63-64
25. ਉਹੀ, ਪੰਨਾ 50-51
26. ਉਹੀ, ਪੰਨਾ 53
27. ਉਹੀ, ਪੰਨਾ 108
28. Nicholas B. Dirks, Foreword, Colonialism and Its Forms of Knowledge (The British India), by Bernard S. Cohn, Page – IX
29. **ਭਾਈ ਵੀਰ ਸਿੰਘ ਰਚਨਾਵਲੀ** (ਜਿਲਦ ਪਹਿਲੀ), ਕਵਿਤਾ, ਪੰਨਾ 88
30. ਉਹੀ, ਪੰਨਾ 29



ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਮੋਬਾਇਲ : 98155-74144






# ਭਾਰੀ ਵੀਰ ਸਿੰਘ ਦੀ ਕਾਵਿ ਦ੍ਰਿਸ਼ਟੀ

ਡਾ. ਮੋਹਨ ਸਿੰਘ ਤਿਆਗੀ

ਭਾਈ ਵੀਰ ਸਿੰਘ ਪੰਜਾਬੀ ਕਵਿਤਾ ਦੀ ਇਕ ਵਿਲੱਖਣ ਹਸਤੀ ਹੈ। ਉਸਨੂੰ ਜਿੱਥੇ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਵੀ ਹੋਣ ਦਾ ਮਾਣ ਪ੍ਰਾਪਤ ਹੈ, ਉਸਦੇ ਨਾਲ ਹੀ ਉਹ ਆਪਣੀ ਗਹਿਰੀ ਕਾਵਿ-ਦ੍ਰਿਸ਼ਟੀ ਕਾਰਨ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵੀ ਬੜਾ ਮਹੱਤਵਪੂਰਨ ਸਥਾਨ ਰੱਖਦਾ ਹੈ। ਉਸਦੀ ਵਿਲੱਖਣਤਾ ਉਸਦੇ ਕਾਵਿ-ਸਰੋਕਾਰਾਂ ਅਤੇ ਬੌਧਿਕ ਡੂੰਘਾਈ ਵਿੱਚ ਪਈ ਹੋਈ ਹੈ। ਜੇਕਰ ਭਾਈ ਵੀਰ ਸਿੰਘ ਦੀ ਕਵਿਤਾ ਦਾ ਜਰਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਇਸ ਕਵਿਤਾ ਵਿੱਚ ਦਰਸ਼ਨ, ਅਧਿਆਤਮ, ਪ੍ਰਕ੍ਰਿਤੀ ਤੇ ਪਰਾਭੌਤਿਕ ਵਰਤਾਰੇ ਗਹਿਰੇ ਰੂਪ ਵਿੱਚ ਵਿਦਮਾਨ ਰਹਿੰਦੇ ਹਨ। ਇਹ ਸੰਕਲਪ ਅਤੇ ਵਰਤਾਰੇ ਇਸ ਕਵਿਤਾ ਵਿੱਚੋਂ ਵਾਰ-ਵਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਕਵੀ ਕੁਦਰਤ ਨੂੰ ਚਿਤਰਣ ਲੱਗਿਆਂ ਕੇਵਲ ਇਸਦੇ ਬਾਹਰੀ ਦ੍ਰਿਸ਼ਾਂ ਅਤੇ ਰੰਗਾਂ ਨੂੰ ਹੀ ਨਹੀਂ ਚਿਤਰਦਾ ਸਗੋਂ ਇਸਦੇ ਗਹਿਰੇ ਰਹੱਸਾਂ ਅਤੇ ਭੇਦਾਂ ਨੂੰ ਖੋਲ੍ਹਦਾ ਹੋਇਆ 'ਕੁਦਰਤ ਤੋਂ ਕਾਦਰ' ਤੀਕ ਪਹੁੰਚਣ ਦਾ ਯਤਨ ਕਰਦਾ ਹੈ। ਆਪਣੇ ਇਸ ਕਾਵਿ-ਕਾਰਜ ਲਈ ਉਹ ਗੁਰਮਿਤ ਦੇ ਗਹਿਨ ਸੰਕਲਪ 'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨਾ ਜਾਈ ਲਖਿਆ' ਦੀ ਧਾਰਨਾ ਨੂੰ ਆਪਣੀ ਕਵਿਤਾ ਦੀ ਮੂਲ ਆਧਾਰਸ਼ਿਲਾ ਬਣਾਉਂਦਾ ਹੋਇਆ ਇਸ ਸਗਲ ਪਾਸਾਰੇ ਅਤੇ ਪ੍ਰਾਕਿਰਤਕ ਵਰਤਾਰਿਆਂ ਨੂੰ ਸਮਝਣ ਦਾ ਯਤਨ ਕਰਦਾ ਹੈ। ਇਹ ਧਾਰਨਾ ਜਿੱਥੇ ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਨੂੰ ਇੱਕ ਸਾਂਝੇ ਸੂਤਰ ਵਿੱਚ ਬੰਨ੍ਹਦੀ ਹੈ, ਉਸਦੇ ਨਾਲ ਹੀ ਉਸਦੀ ਸੰਗਠਨਾਤਮਕ ਪਹੁੰਚ ਨੂੰ ਵੀ ਬਲ ਪ੍ਰਦਾਨ ਕਰਦੀ ਹੈ। ਇਸ ਕਵਿਤਾ ਸੰਬੰਧੀ ਕਿਰਪਾਲ ਸਿੰਘ ਕਸੇਲ ਦਾ ਕਥਨ ਹੈ, "ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਪ੍ਰਧਾਨ ਰੂਪ ਵਿੱਚ ਅਧਿਆਤਮਕ ਵਿਚਾਰਧਾਰਾ ਤੋਂ ਉਤਪੰਨ ਹੁੰਦਾ ਹੈ ਪਰ ਅਧਿਆਤਮਕ ਵਿਚਾਰਧਾਰਾ ਜੇ ਉਹ ਕਿਸੇ ਦੇ ਵਿਅਕਤਿਤਵ ਦਾ ਸੁਭਾਵਿਕ ਤੇ ਕੁਦਰਤੀ ਅੰਗ ਹੈ ਤਾਂ ਉਹ ਨਿਸ਼ਚੇ ਹੀ ਰਹੱਸਵਾਦੀ ਅਨੁਭਵ ਤੇ ਆਤਮਿਕ ਜਗਿਆਸਾ ਨੂੰ ਜਨਮ ਦੇਵੇਗੀ। ਅਜਿਹੀ ਹਾਲਤ ਵਿਚ ਅਤੇ ਵਿਸ਼ੇਸ਼ ਕਰਕੇ ਕਵਿਤਾ ਵਿੱਚ ਇਸਦਾ ਸਰੂਪ ਅਵੱਸ਼ ਹੀ ਰਹੱਸਵਾਦੀ ਹੋ ਜਾਂਦਾ ਹੈ। ਭਾਰੀ ਵੀਰ ਸਿੰਘ ਜੀ ਦਾ ਰਹੱਸਵਾਦੀ ਅਨੁਭਵ ਜੋ ਅਤਿ ਉਤਮ ਤੇ ਵਿਸ਼ੇਸ਼ ਵਿਅਕਤੀਗਤ ਸਾਧਨਾਂ ਉੱਤੇ ਆਧਾਰਤ ਹੋ ਆਪਣੀ ਵਿਅਕਤੀਗਤ ਵਿਲੱਖਣਤਾ ਨੂੰ ਪ੍ਰਦਰਸ਼ਤ ਕਰਦਾ ਹੈ।"[1] ਇਸ ਤਰ੍ਹਾਂ ਇਹ ਉਪਰੋਕਤ ਰਹੱਸ ਅਤੇ ਅਨੁਭੂਤੀ ਦੀ ਲੀਲਾ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਮੂਲ ਸੁਰ ਵਜੋਂ ਪ੍ਰਵਾਹਿਤ ਹੁੰਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਇਹ ਸਭ ਕੁਝ ਬੜੇ ਸਹਿਜ ਤੇ ਸੁਭਾਵਿਕ ਰੂਪ ਵਿੱਚ ਵਾਪਰਦਾ ਹੈ, ਇਥੇ ਕਿਸੇ ਕਿਸਮ ਦੀ ਅੜਚਣ ਜਾਂ ਬਣਾਵਟ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਇਸ ਕਵਿਤਾ ਵਿੱਚ ਕਾਲ ਅਕਾਲ, ਬ੍ਰਹਿਮੰਡੀ ਵਰਤਾਰੇ ਅਤੇ ਕੁਦਰਤ ਦੇ ਵਿਸਮਾਦੀ ਜਲਵਿਆਂ ਨੂੰ ਰਹੱਸਮਈ ਸੰਗੀਤ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ। ਇਸ ਵਿੱਚ ਗੁਰਮਤਿ ਦਰਸ਼ਨ ਅਤੇ ਅਧਿਆਤਮ ਮਨੁੱਖੀ ਜੀਵਨ ਦੇ ਵੱਖ-ਵੱਖ ਪਾਸਾਰਾਂ ਦੇ ਰੂਪ ਵਿੱਚ ਪ੍ਰਵਾਹਿਤ ਹੁੰਦੇ ਹਨ। ਭਾਈ ਵੀਰ ਸਿੰਘ ਦੀ ਕਵਿਤਾ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਕਵਿਤਾ ਇਕ ਮਕਾਨਕੀ ਵਿਹਾਰ ਵਿੱਚ ਨਹੀਂ ਚਲਦੀ ਸਗੋਂ ਇਸਦਾ ਨਵੀਨ, ਮੌਲਿਕ ਅਤੇ ਜੀਵੰਤ ਮੁਹਾਵਰਾ ਇਸ ਕਵਿਤਾ ਨੂੰ ਅਜਬ ਜਲੌਅ ਅਤੇ ਗਤੀ ਪ੍ਰਦਾਨ ਕਰਦਾ ਹੈ। ਇਹੀ ਤੱਥ ਜਿੱਥੇ ਇਸ ਕਵਿਤਾ ਦੀ ਜਿੰਦ ਜਾਨ ਹੋ ਨਿਬੜਦਾ ਹੈ, ਉਸਦੇ ਨਾਲ ਹੀ ਇਸ ਕਵਿਤਾ ਨੂੰ ਅਥਾਹ ਊਰਜਾ ਵੀ ਪ੍ਰਦਾਨ ਕਰਦਾ ਹੈ। ਇਹ ਊਰਜਾ ਹੀ ਮਨੁੱਖੀ ਜੀਵਨ ਦੇ ਸ਼ਕਤੀਸ਼ਾਲੀ ਚਾਲਕ ਦੇ ਰੂਪ ਵਿੱਚ ਕਾਰਜਸ਼ੀਲ ਰਹਿੰਦੀ ਹੈ। ਇਸ ਕਵਿਤਾ ਵਿੱਚ ਬ੍ਰਹਿਮੰਡੀ ਵਰਤਾਰੇ ਰਹੱਸਮਈ ਕ੍ਰਿਸ਼ਮਿਆਂ ਦੇ ਰੂਪ ਵਿੱਚ

ਆ ਕੇ ਇਸ ਕਵਿਤਾ ਵਿੱਚ ਜਿੱਥੇ ਅਨੋਖਾ ਜਲੌਅ ਪੈਦਾ ਕਰਦੇ ਹਨ, ਉਸਦੇ ਨਾਲ ਹੀ ਮਾਨਵੀ ਸੰਵੇਦਨਾ ਨੂੰ ਧੁਰ ਅੰਦਰ ਤੀਕ ਝੰਜੋੜ ਸੁੱਟਦੇ ਹਨ। ਉਦੋਂ ਮਨੁੱਖ ਦਾ ਕੋਮਲ ਭਾਵੀ ਹਿਰਦਾ ਇਸ ਕਵਿਤਾ ਦੇ ਨਾਲ-ਨਾਲ ਚਲਦਾ ਹੋਇਆ ਆਤਮ ਚਿੰਤਨ ਦੇ ਗਹਿਰੇ ਰਹੱਸਾਂ ਵਿੱਚ ਉਤਰਨ ਲੱਗਦਾ ਹੈ। ਇਹ ਕਵਿਤਾ ਆਪਣਾ ਕਾਵਿ-ਪ੍ਰਵਚਨ ਆਤਮ ਚਿੰਤਨ ਤੋਂ ਸ਼ੁਰੂ ਕਰਦੀ ਹੈ ਜਿੱਥੋਂ ਜਿਗਿਆਸੂ ਦੀ ਧਿਆਨ ਬਿਰਤੀ ਅਧਿਆਤਮਕ ਮੰਡਲਾਂ ਵਿੱਚ ਪ੍ਰਵੇਸ਼ ਕਰਨ ਹਿੱਤ ਬਿਹਬਲ ਹੁੰਦੀ ਨਜ਼ਰ ਆਉਂਦੀ ਹੈ। ਉਸ ਵੇਲੇ ਇਹ ਕਾਵਿ-ਸੰਵਾਦ ਮਾਨਵੀ ਸੰਵੇਦਨਸ਼ੀਲਤਾ ਦੀ ਸਿਖਰ ਤੇ ਪਹੁੰਚ ਜਾਂਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ 'ਲੱਗੀਆਂ' ਇਸ ਸਿੱਕ ਅਤੇ ਵੇਦਨਾ ਨੂੰ ਅਜੀਬ ਬਾਵਰੇਪਣ ਦੇ ਰੂਪ ਵਿੱਚ ਪ੍ਰਗਟ ਕਰਦੀ ਹੈ। ਇੱਥੇ ਕਵੀ ਦਾ ਆਪਾ ਬ੍ਰਹਿਮੰਡੀ ਨੂਰ ਨਾਲ ਇਕ-ਮਿਕ ਹੁੰਦਾ ਹੋਇਆ ਉਸਦੀ ਸ਼ਖ਼ਸ਼ੀ ਨਿੱਜਤਾ ਨੂੰ ਸਦੀਵੀ ਤਿਆਗ ਵੱਲ ਲੈ ਜਾਂਦਾ ਹੈ :

ਜੀ ਮੇਰੇ ਕੁਝ ਹੁੰਦਾ ਸਹੀਓ
ਉਡਦਾ ਹੱਥ ਨ ਆਵੇ,
ਕੱਤਣ, ਤੁੰਮਣ, ਹੱਸਣ, ਖੇਡਣ,
ਖਾਵਣ ਮੂਲ ਨ ਪਾਵੇ,
ਨੈਣ ਭਰਨ, ਖਿਚ ਚੜ੍ਹੇ ਕਾਲਜੇ
ਬਉਰਾਨੀ ਹੋ ਜਾਵਾਂ,
ਤ੍ਰਿੰਞਣ ਦੇਸ਼ ਬਿਗਾਨਾ ਦਿੱਸੇ,
ਘਰ ਖਾਵਣ ਨੂੰ ਆਵੇ। [2]

ਭਾਈ ਵੀਰ ਸਿੰਘ ਦੀ ਕਵਿਤਾ ਦਾ ਇਹ ਹਾਸਿਲ ਹੈ ਕਿ ਇਹ ਕਵਿਤਾ ਜਿੱਥੇ ਇੱਕ ਪਾਸੇ ਸਦੀਆਂ ਦੇ ਸਨਾਤਨੀ ਜਮੂਦ ਨੂੰ ਤੋੜਦੀ ਹੈ, ਉਸਦੇ ਨਾਲ ਹੀ ਇਕ ਸੰਵੇਦਨਸ਼ੀਲ ਮਨੁੱਖ ਦੇ ਅੰਤਰੀਵੀ ਭਾਵ-ਸੰਸਾਰ ਨੂੰ ਵੀ ਚਿਤਰਣ ਦਾ ਯਤਨ ਕਰਦੀ ਹੈ। ਅੰਗਰੇਜ਼ੀ ਸਾਹਿਤ ਦੀ ਰੁਮਾਂਸਵਾਦੀ ਕਾਵਿ ਧਾਰਾ ਨੂੰ ਵੀ ਇਸ ਪ੍ਰਸੰਗ ਵਿੱਚ ਵਾਚਿਆ ਜਾ ਸਕਦਾ ਹੈ। ਇਸ ਵਿੱਚ ਪ੍ਰਾਕਿਰਤੀ ਪ੍ਰੇਮ ਦਾ ਜ਼ਜ਼ਬਾ ਇੱਕ ਸ਼ਕਤੀਸ਼ਾਲੀ ਕਾਵਿ ਸਰੋਕਾਰ ਦੇ ਰੂਪ ਵਿੱਚ ਉੱਭਰਦਾ ਦਿਖਾਈ ਦਿੰਦਾ ਹੈ। ਇਹ ਕਾਵਿ ਧਾਰਾ ਸਨਾਤਨਵਾਦ ਦੇ ਵਿਰੋਧ ਵਿੱਚ ਜਿੱਥੇ ਅੰਗਰੇਜ਼ੀ ਕਵਿਤਾ ਵਿੱਚ ਨਵੇਂ ਅਕੀਦਿਆਂ ਅਤੇ ਨਵੇਂ ਨਕਸ਼ਾਂ ਨਾਲ ਪ੍ਰਵੇਸ਼ ਕਰਦੀ ਹੈ, ਉਸਦੇ ਨਾਲ ਹੀ ਆਪਣੇ ਆਤਮਿਕ ਜਗਤ ਅਤੇ ਬ੍ਰਹਿਮੰਡੀ ਪਾਸਾਰੇ ਨਾਲ ਵੀ ਬੜਾ ਗਹਿਰਾ ਰਿਸ਼ਤਾ ਬਣਾਉਣ ਦਾ ਯਤਨ ਕਰਦੀ ਹੈ। ਉਥੋਂ ਹੀ ਇਸ ਕਵਿਤਾ ਵਿੱਚ ਪਹਿਲੀ ਵਾਰ ਪੈਂਥੀਇਜ਼ਮ (Pantheism) ਦਾ ਸੰਕਲਪ ਆਪਣਾ ਜੋਰ ਫੜਦਾ ਹੈ। ਭਾਵੇਂ ਕਿ ਇਸ ਸਾਹਿਤਕ ਸੰਕਲਪ ਦੀਆਂ ਜੜ੍ਹਾਂ ਗਰੀਕ ਸਾਹਿਤ ਵਿੱਚ ਪਈਆਂ ਹੋਈਆਂ ਹਨ ਪਰ ਅੰਗਰੇਜ਼ੀ ਸਾਹਿਤ ਤੋਂ ਇਹ ਸੰਕਲਪ ਨਵੀਂ ਊਰਜਾ ਤੇ ਗਤੀਸ਼ੀਲਤਾ ਗ੍ਰਹਿਣ ਕਰਦਾ ਹੋਇਆ ਪੂਰੇ ਵਿਸ਼ਵ ਸਾਹਿਤ ਵਿੱਚ ਹਰਮਨ ਪਿਆਰਾ ਹੋ ਜਾਂਦਾ ਹੈ। ਇਹੀ ਸੰਕਲਪ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਇਕ ਨਵਾਂ ਤੇ ਵੱਖਰਾ ਮੁਹਾਂਦਰਾ ਪ੍ਰਦਾਨ ਕਰਦਾ ਹੈ। ਪ੍ਰਸਿੱਧ ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ (William Wordsworth) ਦਾ ਸਾਰੇ ਦਾ ਸਾਰਾ ਕਾਵਿ ਕਰਮ ਵੀ ਇਨ੍ਹਾਂ ਹੀ ਲੀਹਾਂ ਤੇ ਚਲਦਾ ਹੋਇਆ ਕੁਦਰਤ ਨੂੰ ਇਕ ਜੀਵੰਤ ਸੱਤਾ ਦੇ ਰੂਪ ਵਿੱਚ ਚਿਤਰਣ ਵੱਲ ਰੁਚਿਤ ਹੁੰਦਾ ਹੈ। ਅੰਗਰੇਜ਼ੀ ਸਾਹਿਤ ਦੀ ਰੁਮਾਂਸਵਾਦੀ ਧਾਰਾ (Romantic Age) ਦੇ ਹੋਰ ਕਵੀਆਂ ਵਿੱਚ ਵੀ ਇਹ ਪ੍ਰਵਿਰਤੀ ਬੜੇ ਪ੍ਰਬਲ ਰੂਪ ਵਿੱਚ ਵੇਖੀ ਜਾ ਸਕਦੀ ਹੈ। ਇਸ ਤਰ੍ਹਾਂ ਜੇਕਰ ਭਾਈ ਵੀਰ ਸਿੰਘ ਦੇ ਇਸ ਉਪਰੋਕਤ ਕਥਨ ਦੇ ਹਵਾਲੇ ਨਾਲ ਇਸ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਨਿਰੀ ਮਕਾਨਕੀ ਘਾੜਤ ਵੱਜੋਂ ਸਾਹਮਣੇ ਨਹੀਂ ਆਉਂਦੀ ਸਗੋਂ ਮਾਨਵੀ ਜੀਵਨ ਦੇ ਅਦਿੱਖ, ਅਨੰਤ ਅਤੇ ਸੂਖ਼ਮ ਪਾਸਾਰਾਂ ਦੀ ਥਾਹ ਪਾਉਣ ਹਿੱਤ ਸਵੈਂ ਸੰਵਾਦ ਦੇ ਰਾਹ ਪੈਂਦੀ ਹੈ, ਜਿੱਥੋਂ ਇਹ ਸੰਵਾਦ ਚਾਰ ਚੁਫੇਰੇ ਫੈਲ਼ਦਾ ਹੋਇਆ ਕੁੱਲ ਕਾਇਨਾਤ ਤੀਕ ਆਪਣੀ ਪਹੁੰਚ ਬਣਾਉਣ ਲਈ





ਅਗਰਸਰ ਹੁੰਦਾ ਹੈ। ਭਾਈ ਵੀਰ ਸਿੰਘ ਦਾ ਕੁਦਰਤ ਤੇ ਕੁਦਰਤੀ ਵਰਤਾਰਿਆਂ ਨਾਲ ਸੰਵਾਦ ਇੱਕ ਪਾਸੜ ਨਹੀਂ ਹੈ ਸਗੋਂ ਇਹ ਬਹੁਤ ਗਹਿਰਾ ਤੇ ਬਹੁਦਿਸ਼ਾਵੀ ਹੈ। ਇਸੇ ਸੰਵਾਦ ਰਾਹੀਂ ਹੀ ਉਸਦੀ ਕਵਿਤਾ ਵਿੱਚ ਪ੍ਰਕਿਰਤੀ ਦਾ ਮੰਜ਼ਰ ਚਿਰਕਾਲੀ ਪ੍ਰਭਾਵ ਤੇ ਸਦੀਵਤਾ ਗ੍ਰਹਿਣ ਕਰਦਾ ਹੈ। "ਭਾਈ ਵੀਰ ਸਿੰਘ ਦੇ ਕਾਵਿ ਵਿੱਚ ਕੁਝ ਪ੍ਰਾਕ੍ਰਿਤਕ ਵਸਤੂਆਂ ਤੇ ਦ੍ਰਿਸ਼ਾਂ ਦਾ ਮਾਨਵੀਕਰਣ ਵੀ ਦੇਖਿਆ ਜਾ ਸਕਦਾ ਹੈ। ਮਾਨਵੀਕਰਣ ਦੀ ਇਹ ਰੁਚੀ ਵਿਅਕਤੀ ਦੀ ਇਕ ਆਦਿਮ ਰੁਚੀ ਹੈ। ਮਿਥਿਹਾਸਕ ਯੁੱਗ ਵਿੱਚ ਪ੍ਰਕ੍ਰਿਤੀ ਨੂੰ ਪਰਾਲੌਕਿਕ ਸ਼ਕਤੀਆਂ ਦੇ ਰੂਪ ਵਿੱਚ ਵੇਖਿਆ ਗਿਆ। ਧਾਰਮਿਕ ਕਾਵਿ ਰੂਪ ਵਿੱਚ ਇਸਨੂੰ ਪਰਮਸੱਤਾ ਦੇ ਇਕ ਮਾਧਿਅਮ ਰੂਪ ਵੱਜੋਂ ਸਵੀਕਾਰ ਕੀਤਾ ਗਿਆ ਅਤੇ ਰੁਮਾਂਟਿਕ ਯੁੱਗ ਵਿਚ ਇਸਦੇ ਵੱਖਰੇ-ਵੱਖਰੇ ਰੂਪਾਂ ਨੂੰ ਮਾਨਵੀ ਪ੍ਰਕਿਰਿਆਵਾਂ ਦੇ ਅਰਥਾਂ ਦੁਆਰਾ ਸਮਝਿਆ ਗਿਆ।"[3] ਭਾਈ ਵੀਰ ਸਿੰਘ ਦੀ ਕਵਿਤਾ 'ਗੁਲਾਬ ਦੇ ਫੁੱਲ ਤੋੜਨ ਵਾਲੇ ਨੂੰ' ਇਸੇ ਪ੍ਰਾਕ੍ਰਿਤਕ ਧਾਰਨਾ ਤੇ ਉਸਰੀ ਹੋਈ ਹੈ। ਇਹ ਕਵਿਤਾ ਜਿੱਥੇ ਫੁੱਲ ਤੋੜਨ ਵਾਲੇ ਰਾਹੀ ਨੂੰ ਫੁੱਲ ਨਾ ਤੋੜਨ ਦੀ ਤਾਕੀਦ ਕਰਦੀ ਹੈ, ਉਸਦੇ ਨਾਲ ਹੀ ਉਸਨੂੰ ਫੁੱਲ ਦੀ ਮਹਿਕ ਨਾਲ ਨਾਤਾ ਜੋੜਨ ਲਈ ਵੀ ਪ੍ਰੇਰਦੀ ਹੈ। ਅਸਲ ਵਿੱਚ ਇਸ ਉਪਦੇਸ਼ਾਤਮਕ ਕਵਿਤਾ ਦਾ ਭਾਵ-ਸੰਸਾਰ ਬ੍ਰਹਿਮੰਡ ਦੇ ਵਿਸ਼ਾਲ ਪਾਸਾਰੇ ਤੀਕ ਫੈਲਿਆ ਹੋਇਆ ਹੈ। ਕਵੀ ਮਨੁੱਖੀ ਜੀਵਨ ਦੀ ਛਿਣ ਭੰਗਰਤਾ ਵਿੱਚੋਂ ਸਦੀਵਤਾ ਦੀ ਚੰਗਿਆੜੀ ਤਲਾਸ਼ ਕਰਦਾ ਹੋਇਆ ਦੇਹ ਤੇ ਰੂਹ ਦੀ ਦਵੰਦਾਤਮਕ ਖੇਡ ਨੂੰ 'ਫੁੱਲ ਤੇ ਮਹਿਕ' ਦੇ ਸੂਖ਼ਮ ਚਿਹਨ ਰਾਹੀਂ ਅਭਿਵਿਅਕਤ ਕਰਦਾ ਹੈ। ਇਸ ਤਰ੍ਹਾਂ ਦੇ ਸੰਕੇਤ ਅਤੇ ਰਮਜ਼ਾਂ ਇਸ ਕਵਿਤਾ ਵਿੱਚ ਵਾਰ-ਵਾਰ ਉੱਭਰਦੇ ਦਿਖਾਈ ਦਿੰਦੇ ਹਨ। ਇਹ ਸੰਵਾਦ ਇਸ ਕਵਿਤਾ ਨੂੰ ਅਜੀਬ ਗਤੀ ਅਤੇ ਜਲੌਅ ਪ੍ਰਦਾਨ ਕਰਦਾ ਹੈ, ਜਿੱਥੇ ਪਹੁੰਚ ਕੇ ਇਹ ਕਵਿਤਾ ਆਪਣੀ ਬੇਜੋੜ ਕਾਵਿਕ ਸਮਰੱਥਾ ਦਾ ਪ੍ਰਗਟਾਵਾ ਕਰਦੀ ਹੈ :

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ 'ਮਹਿਕ' ਦੀ ਲਾਈ
ਲੱਖ ਗਾਹਕ ਜੇ ਸੁੰਘੇ ਆ ਕੇ,
ਖਾਲੀ ਇਕ ਨਾ ਜਾਈ
ਤੂੰ ਜੇ ਇੱਕ ਤੋੜ ਕੇ ਲੈ ਗਿਓਂ,
ਇਕ ਜੋਗਾ ਰਹਿ ਜਾਸਾਂ,
ਉਹ ਵੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ। [4]

ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਗੁਰਮਿਤ ਦਰਸ਼ਨ ਅਤੇ ਅਧਿਆਤਮ ਨੈਤਿਕ ਕਦਰ ਪ੍ਰਬੰਧ ਦੇ ਰੂਪ ਵਿੱਚ ਕਾਰਜ਼ਸ਼ੀਲ ਰਹਿੰਦਾ ਹੈ। ਇਹ ਕਵਿਤਾ ਆਦਿ ਤੋਂ ਅੰਤ ਤੀਕ ਇਸੇ ਸਥਿਰ ਪੈਟਰਨ ਨਾਲ ਨਿਭਦੀ ਨਜ਼ਰ ਆਉਂਦੀ ਹੈ। ਕਵੀ ਆਪਣੀ ਗੱਲ ਕਹਿਣ ਲਈ ਕੁਦਰਤ ਨੂੰ ਇੱਕ ਸ਼ਕਤੀਸ਼ਾਲੀ ਕਾਵਿ ਵਾਹਕ ਵਜੋਂ ਚੁਣਦਾ ਹੈ, ਜਿਸਦਾ ਤਲਿਸਮੀ ਵਰਣਨ ਅੱਗੇ ਜਾ ਕੇ ਖ਼ੂਬਸੂਰਤ ਕਵਿਤਾ ਵਿੱਚ ਢਲਕੇ ਸਾਡੇ ਰੋਮ-ਰੋਮ ਵਿੱਚ ਇੱਕ ਅਜਬ ਸੰਗੀਤ ਪੈਦਾ ਕਰਦਾ ਹੈ। ਜੇਕਰ ਇਸ ਕਵਿਤਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸਕ ਕਾਲਕ੍ਰਮ ਅਨੁਸਾਰ ਵਾਚਿਆ ਜਾਵੇ ਤਾਂ ਇਸ ਕਵਿਤਾ ਵਿੱਚੋਂ ਆਧੁਨਿਕ ਬੋਧ ਅਤੇ ਯੁੱਗ-ਚੇਤਨਾ ਦੇ ਝਲਕਾਰੇ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਮਹੱਤਵਪੂਰਨ ਸਪੇਸ ਬਣਾਈ ਰੱਖਦੇ ਹਨ। ਇਸ ਵਿੱਚ ਪ੍ਰਕਿਰਤੀ ਦੇ ਨੇਮ ਅਤੇ ਮਾਨਵੀ ਜੀਵਨ ਦੀਆਂ ਅਟੱਲ ਸੱਚਾਈਆਂ ਸਰਵ ਵਿਆਪੀ ਸੱਚ ਦੇ ਰੂਪ ਵਿੱਚ ਗਹਿਰੀਆਂ ਕਾਵਿ-ਅਨੁਭੂਤੀਆਂ ਦੁਆਰਾ ਪ੍ਰਗਟ ਹੁੰਦੇ ਹਨ। ਸਮੇਂ ਦਾ ਨਿਰੰਤਰ ਪ੍ਰਵਾਹ ਅਤੇ ਕਾਵਿ ਸਿਰਜਣਾ ਦੇ ਵਿਕੋਲਿਤਰੇ ਕਾਲ-ਖੰਡ ਇਸ ਕਵਿਤਾ ਨੂੰ ਤੀਖਣਤਾ ਅਤੇ ਅਥਾਹ ਵੇਗ ਪ੍ਰਦਾਨ ਕਰਦੇ ਹਨ। "ਮੈਥਿਓ ਆਰਨਲਡ (Matthew Arnold)

ਕਾਵਿ ਨੂੰ ਜੀਵਨ ਦੀ ਵਿਆਖਿਆ ਕਰਨ ਦਾ ਮਾਧਿਅਮ ਮੰਨਦਾ ਹੈ। ਇਸਦੀ ਵਿਵਹਾਰਕ ਯੋਗਤਾ ਅਤੇ ਅਵੱਸ਼ਕਤਾ ਨੂੰ ਵੀ ਉਹ ਸਵੀਕਾਰ ਕਰਦਾ ਹੈ। ਉਸਦਾ ਵਿਚਾਰ ਸੀ ਕਿ ਕਾਵਿ ਵਿੱਚ ਆਂਤਰਿਕ ਪੱਖ ਪੂਰਨ ਰੂਪ ਵਿੱਚ ਦਾਰਸ਼ਨਿਕ ਚਿੰਤਨ ਅਤੇ ਸੂਖ਼ਮਤਾ ਨਾਲ ਅਭੇਦ ਹੋ ਕੇ ਚਿਤਰਤ ਹੋਣਾ ਚਾਹੀਦਾ ਹੈ ਤਾਂ ਹੀ ਇਹ ਸਥਾਈ ਮਹੱਤਵ ਦਾ ਧਾਰਨੀ ਹੋ ਸਕੇਗਾ। ਕਾਵਿ ਦੀ ਮਹੱਤਤਾ ਨੂੰ ਉਹ ਇਸ ਲਈ ਵੀ ਸਰਵਾਧਿਕ ਮੰਨਦਾ ਸੀ ਕਿਉਂਕਿ ਉਸਦੇ ਵਿਚਾਰ ਅਨੁਸਾਰ ਕਾਵਿ ਦੇ ਮਾਧਿਅਮ ਦੁਆਰਾ ਹੀ ਮਨੁੱਖ ਸੰਪੂਰਣਤਾ ਨਾਲ ਸਤ ਦਾ ਨਿਰੂਪਣ ਕਰ ਸਕਦਾ ਹੈ ਅਤੇ ਕੇਵਲ ਇਸ ਲਈ ਉਹ ਕਾਵਿ ਨੂੰ ਮਨੁੱਖੀ ਜੀਵਨ ਦੀ ਵਿਆਖਿਆ ਮੰਨਦਾ ਸੀ।"[5] ਇਹ ਧਾਰਨਾ ਇਸ ਕਵਿਤਾ ਦੀ ਵੀ ਇੱਕ ਸ਼ਕਤੀਸ਼ਾਲੀ ਆਧਾਰਸ਼ਿਲਾ ਬਣਦੀ ਹੈ। ਭਾਈ ਵੀਰ ਸਿੰਘ ਆਪਣੀ ਪ੍ਰਸਿੱਧ ਕਵਿਤਾ 'ਸਮਾਂ' ਰਾਹੀਂ ਮਨੁੱਖ ਨੂੰ ਉਸਦੇ ਸਮਾਜਿਕ ਕਰਮ ਅਤੇ ਨਿਸ਼ਚੇ ਪ੍ਰਤੀ ਚੇਤਨ ਕਰਦੇ ਹੋਏ ਕਾਲ ਦੀ ਅਖੰਡ ਅਤੇ ਅਨੰਤ ਲੀਲ੍ਹਾ ਨੂੰ ਸਮਝਣ ਲਈ ਸੁਚੇਤ ਕਰਦਾ ਹੈ। ਉਦੋਂ ਇਹ ਕਵਿਤਾ ਸਮਿਆਂ ਤੋਂ ਪਾਰ ਜਾਂਦੀ ਹੋਈ ਸਮੇਂ ਦੀ ਇੱਕ ਅਟੱਲ ਤੇ ਸਦੀਵੀ ਪਰਿਭਾਸ਼ਾ ਸਿਰਜ ਦਿੰਦੀ ਹੈ :

ਰਹੀ ਵਾਸਤੇ ਘੱਤ
ਸਮੇਂ ਨੇ ਇਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖੇ ਅਪਣੇ ਵੇਗ
ਗਿਆ ਟਪ ਬੰਨੇ ਬੰਨੀ.
ਹੋ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫ਼ਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨ ਮੁੜਕੇ ਆਂਵਦਾ।[6]

ਭਾਵੇਂ ਕਿ ਭਾਈ ਵੀਰ ਸਿੰਘ ਦੀ ਕਵਿਤਾ ਵਿਸ਼ੇਗਤ ਸਰੋਕਾਰਾਂ ਅਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਵੱਖ-ਵੱਖ ਖੰਡਾਂ ਅਤੇ ਇਕਾਈਆਂ ਦੇ ਰੂਪ ਵਿੱਚ ਮਾਨਵੀ ਜੀਵਨ ਦੇ ਵਿਸ਼ਾਲ ਕੈਨਵਸ ਤੇ ਉੱਸਰੀ ਹੋਈ ਹੈ ਪਰ ਇਸ ਵਿਆਪਕ ਪਾਸਾਰੇ ਵਿੱਚ ਕੁਦਰਤ ਦੇ ਗੁੱਝੇ ਰਹੱਸਾਂ ਅਤੇ ਗੁੱਝੀਆਂ ਰਮਜ਼ਾਂ ਦੇ ਇਕ ਸਾਂਝੇ ਸੂਤਰ ਨੂੰ ਪਛਾਣਿਆ ਜਾ ਸਕਦਾ ਹੈ। ਇਸ ਵਿੱਚ ਪਿਆਰ, ਮੁਹੱਬਤ, ਮਨੁੱਖੀ ਵਲਵਲਿਆਂ ਅਤੇ ਵੈਰਾਗ ਦੀ ਡੂੰਘੀ ਤੜਪ ਦੇਖੀ ਜਾ ਸਕਦੀ ਹੈ। ਭਾਈ ਵੀਰ ਸਿੰਘ ਕੁਦਰਤ ਦਾ ਹਰਕਾਰਾ ਹੈ। ਉਸਦੀ ਕਵਿਤਾ ਇਸ ਖਪਤਵਾਦੀ ਦੌਰ ਵਿੱਚ ਜਿੱਥੇ ਪਦਾਰਥਕ ਬਹੁਲਤਾਵਾਂ ਨਾਲ ਝੰਬੇ ਹੋਏ ਬਿਮਾਰ ਮਨ-ਮਸਤਕ ਨੂੰ ਸਕੂਨ ਪ੍ਰਦਾਨ ਕਰਦੀ ਹੈ, ਉਸਦੇ ਨਾਲ ਹੀ ਮਨੁੱਖ ਨੂੰ ਕੁਦਰਤ ਦੇ ਸੂਖ਼ਮ ਤੇ ਵਿਰਾਟ ਪਾਸਾਰਾਂ ਨਾਲ ਵੀ ਜੋੜਦੀ ਹੈ। ਭਾਈ ਵੀਰ ਸਿੰਘ ਕੁਦਰਤ ਨਾਲ ਜੁੜੇ ਜਿਹੜੇ ਵੀ ਵਰਤਾਰੇ ਨੂੰ ਹੱਥ ਪਾਉਂਦਾ ਹੈ, ਉਸਦੇ ਗਹਿਰੇ ਭੇਦ ਅਤੇ ਰਹੱਸ ਫੁੱਲਾਂ ਦੀਆਂ ਪੰਖੜੀਆਂ ਵਾਂਗ ਆਪਣੇ ਆਪ ਖੁਲ੍ਹਦੇ ਜਾਂਦੇ ਹਨ। ਇਹ ਕਵਿਤਾ ਕੇਵਲ ਮਾਨਵੀ ਜੀਵਨ ਦੇ ਬਾਹਰੀ ਵਰਤਾਰਿਆਂ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਕੁਦਰਤ ਦੇ ਅੰਤਰੀਵੀ ਤੇ ਸਦੀਵੀ ਸੰਗੀਤ ਦਾ ਪ੍ਰਵੇਸ਼-ਦੁਆਰ ਵੀ ਬਣਦੀ ਹੈ। ਕਵੀ ਫੁੱਲਾਂ, ਝਰਨਿਆਂ, ਪਹਾੜਾਂ ਅਤੇ ਦਰਿਆਵਾਂ ਦੀ ਗੱਲ ਕਰਦਾ ਹੋਇਆ ਇਨ੍ਹਾਂ ਦੀ ਮਹਿਕ ਅਤੇ ਵੇਗਮਈ ਰਵਾਨੀ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਉਸ ਵਕਤ ਇਹ ਕਵਿਤਾ ਇਕ ਬੱਝਵੇਂ ਪ੍ਰਭਾਵ ਦੇ ਨਾਲ-ਨਾਲ ਮਨੁੱਖ ਨੂੰ ਉਸਦੇ ਜੀਵਨ ਦੇ ਮੂਲ





ਮੰਤਵ ਨਾਲ ਵੀ ਜੋੜਦੀ ਹੈ। ਭਾਈ ਵੀਰ ਸਿੰਘ ਅਨੁਸਾਰ, "ਬ੍ਰਹਮ ਸਮਸਤ ਦ੍ਰਿਸ਼ਟ-ਜਗਤ ਦੀ ਅਸਲੀਅਤ ਹੈ, ਇਹ ਸ੍ਰਿਸ਼ਟੀ ਜਾਂ ਕਾਇਨਾਤ ਦਾ ਉਤਪਾਦਕ, ਪਾਲਕ ਅਤੇ ਸੰਘਾਰਕ ਹੈ। ਇਸਦੀ ਸਿਰਜਨਾ ਕਰਕੇ ਇਸਦੇ ਵਿੱਚ ਹੀ ਵੱਸਦਾ ਹੈ ਪਰ ਫੇਰ ਵੀ ਉਹ ਇਸ ਤੋਂ ਨਿਰਲੇਪ ਰਹਿ ਕੇ ਸਦਾ ਅਡੋਲ ਅਤੇ ਪੂਰਨ ਅਨੰਦ ਦੀ ਅਵਸਥਾ ਵਿਚ ਸਥਿਰ ਰਹਿੰਦਾ ਹੈ। ਉਸਦੀ ਰਚਨਾ ਵਿੱਚੋਂ ਹੀ ਉਸਨੂੰ ਵੇਖਿਆ ਜਾ ਸਕਦਾ ਹੈ ਕਿਉਂਕਿ ਉਹ ਸਰਬਵਿਆਪਕ ਹੈ ਅਤੇ ਪ੍ਰਕਿਰਤੀ ਦੇ ਕਣ-ਕਣ ਵਿੱਚ ਸਮਾਇਆ ਹੋਇਆ ਹੈ।"[7] ਇਸ ਪ੍ਰਸੰਗ ਵਿੱਚ ਭਾਈ ਵੀਰ ਸਿੰਘ ਦੀ ਪ੍ਰਸਿੱਧ ਕਵਿਤਾ 'ਵੈਰੀ ਨਾਗ ਦਾ ਪਹਿਲਾ ਝਲਕਾ' ਨੂੰ ਵਾਚਿਆ ਜਾ ਸਕਦਾ ਹੈ:

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ,
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ
ਜੀ ਵੇਖ ਵੇਖ ਨਹੀਂ ਰਜਦਾ।
ਨਾ ਕੁਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ,
ਚੁੱਪ ਚਾਨ ਪਰ ਰੂਪ ਤਿਰੇ ਵਿਚ
ਕਵਿਤਾ ਰੰਗ ਜਮਾਇਆ।[8]

ਭਾਈ ਵੀਰ ਸਿੰਘ ਦੀਆਂ ਅਜਿਹੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ, ਜਿਸ ਤੋਂ ਉਸਦੀ ਉਚੀ-ਸੁੱਚੀ ਬਿਰਤੀ ਅਤੇ ਅਨੂਠੀ ਕਾਵਿਕ ਪ੍ਰਤਿਭਾ ਦੇ ਦੀਦਾਰ ਹੁੰਦੇ ਹਨ। ਉਨ੍ਹਾਂ ਦੀ ਸਮੁੱਚੀ ਕਵਿਤਾ ਉਨ੍ਹਾਂ ਦੇ ਕੋਮਲ ਹਿਰਦੇ ਅਤੇ ਉਚ ਅਧਿਆਤਮਕ-ਅਵੱਸਥਾ ਵਿੱਚੋਂ ਉਪਜਿਆ ਇਲਾਹੀ ਸੰਗੀਤ ਹੈ, ਜਿਸ ਵਿੱਚ ਮਨੁੱਖੀ ਆਜ਼ਾਦੀ, ਗੌਰਵ ਅਤੇ ਨੈਤਿਕਤਾ ਦਾ ਸੰਕਲਪ ਗਹਿਰੇ ਰੂਪ ਵਿੱਚ ਵਿਦਮਾਨ ਰਹਿੰਦਾ ਹੈ। ਇਹ ਕਵਿਤਾ ਸਾਡੇ ਆਲੇ-ਦੁਆਲੇ ਇਕ ਅਜਿਹਾ ਵਿਸਮਾਦੀ ਵਾਯੂਮੰਡਲ ਸਿਰਜ ਦਿੰਦੀ ਹੈ, ਜਿਸ ਵਿੱਚ ਵਿਚਰਦਾ ਮਨੁੱਖ ਆਪਣੇ ਧੁਰ ਅੰਦਰਲਾ ਸਦੀਵੀ ਸੰਗੀਤ ਮਹਿਸੂਸ ਕਰਨ ਲਗਦਾ ਹੈ। ਇਹ ਕਵਿਤਾ ਮਨੁੱਖ ਦੀ ਉਂਗਲ ਫੜਕੇ ਸਹਿਜ-ਢੰਗ ਨਾਲ ਉਸਨੂੰ ਪ੍ਰਕਿਰਤੀ ਦੇ ਲੜ ਲਾਉਂਦੀ ਹੈ, ਜਿੱਥੇ ਮਨੁੱਖ ਆਤਮਿਕ ਤੌਰ ਤੇ ਅਨੰਦ ਨਾਲ ਭਰਪੂਰ ਤੇ ਬਲਵਾਨ ਮਹਿਸੂਸ ਕਰਦਾ ਹੈ। ਭਾਵੇਂ ਕਿ ਭਾਈ ਵੀਰ ਸਿੰਘ ਨੇ ਪਰੰਪਰਿਕ ਮੱਧਕਾਲੀ ਕਾਵਿ ਰੂਪਾਂ ਅਤੇ ਛੰਦ ਵਿਧਾਨ ਨੂੰ ਆਪਣੀ ਕਵਿਤਾ ਦੇ ਸਿਰਜਨਾਤਮਕ ਚੌਖਟਿਆਂ ਵਜੋਂ ਵਰਤਿਆ ਹੈ ਪਰੰਤੂ ਉਸਦੇ ਸਿਰਜਨਾਤਮਕ ਪਾਸਾਰਾਂ ਵਿੱਚੋਂ ਆਧੁਨਿਕ ਬੋਧ ਅਤੇ ਯੁਗ ਚੇਤਨਾ ਦਾ ਪ੍ਰਤੱਖ ਝਲਕਾਰਾ ਮਿਲਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਦਾ ਬਹੁਤਾ ਸਿਰਜਣਾ ਕਾਲ ਬਸਤੀਵਾਦੀ ਦੌਰ ਦਾ ਸਮਾਂ ਹੈ। ਇਸ ਕਾਲ ਖੰਡ ਦੌਰਾਨ ਬਹੁਤ ਸਾਰੀ ਇਨਕਲਾਬੀ ਅਤੇ ਕ੍ਰਾਂਤੀਕਾਰੀ ਸੁਰ ਵਾਲੀ ਕਵਿਤਾ ਦੀ ਰਚਨਾ ਵੀ ਹੋ ਰਹੀ ਸੀ ਜਿਸਦੀ ਸਿੱਧੇ ਤੌਰ ਤੇ ਪ੍ਰਤੀਬੱਧਤਾ ਦੇਸ਼ ਦੀ ਆਜ਼ਾਦੀ ਲਈ ਚੱਲਦੇ ਸੰਗਰਾਮ ਨਾਲ ਜੁੜੀ ਹੋਈ ਸੀ। ਪਰ ਇਨ੍ਹਾਂ ਸਮਿਆਂ ਵਿੱਚ ਭਾਈ ਵੀਰ ਸਿੰਘ ਕੁਦਰਤ ਦਾ ਓਟ-ਆਸਰਾ ਲੈ ਰਿਹਾ ਸੀ। ਇਸ ਕਾਲੇ ਦੌਰ ਵਿੱਚ ਭਾਈ ਵੀਰ ਸਿੰਘ ਦੀ ਅਧਿਆਤਮਕ ਰੁੱਚੀ ਅਤੇ ਇਸ ਵਿਚਾਰਧਾਰਾ ਕਾਰਨ ਪੰਜਾਬੀ ਦੇ ਬਹੁਤ ਸਾਰੇ ਆਲੋਚਕਾਂ ਤੇ ਵਿਦਵਾਨਾਂ ਨੇ ਭਾਈ ਵੀਰ ਸਿੰਘ ਨੂੰ ਪਲਾਇਣਵਾਦੀ ਸ਼ਾਇਰ ਵੀ ਗਰਦਾਨਿਆ ਹੈ। ਪਰ ਇਸ ਧਾਰਨਾ ਨੂੰ ਵਿਸ਼ਾਲ ਅਰਥਾਂ ਵਿੱਚ ਸਮਝਣ ਦੀ ਲੋੜ ਹੈ। ਕਿਸੇ ਵੀ ਕਵੀ ਦਾ ਅਵਚੇਤਨ ਉਸਦੀ ਸਿਰਜਣ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਅਦਾ

ਕਰਦਾ ਹੈ। ਭਾਈ ਵੀਰ ਸਿੰਘ ਦਾ ਪਰਿਵਾਰ ਗੁਰਮਤਿ ਫ਼ਲਸਫ਼ੇ ਅਤੇ ਗੁਰਮਿਤ ਸਿਧਾਂਤਾਂ ਦਾ ਧਾਰਨੀ ਸੀ। ਇਸ ਕਰਕੇ ਗੁਰਮਿਤ ਚਿੰਤਨ ਅਤੇ ਜੀਵਨ ਜਾਚ ਭਾਈ ਵੀਰ ਸਿੰਘ ਦੇ ਨਿੱਜੀ ਜੀਵਨ ਤੇ ਸਮਾਜਿਕ ਵਿਹਾਰ ਵਿੱਚ ਗਹਿਰੇ ਢੰਗ ਨਾਲ ਕਾਰਜਸ਼ੀਲ ਰਹਿੰਦੀ ਹੈ। ਇਸਨੇ ਭਾਈ ਵੀਰ ਸਿੰਘ ਦੇ ਸਿਰਜਨਾਤਮਕ ਅਮਲ ਤੇ ਵੀ ਗਹਿਰਾ ਪ੍ਰਭਾਵ ਪਾਇਆ ਜੋ ਕਿ ਉਨ੍ਹਾਂ ਦੀ ਰਚਨਾਕਾਰੀ ਵਿੱਚੋਂ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਈ ਵੀਰ ਸਿੰਘ ਤੇ ਭਾਂਜਵਾਦੀ ਹੋਣ ਦਾ ਦੋਸ਼ ਲਾਉਣਾ ਉਨ੍ਹਾਂ ਦੀ ਵਿਰਾਟ ਸਖ਼ਸ਼ੀਅਤ ਅਤੇ ਬੇਜੋੜ ਕਾਵਿ-ਕਰਮ ਨਾਲ ਵਧੀਕੀ ਹੈ।

ਉਨ੍ਹਾਂ ਨੇ ਬਸਤੀਵਾਦੀ ਦੌਰ ਵਿੱਚ ਜਦੋਂ ਈਸਾਈ ਪਾਦਰੀਆਂ ਦੁਆਰਾ ਈਸਾਈ ਧਰਮ ਦਾ ਪ੍ਰਚਾਰ ਪੂਰੇ ਜੋਰਾਂ ਸ਼ੋਰਾਂ ਤੇ ਸੀ ਤਾਂ ਇਸ ਮੂੰਹ ਜ਼ੋਰ ਵਰਤਾਰੇ ਦੇ ਖਿਲਾਫ਼ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਪ੍ਰਸਾਰ ਰਾਹੀਂ ਬਸਤੀਵਾਦੀ ਦੌਰ ਦੇ ਸੰਸਕ੍ਰਿਤਕ ਹਮਲਿਆਂ ਖਿਲਾਫ਼ ਪੰਜਾਬ ਦੇ ਲੋਕਾਂ ਵਿੱਚ ਜਨਚੇਤਨਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ। ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਇੱਕ ਵਡੇਰੇ ਪਰਿਪੇਖ ਵਿੱਚ ਰੱਖਕੇ ਸਮਝਣ ਦੀ ਜਰੂਰਤ ਹੈ। ਭਾਵੇਂ ਕਿ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਬਰਤਾਨਵੀ ਬਸਤੀਵਾਦ ਦਾ ਸਿੱਧਾ ਵਿਰੋਧ ਤੇ ਪ੍ਰਤੀਕਰਮ ਨਜ਼ਰ ਨਹੀਂ ਆਉਂਦਾ ਪਰ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿੱਚ ਇਹ ਵਿਰੋਧ ਸੰਕੇਤਕ ਪੱਧਰ ਤੇ ਦਿਖਾਈ ਦਿੰਦਾ ਹੈ। ਇਹ ਸਾਰਾ ਕੁੱਝ ਉਨ੍ਹਾਂ ਦੀ ਕਵਿਤਾ ਵਿੱਚ ਬਿੰਬਾਂ, ਪ੍ਰਤੀਕਾਂ ਅਤੇ ਚਿੰਨ੍ਹਾਤਮਕ ਰੂਪ ਵਿੱਚ ਪਿਆ ਹੋਇਆ ਹੈ। ਭਾਈ ਵੀਰ ਸਿੰਘ ਦੁਆਰਾ ਅਧਿਆਤਮ ਤੇ ਬਲ ਦੇਣਾ, ਨੈਤਿਕਤਾ ਦੇ ਉਸਾਰ ਦੀ ਗੱਲ ਕਰਨਾ ਅਤੇ ਮਨੁੱਖੀ ਜੀਵਨ ਦੀ ਗਤੀਸ਼ੀਲਤਾ ਨੂੰ ਬਣਾਈ ਰੱਖਣਾ ਵੀ ਆਪਣੇ ਆਪ ਵਿੱਚ ਕਿਸੇ ਖਾਸ ਸਮਾਜਿਕ ਸੰਕਲਪ ਦੇ ਅਨੁਸਾਰੀ ਮਨੁੱਖ ਨੂੰ ਤਿਆਰ ਕਰਨਾ ਹੈ ਜੋ ਆਪਣੇ ਸਮਾਜਿਕ ਚੌਗਿਰਦੇ ਵਿੱਚ ਇੱਕ ਨਿੱਗਰ ਸਮਾਜਿਕ ਭੂਮਿਕਾ ਅਦਾ ਕਰ ਸਕੇ। ਇਸ ਸੰਦਰਭ ਵਿੱਚ ਭਾਈ ਵੀਰ ਸਿੰਘ ਦੀਆਂ ਪ੍ਰਸਿੱਧ ਅਤੇ ਬਹੁਚਰਚਿਤ ਕਵਿਤਾਵਾਂ ਸਮਾਂ, ਧੋਬੀ, ਕੁਤਬ ਦੀ ਲਾਠ, ਅਵਾਂਤੀ ਪੁਰੇ ਦੇ ਖੰਡਰ, ਕੰਬਦੇ ਪੱਥਰ, ਪਿੰਜਰੇ ਪਿਆ ਪੰਛੀ, ਗੰਗਾ ਰਾਮ, ਦਰਦ ਦੇਖ ਦੁਖ ਆਂਦਾ, ਬੰਦ ਖਲਾਸੀ, ਬੁਲਬੁਲ ਤੇ ਰਾਹੀ ਅਤੇ ਫੁੰਡਿਆ ਤੋਤਾ ਵਿਚਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਇਤਿਹਾਸ ਦੇ ਕਾਲਖੰਡਾਂ, ਸੰਕਲਪਾਂ ਅਤੇ ਝਰੋਖਿਆਂ ਨੂੰ ਮਨੁੱਖ ਨੂੰ ਸਹੀ ਦਿਸ਼ਾ ਅਤੇ ਸੇਧ ਦੇਣ ਲਈ ਵਰਤਿਆ ਗਿਆ ਹੈ। ਭਾਈ ਵੀਰ ਸਿੰਘ ਇੱਥੇ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਇਸ ਦੁਨੀਆਂ ਵਿੱਚ ਕੁੱਝ ਵੀ ਸਥਿਰ ਨਹੀਂ ਹੈ। ਇੱਥੇ ਜੋ ਅੱਜ ਨਜ਼ਰ ਆਉਂਦਾ ਹੈ, ਉਹ ਕੱਲ੍ਹ ਨਹੀਂ ਰਹੇਗਾ। ਇੱਥੇ ਸਮੇਂ-ਸਮੇਂ ਤੇ ਕਈ ਧਾੜਵੀ ਅਤੇ ਹਮਲਾਵਰ ਆਏ ਅਤੇ ਆਪਣੀ ਪਛਾਣ ਖੰਡਰਾਂ ਦੇ ਰੂਪ ਵਿੱਚ ਛੱਡ ਗਏ। ਇਸ ਤਰ੍ਹਾਂ ਉਹ ਮਨੁੱਖ ਨੂੰ ਉਸਦੇ ਕਰਮ ਅਤੇ ਉਦੇਸ਼ ਬਾਰੇ ਸੁਚੇਤ ਕਰਦਾ ਹੋਇਆ, ਉਸਨੂੰ ਸਦਾਚਾਰ ਅਤੇ ਨੇਕੀ ਦਾ ਰਸਤਾ ਅਪਣਾਉਣ ਤੇ ਜੋਰ ਦਿੰਦਾ ਹੈ। ਇਹ ਕਵਿਤਾਵਾਂ ਭਾਈ ਵੀਰ ਸਿੰਘ ਦੀ ਉਚੀ ਸੁੱਚੀ ਬਿਰਤੀ ਅਤੇ ਸਮਾਜਿਕ ਪਹੁੰਚ ਦੀ ਗਵਾਹੀ ਭਰਦੀਆਂ ਹਨ। ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਡਾ. ਸੁਖਦੇਵ ਸਿੰਘ ਸਿਰਸਾ ਦੇ ਵਿਚਾਰ ਹਨ, "ਭਾਈ ਵੀਰ ਸਿੰਘ ਦੇ ਸਮਾਜਿਕ ਅਤੇ ਸਾਹਿਤਕ ਸਰੋਕਾਰਾਂ ਬਾਰੇ ਗੱਲ ਕਰਦਿਆਂ ਇਸ ਪੱਖੋਂ ਸੁਚੇਤ ਰਹਿਣ ਦੀ ਵੀ ਜਰੂਰਤ ਹੈ ਕਿ ਆਪਣੇ ਇਤਿਹਾਸਕ ਯੋਗਦਾਨ ਦੇ ਬਾਵਜੂਦ ਉਹ ਆਪਣੇ ਯੁੱਗ ਦੇ ਸੰਕਟਾਂ, ਵਿਚਾਰਧਾਰਕ ਦਵੰਦਾਂ, ਭ੍ਰਾਂਤੀਆਂ, ਮਾਨਸਿਕ ਅਤੇ ਭਾਵੁਕ ਪੂਰਵਗ੍ਰਹਾਂ, ਚੇਤ-ਅਚੇਤ ਜਾਤੀ ਸੰਸਕਾਰਾਂ ਅਤੇ ਸ਼੍ਰੇਣਿਕ ਤੇ ਵਿਅਕਤੀਗਤ ਸੀਮਾਵਾਂ ਤੋਂ ਅਸਲੋਂ ਮੁਕਤ ਨਹੀਂ ਸੀ। ਉਸਦੀ ਸਖ਼ਸ਼ੀਅਤ ਅਤੇ ਰਚਨਾ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਅਨੇਕਾਂ ਵਿਰੋਧਾਭਾਸ ਇਸ ਗੱਲ ਦਾ ਪ੍ਰਮਾਣ ਹਨ ਕਿ ਉਸਦੀ ਮਹਾਨਤਾ ਵੀ ਸਧਾਰਨ ਮਨੁੱਖੀ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਪਰ੍ਹੇ ਦੀ ਕੋਈ ਚੀਜ਼ ਨਹੀਂ ਸੀ। ਸੋ ਭਾਈ ਵੀਰ ਸਿੰਘ ਦੇ ਕਾਵਿ-ਚਿੰਤਨ ਦੀ ਗੱਲ ਉਸਦੀ ਸਖ਼ਸ਼ੀਅਤ, ਉਸਦੀ ਵਿਚਾਰਧਾਰਾ ਅਤੇ ਉਸਦੇ ਯੁੱਗ ਦੇ ਇਤਿਹਾਸਕ ਸੰਦਰਭ ਵਿੱਚ ਉਸਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਕੇ ਹੀ ਕੀਤੀ ਜਾ ਸਕਦੀ ਹੈ।"[9] ਪੰਜਾਬੀ ਸਾਹਿਤ ਦੇ ਵੱਖ-ਵੱਖ ਵਿਦਵਾਨਾਂ ਅਤੇ ਆਲੋਚਕਾਂ ਨੇ ਭਾਈ ਵੀਰ ਸਿੰਘ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਯਤਨ ਕੀਤਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਯੁੱਗ ਬੋਧ ਅਤੇ ਯੁੱਗ ਚੇਤਨਾ





ਦਾ ਸਿੱਧਾ ਪ੍ਰਗਟਾਵਾ ਨਹੀਂ ਮਿਲਦਾ, ਇਸ ਕਵਿਤਾ ਵਿੱਚ ਦ੍ਰਿਸ਼ਟੀਗਤ ਬੋਧ ਵੱਖ-ਵੱਖ ਕਾਵਿ ਖੰਡਾਂ ਦੇ ਰੂਪ ਵਿੱਚ ਪਸਰਿਆ ਹੋਇਆ ਹੈ, ਜਿਸਨੂੰ ਇੱਕ ਅੰਤਰੀਵੀ ਸੰਗਠਨਾਤਮਕ ਪਹੁੰਚ ਦੁਆਰਾ ਸਮਝਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਬਹੁਤ ਸਾਰਾ ਆਲੋਚਨਾਤਮਕ ਕਾਰਜ ਪ੍ਰਾਪਤ ਹੁੰਦਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰਾ ਆਲੋਚਨਾਤਮਕ ਕਾਰਜ ਉਸਦੀ ਕਵਿਤਾ ਦੇ ਸੀਮਾਗਤ ਦਾਇਰਿਆਂ ਨਾਲ ਬੱਝਿਆ ਹੋਇਆ ਹੈ। ਇਸ ਲਈ ਭਾਈ ਵੀਰ ਸਿੰਘ ਦਾ ਸਮੁੱਚਾ ਕਾਵਿ ਜਗਤ ਸੁਤੰਤਰ ਅਧਿਐਨ ਦੀ ਮੰਗ ਕਰਦਾ ਹੈ। "ਅਸਲ ਵਿੱਚ ਭਾਈ ਵੀਰ ਸਿੰਘ ਕਾਵਿ ਦੀ ਰਚਨਾ-ਪ੍ਰਕਿਰਿਆ ਨੂੰ ਇਤਿਹਾਸਕ ਸੰਦਰਭ ਵਿੱਚ ਰੱਖ ਕੇ ਵਿਚਾਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਵੇਂ ਜਿਵੇਂ ਆਧੁਨਿਕ ਯੁਗ-ਚਿੰਤਨ ਬਹੁਪੱਖੀ ਰੂਪ ਵਿੱਚ ਮੱਧਕਾਲੀ ਯੁਗ ਚਿੰਤਨ ਦੀ ਥਾਂ ਪ੍ਰਭੁਤਵ ਹਾਸਲ ਕਰਦਾ ਜਾਂਦਾ ਹੈ, ਉਵੇਂ ਉਵੇਂ ਭਾਈ ਵੀਰ ਸਿੰਘ ਦੇ ਯਥਾਰਥ-ਬੋਧ 'ਚ ਪਰਿਵਰਤਨ ਹੁੰਦੇ ਜਾਂਦੇ ਹਨ। ਇਸ ਕਰਕੇ ਉਹ ਆਪਣੇ ਅਨੁਭਵ ਤੇ ਵਸਤੂ ਦੀਆਂ ਲੋੜਾਂ ਅਧੀਨ ਜਿੱਥੇ ਪਰੰਪਰਿਕ ਕਾਵਿ ਰੂਪਾਕਾਰਾਂ ਨੂੰ ਕਾਵਿ-ਜੁਗਤਾਂ ਦੇ ਬਲ ਪਰਿਵਰਤਨ ਨਾਲ ਵਰਤਦਾ ਹੈ ਉਥੇ ਨਵੀਨ ਕਾਵਿ ਰੂਪਾਕਾਰਾਂ ਨੂੰ ਆਪਣੇ ਸੀਮਾ-ਯੁਕਤ ਆਧੁਨਿਕ ਚਿੰਤਨ ਦੇ ਅਨੁਕੂਲ ਕਰਕੇ ਨਵੇਂ ਵਿਧਾਨ ਵਿੱਚ ਢਾਲਦਾ ਹੈ।"[10] ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਹੋਰ ਵੀ ਬਹੁਤ ਸਾਰੀਆਂ ਧਾਰਨਾਵਾਂ ਪ੍ਰਾਪਤ ਹੁੰਦੀਆਂ ਹਨ, ਜਿਹੜੀਆਂ ਕਿ ਉਸਦੀ ਕਵਿਤਾ ਦੇ ਮਹੱਤਵਪੂਰਨ ਸਰੋਕਾਰਾਂ ਤੇ ਰੋਸ਼ਨੀ ਪਾਉਦੀਆਂ ਹਨ। ਇਨ੍ਹਾਂ ਵਿੱਚ ਬਹੁਤ ਸਾਰੇ ਵੱਖਰੇਵਿਆਂ ਦੇ ਬਾਵਜੂਦ ਇੱਕ ਸਾਂਝਾਂ ਮੱਤ ਬਣਦਾ ਦਿਖਾਈ ਦਿੰਦਾ ਹੈ ਜਿਹੜਾ ਕਿ ਭਾਈ ਵੀਰ ਸਿੰਘ ਦੇ ਕਾਵਿ ਕਰਮ ਦੀ ਇਤਿਹਾਸਕ ਮਹੱਤਤਾ ਅਤੇ ਸਾਰਥਿਕਤਾ ਤੇ ਜੋਰ ਦਿੰਦਾ ਹੈ। ਇਸ ਤਰ੍ਹਾਂ ਜੇਕਰ ਭਾਈ ਵੀਰ ਸਿੰਘ ਦੀ ਕਵਿਤਾ ਦਾ ਸਮੁੱਚੇ ਰੂਪ ਵਿੱਚ ਅਧਿਐਨ ਕੀਤਾ ਜਾਵੇ ਤਾਂ ਭਾਈ ਵੀਰ ਸਿੰਘ ਪੰਜਾਬੀ ਕਵਿਤਾ ਦੇ ਇੱਕ ਯੁੱਗ ਸ਼ਾਇਰ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸਦੀ ਕਵਿਤਾ ਨੂੰ ਇਤਿਹਾਸਕ ਸੰਦਰਭਾਂ, ਦ੍ਰਿਸ਼ਟੀਗਤ ਅਕੀਦਿਆਂ ਅਤੇ ਭਾਸ਼ਾਈ ਸਮਰੱਥਾ ਤੋਂ ਸਮਝਣ ਦੀ ਜਰੂਰਤ ਹੈ। ਉਹ ਪੰਜਾਬੀ ਕਵਿਤਾ ਦਾ ਪਹਿਲਾ ਅਜਿਹਾ ਸ਼ਾਇਰ ਹੈ ਜਿਸਨੇ ਪੰਜਾਬੀ ਕਵਿਤਾ ਨੂੰ ਆਧੁਨਿਕ ਬੋਧ ਨਾਲ ਜੋੜਨ ਅਤੇ ਨਵਾਂ ਮੁਹਾਂਦਰਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਜੇਕਰ ਭਾਈ ਵੀਰ ਸਿੰਘ ਸਖ਼ਸ਼ੀਅਤ ਅਤੇ ਸਾਹਿਤ ਸਿਰਜਣਾ ਦੇ ਸਮਾਜਿਕ ਅਮਲ ਅਤੇ ਵਿਹਾਰ ਨੂੰ ਉਸਦੇ ਸਮਕਾਲੀ ਕਾਲ ਖੰਡ ਵਿੱਚ ਰੱਖ ਕੇ ਵਿਚਾਰਿਆ ਜਾਵੇ ਤਾਂ ਉਸਦੇ ਸਾਹਿਤਕ ਪ੍ਰਯੋਜਨ ਅਤੇ ਸਾਹਿਤਕ ਪਹਿਲੂਆਂ ਨੂੰ ਭਲੀਭਾਂਤ ਸਮਝਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਨੂੰ ਅਧਿਐਨ ਦੇ ਇੱਕ ਖਾਸ ਦਾਇਰੇ ਵਿੱਚ ਰੱਖ ਕੇ ਵਾਚਣਾ ਪਰਖਣਾ ਤਰਕਸੰਗਤ ਨਹੀਂ, ਉਸਦੀ ਰਚਨਾ ਸ਼ਕਤੀ ਅਤੇ ਸਮਰੱਥਾ ਉਸਦੇ ਸਮੁੱਚੇ ਸਾਹਿਤ ਵਿਧਾਨ ਵਿੱਚ ਪਈ ਹੋਈ ਹੈ। ਉਸਦੀ ਕਵਿਤਾ ਆਪਣੇ ਆਪ ਨਾਲ ਪ੍ਰਵਚਨ ਦੀ ਵਿਧੀ ਰਾਹੀਂ ਸਮੁੱਚੀ ਲੋਕਾਈ ਨਾਲ ਸੰਵਾਦ ਹੈ। ਇਸ ਸੰਵਾਦ ਦੀ ਤਹਿ ਤੱਕ ਪਹੁੰਚ ਕੇ ਹੀ ਇਸ ਕਵਿਤਾ ਦੇ ਮੂਲ ਅਰਥਾਂ ਦੀ ਥਾਹ ਪਾਈ ਜਾ ਸਕਦੀ ਹੈ।

ਇਸ ਤਰ੍ਹਾਂ ਆਪਣੀਆਂ ਬਹੁਤ ਸਾਰੀਆਂ ਕਾਵਿ-ਸੀਮਾਵਾਂ ਅਤੇ ਦ੍ਰਿਸ਼ਟੀਗਤ ਅੰਤਰ ਵਿਰੋਧਾਂ ਦੇ ਚਲਦਿਆਂ ਹੋਇਆਂ ਵੀ ਭਾਈ ਵੀਰ ਸਿੰਘ ਪੰਜਾਬੀ ਕਵਿਤਾ ਦੇ ਇੱਕ ਯੁੱਗ ਸ਼ਾਇਰ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸਦੀ ਕਵਿਤਾ ਦੀ ਸਮਰੱਥਾ ਅਤੇ ਸਦੀਵੀ ਪਹੁੰਚ ਉਸਦੀ ਕਵਿਤਾ ਦੇ ਜੀਵੰਤ ਮੁਹਾਵਰੇ ਅਤੇ ਭਾਵ ਜਗਤ ਵਿੱਚ ਪਈ ਹੋਈ ਹੈ। ਭਾਈ ਵੀਰ ਸਿੰਘ ਪੰਜਾਬੀ ਕਵਿਤਾ ਦਾ ਇੱਕ ਕੱਦਵਾਰ ਸ਼ਾਇਰ ਹੈ। ਆਪਣੇ ਸਮਕਾਲ ਦੀਆਂ ਵੰਗਾਰਾਂ, ਸੰਕਟਾਂ ਅਤੇ ਚੁਣੌਤੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਵੀ ਉਸਦੀ ਕਾਵਿ ਸੰਵੇਦਨਾ ਪਾਠਕ ਦੇ ਸਿਰ ਚੜ੍ਹ ਕੇ ਬੋਲਦੀ ਹੈ। ਉਸਦਾ ਭਾਵ ਬੋਧ ਸ਼ਕਤੀਸ਼ਾਲੀ ਪਹੁੰਚ ਦਾ ਲਖਾਇਕ ਹੈ। ਉਹ ਆਪਣੀ ਗੱਲ ਅੰਗਰੇਜ਼ੀ ਦੇ ਪ੍ਰਸਿੱਧ ਲੇਖਿਕਾਂ ਜੌਨ ਮਿਲਟਨ ਅਤੇ ਜੌਨ ਬਨਿਆਨ ਵਾਂਗ ਧਾਰਮਿਕ, ਅਧਿਆਤਮਕ ਅਤੇ ਦਾਰਸ਼ਨਿਕ ਮੁਹਾਵਰੇ ਵਿੱਚ ਕਰਦਾ ਹੈ, ਪਰ ਉਸਦੀ ਪਹੁੰਚ ਨਿਰੋਲ ਰੂਪ ਵਿੱਚ ਮਾਨਵੀ ਅਤੇ ਸਮਾਜਿਕ ਹੈ। ਇਸਦੇ ਵਾਦ-ਸੰਵਾਦ ਦੀ ਇੱਕ ਸੀਮਾ ਵੀ ਹੋ ਸਕਦੀ ਹੈ ਪਰੰਤੂ ਇਸਦੀ ਭਾਸ਼ਾਈ ਤਾਕਤ ਅਤੇ ਗਹਿਰੀ ਸਾਹਿਤਕਤਾ ਤੋਂ ਮੁਨਕਰ ਨਹੀਂ

ਹੋਇਆ ਜਾ ਸਕਦਾ। ਇਸ ਕਵਿਤਾ ਦਾ ਇਹ ਹਾਸਿਲ ਹੈ ਕਿ ਇਹ ਕਵਿਤਾ ਭੂਤ, ਭਵਿੱਖ ਅਤੇ ਵਰਤਮਾਨ ਦੀਆਂ ਕਾਲਗਤ ਸੀਮਾਵਾਂ ਤੋਂ ਪਾਰ ਜਾਂਦੀ ਹੋਈ ਮਨੁੱਖ ਅੰਦਰ ਆਤਮ-ਜਿਗਿਆਸਾ ਅਤੇ ਆਤਮ ਚਿੰਤਨ ਦਾ ਦੀਵਾ ਬਾਲਕੇ ਧਰਦੀ ਹੈ, ਜਿੱਥੋਂ ਮਨੁੱਖ ਇਸ ਦੁਨੀਆ ਤੇ ਬ੍ਰਹਿਮੰਡ ਨੂੰ ਇੱਕ ਨਵੇਂ ਨਜ਼ਰੀਏ ਤੋਂ ਵੇਖਣ ਲੱਗਦਾ ਹੈ। ਕਿਸੇ ਵੀ ਸਾਹਿਤਕ ਕਿਰਤ ਵਿੱਚ ਨਵੀਆਂ ਸੰਭਾਵਨਾਵਾਂ ਅਤੇ ਗਤੀਸ਼ੀਲਤਾ ਦਾ ਇਹ ਅੰਸ਼ ਉਸਨੂੰ ਸਰਵਵਿਆਪੀ ਉਦੇਸ਼ ਤੇ ਪਰਿਪੇਖ ਪ੍ਰਦਾਨ ਕਰਦਾ ਹੈ। ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਨੂੰ ਇਸੇ ਧਾਰਨਾ ਦੇ ਸੰਦਰਭ ਵਿੱਚ ਵੇਖਿਆ ਤੇ ਸਮਝਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਆਮਦ ਨਾਲ ਪੰਜਾਬੀ ਕਵਿਤਾ ਜਿੱਥੇ ਪਰੰਪਰਿਕ ਚੌਖਟਿਆਂ ਨੂੰ ਉਲੰਘਦੀ ਹੋਈ ਆਧੁਨਿਕਤਾ ਵਿੱਚ ਪ੍ਰਵੇਸ਼ ਕਰਦੀ ਹੈ ਉਸਦੇ ਨਾਲ ਹੀ ਇਹ ਵਿਸ਼ੇਗਤ ਸਰੋਕਾਰਾਂ, ਰੂਪਗਤ ਵਿਧਾਨ ਅਤੇ ਵਿਚਾਰਧਾਰਾ ਪੱਖੋਂ ਨਵੇਂ ਪ੍ਰਯੋਗਾਂ ਅਤੇ ਪਹਿਲਕਦਮੀਆਂ ਲਈ ਰਾਹ ਪੱਧਰਾ ਵੀ ਕਰਦੀ ਹੈ। ਭਾਈ ਵੀਰ ਸਿੰਘ ਦੀ ਆਮਦ ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਨਵੇਂ ਪਰਿਵਰਤਨ ਅਤੇ ਰੁਝਾਨ ਦ੍ਰਿਸ਼ਟੀਗੋਚਰ ਹੋਣ ਲੱਗਦੇ ਹਨ। ਇਸ ਕਵਿਤਾ ਦੀ ਵਿਲੱਖਣਤਾ ਵੀ ਇਸ ਗੱਲ ਵਿੱਚ ਪਈ ਹੋਈ ਹੈ।

0-0-0

### ਹਵਾਲੇ ਅਤੇ ਟਿੱਪਣੀਆਂ


1 **ਭਾਈ ਵੀਰ ਸਿੰਘ ਰਚਨਾਵਲੀ** (ਜਿਲਦ ਪਹਿਲੀ), ਭਾਸ਼ਾ ਵਿਭਾਗ ਪੰਜਾਬ, ਪੰਨਾ-5

2 ਭਾਈ ਵੀਰ ਸਿੰਘ, **ਲਹਿਰਾਂ ਦੇ ਹਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2017, ਪੰਨਾ-10

3 ਬ੍ਰਹਮਜਗਦੀਸ਼ ਸਿੰਘ, **ਭਾਈ ਵੀਰ ਸਿੰਘ (ਜੀਵਨ ਤੇ ਰਚਨਾ)**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999, ਪੰਨਾ-155

4 ਭਾਈ ਵੀਰ ਸਿੰਘ, **ਲਹਿਰਾਂ ਦੇ ਹਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2017, ਪੰਨਾ-15

5 ਪ੍ਰੋ. ਨਵ ਸੰਗੀਤ ਸਿੰਘ, **ਭਾਈ ਵੀਰ ਸਿੰਘ ਦਾ ਕਾਵਿ ਸਿਧਾਂਤ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2009, ਪੰਨਾ-51

6 ਭਾਈ ਵੀਰ ਸਿੰਘ, **ਲਹਿਰਾਂ ਦੇ ਹਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2017, ਪੰਨਾ-6

7 ਡਾ. ਮਨਮੋਹਨ ਸਿੰਘ, ਭਾਈ ਵੀਰ ਸਿੰਘ ਦੀ ਵਿਚਾਰਧਾਰਾ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981, ਪੰਨਾ-6

8 ਭਾਈ ਵੀਰ ਸਿੰਘ, **ਲਹਿਰਾਂ ਦੇ ਹਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2017, ਪੰਨਾ-18

9 ਸੁਖਦੇਵ ਸਿੰਘ, **ਪੰਜਾਬੀ ਕਵਿਤਾ : ਪੁਨਰ ਸੰਵਾਦ**, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2018, ਪੰਨਾ-69, 70

10 ਡਾ. ਬਲਦੇਵ ਸਿੰਘ ਧਾਲੀਵਾਲ, **ਭਾਈ ਵੀਰ ਸਿੰਘ ਦੀ ਕਾਵਿ ਦ੍ਰਿਸ਼ਟੀ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991, ਪੰਨਾ-141



ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ : 98144-79150


0-0-0





## ਲਹਿਰ ਹੁਲਾਰੇ ਕਾਵਿ : ਪਰਾਭੌਤਿਕ ਪਰਿਪੇਖ

ਡਾ. ਪ੍ਰਵੀਨ ਕੁਮਾਰ

ਸਮੁੱਚੀ ਪੰਜਾਬੀ ਆਲਚੋਨਾ ਦੇ ਇਤਿਹਾਸ ਦਾ ਵੱਡਾ ਹਿੱਸਾ ਸਮਾਜਿਕ ਸਿਆਸੀ ਪਰਿਪੇਖਾਂ ਤੋਂ ਪ੍ਰਭਾਵਿਤ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਸਮੁੱਚੀ ਪੰਜਾਬੀ ਆਲੋਚਨਾ ਹਮੇਸ਼ਾ ਹੀ ਕਿਸੇ ਨਿਰੋਲ ਸਾਇੰਟਫੈਕ ਟੈਪਰਾਮੈਂਟ ਦੀ ਸੰਰਚਨਾ ਨੂੰ ਲਕੀਰੀ ਬਿਰਤਾਂਤ ਰਾਹੀਂ ਪੇਸ਼ ਕਰਨ ਦੇ ਆਹਰ ਵਿਚ ਰਹੀ ਹੈ। ਇਸ ਟੈਂਪਰਾਮੈਂਟ ਨੇ ਉਨੀਵੀਂ ਤੇ ਵੀਹਵੀਂ ਸਦੀ ਦੇ ਵਿਦਿਅਕ ਅਦਾਰਿਆ ਨੂੰ ਵੀ ਪ੍ਰਭਾਵਿਤ ਕੀਤਾ ਹੈ। ਵਿਚਾਰ ਦੇ ਪੱਧਰ ਤੇ ਇਹ ਇਕ ਰਾਜਨੀਤਕ ਪੈਂਤੜਾ ਵੀ ਹੋ ਸਕਦਾ ਹੈ ਜਾਂ ਇਸ ਨੂੰ ਅਨਜਾਣਪੁਣਾ ਵੀ ਕਹਿ ਸਕਦੇ ਹਾਂ। ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸਮੁੱਚੇ ਗ੍ਰਹਿ (ਧਰਤੀ) ਦੀ ਨੁਹਾਰ ਬਦਲਾਅ ਦੇ ਦੌਰ ਵਿਚ ਹੈ। ਇਹ ਬਦਲਾਅ ਸਕਾਰਾਤਮਕ ਹੈ ਜਾਂ ਨਾਕਾਰਾਤਮਕ ਇਹ ਸਮੁੱਚੀ ਖੋਜ ਸਵਾਲ ਲਈ ਬਣਿਆ ਹੋਇਆ ਹੈ। ਇਸ ਧਰਤੀ ਉੱਪਰ ਮਨੁੱਖੀ ਜੀਵ ਦੀ ਭੂਮਿਕਾ ਉੱਪਰ ਪ੍ਰਸ਼ਨ ਚਿੰਨ੍ਹ ਲਗ ਰਿਹਾ ਹੈ। ਮਨੁੱਖੀ ਪ੍ਰਜਾਤੀ ਨੇ ਕਿਸ ਤਰ੍ਹਾਂ ਸਰਵੋਤਮ ਬਣਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਦੇ ਇਤਿਹਾਸਕ ਪਰਿਪੇਖ ਦੀ ਪੁਨਰ ਪੜਚੋਲ ਹੋ ਰਹੀ ਹੈ। ਚੇਤੰਨ ਖੋਜੀ ਵਰਤਮਾਨ ਦੇ ਸਵਾਲਾਂ ਤੋਂ ਚਿੰਤਤ ਹੈ। ਨਿਰੋਲ ਸਾਇਟਫੈਂਕ ਟੈਪਰਾਮੈਂਟ ਨੇ ਮਨੁੱਖ ਨੂੰ ਖਲਾਅ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਹ ਖਲਾਅ ਸਾਇਟਫੈਂਕ ਟੈਂਪਰਾਮੈਂਟ ਦੀ ਕੱਟੜਤਾ ਨਾਲ ਵੀ ਵਾਪਰਿਆ ਹੈ। ਇਸ ਨਾਲ ਪੂੰਜੀਪਤੀਆਂ ਨੇ ਤਕਨਾਲੋਜੀ ਨੂੰ ਆਪਣਾ ਵੱਡਾ ਹਥਿਆਰ ਬਣਾ ਲਿਆ ਹੈ। ਤਕਨਾਲੋਜੀ ਪੂੰਜੀ ਦੀ ਹਵਸ ਵਾਲੇ ਹੱਥਾਂ ਦਾ ਸ਼ਿਕਾਰ ਬਣ ਕੇ ਰਹਿ ਗਈ ਹੈ। ਇਸ ਨਾਲ ਸਮੁੱਚੀ ਲੁਕਾਈ ਅੰਦਰੋ-ਅੰਦਰ ਖੋਖਲੀ ਹੋ ਰਹੀ ਹੈ। ਇਸ ਉੱਤਰ-ਪੂੰਜੀਵਾਦੀ ਦੌਰ ਵਿਚ ਮਨੁੱਖਤਾ ਕਿਸੇ ਨਵੀਂ ਸਿਧਾਂਤਕੀ ਦੀ ਤਲਾਸ਼ ਵਿਚ ਹੈ। ਜਿਸ ਨਾਲ ਸਮੁੱਚੀ ਮਨੱਖ ਜਾਤੀ ਨੂੰ ਰਾਹਤ ਮਿਲ ਸਕੇ। ਉਸਾਰੂ ਸੋਚ ਵਾਲੇ ਖੋਜੀ ਇਸ ਦਾ ਹੱਲ ਲੱਭਣ ਲਈ ਪ੍ਰੰਪਰਾ ਨਾਲ ਪੁਨਰ-ਸੰਵਾਦ ਰਚਾ ਰਹੇ ਹਨ। ਇਸ ਨਾਲ ਪ੍ਰੰਪਰਾ ਦੇ ਰੂੜੀਵਾਦ ਤੋਂ ਵੀ ਬਚਿਆ ਜਾਵੇ ਅਤੇ ਅਣਗੌਲੇ ਹੋਏ ਸਿਧਾਂਤਕ ਪੈਰਾਡਾਇਮਾਂ ਨੂੰ ਮੁੜ ਉਸਾਰਿਆ ਜਾਵੇ। ਭਾਈ ਵੀਰ ਸਿੰਘ ਨੂੰ ਪੰਜਾਬੀ ਆਲਚੋਨਾ ਨੇ ਸੰਪੂਰਨ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ। ਭਾਈ ਵੀਰ ਸਿੰਘ ਕਾਵਿ-ਆਲੋਚਨਾ ਦਾ ਆਧਾਰ ਵੀ ਜਿਆਦਾਤਰ ਦਵੰਦਮਈ ਭੌਤਿਕਵਾਦ ਹੀ ਰਿਹਾ ਹੈ। ਇਸ ਨਾਲ ਮਾਨਵੀ ਵਿਸਥਾਰਾਂ ਨੂੰ ਤਰਕ ਰਾਹੀਂ ਪਰਿਵਰਤਿਤ ਕਰ ਦਿੱਤਾ ਗਿਆ ਹੈ। ਇਸ ਨੂੰ ਰਾਜਨੀਤਕ ਹਿੱਤਾਂ ਲਈ ਬਿਲਕੁੱਲ ਉਲਟਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਭਾਈ ਵੀਰ ਸਿੰਘ ਦੇ ਕਾਵਿ ਨੂੰ ਇਕ ਅਧਿਐਨ ਸਮੱਗਰੀ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਇਸ ਕਾਵਿ ਨਾਲ ਪੰਜਾਬੀ ਆਲੋਚਨਾ ਆਪਣੀ ਵਿਚਾਰਕੀ ਦਾ ਮੁਹਾਂਦਰਾ ਬਣਾ ਸਕਦੀ ਸੀ। ਭਾਈ ਵੀਰ ਸਿੰਘ ਕਾਵਿ ਵਿਚ ਪੰਜਾਬੀ ਕਾਵਿ ਦੇ ਕਾਵਿ-ਸ਼ਾਸਤਰ ਦੇ ਸੂਤਰ ਪਏ ਹਨ। ਇਹਨਾਂ ਸੂਤਰਾਂ ਉੱਪਰ ਪੰਜਾਬੀ ਕਾਵਿ-ਆਲੋਚਨਾ ਆਪਣਾ ਨਿਰੋਲ ਵਿਚਾਰਧਰਾਈ ਚੌਖਟਾ ਤਿਆਰ ਕਰ ਸਕਦੀ ਸੀ। ਭਾਈ ਵੀਰ ਸਿੰਘ ਦੀ ਆਧੁਨਿਕਤਾ ਦੇ ਮੁੱਢਲੇ ਕਵੀ ਦੀ ਸੱਮਸਿਆ ਦਾ ਹੱਲ ਵੀ ਕਰ ਸਕਦੇ ਸੀ। ਪੰਜਾਬੀ ਆਲੋਚਨਾ ਨੇ ਵਧੇਰੇ ਜ਼ੋਰ ਭਾਈ ਸਾਹਿਬ ਦੇ ਆਧੁਨਿਕ ਹੋਣ ਤੇ ਹੀ ਲਗਾਇਆ ਹੈ। ਜਦੋਂ ਕਿ ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਮੱਧਕਾਲੀ ਸਾਹਿਤ ਅਤੇ ਆਧੁਨਿਕਤਾ ਦੇ ਸੰਕਲਪ ਉੱਪਰ ਪ੍ਰਸ਼ਨ ਚਿੰਨ੍ਹ ਲਗ ਚੁੱਕੇ ਹਨ। ਇਸ ਸਦੀ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਵਾਰਿਸ ਸ਼ਾਹ ਦੀਆਂ ਕਿਰਤਾਂ ਉੱਪਰ ਬਹੁਤ ਸਾਰੇ ਖੋਜ-ਰਸਾਲੇ ਆਪਣੇ ਸਪੈਸ਼ਲ ਅੰਕਾਂ ਰਾਹੀਂ ਖੋਜ-ਪੱਤਰ ਪ੍ਰਸਤੁਤ ਕਰ ਚੁੱਕੇ ਹਨ। ਇਸ ਤੋਂ ਇਲਾਵਾ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੈਮੀਨਾਰਾਂ ਵਿਚ ਕੁੱਝ ਪ੍ਰਤੀਸ਼ਤ ਮਿਆਰੀ ਖੋਜ-ਪੱਤਰ ਵੀ ਪੇਸ਼ ਹੋ ਚੁੱਕੇ ਹਨ। ਇਸ ਲਈ ਪੰਜਾਬੀ ਕਾਵਿ ਆਲੋਚਨਾ ਆਪਣੇ ਪੁਨਰ-

ਮੁਲਾਂਕਣ ਵਲ ਜਾਗਰੂਕ ਹੋ ਚੁੱਕੀ ਹੈ। ਇਸ ਖੋਜ-ਪੱਤਰ ਵਿਚ ਭਾਈ ਵੀਰ ਸਿੰਘ ਦੁਆਰਾ ਰਚਿਤ ਕਾਵਿ-ਸੰਗ੍ਰਹਿ 'ਲਹਿਰਾਂ ਦੇ ਹਾਰ' ਨੂੰ ਪਰਾਭੌਤਿਕ ਪਰਿਪੇਖ ਰਾਹੀਂ ਵਿਚਾਰਿਆ ਗਿਆ ਹੈ। ਵਿਹਾਰਕ ਅਧਿਐਨ ਤੋਂ ਪਹਿਲੋ ਸਿੱਧਾਂਤਕ ਭਾਗ ਬਾਰੇ ਚਰਚਾ ਕਰਨੀ ਜ਼ਰੂਰੀ ਹੈ।

ਪਰਾਭੌਤਿਕਤਾ (Metaphysics) ਸ਼ਬਦ ਗਰੀਕ ਭਾਸ਼ਾ ਵਿਚੋਂ ਹੁੰਦਾ ਹੋਇਆ ਮੈਡੀਵਲ ਲਾਤੀਨੀ ਤੋਂ ਸੋਲਵੀਂ ਸਦੀ ਵਿਚ ਪਹੁੰਚਿਆ ਹੈ।

**Greek** **Medieval Latin**

ta meta ta pushika ⟶ metaphysics ⟶ metaphysics

The things after the physics mid 16th century

ਇਮੈਨੁਅਲ ਕਾਂਤ ਪਰਾਭੌਤਿਕਤਾ ਬਾਰੇ ਲਿਖਦਾ ਹੈ ਕਿ ਇਹ ਇਕ ਅਜਿਹਾ ਖੱਡਾ ਹੈ ਜਿਸ ਦਾ ਕੋਈ ਤਲ ਨਹੀਂ ਹੈ। ਇਸ ਨਾਲ ਉਹ ਇਹ ਵੀ ਲਿਖਦਾ ਹੈ ਕਿ ਇਹ ਇਕ ਅਜਿਹਾ ਹਨੇਰਾ ਸਮੁੰਦਰ ਹੈ ਜਿਸ ਦਾ ਕੋਈ ਕਿਨਾਰਾ ਨਹੀਂ ਹੈ। ਜਦੋਂ ਪਰਾਭੌਤਿਕਤਾ (Metaphysics) ਦੇ ਸੰਕਲਪ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਾਂ ਤਾਂ ਇਸ ਸ਼ਬਦ ਦਾ ਸੰਬੰਧ 2500 ਸਾਲ ਪ੍ਰਾਚੀਨ ਯੂਨਾਨੀ ਦਾਰਸ਼ਨਿਕ ਪਰੰਪਰਾ ਵਿਚੋਂ ਵੀ ਟ੍ਰੇਸ (Trace) ਹੁੰਦਾ ਹੈ। ਇਹ ਨੈਤਿਕਤਾ (Ethics), ਗਿਆਨ ਸ਼ਾਸਤਰ (Epistemology) ਤੇ ਤਰਕ (Logic) ਵਾਂਗ ਫ਼ਿਲਾਸਫੀ ਦੀ ਇਕ ਪ੍ਰਮੁੱਖ ਸ਼ਾਖਾ ਹੈ। ਇਸ ਦੇ ਸਿੱਧਾਂਤਕ ਪੱਖਾਂ ਦੇ ਅਧਿਐਨ ਸਮੇਂ ਇਸ ਨੂੰ ਦੂਜੀਆਂ ਸ਼ਾਖਾਵਾਂ ਨਾਲੋਂ ਵਰਗੀਕ੍ਰਿਤ ਕੀਤਾ ਗਿਆ ਹੈ। ਇਸ ਸਿੱਧਾਂਤ ਉੱਪਰ ਬਹੁਤ ਸਾਰੇ ਪ੍ਰਸ਼ਨ ਚਿੰਨ੍ਹ ਇਸ ਲਈ ਲੱਗੇ ਕਿ ਇਸ ਨੂੰ ਤਰਕ ਦੀ ਪ੍ਰਕਿਰਤੀ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਖੇਤਰ ਨੂੰ ਵਿਹਾਰਕ ਪੱਧਰ ਤੇ ਪਰਖੇ ਬਿਨਾਂ ਚਿੰਤਕਾਂ ਨੇ ਆਪਣੇ ਵਿਚਾਰਾਂ ਵਿਚ ਇਸ ਨੂੰ ਪ੍ਰਸ਼ਨਾਂ ਦੇ ਘੇਰੇ ਵਿਚ ਰੱਖਿਆ। ਇਹ ਮੰਨਿਆ ਜਾਂਦਾ ਹੈ ਕਿ ਮੈਟਾ ਫਿਜ਼ਿਕਸ ਅਰਸਤੂ ਦੀ Treatise ਵਿਚ ਨਹੀਂ ਸੀ। ਪਹਿਲੀ ਸਦੀ ਈਸਾ ਪੂਰਵ ਦੇ ਆਸ-ਪਾਸ, ਅਰਸਤੂ ਦੀਆਂ ਰਚਨਾਵਾਂ ਪ੍ਰਾਚੀਨ ਸ਼ਹਿਰ ਅਲੈਗਜ਼ੈਂਡਰੀਆ ਵਿੱਚ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਸਨ। ਇਹਨਾਂ ਪ੍ਰਕਾਸ਼ਿਤ ਰਚਨਾਵਾਂ ਵਿੱਚੋਂ ਇੱਕ ਨੂੰ ਮੈਟਾਫਿਜ਼ਿਕਸ ਦਾ ਸਿਰਲੇਖ ਦਿੱਤਾ ਗਿਆ ਸੀ, ਜਿਸਦਾ ਸ਼ਾਬਦਿਕ ਅਰਥ ਹੈ ਭੌਤਿਕ ਵਿਗਿਆਨ ਤੋਂ ਬਾਅਦ। ਇਹ ਸਿਰਲੇਖ ਗ੍ਰੰਥ ਦੀ ਸਮੱਗਰੀ ਨੂੰ ਦਰਸਾਉਣ ਲਈ ਨਹੀਂ ਸੀ, ਕਿਉਂਕਿ ਅਰਸਤੂ ਨੇ ਇਸ ਦੇ ਵਿਸ਼ਾ-ਵਸਤੂ ਨੂੰ ਪਹਿਲਾ ਦਰਸ਼ਨ ਜਾਂ ਧਰਮ ਸ਼ਾਸਤਰ ਕਿਹਾ ਸੀ। ਸਗੋਂ ਇਸ ਨੂੰ ਇਹ ਸਿਰਲੇਖ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਇਹ ਅਰਸਤੂ ਦੁਆਰਾ ਭੌਤਿਕ ਵਿਗਿਆਨ ਸਿਰਲੇਖ ਦੇ ਇੱਕ ਗ੍ਰੰਥ ਦੇ ਪ੍ਰਕਾਸ਼ਨ ਤੋਂ ਬਾਅਦ, ਜਾਂ ਬਾਅਦ ਵਿੱਚ ਆਇਆ ਸੀ। ਹਾਲਾਂਕਿ, ਅਰਸਤੂ ਦੇ ਅਥਾਹ ਪ੍ਰਭਾਵ ਦੇ ਕਾਰਨ ਸ਼ਬਦ ਅਧਿਆਤਮਿਕ ਵਿਗਿਆਨ ਛੇਤੀ ਹੀ ਉਸਦੀ ਇੱਕ ਕਿਤਾਬ ਦੇ ਸਿਰਲੇਖ ਤੋਂ ਵਿਕਸਤ ਹੋ ਕੇ ਇੱਕ ਪੂਰੇ ਦਾਰਸ਼ਨਿਕ ਅਨੁਸ਼ਾਸਨ ਦਾ ਨਾਮ ਬਣ ਗਿਆ। ਇਸ ਤਰ੍ਹਾਂ ਦੀਆਂ ਧਾਰਨਾਵਾਂ ਅਰਸਤੂ ਤੋਂ ਬਾਅਦ ਮੈਟਾਫਿਜ਼ਕਸ ਬਾਰੇ ਆਈਆਂ ਸਨ। ਜਦੋਂ ਕਿ ਅਰਸਤੂ ਦੇ ਦੋ ਅੰਤਰੀਵ ਥੀਮ ਹਨ ਜਿਨ੍ਹਾਂ ਨੂੰ ਕਈਆਂ ਨੇ ਮੈਟਾਫਿਜ਼ਿਕਸ ਦੇ ਤੱਤ ਰੂਪ ਵਿੱਚ ਇਸ਼ਾਰਾ ਕੀਤਾ ਹੈ। ਇਹਨਾਂ ਵਿਸ਼ਿਆਂ ਵਿੱਚੋਂ ਪਹਿਲਾ ਪਹਿਲੇ ਕਾਰਨਾਂ (Cause) ਦਾ ਅਧਿਐਨ ਹੈ, ਜਾਂ ਦੂਜੇ ਸ਼ਬਦਾਂ ਵਿੱਚ, ਉਹ ਜੋ ਬਦਲਦਾ ਨਹੀਂ ਹੈ ਅਤੇ ਜਿਸ ਨੂੰ ਅਸੀਂ ਇਸ ਸੰਸਾਰ ਵਿੱਚ ਅਨੁਭਵ ਕਰਦੇ ਹਾਂ। ਪਹਿਲੇ ਕਾਰਨਾਂ ਵਿੱਚ ਦਿਲਚਸਪੀ ਇਹ ਹੈ ਕਿ ਕਿਉਂ ਪਰਮਾਤਮਾ ਪੂਰੇ ਇਤਿਹਾਸ ਵਿੱਚ ਅਧਿਆਤਮਿਕ ਵਿਗਿਆਨ ਦਾ ਇੱਕ ਪ੍ਰਮੁੱਖ ਵਿਸ਼ਾ ਰਿਹਾ ਹੈ। ਦੂਜਾ ਥੀਮ ਹੋਂਦ ਜਾਂ ਹੋਂਦ ਦਾ ਅਧਿਐਨ ਹੈ, ਜਿਸ ਵਿੱਚ ਹੋਂਦ ਦੀਆਂ ਬੁਨਿਆਦੀ ਸ਼੍ਰੇਣੀਆਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੋਂਦ ਦਾ ਅਧਿਐਨ ਸਿਰਫ਼ ਉਸ ਚੀਜ਼ ਦਾ ਅਧਿਐਨ ਹੈ ਜੋ ਹੈ, ਜਾਂ ਜੋ ਮੌਜੂਦ ਹੈ। ਕਈ ਵਿਦਵਾਨਾਂ ਨੇ ਮੈਟਾਫਿਜ਼ਿਕਸ ਨੂੰ ਜਨਰਲ ਮੈਟਾਫਿਜ਼ਿਕਸ ਅਤੇ ਸਪੈਸ਼ਲ ਮੈਟਾਫਿਜ਼ਿਕਸ ਵਿਚ ਵਰਗੀਕਰਿਤ ਕੀਤਾ ਹੈ। ਇਕ ਹੋਂਦ (Being &






Existence) ਦਾ ਅਧਿਐਨ ਜਿਸ ਨੂੰ ਜਨਰਲ ਮੈਟਾਫਿਜ਼ਿਕਸ ਕਿਹਾ ਜਾਂਦਾ ਹੈ। ਇਹ ਅਰਸਤੂ ਦੀ ਧਾਰਨਾ ਦੇ ਨੇੜੇ ਤੇੜੇ ਹੈ। ਦੂਸਰਾ ਵਿਸ਼ੇਸ਼ ਅਧਿਆਤਮਿਕ ਵਿਗਿਆਨ ਨੂੰ ਤਿੰਨ ਵਿਸ਼ਿਆਂ ਵਿੱਚ ਵੰਡਿਆ ਗਿਆ ਬ੍ਰਹਿਮੰਡ ਵਿਗਿਆਨ (Cosmology), ਤਰਕਸ਼ੀਲ ਮਨੋਵਿਗਿਆਨ (Raitonal Psychology) ਅਤੇ ਕੁਦਰਤੀ ਧਰਮ ਸ਼ਾਸਤਰ (Natural Theology) ਹੈ। ਇਸ ਤਰਾਂ ਪਹਿਲਾ ਵਰਗ ਹੋਂਦ ਦੀ ਚਰਚਾ ਕਰਦਾ ਹੈ ਅਤੇ ਦੂਸਰਾ ਅੰਤਰੀਵ ਮਨ ਦੀਆਂ ਪਰਤਾਂ ਨੂੰ ਉਘਾੜਦਾ ਹੈ। ਅਨਟੋਲੋਯਿਸਟ ਵਿਸ਼ੇਸ਼ਤਾਵਾਂ, ਸੰਖਿਆਵਾਂ, ਘਟਨਾਵਾਂ, ਸੰਬੰਧਾਂ, ਰੂਹਾਂ, ਅਤੇ ਪਦਾਰਥਕ ਵਸਤੂਆਂ ਦੀਆਂ ਵਿਸ਼ੇਸਤਾਵਾਂ ਉਪਰ ਜ਼ੋਰ ਦਿੰਦੇ ਹਨ। ਯੂਨੀਵਰਸਲ ਦੀ ਹੋਂਦ ਪ੍ਰਚੀਨ ਯੂਨਾਨੀਆਂ ਦਾ ਮੁੱਖ ਸਵਾਲ ਸੀ। ਇਸ ਵਿਚ ਕਿ ਕੀ ਕੁੱਝ ਯੂਨੀਵਰਸਲ ਹੋ ਸਕਦਾ ਹੈ ਅਤੇ ਕੀ ਕੁੱਝ ਨਹੀਂ। ਜਿਵੇਂ ਲਾਲੀ ਅਤੇ ਸੁੰਦਰਤਾ। ਸਮਕਾਲੀ ਪਰਾਭੌਤਿਕ ਚਿੰਤਕ ਮੁੱਖ ਰੂਪ ਵਿਚ Mind Body ਦੀਆਂ ਮੁਸ਼ਕਲਾਂ ਅਤੇ Time and Space ਦੀ ਪ੍ਰਕਿਰਤੀ ਦੇ ਸਵਾਲਾਂ ਨੂੰ Deal ਕਰ ਰਹੇ ਹਨ। ਪਰਾਭੌਤਿਕਤਾ ਨਾਲ ਸੰਬੰਧਿਤ ਸਵਾਲ ਹੇਠ ਲਿਖੇ ਹਨ :

1. ਹੋਂਦ ਕੀ ਹੈ, ਅਤੇ ਸੰਸਾਰ ਵਿੱਚ ਕਿਸ ਤਰ੍ਹਾਂ ਦੀਆਂ ਚੀਜ਼ਾਂ ਮੌਜੂਦ ਹਨ ?
   (What is existence, and what sorts of things exist in the world?)
2. ਚੀਜ਼ਾਂ ਦੀ ਹੋਂਦ ਕਿਵੇਂ ਜਾਰੀ ਰਹਿ ਸਕਦੀ ਹੈ ?
   (How can things continue to exist?)
3. ਇਸ ਸੰਸਾਰ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ ?
   (How can be understand the world?)

ਮੈਟਾਫਿਜ਼ਕਸ ਭੌਤਿਕ ਜਗਤ ਤੋਂ ਪਾਰ ਦੀ ਚਰਚਾ ਹੈ। ਜਿਵੇਂ ਆਤਮਾ, ਰੱਬ, ਸਮਾਂ, ਸਥਾਨ ਜਾਂ ਹੋਂਦ ਜਿਸ ਨੂੰ ਭੌਤਿਕ ਵਿਗਿਆਨ ਮਾਪ ਨਹੀਂ ਸਕਦਾ। ਇਸ ਨੂੰ Beyond Physics ਵੀ ਕਹਿ ਸਕਦੇ ਹਾਂ। ਇਹ ਸੰਕਲਪ ਹਨੇਰੇ ਕਮਰੇ ਵਿਚ ਕਾਲੀ ਬਿੱਲੀ ਵਾਂਗ ਹੈ ਕਿ ਹੋ ਵੀ ਸਕਦੀ ਅਤੇ ਨਹੀਂ ਵੀ ਹੋ ਸਕਦੀ। ਇਹ ਗਿਆਨ ਇੰਦਰੀਆਂ ਦੇ ਅਨੁਭਵ ਤੋਂ ਪਰੇ ਦੀ ਵਸਤੂ ਹੈ। ਇਸ ਨੂੰ ਵਸਤੂ ਸ਼ਬਦ ਵੀ ਸਮਝਣ ਦੇ ਲਈ ਵਰਤਿਆ ਗਿਆ ਹੈ। ਇਹ ਵਸਤੂ ਨਹੀਂ ਹੈ। ਇਹ ਇਕ ਤਰ੍ਹਾਂ ਦਾ ਅਭਿਆਸ ਹੈ ਜੋ ਕੀਤਾ ਜਾ ਸਕਦਾ ਹੈ। ਇਹ ਆਤਮਕ ਅਭਿਆਸ ਹੈ। ਇਹ Beyond Reality ਸਵਾਲ ਕਰਦੀ ਹੈ ਕਿ ਇਹ ਕਿਵੇਂ ਸਭ ਕੁਝ ਵਾਪਰ ਰਿਹਾ ਹੈ। ਇਹ ਮਨੁੱਖ ਦੇ ਆਪੇ ਦੀ Processing ਹੈ ਜੋ ਉਸ ਦਾ ਆਪਣਾ ਅਨੁਭਵ ਹੈ ਇਸ ਲਈ Other ਨੂੰ ਉਹ ਇਕ Illusion ਲੱਗਦੀ ਹੈ। ਇਸ ਲਈ Academics ਨੂੰ ਪ੍ਰਸ਼ਨ ਚਿੰਨ੍ਹ ਨਜ਼ਰੀਏ ਨਾਲ ਦੇਖਿਆ ਕਿਉਕਿ Academics ਪਾਇਥਾਗੋਰਸ (Pythagoras), ਕੌਪਰੀਨਕਸ (Copernicus), ਨਿਊਟਨ (Newton) ਅਤੇ ਗੇਲਿਲਉ (Galileo) ਦੇ Scientific Fundamental Fanaticism ਤੇ ਖੜ੍ਹੀ ਹੈ। Metaphysics ਦੋ ਥੀਮ ਵਿਚ ਵੰਡਿਆ ਗਿਆ ਸੀ। ਇਸ ਦੀ ਸੰਰਚਨਾ ਹੇਠ ਲਿਖੇ ਅਨੁਸਾਰ ਹੈ:




ਇਸ ਤਰ੍ਹਾਂ ਪਰਾਭੌਤਿਕਤਾ ਦਾ ਸੰਕਲਪ ਇਸ ਖੋਜ-ਪੱਤਰ ਵਿਚ ਅਧਿਐਨ ਵਿਧੀ ਵਜੋਂ ਵਰਤ ਰਹੇ ਹਾਂ। ਭਾਈ ਵੀਰ ਸਿੰਘ ਦਾ ਕਾਵਿ-ਸੰਗ੍ਰਹਿ ਲਹਿਰਾਂ ਦਾ ਹਾਰ ਵਿਚ ਪਰਾਭੌਤਿਕ ਵਰਤਾਰੇ ਮਿਲਦੇ ਹਨ। ਇਹ ਸੰਗ੍ਰਹਿ

ਭਾਈ ਸਾਹਿਬ "ਸਭ ਮਹਿ ਜੋਤਿ ਜੋਤਿ ਹੈ ਸੋਇ" ਦੀ ਦਰਸ਼ਨ ਤਾਂਘ ਨੂੰ ਸਮਰਿਪਤ ਹੈ। ਇਸ ਵਿਚ ਭਾਈ ਸਾਹਿਬ ਅਸਲੀਅਤ (Reality) ਦੇ ਦਰਸ਼ਨਾਂ ਦੀ ਤਾਂਘ ਕਰਦਾ ਹੈ। ਉਹ ਅਸਲੀਅਤ ਨੂੰ ਦਰਸ਼ਨ ਦੀ Position ਵਿਚੋਂ ਬਿਆਨ ਕਰਦਾ ਹੈ। ਦਰਸ਼ਨ ਵਿਚ ਗਿਆਨ ਇੰਦਰੀਆਂ ਦਾ ਪ੍ਰਤੱਖਣ ਮਾਡਲ ਕੰਮ ਨਹੀਂ ਕਰੇਗਾ। ਉਹ ਸਿਰਫ਼ ਦੇਖਣ ਵਿਚ ਹੋਵੇਗਾ। ਦੇਖਣਾ Epistemology ਦਾ ਹਿੱਸਾ ਹੋਵੇਗਾ। ਭਾਈ ਸਾਹਿਬ ਲਿਖਦੇ ਹਨ ਕਿ ਸਾਡੀ ਹੋਂਦ (Being & Existence) ਨੂੰ ਸੱਚੇ ਪਾਤਸ਼ਾਹ ਨੇ ਢਾਲਿਆ ਹੈ ਅਤੇ ਉਹ ਦੂਰੀ ਬਣਾ ਕਿ ਆਪ ਨਿਹਾਰਦਾ ਹੈ। ਇਸ ਵਿਚ ਹੀ ਖੁਸ਼ੀ ਤੇ ਖੇੜਾ ਹੈ। ਇਥੇ ਇਕ ਧਿਆਨ ਦੇਣ ਯੋਗ ਤੱਤ ਇਹ ਹੈ ਕਿ ਮਨੁੱਖ ਅਤੇ ਪਾਤਸ਼ਾਹ ਇੱਕ-ਮਿੱਕ ਹਨ। ਉਹ ਦਵੈਤ ਵਿਚ ਨਹੀਂ ਹਨ। ਇਹ ਠੀਕ ਉਸ ਤਰ੍ਹਾਂ ਹੈ ਜਿਵੇਂ ਤ੍ਰੇਲ ਤੇ ਤੁਪਕੇ Dichotomy ਵਿਚ ਨਹੀਂ ਹਨ, ਉਹ ਦੋਨੋਂ ਇਕ ਦੂਸਰੇ ਦੇ ਪੂਰਕ ਹਨ। ਭਾਈ ਵੀਰ ਸਿੰਘ ਦੀ ਕਵਿਤਾ ਦਾ ਵਿਸ਼ਾ ਦੀਦਾਰ ਹੈ। ਇਹ ਦੀਦਾਰ ਸ਼ਬਦ Logic ਵਿਚ ਨਹੀਂ ਖੁੱਲੇਗਾ। ਤਰਕ (Logic) ਫ਼ਿਲਾਸਫੀ ਦੀ ਦੂਸਰੀ ਸ਼ਾਖਾ ਹੈ। ਇਸ ਲਈ ਭਾਈ ਸਾਹਿਬ ਦੀ ਕਵਿਤਾ ਇਕ ਸੰਪੂਰਨ ਤੇ ਅਲੱਗ ਤਰ੍ਹਾਂ ਦਾ ਵਿਚਾਰ ਲੈ ਕੇ ਆਉਦੀਂ ਹੈ। ਇਸ ਲਈ ਮੈਂ ਸ਼ੁਰੂਆਤ ਵਿਚ ਵੀ ਜ਼ਿਕਰ ਕੀਤਾ ਸੀ ਕਿ ਇਸ ਤਰ੍ਹਾਂ ਦੀ ਵਸਤੂ ਸਮੱਗਰੀ ਤੋਂ ਅਸੀਂ ਆਪਣੀ ਵਿਚਾਰਕੀ ਤਿਆਰ ਕਰ ਸਕਦੇ ਸੀ। ਭਾਈ ਸਾਹਿਬ ਦੀਦਾਰ ਕਵਿਤਾ ਵਿਚ ਲਿਖਦੇ ਹਨ :

ਹੇ ਅਸਲੀਅਤ ਇਸ ਦਿਸਦੇ ਦੀ!
ਸਾਨੂੰ ਪਰੇ ਨ ਸੱਟੇ ਹਾਂ,
ਧੁਰ ਮਰਕਜ਼ ਆਪਣੇ ਵਿਚ ਕਿਧਰੇ
ਠਾਟ ਅਸਾਡਾ ਠੱਟੇ ਹਾਂ!
ਵਿਥ ਕਿਸੇ ਤੇ ਰੱਖ ਜੀ ਸਾਨੂੰ
ਤੂੰ ਖਿੜਨਾ ਖੁਸ਼ ਹੋਣਾ ਸੀ,
ਦੀਦੇ ਦੇਖਣਹਾਰੇ ਦੇ ਕੇ
ਨਜ਼ਰੋਂ ਪਰੇ ਨਾ ਹੱਟੇ ਹਾਂ।

(ਲਹਿਰਾਂ ਦੇ ਹਾਰ)

ਭਾਈ ਸਹਿਬ ਤ੍ਰੇਲ ਤੇ ਸੂਰਜ ਕਵਿਤਾ ਵਿਚ ਮਨੁੱਖ ਅਤੇ ਉਸ ਦੇ ਬੌਧਿਕ ਮੰਡਲ ਦੀ ਸਥਿਤੀ ਤੋਂ ਮੁਕਤ ਹੋ ਕੇ ਬੁੱਧੀ ਅਤੇ ਦੇਹ ਅਤੇ ਮਨ ਨਿਰਮਲਤਾ ਵਿਚ ਸ਼ਾਮਲ ਹੋ ਜਾਂਦੇ ਹਨ। ਇਸ ਤਰ੍ਹਾਂ ਸਧਾਰਨ ਸਾਹਿਤਕਾਰ ਸੁਹਜ, ਪਾਰਗਮਤਾ ਅਤੇ ਕਿਸੇ ਸਾਹਿਤਕ ਉਛਾਲੇ ਨੂੰ ਸੁਤੰਲਨ ਨਹੀਂ ਦੇ ਪਾਉਂਦਾ ਅਤੇ ਉਹ ਫਿਰ ਹੁਸਨ ਦੀ ਸਿਰਜਨਾ ਵਿਚ ਰੁੱਝ ਜਾਂਦਾ ਹੈ। ਭਾਈ ਵੀਰ ਸਿੰਘ ਘਾਹ, ਤ੍ਰੇਲ, ਸੂਰਜ ਅਤੇ ਪਾਣੀ ਦਿਸਦੇ ਵਰਤਾਰੇ ਦਰਸ, ਪਿਆਸ, ਚੇਤਨਾ ਅਤੇ ਵਿਛੋੜਾ ਅਣਦਿਸਦੇ ਵਰਤਾਰਿਆਂ ਨੂੰ ਇਕ ਪੰਧ ਤੇ ਲਿਆ ਕੇ ਸੁਤੰਲਨ ਵਿਚ ਲੈ ਜਾਂਦਾ ਹੈ ਅਤੇ ਫਿਰ ਸਮਰਪਣ (Surrender) ਦੀ ਅਵਸਥਾ ਵਿਚ ਚਲਾ ਜਾਂਦਾ ਹੈ। ਦਰਸ ਅਤੇ ਪਿਆਸ ਵੀ ਰੂਪ ਬਣ ਜਾਂਦੇ ਹਨ। ਉਹ ਕਿਸੇ ਛੋਹ ਦੀ ਤਲਾਸ਼ ਵਿਚ ਨਿਕਲ ਪੈਂਦਾ ਹੈ। ਇਸ ਵਿਚ ਵਿਛੋੜੇ (Separation) ਦੀ ਵੀ ਮੁੱਖ ਭੂਮਿਕਾ ਹੁੰਦੀ ਹੈ। ਚੇਤਨਾ ਆਪਣੀ ਯਾਤਰਾ ਦੇ ਦੇਹਗਤ ਸੰਬੰਧਾਂ ਤੋਂ ਮੁਕਤ ਹੋ ਕੇ ਸਮੁੱਚੀ ਕਾਇਨਾਤ ਨਾਲ ਇੱਕ ਜੁਟਤਾ ਦੇ ਪ੍ਰਗਟਾਵੇ ਵਿਚ ਰੁੱਝ ਜਾਂਦੀ ਹੈ। ਇਹ ਲਕੀਰੀ ਬਿਰਤਾਂਤ ਨੂੰ ਪਾਰ ਕਰਦੀ ਹੋਈ ਕਿਸੇ ਅਣ-ਦਿਸਦੇ ਬਿਰਤਾਂਤ ਵਲ ਅਗਰਸਰ ਹੋ ਜਾਂਦੀ ਹੈ। ਇਥੇ ਇਹ ਗੱਲ ਧਿਆਨ ਦੇਣਯੋਗ ਹੈ ਕਿ ਇਹ ਕੁਦਰਤੀ ਪਸਾਰਾਂ ਤਕ ਸੀਮਿਤ ਨਹੀਂ ਹੈ। ਇਹ ਇਕ ਅਨੁਭਵੀ ਪ੍ਰਕਿਰਿਆ ਦੀ ਸਥਿਤੀ ਦੀ ਕਵਿਤਾ ਹੈ। ਇਹ ਵਿਸਮਾਦੀ ਦੌਰ ਦੀ ਕਵਿਤਾ ਹੈ। ਇਸ ਸਾਰੀ ਸਥਿਤੀ ਨੂੰ ਭਾਈ ਸਾਹਿਬ ਤ੍ਰੇਲ ਤੇ ਸੂਰਜ ਕਵਿਤਾ ਵਿੱਚ ਲਿਖਦੇ ਹਨ :

ਘਾਸ ਉਤੇ ਮੈਂ ਪਈ ਤ੍ਰੇਲ ਹਾਂ





ਨੈਣ ਨੈਣ ਹੋ ਰਹੀਆਂ,
'ਦਰਸ-ਪਯਾਸ' ਵਿਚ ਨੈਣ ਭਰ ਰਹੇ,
ਪਾਨੀ ਪਾਨੀ ਹੋਈਆਂ
'ਦਰਸ-ਪਯਾਸ' ਹੁਣ ਰੂਪ ਮਿਰਾ ਹੈ।
ਮੈਂ ਵਿਚ ਹੋਰ ਨਾ ਬਾਕੀ,-
ਚੜ੍ਹ ਅਰਸ਼ੇ, ਆ ਅੰਗ ਲਗਾ,
ਮੈਂ ਵਿਛੀ ਤੇਰੇ ਰਾਹ ਪਈਆਂ।

(ਲਹਿਰਾਂ ਦੇ ਹਾਰ)

ਭਾਈ ਸਾਹਿਬ 'ਜੀਵਨ ਕੀ ਹੈ' ਕਵਿਤਾ ਵਿਚ ਜੀਵਨ ਦੇ ਅਸਲ ਯਥਾਰਥ ਨੂੰ ਬਿਆਨ ਕਰਦੇ ਹਨ। ਇਹ ਅਸਲ ਯਥਾਰਥ ਦੁਨਿਆਵੀ ਯਥਾਰਥ ਨਾਲੋਂ ਵੱਖਰਾ ਹੈ। ਉਹ ਸਾਹਿਤ ਅਤੇ ਜ਼ਿੰਦਗੀ ਦੇ ਪਰਸਪਰ ਸੰਬੰਧਾਂ, ਚਾਲ, ਸਮਾਂ, ਸਥਾਨ ਤੋਂ ਅਲੱਗ ਮਾਡਲ ਉਸਾਰ ਰਹੇ ਹਨ। ਇਸ ਨੂੰ ਮਾਡਲ ਸ਼ਬਦ ਨਾਲ ਵੀ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਮਾਡਲ ਸਿਰਫ ਦੁਨਿਆਵੀ ਯਥਾਰਥ ਦੀ ਸੀਮਾ ਦੀ ਘੋਸ਼ਣਾ ਤੱਕ ਹੀ ਸੀਮਿਤ ਰਹਿ ਜਾਂਦਾ ਹੈ। ਉਹ ਜੀਵਨ ਨੂੰ ਵਿਚਾਰ ਵਿਚੋਂ ਬਾਹਰ ਉਭਾਰਨ ਦੀ ਕੋਸ਼ਿਸ਼ ਵਿਚ ਹਨ। ਭਾਈ ਵੀਰ ਸਿੰਘ 'ਲਹਿਰਾਂ ਦੇ ਹਾਰ' ਕਾਵਿ-ਸੰਗ੍ਰਹਿ ਦੇ ਦੂਸਰੇ ਭਾਗ ਦੀ ਭੂਮਿਕਾ ਵਿਚ ਜੀਵਨ ਦੇ ਫ਼ਲਸਫੇ ਨੂੰ ਬਿਆਨ ਕਰਦੇ ਹਨ। (ਜ਼ਿੰਦਗੀ ਕਿਆ ਹੈ?) ਇਕ ਸਵਾਲ ਹੈ ਜੋ ਹਰ ਦਿਲ ਵਿਚ ਲਹਿਰਦਾ ਹੈ, - ਕਿਤੇ ਐਵੇਂ, ਕਿਤੇ ਗੁਦਗੁਦੀ ਕਰਕੇ, ਕਿਤੇ ਚੰਗੀ ਤਰ੍ਹਾਂ ਹਿਲ ਕੇ, ਕਿਤੇ ਡੂੰਘ ਪਾ ਕੇ, ਤੇ ਕਿਤੇ ਘਾਉ ਲਾ ਕੇ ਛੱਡਦਾ ਹੈ। ਕਵਿਤਾ, ਦਰਸ਼ਨ (ਫਿਲਸਫਾ), ਧਰਮ ਦਾ ਸਹਿਤਯ ਇਸੇ ਪ੍ਰਸ਼ਨ ਦੇ ਲਾਏ ਘਾਵਾਂ ਦੇ ਇਲਾਜ ਮਾਲਜੇ ਹਨ। 'ਨਿਰਾਸਤਾ, ਉਦਾਸੀਨਤਾ, ਉਪਾਰਮਤਾ, ਤਯਾਗ' ਕਿਤੇ ਇਸ ਦੀ ਮਲ੍ਹਮ ਬਣਦੇ ਹਨ,' ਹਉਂ, ਗ੍ਰਹਣ, ਜ਼ੋਰ, ਜਬਰ' ਕਿਤੇ ਇਸ ਦੇ ਉਪਰਾਲੇ ਹੁੰਦੇ ਹਨ, ਪਰ ਇਸ ਪ੍ਰਸ਼ਨ ਦੇ ਘਾਉ ਇਸ ਤਰ੍ਹਾਂ ਹਰੇ ਹੀ ਰਹਿੰਦੇ ਹਨ। 'ਜੀਵਨ' ਜੋ ਕੁਛ ਹੈ, ਪ੍ਰਸ਼ੋਤਰ ਦਾ ਮੁਥਾਜ ਨਹੀਂ, ਵਿਚਾਰ ਗੋਚਰਾ ਨਹੀਂ। ਇਹ 'ਜੀਵਨ' ਜੀਉਂਦਿਆਂ ਨੇ ਆਪੇ ਸੋਚਾਂ ਤੇ ਆਸ ਅੰਦੇਸਿਆ ਨਾਲ, ਜੋ ਕੁਛ ਕਿ ਇਹ ਸੀ ਓਸ ਤੋਂ ਹੋਰਵੇਂ ਕਰ ਰੱਖਿਆ ਹੈ। ਸੋਚਾਂ ਵਿਚਾਰਾਂ ਉਸ ਨੂੰ ਅਸਲੇ ਤੇ ਨਹੀਂ ਲਿਆਉਂਦੀਆਂ। ਜੀਵਨ ਜੋ ਕੁੱਛ ਹੈ, ਉਹ ਜਿਸਦੇ ਪਾਸ ਹੈ, ਅਥਵਾ ਜੀਉਂਦਾ ਕੋਈ ਹੋਵੇ-ਜੋ ਜੀਵਨ ਨੂੰ ਐਉਂ ਜੀਉ ਰਿਹਾ ਹੋਵੇ ਕਿ ਜਿਵੇਂ ਇਹ ਆਪਣੀ ਅਰੋਗਤਾ ਵਿਚ (ਅਸਲ ਵਿਚ) ਹੁੰਦਾ ਹੈ ਤਦ-ਉਸਦੀ ਛੋਤ ਉਸਦਾ ਹੁਸਨ-ਨਜ਼ਾਰਾ ਜੀਵਨ ਦੀ ਅਰੋਗਤਾ ਲਿਆਉਂਦਾ ਹੈ। ਇਸ ਭੂਮਿਕਾ ਦੇ ਅਖੀਰ ਵਿਚ ਉਹ ਲਿਖਦੇ ਹਨ ਕਿ 'ਜੀਵਨ ਇਹ ਹੈ' ਉਸਦੇ ਉਤੇ ਵਰਤ ਜਾਂਦਾ ਹੈ, ਫੇਰ ਛੰਭ ਤੋ ਪ੍ਰਸ਼ਨ ਕਰਨ ਦਾ ਫੁਰਨਾ ਨਹੀਂ ਫੁਰਦਾ। ਪ੍ਰਸ਼ਨ ਉੱਤਰ ਤਾਂ ਜੀਵਨ ਦੇ ਆਪਣੇ ਅਸਲੇ ਦੇ ਰੰਗ ਤੋਂ ਢੇ ਜਾਣ ਦੇ ਮਕਾਨ ਦੀਆਂ ਗੱਲਾਂ ਸਨ, ਜਦ ਖਿੜ ਪਏ, ਯਾ ਹੋ ਗਏ ਉਹ, ਜੋ ਜੀਵਨ ਹੈ, ਤਾਂ ਹੁਣ ਪੁੱਛੇ ਕੌਣ, ਕਿਉਂ ਤੇ ਕੀ? ਜੀਵਨ ਖੇੜਾ ਹੈ। ਭਾਈ ਸਾਹਿਬ ਜੀਵਨ ਨੂੰ ਵਿਚਾਰਧਾਰਕ ਚੌਖਟਾ ਅਤੇ ਪ੍ਰਸ਼ਨਾਂ ਦੀ ਬਿਰਤੀ ਤੋਂ ਬਾਹਰਲਾ ਉਪਰਾਲਾ ਮੰਨਦੇ ਹਨ। ਇਸ ਤਰ੍ਹਾਂ ਪਰਾਭੌਤਿਕ ਪਰਿਪੇਖ ਵਿਚ ਵਿਚਾਰਧਾਰਾ ਨੂੰ ਅਧਿਆਤਮਿਕ ਵਿਗਿਆਨ ਨੇ ਤਿੰਨ ਵਿਸ਼ਿਆਂ ਵਿੱਚ ਵੰਡਿਆ ਹੈ ਜੋ ਕਿ ਬ੍ਰਹਿਮੰਡ ਵਿਗਿਆਨ (Cosmology), ਤਰਕਸ਼ੀਲ ਮਨੋਵਿਗਿਆਨ (Rational Psychology), ਅਤੇ ਕੁਦਰਤੀ ਧਰਮ ਸ਼ਾਸਤਰ (Natural Theology) ਹਨ। ਇਸ ਲਈ ਪਰਾਭੌਤਿਕ ਪਰਿਪੇਖ ਵਿਚਾਰਧਾਰਾ ਦੇ ਇਕਹਿਰੇ ਬਿਰਤਾਂਤ ਵਿਚ ਕਾਬੂ ਨਹੀਂ ਆਉਂਦਾ। ਇਸ ਲਈ ਭਾਈ ਸਾਹਿਬ ਜੀਵਨ ਨੂੰ ਇਕ ਵਾਪਰਨ ਵਾਲੀ ਬਿਰਤਾਂਤਕ ਘਟਨਾ ਮੰਨਦੇ ਹਨ। ਇਹ ਘਟਨਾ ਆਪਣੇ ਆਪ ਵਿਚ ਖੇੜੇ ਦਾ ਰੂਪ ਲੈ ਲੈਦੀਂ ਹੈ। ਇਸ ਤੋਂ ਉਪਰੰਤ ਕਵਿਤਾ ਦਾ ਰੂਪ ਲੈ ਲੈਂਦੀ ਹੈ।

"ਕੀ ਹੈ ਜੀਵਨ? ਦੱਸੋ ਮੈਨੂੰ

ਚਿੰਤਾ ਦੇਵੋ ਹਰ ਜੀ!
"ਗੋਲ ਗੋਲ ਤੇ ਸਾਵੇ ਸਾਵੇ
ਚੱਕਰ ਤੈਂ ਵਿਚ ਛਾਏ।
"ਕਿਸੇ ਕਿਸੇ ਤੇ ਪਾਣੀ ਤੁਪਕੇ
ਮੋਤੀ ਜਿਉਂ ਡਲ੍ਹਕਾਏ।
"ਕੀ ਜੀਵਨ ਏ ਗੋਲ ਚੱਕਰੀ
ਨਿਰੀ ਡਲ੍ਹਕ ਇਕ ਜਾਣਾਂ?
"ਪਿਆ ਨਿਤਾਣਾ ਹੈ ਸਰਵਰ ਵਿਚ
ਭੇਤ ਹਿਠਾਂਹ ਛੁਪਾਣਾਂ?
"ਕਿੱਥੋਂ ਤੇ ਕਿਉਂ ਆਏ ਸਾਰੇ
ਕੀ ਕਰਨੇ ਨੂੰ ਆਏ?
"ਚੁੱਪ ਮੁਹਰ ਹੈ ਲੱਗੀ ਸਭ ਨੂੰ
ਸਿਰ ਸਿਟ ਦਿਲ ਦਿਖਲਾਏ?"
ਰੁਮਕ ਰੁਮਕ ਪੱਛੋਂ ਤੋਂ ਆਈ
ਪਉਣ ਪਿਆਰੀ ਝਲਦੀ,
ਸਰ ਦੇ ਜਲ ਤੇ ਜਲ ਦੇ ਪੱਤੇ
ਸਭ ਦੇ ਗਲ ਲਗ ਚਲਦੀ,
"ਸਰਰ ਸਰਰ, ਸਰ ਸਰਰ ਸਰਰ" ਜਿਉਂ
ਧੁਨੀ ਛੰਭ ਤੋਂ ਆਵੇ,
ਮਾਨੋ ਜੀਭ ਲਗੀ ਹੈ ਸਰ ਨੂੰ
ਇਹ ਗੱਲ ਆਖ ਸੁਣਾਵੇ : –
"ਆਵੀਂ ਫਿਰ ਤੂੰ ਫਿਰਰ ਫਿਰਰ ਤੂੰ
ਫਿਰ ਆਵੀਂ ਫਿਰ ਆਈਂ,
"ਫਿਰ ਫਿਰ ਫਿਰ ਫਿਰ," ਸਰ ਜੀ ਕਹਿੰਦਾ :
"ਆਵੀਂ, ਫਿਰ ਤੂੰ ਆਈਂ।"

ਭਾਈ ਵੀਰ ਸਿੰਘ ਕਵਿਤਾ ਦੇ ਸ਼ਬਦਾਂ ਨੂੰ Being ਵਿਹਾਰ ਵਾਂਗ ਮਹਿਸੂਸ ਕਰਦਾ ਹੈ। ਉਹ ਹੱਥ ਲਿਖਤ ਨੂੰ ਲਿਖਤ ਅਤੇ ਛਪਾਈ ਨੂੰ ਸ਼ਬਦਾਂ ਦੀ ਪੁਸ਼ਾਕ ਮੰਨਦੇ ਹਨ। ਉਹ ਲਿਖਤ ਅਤੇ ਛਪਾਈ ਦੇ ਅੰਤਰ ਅਤੇ ਉਹਨਾਂ ਦੇ ਅਹਿਸਾਸ ਨੂੰ ਮਹਿਸੂਸ ਕਰਦੇ ਹਨ। ਭਾਈ ਸਾਹਿਬ ਪਰਾਭੌਤਿਕ ਪਰਿਪੇਖ ਅਨੁਸਾਰ ਕਲੀ ਅਤੇ ਖੁਸ਼ਬੋ ਦੇ ਸੰਵਾਦ ਨੂੰ ਬਿਆਨ ਕਰਦੇ ਹਨ। ਇਸ ਨਾਲ ਭਾਈ ਵੀਰ ਸਿੰਘ ਭੌਤਿਕ ਜਗਤ ਤੋਂ ਪਾਰ-ਭੌਤਿਕ ਚਰਚਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਕਲੀ ਭਵਿੱਖਮਈ ਵਰਤਾਰੇ ਦਾ ਪ੍ਰਤੀਕ ਬਣ ਜਾਂਦੀ ਹੈ। ਭੌਤਿਕ ਜਗਤ ਵਰਤਮਾਨ ਵਿਚੋਂ ਸੰਰਚਨਾ ਬਣਾਉਂਦਾ ਹੈ ਉਹ ਅਗਰ ਭਵਿੱਖਮਈ ਹੋਵੇਗੀ ਤਾਂ ਸਾਇੰਸ ਜੋਤਿਸ਼ ਸ਼ਾਸਤਰ ਦਾ ਹਿੱਸਾ ਬਣ ਜਾਵੇਗੀ। ਭਾਈ ਵੀਰ ਸਿੰਘ ਦਿਲਤਰੰਗ, ਬੁਲ ਬੁਲ ਤੇ ਰਾਹੀ, ਪੁਸ਼ਪਾਵਤੀ-ਚੰਦ੍ਰਵਤ ਅਤੇ ਫੰਡਿਆ ਤੋਤਾ ਅਤੇ ਗੁਦਾਵਰੀ ਦੇ ਗੀਤ ਰਾਹੀਂ Place, Time, Situation, Condition ਤੋਂ Beyond ਨਿਕਲ ਜਾਂਦਾ ਹੈ। ਭਾਈ ਵੀਰ ਸਿੰਘ ਮਨੁੱਖੀ ਹਉ ਵਿਚੋਂ ਉਪਜੀ ਸਭਿਅਤਾ ਦੇ ਸਾਰੇ ਪੈਟਰਨਾਂ ਦੇ ਅਧਿਐਨ ਤੋਂ ਉਪਰੰਤ ਕੁਦਰਤ, ਵਿਸਮਾਦ ਦੀਆਂ ਪਰਤਾਂ ਨੂੰ





ਸਾਹਿਤ ਦੀ ਵੰਨਗੀ ਵਿਚ ਉਤਾਰਨ ਲਈ ਯਤਨਸ਼ੀਲ ਹੈ। ਉਹ South Asian Idea ਦਾ ਪੁਨਰ ਨਿਰਮਾਣ ਕਰ ਰਿਹਾ ਹੈ। ਉਹ ਕਵਿਤਾ ਵਿਚਲੇ ਸ਼ਬਦਾਂ ਦੀ ਸਵੱਛਤਾ ਨੂੰ ਪੰਜਾਬੀ ਸਾਹਿਤ ਦੇ ਹਵਾਲੇ ਕਰਦਾ ਹੈ। ਹੱਥਲੇ ਖੋਜ-ਪੱਤਰ ਨੂੰ ਭਾਈ ਵੀਰ ਸਿੰਘ ਦੀ ਪ੍ਰਸ਼ੰਸਾ ਦੀ ਸੀਮਾ ਤੱਕ ਨਾ ਸਮਝਿਆ ਜਾਵੇ ਇਸ ਨੂੰ ਪਰਾਭੌਤਿਕ ਪਰਿਪੇਖ ਦੇ ਪ੍ਰਸੰਗਾਂ ਵਿਚ ਵਿਚਾਰਿਆ ਜਾਵੇ। ਪੰਜਾਬੀ ਕਾਵਿ-ਆਲੋਚਨਾ ਨੂੰ ਮੌਲਿਕ ਕਾਵਿ-ਸ਼ਾਸਤਰ ਦੀ ਨਿਸ਼ਾਨਦੇਹੀ ਇਸ ਤਰ੍ਹਾਂ ਦੇ ਸਿੱਧਾਂਤਕ ਪੈਟਰਨਾਂ ਵਿਚੋਂ ਹੀ ਮਿਲ ਸਕਦੀ ਹੈ। ਇਸ ਲਈ South Asian ਖੇਤਰਾਂ ਦੇ ਸਾਹਿਤ ਦੀ ਅਸਲੀ ਪਹਿਚਾਣ ਇਸ ਤਰ੍ਹਾਂ ਦੀ ਸਿਧਾਂਤਕੀ ਦੇ ਸਰੂਪਾਂ ਵਿਚੋਂ ਤਿਆਰ ਕਰ ਸਕਦੇ ਹਾਂ। ਇਸ ਨਾਲ ਪੂੰਜੀਵਾਦ, ਬਸਤੀਵਾਦ ਦੀ ਇਕਹਿਰੀ ਵਿਚਾਰਧਾਰਾ ਦੀ ਨਿਰੰਕੁਸ਼ਤਾ ਤੇ ਨਿਰੋਲ Classical Materialism ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ। ਇਸ ਨਾਲ ਸਥਾਨਕ ਸਭਿਆਚਾਰਾਂ ਦੇ ਵਿਸ਼ਵੀ ਪਰਿਪੇਖ ਨੂੰ ਸਮਝਣ ਵਿਚ ਵੀ ਮੱਦਦ ਮਿਲ ਸਕਦੀ ਹੈ। ਬਸਤੀਵਾਦੀ ਸਿੱਧਾਂਤ ਸਮਕਾਲੀ ਆਲਚੋਕਾਂ ਦੀ ਚੇਤਨਾ ਦਾ ਹਿੱਸਾ ਬਣ ਚੁੱਕਾ ਹੈ। ਭਾਈ ਵੀਰ ਸਿੰਘ ਦੇ ਕਾਵਿ-ਗਿਆਨ ਵਿਚ ਸਿੱਧਾਂਤਕੀ ਦੇ ਸ੍ਰੋਤ ਹਨ। ਜਿਸ ਨਾਲ ਪੰਜਾਬੀ ਭਾਸ਼ਾ ਵਿਚਲੇ ਗਿਆਨ ਦੇ ਪ੍ਰਕਾਰ ਕਿਵੇਂ ਉਸਰਦੇ ਹਨ ਉਹਨਾਂ ਨੂੰ ਤਲਾਸ਼ਿਆ ਜਾ ਸਕਦਾ ਹੈ ਜੋ ਕਿ ਪੰਜਾਬੀ ਸਭਿਆਚਾਰ ਪੂਰਵ ਧਾਰਨਾਵਾਂ ਨਾਲ ਉਤਪੋਤ ਹਨ। ਪੰਜਾਬੀ ਭੂਗੋਲਿਕ ਹੱਦਬੰਦੀ ਵਿਚ ਪਏ ਇਤਿਹਾਸਕ ਵਿਭਿੰਨ ਪਾਠਾਂ ਦੇ ਅਧਿਐਨ ਦੀ ਪੁਨਰ ਉਸਾਰੀ ਹੋ ਸਕਦੀ ਹੈ। ਇਸ ਤਰਾਂ ਦੀ ਸਿੱਧਾਂਤਕੀ ਨੂੰ ਪੂਰਬੀ ਸਭਿਆਚਾਰਕ ਰੂੜੀਬੱਧਤਾ, ਪਿਤਾਪੁਰਖੀ, ਨਸਲਮੁੱਖੀ ਅਤੇ ਸਾਮਰਾਜਵਾਦੀਆਂ ਦਾ ਮਿਲਗੋਭਾ ਨਾ ਸਮਝਿਆ ਜਾਵੇ। ਇਸ ਨਾਲ ਪੰਜਾਬੀ ਕਾਵਿ-ਆਲੋਚਨਾ ਦਾ ਦਾਇਰਾ ਵਿਸ਼ਾਲ ਹੋਵੇਗਾ।

0-0-0

**ਸਹਾਇਕ ਪੁਸਤਕ-ਸੂਚੀ**


ਭਾਈ ਵੀਰ ਸਿੰਘ (ਦਸੰਬਰ 1989) **ਲਹਿਰਾਂ ਦੇ ਹਾਰ,** ਅੰਮ੍ਰਿਤਸਰ: ਖਾਲਸਾ ਸਮਾਚਾਰ

Christ, W. (1949) *Aristotle on His Predecessors: Being the First Book of His Metaphysics,* tr. A.E. Taylor, Chicago: The Open Court Publishing Co.

Lehrer, Keith (Ed.) (1975) *Analysis and Metaphysics*, Dordrecht: Reidel Publication.

Llewelyn, John (1989) *Beyond Metaphysics? : the Hermeneutic Circle in Contemporary Continental Philosophy*, New Jersey: Humanities Press.

Phillips, Stephen H. (1997) *Classical Indian Metaphysics: Refutations of Realism and the Emergence of 'New Logic'*, Delhi: Motilal Banarsidass Publications.

Tomlin, E.W.F. (1947) *Approach to Metaphysics*, London: Paul.



ਕੋਆਰਡੀਨੇਟਰ,
ਪੰਜਾਬੀ ਵਿਭਾਗ, ਯੂਸੋਲ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਮੋਬਾਇਲ : 98882-50732

# ਪਰੰਪਰਕ ਮੁੱਲਾਂ ਵਾਲਾ ਆਧੁਨਿਕ ਮਹਾਕਾਵਿ : ਰਾਣਾ ਸੂਰਤ ਸਿੰਘ

ਡਾ. ਵਿਸ਼ਾਲ ਕੁਮਾਰ

ਮਹਾਕਾਵਿ ਅਤੇ ਖੰਡ ਕਾਵਿ, ਪ੍ਰਬੰਧ ਕਾਵਿ ਦੇ ਮੁੱਖ ਭੇਦ ਹਨ। ਪ੍ਰਬੰਧ ਸ਼ਬਦ 'ਬੰਧ' ਤੋਂ ਬਣਿਆ ਹੈ। ਬੰਧ ਦਾ ਅਰਥ ਬੰਧਨ ਜਾਂ ਬੰਧਨ ਦੀ ਕਿਰਿਆ ਹੈ। ਮਹਾਕਾਵਿ ਪ੍ਰਬੰਧ ਕਾਵਿ ਦਾ ਇਕ ਮੱਹਤਵਪੂਰਣ ਭੇਦ ਹੈ। ਜਿਹੜੀ ਕਾਵਿ-ਰਚਨਾ ਅੱਗੜ-ਪਿਛੜ ਦੇ ਸੰਬੰਧਾਂ ਨਾਲ ਬੱਝੀ ਹੋਈ ਹੋਵੇ, ਉਹ ਮਹਾਕਾਵਿ ਹੈ। ਮਹਾਕਾਵਿ 'ਮਹਾ' ਅਤੇ 'ਕਾਵਿ' ਦੋ ਸ਼ਬਦਾਂ ਦੀ ਸੰਧੀ ਤੋਂ ਬਣਿਆ ਸ਼ਬਦ ਹੈ, ਜਿਸ ਦਾ ਅਰਥ ਹੈ ਮਹਾਨ ਕਾਵਿ। ਇਹ ਸਾਹਿਤ ਰੂਪ ਦੂਜੇ ਸਾਹਿਤ ਰੂਪਾਂ ਦੀ ਬਨਿਸਬਤ ਵਧੇਰੇ ਅਨੁਕੂਲ ਹੈ। ਮਹਾਕਾਵਿ ਆਪਣੇ ਯੁੱਗ ਦਾ ਵਿਸ਼ਾਲ ਚਿੱਤਰ ਪ੍ਰਤੀਬਿੰਬਤ ਕਰਦਾ ਹੈ। ਇਸ ਵਿਚ ਕੌਮਾਂ ਦੀਆਂ ਅਨੁਭੂਤੀਆਂ, ਸੰਵੇਦਨਾਵਾਂ, ਸੱਚਾਈਆਂ ਦ੍ਰਿਸ਼ਟੀਆਂ ਤੇ ਸੰਘਰਸ਼ ਦਾ ਵਿਰਾਟ ਰੇਖਾਂਕਣ ਹੁੰਦਾ ਹੈ। ਮਹਾਕਾਵਿ ਦੀ ਪਰੰਪਰਾ ਨੂੰ ਜਾਣਨ ਲਈ ਕਲਾਸੀਕਲ ਮਹਾਕਾਵਾਂ ਬਾਰੇ ਜਾਣਨਾ ਜ਼ਰੂਰੀ ਹੈ। ਇਸ ਖੋਜ ਪੱਤਰ ਦੇ ਅਧਿਐਨ ਦਾ ਮੂਲ ਮਨੋਰਥ ਸੰਸਕ੍ਰਿਤ ਮਹਾਕਾਵਿ ਪਰੰਪਰਾ ਨੂੰ ਮਹਾਕਾਵਿ ਦੇ ਆਧਾਰ ਦਾ ਵਿਸ਼ਾ ਬਣਾ ਕੇ ਆਧੁਨਿਕ ਸਮੇਂ ਦੌਰਾਨ ਪੰਜਾਬੀ ਵਿੱਚ ਰਚਿਤ ਮਹਾਕਾਵਿ 'ਰਾਣਾ ਸੂਰਤ ਸਿੰਘ' ਦਾ ਅਧਿਐਨ ਕਰਨਾ ਹੈ। ਸੰਸਕ੍ਰਿਤ ਮਹਾਕਾਵਿ ਸਿਧਾਂਤ ਪਰੰਪਰਾ ਨੂੰ ਇਕ ਸਮੁੱਚ ਵਜੋਂ ਵਾਚ ਕੇ ਹੀ ਪੰਜਾਬੀ ਮਹਾਕਾਵਿ ਰਾਣਾ ਸੂਰਤ ਸਿੰਘ ਦਾ ਮੁਲਾਂਕਣ ਮਹਾਕਾਵਿਕ ਰੂਪਾਕਾਰ ਅਨੁਸਾਰ ਕੀਤਾ ਜਾ ਸਕਦਾ ਹੈ।

ਭਾਰਤੀ ਸਾਹਿਤ ਆਚਾਰਿਆ ਦੰਡੀ, ਰੁਦ੍ਰਟ, ਭਾਮਹ, ਭਰਤਮੁਨੀ ਆਦਿ ਨੇ ਭਾਰਤੀ ਸਾਹਿਤ ਪਰੰਪਰਾ ਨੂੰ ਆਧਾਰ ਬਣਾ ਕੇ ਮਹਾਕਾਵਿ ਦੇ ਸਿਧਾਂਤਕ ਪੱਖ ਨੂੰ ਆਪਣੇ ਨਜ਼ਰੀਏ ਤੋਂ ਘੋਖਿਆ ਅਤੇ ਵਾਚਿਆ ਹੈ। ਪੱਛਮੀ ਵਿਦਵਾਨਾਂ (ਅਰਸਤੂ ਆਦਿ) ਨੇ ਵੀ ਮਹਾਕਾਵਿ ਦਾ ਸਰੂਪ ਨਿਰਧਾਰਤ ਕਰਨ ਲਈ ਇਸ ਦੇ ਲੱਛਣਾਂ ਨੂੰ ਵਿਲੱਖਣ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਹੈ। ਭਾਰਤੀ ਅਤੇ ਪੱਛਮੀ ਇਸ ਸਿਧਾਂਤਕ ਪਰੰਪਰਾ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਦੋਹਾਂ ਵਿਚ ਕਾਫੀ ਸਮਾਨਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਰਤੀ ਸਾਹਿਤ ਆਚਾਰਿਆ 'ਭਾਮਹ' ਨੇ ਆਪਣੇ ਗ੍ਰੰਥ 'ਕਾਵਯਲੰਕਾਰ' ਵਿਚ ਮਹਾਕਾਵਿ ਦੀ ਸਿਧਾਂਤਕਤਾ ਬਾਰੇ ਸਭ ਤੋਂ ਪਹਿਲਾਂ ਜ਼ਿਕਰ ਕੀਤਾ। ਉਸ ਤੋਂ ਬਾਅਦ ਆਚਾਰਿਆ ਦੰਡੀ, ਰੁਦ੍ਰਟ, ਹੇਮਚੰਦਰ, ਵਿਸ਼ਵਨਾਥ ਆਦਿ ਨੇ ਵਾਰੀ-ਵਾਰੀ ਮਹਾਕਾਵਿ ਦੀ ਸਿਧਾਂਤਕ ਅਤੇ ਤਾਤਵਿਕ ਚਰਚਾ ਕੀਤੀ। ਇਨ੍ਹਾਂ ਸਾਹਿਤਚਾਰਿਆਂ ਨੇ ਕੁਝ ਇਕ ਤੱਤਾਂ ਤੋਂ ਇਲਾਵਾ ਮਹਾਕਾਵਿ ਦੀ ਸਿਧਾਂਤਕਤਾ ਵਿੱਚ ਕੋਈ ਨਵੀਂ ਗੱਲ ਨਹੀਂ ਕੀਤੀ। ਆਚਾਰਿਆ ਵਿਸ਼ਵਨਾਥ ਦੁਆਰਾ ਦੱਸੇ ਗਏ ਮਹਾਕਾਵਿ ਦੇ ਲੱਛਣਾਂ ਵਿਚ ਕੁਝ ਵੱਖਰੀਆਂ ਗੱਲਾਂ ਮਿਲਦੀਆਂ ਹਨ। ਉਹਨਾਂ ਨੇ ਮਹਾਕਾਵਿ ਦੇ ਸਿਧਾਂਤ ਸਿਰਜਦਿਆਂ ਸਰਗਾਂ ਦੀ ਗਿਣਤੀ ਨਿਸ਼ਚਿਤ ਕੀਤੀ ਅਤੇ ਸਰਗ ਦੇ ਅੰਤ 'ਤੇ ਆਉਣ ਵਾਲੀ ਅਗਲੇਰੀ ਕਥਾ ਸੂਚਨਾ ਨੂੰ ਵੀ ਜ਼ਰੂਰੀ ਦੱਸਿਆ।

"ਮਹਾਕਾਵਿ ਆਪਣੇ ਆਪ ਵਿਚ ਇਕ ਮਹਾਨ ਰਚਨਾ ਹੁੰਦੀ ਹੈ। ਇਹ ਇਕ ਦੀਰਘ ਕਾਵਿ ਰੂਪਾਕਾਰ ਹੈ, ਜਿਸ ਦਾ ਕਾਵਿ ਵਿਚ ਸਰਵਉੱਚ ਸਥਾਨ ਹੁੰਦਾ ਹੈ। ਇਸ ਵਿਚ ਉੱਚ-ਕੋਟੀ ਦੀ ਕਲਾਤਮਕਤਾ ਦਾ ਹੋਣਾ ਅਨਿਵਾਰੀ ਹੈ। ਇਸ ਦੀ ਪਾਠ-ਵੰਡ ਵਿਸ਼ੇ ਅਨੁਸਾਰ ਕੀਤੀ ਹੋਣੀ ਚਾਹੀਦੀ ਹੈ। ਇਸ ਦਾ ਵਿਸ਼ਾ ਅਜਿਹਾ ਹੋਣਾ ਚਾਹੀਦਾ ਹੈ ਜੋ ਪਾਠਕਾਂ ਉੱਤੇ ਚਿਰਸਥਾਈ ਪ੍ਰਭਾਵ ਪਾਉਂਦਾ ਹੋਵੇ, ਤਾਂ ਜੋ ਇਹ ਸਮਾਜ ਨੂੰ ਵਿਆਪਕ ਸੇਧ ਦੇ ਸਕੇ। ਨਾਟਕੀ ਗੁਣਾਂ ਨਾਲ ਭਰਪੂਰ ਹੋਣ ਕਾਰਨ ਇਹ ਪਾਠਕਾਂ ਵਿਚ ਖਿੱਚ ਦਾ ਕੇਂਦਰ ਵੀ ਹੋਣਾ ਚਾਹੀਦਾ ਹੈ। ਇਸ ਰਾਹੀਂ ਜੀਵਨ ਦੇ ਵਿਸ਼ਾਲ ਵਾਤਾਵਰਣ ਤੇ ਆਪਣੀ ਇਕ ਛਾਪ ਛੱਡਣੀ ਚਾਹੀਦੀ ਹੈ।"[1] ਮਹਾਕਾਵਿਕ ਰਚਨਾ ਵਿੱਚ ਅਜਿਹੇ ਮਹਾਨ ਨਾਇਕ ਦੇ ਜੀਵਨ ਦਾ ਸਰਬਪੱਖੀ ਚਿੱਤਰਣ ਪੇਸ਼ ਕੀਤਾ ਜਾਂਦਾ ਹੈ ਜੋ ਸਮਕਾਲੀਨ ਸਮਾਜ ਦੀ ਪ੍ਰਤਿਨਿੱਧਤਾ ਕਰਦਾ ਹੋਵੇ। ਉਸ ਦੇ ਦਿਲ ਦੀ





ਧੜਕਣ ਨਾਲ ਸਮੁੱਚੀ ਕੌਮ ਦਾ ਦਿਲ ਧੜਕ ਉੱਠਦਾ ਹੋਵੇ। ਉਸ ਵਿਚ ਤਿਆਗ, ਕੁਰਬਾਨੀ, ਹੌਂਸਲਾ ਅਤੇ ਦ੍ਰਿੜਤਾ ਮਹਾਨ ਹੋਵੇ ਅਤੇ ਨਾਇਕ ਦਾ ਆਪਣਾ ਜੀਵਨ ਹੋਰਨਾਂ ਲਈ ਮਿਸਾਲ ਬਣ ਸਕਣ ਦੀ ਸ਼ਕਤੀ ਰਖਦਾ ਹੋਵੇ। "ਹੋਰ ਕਾਵਿ ਰੂਪਾਂ ਤੋਂ ਛੁੱਟ ਇਸ ਵਿਧਾ ਵਿਚ ਜੀਵਨ ਦੀ ਸਮੁੱਚਤਾ ਦਾ ਸੰਗਠਿਤ ਚਿੱਤਰ ਅੰਕਿਤ ਕਰਨ ਦੀ ਸ਼ਕਤੀ ਅਤੇ ਵਿਆਪਕ ਦਰਸ਼ਨ ਨੂੰ ਅਭਿਵਿਅਕਤ ਕਰਨ ਦੀ ਸਮਰਥਾ ਹੁੰਦੀ ਹੈ।"[2] ਇਸ ਦੀ ਬਣਤਰ ਇਕੋ ਕ੍ਰਿਆ ਉੱਤੇ ਕੇਂਦਰਤ ਹੁੰਦੀ ਹੈ, ਜੋ ਸੰਪੂਰਣ ਆਦਿ, ਮੱਧ, ਅੰਤ ਵਾਲੀ ਹੁੰਦੀ ਹੈ। ਇਸ ਵਿਚ ਇਕ ਮੁੱਖ ਕਥਾ ਦੇ ਨਾਲ ਕਈ ਲਘੂ-ਕਥਾਵਾਂ ਜਾਂ ਸਹਿਕਥਾਵਾਂ ਵੀ ਹੁੰਦੀਆਂ ਹਨ, ਜਿਨ੍ਹਾਂ ਦਾ ਸੰਬੰਧ ਕੇਂਦਰੀ ਕਥਾ ਨਾਲ ਹੁੰਦਾ ਹੈ। ਇਸ ਦਾ ਵਿਸ਼ੇ-ਵਸਤੂ ਸਰਲ ਵੀ ਹੋ ਸਕਦਾ ਹੈ ਅਤੇ ਗੁੰਝਲਦਾਰ ਵੀ। ਇਹ ਮਾਨਵੀ ਚੇਤਨਾ ਨੂੰ ਹਲੂਨਣ ਲਈ ਲਿਖਿਆ ਜਾਂਦਾ ਹੈ। ਸੰਸਕ੍ਰਿਤ ਸਾਹਿਤਆਚਾਰਿਆ ਮਹਾਕਾਵਿ ਦੇ ਸਿਧਾਂਤਕ ਪੱਖ ਨੂੰ ਨਿਰਧਾਰਿਤ ਕਰਦਿਆਂ ਇਸ ਬਾਰੇ ਆਪਣੇ-ਆਪਣੇ ਮਤ ਪੇਸ਼ ਕਰਦੇ ਹਨ।

ਭਾਮਹ ਦੇ ਕਾਵਯਾਲੰਕਾਰ ਵਿੱਚ ਮਹਾਕਾਵਿ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਹੈ :

> "ਮਹਾਕਾਵਿ ਸਰਗਬੱਧ ਹੁੰਦਾ ਹੈ। ਇਹ ਮਹਾਨ ਚਰਿੱਤਰ ਵਾਲਾ, ਆਕਾਰ ਵਿੱਚ ਬਹੁਤ ਵੱਡਾ, ਪੇਂਡੂ ਭਾਸ਼ਾ ਤੋਂ ਰਹਿਤ ਤੇ ਗੰਭੀਰ ਵਿਸ਼ੇ ਵਾਲਾ ਹੁੰਦਾ ਹੈ। ਇਸ ਦਾ ਨਾਇਕ ਧੀਰੋਦਾਤ ਗੁਣਾਂ ਨਾਲ ਸੰਪੰਨ, ਚੰਗੀ ਆਰਥਿਕ ਦਸ਼ਾ ਵਾਲਾ, ਅਲੰਕਾਰ ਸਹਿਤ ਤੇ ਸੱਚੇ ਪੁਰਸ਼ਾਰਥ ਵਾਲਾ ਹੁੰਦਾ ਹੈ।"[3]

ਦੰਡੀ ਰਚਿਤ ਕਾਵਯਾਦਰਸ਼ ਅਨੁਸਾਰ;

> "ਮਹਾਕਾਵਿ ਸਰਗਬੱਧ ਰਚਨਾ ਹੈ। ਇਸ ਦੇ ਸ਼ੁਰੂ ਵਿੱਚ ਆਸ਼ੀਰਵਾਦ, ਨਮਸ਼ਕਾਰ (ਸਤੁਤੀ) ਅਤੇ ਕਥਾਵਸਤੂ ਦੇ ਨਿਰਦੇਸ਼ ਦਿੱਤੇ ਹੁੰਦੇ ਹਨ। ਇਸ ਦੀ ਕਥਾਵਸਤੂ ਇਤਿਹਾਸਕ ਹੁੰਦੀ ਹੈ ਜਾਂ ਫਿਰ ਮਹਾਨਾਇਕ ਦੇ ਚਰਿੱਤਰ ਤੇ ਆਧਾਰਿਤ। ਇਸ ਵਿੱਚ ਚਤੁਰ ਤੇ ਉੱਦਾਤ ਚਰਿਤਰ ਵਾਲੇ ਨਾਇਕ ਦਾ ਵਰਣਨ ਹੁੰਦਾ ਹੈ ਅਤੇ ਇਹ ਧਰਮ, ਅਰਥ, ਕਾਮ, ਮੋਖ ਚਾਰ ਫਲਾਂ ਦੀ ਪ੍ਰਾਪਤੀ ਲਈ ਲਿਖਿਆ ਜਾਂਦਾ ਹੈ।"[4]

ਰੁਦ੍ਰਟ ਆਪਣੇ ਗ੍ਰੰਥ ਕਾਵਯਾਲੰਕਾਰ ਵਿੱਚ ਆਖਦਾ ਹੈ;

> ਮਹਾਕਾਵਿ ਦੀ ਸਰਗਬੱਧ ਕਥਾ ਨਾਟਕੀ ਅੰਸ਼ਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ। ਪ੍ਰਾਸੰਗਿਕ ਕਥਾਵਾਂ ਇਸ ਦੀ ਮੁੱਖ-ਕਥਾ ਦੇ ਪ੍ਰਭਾਵ ਨੂੰ ਹੋਰ ਗੂੜਾ ਕਰਦੀਆਂ ਹਨ, ਇਹ ਮਹਾਨ ਉਦੇਸ਼ ਲਈ ਲਿਖਿਆ ਜਾਣਾ ਚਾਹੀਦਾ ਹੈ, ਜਿਸ ਵਿਚ ਨਾਇਕ ਦੇ ਸੰਪੂਰਣ ਜੀਵਨ ਦਾ ਵਰਣਨ ਯਥਾਰਥਕ ਰੂਪ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਨਾਇਕ ਸੰਪੂਰਣ, ਸਰਬਗੁਣ ਸੰਪੰਨ, ਬਹਾਦਰ, ਮਹਾਬਲੀ ਤੇ ਨੀਤੀਵਾਨ ਹੋਣਾ ਚਾਹੀਦਾ ਹੈ। ਪ੍ਰਤੀਨਾਇਕ ਅਤੇ ਉਸ ਦੀ ਕੁੱਲ ਦਾ ਵਰਣਨ ਜ਼ਰੂਰੀ ਹੈ।"[5]

ਸਾਹਿਤਾਚਾਰਿਆ ਵਿਸ਼ਵਨਾਥ ਕੁਝ ਗੱਲਾਂ 'ਚ ਆਪਣੇ ਤੋਂ ਪੂਰਬਲੇ ਸਾਹਿਤਾਚਾਰਿਆਂ ਤੋਂ ਵੱਖਰਤਾ ਦਰਸਾਉਂਦਿਆਂ ਨਾਇਕ ਦੇ ਸੁਭਾਅ ਸੰਬੰਧੀ ਅਤੇ ਰਚਨਾ ਵਿਚ ਸਰਗਾਂ ਦੀ ਗਿਣਤੀ ਅਤੇ ਆਕਾਰ ਬਾਰੇ ਵਿਚਾਰ ਪੇਸ਼ ਕਰਦਾ ਹੈ। ਉਹ ਮਹਾਕਾਵਿ ਦੀ ਪਰਿਭਾਸ਼ਾ ਉਸ ਦੇ ਅੰਦਰੂਨੀ ਪੱਖ ਨੂੰ ਘੋਖ ਕੇ ਦਿੰਦਾ ਹੈ।

ਉਸ ਦਾ ਮੰਨਣਾ ਹੈ;

> ਮਹਾਕਾਵਿ ਦੀ ਕਥਾ ਸਰਗਾਂ ਵਿਚ ਵੰਡੀ ਹੋਈ ਹੋਣੀ ਚਾਹੀਦੀ ਹੈ ਜਿਹੜੇ ਗਿਣਤੀ ਵਿਚ ਅੱਠ ਹੋਣੇ ਚਾਹੀਦੇ ਹਨ, ਜੋ ਨਾ ਬਹੁਤੇ ਛੋਟੇ ਹੋਣ ਅਤੇ ਨਾ ਜ਼ਿਆਦਾ ਵੱਡੇ। ਇਸ ਦਾ ਨਾਇਕ ਕੋਈ ਦੇਵਤਾ ਜਾਂ ਧੀਰੋਦਾਤ ਗੁਣਾਂ ਵਾਲਾ ਉੱਚ-ਕੁੱਲ ਦਾ ਸ਼੍ਰੇਸ਼ਟ ਵਿਅਕਤੀ ਹੋਣਾ

ਚਾਹੀਦਾ ਹੈ। ਇਸ ਵਿੱਚ ਸ਼ਿੰਗਾਰ, ਵੀਰ ਜਾਂ ਸ਼ਾਂਤ ਰਸ ਵਿਚੋਂ ਕਿਸੇ ਇਕ ਰਸ ਦੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਇਸ ਦਾ ਕਥਾਨਕ ਇਤਿਹਾਸਕ ਜਾਂ ਕਿਸੇ ਮਹਾਂਪੁਰਸ਼ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ। ਇਸ ਵਿਚ ਸੱਜਣ ਪੁਰਸ਼ਾਂ ਦੀ ਉਸਤੱਤ ਕੀਤੀ ਜਾਣੀ ਚਾਹੀਦੀ ਹੈ। ਹਰੇਕ ਸਰਗ ਦੇ ਅੰਤ ਤੇ ਛੰਦ ਬਦਲ ਜਾਣਾ ਚਾਹੀਦਾ ਹੈ ਅਤੇ ਇਸ ਵਿਚ ਪ੍ਰਕਿਰਤੀ ਵਰਣਨ ਵੀ ਹੋਣਾ ਚਾਹੀਦਾ ਹੈ।"[6]

ਸਾਰੇ ਭਾਰਤੀ ਵਿਦਵਾਨਾਂ ਦੁਆਰਾ ਮਹਾਕਾਵਿ ਦੀਆਂ ਦਿੱਤੀਆਂ ਪਰਿਭਾਸ਼ਾਵਾਂ ਵਿਚ ਮਹਾਕਾਵਿ ਦੀ ਸਰਗਾਂ ਵਿਚ ਵੰਡ, ਮਹਾਨ ਉਦੇਸ਼, ਮਹਾਨ ਨਾਇਕ, ਸੰਪੂਰਣ ਯੁੱਗ-ਚਿੱਤਰਣ, ਰਸ ਪ੍ਰਾਪਤੀ, ਸਹਿ-ਕਥਾਵਾਂ ਦੀ ਮੱਹਤਤਾ, ਇਤਿਹਾਸਕ ਕਥਾਨਕ, ਕੌਮੀ ਆਦਰਸ਼ਾਂ ਦੀ ਪ੍ਰਾਪਤੀ ਨੂੰ ਮੱਹਤਤਾ ਪ੍ਰਦਾਨ ਕੀਤੀ ਗਈ ਹੈ। ਵਿਸ਼ਵਨਾਥ ਆਪਣੀ ਪਰਿਭਾਸ਼ਾ ਵਿਚ ਸਰਗਾਂ ਦੀ ਗਿਣਤੀ ਅਤੇ ਆਕਾਰ ਬਾਰੇ ਵਰਣਨ ਕਰਦਾ ਹੈ ਅਤੇ ਨਾਇਕ ਦੇ ਕੁਲੀਨ ਵਰਗੀ ਹੋਣ ਤੇ ਵੀ ਜ਼ੋਰ ਦਿੰਦਾ ਹੈ ।

ਇਸ ਸੰਬੰਧੀ ਆਪਣੀਆਂ ਧਾਰਨਾਵਾਂ ਪੇਸ਼ ਕਰਨ ਵਾਲੇ ਪ੍ਰਥਮ ਸਾਹਿਤਚਾਰਿਆ ਭਾਮਹ ਦੇ ਵੇਲੇ ਤੱਕ ਸੰਕਲਨਾਤਮਕ ਮਹਾਕਾਵਿ ਹੀ ਵਧੇਰੇ ਪ੍ਰਚਲਿਤ ਸਨ। ਸੰਕਲਨਾਤਮਕ ਮਹਾਕਾਵਿ ਅਜਿਹੇ ਮਹਾਕਾਵਿ ਹਨ ਜਿਨ੍ਹਾਂ ਦਾ ਰਚਨਾਕਾਰ ਕਿਸੇ ਇਕ ਕਵੀ ਨੂੰ ਨਹੀਂ ਮੰਨਿਆ ਜਾਂਦਾ ਸਗੋਂ ਉਨ੍ਹਾਂ ਨੂੰ ਸਹਿਜ ਵਿਕਾਸ ਦੀ ਉਪਜ ਮੰਨਿਆ ਜਾਂਦਾ ਹੈ। ਭਾਰਤ ਵਿਚ ਸਭ ਤੋਂ ਪੁਰਾਣੇ ਮੰਨੇ ਜਾਣ ਵਾਲੇ ਮਹਾਕਾਵਿ 'ਰਾਮਾਇਣ' ਅਤੇ 'ਮਹਾਭਾਰਤ' ਇਸੇ ਸ਼੍ਰੇਣੀ ਦੇ ਮਹਾਕਾਵਿ ਹਨ। ਭਾਵੇਂ ਕਿ ਇਨ੍ਹਾਂ ਮਹਾਕਾਵਾਂ ਦੇ ਨਾਲ ਇਹਨਾਂ ਦੇ ਲੇਖਕ ਰਿਸ਼ੀ ਬਾਲਮੀਕ ਅਤੇ ਰਿਸ਼ੀ ਵੇਦ-ਵਿਆਸ ਦਾ ਨਾਂ ਵੀ ਆਉਂਦਾ ਹੈ, ਜਿਹਨਾਂ ਦੀ ਸਾਹਿਤਕ ਪਰੰਪਰਾ ਨੇ ਇਹਨਾਂ ਮਹਾਕਾਵਿਕ ਰਚਨਾਵਾਂ ਦੀ ਸਿਰਜਣਾ ਕੀਤੀ। "ਇਸੇ ਮਹਾਕਾਵਿ ਨੂੰ ਆਧਾਰ ਮੰਨ ਕੇ ਹੀ ਭਾਰਤੀ ਆਚਾਰਿਆਂ ਨੇ ਮਹਾਕਾਵਿ ਦੇ ਰੂਪ ਸੰਬੰਧੀ ਆਪਣੀਆਂ ਧਾਰਨਾਵਾਂ ਬਣਾਈਆਂ ਹਨ ਇਸ ਸ਼ੀਸ਼ ਮਹੱਲ ਦੀ ਰੀਸ ਤੇ ਕਈਆਂ ਨੇ ਆਪਣੇ ਕਾਵਿ ਮਹੱਲ ਉਸਾਰਨ ਦਾ ਜਤਨ ਕੀਤਾ, ਪਰ ਉਹ ਇਸ ਅਰਸ਼ੀ ਮਹੱਲ ਦੇ ਟਾਕਰੇ ਵਿਚ ਝੁੱਗੀਆਂ ਹੀ ਜਾਪਦੇ ਹਨ।"[7] ਸੰਸਕ੍ਰਿਤ ਸਾਹਿਤ ਆਚਾਰਿਆ ਮਹਾਕਾਵਿ ਦੇ ਲੱਛਣ ਨਿਰਧਾਰਣ ਵੇਲੇ ਇਹਨਾਂ ਮਹਾਕਾਵਾਂ ਨੂੰ ਹੀ ਧਿਆਨ ਵਿਚ ਰੱਖਦੇ ਹਨ।

ਮਹਾਕਾਵਿ ਦੇ ਸਾਹਿਤਾਚਾਰਿਆਂ ਅਨੁਸਾਰ ਕੁਝ ਅਜਿਹੇ ਨਿਯਮ ਦੱਸੇ ਗਏ ਹਨ ਜਿਹੜੇ ਵਰਤਮਾਨਕ ਮਹਾਕਾਵਿ ਲੇਖਕਾਂ ਦੁਆਰਾ ਅਪਣਾਏ ਜਾਂਦੇ ਹਨ ਪਰ ਕੁਝ ਨਿਯਮਾਂ ਨੂੰ ਅਜੋਕੇ ਲੇਖਕ ਅਣਗੌਲ਼ਿਆਂ ਹੀ ਕਰ ਦਿੰਦੇ ਹਨ। ਅੱਜ ਵੀ ਮਹਾਕਾਵਿਕ ਰਚਨਾ ਦੇ ਉਦੇਸ਼, ਰਸ-ਚਿੱਤਰਨ, ਪਾਤਰ-ਚਿੱਤਰਨ, ਸਰਗਬੱਧਤਾ, ਛੰਦ-ਪ੍ਰਬੰਧ ਅਤੇ ਮੰਗਲਾਚਰਣ ਦੀ ਰੀਤੀ ਨੂੰ ਪੂਰੀ ਤਰ੍ਹਾਂ ਨਿਭਾਇਆ ਜਾਂਦਾ ਹੈ। ਜੇਕਰ ਭਿੰਨਤਾ ਦੀ ਗੱਲ ਕਰੀਏ ਤਾਂ ਆਦਿਕਾਲੀਨ ਮਹਾਕਾਵਿ ਦੇ ਨਾਇਕ ਲਈ ਕੁਲੀਨ ਵਰਗ ਦਾ ਮਹਾਂਪੁਰਸ਼ ਹੋਣਾ ਜ਼ਰੂਰੀ ਸੀ, ਪਰੰਤੂ ਅੱਜ ਅਜਿਹਾ ਨਹੀਂ ਹੈ ਹੁਣ ਤਾਂ ਨਾਇਕ ਲਈ ਆਦਮਜ਼ਾਤ ਹੋਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ, ਉੱਚ ਜਾਂ ਨਿਮਨ ਵਰਗੀ ਹੋਣਾ ਤਾਂ ਦੂਰ ਦੀ ਗੱਲ ਹੈ। "ਇਹ ਵੀ ਕਿਹਾ ਜਾਂਦਾ ਹੈ ਕਿ ਆਧੁਨਿਕ ਮਹਾਕਾਵਾਂ ਵਿਚ ਮਹਾਕਾਵਿ ਦੇ ਸ਼ਾਸਤਰੀ ਲੱਛਣਾਂ ਦਾ ਉਪਯੋਗ ਨਹੀਂ ਕੀਤਾ ਗਿਆ ਅਤੇ ਵਧੇਰੇ ਕਵੀਆਂ ਨੇ ਪਰੰਪਰਾਮੁਕਤ ਹੋ ਕੇ ਮਹਾਕਾਵਾਂ ਦੀ ਰਚਨਾ ਕੀਤੀ ਹੈ, ਪਰੰਤੂ ਸ਼ਾਸਤਰੀ ਪਰੰਪਰਾ ਦੇ ਬਾਹਰੀ ਵਿਧਾਨ ਨੂੰ ਚਾਹੇ ਸਵੀਕਾਰ ਕੀਤਾ ਗਿਆ ਜਾਂ ਨਹੀਂ, ਅਜਿਹੀਆਂ ਅਨੇਕਾਂ ਪਰੰਪਰਾਵਾਂ ਹਨ ਜੋ ਰੂੜੀਗਤ ਹੋ ਕੇ ਆਧੁਨਿਕ ਮਹਾਕਾਵਾਂ ਵਿਚ ਪ੍ਰਵੇਸ਼ ਪਾ ਚੁੱਕੀਆਂ ਹਨ। ਇਹ ਵੱਖਰੀ ਗੱਲ ਹੈ ਕਿ ਆਧੁਨਿਕ ਕਵੀ ਮਹਾਕਾਵਿ ਦੀ ਰਚਨਾ ਕਰਨ ਸਮੇਂ ਇਸ ਤੱਥ ਪ੍ਰਤੀ ਚੇਤੰਨ ਰਹੇ ਹੋਣ ਜਾਂ ਨਾ।[8]

ਆਦਿ ਕਾਲ ਵਿਚ ਪੰਜਾਬ ਦੀ ਇਸ ਜਰਖ਼ੇਜ਼ ਧਰਤੀ ਤੇ ਆਦਿ-ਕਾਵਿ ਕਹਾਏ ਜਾਣ ਵਾਲੇ ਗ੍ਰੰਥ 'ਰਾਮਾਇਣ' ਅਤੇ 'ਮਹਾਭਾਰਤ' ਦੀ ਰਚਨਾ ਕੀਤੀ ਗਈ ਭਾਵੇਂ ਕਿ ਇਹਨਾਂ ਦੀ ਭਾਸ਼ਾ ਪੰਜਾਬੀ ਨਹੀਂ ਸੰਸਕ੍ਰਿਤ ਸੀ । ਇਸ ਤੋਂ ਬਾਅਦ ਸਮੇਂ-ਸਮੇਂ ਇਸ ਧਰਤੀ ਤੇ ਹੋਰ ਵੀ ਕਈ ਗ੍ਰੰਥ ਰਚੇ ਗਏ, ਜਿਹੜੇ ਕਿ ਮਹਾਕਾਵਿ ਹੋਣ ਦਾ





ਦਰਜਾ ਪ੍ਰਾਪਤ ਕਰਦੇ ਹਨ। ਮੱਧਕਾਲ ਵਿਚ ਪੰਜਾਬ ਦੀ ਧਰਤੀ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਦਸਮ ਗ੍ਰੰਥ' ਵਿਚਲੀਆਂ ਦੋ ਰਚਨਾਵਾਂ 'ਰਾਮਾਵਤਾਰ' ਅਤੇ 'ਕ੍ਰਿਸ਼ਨਾਵਤਾਰ' ਨੂੰ ਵੀ ਮਹਾਕਾਵਿਕ ਹੋਣ ਦਾ ਸੁਭਾਗ ਪ੍ਰਾਪਤ ਹੈ। ਰਾਮਾਵਤਾਰ 864 ਛੰਦਾਂ ਵਿੱਚ ਅਤੇ ਕ੍ਰਿਸ਼ਨਾਵਤਾਰ 2492 ਛੰਦਾਂ ਵਿੱਚ ਰਚਿਆ ਗਿਆ। ਡਾ. ਕਪੂਰ ਇਹਨਾਂ ਰਚਨਾਵਾਂ ਨੂੰ ਆਕਾਰ ਛੋਟਾ ਹੋਣ ਕਰਕੇ ਲਘੂ ਮਹਾਕਾਵਾਂ ਦੀ ਸ਼੍ਰੇਣੀ ਵਿਚ ਰਖਦੇ ਹਨ।"[9] ਇਹਨਾਂ ਗ੍ਰੰਥਾਂ ਤੋਂ ਇਲਾਵਾ ਨਾਨਕ ਵਿਜੈ ਕ੍ਰਿਤ ਸੰਤਰੇਣ, ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਸੰਤੋਖ ਸਿੰਘ, ਅਨੂਪਮ ਰਾਮਾਇਣ ਕ੍ਰਿਤ ਕੀਰਤ ਸਿੰਘ, ਮਹਾਭਾਰਤ (ਅਨੁ.) ਕਵੀ ਕ੍ਰਿਸ਼ਨ ਲਾਲ ਆਦਿ ਰਚਨਾਵਾਂ ਨੂੰ ਵੀ ਕਈ ਵਿਦਵਾਨ ਇਸ ਪੱਧਰ ਦੀਆਂ ਰਚਨਾਵਾਂ ਮੰਨਦੇ ਹਨ, ਜਿਹੜੀਆਂ ਲਿਖੀਆਂ ਤਾਂ ਭਾਵੇਂ ਹੋਰ ਭਾਸ਼ਾਵਾਂ ਵਿਚ ਗਈਆਂ ਹਨ ਪਰੰਤੂ ਪੰਜਾਬ ਦੀ ਧਰਤੀ ਤੇ ਲਿਖੀਆਂ ਗਈਆਂ ਹੋਣ ਕਰਕੇ ਪੰਜਾਬੀ ਮਹਾਕਾਵਿ ਦੇ ਸਾਹਿਤਕ ਵਿਰਸੇ ਵਜੋਂ ਕੰਮ ਸਾਰਦੀਆਂ ਹਨ।"[10]

ਸੰਸਾਰ ਦੀਆਂ ਲਗਭਗ ਸਾਰੀਆਂ ਉੱਤਮ ਬੋਲੀਆਂ ਵਿਚ ਪੁਰਾਤਨ ਕਾਲ ਅਤੇ ਮੱਧਕਾਲ ਵਿਚ ਮਹਾਕਾਵਿ ਰਚੇ ਗਏ। ਸੰਸਕ੍ਰਿਤ ਵਿਚ ਮਹਾਂਰਿਸ਼ੀ ਬਾਲਮੀਕ ਦੁਆਰਾ ਰਚਿਤ 'ਰਾਮਾਇਣ' ਅਤੇ ਰਿਸ਼ੀ ਵੇਦ-ਵਿਆਸ ਦੀ ਰਚਨਾ 'ਮਹਾਭਾਰਤ' ਤੋਂ ਇਲਾਵਾ, ਕਾਲੀਦਾਸ ਦੇ 'ਰਘੂਵੰਸ਼', 'ਕੁਮਾਰਸੰਭਵ' ਅਤੇ 'ਅਸ਼ਵਘੋਸ਼', 'ਭਾਰਵੀ' ਤੇ 'ਮਾਘ' ਆਦਿ ਦੀਆਂ ਰਚਨਾਵਾਂ ਮੱਹਤਵਪੂਰਣ ਹਨ। ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਰਾਮਾਇਣ ਇਕ ਉੱਚ-ਕੋਟੀ ਦਾ ਮਹਾਕਾਵਿ ਸਿੱਧ ਹੋਇਆ ਹੈ। ਮਹਾਭਾਰਤ ਨੂੰ ਕਈ ਭਾਰਤੀ ਵਿਦਵਾਨ ਮਹਾਕਾਵਿ ਨਾਲੋਂ ਇਤਿਹਾਸ ਕਹਿਣਾ ਵਧੇਰੇ ਉਚਿੱਤ ਸਮਝਦੇ ਹਨ। ਇਸ ਮਹਾਕਾਵਿ ਦਾ ਮੁੱਖ ਵਿਸ਼ਾ ਕੌਰਵਾਂ ਤੇ ਪਾਂਡਵਾਂ ਦੇ ਯੁੱਧ ਦਾ ਵਰਣਨ ਹੈ। ਉਕਤ ਦੋਵੇਂ ਗ੍ਰੰਥ ਵਾਸਤਵ ਵਿਚ ਆਪਣੇ ਯੁੱਗ ਦੇ ਸਭਿਆਚਾਰ ਦੀ ਆਧਾਰਸ਼ਿਲਾ ਅਤੇ ਵਿਸ਼ਵਕੋਸ਼ ਹਨ।

ਯੂਨਾਨੀ ਵਿਚ ਹੋਮਰ ਦੇ ਇਲੀਅਡ ਅਤੇ ਓਡੀਸੀ, ਇਤਾਲਵੀ ਵਿਚ ਦਾਂਤੇ ਦਾ ਡਿਵਾਇਨ ਕਾਮੇਡੀ, ਅੰਗਰੇਜ਼ੀ ਵਿਚ ਮਿਲਟਨ ਦਾ ਪੈਰਾਡਾਈਜ਼ ਲਾਸਟ, ਹਿੰਦੀ ਵਿਚ ਚੰਦਰ ਬਰਦਾਈ ਰਚਿਤ ਪ੍ਰਿਥਵੀਰਾਜ ਰਾਸੋ ਅਤੇ ਤੁਲਸੀ ਦਾ ਰਾਮਚਰਿਤ ਮਾਨਸ, ਫ਼ਾਰਸੀ ਵਿਚ ਫਿਰਦੌਸੀ ਦਾ ਸ਼ਾਹਨਾਮਾ ਆਦਿ ਮੱਹਤਵਪੂਰਣ ਰਚਨਾਵਾਂ ਹਨ। ਪੰਜਾਬੀ ਵਿਚ ਗੁਰਬਿਲਾਸ ਰਚਨਾਵਾਂ ਨੂੰ ਛੱਡ ਕੇ ਹੋਰ ਕੋਈ ਵੀ ਅਜਿਹੀ ਰਚਨਾ ਨਹੀਂ ਜਿਹੜੀ ਇਸ ਨੂੰ ਬਾਕੀ ਭਾਸ਼ਾਵਾਂ ਦੇ ਮੇਲ ਦਾ ਬਣਾ ਸਕੇ। ਅਸਲ ਵਿਚ ਪੰਜਾਬ ਵਿਚ ਪੁਰਾਤਨ ਅਤੇ ਮੱਧਕਾਲ ਵਿਚ ਲੋਕਾਂ ਨੇ ਕਿਸੇ ਰਾਜੇ ਮਹਾਰਾਜੇ ਨੂੰ ਆਪਣਾ ਨਾਇਕ ਨਹੀਂ ਮੰਨਿਆ, ਜਿਵੇਂ ਕਿ ਬਾਕੀ ਭਾਸ਼ਾਵਾਂ ਦੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਜਿਵੇਂ ਕਾਲੀਦਾਸ ਦਾ ਨਾਇਕ ਦੁਸ਼ਅੰਤ, ਚੰਦਰਬਰਦਾਈ ਦਾ ਪ੍ਰਿਥਵੀਰਾਜ ਚੌਹਾਨ, ਤੁਲਸੀ ਦੇ ਸ੍ਰੀਰਾਮ ਆਦਿ ਇਸ ਦੀਆਂ ਮੁੱਖ ਉਦਾਹਰਨਾਂ ਹਨ। ਪੰਜਾਬੀਆਂ ਦੇ ਨਾਇਕ ਹਮੇਸ਼ਾਂ ਤੋਂ ਹੀ ਕੋਈ ਗੁਰੂ-ਪੀਰ, ਲੋਕ-ਨਾਇਕ ਜਾਂ ਧਾਰਮਿਕ ਪੁਰਸ਼ ਸਨ। ਇਸੇ ਲਈ ਗੁਰੂ ਸਾਹਿਬਾਨ ਦੇ ਜੀਵਨ ਨੂੰ ਆਧਾਰ ਬਣਾ ਕੇ ਗੁਰਬਿਲਾਸ ਰੂਪੀ ਮਹਾਕਾਵਿਕ ਰਚਨਾਵਾਂ ਰਚੀਆਂ ਗਈਆਂ ਜਿਹੜੀਆਂ ਕਿ ਮਹਾਕਾਵਿ ਦਾ ਹੀ ਇਕ ਰੂਪ ਸਨ।

ਪੰਜਾਬੀ ਸਾਹਿਤ ਵਿੱਚ ਮਹਾਕਾਵਿ ਰਚਨਾ ਦਾ ਆਰੰਭ ਅਠਾਰਵੀਂ ਸ਼ਤਾਬਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੇ ਗਏ ਗੁਰਬਿਲਾਸ ਪਾਤਸ਼ਾਹੀ ਦਸ ਤੋਂ ਹੋਇਆ। ਉਸ ਵੇਲੇ ਤੋਂ ਹੁਣ ਤੱਕ ਪੰਜਾਬੀ ਵਿਚ 100 ਦੇ ਲਗਭਗ ਮਹਾਕਾਵਿ ਲਿਖੇ ਜਾ ਚੁੱਕੇ ਹਨ। ਇਹਨਾਂ ਵਿਚੋਂ ਕੁੱਝ ਇਕ ਨੂੰ ਛੱਡ ਕੇ ਵਧੇਰੇ ਮਹਾਕਾਵਿ ਆਧੁਨਿਕ ਸਮੇਂ ਦੀ ਹੀ ਉਪਜ ਹਨ। ਪੁਰਾਤਨ ਸਮੇਂ ਤੋਂ ਮਹਾਕਾਵਿ ਲਿਖਣ ਦੀ ਜਿਹੜੀ ਪਰਿਪਾਟੀ ਦੂਸਰੀਆਂ ਭਾਸ਼ਾਵਾਂ ਦੇ ਕਵੀਆਂ ਨੇ ਤੋਰੀ ਸੀ, ਪੰਜਾਬੀ ਦੇ ਕਵੀਆਂ ਨੇ ਉਸੇ ਨੂੰ ਹੀ 'ਗੁਰਬਿਲਾਸ' ਰੂਪ ਵਿਚ ਪੇਸ਼ ਕੀਤਾ ਅਤੇ ਪੰਜਾਬੀ ਵਿਚ ਕਾਵਿ ਦੀ ਇਕ ਨਵੀਂ ਵਿਧਾ ਨੂੰ ਜਨਮ ਦਿੱਤਾ। ਗੁਰਬਿਲਾਸ ਰਚਨਾਵਾਂ ਨੂੰ ਮਹਾਕਾਵਿ ਦਾ ਹੀ ਇਕ ਅਜਿਹਾ ਰੂਪ ਕਿਹਾ ਜਾ ਸਕਦਾ ਹੈ ਜੋ ਪੂਰੀ ਤਰ੍ਹਾਂ ਮਹਾਕਾਵਿ ਦੇ ਲੱਛਣਾਂ ਤੇ ਢੁੱਕਵੀਆਂ ਉਤਰਦੀਆਂ ਹਨ।

ਪੰਜਾਬੀ ਮਹਾਕਾਵਿ ਨੇ ਅਜੋਕੇ ਸਮੇਂ ਵਿਚ ਵੀ ਪਰੰਪਰਕ ਮਹਾਕਾਵਿਕ ਮੁੱਲਾਂ ਨਾਲ ਮੋਢਾ ਮੇਚ ਕੇ ਚੱਲਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ ਪਰੰਤੂ ਫਿਰ ਵੀ ਇਹ ਪਰੰਪਰਕ ਹੁੰਦਾ ਹੋਇਆ ਵੀ ਆਧੁਨਿਕ ਹੈ ਅਤੇ ਆਧੁਨਿਕ ਹੁੰਦਾ ਹੋਇਆ ਵੀ ਪਰੰਪਰਕ। ਡਾ. ਅਤਰ ਸਿੰਘ ਅਨੁਸਾਰ, "ਆਧੁਨਿਕਤਾ ਦਾ ਆਧਾਰ ਇਕ ਬੁਨਿਆਦੀ ਵਿਸ਼ਵ ਦਰਸ਼ਨ ਉਪਰ ਹੈ ਜੋ ਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਇਆ ਹੈ। ਇਸ ਦੀ ਪ੍ਰੇਰਨਾ ਬੌਧਿਕਤਾ ਅਤੇ ਨਿਆਇਸ਼ੀਲਤਾ ਹੈ, ਇਸ ਦਾ ਸੁਭਾਉ ਵਿਸ਼ਲੇਸ਼ਣਕਾਰੀ ਅਤੇ ਇਸ ਦੀ ਰੁਚੀ ਪੁਰਾਤਨ ਅੰਧ-ਵਿਸ਼ਵਾਸ ਦੀ ਖੰਡਨਕਾਰੀ ਹੈ।"[12] ਜਿਥੋਂ ਤਕ ਆਧੁਨਿਕਤਾ ਦੀ ਪ੍ਰੇਰਨਾ ਦਾ ਬੌਧਿਕਤਾ ਤੇ ਨਿਆਇਸ਼ੀਲਤਾ ਨਾਲ ਸੰਬੰਧ ਹੈ ਉਥੇ ਆਧੁਨਿਕ ਮਹਾਕਾਵਿ ਵੀ ਵਰਣਨ ਪ੍ਰਧਾਨ ਨਾ ਹੋ ਕੇ ਵਿਚਾਰ ਪ੍ਰਧਾਨ ਹੁੰਦੇ ਜਾ ਰਹੇ ਹਨ ਅਤੇ ਉਸ ਵਿਚ ਬੌਧਿਕਤਾ ਆਉਣ ਲੱਗ ਪਈ ਹੈ। ਭਾਈ ਵੀਰ ਸਿੰਘ ਰਚਿਤ ਮਹਾਕਾਵਿ 'ਰਾਣਾ ਸੂਰਤ ਸਿੰਘ' ਵਿੱਚ ਵੀ ਬੌਧਿਕਤਾ ਦੀ ਇਹ ਪ੍ਰਵਿਰਤੀ ਵੇਖੀ ਜਾ ਸਕਦੀ ਹੈ।

ਸਾਹਿਤ ਦਾ ਹਰ ਰੂਪ ਸਮੇਂ ਤੇ ਸਥਿਤੀ ਦੇ ਪ੍ਰਸੰਗ ਵਿਚ ਸਮਾਜ ਦੀ ਲੋੜ ਅਨੁਸਾਰ ਹੀ ਹੋਂਦ ਵਿਚ ਆਉਂਦਾ ਹੈ। ਮਹਾਕਾਵਿ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਬੰਨਣ ਦਾ ਮਾਣ ਪ੍ਰਾਪਤ ਹੈ । ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਆਪਣਾ ਮਹਾਕਾਵਿ 'ਰਾਣਾ ਸੂਰਤ ਸਿੰਘ' (1905 ਈ.) ਲਿਖ ਕੇ ਇਸ ਕਾਵਿ-ਰੂਪ ਨੂੰ ਉਚੇਰੀ ਮੱਹਤਤਾ ਦਿੱਤੀ। ਮਹਾਕਾਵਿ ਦੀ ਭੂਮਿਕਾ ਵਿੱਚ ਭਾਈ ਵੀਰ ਸਿੰਘ ਦੱਸਦੇ ਹਨ ਕਿ ਇਹ ਮਹਾਕਵਿ ਪਹਿਲਾਂ ਟ੍ਰੈਕਟਾਂ ਦੇ ਰੂਪ ਵਿੱਚ ਲਿਖ ਕੇ ਛਪਵਾਇਆ ਗਿਆ। ਪੁਸਤਕ ਰੂਪ ਵਿੱਚ ਇਸ ਦਾ ਛਪਣ ਸਾਲ 1919 ਈ. ਹੈ। ਇਸ ਵਿੱਚ ਆਠਾਰਵੀਂ ਸਦੀ ਦੇ ਪਹਿਲੇ ਮੱਧ ਦੇ ਸਾਮਿਅਕ ਇਤਿਹਾਸ ਨੂੰ ਦਾਰਸ਼ਨਿਕ ਢੰਗ ਨਾਲ ਪ੍ਰਗਟਾਇਆ ਗਿਆ ਹੈ। ਡਾ. ਸਤਿੰਦਰ ਸਿੰਘ ਦੇ ਅਨੁਸਾਰ, "ਰਾਣਾ ਸੂਰਤ ਸਿੰਘ ਦੀ ਮੱਹਤਤਾ ਦਾ ਇਕ ਸਾਰਥਿਕ ਪੱਖ ਇਹ ਵੀ ਹੈ ਕਿ ਇਸ ਵਿੱਚ ਸਿੱਖ ਧਰਮ ਦੇ ਆਦਰਸ਼ਾਂ, ਨੈਤਿਕ ਸਥਾਪਨਾਵਾਂ ਅਤੇ ਆਤਮਿਕ ਪੱਖਾਂ ਨੂੰ ਬੜੇ ਉੱਚਿਤ ਰੂਪ ਵਿੱਚ ਪੇਸ਼ ਕੀਤਾ ਗਿਆ ਅਤੇ ਇਨ੍ਹਾਂ ਨੂੰ ਬਹੁਤ ਹੱਦ ਤੱਕ ਗਲਤ ਵਿਆਖਿਆ ਦੇ ਭਾਰ ਤੋਂ ਮੁਕਤ ਕੀਤਾ ਗਿਆ।"[13] ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਾਪੁ ਸਾਹਿਬ ਵਿੱਚ ਕੀਤੇ ਬਚਨਾਂ ਨੂੰ ਭਾਈ ਵੀਰ ਸਿੰਘ ਜੀ ਇਸ ਮਹਾਕਾਵਿ ਦੇ ਮੰਗਲਾਚਰਣ ਵਜੋਂ ਦਿੰਦੇ ਹਨ। 35 ਸਰਗਾਂ ਵਿੱਚ ਵਿਭਾਜਤ ਇਹ ਮਹਾਕਾਵਿ ਪਰੰਪਰਕ ਅਤੇ ਆਧੁਨਿਕ ਦੋਹਾਂ ਮੁੱਲਾਂ ਨੂੰ ਆਪੇ ਅੰਦਰ ਸਮੋਈ ਬੈਠਾ ਹੈ। ਇਹਨਾਂ ਸਰਗਾਂ ਦੇ ਨਾਮ ਸਮਾਧ, ਬੁੱਤ, ਮਾਂਦਰੀ, ਪਲੰਘ, ਉਡਾਰੀ, ਦਰਸ਼ਨ, ਉਤਰਾਈ, ਮਗਨਤਾ, ਬਾਗ਼, ਪਾਤੀ, ਪਰੀ ਮਹਿਲ ਚੜ੍ਹਾਈ, ਪਰੀ ਮਹਿਲ ਪਰਵੇਸ਼, ਪਰੀ ਮਹਿਲ ਵਿਥਿਆ, ਪਰੀ ਮਹਿਲ ਸਤਿਕਾਰ, ਪਰੀ ਮਹਿਲ : ਪਹਿਲੜੀ ਰਾਤ, ਪਰੀ ਮਹਿਲ ਉੱਚੜ ਪੈੜੇ, ਪਰੀ ਮਹਿਲ : ਗੁੱਝੇ ਭੇਤ, ਮਾਤਾ ਵਿਰਲਾਪ, ਮਾਤਾ ਵਿਰਲਾਪ ਵਿਲਾਪ, ਦਰਬਾਰ, ਪਤੀ ਦੇ ਪਤ੍ਰ, ਟੋਟ, ਕੀਰਤਨ, ਝਿਲਮਿਲੇ ਚੱਕਰ, ਸਤਿਸੰਗ ਦਰ, ਸਤਿਸੰਗ ਅੰਦਰ, ਸਤਿਸੰਗ ਭ੍ਰਾਂਤੀ ਦਰਸ਼ਨ, ਸਤਿਸੰਗ-ਪ੍ਰਕਾਸ਼, ਸਤਿਸੰਗ ਅਰਦਾਸ, ਸਤਿਸੰਗ-ਜੁਗਤ, ਸਤਿਸੰਗ ਸਾਧਨ, ਸਤਿਸੰਗ-ਗੁਰਮੁਖ ਪਦ, ਸਤਿਸੰਗ ਸਰਬੱਤ ਦਾ ਭਲਾ, ਸਤਿਸੰਗ ਕਰਨੀ, ਸ਼ੁਕਰ ਹਨ। ਜਿਸ ਵਿੱਚ ਅਠਾਰਵੀਂ ਸਦੀ ਦੇ ਪਹਿਲੇ ਮੱਧ ਵਿੱਚ ਪੰਜਾਬ ਦੇ ਅਰਧ ਪਹਾੜੀ ਇਲਾਕਿਆਂ ਵਿੱਚ ਵਾਪਰੀਆਂ ਘਟਨਾਵਾਂ ਕਥਾ ਰੂਪ ਵਿੱਚ ਦਰਜ ਹਨ। ਆਪਣੇ ਆਦਿ, ਮੱਧ ਤੇ ਅੰਤ ਦੀ ਸਪਸ਼ਟ ਵੰਡ ਕਾਰਨ ਇਹ ਰਚਨਾ ਆਪਣੇ ਆਸ਼ੇ ਨੂੰ ਬੜੇ ਸੁੱਚਜੇ ਢੰਗ ਨਾਲ ਪ੍ਰਗਟਾਉਂਦੀ ਹੈ।ਇਸ ਵਿੱਚ ਰਾਣਾ ਸੂਰਤ ਸਿੰਘ ਦੀ ਸ਼ਹਾਦਤ ਉਪਰੰਤ ਉਸ ਦੀ ਧਰਮ ਪਤਨੀ ਰਾਣੀ ਰਾਜ ਕੌਰ ਨੂੰ ਉਚਾਟ ਮਨੋ-ਅਵਸਥਾ ਵਿੱਚੋਂ ਬਾਹਰ ਕੱਢਣ ਲਈ ਅਤੇ ਸਦਾਚਾਰਕ ਅਤੇ ਆਦਰਸ਼ਕ ਜੀਵਨ ਲਈ ਭਾਈ ਵੀਰ ਸਿੰਘ ਜੀ ਗੁਰਮਤਿ ਸੰਕਲਪਾਂ ਦੀ ਵਿਆਖਿਆ ਕਰਦਿਆਂ ਗੁਰਬਾਣੀ ਦੀ ਲੋੜ ਨੂੰ ਆਵਸ਼ਕ ਦੱਸਦੇ ਹਨ। ਡਾ. ਈਸ਼ਰ ਸਿੰਘ ਤਾਂਘ ਦੇ ਅਨੁਸਾਰ, "ਰਾਣਾ ਸੂਰਤ ਸਿੰਘ ਸਿੱਖ ਰਹੱਸਵਾਦੀ ਦ੍ਰਿਸ਼ਟੀ ਦਾ ਆਦਰਸ਼ ਪ੍ਰਧਾਨ ਅਧਿਆਤਮਵਾਦੀ ਮਹਾਕਾਵਿ ਹੈ। ਜਿਸ ਵਿੱਚ ਇਕ ਭਟਕਦੀ ਹੋਈ ਇਸਤਰੀ ਨੂੰ ਆਤਮਕ-ਅਧਿਆਤਮਕ ਮੰਡਲਾਂ ਤੱਕ ਪਹੁੰਚਾਇਆ ਹੈ। ਇਸ ਵਿੱਚ ਗੁਰੂ ਨਾਨਕ ਦੇ ਪੰਜ ਖੰਡਾਂ ਦੀ ਕਾਵਿਮਈ ਵਿਆਖਿਆ ਹੈ।"[14]





ਭਾਰਤੀ ਸਾਹਿਤ ਆਚਾਰਿਆਂ ਅਨੁਸਾਰ ਮਹਾਕਾਵਿ ਵਿੱਚ ਨਾਇਕ ਦੀ ਭੂਮਿਕਾ ਅਹਿਮ ਹੁੰਦੀ ਹੈ। ਮਹਾਕਾਵਿ ਦਾ ਨਾਇਕ ਉੱਚ ਗੁਣਾਂ ਵਾਲਾ ਕੋਈ ਅਜਿਹਾ ਸਰਬਸ਼੍ਰੇਸ਼ਟ ਵਿਅਕਤੀ ਹੋਣਾ ਚਾਹੀਦਾ ਹੈ ਜੋ ਉੱਚੀ ਕੁੱਲ ਵਿੱਚ ਪੈਦਾ ਹੋਇਆ ਹੋਵੇ ਅਤੇ ਆਪਣੇ ਗੁਣਾਂ ਕਾਰਨ ਲੋਕ-ਆਗੂ ਬਣ ਸਕਦਾ ਹੋਵੇ। ਉਹ ਦੈਵੀ ਸ਼ਕਤੀਆਂ ਵਾਲਾ ਜਾਂ ਦੇਵ ਪ੍ਰੇਰਿਤ ਮਨੁੱਖ ਹੋਣਾ ਚਾਹੀਦਾ ਹੈ। ਇਸ ਮਹਾਕਾਵਿ ਦਾ ਨਾਇਕ ਰਾਣਾ ਸੂਰਤ ਸਿੰਘ ਰਚਨਾ ਦੀ ਮੁੱਖ ਪਾਤਰ (ਨਾਇਕਾ) ਰਾਣੀ ਰਾਜ ਕੌਰ ਦੀਆਂ ਸਿਮਰਤੀਆਂ ਰਾਹੀਂ ਪੇਸ਼ ਹੁੰਦਾ ਹੈ। ਉਹ ਮਹਾਨ ਗੁਣਾਂ ਦਾ ਸੁਆਮੀ, ਉੱਚ ਕੁੱਲ ਵਿੱਚ ਪੈਦਾ ਹੋਇਆ ਅਜਿਹਾ ਨਾਇਕ ਹੈ ਜੋ ਜਨ ਸਮੂਹ ਨੂੰ ਸਹੀ ਰਸਤੇ ਤੇ ਤੋਰਨ ਦੇ ਸਮਰੱਥ ਹੈ ਅਤੇ ਇਸ ਕੰਮ ਵਿੱਚ ਉਹਨਾਂ ਦੀ ਅਗੁਵਾਈ ਕਰਦਾ ਹੈ।ਰਾਣਾ ਸੂਰਤ ਸਿੰਘ ਇਕ ਜੁਝਾਰੂ ਸਿਪਾਹੀ ਵੀ ਹੈ ਅਤੇ ਉੱਚ ਕੋਟੀ ਦਾ ਦਰਸ਼ਨਵੇਤਾ ਵੀ। ਉਹ ਇਕ ਆਦਰਸ਼ਕ ਸਿੱਖ ਹੈ ਜੋ ਗੁਰਮਤਿ ਦਰਸ਼ਨ ਦੀ ਸੰਪੂਰਨ ਤਸਵੀਰ ਪ੍ਰਸਤੁੱਤ ਕਰਦਾ ਹੈ। ਰਾਣਾ ਸੂਰਤ ਸਿੰਘ ਦੁਆਰਾ ਲਿਖੇ ਪੱਤਰ ਅਤੇ ਪਰੀ ਨਾਲ ਹੋਈ ਉਸ ਦੀ ਗੱਲਬਾਤ ਪਾਠਕ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਗੁਰਮੁੱਖ ਵਿਅਕਤੀ ਆਪਣੇ ਆਦਰਸ਼ਾਂ ਉੱਤੇ ਅਡਿੱਗ ਰਹਿ ਕੇ ਸੱਚ-ਖੰਡ ਦੀ ਪ੍ਰਾਪਤੀ ਜਿਉਂਦੇ ਜੀਅ ਕਰ ਸਕਦਾ ਹੈ। ਰਾਣਾ ਸੂਰਤ ਸਿੰਘ ਇਕ ਸੂਰਬੀਰ ਯੋਧਾ ਹੈ ਜੋ ਆਪਣੀ ਮਾਤ-ਭੂਮੀ, ਦੇਸ਼ ਅਤੇ ਕੌਮ ਦੀ ਰਾਖੀ ਲਈ ਸ਼ਹਾਦਤ ਪ੍ਰਾਪਤ ਕਰਦਾ ਹੈ।ਰਾਣੀ ਰਾਜ ਕੌਰ, ਜੋ ਕਿ ਇਸ ਮਹਾਕਾਵਿ ਦੀ ਇਕ ਹੋਰ ਮੱਹਤਵਪੂਰਨ ਪਾਤਰ ਹੈ, ਨਾਇਕ ਦੇ ਨਾਇਕਤਵ (ਦਾਰਸ਼ਨਿਕਤਾ) ਨੂੰ ਉਘਾੜਨ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ। ਉਹ ਆਪਣੇ ਹੱਠ, ਸਿਰੜ ਅਤੇ ਸਿਦਕ ਸਦਕਾ ਉੱਚ ਕਿਰਦਾਰ ਦੀ ਧਾਰਨੀ ਇਕ ਆਦਰਸ਼ਕ ਇਸਤਰੀ ਪਾਤਰ ਹੈ। ਉਹ ਪਰੰਪਰਾ ਅਤੇ ਆਧੁਨਿਕਤਾ ਦੇ ਦਰਮਿਆਨ ਇਕ ਅਜਿਹੇ ਪੁੱਲ ਦਾ ਕੰਮ ਕਰਦੀ ਹੈ, ਜੋ ਮਹਾਕਾਵਿਕਾਰ ਦੇ ਆਸ਼ੇ ਨੂੰ ਪੂਰਿਆਂ ਕਰਨ ਦਾ ਕੰਮ ਵੀ ਕਰਦੀ ਹੈ। ਉਹ ਪਰੰਪਰਾਗਤ ਭਾਰਤੀ ਇਸਤਰੀ ਦਾ ਪ੍ਰਤੀਕ ਹੈ ਜੋ ਆਪਣੇ ਪਤੀ ਦੀ ਦੈਹਿਕ ਪ੍ਰਾਪਤੀ ਲਈ ਭਟਕਦੀ ਹੋਈ ਅੰਤ ਵਿਦੇਹ ਮੁਕਤੀ ਦੇ ਸੰਕਲਪ ਨੂੰ ਪ੍ਰਾਪਤ ਕਰ ਲੈਂਦੀ ਹੈ। ਇਹਨਾਂ ਤੋਂ ਇਲਾਵਾ ਮਾਤਾ ਚੰਦਰ ਕੌਰ, ਰਾਧਾ, ਪਰੀ, ਗੁਰਮੁੱਖ ਮੁਖੀਆ, ਰਿਆਸਤ ਦਾ ਵਜ਼ੀਰ, ਰਾਗੀ ਸਿੰਘ ਆਦਿ ਕੁੱਝ ਕੁ ਹੋਰ ਪਾਤਰ ਇਸ ਰਚਨਾ ਵਿੱਚ ਆਏ ਹਨ। ਪਰੰਪਰਾਗਤ ਮਹਾਕਾਵਿਕ ਰਚਨਾਵਾਂ ਵਾਂਗ ਇਸ ਮਹਾਕਾਵਿ ਵਿੱਚ ਪਾਤਰਾਂ ਦੀ ਬਹੁਤਾਤ, ਵੰਨ-ਸੁਵੰਨਤਾ ਅਤੇ ਵਿਰਾਟ ਗਰਿਮਾ ਨਹੀਂ ਦਿਸਦੀ।

ਮਹਾਕਾਵਿ ਵਿੱਚ ਨਾਇਕ ਵਾਂਗ ਪ੍ਰਤੀ-ਨਾਇਕ ਵੀ ਮਹਾਨ ਅਤੇ ਉੱਤਕ੍ਰਿਸ਼ਟ ਗੁਣਾਂ ਦਾ ਧਾਰਣੀ ਹੋਣਾ ਚਾਹੀਦਾ ਹੈ। ਜਿਸ ਦਾ ਇਸ ਰਚਨਾ ਵਿੱਚ ਅਭਾਵ ਹੈ । ਇਸ ਮਹਾਕਾਵਿ ਵਿੱਚ ਕੋਈ ਵੀ ਅਜਿਹਾ ਪਾਤਰ ਨਹੀਂ ਜਿਸ ਨੂੰ ਪ੍ਰਤੀਨਾਇਕ ਦੀ ਸੰਗਿਆ ਦਿੱਤੀ ਜਾ ਸਕੇ। ਇਸ ਰਚਨਾ ਦੇ ਸਾਰੇ ਪਾਤਰ ਰਾਣਾ ਸੂਰਤ ਸਿੰਘ ਅਤੇ ਰਾਣੀ ਰਾਜ ਕੌਰ ਦੀ ਧਿਰ ਹੀ ਬਣੀ ਦਿਖਾਈ ਦਿੰਦੇ ਹਨ।

ਭਾਰਤੀ ਸਾਹਿਤ ਆਚਾਰਿਆਂ ਅਨੁਸਾਰ ਕਿਸੇ ਗੰਭੀਰ ਵਿਸ਼ੇ ਦਾ ਅਨੁਸਰਨ ਕਰਨ ਵਾਲੀ ਰਚਨਾ ਹੀ ਮਹਾਕਾਵਿ ਅਖਵਾਉਂਦੀ ਹੈ। ਰਾਣਾ ਸੂਰਤ ਸਿੰਘ ਨਾਮਕ ਇਸ ਮਹਾਕਾਵਿਕ ਰਚਨਾ ਵਿੱਚ ਭਾਈ ਵੀਰ ਸਿੰਘ ਜੀ ਰਾਣਾ ਸੂਰਤ ਸਿੰਘ ਅਤੇ ਰਾਣੀ ਰਾਜ ਕੌਰ ਦੇ ਪਾਤਰਾਂ ਰਾਹੀਂ ਸਿੱਖ ਦਰਸ਼ਨ ਅਤੇ ਆਦਰਸ਼ਵਾਦ ਨੂੰ ਸਾਧਾਰਨ ਪਾਠਕ ਲਈ ਪੇਸ਼ ਕਰਦੇ ਹਨ। ਲੋਕ-ਪਰਲੋਕ ਦੀ ਦੁੱਚਿਤੀ ਵਿੱਚ ਫ਼ਸੀ ਹੋਈ ਰਾਣੀ ਆਪਣੇ ਮਰ ਚੁੱਕੇ ਪਤੀ (ਰਾਣਾ ਸੂਰਤ ਸਿੰਘ) ਦੀ ਵਾਸ਼ਨਾ ਰਹਿਤ ਪ੍ਰਾਪਤੀ ਲਈ ਜਤਨ ਕਰਦਿਆਂ ਗੁਰਮਤਿ ਦੀ ਅਨੁਯਾਯੀ ਬਣ ਜਾਂਦੀ ਹੈ। ਇਸ ਮਹਾਕਾਵਿ ਦੇ ਦਸ ਸਰਗ ਗੁਰਮਤਿ ਸਿਧਾਂਤ ਦੀ ਵਿਆਖਿਆ ਕਰਦੇ ਹਨ। ਰਾਣੀ ਰਾਜ ਕੌਰ ਜਦੋਂ ਰਾਣਾ ਸੂਰਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਉਸ ਨੂੰ ਦੈਹਿਕ ਰੂਪ ਵਿੱਚ ਮਿਲਣ ਲਈ ਬਿਹਬਲ ਹੋ ਉੱਠਦੀ ਹੈ ਤਾਂ ਗੁਰਮਤਿ ਦਰਸ਼ਨ ਦੀ ਅਨੁਸਾਰੀ ਹੋ ਕੇ ਮਾਨਸਿਕ ਅਸ਼ਾਂਤੀ ਨੂੰ ਸ਼ਾਂਤ ਕਰਦੀ ਹੈ।

ਮਾਨਸਿਕ ਬਿਰਤੀਆਂ ਨੂੰ ਲੈ ਕੇ ਮਨੋਵਿਸ਼ਲੇਸ਼ਣ ਕਰਨਾ ਆਧੁਨਿਕ ਮਨੋਵਿਗਿਆਨ ਦਾ ਮੱਹਤਵਪੂਰਨ ਪਹਿਲੂ ਹੈ। ਇਹ ਵਿਧੀ ਆਧੁਨਿਕ ਪੰਜਾਬੀ ਮਹਾਕਾਵਾਂ ਵਿਚ ਵੀ ਵਰਤੀ ਜਾ ਰਹੀ ਹੈ। ਰਾਣਾ ਸੂਰਤ ਸਿੰਘ ਵਿਚ ਵੀ ਮਨ ਦੀਆਂ ਵਿਭਿੰਨ ਅਵਸਥਾਵਾਂ ਦਾ ਕਾਫ਼ੀ ਵਿਸ਼ਲੇਸ਼ਣ ਹੋਇਆ ਹੈ। ਮਾਨਵ ਮਨ ਦਾ ਪ੍ਰਤੀਕ ਰਾਣੀ ਰਾਜ

ਕੌਰ ਦੇ ਮਾਨਸਿਕ ਸੰਘਰਸ਼ ਦੀਆਂ ਵਿਭਿੰਨ ਸਥਿਤਿਆਂ ਨੂੰ ਕਵੀ ਨੇ ਕਈ ਪਹਿਲੂਆਂ ਤੋਂ ਭਲੀ-ਭਾਂਤ ਚਿਤਰਿਤ ਕੀਤਾ ਹੈ। ਇਸ ਮਹਾਕਾਵਿ ਦੇ ਆਰੰਭਲੇ ਦਸ ਸਰਗ ਰਾਣੀ ਰਾਜ ਕੌਰ ਦੀ ਬਿਹਬਲ ਮਨੋਦਸ਼ਾ ਨੂੰ ਪ੍ਰਗਟਾਉਂਦੇ ਹਨ। ਇਹ ਰਚਨਾ ਰਾਣੀ ਦੇ, ਆਪਣੇ ਮਰ ਚੁੱਕੇ ਪਤੀ ਦੇ ਬਿਰਹਾ ਦੇ ਸੰਤਾਪ ਤੋਂ ਲੈ ਕੇ, ਸਤਿਸੰਗ ਰਾਹੀਂ ਆਤਮ-ਸੰਤੁਸ਼ਟੀ ਦੀ ਪ੍ਰਾਪਤੀ ਤੱਕ, ਮਨ ਦੀ ਦਸ਼ਾ ਨੂੰ ਭਲੀ-ਪ੍ਰਕਾਰ ਚਿਤਰਿਤ ਕਰਦੀ ਹੈ। 'ਪਤੀ ਦੇ ਪਤ੍ਰ' ਨਾਮਕ ਸਰਗ ਵਿੱਚ ਭਾਈ ਸਾਹਿਬ ਜੀਵਨ ਅਤੇ ਮੌਤ ਦੇ ਗੁੱਝੇ ਭੇਤਾਂ ਦੀ ਗੁਰਮਤਿ ਦਰਸ਼ਨ ਅਨੁਸਾਰ ਵਿਆਖਿਆ ਕਰਦੇ ਹੋਏ ਇਸ ਨੂੰ ਰੂਪ ਪਰਿਵਰਤਨ ਦੀ ਸੰਗਿਆ ਦਿੰਦੇ ਹਨ :

ਡਰ ਨਾ ਮੌਤੋਂ ਮੂਲ ਬੁਰੀ ਨ ਚੀਜ਼ ਏ
ਸੋਚ ਅਵਸਥਾ ਆਪ ਪਹਿਲੀ ਆਪਣੀ
... ... ... ... ... ... ... ... ... ... ...
ਜੰਮਣ ਵਾਲਾ ਦੁੱਖ ਜਦੋਂ ਸਹਾਰ ਕੇ
ਆ ਜੰਮਿਯੋਂ ਜਗ ਵਿੱਚ ਮਰਿਓਂ ਕੁੱਖ ਤੋਂ

(ਪੰਨਾ 120)

ਇਸ ਸਰਗ ਵਿੱਚ ਮਹਾਕਾਵਿਕਾਰ ਪ੍ਰਸ਼ਨ-ਉੱਤਰ ਸ਼ੈਲੀ ਵਰਤ ਕੇ ਪਰਮਾਰਥ ਦਾ ਰਾਹ ਵੀ ਸੁਝਾਉਂਦਾ ਹੈ। ਭਾਈ ਵੀਰ ਸਿੰਘ ਦੇ ਅਨੁਸਾਰ ਪਰਮਾਤਮਾ ਹੀ ਜਗਤ ਦਾ ਮੂਲ ਹੈ। ਜੋ ਇਸ ਦੇ ਕਣ-ਕਣ ਵਿੱਚ ਸਮਾਇਆ ਹੋਇਆ ਹੈ। ਗੁਰਮਤਿ ਦੇ ਅਨੁਸਾਰ ਹੀ ਭਾਈ ਜੀ ਉਸ ਦੇ ਰੂਪ, ਰੰਗ ਅਤੇ ਗੁਣਾਂ ਦੀ ਵਿਆਖਿਆ ਵੀ ਕਰਦੇ ਹਨ :

ਰੂਪ ਨ ਰੇਖ ਨ ਰੰਗ ਹੈ ਉਸ ਰੱਬ ਦਾ
ਤ੍ਰੈ ਗੁਣ ਤੇ ਓ ਤਿੰਨ ਸੱਚੋ-ਸੱਚ ਹੈ
ਨਜ਼ਰ ਗੋਚਰਾ ਓਹ ਤਾਂਤੇ ਹੈ ਨਹੀਂ

(ਪੰਨਾ 27)

ਰਾਣਾ ਸੂਰਤ ਸਿੰਘ ਦੀ ਕਥਾ ਨੂੰ ਗਤੀ ਦੇਣ ਲਈ ਸੁਪਨਿਆਂ ਦੀ ਜੋ ਕਲਪਨਾ ਕੀਤੀ ਗਈ ਹੈ, ਉਸ ਵਿਚ ਮਨੋਵਿਗਿਆਨ ਦੇ ਅੰਸ਼ ਮਿਲਦੇ ਹਨ। ਇਥੇ ਸੁਪਨਿਆਂ ਵਿਚ ਰਾਣੀ ਰਾਜ ਕੌਰ ਦੇ ਅੰਦਰ ਦੀ ਜਿਗਿਆਸਾ ਉਦਿਤ ਹੋ ਕੇ ਪ੍ਰਕਾਸ਼ਮਾਨ ਹੁੰਦੀ ਹੈ। ਉਸਦਾ ਹਿਰਦਾ ਆਪਣੇ ਮਰ ਚੁੱਕੇ ਜਵਾਨ ਪਤੀ ਨੂੰ ਦੋਬਾਰਾ ਪ੍ਰਾਪਤ ਕਰਨ ਲਈ ਬਿਹਬਲ ਹੈ। ਉਸਦੇ ਅੰਤਰਮਨ ਵਿਚ ਇਹੋ ਇਕ ਅਤਿਅੰਤ ਪ੍ਰਬਲ ਲਾਲਸਾ ਹੈ।

ਸਾਹਿਤ ਆਚਾਰਿਆ ਮਹਾਕਾਵਿ ਵਿਚ ਸਾਰੇ ਰਸਾਂ ਦੀ ਹੋਂਦ ਨੂੰ ਹੀ ਸਵੀਕਾਰ ਕਰਦੇ ਹਨ ਪਰੰਤੂ ਫਿਰ ਵੀ ਉਹ ਸ਼ਾਂਤ ਜਾਂ ਵੀਰ ਰਸ ਨੂੰ ਪ੍ਰਮੁੱਖਤਾ ਦੇਣ ਦੇ ਹੱਕ ਵਿਚ ਹਨ, ਪਰੰਤੂ ਅਜੋਕੇ ਸਮੇਂ ਵਿਚ ਪੰਜਾਬੀ ਮਹਾਕਾਵਾਂ ਵਿਚ ਕਰੁਣਾ ਰਸ ਵੀ ਪ੍ਰਧਾਨ ਰੂਪ ਨਾਲ ਆਉਣ ਲਗ ਪਿਆ ਹੈ। "ਅਜਿਹਾ ਕਰੁਣਾ ਰਸ ਸਾਨੂੰ ਭਾਈ ਵੀਰ ਸਿੰਘ ਦੀ ਰਚਨਾ 'ਰਾਣਾ ਸੂਰਤ ਸਿੰਘ' ਵਿਚ ਵੀ ਮਿਲਦਾ ਹੈ ਜਦੋਂ ਰਾਣੀ ਆਪਣੇ ਮਰ ਚੁੱਕੇ ਪਤੀ ਦੀ ਯਾਦ ਵਿਚ ਬਹੁੱਤ ਹੀ ਤਰਲੋਮੱਛੀ ਹੁੰਦੀ ਹੈ।"[15] ਇਸ ਮਹਾਕਾਵਿ ਦਾ ਵੱਡਾ ਹਿੱਸਾ ਰਾਣੀ ਰਾਜ ਕੌਰ ਦੇ ਮਾਨਸਿਕ ਅਤੇ ਸਰੀਰਕ ਸੰਘਰਸ਼ ਦਾ ਬਿਆਨ ਕਰਦਾ ਹੈ। ਮਹਾਕਾਵਿ ਦੇ ਆਰੰਭ ਵਿੱਚ ਇਹ ਸੰਘਰਸ਼ ਅੰਤਰਮਨ ਨਾਲ ਹੁੰਦਾ ਹੈ ਅਤੇ ਮੱਧ ਵਿੱਚ ਜਾ ਕੇ ਪ੍ਰਾਪਤੀ ਦੇ ਮਾਰਗ ਵੱਲ ਮੁੜ ਜਾਂਦਾ ਹੈ। ਰਚਨਾ ਦੇ ਅੰਤ ਤੱਕ ਜਾਂਦੇ-ਜਾਂਦੇ ਉਸ ਦਾ ਸੰਘਰਸ਼ ਗੁਰਮਤਿ ਦਰਸ਼ਨ ਦੀ ਪ੍ਰਾਪਤੀ ਵੱਲ ਚਲਾ ਜਾਂਦਾ ਹੈ। ਜਿਸ ਰਾਹੀਂ ਪਾਠਕ ਨੂੰ ਕਰੁਣ ਰਸ ਦੀ ਅਨੁਭੂਤੀ ਹੁੰਦੀ ਹੈ। ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ ਇਸ ਮਹਾਕਾਵਿ ਵਿਚ ਕਾਫ਼ੀ ਮਾਤਰਾ ਵਿਚ ਪਰੰਪਰਕ ਅੰਸ਼ ਵੀ ਹਨ, ਜਿਹੜੇ ਕਿ ਉਹਨਾਂ ਅਨੁਸਾਰ ਠੀਕ ਨਹੀਂ "ਰਾਣਾ ਸੂਰਤ ਸਿੰਘ ਵਿਚ ਫ਼ਲਸਫ਼ਾ ਤੇ ਬਿਰਹੋਂ ਦੋਵੇਂ ਹਨ, ਪਰ ਇਸ ਦੀ ਬੋਲੀ ਜਨਤਕ ਨਹੀਂ, ਗੁਰਬਾਣੀ ਦਾ ਬਹੁਤ ਅਸਰ ਹੈ ਤੇ ਇਕ ਅਨਿੰਨ ਸਿੱਖ ਹੀ ਇਸ ਤੋਂ ਰਸ ਮਾਣ ਸਕਦਾ ਹੈ।" [16]





ਭਾਰਤੀ ਸਾਹਿਤ ਪਰੰਪਰਾ ਅਨੁਸਾਰ ਮਹਾਕਾਵਿ ਸਰਗਾਂ ਵਿੱਚ ਸਿਰਜਿਤ ਰਚਨਾ ਹੁੰਦੀ ਹੈ ਜਿਸ ਵਿੱਚ ਹਰ ਸਰਗ ਵਿੱਚ ਇਕ ਹੀ ਛੰਦ ਵਰਤਿਆ ਜਾਵੇ ਅਤੇ ਸਰਗ ਦੇ ਅੰਤ ਤੇ ਛੰਦ ਬਦਲ ਜਾਂਦਾ ਹੈ। ਦੰਡੀ ਦਾ ਮੰਨਣਾ ਹੈ ਕਿ ਮਹਾਕਾਵਿ ਵਿੱਚ ਪ੍ਰਚਲਿਤ ਛੰਦਾਂ ਦੀ ਵਰਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਭਾਈ ਵੀਰ ਸਿੰਘ ਜੀ ਨੇ ਇਸ ਮਹਾਕਾਵਿ ਵਿੱਚ 'ਸਿਰਖੰਡੀ' ਛੰਦ ਦੀ ਵਰਤੋਂ ਕੀਤੀ ਹੈ। ਇਹ ਇਕ ਮਾਤ੍ਰਿਕ ਛੰਦ ਹੈ ਜਿਸ ਵਿੱਚ ਆਮ ਤੌਰ ਤੇ ਤੁੱਕ ਦੇ ਮੱਧ ਵਿੱਚ ਅਨੁਪ੍ਰਾਸ ਹੁੰਦਾ ਹੈ ਪਰੰਤੂ ਭਾਈ ਵੀਰ ਸਿੰਘ ਇਸ ਵਿੱਚ ਨਾਂ ਤੁਕਾਂਤ ਮਿਲਾਉਂਦੇ ਹਨ ਨਾ ਮੱਧ-ਅਨੁਪ੍ਰਾਸ। ਇਸ ਮਹਾਕਾਵਿ ਦੀ ਭੂਮਿਕਾ ਵਿੱਚ ਉਹ ਲਿਖਦੇ ਹਨ, ਇਸ ਪੁਸਤਕ ਦੀ ਰਚਨਾ ਸਿਰਖੰਡੀ ਛੰਦ ਵਿੱਚ ਹੈ, ਜੋ ਬੀਸ ਮਾਤ੍ਰਾ ਦਾ ਹੈ। ਪ੍ਰਿਥਮ ਵਿਰਾਮ ਯਾਰਾਂ ਮਾਤ੍ਰਾ ਪਰ, ਤਾਲ ਅੰਤਮ ਹੈ। ਅੰਤਮ ਵਿਰਾਮ ਨੌ ਮਾਤ੍ਰਾ ਪਰ, ਦੀਰਘਾਂਤ ਹੈ।[17]

ਸਾਹਿਤ ਆਚਾਰਿਆ ਰੁਦ੍ਰਟ ਮਹਾਕਾਵਿ ਵਿੱਚ ਅਲੌਕਿਕਤਾ ਅਤੇ ਪਰਾਸਰੀਰਕ ਤੱਤਾਂ ਦੀ ਹੋਂਦ ਨੂੰ ਅਨਿਵਾਰੀ ਮੰਨਦਾ ਹੈ। ਕਈ ਹੋਰ ਸਾਹਿਤ ਆਚਾਰਿਆਂ ਦਾ ਮਤ ਹੈ ਕਿ ਮਹਾਕਾਵਿ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਇਸ ਦੇ ਪਾਤਰਾਂ ਦੁਆਰਾ ਕੀਤੇ ਜਾ ਰਹੇ ਕਾਰਜਾਂ ਵਿੱਚ ਵੀ ਅਲੌਕਿਕਤਾ ਹੋ ਸਕਦੀ ਹੈ। ਰਾਣਾ ਸੂਰਤ ਸਿੰਘ ਵਿਚ ਰਾਣੀ ਰਾਜ ਕੌਰ ਆਜਿਹੇ ਅਲੌਕਿਕ ਕਾਰਜਾਂ ਦੀ ਮੁੱਖ ਪਾਤਰ ਹੈ। ਉਹ ਇਕ ਸੁੰਦਰ ਇਸਤਰੀ ਨਾਲ ਗਿਆਨ-ਖੰਡ, ਸਰਮ-ਖੰਡ ਅਤੇ ਕਰਮ-ਖੰਡ ਹੁੰਦੀ ਹੋਈ ਸੱਚ-ਖੰਡ ਦੇ ਦੁਆਰ ਤੋਂ ਮੁੜ ਕੇ ਆਉਂਦੀ ਹੈ।

'ਮਾਰ ਉਡਾਰੀ ਫੇਰ ਏਥੋਂ ਉਡੀਆਂ'
'ਸੂਖਮ ਤਰਲ ਜੁ ਦੇਹ ਮੇਰੀ, ਮਾਉਂ ਸੀ'।
'ਹੁਣ ਪਲਟੀ ਓ ਹੋਰ ਸੂਖਮ ਹੋ ਗਈ'
'ਆਨੰਦਮਯ ਵੀ ਵੱਧ, ਵੱਧ ਤੇਜਸਵੀ'
'ਪਹੁੰਚੇ ਸਾਂ ਇਕ ਥਾਂਉਂ, ਉਸ ਤੋਂ ਸੋਹਿਣੇ'

(ਪੰਨਾ 25)

ਫਿਰ ਉਸ ਦੀ ਮੁਲਾਕਾਤ ਪਰੀ ਨਾਲ ਹੁੰਦੀ ਹੈ ਜੋ ਉਸ ਨੂੰ ਗੁਰਮੁੱਖ ਵਿਅਕਤੀਆਂ ਦੀ ਸੰਗਤ ਕਰਨ ਲਈ ਪ੍ਰੇਰਿਤ ਕਰਦੀ ਹੈ। ਜਿਸ ਨਾਲ ਮਾਹਾਕਾਵਿ ਦਾ ਦਾਰਸ਼ਨਿਕ ਪੱਖ ਆਰੰਭ ਹੁੰਦਾ ਹੈ।

ਸਾਹਿਤ ਦੀ ਆਦਿ ਕਾਲੀਨ ਪਰੰਪਰਾਵਾਂ ਅਨੁਸਾਰ ਇਸ ਦੇ ਹਰ ਰੂਪ ਵਿੱਚ ਪ੍ਰਕਿਰਤੀ ਦਾ ਸਹਿਜ ਚਿੱਤਰਣ ਲਾਜ਼ਮੀ ਹੈ। ਮਹਾਕਾਵਿ ਵੀ ਇਸ ਤੋਂ ਅਛੂਤਾ ਨਹੀਂ ਹੈ। ਸਾਹਿਤ ਆਚਾਰਿਆਂ ਅਨੁਸਾਰ ਮਹਾਕਾਵਿਕਾਰ ਨੂੰ ਸਵੇਰ-ਦੁਪਹਿਰ, ਸ਼ਾਮ, ਰਾਤ, ਵਣ-ਉਪਵਨ, ਸੂਰਜ, ਚੰਦ, ਮੈਦਾਨ, ਨਦੀ, ਪਹਾੜ, ਮਾਰੂਥਲ, ਸਮੁੰਦਰ ਆਦਿ ਕੁਦਰਤੀ ਦ੍ਰਿਸ਼ਾਂ ਦਾ ਵੀ ਵਰਣਨ ਕਰਨਾ ਚਾਹੀਦਾ ਹੈ। ਭਾਈ ਵੀਰ ਸਿੰਘ ਇਸ ਮਹਾਕਾਵਿ ਵਿੱਚ ਰਹੱਸਾਤਮਕ ਅਨੁਭੂਤੀ ਦੀ ਪੇਸ਼ਕਾਰੀ ਲਈ ਪ੍ਰਕਿਰਤੀ ਚਿਤਰਣ ਨੂੰ ਸਾਧਨ ਵਜੋਂ ਵਰਤਦੇ ਹਨ। ਚੰਦਰਮਾ, ਚਾਂਦਨੀ, ਪ੍ਰਭਾਤ, ਰਾਤਰੀ, ਆਕਾਸ਼, ਸੂਰਜ, ਬੱਦਲੀ, ਜਲ, ਪਰਬਤ, ਜੰਗਲ, ਨਦੀ, ਝਰਨਾ, ਆਦਿ ਪ੍ਰਕਿਰਤਕ ਵਰਤਾਰਿਆਂ ਦਾ ਵਰਨਣ ਕਵੀ ਦੁਆਰਾ ਬੜੇ ਯੋਗ ਢੰਗ ਨਾਲ ਕੀਤਾ ਹੈ। ਮਹਾਕਾਵਿਕਾਰ ਕਈ ਥਾਂਈਂ ਪ੍ਰਕਿਰਤੀ ਦਾ ਮਾਨਵੀਕਰਨ ਵੀ ਕਰਦਾ ਹੈ :

ਤਖਤ ਸੁਨਹਿਰੀ ਬੈਠ ਕਿਰਨਾ ਮਾਰਦਾ
ਜਿਕੁਰ ਹੁੰਦੇ ਤੀਰ ਮਾਰ ਉੱਡਾਂਵਦਾ
ਧੁੰਦ ਹਵਾੜ ਕੁਹੀੜ ਧਰਤੀ ਛਾਈਆਂ।
ਅੰਧੇਰਾ ਹੁਣ ਛੱਡ ਰੜੇ ਮਦਾਨ ਨੂੰ
ਨੱਸ ਗਿਆ ਡਰ ਖਾਇ ਇਸਦੇ ਤੇਜ ਤੋਂ ।

(ਪੰਨਾ 90)

ਆਚਾਰਿਆ ਦੰਡੀ ਦੇ ਅਨੁਸਾਰ ਮਹਾਕਾਵਿ ਧਰਮ, ਅਰਥ, ਕਾਮ, ਮੋਖ ਚਾਰ ਫਲਾਂ ਦੀ ਪ੍ਰਾਪਤੀ ਲਈ ਲਿਖਿਆ ਜਾਂਦਾ ਹੈ। ਹੱਥਲੀ ਮਹਾਕਾਵਿਕ ਰਚਨਾ 'ਰਾਣਾ ਸੂਰਤ ਸਿੰਘ' ਧਰਮ ਤੋਂ ਮੋਖ ਤੱਕ ਦਾ ਸਫ਼ਰ ਤਹਿ ਕਰਦੀ ਹੈ। ਇਸ ਦੀ ਮੁੱਖ ਪਾਤਰ ਰਾਣੀ ਰਾਜ ਕੌਰ ਆਪਣੇ ਪਤੀ ਦੇ ਵਿਯੋਗ ਵਿੱਚ ਸਿੱਖ ਧਰਮ ਦੀ ਸ਼ਰਨ ਵਿੱਚ ਆਉਂਦੀ ਹੈ ਅਤੇ ਵੱਖ-ਵੱਖ ਖੰਡਾਂ ਦੀ ਯਾਤਰਾ ਕਰਕੇ ਮੋਖ ਦੁਆਰ ਤੱਕ ਅੱਪੜਦੀ ਹੈ।

ਰੁਦ੍ਰਟ ਦੇ ਮੁਤਾਬਿਕ ਮਹਾਕਾਵਿ ਦੀ ਸਰਗਬੱਧ ਕਥਾ ਨਾਟਕੀ ਅੰਸ਼ਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ, ਪਰੰਤੂ ਇਸ ਮਹਾਕਾਵਿ ਵਿੱਚ ਪਾਠਕ ਨੂੰ ਨਾਟਕੀਅਤਾ ਦੀ ਕਮੀ ਭਾਸਦੀ ਹੈ। ਇਸ ਮਹਾਕਾਵਿ ਦੀ ਕਥਾ ਤੋਰ ਵਿੱਚ ਕਿਤੇ ਵੀ ਅਜਿਹਾ ਨਹੀਂ ਲੱਗਦਾ ਕਿ ਲੇਖਕ ਨਾਟਕੀ ਜੁਗਤ ਦੀ ਵਰਤੋਂ ਕਰਕੇ ਕਥਾ ਨੂੰ ਆਪਣੇ ਅਨੁਸਾਰ ਮੋੜ ਦੇ ਰਿਹਾ ਹੈ। ਆਪਣੀ ਗੰਭੀਰ ਅਤੇ ਜ਼ੋਰਦਾਰ ਸ਼ੈਲੀ ਰਾਹੀਂ ਲੇਖਕ ਸਦਾਚਾਰਕ ਅਤੇ ਨੈਤਿਕ ਮੁੱਲਾਂ ਦੀ ਸਥਾਪਨਾ ਸਹਜ ਢੰਗ ਨਾਲ ਕਰਦਾ ਹੈ।

ਵੱਖ-ਵੱਖ ਸਾਹਿਤ ਆਚਾਰਿਆਂ ਦਾ ਮੰਨਣਾ ਹੈ ਕਿ ਮਹਾਕਾਵਿ ਵਿੱਚ ਮੁਖ-ਕਥਾ ਦੇ ਨਾਲ ਸਹਿ-ਕਥਾਵਾਂ ਦਾ ਹੋਣਾ ਵੀ ਲਾਜਮੀ ਹੈ ਪਰੰਤੂ ਰਾਣਾ ਸੂਰਤ ਵਿੱਚ ਸਹਿ-ਕਥਾਵਾਂ ਦੀ ਅਣਹੋਂਦ ਵੇਖੀ ਜਾ ਸਕਦੀ ਹੈ। ਇਸ ਦਾ ਵਿਰਾਟ ਚਿਤਰਪਟ ਰਾਣੀ ਰਾਜ ਕੌਰ ਦੇ ਜੀਵਨ ਦੀਆਂ ਭਿੰਨ-ਭਿੰਨ ਅਵਸਥਾਵਾਂ ਦਾ ਹੀ ਵਰਣਨ ਕਰਦਾ ਹੈ।

ਆਧੁਨਿਕਤਾ ਦੀ ਅੰਧ-ਵਿਸ਼ਵਾਸ ਪ੍ਰਤੀ ਖੰਡਨਕਾਰੀ ਰੁਚੀ ਮੁਤਾਬਕ ਅਜੋਕੇ ਮਹਾਕਾਵਿ ਨੇ ਵਿਗਿਆਨਕ ਯੁੱਗ ਵਿੱਚ ਅਲੌਕਿਕ ਘਟਨਾਵਾਂ ਨੂੰ ਬਿਲਕੁਲ ਤਿਆਗ ਦਿੱਤਾ ਹੈ। ਸਪੱਸ਼ਟ ਹੈ ਕਿ ਆਧੁਨਿਕਤਾ ਵਰਤਮਾਨ ਨੂੰ ਮੱਹਤਵ ਦਿੰਦੀ ਹੈ। ਆਧੁਨਿਕ ਮਹਾਕਾਵਿ ਵੀ ਵਰਤਮਾਨਕ ਜੀਵਨ ਦੇ ਨੇੜੇ ਆ ਕੇ ਉਸ ਦੀ ਤਰਜਮਾਨੀ ਕਰ ਰਿਹਾ ਹੈ। ਭਾਈ ਵੀਰ ਸਿੰਘ ਰਚਿਤ 'ਰਾਣਾ ਸੂਰਤ ਸਿੰਘ' ਮਹਾਕਾਵਿ ਵਿਚ ਵਾਪਰੀ ਤਬਦੀਲੀ ਵਰਤਮਾਨ ਨਾਲ ਜੁੜ ਕੇ ਆਧੁਨਿਕਤਾ ਦਾ ਹੁੰਗਾਰਾ ਭਰਦੀ ਹੈ। ਭਾਈ ਵੀਰ ਸਿੰਘ ਨੇ ਤਾਂ ਇਸ ਮਹਾਕਾਵਿ ਦੀ ਤਕਨੀਕ ਹੀ ਵੱਖਰੀ ਕਰ ਦਿੱਤੀ ਹੈ। ਭਾਵੇਂ ਕਈ ਸਮਾਲੋਚਕ ਉਨ੍ਹਾਂ ਦੀ ਇਸ ਤਕਨੀਕ ਨੂੰ ਵੀ ਪਸੰਦ ਨਹੀਂ ਕਰਦੇ ਪਰ ਇਸ ਦੀ ਵੱਖਰਤਾ ਹੀ ਇਸ ਮਹਾਕਾਵਿਕ ਰਚਨਾ ਨੂੰ ਨਿਵੇਕਲਾ ਰੰਗ ਦਿੰਦੀ ਹੈ।

0-0-0

**ਹਵਾਲੇ ਅਤੇ ਟਿੱਪਣੀਆਂ :**


1. ਵਿਸ਼ਵਨਾਥ, **ਸਾਹਿਤਯ ਦਰਪਣ**, (ਅਨੁ.) ਪ੍ਰੋ. ਦੂਨੀ ਚੰਦਰ, ਪੰਨਾ 215
2. ਨਗੇਂਦਰ, **ਭਾਰਤੀ ਸਾਹਿਤ ਕੋਸ਼**, ਪੰਨਾ 930
3. ਭਾਮਹ, ਕਾਵਯਾਲੰਕਾਰ, **ਪਰਿ.1**, ਪੰਨਾ 16-23
4. ਦੰਡੀ, ਕਾਵਣਾਦਰਸ਼, ਪਰਿ. ਪੰਨਾ 14-22
5. ਰੁਦ੍ਰਟ, ਕਾਵਯਾਲੰਕਾਰ,
6. ਵਿਸ਼ਵਨਾਥ, **ਸਾਹਿਤਯ ਦਰਪਣ**, (ਅਨੁ.) ਪ੍ਰੋ. ਦੂਨੀ ਚੰਦਰ, ਪੰਨਾ 115-125
7. ਕਰਮ ਸਿੰਘ ਕਪੂਰ, **ਪੰਜਾਬੀ ਮਹਾਕਾਵਿ**, ਪੰਨਾ 79
8. ਸ਼ਸ਼ੀ ਜੋਸ਼ੀ, **ਕਾਵਿ ਰੂੜੀਆਂ ਆਧੁਨਿਕ ਕਵਿਤਾ ਕੇ ਪਰਿਪੇਖ ਮੇਂ**, ਪੰਨਾ 204
9. ਕਰਮ ਸਿੰਘ ਕਪੂਰ, **ਪੰਜਾਬੀ ਮਹਾਕਾਵਿ**, ਪੰਨਾ 80
10. ਉਹੀ, ਪੰਨਾ 80-84
11. ਗੁਰਚਰਨ ਸਿੰਘ ਮਹਿਤਾ, **ਮਹਾਕਾਵਿ ਰਾਣਾ ਸੂਰਤ ਸਿੰਘ-ਇਕ ਅਧਿਐਨ**, ਪੰਨਾ 178
12. ਅਤਰ ਸਿੰਘ, **ਦ੍ਰਿਸ਼ਟੀਕੋਣ**, ਪੰਨਾ 43







13. ਡਾ. ਸਤਿੰਦਰ ਸਿੰਘ, **ਭਾਈ ਵੀਰ ਸਿੰਘ : ਜੀਵਨ ਤੇ ਰਚਨਾ**, ਪੰਨਾ 53
14. ਈਸ਼ਰ ਸਿੰਘ ਤਾਂਘ, **ਪੰਜਾਬੀ ਸਾਹਿਤ ਦਾ ਇਤਿਹਾਸ (ਪੁਨਰ ਮੁਲਅੰਕਣ**), ਪੰਨਾ 184
15. ਕੁਲਬੀਰ ਸਿੰਘ ਕਾਂਗ, **ਸਾਹਿਤਯ ਚਿੰਤਨ**, ਪੰਨਾ 104
16. ਉਹੀ, ਪੰਨਾ 110
17. ਭਾਈ ਵੀਰ ਸਿੰਘ, **ਰਾਣਾ ਸੂਰਤ ਸਿੰਘ**, ਭੂਮਿਕਾ ਪੰ. 'ਹ'



ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ
ਸੁਜਾਨਪੁਰ, ਜ਼ਿਲ੍ਹਾ ਪਠਾਨਕੋਟ।
ਮੋਬਾਇਲ : 97805-38664

# ਭਾਈ ਵੀਰ ਸਿੰਘ ਕਾਵਿ: ਈਕੋ-ਆਲੋਚਨਾਤਮਕ ਅਧਿਐਨ

ਡਾ. ਹਰਮੇਲ ਸਿੰਘ

ਮਨੁੱਖ ਅਤੇ ਵਾਤਾਵਰਨ ਦੇ ਆਪਸੀ ਸੰਬੰਧਾਂ ਦੀ ਸਾਹਿਤ ਵਿਚ ਹੋਈ ਪੇਸ਼ਕਾਰੀ ਦੇ ਅਧਿਐਨ ਨੂੰ ਈਕੋ-ਆਲੋਚਨਾ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਦੀ ਕਾਵਿ-ਰਚਨਾ ਦਾ ਇੱਕ ਸਿਰਾ ਅਨਾਦੀ ਪਰਮ ਸੱਤਾ ਨਾਲ ਜੁੜਿਆ ਹੋਇਆ ਹੈ ਤਾਂ ਦੂਜਾ ਸਿਰਾ ਮਨੁੱਖਤਾ ਅਤੇ ਸਮਾਜਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੀ ਕਵਿਤਾ ਵਿਚ ਪਰਮਸੱਤਾ, ਕੁਦਰਤ ਅਤੇ ਮਨੁੱਖੀ ਸਮਾਜ ਵਿਚਕਾਰ ਖਿੱਚੀਆਂ ਜਾਂਦੀਆਂ ਮਨਸੂਈ ਹੱਦਬੰਦੀਆ ਨਹੀਂ ਹਨ। ਉਹ ਪਰਮ ਸੱਤਾ ਨੂੰ ਕੁਦਰਤ ਅਤੇ ਮਨੁੱਖੀ ਸਮਾਜ ਨਾਲ ਸਜੀਵ ਰੂਪ ਵਿਚ ਸੰਬੰਧਤ ਮੰਨਦੇ ਹਨ। ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕੁਦਰਤ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਦਾ ਆਧਾਰ ਮਹਿਜ਼ ਆਰਜ਼ੀ ਲਾਭ ਨਹੀਂ ਹਨ ਸਗੋਂ ਇਹ ਸੰਬੰਧ ਭਾਵੁਕ ਪੱਧਰ ਦੇ ਹਨ ਜਿੰਨ੍ਹਾਂ ਦਾ ਆਧਾਰ ਭਾਰਤੀ ਗਿਆਨ ਪਰੰਪਰਾ ਅਤੇ ਜੀਵਨ ਜਾਚ ਹੈ, ਜੋ ਜੀਵਨ ਨੂੰ ਸਮੁੱਚਤਾ ਵਿਚ ਦੇਖਦੀ ਹੈ।

ਭਾਈ ਵੀਰ ਸਿੰਘ ਦਾ ਸਮਾਂ ਬਸਤੀਵਾਦੀ ਸਾਮਰਾਜ ਦਾ ਸਮਾਂ ਸੀ। ਬਸਤੀਵਾਦੀ ਸ਼ਾਸਨ ਆਉਣ ਨਾਲ ਪੰਜਾਬ ਅਤੇ ਭਾਰਤ ਦੇ ਸਿਆਸੀ, ਸਮਾਜਕ ਅਤੇ ਆਰਥਿਕ ਜੀਵਨ ਵਿਚ ਪੱਛਮੀ ਤਰਜ ਦੀਆਂ ਤਬਦੀਲੀਆਂ ਵਾਪਰ ਰਹੀਆਂ ਸਨ। ਭਾਰਤੀ ਕਦਰਾਂ-ਕੀਮਤਾਂ ਅਤੇ ਪੱਛਮੀ ਕਦਰਾਂ-ਕੀਮਤਾਂ ਵਿਚ ਵਾਪਰ ਰਹੇ ਤਣਾਓ ਨੂੰ ਉਨ੍ਹਾਂ ਦੀਆਂ ਲਿਖਤਾਂ ਅਤੇ ਸਾਹਿਤ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ। ਮਨੁੱਖ ਦੇ ਕੁਦਰਤ ਨਾਲ ਸੰਬੰਧਾਂ ਵਿਚ ਵੀ ਤਬਦੀਲੀ ਆ ਰਹੀ ਸੀ। ਦੋ ਵੱਖਰੇ ਵੱਖਰੇ ਜੀਵਨ ਦ੍ਰਿਸ਼ਟੀਕੋਣਾਂ ਦਾ ਸੰਘਰਸ਼ ਚਲ ਰਿਹਾ ਸੀ। ਪੱਛਮੀ ਦਰਸ਼ਨ ਮੂਲ ਰੂਪ ਵਿਚ ਦਵੈਤਵਾਦੀ ਹੈ। ਵਾਲ ਪਲੰਮਵੂਡ ਨੇ ਪੱਛਮੀ ਦਰਸ਼ਨ ਦਾ ਇਤਿਹਾਸਕ ਵਿਸ਼ਲੇਸ਼ਣ ਕਰਦਿਆਂ ਇਸਦੇ ਦਵੈਤ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਆਧਾਰ ਕਿਹਾ ਹੈ। ਦਵੈਤ ਵਿਚੋਂ ਹੀ ਗੁਲਾਮ ਪ੍ਰਥਾ, ਲਿੰਗ ਵਿਤਕਰਾ, ਨਸਲੀ ਵਿਤਕਰਾ, ਅਤੇ ਕੁਦਰਤ ਨਾਲ ਸੰਕਟਮਈ ਸਬੰਧ ਪੈਦਾ ਹੋਏ ਹਨ। ਪੱਛਮੀ ਦਰਸ਼ਨ ਵਿਚ ਮਨੁੱਖ ਖਾਸ ਕਰਕੇ ਪੱਛਮੀ ਗੋਰੇ ਮਨੁੱਖ ਨੂੰ ਹੀ ਮਾਲਕ ਵਜੋਂ ਸਿਰਜਿਆ ਗਿਆ ਹੈ। ਔਰਤਾਂ, ਗੈਰ-ਪੱਛਮੀ ਮਨੁੱਖਾਂ ਅਤੇ ਕੁਦਰਤ ਨੂੰ ਇਸ ਮਾਡਲ ਮਨੁੱਖ ਦੇ ਅਧੀਨ ਸਮਝਿਆ ਜਾਂਦਾ ਹੈ। ਪੱਛਮ ਦਾ ਮਨੁੱਖ ਦਾ ਸੰਕਲਪ ਕਈ ਤਰ੍ਹਾਂ ਦੀਆਂ ਅਲਹਿਦਗੀਆਂ ਆਧਾਰਿਤ ਹੈ। ਮਾਲਕ ਮਨੁੱਖ ਕੋਲ ਤਰਕ ਦੀ ਸ਼ਕਤੀ ਹੈ। ਇਸ ਸ਼ਕਤੀ ਰਾਹੀਂ ਉਹ ਕੁਦਰਤ, ਔਰਤਾਂ ਅਤੇ ਗੈਰ-ਪੱਛਮੀ ਲੋਕਾਂ ਨੂੰ ਆਪਣੇ ਅਧੀਨ ਕਰਦਾ ਹੈ। ਕੁਦਰਤ ਉੱਪਰ ਦਾਬੇ ਦੀ ਧਾਰਨਾ ਵਿਕਾਸ ਦੀ ਧਾਰਨਾ ਨੂੰ ਵੀ ਸਮੱਸਿਆਜਨਕ ਬਣਾ ਦਿੰਦੀ ਹੈ। ਤਰਕ ਨੂੰ ਸੱਭਿਆਚਾਰ ਦਾ ਆਧਾਰ ਦੱਸਿਆ ਜਾਂਦਾ ਹੈ ਅਤੇ ਭਾਵਨਾਵਾਂ ਨੂੰ ਕੁਦਰਤ ਅਤੇ ਔਰਤਾਂ ਨਾਲ ਜੋੜਿਆ ਜਾਂਦਾ ਹੈ। ਕੁਦਰਤ ਨੂੰ ਖਾਲੀ ਥਾਂ ਜਾਂ ਮਨੁੱਖ ਦੇ ਪਿਛੋਕੜ ਵਜੋਂ ਹੀ ਦੇਖਿਆ ਜਾਂਦਾ ਹੈ। ਸਵੈ ਅਤੇ ਦੂਜੇ ਦਾ ਦਵੈਤ, ਮਰਦ ਅਤੇ ਔਰਤ ਦਾ ਦਵੈਤ, ਕੁਦਰਤ ਅਤੇ ਸੱਭਿਆਚਾਰ ਦਾ ਦਵੈਤ, ਮਨ ਅਤੇ ਸਰੀਰ ਦਾ ਦਵੈਤ ਪੱਛਮੀ ਦਰਸ਼ਨ ਵਿਚ ਮਿਲਦੇ ਹਨ। ਇਹ ਦਵੈਤ ਲੁੱਟ ਜਾਂ ਧੌਂਸ ਨੂੰ ਕੁਦਰਤੀ ਬਣਾਉਂਦੀ ਹੈ।[1] ਭਾਈ ਵੀਰ ਸਿੰਘ ਇਸ ਵਿਚਾਰ ਦਾ ਵਿਰੋਧ ਭਾਰਤੀ ਦਰਸ਼ਨ ਅਤੇ ਗੁਰਬਾਣੀ ਦੇ ਦਰਸ਼ਨ ਨਾਲ ਕਰਦੇ ਹਨ। ਪੰਜਾਬ ਵਿਚ ਸਥਾਪਿਤ ਅੰਗਰੇਜੀ ਰਾਜ ਨਾਲ ਪੰਜਾਬ ਦੇ ਬਦਲਦੇ ਭੂ-ਦ੍ਰਿਸ਼ਾਂ ਅਤੇ ਕਦਰਾਂ-ਕੀਮਤਾਂ ਦੇ ਟਕਰਾਓ ਨੂੰ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਦੇਖਿਆ ਜਾ ਸਕਦਾ ਹੈ। ਉਸ ਸਮੇਂ ਨਹਿਰਾਂ ਕੱਢੀਆਂ ਜਾ ਰਹੀਆਂ ਸਨ। ਖੇਤੀ ਦਾ ਵਪਾਰੀਕਰਨ ਸ਼ੁਰੂ ਹੋ ਰਿਹਾ ਸੀ। ਜੰਗਲਾਂ ਨੂੰ ਕੱਟ ਕੇ ਖੇਤੀ ਲਈ ਜ਼ਮੀਨਾਂ ਆਬਾਦ ਕੀਤੀਆਂ ਜਾ ਰਹੀਆਂ ਸਨ। ਰਾਮਚੰਦਰ ਗੁਹਾ ਲਿਖਦਾ ਹੈ ਕਿ ਭਾਰਤੀ ਉਪ-ਮਹਾਂਦੀਪ ਦੇ





ਵਾਤਾਵਰਨ ਇਤਿਹਾਸ ਵਿਚ 1870-1900 ਈ. ਵਿਚਕਾਰਲਾ ਸਮਾਂ ਵਿਸ਼ੇਸ਼ ਦਖਲਅੰਦਾਜ਼ੀ ਵਾਲਾ ਅਤੇ ਸਿਖਰਲੇ ਸਾਮਰਾਜਵਾਦ ਦਾ ਯੁੱਗ ਸੀ, ਜਦੋਂ ਵਿਗਿਆਨ ਅਤੇ ਤਕਨੀਕੀ ਸਮਰੱਥਾ ਸਹਾਰੇ ਕੁਦਰਤ ਉੱਪਰ ਸੱਤਾ ਸਥਾਪਤ ਕਰਨ ਅਤੇ ਇਸਦੀ ਪੂਰੀ ਵਰਤੋਂ ਕਰਨ ਲਈ ਯਤਨ ਕੀਤੇ ਗਏ ਸਨ। ਇਹ ਕਾਲ ਸਾਂਝੇ ਜੰਗਲਾਂ, ਸਾਂਝੇ ਕੁਦਰਤੀ ਜਲ ਸਰੋਤਾਂ ਦੇ ਅਧਿਕਾਰਾਂ ਉੱਪਰ ਸਟੇਟ ਦਾ ਅਧਿਕਾਰ ਸਥਾਪਤ ਕਰਨ ਦਾ ਦੌਰ ਸੀ। ਇਸ ਦੌਰ ਵਿਚ ਹੀ ਸ਼ਹਿਰਾਂ ਦਾ ਪ੍ਰਦੂਸ਼ਣ ਵਧਣਾ ਸ਼ੁਰੂ ਹੁੰਦਾ ਹੈ ਅਤੇ ਮਹਾਂਮਾਰੀਆਂ ਫੈਲਦੀਆਂ ਹਨ।[2] ਭਾਈ ਵੀਰ ਸਿੰਘ ਦੀਆਂ ਕਈ ਕਵਿਤਾਵਾਂ ਵਿਚ ਕੁਦਰਤ ਦੇ ਸਾਂਝੇ ਸਾਧਨਾਂ, ਜੋ ਮਨੁੱਖਾਂ ਹੀ ਨਹੀਂ ਸਗੋਂ ਜੀਵ ਜੰਤੂਆਂ ਲਈ ਵੀ ਸਾਂਝੇ ਸਨ, ਨੂੰ ਵਪਾਰਕ ਮੰਤਵ ਲਈ ਵਰਤਣ ਬਾਰੇ ਵੇਰਵੇ ਪ੍ਰਾਪਤ ਹੁੰਦੇ ਹਨ। ਉਹਨਾਂ ਦੀ ਇਕ ਕਵਿਤਾ ਵਿਚ ਬਾਗ ਦੇ ਮਾਲੀ ਦੁਆਰਾ ਫੁੰਡੇ ਗਏ, ਮਰ ਰਹੇ ਤੋਤੇ ਅਤੇ ਮਾਲੀ ਦੇ ਸੰਵਾਦ ਤੋਂ ਉਸ ਬਸਤੀਵਾਦੀ ਦੌਰ ਵਿਚ ਦੋ ਵਿਰੋਧੀ ਕਦਰਾਂ-ਕੀਮਤਾਂ ਦੇ ਟਕਰਾਓ ਬਾਰੇ ਸੰਕੇਤ ਮਿਲਦੇ ਹਨ :

ਮੂਰਖ ਪੰਛੀਆ! ਕੁਝ ਨਾ ਖ਼ਬਰ ਤੈਨੂੰ / ਬਾਗ਼ ਆਦਮੀ ਵਾਸਤੇ ਲਾਂਵਦੇ ਹਾਂ
ਫਲ ਪੱਕਦੇ ਤੋੜ ਕੇ ਘੱਲਦੇ ਹਾਂ / ਮੰਡੀ ਸ਼ਹਿਰ ਦੇ ਵਿਚ ਪੁਚਾਂਵਦੇ ਹਾਂ
ਮੁੱਲ ਦੇਣ ਤੇ ਲੋਕ ਲੈ ਜਾਣ ਉੱਥੋਂ / ਅਸੀਂ ਥੱਕ ਕੇ ਟਕੇ ਕਮਾਂਵਦੇ ਹਾਂ
ਖ਼ਾਤਰ ਆਪਣੀ ਤੇ ਇਕ ਆਪਣੀ ਹੀ/ ਸੁਣ ਤੋਤਿਆ ਬਾਗ਼ ਲਗਾਂਵਦੇ ਹਾਂ।

ਮਾਲਕ ਰੱਬ ਨੇ ਜ਼ਿਮੀਂ ਏ ਰਚੀ ਸਾਰੀ /ਸੱਤਯਾ ਘੱਤ ਹਰਯਾਵਲਿ ਉਗਾਵਨੇ ਦੀ
ਦਿੱਤੀ ਸੱਤਿਆ ਏਸ ਹਰਿਆਵਲੀ ਨੂੰ / ਕੰਦ ਮੂਲ ਤੇ ਮੇਵਿਆਂ ਲਾਵਨੇ ਦੀ
ਜੀਵ ਜੰਤ ਉਪਾਏ ਇਸ ਧਰਤਿ ਉੱਤੇ/ ਦਿੱਤੀ ਖੁਲ੍ਹ ਫਲ ਮੂਲ ਖਾਵਨੇ ਦੀ
ਕਾਣੀ ਵੰਡ ਕਿਉਂ ਵੰਡਨੈ ਬਾਗ਼ਬਾਨਾਂ/ ਝੂਠੇ ਹੱਕ ਹਕੂਕ ਜਮਾਵਨੇ ਦੀ?[3]

ਇਸ ਕਵਿਤਾ ਤੋਂ ਜੰਗਲ ਕੱਟ ਕੇ ਵਪਾਰਕ ਫਸਲਾਂ ਉਗਾਉਣ ਦਾ ਪਤਾ ਲਗਦਾ ਹੈ, ਜਿਸਦਾ ਮੂਲ ਮੰਤਵ ਮੁਨਾਫ਼ਾ ਕਮਾਉਣਾ ਹੈ। ਇਸ ਕਵਿਤਾ ਵਿੱਚ ਨਵੀਂ ਕਿਸਮ ਦੀ ਇਹ 'ਅਕਲ' ਸਰਕਾਰ ਤੋਂ ਮਿਲੀ ਹੋਣ ਦਾ ਵੇਰਵਾ ਹੈ। ਇਹ ਨਵੀਂ ਕਿਸਮ ਦੀ 'ਅਕਲ' ਮਨੁੱਖ ਨੂੰ ਧਰਤੀ ਦਾ ਸਰਦਾਰ ਮੰਨਣ ਵਾਲੀ ਹੈ। ਇਹ ਮਾਨਵ-ਕੇਂਦਰਿਤ ਸੋਚ ਹੈ, ਜੋ ਉਸ ਪੱਛਮੀ ਗਿਆਨ ਵਿੱਚੋਂ ਆਈ ਹੈ, ਜੋ ਮੰਨਦਾ ਹੈ ਕਿ ਮਨੁੱਖ ਹੀ ਧਰਤੀ ਦਾ ਤਾਰਕਿਕ ਪ੍ਰਾਣੀ ਹੋਣ ਕਾਰਨ ਸਭ ਦਾ ਸਿਰਤਾਜ ਹੈ। ਇਸ ਕਵਿਤਾ ਵਿਚ ਈਕੋ-ਕੇਂਦਰਿਤ ਉਚਾਰ ਇਸ ਮਾਨਵ-ਕੇਂਦਰਿਤ ਬਸਤੀਵਾਦੀ ਵਿਚਾਰ ਨੂੰ ਰੱਦ ਕਰਦਾ ਹੈ ਕਿ ਜੇਕਰ ਤੂੰ ਕਾਇਨਾਤ ਦਾ ਸਰਦਾਰ ਹੈ ਤਾਂ ਤੇਰੇ ਵਿਚ ਵਿਤਕਰਾ ਨਹੀਂ ਹੋਣਾ ਚਾਹੀਦਾ। ਇਸ ਧਰਤੀ ਦੇ ਸਾਂਝੇ ਸਾਧਨਾਂ ਨੂੰ ਖ਼ਤਮ ਕਰਕੇ ਆਪਣੇ ਬਾਗ ਲਗਾਉਣ ਦਾ ਪ੍ਰਤੀਰੋਧ ਵੀ ਇਸ ਕਵਿਤਾ ਵਿਚ ਮਿਲਦਾ ਹੈ, ਜੋ ਉਸ ਸਮੇਂ ਬਹੁਤ ਵੱਡੇ ਪੱਧਰ ਤੇ ਵਾਪਰ ਰਿਹਾ ਸੀ ਜੋ ਅਚੇਤ ਹੀ ਭਾਈ ਸਾਹਬ ਦੀ ਕਵਿਤਾ ਵਿਚ ਆ ਜਾਂਦਾ ਹੈ :

ਮਾਲੀ ਚੁਰਾਏ ਬੂਟੇ/ ਬਨ ਤੋਂ ਸਵੈਬਾਗ਼ ਆਂਦੇ
ਬਨ ਨੂੰ ਉਜਾੜ ਉਪਬਨ / ਅਪਨਾ ਲਿਆ ਸਜਾਈ [4]

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਵਪਾਰਕ ਫਸਲਾਂ ਅਤੇ ਜੰਗਲਾਂ ਨੂੰ ਉਜਾੜਨ ਅਤੇ ਲੋਕਾਂ ਦੇ ਸਾਂਝੇ ਸੰਸਾਧਨਾਂ ਨੂੰ ਸਟੇਟ ਦੇ ਕੰਟਰੋਲ ਵਿਚ ਕਰਨ ਦਾ ਪ੍ਰਤੀਰੋਧ ਸਿਰਜ ਕੇ ਜ਼ਮੀਨ/ਧਰਤੀ ਦੇ ਉਚਾਰ ਰਾਹੀਂ ਇਸ ਬਸਤੀਵਾਦੀ ਮਨੁੱਖ-ਕੇਂਦਰਿਤ ਪ੍ਰਵਚਨ ਨੂੰ ਖਾਰਜ ਵੀ ਕੀਤਾ ਗਿਆ ਹੈ :

ਏਸ ਆਦਮੀਂ ਤੋਂ ਆਸ ਰੱਖ ਨਾਹੀਂ / ਕਰੂ ਪਿਆਰ ਤੇ ਹੁੱਬ ਵਰਤਾ ਵੀਰਾ
ਧਰਤੀ ਇਕ ਨੂੰ ਜਿੰਨ੍ਹੇ ਚਾ ਵੰਡਿਆ ਏ/ ਦੇਸ਼ ਦੇਸ਼ ਦੀ ਵੰਡ ਵੀਰਾ
ਫੇਰ ਦੇਸ਼ ਦੇ ਵਿਚ ਇਲਾਕਿਆਂ / ਫੇਰ ਪਿੰਡ ਤੇ ਜੂਹ ਜੁਦਾ ਵੀਰਾ
ਹੰਨੇ ਹੰਨੇ ਤੇ ਬੰਨੇ ਹਨ ਜਿੰਨ੍ਹੇ ਲਾਏ / 'ਮੈਂ' ਤੇ 'ਮੇਰੀ' ਦੀ ਟੱਕ ਲਗਾ ਵੀਰਾ
ਲੜਦੇ ਮਾਰਦੇ ਮਰਨ ਏ ਆਪ ਵਿੱਚੀਂ / ਲਹੂ ਵੀਟਦੇ ਵੀਰ ਵਿਰਾ ਵੀਰਾ
ਲਹੂ ਤੁਧ ਦਾ ਵੀਰਨਾ ਡਿੱਗ ਰਹਿਆ/ ਆਸੰ ਤੁੱਧ ਦੀ ਗਈ ਬਿਲਾ ਵੀਰਾ
ਤੇਰੇ ਜਿਹੇ ਮਜ਼ਲੂਮ ਅਨੰਤ ਮੋਏ/ ਮੇਰੇ ਜਿਗਰ ਵਿਚ ਕਬਰ ਅਮਾ ਵੀਰਾ
ਧਰਤੀ ਏਸ ਤੇ ਜ਼ੋਰ ਜਰਵਾਣਿਆਂ ਦਾ / ਕਾਹਦਾ ਹੱਕ ਤੇ ਕਾਹਦਾ ਏ ਨਿਆਂ ਵੀਰਾ
ਕੌਣ ਸਿਆਣਦਾ ਏ ਮੇਰੇ ਖੇੜਿਆਂ ਨੂੰ / ਕਿਸਨੂੰ ਚੜ੍ਹਦਾ ਹੈ ਵੇਖ ਕੇ ਚਾਉ ਵੀਰਾ
ਏਸ ਚਾਉ ਤੇ ਪਿਆਰ ਦੇ ਖੰਭ ਲਾਕੇ / ਉਡਦਾ ਕੌਣ ਹੈ ਅਰਸ਼ਾਂ 'ਚ ਜਾ ਵੀਰਾ।[5]

ਮਨੁੱਖ ਨੇ ਧਰਤੀ ਦੇ ਖੇੜੇ ਮਾਨਣੇ ਸਨ ਅਤੇ ਆਪਣੇ ਅਧਿਆਤਮਕ ਵਿਗਾਸ ਦੇ ਪੈਂਡੇ ਤੇ ਚੱਲਣਾ ਸੀ। ਇਸ ਸੌੜੀ ਵਿਗਿਆਨ ਅਤੇ ਤਕਨੀਕ ਜਿਸਨੂੰ ਭਾਈ ਵੀਰ ਸਿੰਘ ਆਪਣੀ ਕਵਿਤਾ ਵਿਚ ਵਾਰ ਵਾਰ ਅਕਲ ਜਾਂ ਬੁੱਧੀ ਮੰਡਲੇ ਦੀ ਕੈਦ ਆਖਦਾ ਹੈ, ਕਾਰਨ ਉਸਨੇ ਮਾਇਆ ਦੇ ਸਾਮਰਾਜ ਦਾ ਪੁਰਜਾ ਬਣਨਾ ਸਵੀਕਾਰ ਕਰ ਲਿਆ ਹੈ। ਉਸਨੇ ਕੁਦਰਤ ਵਲੋਂ ਆਪਣੀ ਪਿੱਠ ਮੋੜ ਲਈ ਹੈ। ਭਾਈ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਕੁਦਰਤ ਦੇ ਫੁੱਲ, ਰੁੱਖ ਅਤੇ ਸੁੰਦਰ ਦ੍ਰਿਸ਼ ਮਨੁੱਖ ਨੂੰ ਉਸਦੇ ਅਸਲ ਆਪੇ ਅਤੇ ਕੁਦਰਤੀ ਸੁਭਾਅ ਵੱਲ ਮੁੜਨ ਦੀ ਤਾਕੀਦ ਕਰਦੇ ਹਨ। 'ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ' ਕਵਿਤਾ ਵਿਚ ਭਾਵੇਂ ਭਾਈ ਸਾਹਿਬ ਮਨੁੱਖ ਦੀ ਸਰਦਾਰੀ ਨੂੰ ਤਾਂ ਸਵੀਕਾਰ ਕਰਦੇ ਹਨ ਪਰ ਇਹ ਸਰਦਾਰੀ ਤਰਕ ਆਧਾਰਿਤ ਨਹੀਂ ਹੈ ਸਗੋਂ ਕੁਦਰਤ ਦੀ ਸੁੰਦਰਤਾ ਨੂੰ ਮਾਨਣ ਵਾਲੇ ਰਾਹ ਵੱਲ ਹੀ ਮੋੜਦੀ ਹੈ। ਮਨੁੱਖ ਨੂੰ ਫੁੱਲਾਂ ਤੋਂ ਕੁਦਰਤੀ ਸੁਭਾਅ ਸਿੱਖਣ ਦੀ ਤਾਕੀਦ ਕੀਤੀ ਗਈ ਹੈ :

ਕੁਦਰਤ ਦੀ ਸਭ ਰਚਨਾ ਵਿੱਚੋਂ/ ਏਹ ਮਾਨੁਖ ਉੱਚ ਉਚਾਏ
ਪਰ ਇਸ ਅਕਲਾਂ ਵਾਲੇ ਸੁਹਣੇ/ ਹਨ ਖੇੜੇ ਹੁਣ ਵਿਸਰਾਏ
ਕਰੁਝਦੇ ਖਿਝਦੇ ਸੜਦੇ ਦਿਸਦੇ/ ਅਤੇ ਕੁਮਲਾਏ ਮੁਰਝਾਏ
ਹੈ ਸ੍ਰਦਾਰ ਏ ਕਾਇਨਾਤ ਦਾ / ਐਪਰ ਅਸਲੇ ਏਨ ਭੁਲਾਏ ।
ਤੁਸੀਂ ਖਰੇ ਤੇ ਭਲੇ ਭਲੇ ਹੋ/ ਰਹੇ ਅਸਲੇ ਟੇਕ ਟਿਕਾਏ
ਖਿੜੇ ਰਹੋਂ ਤੇ ਦਿਓ ਨਿਤ ਖੇੜਾ/ ਦਰਸ਼ਨ ਆ ਜੋ ਤੁਹਾਡਾ ਪਾਏ
ਪਿਆਰ ਤੁਹਾਡੇ ਤਦੇ ਕਵੀ ਜਨ/ ਜੀਓ ਰਹਿੰਦੇ ਸਦਾ ਲੁਭਾਏ।[6]

ਉਸ ਸਮੇਂ ਖੇਤੀ ਆਬਾਦ ਕਰਨ ਅਤੇ ਰੇਲਵੇ ਲਾਈਨਾਂ ਵਿਛਾਉਣ ਲਈ ਵੱਡੇ ਪੱਧਰ ਤੇ ਰੁੱਖਾਂ ਨੂੰ ਕੱਟ ਕੇ ਜੰਗਲਾਂ ਨੂੰ ਉਜਾੜਿਆ ਜਾ ਰਿਹਾ ਸੀ। ਇੰਗਲੈਂਡ ਦੀਆਂ ਸਮੁੰਦਰੀ-ਜਹਾਜੀ ਲੋੜਾਂ ਲਈ ਭਾਰਤੀ ਟੀਕ ਦੇ ਜੰਗਲਾਂ ਦੀ ਵਰਤੋਂ ਵੱਡੇ ਪੱਧਰ ਤੇ ਕੀਤੀ ਗਈ। ਪੱਛਮੀ ਪੰਜਾਬ ਦੀਆਂ ਬਾਰਾਂ ਆਬਾਦ ਕਰਨ ਵੇਲੇ ਕਿੱਕਰਾਂ ਅਤੇ ਝਾੜੀਨੁਮਾ ਰੁੱਖਾਂ ਨੂੰ ਕੱਟ ਕੇ ਲੱਖਾਂ ਏਕੜ ਜ਼ਮੀਨ ਵਾਹੀ ਹੇਠ ਲਿਆਂਦੀ ਗਈ। ਉਸ ਸਮੇਂ ਪੰਛੀਆਂ ਦੇ ਕੁਦਰਤੀ ਬਸੇਰੇ ਉਜਾੜੇ ਜਾ ਰਹੇ ਸਨ। ਭਾਈ ਵੀਰ ਸਿੰਘ ਦੀ ਹਮਦਰਦੀ ਇਹਨਾਂ ਪੰਛੀਆਂ ਜਾਨਵਰਾਂ ਅਤੇ





ਰੁੱਖਾਂ ਨਾਲ ਹੈ। ਉਨ੍ਹਾਂ ਦੀਆਂ 'ਬ੍ਰਿਛ' ਅਤੇ 'ਕਿੱਕਰ' ਕਵਿਤਾਵਾਂ ਵਿਚ ਅਜਿਹੇ ਉਜਾੜੇ ਵਿਰੁੱਧ ਸੰਕੇਤ ਮਿਲ ਜਾਂਦੇ ਹਨ :

ਧਰਤੀ ਦੇ ਹੇ ਤੰਗ ਦਿਲ ਲੋਕੋ/ ਨਾਲ ਅਸਾਂ ਕਿਉਂ ਲੜਦੇ ?
ਚੌੜੇ ਦਾਓ ਅਸਾਂ ਨਹੀਂ ਵਧਣਾ / ਸਿੱਧੇ ਜਾਣਾ ਚੜ੍ਹਦੇ;
ਘੇਰੇ ਤੇ ਫੈਲਾਓ ਅਸਾਡੇ / ਵਿਚ ਅਸਮਾਨਾਂ ਹੋਸਣ
ਗਿੱਠ ਥਾਓਂ ਧਰਤੀ ਤੇ ਮੱਲੀ / ਅਜੇ ਤੁਸੀਂ ਹੋ ਲੜਦੇ ?[7]
ਸਦੀਆਂ ਤੋਂ ਇਸਥਿਤ ਮੈਂ ਜੋਗੀ/ਸਦੀਆਂ ਇਵੇਂ ਟਿਕੀਵਾਂ
ਛੇੜਾਂ, ਛੇੜ ਕਰਾਵਾਂ ਨਾਹੀਂ /ਹਾਂ ਵਿਰਕਤ ਨਿਰਗੁਣੀਆ
ਮੇਰੇ ਜੋਗਾ ਵੀ ਤੈਂ ਪੱਲੇ/ ਹਾਇ ਕੁਹਾੜਾ ਦੁਨੀਆ।[8]

ਭਾਈ ਵੀਰ ਸਿੰਘ ਦੀ ਕਵਿਤਾ ਉੱਪਰ ਸਿਆਸੀ ਸਮਾਜਕ ਮਸਲਿਆਂ ਪ੍ਰਤੀ ਭਾਂਜਵਾਦੀ ਹੋਣ ਦਾ ਦੋਸ਼ ਪੰਜਾਬੀ ਆਲੋਚਕਾਂ ਵਜੋਂ ਲਗਾਇਆ ਜਾਂਦਾ ਹੈ। ਪਰ ਇਸ ਕਵਿਤਾ ਦਾ ਅਧਿਐਨ ਸਿੱਧ ਕਰਦਾ ਹੈ ਕਿ ਭਾਈ ਸਾਹਿਬ ਭਾਰਤੀ ਜੀਵਨ ਦ੍ਰਿਸ਼ਟੀ ਜੋ ਗੁਰਬਾਣੀ ਅਤੇ ਭਾਰਤੀ ਗਿਆਨ ਪਰੰਪਰਾ ਨੂੰ ਆਧਾਰ ਬਣਾ ਕੇ ਪੱਛਮੀ ਕਿਸਮ ਦੇ ਥੋਪੇ ਜਾ ਰਹੇ ਬਸਤੀਵਾਦ ਦੇ ਮਕਾਨਕੀ ਤਾਰਕਿਕ ਪ੍ਰਵਚਨ ਨੂੰ ਰੱਦ ਕਰ ਰਹੇ ਸਨ। ਭਾਈ ਸਾਹਬ ਦੀ ਕਵਿਤਾ ਵਿਚ ਵਾਰ-ਵਾਰ ਅਖੌਤੀ 'ਅਕਲ ਜਾਂ ਬੁੱਧੀ' ਦੇ ਪ੍ਰਵਚਨ ਨੂੰ ਨਕਾਰਿਆ ਮਿਲਦਾ ਹੈ, ਜੋ ਮਨੁੱਖ ਨੂੰ ਕੁਦਰਤ ਨਾਲੋਂ ਅਤੇ ਉਸਦੇ ਅਧਿਆਤਮਕ ਵਿਗਾਸ ਨਾਲੋਂ ਤੋੜ ਕੇ ਮੰਡੀ ਦੀ ਵਸਤੂ ਬਣਾਉਣ ਦਾ ਯਤਨ ਕਰਦਾ ਹੈ :

ਕਿਉਂ ਹੋਯਾ ਤੇ ਕੀਕੂੰ ਹੋਯਾ/ ਖਪ ਖਪ ਮਰੇ ਸਿਆਣੇ
ਓਸੇ ਰਾਹ ਪਵੇਂ ਕਿਉਂ ਜਿੰਦੇ/ ਜਿਸ ਰਾਹ ਪੂਰ ਮੁਹਾਣੇ
ਭਟਕਣ ਛੱਡ, ਲਟਕ ਲਾ ਇੱਕੋ/ ਖੀਵੀ ਹੋ ਸੁੱਖ ਮਾਣੀਂ
ਹੋਸ਼ਾਂ ਨਾਲੋਂ ਮਸਤੀ ਚੰਗੀ / ਰੱਖਦੀ ਸਦਾ ਟਿਕਾਣੇ।[9]
ਨਿੱਕੀ ਰਮਜ਼ ਅਕਲ ਦੀ ਮਾਰੇ/ ਹੋਰ ਨਾ ਕੁਝ ਦਿਖਾਵੇ
ਬਾਕੀ ਆਪਾ ਲੁਕਿਆ ਤੇਰਾ / ਸਾਨੂੰ ਨਾ ਦਿਸਿ ਆਵੇ
ਜਦੋਂ ਵਲਵਲੇ, ਸਿੱਕਾਂ, ਸੱਧ੍ਰਾਂ/ ਖਿੱਚਾਂ ਪੈਣ ਹਿਲਾਵਨ
ਕਸਕ ਕਸਕਦੀ ਟੁੰਬ ਝੰਝੋਲੇ/ ਹਿੱਲ ਹਿਰੋਲੇ ਆਵਨ
ਤਦੋਂ ਕਰਾਂ ਕੀ ਜਿੰਦੇ ਮੇਰੀ/ ਕਿੱਥੋਂ ਉਹ ਕੁਛ ਲਿਆਵਾਂ
ਜਿਸਦੇ ਨਾਲ ਅਪੂਰਨ ਹੋਈ/ ਤੈਨੂੰ ਭਰ ਦਿਖਲਾਵਾਂ।[10]

ਭਾਈ ਵੀਰ ਸਿੰਘ ਤਾਂ ਸਿਆਸੀ ਸਮਾਜਕ ਮਸਲਿਆਂ ਨੂੰ ਆਪਣੀ ਕਵਿਤਾ ਵਿਚ ਗੰਭੀਰਤਾ ਨਾਲ ਪੇਸ਼ ਕਰਦੇ ਹਨ। ਉਹ ਗ਼ੁਲਾਮੀ ਵਾਲੇ ਸ਼ਹਿਰੀ ਜੀਵਨ ਨੂੰ ਸੰਕੇਤ ਰੂਪ ਅਤੇ ਸਪੱਸ਼ਟ ਰੂਪ ਵਿਚ ਰੱਦ ਕਰਦੇ ਹਨ। ਉਹਨਾਂ ਸਾਹਮਣੇ ਦੋ ਤਰ੍ਹਾਂ ਦੇ ਜੀਵਨ ਵਿਚੋਂ ਚੋਣ ਕਰਨ ਦਾ ਸਵਾਲ ਹੈ। ਇਕ ਪਾਸੇ ਬਸਤੀਵਾਦੀ ਗੁਲਾਮੀ ਮੁਤਾਬਕ ਆਪਣੇ ਆਪ ਨੂੰ ਢਾਲ ਲੈਣਾ ਅਤੇ ਦੂਜਾ ਇਸ ਗ਼ੁਲਾਮੀ ਵਾਲੇ ਜੀਵਨ ਦਾ ਆਪਣੀ ਪਰੰਪਰਾ ਨੂੰ

ਆਧਾਰ ਬਣਾ ਕੇ ਬਦਲ ਚੁਣਨਾ। ਭਾਈ ਸਾਹਿਬ ਦੀਆਂ ਕਈ ਕਵਿਤਾਵਾਂ ਵਿਚ ਦੁੱਖਾਂ ਕਸ਼ਟਾਂ ਭਰੇ ਆਜ਼ਾਦੀ ਵਾਲੇ ਮਾਰਗ ਨੂੰ ਚੁਣਨ ਦੀ ਤਾਕੀਦ ਕੀਤੀ ਗਈ ਮਿਲਦੀ ਹੈ :

ਜੰਗਲ ਵਾਸਾ ਬੇਸ਼ਕ ਦੇਵੀਂ, /ਮਾੜੀ ਮਹਿਲ ਨਾ ਸ਼ਹਿਰ ਦਈਂ
ਤਨ ਦੀ ਕੱਜਣ ਖੁਸ਼ੀ ਮਿਲੇ ਪਰ/ ਖੁੱਲ੍ਹ ਕਦੇ ਨਾ ਖੱਸ ਲਈਂ।
ਪੇਟ ਭਰੇ ਚਹਿ ਊਣਾ ਰਹਿ ਜਏ/ ਖੁੱਲ ਨਾ ਸਾਡੀ ਕਦੇ ਮਰੇ। [11]
ਖੁੱਲ੍ਹ ਹਰਨ ਦੀ ਜਾਚ ਅਸਾਨੂੰ/ ਸਾਈਆਂ ਕਦੇ ਸਿਖਾਈ ਨਾ
ਪਸ਼ੂ ਅਸਾਂ ਨੂੰ ਚਾਹੇ ਰੱਖੀ, / ਮਾਨੁਖ ਕਦੇ ਬਨਾਵੀਂ ਨਾ
ਚਹੇ ਜੰਗਲੀਂ ਚਹੇ ਪਸ਼ੂ ਰੱਖ /ਦਾਨੇ ਚਾਹੇ ਬਨਾਵੀਂ ਨਾ
-ਖੁੱਲ੍ਹ ਵੇਚਣ-ਦੀ ਅਕਲ ਨਾ ਦੇਵੀਂ/ ਖੁੱਲ੍ਹ ਖੋਹਣ ਜਾਚ ਸਿਖਾਵੀਂ ਨਾ
ਖੁੱਲ ਰੱਖਣ ਦੀ ਗੈਰਤ ਦੇਵੀਂ / ਖੁੱਲ੍ਹ ਖੋਹਣੋ ਸ਼ਰਮ ਦਿਖਾਵੀਂ ਤੂੰ [12]

ਭਾਈ ਵੀਰ ਪੰਜਾਬੀ ਦਾ ਪਹਿਲਾ ਕਵੀ ਹੈ ਜੋ ਪੱਛਮੀ ਕਿਸਮ ਦੀ ਤਰਜ਼ੇ-ਜ਼ਿੰਦਗੀ ਨੂੰ ਭਾਰਤੀ ਗਿਆਨ ਪਰੰਪਰਾ ਦੀ ਸਾਣ ਤੇ ਲਗਾ ਕੇ ਪਰਖ ਰਿਹਾ ਹੈ। ਪੱਛਮੀ ਕਿਸਮ ਦਾ ਗਿਆਨ ਮਾਇਆ ਅਤੇ ਤਰੱਕੀ ਦੀ ਸੀਮਿਤ ਧਾਰਨਾ ਨੂੰ ਪ੍ਰਣਾਇਆ ਬੌਧਿਕ ਅਮਲ ਹੈ, ਜੋ ਦਵੈਤਵਾਦੀ ਅਤੇ ਮਕਾਨਕੀ ਨਿਖੇੜਵਾਦੀ ਹੈ ਅਤੇ ਮਨੁੱਖੀ ਜੀਵਨ ਨੂੰ ਉਸਦੀ ਸਮੁੱਚਤਾ ਨਾਲੋਂ ਤੋੜ ਕੇ ਇਕ ਸੀਮਤ ਢਾਂਚੇ ਵਿਚ ਢਾਲਦਾ ਹੈ। ਇਸ ਨਾਲ ਜੀਵਨ ਦੀ ਕੁਦਰਤ ਅਤੇ ਕੁਦਰਤ ਦੀ ਵਿਸ਼ਾਲਤਾ ਵਿਚੋਂ ਪਰਮ ਆਨੰਦ ਪ੍ਰਾਪਤ ਕਰਨ ਦੀ ਲੈਅ ਟੁੱਟ ਜਾਂਦੀ ਹੈ। ਮਨੁੱਖੀ ਜੀਵਨ ਮਕਾਨਕੀ ਬਣ ਜਾਂਦਾ ਹੈ ਅਤੇ ਆਪਣੀ ਅਸਲੀ ਚੂਲ ਤੋਂ ਹਿੱਲ ਜਾਂਦਾ ਹੈ। ਭਾਈ ਵੀਰ ਸਿੰਘ ਅਜਿਹੀ ਅਕਲ ਅਤੇ ਬੁੱਧੀ ਮੰਡਲੇ ਦੀ ਕੈਦ ਦਾ ਬਦਲ ਵਲਵਲੇ ਦੇ ਦੇਸ਼ ਵਾਲੀ ਪੂਰਬੀ ਦਰਸ਼ਨ ਦੀ ਪਰੰਪਰਾ ਵਿਚ ਦੇਖਦਾ ਹੈ :

ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਅੰਦਰ
ਵਲਵਲੇ ਦੇ ਦੇਸ ਸਾਡੀਆਂ ਲੱਗ ਗਈਆ ਯਾਰੀਆਂ।[13]

ਪੰਜਾਬੀ/ਭਾਰਤੀ ਮਨੁੱਖ ਅਤੇ ਉਸਦੀ ਜੀਵਨ-ਜਾਚ ਕੁਦਰਤ ਦੀ ਵਰਤੋਂ ਕਰਨ ਵੇਲੇ ਉਸਦੀ ਧੰਨਵਾਦੀ ਹੁੰਦੀ ਸੀ। ਪੰਜਾਬੀ ਰਸਮਾਂ-ਰਿਵਾਜਾਂ ਅਤੇ ਜੀਵਨ-ਜਾਚ ਵਿਚ ਕੁਦਰਤ ਦਾ ਧੰਨਵਾਦ ਕਰਨ ਦੀ ਬਿਰਤੀ ਮਿਲਦੀ ਸੀ ਜੋ ਪੱਛਮੀ ਪ੍ਰਭਾਵ ਹੇਠ ਕੁਦਰਤ ਨੂੰ ਆਪਣੇ ਕਾਬੂ ਕਰਨ ਦੇ ਰਾਹ ਵੱਲ ਮੋੜਾ ਕੱਟਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿਚ ਇਸ ਵਾਪਰ ਰਹੀ ਤਬਦੀਲੀ ਅਤੇ ਅਤੇ ਇਸਦੇ ਸਿੱਟੇ ਵਜੋਂ ਪੈਦਾ ਹੋ ਰਹੇ ਤਣਾਓ ਨੂੰ ਪੇਸ਼ ਕੀਤਾ ਗਿਆ ਹੈ। ਭਾਈ ਵੀਰ ਸਿੰਘ ਭਾਰਤੀ ਗਿਆਨ ਪਰੰਪਰਾ ਅਤੇ ਵਲਵਲੇ ਦੇ ਦੇਸ਼ ਵੱਲ ਖੜਦਾ ਹੈ। ਉਹ ਮਕਾਨਕੀ ਤਰਕ ਨੂੰ ਬੁੱਧੀ ਮੰਡਲੇ ਦੀ ਕੈਦ ਦੇ ਰੂਪ ਵਿਚ ਦੇਖਦਾ ਹੈ। ਪੰਜਾਬੀ ਆਲੋਚਕਾਂ ਨੂੰ ਭਾਈ ਸਾਹਬ ਦਾ ਕੁਦਰਤ ਪ੍ਰਤੀ ਪਿਆਰ ਵੀ ਭਾਂਜਵਾਦ ਜਾਪਦਾ ਹੈ। ਜਦਕਿ ਉਹ ਕੁਦਰਤ ਦੀ ਸੁੰਦਰਤਾ ਅਤੇ ਮਨੁੱਖ ਸਿਰਜਿਤ ਸੁੰਦਰਤਾ, ਦੋਵਾਂ ਦੇ ਪੁਜਾਰੀ ਸਨ। ਜੇਕਰ ਉਹਨਾਂ ਨੂੰ ਕਸ਼ਮੀਰ ਦੇ ਦ੍ਰਿਸ਼, ਝੀਲਾਂ, ਝਰਨਿਆਂ, ਬ੍ਰਿਛਾਂ, ਪਹਾੜਾਂ ਦੀ ਸੁੰਦਰਤਾ ਖਿੱਚ ਪਾਉਂਦੀ ਹੈ ਤਾਂ ਉਹ ਮਨੁੱਖ ਸਿਰਜਤ ਕੁਤਬ ਦੀ ਲਾਠ ਅਤੇ ਢਹਿ ਢੇਰੀ ਕਰ ਦਿੱਤੇ ਆਵੰਤੀਪੁਰੇ ਦੇ ਮੰਦਰਾਂ ਦੇ ਖੰਡਰ ਵੇਖ ਕੇ ਵੀ ਵਿਆਕੁਲ ਹੋ ਉੱਠਦਾ ਹੈ। ਉਸਦੇ ਲਈ ਮਨੁੱਖੀ ਕਲਾ ਧਰਮਾਂ ਫਿਰਕਿਆਂ ਦੇ ਵਖਰੇਵੇਂ ਤੋਂ ਪਾਰ ਦੀ ਸ਼ੈਅ ਹੈ। ਭਾਈ ਵੀਰ ਸਿੰਘ ਮਜ਼ਹਬੀ ਕੱਟੜਤਾ ਕਾਰਨ ਮਨੁੱਖੀ ਸਿਰਜਣਾ ਨੂੰ ਨਸ਼ਟ ਕਰਨ ਵਾਲੇ ਲੋਕਾਂ





ਨੂੰ ਕਟਹਿਰੇ ਵਿਚ ਖੜ੍ਹੇ ਕਰਦਾ ਹੈ। ਇਹ ਕਵਿਤਾਵਾਂ ਉਹਨਾਂ ਨੂੰ ਉਸ ਵੇਲੇ ਦੀਆਂ ਧਾਰਮਿਕ ਲਹਿਰਾਂ ਦੇ ਚੌਖਟੇ ਤੱਕ ਸੀਮਤ ਕਰਕੇ ਦੇਖਣ ਬਾਰੇ ਵੀ ਸਾਡੇ ਆਲੋਚਕਾਂ ਦੀ ਸੀਮਤਾਈ ਤੇ ਸਵਾਲ ਖੜ੍ਹੇ ਕਰਦੀਆਂ ਹਨ। ਭਾਈ ਵੀਰ ਸਿੰਘ ਦੀਆਂ ਇਹਨਾਂ ਕਵਿਤਾਵਾਂ ਨੂੰ ਅੱਜ ਦੇ ਸੰਪ੍ਰਦਾਇਕ ਮਾਹੌਲ ਵਿਚ ਪੜ੍ਹਨ ਤੇ ਉਹਨਾਂ ਦੀ ਉਦਾਰਤਾ ਦੇ ਦਰਸ਼ਨ ਹੁੰਦੇ ਹਨ। ਉਹ ਤਾਂ ਬਸਤੀਵਾਦੀ ਦੌਰ ਵਿਚ ਸੱਭਿਆਚਾਰਕ ਸਾਂਝ ਦੀ ਤਲਾਸ਼ ਕਰਦੇ ਜਾਪਦੇ ਹਨ।

ਕੁਤਬ ਨਾਮ ਤੋਂ ਸੈਮਟਿਕ ਜਾਪੇਂ / ਲਾਠ ਨਾਮ ਤੋਂ ਹਿੰਦੂ
ਪਰ ਸਾਨੂੰ ਤੂੰ ਸਾਂਝਾ ਦਿੱਸੇਂ / ਹਿੰਦ ਗਗਨ ਦਾ ਇੰਦੂ।[14]

ਭਾਈ ਵੀਰ ਸਿੰਘ ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਸਨੇ ਕੁਦਰਤ ਵੀ ਦੂਰ ਕਸ਼ਮੀਰ ਦੀ ਪੇਸ਼ ਕੀਤੀ ਹੈ। ਉਸਦੀ ਕਵਿਤਾ ਵਿਚ ਪੇਸ਼ ਹੋਈ ਪ੍ਰਕਿਰਤੀ ਨੂੰ ਪੱਛਮੀ ਸਾਹਿਤਕਾਰਾਂ ਖਾਸ ਕਰਕੇ ਵਰਡਜ਼ਵਰਥ ਦੇ ਪ੍ਰਭਾਵ ਦਾ ਸਿੱਟਾ ਦੱਸਿਆ ਗਿਆ ਹੈ। ਭਾਈ ਵੀਰ ਸਿੰਘ ਦਾ ਕੁਦਰਤ ਦਾ ਭ੍ਰਮਣ ਬਹੁਤ ਵਿਸ਼ਾਲ ਹੈ। ਭਾਵੇਂ ਉਸਦੀ ਕਵਿਤਾ ਵਿਚ ਕਸ਼ਮੀਰ ਵਾਦੀ ਦੀਆਂ ਝੀਲਾਂ, ਝਰਨਿਆਂ, ਉੱਤਰੀ ਭਾਰਤ ਦੇ ਬਹੁਤ ਸਾਰੇ ਪਹਾੜੀ ਖੇਤਰਾਂ, ਗੰਗਾ ਜਮੁਨਾ ਵਰਗੀਆਂ ਨਦੀਆਂ ਜੋ ਪੰਜਾਬ ਤੋਂ ਬਾਹਰ ਹਨ, ਦਾ ਜ਼ਿਕਰ ਆਮ ਹੀ ਮਿਲਦਾ ਹੈ ਪਰ ਨਾਲ ਹੀ ਉਹਨਾਂ ਦੀ ਕਵਿਤਾ ਵਿੱਚ ਪੰਜਾਬ ਦੇ ਰਵਾਇਤੀ ਰੁੱਖਾਂ ਕਿੱਕਰਾਂ, ਟਾਹਲੀਆਂ ਅਤੇ ਉਸ ਸਮੇਂ ਪੰਜਾਬ ਵਿਚ ਮਿਲਦੇ ਫੁੱਲਾਂ ਅਤੇ ਰੁੱਖਾਂ ਦਾ ਵੇਰਵਾ ਮਿਲਦਾ ਹੈ, ਜੋ ਆਬਾਦਕਾਰੀ/ਨਹਿਰੀਕਰਨ ਅਤੇ ਹਰੀ ਕ੍ਰਾਂਤੀ ਪਿੱਛੋਂ ਪੰਜਾਬ ਵਿਚੋਂ ਦੁਰਲੱਭ ਹੋ ਗਏ ਹਨ। ਇਸ ਤਰ੍ਹਾਂ ਭਾਈ ਵੀਰ ਸਿੰਘ ਉਪਰ ਲਾਏ ਦੋਸ਼ ਬੇਬੁਨਿਆਦੀ ਅਤੇ ਕਿਸੇ ਖਾਸ ਵਿਚਾਰਧਾਰਕ ਚੌਖਟੇ ਵਿਚ ਫਿੱਟ ਨਾ ਹੋਣ ਕਾਰਨ ਲਾਏ ਜਾਪਦੇ ਹਨ।

ਭਾਈ ਵੀਰ ਸਿੰਘ ਮਨੁੱਖ, ਕੁਦਰਤ ਅਤੇ ਕਾਦਰ ਵਿਚ ਕੋਈ ਦਵੈਤ ਪੈਦਾ ਨਾ ਕਰਨ ਕਾਰਨ ਪੂਰਬੀ ਦਰਸ਼ਨ ਵਾਲੀ ਈਕੋ-ਚੇਤਨਾ ਦੇ ਧਾਰਨੀ ਕਵੀ ਹਨ। ਉਨ੍ਹਾਂ ਦੀ ਕਵਿਤਾ ਵਿਚ ਗੈਰ-ਮਨੁੱਖਾਂ ਪਸ਼ੂ ਪੰਛੀਆਂ ਅਤੇ ਰੁੱਖਾਂ ਦਾ ਹਾਂ-ਮੁਖੀ ਉਚਾਰ ਮਿਲਦਾ ਹੈ। ਪਰ ਫਿਰ ਵੀ ਉਹਨਾਂ ਦੀਆਂ ਕੁੱਝ ਕਵਿਤਾਵਾਂ ਵਿਚ ਨਾਂਹ-ਮੁੱਖੀ ਪੂਰਵ-ਧਾਰਨਾਵਾਂ ਵੀ ਮਿਲ ਜਾਂਦੀਆਂ ਹਨ, ਜਿੰਨ੍ਹਾਂ ਦੀ ਈਕੋ-ਆਲੋਚਨਾਂ ਦੀਆਂ ਸਮਕਾਲੀ ਧਾਰਨਾਵਾਂ ਅਨੁਸਾਰ ਵਿਰਚਨਾ ਕਰਨੀ ਲਾਜ਼ਮੀ ਹੈ। ਬਿਸਮਿਲ ਮੋਰ ਅਤੇ ਬੁਲਬੁਲ ਤੇ ਰਾਹੀ ਕਵਿਤਾਵਾਂ ਵਿਚ ਇਹ ਧਾਰਨਾਵਾਂ ਦੇਖੀਆਂ ਜਾ ਸਕਦੀਆ ਹਨ। ਬੁਲਬੁਲ ਅਤੇ ਰਾਹੀ ਕਵਿਤਾ ਵਿਚ ਬਹੁਤ ਸਾਰੇ ਈਕੋ-ਕਵਿਤਾ ਵਾਲੇ ਲੱਛਣ ਹੋਣ ਦੇ ਬਾਵਜੂਦ ਅਖੀਰ ਵਿਚ ਮਨੁੱਖ ਦੇ ਸੱਤਾ ਅਧੀਨ ਹੋਣ ਦੀ ਸੱਚਾਈ ਨੂੰ ਅਧਿਆਤਮਕਤਾ ਨਾਲ ਰਲਗੱਡ ਕਰ ਦਿੱਤਾ ਗਿਆ ਹੈ। ਭਾਈ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਪਸ਼ੂ ਪੰਛੀਆਂ ਅਤੇ ਕੁਦਰਤ ਬਾਰੇ ਹਾਂ-ਪੱਖੀ ਨਜ਼ਰੀਆ ਹੈ ਪਰ 'ਬਿਸਮਿਲ ਮੋਰ' ਕਵਿਤਾ ਵਿਚ ਸੱਪ ਅਤੇ ਬਿੱਛੂ ਬਾਰੇ ਮਾਨਵ ਕੇਂਦਰਿਤ ਨਜ਼ਰੀਏ ਤੋਂ ਨਾਂਹ-ਪੱਖੀ ਉਚਾਰ ਵੀ ਮਿਲਦੇ ਹਨ। ਕੁੱਝ ਕਵਿਤਾਵਾਂ ਵਿਚ ਕੁਦਰਤ ਦਾ ਮਾਨਵੀਕਰਨ ਕਰਕੇ, ਕੁਦਰਤੀ ਵਰਤਾਰਿਆਂ ਨੂੰ ਮਹਾਂਪੁਰਸ਼ਾਂ ਦੇ ਹੁਕਮ ਵਿਚ ਵਿਚਰਦੇ ਦਰਸਾਇਆ ਗਿਆ ਹੈ।

ਭਾਈ ਵੀਰ ਸਿੰਘ ਦੀਆਂ ਕੁੱਝ ਕੁ ਕਵਿਤਾਵਾਂ ਨੂੰ ਛੱਡ ਕੇ ਬਹੁਤੀ ਕਵਿਤਾ ਦਾ ਉਚਾਰ ਨਾਅਰੇ ਵਾਲੀ ਬਿਰਤੀ ਤੋਂ ਮੁਕਤ ਹੈ। ਉਹਨਾਂ ਦੀ ਕਵਿਤਾ ਜੀਵਨ ਨੂੰ ਇਕਹਿਰੇ ਰੂਪ ਵਿਚ ਪਰਿਭਾਸ਼ਤ ਨਹੀਂ ਕਰਦੀ ਅਤੇ ਨਾ ਹੀ ਉਹਨਾਂ ਦੀ ਕਵਿਤਾ ਕਿਸੇ ਮਸਲੇ ਨੂੰ ਸਿੱਧੇ ਸਪਾਟ ਰੂਪ ਵਿਚ ਪੇਸ਼ ਕਰਦੀ ਹੈ ਇਹ ਕਵਿਤਾ ਜੀਵਨ ਨੂੰ ਇਸਦੀ ਸਮੁੱਚਤਾ ਵਿਚ ਪੇਸ਼ ਕਰਦੀ ਹੈ। ਇਸ ਵਿੱਚੋਂ ਪੰਜਾਬੀ ਜਨ-ਜੀਵਨ ਦੇ ਬਦਲ ਰਹੇ ਆਰਥਿਕ ਅਤੇ ਵਾਤਾਰਣਿਕ ਦ੍ਰਿਸ਼ ਅਤੇ ਉਸ ਸਮੇਂ ਦੀ ਬਸਤੀਵਾਦੀ ਸਿਆਸਤ ਦੀ ਗ਼ੁਲਾਮੀ ਦਾ ਪ੍ਰਤੀਰੋਧ ਤੇ ਮਨੁੱਖੀ ਹੋਂਦ ਦੇ ਕੁਦਰਤੀ ਅਤੇ ਅਧਿਆਤਮਕ ਸਰੋਕਾਰਾਂ ਨੂੰ ਸਮੁੱਚਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਨੂੰ ਸਮਝਣ ਲਈ ਆਧੁਨਿਕਤਾ ਦੀ

ਪੱਛਮੀ ਦ੍ਰਿਸ਼ਟੀ ਦੀ ਬਜਾਇ ਭਾਰਤੀ ਗਿਆਨ ਪਰੰਪਰਾ ਦੀ ਦ੍ਰਿਸ਼ਟੀ ਨੂੰ ਪੱਛਮ ਦੀਆਂ ਨਵੀਆਂ ਵਿਕਸਿਤ ਹੋਈਆਂ ਵਿਧੀਆਂ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ ਅਤੇ ਇਸ ਕਵਿਤਾ ਦੀ ਸਮਕਾਲ ਦੀਆਂ ਪ੍ਰਸਥਿਤੀਆ ਵਿਚ ਪ੍ਰਸੰਗਿਕਤਾ ਨਿਰਧਾਰਤ ਕੀਤੀ ਜਾ ਸਕਦੀ ਹੈ।

0-0-0

**ਹਵਾਲੇ** :


1. Val Plumwood, ***Feminism and Mastery of Nature***,1993
2. David Arnold & Ramchandra Guha, ***Nature, Culture & Imperialism*** (Essays on Environmental History of South Asia), Oxford University Press, New Delhi, 1996 p.12
3. **ਭਾਈ ਵੀਰ ਸਿੰਘ ਰਚਨਾਵਲੀ** (ਜਿਲਦ ਪਹਿਲੀ ਕਵਿਤਾ), ਭਾਸ਼ਾ ਵਿਭਾਗ ਪੰਜਾਬ, ਚੌਥੀ ਵਾਰ 2011 ਪੰਨਾ ਨੰ. 63
4. ਉਹੀ ਪੰਨਾ ਨੰ. 52
5. ਉਹੀ ਪੰਨਾ ਨੰ. 63-64
6. ਉਹੀ ਪੰਨਾ ਨੰ. 39
7. ਉਹੀ ਪੰਨਾ ਨੰ. 27
8. ਉਹੀ ਪੰਨਾ ਨੰ. 37
9. ਉਹੀ ਪੰਨਾ ਨੰ. 24
10. ਉਹੀ ਪੰਨਾ ਨੰ. 31
11. ਉਹੀ ਪੰਨਾ ਨੰ. 107
12. ਉਹੀ ਪੰਨਾ ਨੰ. 108
13. ਉਹੀ ਪੰਨਾ ਨੰ. 88
14. ਉਹੀ ਪੰਨਾ ਨੰ. 98



ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ (ਯੂਸੋਲ),
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਮੋਬਾਇਲ : 98762-25201






# ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਜੀਵਨ ਦਰਸ਼ਨ

ਡਾ. ਪਵਨ ਕੁਮਾਰ

ਸਾਹਿਤਕਾਰ ਦਾ ਸਭ ਤੋਂ ਪਹਿਲਾ ਫ਼ਰਜ਼ ਆਪਣੇ ਸਮਾਜ ਨਾਲ ਮਾਨਵੀ ਸਰੋਕਾਰ ਰੱਖਣਾ ਹੁੰਦਾ ਹੈ। ਇਹਨਾਂ ਸਰੋਕਾਰਾਂ ਵਿਚ ਲੇਖਕ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਸੰਬੰਧੀ ਆਪਣੇ ਪ੍ਰਤੀਕਰਮ ਜ਼ਾਹਿਰ ਕਰਦਾ ਹੈ। ਇਹ ਪ੍ਰਤੀਕਰਮ ਹੀ ਉਸਦੀ ਮਾਨਵੀ ਸੰਵੇਦਨਾ, ਵਿਚਾਰਧਾਰਾ ਅਤੇ ਜੀਵਨ ਦਰਸ਼ਨ ਪਛਾਣ ਦੇ ਪ੍ਰਮਾਣ ਹੁੰਦੇ ਹਨ। ਜੇਕਰ ਭਾਈ ਵੀਰ ਸਿੰਘ ਬਾਰੇ ਵਿਚਾਰ ਕਰੀਏ ਤਾਂ ਉਹਨਾਂ ਦੀ ਕਵਿਤਾ ਵਿਚ ਜੀਵਨ ਦਰਸ਼ਨ ਦੇ ਵਿਭਿੰਨ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਭਾਈ ਵੀਰ ਸਿੰਘ ਦੀ ਕਵਿਤਾ ਦੇ ਇਹਨਾਂ ਪਾਸਾਰਾਂ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਉਹਨਾਂ ਦੇ ਸਾਹਿਤਕ ਸਫ਼ਰ ਸੰਬੰਧੀ ਸੰਖੇਪ ਵੇਰਵੇ ਦੇਣੇ ਜ਼ਰੂਰੀ ਹਨ। ਭਾਈ ਵੀਰ ਸਿੰਘ ਨੇ ਸਾਹਿਤ ਸਿਰਜਣਾ ਅਤੇ ਸੰਪਾਦਨਾ ਵਿਚ ਵਿਸ਼ੇਸ਼ ਕਾਰਜ ਕੀਤਾ। ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚੋਂ ਰਾਣਾ ਸੂਰਤ ਸਿੰਘ (1904), ਲਹਿਰਾਂ ਦੇ ਹਾਰ (1921), ਮਟਕ ਹੁਲਾਰੇ (1923), ਬਿਜਲੀਆਂ ਦੇ ਹਾਰ (1929), ਪ੍ਰੀਤ ਵੀਣਾ (1929), ਕੰਬਦੀ ਕਲਾਈ (1933), ਲਹਿਰ ਹੁਲਾਰੇ (1921) ਬਾਰਾਂ ਮਾਹ ਕੰਤ ਮਹੇਲੀ (1952) ਮੇਰੇ ਸਾਈਆਂ ਜੀਓ (1953) ਆਦਿ ਰਚਨਾਵਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਉਹਨਾਂ ਨਾਵਲ, ਨਾਟਕ, ਵਾਰਤਕ ਆਦਿ ਸਾਹਿਤ ਰੂਪਾਂ ਵਿਚ ਸਿਰਜਣਾ ਕੀਤੀ। ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਅਤੇ ਸੋਚ ਦਾ ਇਹ ਵਡੇਰਾ ਪੱਖ ਸੀ ਕਿ ਉਹਨਾਂ ਨੇ ਆਪਣੇ ਸਮਕਾਲੀ ਸਾਹਿਤਕਾਰਾਂ ਨੂੰ ਸਾਹਿਤ ਸਿਰਜਣਾ ਲਈ ਪ੍ਰੇਰਿਤ ਕੀਤਾ ਅਤੇ ਪੰਜਾਬੀ ਸਾਹਿਤ ਦੇ ਪਾਸਾਰ ਲਈ 'ਵਜ਼ੀਰ ਹਿੰਦ ਪ੍ਰੈਸ' ਲਗਾਈ। ਉਹਨਾਂ ਪੰਜਾਬੀ ਵਿੱਚ ਮੌਲਿਕ ਸਾਹਿਤ ਸਿਰਜਣਾ ਨੂੰ ਉਤਸਾਹਿਤ ਕਰਨ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਅਨੁਵਾਦ ਕਰਵਾਉਣ ਦਾ ਕਾਰਜ ਵੀ ਕੀਤਾ।

ਸਾਹਿਤ ਕਾਰਜ ਵਿਚ ਅਜਿਹੀ ਪ੍ਰਤਿਬੱਧਤਾ ਕਾਰਨ ਭਾਵੇਂ ਭਾਈ ਵੀਰ ਸਿੰਘ ਸੰਬੰਧੀ ਬਹੁਤ ਚਰਚਾ ਹੋ ਚੁੱਕੀ ਹੈ ਪਰ ਉਸਦੀ ਕਾਵਿ ਪ੍ਰਤਿਭਾ ਦੇ ਵਿਲੱਖਣ ਪੱਖਾਂ ਕਾਰਨ ਉਸਦੀ ਕਵਿਤਾ ਬਾਰੇ ਅਜੇ ਹੋਰ ਚਰਚਾ ਹੋਣੀ ਬਾਕੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਜੀਵਨ ਦਰਸ਼ਨ ਦੀਆਂ ਵਿਭਿੰਨ ਪਰਤਾਂ ਦੀ ਤਲਾਸ਼ ਕਰਨ ਲੱਗੇ ਉਹਨਾਂ ਦੀ ਸ਼ਖ਼ਸੀਅਤ ਸੰਬੰਧੀ ਅਨੇਕਾਂ ਸਵਾਲ ਉਜਾਗਰ ਹੁੰਦੇ ਹਨ। ਇਸ ਦਾ ਇਕ ਕਾਰਨ ਇਹ ਹੈ ਕਿ ਕੋਈ ਵੀ ਲਿਖਤ, ਲੇਖਕ ਤੋਂ ਵੱਖਰੀ ਨਹੀਂ ਹੁੰਦੀ। ਇਸ ਕਰਕੇ ਲਿਖਤ ਜ਼ਰੀਏ ਲੇਖਕ ਦੀ ਵਿਚਾਰਧਾਰਾ ਦੇ ਵੱਖ-ਵੱਖ ਪੱਧਰਾਂ ਦੀ ਪਛਾਣ ਹੁੰਦੀ ਹੈ। ਦੂਜਾ ਇਸ ਅਧਿਐਨ ਨਾਲ ਸਾਹਿਤਕਾਰ ਦੀ ਸੁਹਜਾਤਮਕਤਾ ਅਤੇ ਮੂਲ ਧਾਰਨਾਵਾਂ ਨੂੰ ਸਮਝਣ ਵਿੱਚ ਸਹਾਇਤਾ ਮਿਲਦੀ ਹੈ। ਭਾਈ ਵੀਰ ਸਿੰਘ ਸੰਬੰਧੀ ਇਸ ਚਰਚਾ ਨੂੰ ਹੋਰ ਵਸੀਹ ਘੇਰੇ ਵਿੱਚ ਦੇਖੀਏ ਤਾਂ ਉਹ ਨਾ ਸਿਰਫ਼ ਆਪਣੇ ਸਮਕਾਲੀ ਹਾਲਾਤਾਂ ਨੂੰ ਗੰਭੀਰਤਾ ਨਾਲ ਦੇਖਦਾ ਹੈ ਸਗੋਂ ਇਹਨਾਂ ਸਥਿਤੀਆਂ ਸੰਬੰਧੀ ਆਪਣੇ ਨਵੇਂ ਵਿਚਾਰਧਾਰਕ ਮਾਡਲ ਦਾ ਪ੍ਰਗਟਾਵਾ ਕਰਦਾ ਹੈ। ਇਥੇ ਨਵਾਂ ਸ਼ਬਦ ਇਸ ਕਾਰਨ ਵਰਤਿਆ ਗਿਆ ਹੈ ਕਿਉਂਕਿ ਅਜਿਹਾ ਕਰਦੇ ਹੋਏ ਉਹ ਸਮੁੱਚੇ ਆਧੁਨਿਕ ਪੰਜਾਬੀ ਸਾਹਿਤ ਅਤੇ ਸਾਹਿਤਕ ਦ੍ਰਿਸ਼ਟੀ ਦਾ ਮੁਹਾਣ ਬਦਲਕੇ ਰੱਖ ਦਿੰਦਾ ਹੈ। ਇਹ ਉਸਦੀ ਵੱਡਮੁੱਲੀ ਸ਼ਖ਼ਸੀਅਤ ਦਾ ਪ੍ਰਭਾਵ ਸੀ ਕਿ ਪ੍ਰੋ. ਪੂਰਨ ਸਿੰਘ ਵਰਗੇ ਵੱਡੇ ਕਵੀ ਉਸਦੇ ਵਿਚਾਰਾਂ ਤੋਂ ਮੁਤਾਸਿਰ ਹੋ ਕਿ ਸਿੱਖ ਮੱਤ ਪ੍ਰਤੀ ਡੂੰਘੀ ਰੁਚੀ ਰੱਖਣ ਲੱਗ ਪਏ ਸਨ। ਇਸ ਪ੍ਰਸੰਗ ਵਿੱਚ ਭਾਈ ਵੀਰ ਸਿੰਘ ਆਪਣੇ ਵਿਅਕਤੀਗਤ ਵਿਚਾਰਾਂ, ਨਵੇਂ ਨਰੋਏ ਅਨੁਭਵ ਅਤੇ ਸਾਹਿਤ ਪ੍ਰਤਿਬੱਧਤਾ ਕਾਰਨ ਆਪਣੇ ਸਮਕਾਲ ਨਾਲ ਗੰਭੀਰ ਸੰਵਾਦ ਰਚਾਉਂਦਾ ਹੈ। ਉਸਦੇ ਵਿਅਕਤੀਗਤ ਨੂੰ ਗਹੁ ਨਾਲ ਵਾਚਦੇ ਪਤਾ ਲਗਦਾ ਹੈ ਕਿ ਉਹ ਸੁਚੇਤ ਰੂਪ ਵਿਚ ਇਕ ਸਿੱਖ ਛਵੀ ਵਾਲਾ ਵਿਦਵਾਨ ਕਵੀ ਹੈ। ਸੁਚੇਤ ਰੂਪ ਹੀ ਉਸਨੂੰ ਪੰਜਾਬੀ ਸਾਹਿਤ ਦੀ ਮੌਲਿਕ

ਸਿਰਜਣਕਾਰੀ ਦਾ ਥੰਮ ਬਣਾਉਂਦਾ ਹੈ। ਇਸ ਕਾਰਨ ਸਾਹਿਤ ਸਿਰਜਣਾ ਨਾਲ ਉਸਦੀ ਸ਼ਖ਼ਸੀਅਤ ਦੇ ਪਾਸਾਰ ਪ੍ਰਭਾਵਸ਼ਾਲੀ ਹੋਂਦ ਗ੍ਰਹਿਣ ਕਰਦੇ ਹਨ। ਭਾਈ ਵੀਰ ਸਿੰਘ ਦੀ ਅਜਿਹੀ ਸ਼ਖ਼ਸੀ ਉਸਾਰੀ ਪਿੱਛੇ ਉਸਦੇ ਸਮਕਾਲੀ ਅਤੇ ਇਤਿਹਾਸਕ ਹਾਲਾਤਾਂ ਦਾ ਵੱਡਮੁੱਲਾ ਯੋਗਦਾਨ ਹੈ। ਭਾਈ ਵੀਰ ਸਿੰਘ ਸਮਕਾਲ ਵਿੱਚ ਪੰਜਾਬ ਬੇਹੱਦ ਨਾਜ਼ੁਕ ਦੌਰ ਵਿਚ ਗੁਜ਼ਰਦਾ ਹੈ। ਇਸ ਸਮੇਂ ਤੋਂ ਪਹਿਲਾਂ ਸਿੱਖ ਰਾਜ ਦੇ ਖ਼ਤਮ ਹੋਣ ਕਾਰਨ ਸਿੱਖ ਕੌਮ ਦੇ ਅਕਸ ਨੂੰ ਭਾਰੀ ਠੇਸ ਪੁੱਜਦੀ ਹੈ। ਇਸ ਦਰਮਿਆਨ ਅੰਗਰੇਜ਼ਾਂ ਵਲੋਂ ਇਸਾਈ ਧਰਮ ਪ੍ਰਚਾਰ ਅਤੇ ਬ੍ਰਹਮੋ ਸਮਾਜ ਲਹਿਰ ਦੇ ਪ੍ਰਭਾਵ ਵਧਣ ਨਾਲ ਸਿੱਖ ਮਨਾ ਵਿਚ ਉਦਾਸੀਨਤਾ ਪੈਦਾ ਹੁੰਦੀ ਹੈ।

ਅਜਿਹੇ ਸਮਾਜਕ ਅਤੇ ਰਾਜਨੀਤਕ ਪ੍ਰਭਾਵਾਂ ਕਾਰਨ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕ; ਇਸਾਈ ਧਰਮ, ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਵੱਲ ਕੇਂਦਰਤ ਹੋਣ ਲੱਗੇ। ਇਸ ਤਹਿਤ ਹਿੰਦੂ ਜੋ ਪਹਿਲਾ ਸਿੱਖ ਧਰਮ ਵਿੱਚ ਵਧੇਰੇ ਆਸਥਾ ਮਹਿਸੂਸ ਕਰਦੇ ਸਨ, ਇਹਨਾਂ ਲਹਿਰਾਂ ਦੇ ਪ੍ਰਭਾਵ ਵਿੱਚ ਆਉਣ ਲੱਗ ਪਏ ਸਨ। ਇਹਨਾਂ ਲਹਿਰਾਂ ਦੇ ਪ੍ਰਭਾਵਾਂ ਵਿੱਚ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਆਪਣੇ ਸਮਾਜਕ ਅਤੇ ਆਤਮਿਕ ਉੱਨਤੀ ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਲਹਿਰਾਂ ਵਿਚੋਂ ਤਲਾਸ਼ਣ ਲੱਗੇ ਸਨ। ਨਤੀਜੇ ਵਜੋਂ ਪੰਜਾਬ ਵਿਚ ਇਹਨਾਂ ਧਾਰਮਿਕ ਅਤੇ ਸਮਾਜਕ ਲਹਿਰਾਂ ਦਾ ਪ੍ਰਭਾਵ ਮਜ਼ਬੂਤ ਹੋਣ ਲਗਦਾ ਹੈ। ਪੰਜਾਬ ਦੇ ਇਹ ਹਾਲਾਤ ਭਾਈ ਵੀਰ ਸਿੰਘ ਦੀ ਸਮੁੱਚੀ ਸ਼ਖ਼ਸੀਅਤ ਨੂੰ ਉਸਾਰਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹਨਾਂ ਕਾਰਨਾਂ ਕਰਕੇ ਭਾਈ ਵੀਰ ਸਿੰਘ ਦਾ ਇੱਕ ਸੁਹਿਰਦ ਸਿੱਖ ਵਾਲਾ ਬਿੰਬ ਪੇਸ਼ ਹੁੰਦਾ ਹੈ। ਨਤੀਜੇ ਵਜੋਂ ਭਾਈ ਵੀਰ ਸਿੰਘ ਸਿੱਖ ਦਰਸ਼ਨ ਨੂੰ ਲੋਕਾਂ ਤੱਕ ਲੈ ਕੇ ਜਾਣ ਦਾ ਨਾ ਸਿਰਫ਼ ਬੀੜਾ ਚੁੱਕਦਾ ਹੈ, ਸਗੋਂ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਸਿੱਖ ਧਰਮ ਪ੍ਰਤੀ ਨਵੇਂ ਦ੍ਰਿਸ਼ਟੀਕੋਣ ਦਿੰਦਾ ਹੈ। ਇਸ ਦ੍ਰਿਸ਼ਟੀਕੋਣ ਵਿੱਚ ਧਰਮ ਦਾ ਅਧਿਆਤਮਿਕ ਅਤੇ ਵਿਸਮਾਦੀ ਅਨੁਭਵ ਤੀਬਰ ਰੂਪ ਵਿਚ ਰੂਪਮਾਨ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਭਾਈ ਵੀਰ ਸਿੰਘ ਦੀ ਇਹ ਵਿਲੱਖਣਤਾ ਹੈ ਕਿ ਉਹ ਆਪਣੇ ਵਰਤਮਾਨ ਵਿਚ ਅਤੀਤ ਦੇ ਵਿਰਸੇ ਨੂੰ ਸੂਖ਼ਮ ਢੰਗ ਨਾਲ ਪੇਸ਼ ਕਰਦਾ ਹੈ। ਭਾਈ ਵੀਰ ਸਿੰਘ ਦੀ ਸਿੱਖ ਮੱਤ ਦੀ ਅਜਿਹੀ ਪੁਨਰ ਵਿਆਖਿਆ ਨੂੰ ਡਾ. ਹਰਿਭਜਨ ਸਿੰਘ 'ਪੁਨਰਸਥਾਪਨਵਾਦੀ' ਕਵੀ ਵਜੋਂ ਮਾਨਤਾ ਦਿੰਦੇ ਹਨ। ਇਸ ਪ੍ਰਸੰਗ ਵਿਚ ਡਾ. ਹਰਿਭਜਨ ਸਿੰਘ ਦਾ ਕਥਨ ਹੈ:

> *ਪੁਨਰ ਸਥਾਪਨਾ ਦਾ ਮੁੱਖ ਲੱਛਣ ਹੈ ਬੀਤ ਚੁੱਕੇ ਮੁੱਲ ਨੂੰ ਵਰਤਮਾਨ ਸਥਿਤੀ ਵਿੱਚ ਸਥਾਪਿਤ ਕਰਨਾ। ਇਹ ਕੰਮ ਜੇ ਲੱਗਭਗ ਅਸੰਭਵ ਨਹੀਂ ਤਾ ਅਨਮੋਲ ਜ਼ਰੂਰ ਹੈ। ਮੁੱਲ ਸਥਿਤੀ ਦੀ ਪੈਦਾਵਾਰ ਹੈ ਅਤੇ ਆਪਣੀ ਸਥਿਤੀ ਵਿਚ ਹੀ ਸੋਭਦਾ ਹੈ। ਇਸ ਲਈ ਪੁਨਰਸਥਾਪਨ ਵੇਲੇ ਮੁੱਲ ਵਿਚ ਵੀ ਸੋਧ-ਸੁਧਾਈ ਕਰਨੀ ਪੈਂਦੀ ਹੈ। ਭਾਈ ਵੀਰ ਸਿੰਘ ਦਾ ਮੁੱਖ ਯੋਗਦਾਨ ਇਹ ਹੈ ਕਿ ਉਸਨੇ ਮੂਲ ਨੂੰ ਅਨੁਭਵ ਦੀ ਮੁਥਾਜੀ ਤੋਂ ਮੁਕਤ ਕੀਤਾ ਅਤੇ ਉਸਨੂੰ ਨਵੀਨ ਪ੍ਰਤਿਮਾਨਕ ਜੀਵਨ-ਜਾਚ ਦਾ ਹਾਣੀ ਬਣਾਇਆ। ... ਸਾਡੀ ਸਥਾਪਨਾ ਤਾਂ ਇਹ ਹੈ ਕਿ ਉਸਦੀ ਰਚਨਾ ਵਿਚ ਸਿੱਖੀ ਮੂਲ ਆਦਰਸ਼ ਨੂੰ ਜੁਬਾਨ ਮਿਲੀ ਹੈ।* [1]

ਇਸ ਟਿੱਪਣੀ ਦੇ ਆਧਾਰ ਤੇ ਭਾਈ ਵੀਰ ਸਿੰਘ ਦੀ ਕਵਿਤਾ ਵਿਚੋਂ ਜੀਵਨ ਦਰਸ਼ਨ ਦੀਆਂ ਅਨੇਕ ਧਾਰਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। 'ਦਰਸ਼ਨ' ਸੰਬੰਧੀ ਵੱਖ ਵੱਖ ਪੱਖਾਂ ਤੇ ਚਰਚਾ ਕਰਨ ਤੋਂ ਪਹਿਲਾਂ ਇਸ ਬਾਰੇ ਵਿਦਵਾਨ ਰਾਹੁਲ ਸਾਂਕ੍ਰਿਤਯਾਯਨ ਦੇ, ਮਹਾਨ ਦਾਰਸ਼ਨਿਕ ਕਾਂਤ (Immanuel Kant) ਦੇ ਹਵਾਲੇ ਨਾਲ ਦਿੱਤੇ ਵਿਚਾਰਾਂ ਨੂੰ ਸਮਝਦੇ ਹਾਂ:

> *ਅਸਲੀ ਗਿਆਨ ਉਹ ਹੈ ਜਿਹੜਾ ਹਰ ਥਾਂ 'ਤੇ ਲਾਗੂ ਹੋਵੇ। ਇੰਦਰੀਆਂ ਸਾਡੇ ਗਿਆਨ ਦੇ ਲਈ ਮਸਾਲਾ... ਜਮ੍ਹਾਂ ਕਰਦੀਆਂ ਹਨ, ਤੇ ਮਨ ਆਪਣੇ ਸੁਭਾਅ ਮੁਤਾਬਕ ਉਹਨਾਂ ਨੂੰ ਸਿਲਸਿਲੇਵਾਰ ਕਰਦਾ ਹੈ। ਇਸ ਲਈ ਜੋ ਗਿਆਨ ਸਾਨੂੰ ਹਾਸਿਲ ਹੁੰਦਾ ਹੈ, ਉਹ ਚੀਜਾਂ-ਆਪਣੇ ਅੰਦਰ ਜਿਹੋ ਜਿਹੀਆਂ ਹਨ, ਉਸ ਵਰਗਾ ਨਹੀਂ ਹੁੰਦਾ, ਸਗੋਂ ਵਿਚਾਰਾਂ ਦੇ ਸਿਲਸਿਲੇ ਮੁਤਾਬਕ ਸਰਵਦੇਮ (ਆਮ) ਤੇ ਜ਼ਰੂਰੀ ਗਿਆਨ ਦੇ ਤੌਰ ਤੇ ਹੁੰਦਾ ਹੈ। ਯਾਨੀ ਕਿ ਚੀਜ਼ਾਂ ਆਪਣੇ ਆਪ 'ਚ ਕੀ ਹਨ, ਇਹ ਅਸੀਂ ਨਹੀਂ ਜਾਣ ਸਕਦੇ... ਇਹ ਹੈ ਕਾਂਟ ਦਾ ਅਗਿਆਤਵਾਦ। ਨਾਲ ਹੀ, ਸਾਡੇ ਗਿਆਨ 'ਚ ਜੋ ਵੀ ਆਉਂਦਾ ਹੈ, ਉਹ ਤਜਰਬੇ ਨਾਲ ਹੀ ਆਉਂਦਾ ਹੈ...।*[2]

ਮਨੁੱਖੀ ਜੀਵਨ ਦਰਸ਼ਨ ਵਿੱਚ ਗਿਆਨ ਦਾ ਮਹੱਤਵ ਸਦਾ ਤੋਂ ਰਿਹਾ ਹੈ। ਗਿਆਨ ਰਾਹੀਂ ਮਨੁੱਖ ਆਪਣੇ ਆਤਮਿਕ ਅਤੇ ਬਾਹਰੀ ਜਗਤ ਨੂੰ ਸਮਝਣ ਦੇ ਕਾਬਲ ਹੁੰਦਾ ਹੈ। ਇਸ ਗਿਆਨ ਦੇ ਅਭਿਆਸ ਰਾਹੀਂ ਭਾਈ ਵੀਰ ਸਿੰਘ ਪੂਰਵਲੇ ਗਿਆਨ ਅਤੇ ਮੱਤਾਂ-ਮਤਾਂਤਰਾਂ ਦਾ ਅਜਿਹਾ ਅਨੁਭਵਮੁਖੀ ਸੰਵਾਦ ਪੇਸ਼ ਕਰਦਾ ਹੈ, ਜੋ ਮਨੁੱਖ ਨੂੰ ਨਵੇਂ ਵਿਚਾਰਾਂ ਦਾ ਮਾਰਗ ਦਰਸ਼ਨ ਕਰਦਾ ਹੈ। ਇਸ ਤਰ੍ਹਾਂ ਉਸਦੀ ਕਵਿਤਾ ਵਿਚ ਕੁਦਰਤ ਅਤੇ ਮਨੁੱਖ ਨੂੰ ਸੰਬੋਧਨ ਕੀਤਾ ਗਿਆ ਹੈ। ਉਸਦੀ ਕਵਿਤਾ ਦਾ ਇਹ ਗੁਣ ਉਸਦੀ ਸੁਹਜਾਤਮਕ ਪ੍ਰਵਿਰਤੀ ਦਾ ਲਖਾਇਕ ਬਣਦਾ ਹੈ। ਡਾ.ਹਰਿਭਜਨ ਸਿੰਘ ਦੇ ਸ਼ਬਦਾਂ ਵਿਚ "ਸੰਬੋਧਨ ਪੰਜਾਬੀ ਸਾਹਿਤ ਸਿਰਜਨਾ ਦੀ ਕੰਗਰੋੜ ਹੈ। ਏਸ ਨੂੰ ਹੀ ਵਿਕਰਸ-ਸੁਹਜ (mono aesthetic) ਦਾ ਨਾਮ ਦਿੱਤਾ ਜਾ ਸਕਦਾ ਹੈ।"[3] ਅਸਲ ਵਿੱਚ ਭਾਈ ਵੀਰ ਸਿੰਘ ਦਾ ਇਹ ਨਿਵੇਕਲਾ ਚਿੰਤਨ ਹੈ ਜਿਸ ਰਾਹੀਂ ਉਹ ਮਨੁੱਖ ਲਈ ਸਦੀਵੀ ਖੇੜੇ, ਸਦੀਵੀ ਨੇਕੀ, ਚੜਦੀ ਕਲਾ, ਕਲਿਆਣਕਾਰੀ ਜੀਵਨ ਦਾ ਪ੍ਰਵਚਨ ਪੇਸ਼ ਕਰਦਾ ਹੈ। ਉਸਦੀ ਕਵਿਤਾ ਦਾ ਕੇਂਦਰੀ ਥੀਮ ਜੀਵਨ ਦੇ ਆਰ ਪਾਰ ਫੈਲੀ ਦਾਰਸ਼ਨਿਕਤਾ ਹੈ। ਉਹ ਇਸ ਦਰਸ਼ਨਿਕਤਾ ਨੂੰ ਗੁਰਬਾਣੀ ਚਿੰਤਨ ਅਤੇ ਰਹੱਸਵਾਦੀ ਅਨੁਭਵ ਵਿਚੋਂ ਪੁਨਰ ਪਰਿਭਾਸ਼ਤ ਕਰਦਾ ਹੈ। ਦੂਜੇ ਸ਼ਬਦਾਂ ਵਿਚ ਉਹ ਗੁਰਮਤਿ ਦਰਸ਼ਨ ਰਾਹੀਂ ਨਵੇਂ ਗਿਆਨ ਪ੍ਰਵਚਨ ਉਸਾਰਦਾ ਹੈ, ਜਿਸ ਵਿੱਚ ਮਨੁੱਖ ਨੂੰ ਮਨੁੱਖ ਹੋਣ ਦਾ ਗੌਰਵ ਸ਼ਾਮਿਲ ਹੁੰਦਾ ਹੈ। ਇਸ ਕਵਿਤਾ ਦਾ ਇੱਕ ਨੁਕਤਾ ਜੀਵਨ ਦੇ ਮੂਲ ਮਨੋਰਥ ਦੀ ਖੋਜ ਕਰਨਾ ਹੈ। ਇਸ ਮਨੋਰਥ ਦੀ ਪੂਰਤੀ ਲਈ ਉਹ ਸਮਾਜਕ, ਰਾਜਨੀਤਕ ਵਿਸ਼ਿਆਂ/ਮੁੱਦਿਆਂ ਸੰਬੰਧੀ ਕਲਾਤਮਕ ਵਿਚਾਰ ਦਿੰਦਾ ਹੈ। ਇਸ ਲੜੀ ਵਿੱਚ ਦੂਜੇ ਪਾਸੇ ਜੀਵਨ ਮਨੋਰਥ ਨੂੰ ਅਦਿਸ ਸੰਸਾਰ ਦੀ ਜਟਿਲ ਪ੍ਰਕਿਰਿਆ ਵਿੱਚ ਨਿਹਾਰਨ ਦੇ ਸਫ਼ਲ ਯਤਨ ਕਰਦਾ ਹੈ। ਇਸ ਤਹਿਤ ਉਹ ਕੁਦਰਤ ਤੇ ਕਾਦਰ ਦੀ ਅਭੇਦਤਾ ਦੇ ਗੁੱਝੇ ਭੇਦਾਂ ਨੂੰ ਆਪਣੇ ਨਿੱਜੀ ਵਲਵਲਿਆਂ ਚ ਸਮੋਂਦਾ ਹੈ। ਇਹ ਅਸਲ ਵਿੱਚ ਉਸਦਾ ਰਹੱਸਵਾਦੀ ਅਨੁਭਵ ਹੈ ਜੋ ਜੀਵਨ ਸੱਚਾਂ ਦੀ ਤਲਾਸ਼ ਦਾ ਇੱਕ ਨਵਾਂ ਮਾਡਲ ਬਣਦਾ ਹੈ। ਇਸ ਮਾਡਲ ਵਾਲੀ ਕਵਿਤਾ, ਕੁਦਰਤ ਵਿੱਚ ਬਿਰਾਜਮਾਨ ਹਰ ਸ਼ੈਅ ਭਾਵ, ਪੌਦੇ, ਫੁੱਲ, ਪੱਤੀਆਂ, ਮਹਿਕਾਂ, ਝਰਨੇ ਆਦਿ ਦਾ ਇੱਕ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਅਜਿਹੀ ਕਵਿਤਾ ਰਾਹੀਂ ਭਾਈ ਵੀਰ ਸਿੰਘ ਕੁਦਰਤ ਪ੍ਰਤੀ ਮੋਹ ਅਪਣਾਉਦਾ ਹੈ ਜੋ ਅਦਿਸ ਸੰਸਾਰ ਪ੍ਰਤੀ ਇੱਕ ਜਗਿਆਸਾ ਪੈਦਾ ਕਰਦਾ ਹੈ, ਇਹੀ ਕਾਰਨ ਹੈ ਕਿ ਉਸਦੀ ਕਵਿਤਾ ਜੀਵਨ ਦੇ ਵਡੇਰੇ ਮੁੱਲਾਂ ਦੀ ਸਥਾਪਨਾ ਕਰਦੀ ਹੈ। ਇਸ ਕਰਕੇ ਉਸਦੀ ਕਵਿਤਾ ਵਿੱਚ ਜੀਵਨ ਦੇ ਹਰ ਵਿਸ਼ੇ ਬਾਰੇ ਨਵੀਆਂ ਧਾਰਨਾਵਾਂ ਪੈਦਾ ਹੁੰਦੀਆਂ ਹਨ। ਇਹਨਾਂ ਧਾਰਨਾਵਾਂ ਵਿੱਚ ਜੀਵਨ ਦਾ ਚਿਹਨ ਚੱਕਰ, ਦੁੱਖ ਸੁੱਖ ਇੱਕ ਪ੍ਰਕਿਰਿਆ ਵਜੋਂ ਪੇਸ਼ ਹੁੰਦੇ ਹਨ। ਉਸਦੇ ਵਿਚਾਰਾਂ ਅਨੁਸਾਰ ਜੋ ਮਨੁੱਖ ਇਸ ਪ੍ਰਕਿਰਿਆ (Process) ਨੂੰ ਸਵੀਕਾਰ ਕਰਦਾ ਹੈ ਉਹ ਸੱਚ ਦੇ ਮਾਰਗ ਦੇ ਨੇੜੇ ਹੋ ਕੇ ਵਿਚਰਦਾ ਹੈ। ਉਸਦੀ ਮਾਨਵ ਪੱਖੀ ਵਿਚਾਰਧਾਰਾ ਮਨੁੱਖ ਨੂੰ ਸਦਾ ਹਰ ਘੜੀ ਫੁੱਲ ਵਾਂਗ ਖਿੜਨ ਦਾ ਸੰਦੇਸ਼ ਦਿੰਦੀ ਹੈ। ਇਥੇ ਇਕ ਗੱਲ ਹੋਰ ਵਿਚਾਰਨ ਵਾਲੀ ਹੈ ਕਿ ਭਾਈ ਵੀਰ ਸਿੰਘ ਦਾ ਸਮਾਂ ਵਿਭਿੰਨ ਵਿਵਾਦਾਂ ਅਤੇ ਸਮੱਸਿਆਵਾਂ ਵਾਲਾ ਸਮਾਂ ਸੀ, ਪਰ ਉਹ ਆਪਣੇ ਸਮਕਾਲੀ ਹਾਲਤਾਂ ਤੋਂ ਵਿਪਰੀਤ ਮਨੁੱਖ ਨੂੰ ਢਾਹੂ ਪ੍ਰਵਿਰਤੀਆਂ ਤੋਂ ਬਚਣ ਦੇ ਵਿਚਾਰ ਦਿੰਦੇ ਹਨ। ਇਥੇ ਭਾਈ ਵੀਰ ਸਿੰਘ ਦਾ ਜੀਵਨ ਸਿਧਾਂਤ ਸਮਾਜ ਦੀਆਂ ਮਾਰੂ ਸਥਿਤੀਆਂ ਨਾਲੋਂ ਵੱਖਰਤਾ ਥਾਪਦਾ ਹੈ। ਇਸ ਸਿਧਾਂਤ ਮੁਤਾਬਿਕ ਜੋ ਮਨੁੱਖ ਆਪਣੇ ਅੰਦਰ ਨਫ਼ਰਤ, ਵੈਰ, ਵਿਰੋਧ

ਜਿਹੇ ਭਾਵ ਰੱਖ ਕੇ ਆਪਣੇ ਅੰਦਰ ਦਾ ਖੇੜਾ ਮੁਕਾ ਤੇ ਗਵਾ ਲੈਂਦਾ ਹੈ। ਉਸ ਮਨੁੱਖ ਦੀ ਅਜਿਹੀ ਪ੍ਰਵਿਰਤੀ ਉਸਦੇ ਨਿੱਜ ਅਤੇ ਸਮਾਜ ਲਈ ਗਤੀਹੀਣ ਸਾਬਤ ਹੁੰਦੀ ਹੈ। ਇਸ ਲਈ ਮਨੁੱਖ ਅੰਦਰ ਜੀਵਨ ਪ੍ਰਤੀ ਸਦਾ ਸਾਕਾਰਤਮਕ ਰਵੱਈਆ ਪੈਦਾ ਹੋਣਾ ਮਨੁੱਖੀ ਜੀਵਨ ਦੀ ਅਸਲ ਪ੍ਰਾਪਤੀ ਦਾ ਕਾਰਜ ਬਣਦਾ ਹੈ:

ਰਉ ਰੁੱਖ:

*ਸਾਗਰ ਪੁਣਦਾ ਨਦੀਏ! ਸਾਰੇ*
*ਬੂਟੇ ਬੂਈਆਂ ਲਯਾਵੇਂ*
*ਪਰ ਦਿੰਦੀ ਬੈਂਤ ਦਾ ਬੂਟਾ*
*ਏਥੇ ਆਣ ਪੁਚਾਵੇ?*

ਨਦੀ ਆਖਦੀ:

*ਅਕੜ ਵੱਲੇ*
*ਸਾਰੇ ਬੂਟੇ ਪੱਟ ਸੁੱਟਾਂ*
*ਪਰ ਜੋ ਝੁਕ ਵਗੇ ਰਉ ਰੁਖ ਨੂੰ*
*ਪੇਸ਼ ਨ ਉਸ ਤੇ ਜਾਵੇਂ* [4]

ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਮਨੁੱਖ ਸੁਭਾਅ ਸੰਬੰਧੀ ਅਜਿਹੇ ਗੁਣ ਉਸਦੇ ਮਾਨਵਾਦੀ ਵਿਚਾਰਾਂ ਦੇ ਲਖਾਇਕ ਬਣਦੇ ਹਨ। ਉਸਦੇ ਵਿਚਾਰਾਂ ਵਿੱਚ ਖੁਦ ਤੇ ਖੇੜਾ ਤਾਂ ਹੀ ਆ ਸਕਦਾ ਹੈ ਜੇਕਰ ਦੂਜੇ ਮਨੁੱਖਾਂ ਨੂੰ ਖੇੜਾ ਦਿੱਤਾ ਜਾਵੇ। ਭਾਈ ਵੀਰ ਸਿੰਘ ਦੇ ਇਹ ਵਿਚਾਰ ਦੋਹਰੇ ਕਾਰਜ ਦੀ ਪੂਰਤੀ ਦੇ ਲਖਾਇਕ ਬਣਦੇ ਹਨ; ਜਿਸ ਕਾਰਨ ਮਨੁੱਖ ਦਾ ਸਮਾਜ ਅਤੇ ਸਮਾਜਕ ਵਿਵਸਥਾ ਵਿੱਚ ਯਕੀਨ ਪੈਦਾ ਹੁੰਦਾ ਹੈ ਤੇ ਨਾਲ ਹੀ ਇਹਨਾਂ ਵਿਚਾਰਾਂ ਨਾਲ ਕੁਦਰਤ ਦੇ ਅਨੁਭਵ ਨੂੰ ਮਹਿਸੂਸ ਕਰਨ ਦਾ ਆਧਾਰ ਮਿਲਦਾ ਹੈ। ਅਜਿਹੇ ਦ੍ਰਿਸ਼ਟੀਕੋਣ ਨਾਲ ਮਨੁੱਖ ਖ਼ੁਦ ਦੇ ਸੱਚੇ ਇਰਾਦਿਆਂ ਤੇ ਖੜ੍ਹ ਕੇ ਖ਼ੁਦੀ ਭਾਵ ਹਾਉਮੈਂ ਨੂੰ ਮਾਰ ਸਕਦਾ ਹੈ ਤੇ ਇਸ ਹਾਉਮੈ ਨੂੰ ਮਾਰਕੇ ਹੀ ਮਹਿਬੂਬ (ਰੱਬੀ) ਦੀ ਛੋਹ ਪ੍ਰਾਪਤੀ ਹੋ ਸਕਦੀ ਹੈ। ਇਹਨਾਂ ਵਿਚਾਰਾਂ ਵਿਚ ਜੀਵਨ ਕੀ ਹੈ? ਬਾਰੇ ਨਵੇਂ ਵਿਚਾਰਾਂ ਦਾ ਨਿਰਮਾਣ ਹੁੰਦਾ ਹੈ। ਇਸ ਵਿੱਚ ਮਨੁੱਖ ਦੀ ਖਿੜਾਊ ਪ੍ਰਵਿਰਤੀ ਦੇ ਰਸਤੇ ਵਿੱਚ ਹਾਉਮੈ ਨੂੰ ਰੁਕਾਵਟ ਮੰਨਿਆ ਗਿਆ ਹੈ। ਇਸ ਲਈ ਇਹਨਾਂ ਮਨੁੱਖੀ ਅਲਾਮਤਾਂ ਨੂੰ ਖ਼ਤਮ ਕਰਕੇ 'ਖੇੜੇ' ਭਾਵ ਚੜ੍ਹਦੀ ਕਲਾ ਵਾਲੇ ਜੀਵਨ ਨੂੰ ਪਾਇਆ ਜਾ ਸਕਦਾ ਹੈ :

*ਛੁਹ ਮਹਿਬੂਬੀ ਬਾਝੋਂ ਖੇੜਾ*
*ਮੁੜ ਜਾਵੇ ਝੜ ਜਾਵੇ*
*ਖੁਦ ਤੇ ਖੜ ਕੇ*
*ਖੁਦੀਓਂ ਲੰਘਕੇ*
*ਛੁਹ ਮਹਿਬੂਬੀ ਆਵੇ* [5]

ਭਾਈ ਵੀਰ ਸਿੰਘ ਇਸ ਕਾਵਿ ਰਾਹੀਂ ਮਨੁੱਖ ਦੀ ਉਸ ਅਵਸਥਾ ਦਾ ਜ਼ਿਕਰ ਕਰਦਾ ਹੈ ਜਿਸ ਵਿੱਚ ਮਨੁੱਖ ਸਾਦਗੀ, ਨਿਮਰਤਾ ਅਤੇ ਅਪਣੱਤ ਦੀ ਭਾਵਨਾਵਾਂ ਨਾਲ ਭਰਿਆ ਹੁੰਦਾ ਹੈ। ਇਸ ਅਵਸਥਾ ਨੂੰ ਪਾਉਣ ਲਈ ਮਨੁੱਖ ਮੁੱਢ ਤੋਂ ਵੱਖ-ਵੱਖ ਧਰਮਾਂ, ਰੀਤੀ-ਰਿਵਾਜ਼ਾਂ ਅਤੇ ਪੂਜਾ-ਵਿਧੀਆਂ ਦਾ ਸਹਾਰਾ ਲੈਂਦਾ ਰਿਹਾ ਹੈ। ਪਰ ਮਨੁੱਖੀ ਜੀਵਨ ਇੱਕ ਜਟਿਲ ਵਰਤਾਰਾ ਹੈ ਭਾਵੇਂ ਮਨੁੱਖ ਨੇ ਇਸ ਜੀਵਨ ਨੂੰ ਬਿਹਤਰ ਬਣਾਉਣ ਲਈ ਵੱਖ-ਵੱਖ ਜੀਵਨ ਵਿਕਾਸ ਪੜਾਵਾਂ ਵਿੱਚ ਅਨੇਕਾਂ ਹੀਲੇ ਵਸੀਲੇ ਕੀਤੇ ਹਨ ਪਰ ਮਨੁੱਖ ਵੱਲੋਂ ਕੁਦਰਤ ਦੇ ਕੁਝ ਵਰਤਾਰਿਆਂ ਸਮਝਣ ਵਿਚ ਅਸਮਰਥਾ ਰਹੀ ਹੈ। ਭਾਈ ਵੀਰ ਸਿੰਘ ਇੱਕ ਸੰਵੇਦਨਮੁੱਖੀ ਕਵੀ ਹੋਣ ਦੇ ਨਾਤੇ ਕੁਦਰਤ ਦੇ





ਅਨੰਤ ਭੇਦਾਂ ਨੂੰ ਆਪਣੇ ਤੋਂ ਪੂਰਵਲੇ ਗਿਆਨ ਅਨੁਸ਼ਾਸਨ ਰਾਹੀਂ ਹੱਲ ਸਮਝਣ ਦੇ ਯਤਨ ਕਰਦਾ ਹੈ। ਭਾਈ ਵੀਰ ਸਿੰਘ ਦੀ ਰਚਨਾਤਮਕ ਸ਼ਕਤੀ ਕੁਦਰਤ ਦੀ ਹਰ ਸ਼ੈਅ ਪਿੱਛੇ ਵੱਖ-ਵੱਖ ਰਹੱਸਾਂ ਨੂੰ ਮਹਿਸੂਸ ਤਾਂ ਕਰਦੀ ਹੀ ਹੈ, ਨਾਲ ਹੀ ਉਹ ਇਹਨਾਂ ਰਹੱਸਾਂ ਦੇ ਸੱਚਾਂ ਨੂੰ ਜਾਣਨ ਲਈ ਤਤਪਰ ਵੀ ਰਹਿੰਦੀ ਹੈ। ਭਾਈ ਵੀਰ ਸਿੰਘ ਦੇ ਇਸ ਪੱਖ ਬਾਰੇ ਵਿਦਵਾਨ ਡਾ. ਬਲਦੇਵ ਸਿੰਘ ਧਾਲੀਵਾਲ ਦੀ ਟਿੱਪਣੀ ਵਧੇਰੇ ਢੁਕਵੀ ਜਾਪਦੀ ਹੈ:

*ਕਿਸੇ ਲੇਖਕ ਦੀ ਰਚਨਾਤਮਕ ਸ਼ਕਤੀ ਇਸ ਗੱਲ ਰਾਹੀਂ ਉਜਾਗਰ ਹੁੰਦੀ ਹੈ ਕਿ ਉਹ ਅਨੇਕਾਂ ਤਰ੍ਹਾਂ ਦੇ ਪਰਦਿਆਂ ਵਿੱਚ ਲੁਕੇ ਵਸਤੂ ਸੱਚ ਨੂੰ ਕਿਵੇਂ ਅਤੇ ਕਿੰਨੀ ਕੁ ਡੂੰਘਾਈ ਵਿੱਚ ਜਾ ਕੇ ਪਛਾਣਦਾ ਹੈ। ਜਿਸ ਰਚਨਾਕਾਰ ਦੀ ਰਚਨਾਤਮਕ ਸ਼ਕਤੀ ਬਹੁਤ ਹੀ ਵਿਕਸਿਤ ਹੋਵੇ ਉਹ ਵਸਤੂ-ਯਥਾਰਥ ਦੀ ਦਿੱਖ ਅਤੇ ਸਾਰ ਨੂੰ ਪੂਰੀ ਡੂੰਘਾਈ ਵਿੱਚ ਜਾ ਕੇ ਸਮਝਣ ਦੇ ਸਮਰੱਥ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਉਹ ਵਸਤੂ-ਯਥਾਰਥ ਦੇ ਗਤੀਕਾਰਾਂ ਦੀ ਦਸ਼ਾ ਅਤੇ ਦਿਸ਼ਾ ਦਾ ਭਵਿੱਖਾਰਥੀ ਬੋਧ ਵੀ ਪ੍ਰਾਪਤ ਕਰ ਲੈਂਦਾ ਹੈ।* [6]

ਦੂਜੇ ਸ਼ਬਦਾਂ ਵਿਚ ਭਾਈ ਵੀਰ ਸਿੰਘ ਦੀ ਰਚਨਾਤਮਕ ਸ਼ਕਤੀ ਦਾ ਇਹ ਵੱਖਰਾ ਪੱਖ ਹੈ ਕਿ ਉਹ ਵੱਖ-ਵੱਖ ਬਿੰਬ ਅਤੇ ਪ੍ਰਤੀਕਾਂ ਰਾਹੀਂ ਜੀਵਨ ਦਰਸ਼ਨ ਬਾਰੇ ਸੂਖ਼ਮ ਸੰਕੇਤ ਕਰਦਾ ਹੈ। ਉਹ 'ਅਟਕ' ਦਰਿਆ ਕਵਿਤਾ ਰਾਹੀਂ ਜੀਵਨ ਕੀ ਹੈ? ਅਤੇ ਜੀਵਨ ਦੇ ਸਦੀਵੀ ਸੁਹਜ ਦਾ ਸਵਾਲ ਪੇਸ਼ ਕਰਦਾ ਹੈ। ਇਸ ਉੱਤਰ ਵਿੱਚ ਉਹ ਜੀਵਨ ਦਾ ਕਰਮ ਕੀ ਹੈ? ਵਰਗੇ ਸਵਾਲ ਉਠਾਉਂਦਾ ਹੋਇਆ ਜੀਵਨ ਸੰਬੰਧੀ ਕਰਮ (ਕਿਰਤ) ਕਰਨ ਦੀ ਵਿਚਾਰਧਾਰਾ ਦਾ ਸਮਰਥਕ ਬਣਦਾ ਹੈ। ਉਹ ਅਟਕ ਸ਼ਬਦ ਦੀ ਮਨੁੱਖੀ ਜੀਵਨ ਵਿਚ ਨਵ-ਅਰਥ ਉਸਾਰੀ ਕਰਦਾ ਹੋਇਆ, ਇਸ ਸ਼ਬਦ ਨੂੰ ਪੁਨਰ ਪਰਿਭਾਸ਼ਤ ਕਰਦਾ ਹੈ। ਉਹ 'ਅਟਕ' ਨੂੰ 'ਅਟਿਕ' ਆਖਦਾ, ਇਸਨੂੰ ਜੀਵਨ ਦੀ ਪ੍ਰਵਾਹਮਾਨਤਾ ਦਾ ਪ੍ਰਤੀਕ ਮੰਨਦਾ ਹੈ। ਉਸ ਅਨੁਸਾਰ ਦਰਿਆ ਵਾਂਗ ਵਹਿਣਾ ਜੀਵਨ ਦਾ ਅਸਲ ਨੇਮ ਹੈ। ਭਾਈ ਵੀਰ ਸਿੰਘ ਇਹਨਾਂ ਵਿਚਾਰਾਂ ਰਾਹੀਂ ਮਨੁੱਖ ਨੂੰ ਕਰਮਸ਼ੀਲ ਹੋਣ ਵੱਲ ਪ੍ਰੇਰਦਾ ਹੈ। ਉਹ ਕਰਮਸ਼ਕਤੀ ਦੇ ਮਹੱਤਵ ਨੂੰ ਮਨੁੱਖ ਜੀਵਨ ਦਾ ਸੁਹਜ ਮੰਨਦਾ ਹੈ। ਇਸ ਲਈ ਅਟਕ ਕਵਿਤਾ ਰਾਹੀਂ ਜੀਵਨ ਦੀ ਗਤੀਸ਼ੀਲਤਾ ਦਾ ਸੰਕੇਤ ਕਰਦਾ ਹੈ। ਉਹ ਸੂਰਜ, ਤਾਰੇ, ਚੰਦ ਗ੍ਰਹਿ, ਧਰਤੀ, ਨਛੱਤਰ, ਦਿਨ, ਰਾਤ, ਜੀਵ ਜੰਤ, ਉਮਰ, ਕਾਲ ਸਭ ਨੂੰ ਸਦਾ ਗਤੀਸ਼ੀਲ ਮੰਨਦਾ ਹੈ। ਉਹ ਇਹਨਾਂ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਕਿਸੇ ਸਥਿਤੀ ਅਤੇ ਵਿਚਾਰ ਵਿੱਚ ਨਾ ਅਟਕਣ ਦੇ ਸੰਕੇਤ ਦਿੰਦਾ ਹੈ ਅਤੇ ਅਜਿਹੀ ਰੁਕਾਵਟ ਨੂੰ ਮੌਤ ਬਰਾਬਰ ਮੰਨਦਾ ਹੈ :

*ਅਟਕਨਾ ਨ ਕੰਮ ਮੇਰਾ*
*ਅਟਕਿਆ ਸੋ ਮਾਰਿਆ ਹੈ*
*ਅਟਕ ਨਾਮ ਮੌਤ ਦਾ ਹੈ*
*ਕੋਈ ਅਟਕਦਾ ਨਹੀਂ*
*ਅਟਕ ਵਿਚ ਜਦੋਂ ਜਾਸੀ*
*ਰੂਪ ਨਾਮ ਬਿਨਸ ਜਾਸੀ*
*ਦ੍ਰਿਸ਼ਟੀਮਾਨ ਰਹੇ ਨਾਹੀ*
*ਕਲਾ ਇਹਦੀ ਹੈ ਇਹੀ*
*ਦਿਸਦਾ ਸੰਸਾਰ ਸਾਰਾ*
*ਸਦਾ ਸਦਾ ਟੁਰਨਹਾਰਾ*
*ਅਟਕੇ ਜੇ ਇਹ ਨਜ਼ਾਰਾ*
*ਤਦੋਂ ਜਾਣ ਪਟਕਿਆ ਹੈ* [7]

ਭਾਈ ਵੀਰ ਸਿੰਘ ਦੀ ਵਿਚਾਰਧਾਰਕ ਸੂਝ ਵਿਚ ਮਨੁੱਖ, ਸਮਾਜ, ਸਮਾਜਕਤਾ ਅਤੇ ਰਾਜਨੀਤੀ ਸੰਬੰਧੀ ਵਡੇਰੇ ਅਰਥ ਵਿੱਚ ਚਿੰਤਨ ਕੀਤਾ ਗਿਆ ਹੈ। ਉਹ ਇਹਨਾਂ ਪੱਖਾਂ ਸੰਬੰਧੀ ਵਿਚਾਰ ਕਰਦੇ ਹੋਏ ਪੰਜਾਬ ਦੀ ਰਹਿਤਲ ਨੂੰ ਆਪਣੇ ਧੁਰ ਅੰਦਰ ਟਿਕਾਈ ਰੱਖਦਾ ਹੈ। ਇਸ ਗੱਲੋਂ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਪੰਜਾਬ ਦਾ ਵੱਖਰਾ ਅਵਚੇਤਨ ਪੇਸ਼ ਹੁੰਦਾ ਹੈ। ਇਸ ਵਿਚਾਰ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਭਾਵੇਂ ਇਹ ਅਵਚੇਤਨ ਧਰਮ ਅਤੇ ਅਧਿਆਤਮਕ ਅਨੁਭਵ ਵਾਲਾ ਹੈ ਪਰ ਇਸ ਰਾਹੀਂ ਮਨੁੱਖ ਨੂੰ ਉਸ ਸੰਸਾਰ ਦੇ ਦਰਸ਼ਨ ਕਰਵਾਉਣ ਦਾ ਤਹੱਈਆ ਕੀਤਾ ਗਿਆ ਹੈ ਜੋ ਅਸਲ ਵਿਚ ਮਨੁੱਖ ਦੀਆਂ ਭਾਵਨਾਵਾਂ ਦੇ ਅਨੁਕੂਲ ਹੋਵੇ। ਇਸ ਤਹਿਤ ਉਹ ਇਕ ਪਾਸੇ ਆਪਣੇ ਨਿਜਤਵ ਨੂੰ ਲੋਕ ਸਮੂਹ ਦੀਆਂ ਭਾਵਨਾਵਾਂ ਨਾਲ ਆਤਮਸਾਤ ਕਰਦਾ ਹੈ ਤੇ ਦੂਜੇ ਪਾਸੇ ਵਿਸ਼ਵ ਵਿਆਪੀ ਮੁੱਦਿਆਂ ਨੂੰ ਮਾਨਵੀ ਹਿੱਤਾਂ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਉਸਦਾ ਦਾ ਵਿਸ਼ਵ-ਵਿਆਪੀ ਚਿੰਤਨ ਜਾਤ ਪਾਤ, ਰੰਗ, ਨਸਲ, ਕੱਟੜਤਾ ਤੋਂ ਮੁਕਤੀ ਦਾ ਪ੍ਰਵਚਨ ਬਣਦਾ ਹੈ। ਇਸ ਸੰਦਰਭ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਮਨੁੱਖੀ ਭੇਦ ਭਾਵ ਦੀਆਂ ਭਾਵਨਾਵਾਂ ਤੋਂ ਮਨਾਹੀ ਮਿਲਦੀ ਹੈ। ਇਸ ਭਾਵਨਾ ਵਿਚ ਦੇਸ਼ ਸੰਬੰਧੀ ਕੌਮੀਅਤ ਦੀ ਇਕਜੁੱਟਤਾ ਦਾ ਪ੍ਰਗਟਾਵਾ ਪ੍ਰਮੁੱਖ ਆਧਾਰ ਬਣਦਾ ਹੈ। ਇਸ ਭਾਵਨਾ ਵਿਚਾਰਧਾਰਾ ਨੂੰ ਕਵੀ ਦਾ ਵਿਚਾਰਧਾਰਕ ਦਵੰਦ ਕਹਿਣ ਦੀ ਥਾਂ ਇਸਦੀ ਪਛਾਣ ਵੱਖਰੇ ਅਰਥਾਂ ਵਿੱਚ ਕਰਨ ਦੀ ਜ਼ਰੂਰਤ ਹੈ; ਇਹਨਾਂ ਅਰਥਾਂ ਵਿਚ ਭਾਈ ਵੀਰ ਸਿੰਘ ਗੁਰਮਤਿ ਦਰਸ਼ਨ ਰਾਹੀਂ ਕੌਮ ਦੇ ਗੌਰਵ ਅਤੇ ਪਾਰ ਕੌਮੀਅਤ ਦੇ ਆਸ਼ਿਆਂ ਨਾਲ ਡੂੰਘੀ ਸੰਵੇਦਨਾ ਰੱਖਦਾ ਹੈ। ਉਸਦੀ ਨਜ਼ਰ ਰਾਸ਼ਟਰ ਦੇ ਉਹਨਾਂ ਮੁੱਦਿਆਂ ਉੱਤੇ ਰਹਿੰਦੀ ਹੈ ਜਿਹਨਾਂ ਕਰਕੇ ਹਿੰਦੂ, ਮੁਸਲਿਮ, ਪਠਾਣਾਂ ਵਿਚ ਤਕਰਾਰ ਰਹੇ ਹਨ। ਉਹ ਇਹਨਾਂ ਝਗੜਿਆਂ ਨੂੰ ਰਾਸ਼ਟਰ ਦੀ ਭਾਈਚਾਰਕ ਏਕਤਾ ਰਾਹੀਂ ਹੱਲ ਕਰਨ ਵੱਲ ਰੁਚਿਤ ਹੈ। ਉਸਦੀ ਕੌਮੀਅਤ ਦ੍ਰਿਸ਼ਟੀ ਦਾ ਵੱਖਰਾਪਣ ਇਹ ਹੈ ਕਿ ਉਹ ਜਾਤ, ਫ਼ਿਰਕੇ ਤੋਂ ਰਹਿਤ ਸਰਵ ਸਾਂਝੀਵਲਤਾ ਵਾਲੇ ਸਮਾਜ ਦੀ ਕਲਪਨਾ ਕਰਦਾ ਹੈ। ਭਾਈ ਵੀਰ ਸਿੰਘ ਦਾ ਇਹ ਰਾਸ਼ਟਰੀ ਜਜ਼ਬਾ 'ਅਵਾਂਤੀ ਪੁਰੇ ਦੇ ਖੰਡਰ', ਮੰਦਰ ਮਾਰਭੰਡ ਦੇ ਖੰਡਰ, ਕੰਬ ਦੇ ਪੱਥਰ ਅਤੇ ਜਾਤ-ਪਾਤ ਨਾਮੀ ਕਵਿਤਾ ਵਿੱਚ ਵਡੇਰੀ ਮਿਸਾਲ ਬਣਦੇ ਹਨ:

*'ਕੁਤਬ' ਨਾਮ ਤੋਂ ਸੈਮਟਿਕ ਜਾਪੇਂ*
*'ਲਾਠ' ਨਾਮ ਤੋਂ ਹਿੰਦੂ*
*ਪਰ ਸਾਨੂੰ ਤੂੰ ਸਾਂਝਾ ਦਿਸੇਂ*
*ਹਿੰਦ ਗਗਨ ਦਾ ਇੰਦੂ*
*ਹਿੰਦੁਸਤਾਨੀ ਅਜਬਾਂ ਅੰਦਰ*
*ਤੂੰ ਮਿਨਾਰ ਲਾਸਾਨ*
*ਅਸਲ ਨਸਲ ਹੈ ਭਾਵੇਂ ਕੋਈ,*
*ਤੂੰ ਹੈਂ ਹਿੰਦੁਸਤਾਨੀ*
*ਜਾਤਿ ਜਨਮ ਤੇ ਅਸਲ ਨਸਲ ਨੂੰ*
*ਕੋਈ ਕਦੇ ਨਾ ਛਾਣੇ*
*ਜਦ ਸੁੰਦਰਤਾ ਦਰਸ਼ਨ ਦੇਵੇ*
*ਸਭ ਕੁਣੀ ਆਪਣੀ ਜਾਣੇ* [8]

ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਕਲਾ ਅਤੇ ਜੀਵਨ ਦੇ ਉੱਚੇ ਮਾਇਨੇ ਦਰਜ਼ ਹੁੰਦੇ ਹਨ। ਉਸਦੀ ਨਜ਼ਰ ਵਿਚ 'ਕਲਾ' ਮਨੁੱਖੀ ਸੂਝ ਅਤੇ ਸੁਹੱਪਣ ਦਾ ਪ੍ਰਮੁੱਖ ਤੱਤ ਹੈ। ਉਸਦੇ ਵਿਚਾਰਾਂ ਵਿੱਚ 'ਕਲਾ' ਕਦੇ ਕਿਸੇ ਭੇਦ ਭਾਵ ਜਾਂ ਨਫ਼ਰਤ ਨੂੰ ਥਾਂ ਨਹੀਂ ਦਿੰਦੀ, ਤੇ ਕਲਾ ਮਨੁੱਖ ਅੰਦਰ ਮਨੁੱਖਤਾ ਜਗਾਉਂਦੀ ਹੈ। ਜਾਂ ਦੂਜੇ ਸ਼ਬਦਾਂ ਵਿਚ ਕਲਾ





ਮਨੁੱਖ ਅੰਦਰੋਂ ਇਕ ਅਜਿਹਾ ਮਨੁੱਖ ਤਰਾਸ਼ਦੀ ਹੈ ਜੋ ਕਿਸੇ ਵੀ ਪ੍ਰਕਾਰ ਦੀ ਕੱਟੜਤਾ ਅਤੇ ਖ਼ੁਦਗਰਜ਼ੀ ਤੋਂ ਰਹਿਤ ਹੁੰਦਾ ਹੈ। ਅਜਿਹੀਆਂ ਕਲਾਵਾਂ ਅਤੇ ਕਲਾ ਕ੍ਰਿਤਾਂ (ਮਿਨਾਰਾਂ, ਮਹੱਲਾਂ, ਮੰਦਰਾਂ) ਰਾਸ਼ਟਰ, ਭਾਵ ਸਾਂਝੀਵਾਲਤਾ ਦਾ ਸੰਕਲਪ ਬਣਦੀਆਂ ਹਨ। ਇਸ ਤਰ੍ਹਾਂ ਭਾਈ ਵੀਰ ਸਿੰਘ ਕਾਵਿ ਦੇ ਇਹਨਾਂ ਚੋਣਵਾਂ ਪੱਖੋਂ ਵਿੱਚ ਉਸਦੇ ਵਿਚਾਰਧਾਰਕ ਪਾਸਾਰ ਦੀਆਂ ਵਿਭਿੰਨ ਪਰਤਾਂ ਨਜ਼ਰ ਆਉਂਦੀਆਂ ਹਨ। ਉਹ ਆਪਣੀ ਇਸ ਨਵੀਂ ਕਾਵਿ-ਮੁਹਾਵਰੇ ਵਾਲੀ ਕਵਿਤਾ ਰਾਹੀਂ ਮਨੁੱਖ ਲਈ ਕੁਦਰਤ ਦੇ ਵਿਸਮਾਦੀ ਅਨੁਭਵ ਅਤੇ ਮਨੁੱਖ ਲਈ ਇਕ ਕਲਿਆਣਕਾਰੀ ਜੀਵਨ ਦੀ ਸਥਾਪਨਾ ਵਾਲੀ ਕਵਿਤਾ ਦਾ ਪ੍ਰਬੰਧ ਪੇਸ਼ ਕਰਦਾ ਹੈ। ਉਸਦੀ ਕਵਿਤਾ ਮਨੁੱਖ ਨੂੰ ਕੁਦਰਤ ਦੇ ਵਿਭਿੰਨ ਪੱਖਾਂ ਪ੍ਰਤੀ ਸੁਚੇਤ ਅਤੇ ਜਗਿਆਸੂ ਮਨੁੱਖ ਬਣਾਉਣ ਦਾ ਮਾਡਲ ਵੀ ਬਣਦੀ ਹੈ।

0-0-0

**ਹਵਾਲੇ-ਟਿੱਪਣੀਆਂ**


1. ਡਾ. ਹਰਿਭਜਨ ਸਿੰਘ, **ਪਾਰਗਾਮੀ**, ਪੰਨਾ 30
2. ਰਾਹੁਲ ਸਾਂਕ੍ਰਿਤਯਾਯਨ, **ਦਰਸ਼ਨ-ਦਿਗ ਦਰਸ਼ਨ**, ਭਾਗ ਪਹਿਲਾ, ਪੰਨਾ 269
3. ਡਾ. ਹਰਿਭਜਨ ਸਿੰਘ, **ਪਾਰਗਾਮੀ**, ਪੰਨਾ 83
4. ਭਾਈ ਵੀਰ ਸਿੰਘ, **ਲਹਿਰ ਹੁਲਾਰਾ**, ਪੰਨਾ 67
5. ਭਾਈ ਵੀਰ ਸਿੰਘ, **ਮਟਕ ਹੁਲਾਰੇ**, ਪੰਨਾ 32
6. ਡਾ. ਬਲਦੇਵ ਸਿੰਘ ਧਾਲੀਵਾਲ, **ਭਾਈ ਵੀਰ ਸਿੰਘ ਦੀ ਕਾਵਿ-ਦ੍ਰਿਸ਼ਟੀ**, ਪੰਨਾ 31
7. ਭਾਈ ਵੀਰ ਸਿੰਘ, **ਲਹਿਰ ਹੁਲਾਰੇ**, ਪੰਨਾ 90-92
8. ਉਹੀ, ਪੰਨਾ 38-39


ਅਸਿਸਟੈਂਟ ਪ੍ਰੋਫ਼ੈਸਰ (ਗੈਸਟ ਫੈਕਲਟੀ)
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।
ਮੋਬਾਇਲ : 94630-63189

0-0-0

## ਮੇਰੇ ਸਾਂਈਆਂ ਜੀਓ ਦੇ ਪ੍ਰਸ਼ਨੋਤਰੀ ਸਰੋਕਾਰ

ਡਾ. ਜਤਿੰਦਰ ਸਿੰਘ

ਆਧੁਨਿਕ ਪੰਜਾਬੀ ਕਵਿਤਾ ਦਾ ਨਵੀਨ ਰੂਪ ਪੰਜਾਬੀ ਬੰਦੇ ਦੇ ਮਸਲਿਆਂ ਨਾਲ ਜੁੜਿਆ ਹੋਇਆ ਹੈ। ਇਸ ਕਵਿਤਾ ਦੀ ਸ਼ੁਰੂਆਤ ਭਾਈ ਵੀਰ ਸਿੰਘ ਦੀ ਕਵਿਤਾ ਤੋਂ ਹੁੰਦੀ ਹੈ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਅਮਰਦੂਤ ਵਜੋਂ ਵਡੀ ਪ੍ਰਵਾਨਗੀ ਹਾਸਲ ਹੋਈ ਹੈ। ਪੱਛਮ ਵਿਚ ਪ੍ਰਚਲਤ ਸਾਹਿਤ ਰੂਪਾਂ ਦਾ ਪੰਜਾਬੀ ਵਿਚ ਆਗਮਨ ਭਾਈ ਵੀਰ ਸਿੰਘ ਦੇ ਸਿਰਜਣਾਤਮਕ ਯਤਨਾਂ ਦਾ ਪ੍ਰਣਾਮ ਸਮਝਿਆ ਜਾਂਦਾ ਹੈ। ਉਂਝ ਭਾਈ ਵੀਰ ਸਿੰਘ ਦੇ ਸਮੁਚੇ ਸਾਹਿਤਕ ਯੋਗਦਾਨ ਦੇ ਸੰਦਰਭ ਵਿਚ ਇਹ ਤੱਥ ਵੀ ਨਿਰਸੰਕੋਚ ਹੋ ਕੇ ਸਵੀਕਾਰ ਕਰਨਾ ਪਵੇਗਾ ਕਿ ਛੋਟੀ ਕਵਿਤਾ ਤੋਂ ਇਲਾਵਾ ਉਹ ਕਿਸੇ ਵੀ ਹੋਰ ਸਾਹਿਤਕ ਰੂਪਾਕਾਰ ਦਾ ਪੰਜਾਬੀ ਵਿਚ ਮਿਆਰੀਕਰਣ ਨਹੀਂ ਕਰ ਸਕੇ। ਛੋਟੀ ਕਵਿਤਾ ਨੂੰ ਜ਼ਰੂਰ ਉਨ੍ਹਾਂ ਨੇ ਭਾਵ ਅਥਵਾ ਅਨੁਭਵ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੇ ਫਲਸਰੂਪ ਉਨ੍ਹਾਂ ਦੀ ਕਵਿਤਾ ਵਿਚੋਂ ਪ੍ਰਕਿਰਤੀ ਦੇ ਸੌਂਦਰਯ ਦੀਆਂ ਵਚਿੱਤਰ ਝਲਕਾਂ ਸਹਿਜੇ ਹੀ ਮਨ ਮਸਤਕ ਉਪਰ ਛਾ ਜਾਂਦੀਆਂ ਹਨ। ਪਰੰਤੂ ਇਸ ਸੌਂਦਰਯ ਨੂੰ ਭਾਈ ਵੀਰ ਸਿੰਘ ਅਧਿਆਤਮ ਨਾਲ ਤਦਰੂਪ ਕਰਕੇ ਇਸ ਦੀ ਮੌਲਿਕਤਾ ਤੋਂ ਜਲਦੀ ਹੀ ਕਿਨਾਰਾਕਸ਼ੀ ਕਰਨ ਲਗਦੇ ਹਨ। ਉਨ੍ਹਾਂ ਦਾ ਇਹ ਕਰਮ ਸੁਭਾਵਿਕ ਹੀ ਹੈ ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਦਾ ਮੂਲ ਪ੍ਰੇਰਕ ਸੋਮਾ ਗੁਰਬਾਣੀ ਹੈ, ਜਿਸ ਅਨੁਸਾਰ ਪ੍ਰਕਿਰਤੀ ਕਿਸੇ ਗੁੱਝੇ ਰਹੱਸ ਜਾਂ ਪਰਮ ਆਤਮਾ ਦਾ ਪ੍ਰਗਟਾਅ ਹੈ ਅਤੇ ਮਨੁੱਖ ਦਾ ਅਸਲ ਮਨੋਰਥ ਇਸੇ ਇਸ਼ਟ ਦੀ ਪ੍ਰਾਪਤ ਕਰਨਾ ਹੈ। ਗੁਰਮਤਿ ਦੀ ਮਰਯਾਦਾ ਅਨੁਸਾਰ, ਮੱਧਕਾਲੀ ਵਿਚਾਰਧਾਰਾ ਨੂੰ ਪ੍ਰਣਾਈ ਕਵਿਤਾ ਪ੍ਰਕਿਰਤੀ ਦੇ ਸੁਹਪਣ ਨੂੰ ਸੁਤੰਤਰ ਰੂਪ ਵਿਚ ਜੀਣ ਥੀਣ ਦੀ ਥਾਂ ਸਦਾਚਾਰਕ ਸੁਰ ਵਿਚ ਤਬਦੀਲ ਹੋ ਜਾਂਦੀ ਹੈ। ਜੇਕਰ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਇਹ ਸਮਝਣ ਵਿਚ ਕਠਿਨਾਈ ਨਹੀਂ ਆਉਂਦੀ ਕਿ ਭਾਈ ਵੀਰ ਸਿੰਘ ਦੀਆਂ ਪ੍ਰਸ਼ਨੋਤਰੀ ਵਿਧੀ ਦੀਆਂ ਕਵਿਤਾਵਾਂ ਗੁਰਮਤਿ ਦੀ ਦ੍ਰਿਸ਼ਟੀ ਤੋਂ ਕਿਸੇ ਨਾ ਕਿਸੇ ਸਦਾਚਾਰਕ ਨੇਮ ਨੂੰ ਹੀ ਸੁਦ੍ਰਿੜ ਕਰਦੀਆਂ ਹਨ। ਭਾਵੇਂ ਵਿਚਾਰਧਾਰਕ ਪੱਧਰ 'ਤੇ ਭਾਈ ਵੀਰ ਸਿੰਘ ਮੱਧਕਾਲੀ ਚਿੰਤਨ ਤੋਂ ਅੱਗੇ ਨਹੀਂ ਚੱਲ ਸਕੇ ਪਰ ਛੋਟੀ ਕਵਿਤਾ ਵਿਚ ਨਵੇਂ ਅਨੁਭਵ ਤੇ ਚਿੰਤਨ ਦੇ ਪ੍ਰਵੇਸ਼ ਉਨ੍ਹਾਂ ਨੇ ਸੰਭਾਵਨਾ ਜ਼ਰੂਰ ਪੈਦਾ ਕਰ ਦਿਤੀ। ਇਨ੍ਹਾਂ ਅਰਥਾਂ ਵਿਚ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਅਖਵਾਉਣ ਦੇ ਹੱਕਦਾਰ ਹਨ, ਹਾਲਾਂਕਿ ਦੂਸਰੇ ਸਾਹਿਤਕ ਰੂਪਾਂ ਵਿਚ ਉਹ ਅਜਿਹੀ ਕੋਈ ਵਿਸ਼ੇਸ਼ ਭੂਮਿਕਾ ਨਿਭਾਉਣ ਤੋਂ ਅਸਮਰੱਥ ਹੀ ਰਹੇ ਹਨ।

ਭਾਈ ਵੀਰ ਸਿੰਘ ਦੀ ਕਵਿਤਾ ਮੱਧਕਾਲੀ ਰਹੱਸਵਾਦੀ ਵਿਚਾਰਧਾਰਾ ਦੇ ਆਧਾਰ 'ਤੇ ਟਿਕੀ ਹੋਈ ਹੈ। ਹਰੇਕ ਕਵੀ ਅਤੇ ਲੇਖਕ ਆਪਣੀ ਪਰੰਪਰਾ ਤੋਂ ਗ੍ਰਹਿਣ ਕਰਦਾ ਅਤੇ ਉਸੇ ਪਰੰਪਰਾ ਦੇ ਆਧਾਰ 'ਤੇ ਆਪਣੇ ਵਿਚਾਰ ਪੇਸ਼ ਕਰਦਾ ਹੈ। ਉਹ ਵਿਚਾਰ ਚਾਰੇ ਪੂਰਵ ਵਿਚਾਰਧਾਰਾ ਦੇ ਪੂਰਵਕ ਹੋਣ ਜਾਂ ਉਸ ਨਾਲ ਵਿੱਥ ਖੜੀ ਕਰਦੇ ਹੋਣ। ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਵਿਸ਼ੇ ਦੇ ਪੱਖ ਤੋਂ ਪੂਰਵਲੀ ਕਾਵਿ-ਧਾਰਾਂ ਦੇ ਸਨਮੁੱਖ ਹੈ ਪਰ ਰੂਪ ਦੇ ਪੱਖੋਂ ਇਹ ਵਿਥ ਖੜ੍ਹੀ ਕਰ ਲੈਂਦੀ ਹੈ।

'ਮੇਰੇ ਸਾਂਈਆਂ ਜੀਓ' ਕਾਵਿ-ਸੰਗ੍ਰਹਿ ਪਹਿਲੇ ਕਾਵਿ-ਸੰਗ੍ਰਹਿ ਨਾਲੋਂ ਰਹੱਸਮਈ ਵਿਚਾਰਾਂ ਵਾਲਾ ਹੈ। ਭਾਈ ਵੀਰ ਸਿੰਘ ਇਸ ਕਾਵਿ-ਸੰਗ੍ਰਹਿ ਵਿਚ ਕਈ ਤਰ੍ਹਾਂ ਦੇ ਸਵਾਲਾਂ ਦੇ ਸਨਮੁੱਖ ਹੁੰਦਾ ਹੈ। ਇਹ ਸਵਾਲ ਵਿਧਾ ਤੇ ਵਿਧੀ ਦੇ ਸਰੂਪਕ ਹਨ। ਇਹ ਸਿਲਸਿਲਾ ਭਾਈ ਵੀਰ ਸਿੰਘ ਦੀ ਸ਼ੁਰੂਆਤੀ ਕਵਿਤਾ 'ਪ੍ਰਾਰੰਭ' ਤੋਂ ਹੀ ਸ਼ੁਰੂ ਹੋ





ਜਾਂਦਾ ਹੈ। ਗੁਰਮਤਿ ਕਾਵਿ ਵਿਚ ਗੁਰੂ ਸਾਹਿਬ ਸੰਸਾਰਕ ਜੀਵਨ 'ਤੇ ਕਈ ਤਰ੍ਹਾਂ ਦੇ ਸਵਾਲ ਕਰਦੇ ਹਨ ਅਤੇ ਨਾਲ ਹੀ ਉਨ੍ਹਾਂ ਦੇ ਉਤਰ ਵੀ ਦੇਂਦੇ ਹਨ। ਮਿਸਾਲ ਦੇ ਤੌਰ 'ਤੇ ਗੁਰੂ ਨਾਨਕ ਸਾਹਿਬ 'ਜਪੁਜੀ ਸਾਹਿਬ' ਦੀਆਂ ਇਹ ਸਤਰਾਂ ਹਨ :

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 4)

ਭਾਈ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਆਧਾਰ ਪ੍ਰਸ਼ਨ-ਉਤਰ ਸ਼ੈਲੀ ਦੇ ਆਧਾਰ 'ਤੇ ਟਿਕਿਆ ਹੋਇਆ ਹੈ। ਇਹ ਪ੍ਰਸ਼ਨੋਤਰੀ ਸ਼ੈਲੀ ਗੁਰਮਤਿ ਕਾਵਿ ਦੇ ਰਹੱਸਵਾਦ ਤੋਂ ਹੀ ਪ੍ਰਭਾਵਿਤ ਹੈ। ਗੁਰਬਾਣੀ ਵਿਚ ਲੋਕ ਤੇ ਪਰਲੋਕ, ਰਹੱਸ ਤੇ ਆਤਮਾ ਤੇ ਪਰਮਾਤਮਾ ਦੇ ਅਭੇਤ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਭਾਈ ਵੀਰ ਸਿੰਘ ਨੇ ਗੁਰਬਾਣੀ ਦਾ ਪ੍ਰਭਾਵ ਬਹੁਤ ਕਬੂਲਿਆ ਹੈ। ਉਨ੍ਹਾਂ ਦੀ ਕਵਿਤਾ ਪਾਰਲੋਕ ਦੇ ਰਹੱਸ ਤੇ ਪ੍ਰਭੂ ਦੀ ਹੋਂਦ 'ਤੇ ਟਿਕੀ ਹੋਈ ਹੈ। 'ਚਸ਼ਮਾ ਇਛਾਬਲ ਤੇ ਡੂੰਘੀਆਂ ਸ਼ਾਮਾਂ' ਕਵਿਤਾ ਵਿਚ ਉਹ ਚਸ਼ਮੇ ਤੇ ਸ਼ਾਮਾਂ ਦੇ ਆਪਸੀ ਸਵਾਲ ਜਵਾਬ ਇਸ ਗੱਲ ਦੇ ਸੂਚਕ ਹਨ ਕਿ ਕਿਵੇਂ ਪਰਮ-ਆਤਮਾ ਦੇ ਪ੍ਰੇਮ ਦੀ ਖ਼ਾਤਰ ਨਿਰੰਤਰਤਾ ਭਾਵ ਜ਼ਿੰਦਗੀ ਦਾ ਅਟੁੱਟ ਬਣ ਜਾਂਦੀ ਹੈ :

ਪ੍ਰਸ਼ਨ: ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇਛਾਬਲ ਤੂੰ ਜਾਰੀ ? ...
ਚਸ਼ਮੇ ਦਾ ਉਤਰ :
ਸੀਨੇ ਖਿਚ ਜਿਨ੍ਹਾਂ ਨੇ ਖਾਧੀ
ਉਹ ਕਰ ਆਰਾਮ ਨਹੀਂ ਬਹਿੰਦੇ...

(ਮਟਕ ਹੁਲਾਰੇ, ਪੰਨਾ 30)

ਉਪਰੋਕਤ ਕਵਿਤਾ ਵਿਚ ਸੰਝ ਚਸ਼ਮੇ ਨੂੰ ਸਵਾਲ ਕਰਦੀ ਹੈ ਕਿ ਉਹ ਹਮੇਸ਼ਾ ਚਲਦਾ ਹੀ ਰਹਿੰਦਾ ਹੈ ਤਾਂ ਚਸ਼ਮਾ ਜਵਾਬ ਵਿਚ ਪ੍ਰਭੂ ਪ੍ਰੇਮ ਭਾਵ ਦੀ ਲਗਨ ਕਰਕੇ ਹੀ ਨਿਰੰਤਰਤਾ ਵਿਚ ਰਹਿਣਾ ਉਸ ਦਾ ਸੁਭਾਅ ਬਣ ਗਿਆ ਹੈ।

'ਮੇਰੇ ਸਾਂਈਆਂ ਜੀਓ' ਕਾਵਿ-ਸੰਗ੍ਰਹਿ ਵਿਚਲੀ 'ਛਡੀ' ਕਵਿਤਾ ਬੰਦੇ ਦੀ ਹੋਂਦ ਵੱਲ ਸੰਕੇਤ ਕਰਦੀ ਹੈ :

ਪ੍ਰਸ਼ਨ : ਤੂੰ ਕੌਣ ਨੀ ਮਾਈ ?
ਉਤਰ : ਮੈਂ ਦੁਧ ਦੀ ਜਾਈ, ਪਰ ਦਹੀਂ ਨਾ,
ਮੈਂ ਦੁਧ ਦੀ ਜਾਈ, ਪਰ ਮਲਾਈ ਨਾ,
ਮੈਂ ਦੁਧ ਦੀ ਜਾਈ, ਪਰ ਮਖਣ ਬੀ ਨਾ,
ਪ੍ਰਸ਼ਨ : ਫਿਰ ਤੂੰ ਕੌਣ ਹੈਂ ਮਾਈ ?
ਉਤਰ : ਕੰਨਾਂ ਪਿਛੇ ਹਥ ਧਰ ਕੇ ਸੁਣੀ ਮੇਰੇ ਵੀਰਾ !
ਮੈਂ ਊਂ : ਛਡੀ, ਛਡੀ, ਛਡੀ।

(ਮੇਰੇ ਸਾਂਈਆਂ ਜੀਓ, ਪੰਨਾ 61)

ਇਸ ਕਵਿਤਾ ਵਿਚ ਛਡੀ ਜੋ ਦੁੱਧ ਰਿੜਕ ਕੇ ਲਸੀ 'ਚੋਂ ਮੱਖਣ ਕੱਢਣ ਉਪਰੰਤ ਜੋ ਰਹਿੰਦ-ਖੂੰਹਦ ਬਚਦਾ ਹੈ, ਉਸ ਨੂੰ ਛੱਡੀ ਕਹਿੰਦੇ ਹਨ। ਢਿੱਡੀ ਨੂੰ ਦਹੀਂ, ਮਲਾਈ, ਮੱਖਣ ਅਤੇ ਲਸੀ ਨਾਲੋਂ ਵੀ ਨਿਗੂਣਾ ਸਮਝਿਆ ਜਾਂਦਾ ਹੈ। ਢਿੱਡੀ ਪ੍ਰਸ਼ਨ ਦੇ ਜਵਾਬ ਵਿਚ ਆਪਣੀ ਹੋਂਦ ਨੂੰ ਸਪੱਸ਼ਟ ਕਰਦੀ ਹੈ ਕਿ

ਉਸ ਦੀ ਵਰਤੋਂ ਵੀ ਔਰਤ ਨੂੰ ਆਪਣੇ ਪ੍ਰੀਤਮ ਲਈ ਸੁਹੱਪਣ ਨਿਖਾਰਣ ਲਈ ਕਾਰਗਰ ਸਿੱਧ ਹੁੰਦੀ ਹੈ। ਇਸ ਹੋਂਦ ਦਾ ਮਾਣ ਉਸ ਦੇ ਸਾਈਂ ਨੇ ਦਿਤਾ ਜੋ ਆਪਣੇ ਆਪ ਵਿਚ ਸਾਈਂ ਵਲੋਂ ਕਬੂਲੇ ਜਾਣ ਦਾ ਮਾਣ ਹਾਸਿਲ ਕਰਦੀ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਨੂੰ ਪੰਜਾਬੀ ਵਿਚ ਪਰੰਪਰਾ ਨਾਲੋਂ ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਭਾਈ ਵੀਰ ਸਿੰਘ ਮੱਧਕਾਲੀ ਕਾਵਿ ਪਰੰਪਰਾ ਦੀ ਵਿਚਾਰ-ਦ੍ਰਿਸ਼ਟੀ ਨੂੰ ਹੀ ਆਪਣੇ ਅਧਿਆਤਮਕ ਅਤੇ ਰਹੱਸਵਾਦੀ ਅਨੁਭਵ ਨਾਲ ਜੋੜਦੇ ਹਨ। ਸੂਫ਼ੀ ਕਾਵਿ-ਧਾਰਾ ਵਿਚ ਸ਼ਬਦ 'ਕੌਣ' ਦੀ ਬਹੁਤ ਵਰਤੋਂ ਹੋਈ ਹੈ। ਖ਼ਾਸ ਤੌਰ 'ਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ। ਭਾਈ ਵੀਰ ਸਿੰਘ ਦੀ ਕਵਿਤਾ 'ਬੁਝੋ ਏ ਕੌਣ' ਵਿਚ ਇਕ ਪ੍ਰਸ਼ਨ ਖੜ੍ਹਾ ਕਰਦੇ ਹਨ ਕਿ ਪ੍ਰੀਤਮ ਦੇ ਅਹਿਸਾਸ ਦੀਆਂ ਪੈੜਾਂ ਭਾਵ ਪ੍ਰੀਤਮ ਨੂੰ ਮਿਲਣ ਦੀ ਕਨਸੋਅ ਤੋਂ ਕਿਵੇਂ ਉਹ ਗਦ-ਗਦ ਹੋ ਉਠਦਾ ਹੈ :

ਗਏ ਸੁਕ ਤੇਲ ਦੀਵੇ ਜਗ ਜਗ ਕੇ ਰਾਤ ਸਾਰੀ
ਬਲ ਬਲ ਕੇ ਨਾਲ, ਸਾਂਈਆਂ ! ਹੁਣ ਵਟੀਆਂ ਬੀ ਥਕੀਆਂ।

(ਮੇਰੇ ਸਾਈਆਂ ਜੀਓ, ਪੰਨਾ 89)

ਦੂਸਰੀ ਕਵਿਤਾ 'ਸਾਂਈਆਂ ਜੀ ਦੀ ਸਿਆਣ' ਵਿਚ ਦੁਨਿਆਵੀ ਲੋਕਾਂ ਦੀ ਗੱਲ ਕੀਤੀ ਗਈ। ਕੌਣ ਹਨ ਜੋ ਪ੍ਰੀਤਮ ਨੂੰ ਪਛਾਣ ਨਹੀਂ ਰਹੇ:

ਏ ਕੌਣ ਹਨ ਜੋ ਆਖਦੇ ਹਨ
'ਤੇਰੇ ਸਾਂਈਆਂ ਜੀ ਸਿਆਣ ਨਹੀਂ ਹੁੰਦੇ'?

(ਉਹੀ, ਪੰਨਾ 19)

'ਮੇਰੇ ਸਾਂਈਆਂ ਜੀਓ' ਦੀ ਪਹਿਲੀ ਕਵਿਤਾ 'ਪ੍ਰਾਰੰਭ' ਵਿਚ ਹੀ ਕਈ ਪ੍ਰਸ਼ਨ ਉਠਾਏ ਗਏ ਹਨ। ਇਸ ਕਵਿਤਾ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਛੁਪੇ ਰਹਿਣ ਦੀ ਚਾਹ ਨਾਲ ਭਾਅ ਖਾਂਦੀ ਹੈ :

ਮੇਰੇ ਗੀਤ 8
ਮੇਰੇ ਗੀਤ, ਮੇਰੇ ਸਾਂਈਆਂ
ਤੁਸਾਂ ਲਈ ਗਾਏ ਗਏ ਗੀਤ, ਕਿਥੇ ਚਲੇ ਜਾਂਦੇ ਹਨ?
ਚੁਪ ਚਾਪੇ ਟੁਰ ਗਏ, ਹਾਇ ਕਿਉਂ?
ਮੇਰੀ ਦਿਲ-ਵੀਣਾ ਦਾ ਠਾਠ ਚੁਪ ਹੋ ਗਿਆ, ਕਿਉਂ? ...

(ਉਹੀ, ਪੰਨਾ 6)

ਉਪਰੋਕਤ ਕਵਿਤਾ ਵਿਚ ਪ੍ਰੀਤਮ ਦੀ ਮਿਲਣ ਦੀ ਚਾਹ ਵਿਚ ਪੁੱਛਿਆ ਗਿਆ ਹੈ ਕਿ ਉਨ੍ਹਾਂ ਦੀ ਛੋਹ ਹਮੇਸ਼ਾ ਉਨ੍ਹਾਂ ਨਾਲ ਨਹੀਂ ਰਹਿੰਦੀ ਸਗੋਂ ਕਿਤੇ ਗੁਆਚ ਜਾਂਦੀ ਹੈ। ਬੰਦਾ ਹਮੇਸ਼ਾ ਆਪਣੇ ਪ੍ਰੀਤਮ ਨਾਲ ਬੱਝਾ ਰਹਿਣਾ ਲੋਚਦਾ ਹੈ। ਇਹ ਤੜਪ ਉਸ ਨੂੰ ਸਤਾਉਂਦੀ ਹੈ ਅਤੇ ਬਾਰ-ਬਾਰ ਉਸ ਦੇ ਮਨ ਅੰਦਰ ਸਵਾਲ ਪੈਦਾ ਕਰਦੀ ਹੈ ਕਿ ਪ੍ਰੀਤਮ ਦਾ ਪਿਆਰਾ ਹੋਣ ਦੇ ਨਾਤੇ ਵੀ ਉਹ ਹਮੇਸ਼ਾ ਉਹਦੇ ਨਾਲ ਨਹੀਂ ਰਹਿੰਦਾ।

ਇਸ ਕਾਵਿ-ਸੰਗ੍ਰਹਿ ਦਾ ਕੇਂਦਰੀ ਥੀਮ ਕਹਿਣ, ਆਖਣ, ਪੁੱਛਣ, ਕਿਵੇਂ, ਕੌਣ ਇਨ੍ਹਾਂ ਪ੍ਰਸ਼ਨਾਂ ਮੂਲਕ ਸ਼ਬਦਾਂ ਦੁਆਲੇ ਬੱਝਾ ਹੋਇਆ ਹੈ। ਇਸ ਦੇ ਨਾਲ ਹੀ ਮਿਲਣ ਦੀ ਆਸ, ਤੜਪ, ਤਾਂਘ ਤੇ ਛੁਪਣ ਵਰਗੇ ਬਿੰਬਾਂ ਰਾਹੀਂ ਕਵਿਤਾ ਦਾ ਰੂਪ ਸ਼ਿੰਗਾਰਿਆ ਗਿਆ ਹੈ।

'ਮੇਰੇ ਸਾਂਈਆਂ ਜੀਓ' ਕਾਵਿ-ਸੰਗ੍ਰਹਿ ਤੋਂ ਇਲਾਵਾ ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਪ੍ਰੀਤਮ ਪਿਆਰੇ ਨੂੰ ਮਿਲਣ ਦੀ ਤਾਂਘ ਅਤੇ ਉਸ ਦੇ ਰਹੱਸ ਬਾਰੇ ਕਵਿਤਾ ਦੇ ਆਦਿ ਤੋਂ ਅੰਤ ਤਕ ਦਾ ਥੀਮ ਪਸਰਿਆ





ਹੈ। 'ਸਾਂਈਆਂ ਦੇ ਦੇਸ਼' ਦੀ ਕਵਿਤਾ ਵਿਚ ਵੀ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਉਹ ਪ੍ਰਭੂ ਪ੍ਰੀਤਮ ਦੇ ਦੇਸ; ਉਸ ਦੇ ਰਹਿਣ ਠਿਕਾਣੇ ਜੋ ਆਪਸੀ ਨਾਰ ਅਤੇ ਜੋਗੀ ਵਿਚਾਲੇ ਗੱਲਬਾਤ ਚਲਦੀ ਹੈ, ਉਸ ਤੋਂ ਇਹ ਰਹੱਸ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਦੁਨਿਆਵੀ ਵਿਅਕਤੀ ਭਾਵੇਂ ਨਾਰ ਜਾਂ ਫਿਰ ਜੋਗੀ ਹੈ, ਇਨ੍ਹਾਂ ਸਾਰਿਆਂ ਕੋਲੋਂ ਉਸ ਪ੍ਰੀਤਮ ਦਾ ਅਥਾਹ ਨਹੀਂ ਪਾਇਆ ਜਾ ਸਕਿਆ :

ਨਾਰ: ਦਸ ਕਿਤਨੀ ਏ ਦੂਰ ਮੇਰੇ ਸਾਂਈਆਂ ਦਾ ਦੇਸ਼?
ਜੋਗੀ : ਕੋਈ ਲਭਦਾ ਹਾਂ ਰਾਹ ਨਿਸ਼ਾਨ
ਫਿਰਦਾ ਦੇਸ਼, ਬਦੇਸ਼, ਪਰਦੇਸ
ਫਿਰਦਾ ਸ਼ਹਿਰ, ਗਿਰਾਂ ਤੇ ਗਲੀਆਂ
ਫਿਰਦਾ ਜੰਗਲ ਬੇਲੇ ਹਮੇਸ਼ਾ
ਕਿਤੋਂ ਲਭਦਾ ਨਹੀਂ ਹੈ ਰਾਹ॥॥

(ਉਹੀ, ਪੰਨਾ 25-26)

ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਅਧਿਆਤਮ ਤੇ ਰਹੱਸਵਾਦੀ ਪ੍ਰਵਿਰਤੀ ਵਾਂਙ ਪਰੰਪਰਾ ਦੇ ਹੀ ਮੁਖ਼ਾਤਿਬ ਹੁੰਦੀ ਹੈ। ਉਸ ਦੀ ਕਵਿਤਾ ਅਧਿਆਤਮ-ਵਾਦੀ ਦ੍ਰਿਸ਼ਟੀ ਤੋਂ ਆਤਮ ਤੇ ਅਨਾਤਮ ਦੇ ਆਪਸੀ ਸੰਬੰਧਾਂ ਦੀ ਸਾਂਝ ਨੂੰ ਬਿਆਨ ਕਰਦੀ ਹੈ, ਉਹ ਵੀ ਪ੍ਰਸ਼ਨੋਤਰੀ ਵਿਧੀ ਰਾਹੀਂ। ਪ੍ਰਸ਼ਨੋਤਰੀ ਵਿਧੀ ਭਾਈ ਵੀਰ ਸਿੰਘ ਦੀ ਕਵਿਤਾ ਦਾ ਮੂਲ ਆਧਾਰ ਹੈ, ਜਿਸ ਨਾਲ ਉਹ ਪ੍ਰੀਤਮ ਭਾਵ ਪਰਮਾਤਮਾ ਨਾਲ ਸਾਂਝ ਵੀ ਬਣਾ ਕੇ ਰਖਦੀ ਹੈ ਅਤੇ ਉਸ ਨਾਲ ਮਿਲਾਪ ਤੇ ਬਿਰਹਾ ਵਿਚਲੀ ਦੂਰੀ ਵੀ।

ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗਰੈਜੂਏਟ ਸਰਕਾਰੀ ਕਾਲਜ,
ਸੈਕਟਰ-11, ਚੰਡੀਗੜ੍ਹ।
ਮੋਬਾਇਲ : 94174-78446

0-0-0

# ਭਾਈ ਵੀਰ ਸਿੰਘ : ਖੋਜ ਅਤੇ ਆਲੋਚਨਾ ਦ੍ਰਿਸ਼ਟੀ

ਡਾ. ਹਰਿਭਜਨ ਸਿੰਘ ਭਾਟੀਆ

ਬਾਬਾ ਫ਼ਰੀਦ ਦੇ ਸਲੋਕਾਂ ਬਾਰੇ ਗੁਰੂ ਸਾਹਿਬਾਨ ਦੀਆਂ ਟਿੱਪਣੀਆਂ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪਿੱਛੇ ਕਾਰਜਸ਼ੀਲ ਸਾਹਿਤਕ ਤੇ ਸਿਧਾਂਤਕ ਚੇਤਨਾ, ਕਿੱਸਾਕਾਰਾਂ ਦੇ ਭਾਵੁਕ ਤੇ ਕਾਵਿਕ ਪ੍ਰਤਿਕਰਮਾਂ ਅਤੇ ਜਨਮਸਾਖੀਆਂ, ਗੋਸ਼ਟਾਂ ਤੇ ਟੀਕਿਆਂ ਵਿਚ ਸੁਚੇਤ ਜਾਂ ਅਚੇਤ ਪੱਧਰ ਉੱਪਰ ਹੋਈ ਬਾਣੀ-ਵਿਆਖਿਆ ਆਦਿ ਸੰਕੇਤਕ, ਪ੍ਰੋਖ ਜਾਂ ਗੁੱਝੇ ਅਤੇ ਲੁਕਵੇਂ ਪੱਧਰ ਉਪਰ ਹੋਏ ਕਾਰਜਾਂ ਨੂੰ ਰਤਾ ਲਾਂਭੇ ਕਰ ਦਈਏ ਤਾਂ ਮੌਲਾ ਬਖ਼ਸ਼ ਕੁਸ਼ਤਾ ਤੇ ਬਾਵਾ ਬੁੱਧ ਸਿੰਘ, ਇਤਿਹਾਸਕ ਦ੍ਰਿਸ਼ਟੀ ਤੋਂ ਸਾਡੇ ਆਰੰਭਲੇ ਸਾਹਿਤ ਚਿੰਤਕ ਹਨ। ਹੁਣ ਤਕ ਇਹ ਤੱਥ ਸਥਾਪਿਤ ਹੋ ਚੁੱਕਾ ਹੈ ਕਿ ਇਨ੍ਹਾਂ ਚਿੰਤਕਾਂ ਦੇ ਚਿੰਤਨ-ਕਾਰਜ ਵਿਚੋਂ ਖੋਜ, ਆਲੋਚਨਾ, ਸਿੱਧਾਂਤ ਅਤੇ ਇਤਿਹਾਸ ਅਨੁਸ਼ਾਸਨ ਮਿਸ਼ਰਤ ਮੁਦ੍ਰਾ ਵਿਚ ਪ੍ਰਾਪਤ ਹਨ। ਇਸੇ ਕਾਲ ਵਿਚ ਭਾਈ ਵੀਰ ਸਿੰਘ (1872-1957 ਈ.) ਨਾ ਸਿਰਫ਼ ਸਾਹਿਤ ਵਿਧਾਵਾਂ ਵਿਚ ਨਵੇਂ ਦਿਸਹੱਦਿਆਂ ਨੂੰ ਛੋਂਹਦਾ ਹੈ ਬਲਕਿ ਖੋਜ, ਆਲੋਚਨਾ, ਸਿਧਾਂਤ ਅਤੇ ਇਤਿਹਾਸ ਦੇ ਖੇਤਰਾਂ ਵਿਚ ਆਪਣੇ ਸੁਚੇਤ ਪ੍ਰਤਿਕਰਮਾਂ ਨੂੰ ਪ੍ਰਸਤੁਤ ਕਰਦਾ ਹੈ। ਦਰਅਸਲ ਸਾਹਿਤ ਸਿਰਜਣਾ ਦੇ ਖੇਤਰ ਵਿਚ ਭਾਈ ਵੀਰ ਸਿੰਘ ਦੀ ਦੇਣ ਏਨੀ ਪ੍ਰਤੱਖ, ਨਿੱਗਰ ਤੇ ਪਛਾਣਨਯੋਗ ਹੈ ਕਿ ਪੰਜਾਬੀ ਸਾਹਿਤ ਚਿੰਤਕਾਂ ਦਾ ਉਸ ਦੀ ਪ੍ਰਤਿਭਾ ਦੇ ਇਸ ਅਸਲੋਂ ਵੱਖਰੇ ਤੇ ਨਵੇਕਲੇ ਪਸਾਰ ਵੱਲ ਬਹੁਤ ਘੱਟ ਧਿਆਨ ਗਿਆ ਹੈ।

ਭਾਈ ਵੀਰ ਸਿੰਘ ਦੀਆਂ ਉਹ ਰਚਨਾਵਾਂ ਜਿਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ ਉਸਦੀ ਖੋਜ ਤੇ ਆਲੋਚਨਾ ਦ੍ਰਿਸ਼ਟੀ ਦੀ ਪਛਾਣ ਕੀਤੀ ਜਾ ਸਕਦੀ ਹੈ ਇਸ ਪ੍ਰਕਾਰ ਹਨ : ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਚਮਤਕਾਰ (ਪੂਰਵਾਰਧ), ਗੁਰੂ ਨਾਨਕ ਚਮਤਕਾਰ (ਉਤਰਾਰਧ), ਸ੍ਰੀ ਗੁਰੂ ਪ੍ਰਤਾਪ ਸੂਰਜ ਦੀ ਭੂਮਿਕਾ ਅਤੇ ਪੁਰਾਤਨ ਜਨਮ ਸਾਖੀ ਦੀ ਭੂਮਿਕਾ ਆਦਿ। ਆਰੰਭ ਵਿਚ ਹੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਭਾਈ ਵੀਰ ਸਿੰਘ ਦੇ ਪ੍ਰਸੰਗ ਵਿਚ ਖੋਜ ਦਾ ਅਰਥ ਉਨ੍ਹਾਂ ਵੱਲੋਂ ਗ੍ਰੰਥਾਂ ਦੀ ਭਾਲ ਅਤੇ ਸੰਪਾਦਨ ਕਰਨ ਤੋਂ ਹੈ। ਸੰਪਾਦਨ ਦੇ ਇਸ ਕਾਰਜ ਦਾ ਸੰਬੰਧ ਪਾਠਾਲੋਚਨਾ (textual criticism) ਨਾਲ ਜਾ ਜੁੜਦਾ ਹੈ, ਜਿਸ ਵਿਚ ਸੰਪਾਦਕ ਹੱਥ ਲਿਖਤਾਂ ਨੂੰ ਲੱਭਦਾ, ਤਰਕਸ਼ੀਲ ਢੰਗ ਨਾਲ ਉਨ੍ਹਾਂ ਦੇ ਮੂਲ-ਪਾਠ ਨੂੰ ਨਿਰਧਾਰਿਤ ਕਰਦਾ ਅਤੇ ਉਨ੍ਹਾਂ ਦਾ ਵਿਧੀ ਪੂਰਵਕ ਢੰਗ ਨਾਲ ਵਿਸ਼ਲੇਸ਼ਣ ਕਰਦਾ ਹੈ। ਆਲੋਚਨਾ ਦ੍ਰਿਸ਼ਟੀ ਵਿਚ ਅਸਾਂ ਉਨ੍ਹਾਂ ਟਿੱਪਣੀਆਂ ਦੀ ਪਛਾਣ ਤੇ ਵਿਸ਼ਲੇਸ਼ਣ ਕਰਨਾ ਹੈ ਜਿਨ੍ਹਾਂ ਨੂੰ ਲੇਖਕ ਸੁਚੇਤ ਪੱਧਰ ਉਪਰ ਕਾਵਿ ਦੀ ਪ੍ਰਕਿਰਤੀ ਉਘਾੜਣ ਸਮੇਂ ਸਥਾਪਨਾ ਸੰਪਾਦਨ ਕਲਾ ਜਾਂ ਪਾਠਾਲੋਚਨਾ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ। ਉਹ ਵਿਸ਼ੇਸ਼ ਰੂਪ ਵਿਚ ਹਨ : ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਭੂਮਿਕਾ ਅਤੇ ਪੁਰਾਤਨ ਜਨਮ ਸਾਖੀ। ਗੁਰ ਪ੍ਰਤਾਪ ਸੂਰਜ ਗ੍ਰੰਥ ਚੌਦਾਂ ਜਿਲਦਾਂ ਵਿਚ ਹੈ ਜਿਸਦੀ ਪਹਿਲੀ ਜਿਲਦ ਦੇ 84 ਪੰਨੇ 'ਸੰਪਾਦਨ ਕਲਾ' ਨੂੰ ਸਮਰਪਿਤ ਹਨ। ਉਨ੍ਹੀਵੀਂ ਸਦੀ ਦੀ ਇਸ ਰਚਨਾ ਵਿਚ ਗੁਰੂ ਸਾਹਿਬਾਨ ਦੇ ਸਮੇਂ ਦੇ ਇਤਿਹਾਸ ਨੂੰ ਬ੍ਰਜ ਭਾਸ਼ਾ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਪੁਸਤਕ ਦੀ ਭੂਮਿਕਾ ਲੇਖਕ ਦੀ ਖੋਜ ਤੇ ਆਲੋਚਨਾ ਦ੍ਰਿਸ਼ਟੀ ਦੇ ਭਰਵੇਂ ਪ੍ਰਮਾਣ ਆਪਣੇ ਅੰਦਰ ਸਮੋਈ ਬੈਠੀ ਹੈ। ਭਾਈ ਸਾਹਿਬ ਨੇ ਇਸ ਉਪਰ ਅਧਿਕਾਰੀ ਵਿਦਵਾਨ ਵਾਂਗ ਟਿੱਪਣੀਆਂ ਲਿਖੀਆਂ ਅਤੇ ਉਸ ਨੂੰ ਆਮ ਪੰਜਾਬੀ ਪਾਠਕ ਲਈ ਸੁਬੋਧ ਬਣਾਇਆ। ਇਸ ਦੇ ਮੁੱਢ ਵਿਚ ਲਿਖੀ ਲੰਮੀ ਭੂਮਿਕਾ ਉੱਚੇ ਪੱਧਰ ਦੀ ਆਲੋਚਨਾਤਮਕ ਪ੍ਰਤਿਭਾ ਦੀ ਹਾਮੀ ਭਰਦੀ ਹੈ। ਸੰਪਾਦਨ-ਕਾਰਜ ਲਈ ਲੋੜੀਂਦੀ ਸਿਧਾਂਤਕ ਯੋਗਤਾ ਦੇ ਪ੍ਰਮਾਣ ਲੇਖਕ ਨੇ ਇਸ ਪੁਸਤਕ ਦੀ ਭੂਮਿਕਾ ਅਤੇ ਮੁੱਖਬੰਧ ਵਿਚ ਦਿੱਤੇ ਹਨ। ਲੇਖਕ ਨਾ ਸਿਰਫ਼ ਇਸ ਗ੍ਰੰਥ ਵਿਚ ਕਠਿਨ ਮਾਮਲਿਆਂ ਨੂੰ ਹੀ





ਖੋਲ੍ਹਦਾ ਹੈ, ਬਲਕਿ ਇਤਿਹਾਸਕ ਉਕਾਈਆਂ ਨੂੰ ਦੂਰ ਕਰਦਾ ਅਤੇ ਇਸ ਗ੍ਰੰਥ ਨੂੰ ਵਧੇਰੇ ਸਮਝਣਯੋਗ ਵੀ ਬਣਾਉਂਦਾ ਹੈ। ਸੰਪਾਦਨ ਅਧੀਨ ਕਿਸੇ ਪਾਠ ਦੇ ਮੂਲ ਤੇ ਮੌਲਿਕ ਸਰੂਪ ਨੂੰ ਬਰਕਰਾਰ ਰੱਖਣਾ ਕਿੰਨਾ ਕੁ ਜ਼ਰੂਰੀ ਹੈ ਅਤੇ ਅਵਾਂਛਿਤ ਹਿੱਸਿਆਂ ਨੂੰ ਖਾਰਜ ਕਰਨਾ ਜਾਂ ਆਪਣੇ ਵੱਲੋਂ ਕੁਝ ਜਮ੍ਹਾਂ ਕਰਨਾ ਕਿੰਨਾ ਕੁ ਅਯੋਗ ਹੁੰਦਾ ਹੈ, ਇਸ ਸੰਬੰਧ ਵਿਚ ਭਾਈ ਸਾਹਿਬ ਨੇ ਸਪੱਸ਼ਟ ਇਸ਼ਾਰਾ ਕੀਤਾ ਹੈ :

> ਮੰਗਲਾਂ ਦਾ ਟੀਕਾ ਕਰ ਰਹੇ ਸਾਂ ਕਿ ਕਈ ਸੱਜਣਾਂ ਦੀ ਇੱਛਯਾ ਸਾਡੇ ਤੀਕ ਅੱਪੜੀ ਕਿ ਇਸ ਗ੍ਰੰਥ ਵਿਚੋਂ ਅਵਾਂਛਿਤ ਹਿੱਸੇ ਕੱਟ ਦਿੱਤੇ ਜਾਣ ਤੇ ਹੋਰ ਪ੍ਰਸੰਗ ਪਾ ਦਿੱਤੇ ਜਾਣ। ਪਰੰਤੂ ਇਹ ਕੰਮ ਕਰਨਾ, ਅਰਥਾਤ ਮੂਲ ਪਾਠ ਵਿਚੋਂ ਕੱਟਣਾ ਕਿ ਹੋਰ ਪਾਉਣਾ ਸਾਨੂੰ ਮੁਨਾਸਿਬ ਨਜ਼ਰ ਨਾ ਆਇਆ। ਐਸਾ ਕਰਨਾ ਸਾਹਿਤਯਕ ਦੁਨੀਆ ਵਿਚ ਇਕ ਵੱਡੀ ਮਾੜੀ ਗੱਲ ਹੈ।[2]

ਪ੍ਰਮਾਣਕ ਪਾਠ ਦੀ ਤਿਆਰੀ ਕਿਵੇਂ ਕੀਤੀ ਜਾ ਸਕਦੀ ਹੈ, ਖ਼ਾਸ ਤੌਰ ਉਪਰ ਜਦੋਂ ਇਕ ਹੀ ਰਚਨਾ ਦੇ ਕਈ ਪਾਠਾਂਤਰ ਪ੍ਰਾਪਤ ਹੋਣ ? ਇੰਜ ਹੀ ਜੇਕਰ ਮੂਲ ਪਾਠ ਅਸ਼ੁੱਧ ਹੋਵੇ ਤਾਂ ਉਸ ਅਸ਼ੁੱਧੀ ਨੂੰ, ਮੂਲ ਪਾਠ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਦੇ ਹੋਏ ਕਿੰਜ ਦਰਸਾਇਆ ਜਾਵੇ ? ਇਨ੍ਹਾਂ ਸਭ ਨੁਕਤਿਆਂ ਨੂੰ ਭਾਈ ਸਾਹਿਬ ਨੇ ਸਿਧਾਂਤਕ ਪੱਧਰ ਉੱਪਰ ਵੀ ਖੋਲ੍ਹਿਆ ਹੈ ਅਤੇ ਵਿਹਾਰ ਰਾਹੀਂ ਸਮੂਰਤ ਵੀ ਕਰ ਵਿਖਾਇਆ ਹੈ। ਇਕ ਪਾਠ ਤੋਂ ਪਿੱਛੋਂ ਉਸ ਦੇ ਉਤਾਰੇ ਸਮੇਂ ਪੈਦਾ ਹੋਏ ਪਾਠਾਂਤਰਾਂ ਦੇ ਵੇਰਵੇ, ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਦੀ ਬਾਤਫ਼ਸੀਲ ਤਸ਼ਰੀਹ ਅਤੇ ਪਾਠ ਨੂੰ ਵਧੇਰੇ ਸਮਝਣਯੋਗ ਬਣਾਉਣ ਲਈ ਵਿਸ਼ਰਾਮ-ਚਿੰਨ੍ਹ, ਟਿੱਪਣੀਆਂ ਅਤੇ ਔਖੇ ਸ਼ਬਦਾਂ ਦੇ ਅਰਥਾਂ ਸੰਬੰਧੀ ਜਾਣਕਾਰੀ ਇਸ ਗ੍ਰੰਥ ਵਿਚ ਸੰਪਾਦਨ-ਕਲਾ ਦੇ ਪਛਾਣਨਯੋਗ ਗੁਣ ਹਨ। ਭਾਈ ਸਾਹਿਬ ਨੇ ਇਸ ਪਾਠ ਦੀ ਤਿਆਰੀ ਸਮੇਂ ਪ੍ਰਾਪਤ ਖਰੜਿਆਂ ਨੂੰ ਗੌਲਿਆ ਹੈ ਅਤੇ ਇੱਛਿਤ ਜਾਂ ਅਣ-ਇੱਛਿਤ ਪੱਧਰ ਉਪਰ ਪੈਦਾ ਹੋਏ ਪਾਠਾਂਤਰ ਦੇ ਕਾਰਨਾਂ ਨੂੰ ਵੀ ਬਿਆਨ ਕੀਤਾ ਹੈ। ਇਸ ਗ੍ਰੰਥ ਦੀ ਸੰਸਕ੍ਰਿਤ ਪ੍ਰਧਾਨ ਬ੍ਰਜੀ ਬੋਲੀ ਅਤੇ ਸ਼ੈਲੀ ਦੇ ਵਿਭਿੰਨ ਰੰਗਾਂ ਦੀ ਪਛਾਣ ਵੀ ਭਾਈ ਸਾਹਿਬ ਨੇ ਕੀਤੀ ਹੈ। ਇਹ ਗ੍ਰੰਥ ਵੱਡ-ਆਕਾਰੀ ਹੈ, ਜੇਕਰ ਇਸ ਨੂੰ ਭਾਈ ਸਾਹਿਬ ਵਰਗਾ ਯੋਗ ਸੰਪਾਦਕ ਨਾ ਮਿਲਦਾ ਤਾਂ ਇਸ ਰਚਨਾ ਦੇ ਕਾਲ ਪ੍ਰਵਾਹ ਵਿਚ ਗੁੰਮ-ਗੁਆਚ ਜਾਣ ਦਾ ਪੂਰਾ ਖਦਸ਼ਾ ਸੀ।

ਇੰਜ ਹੀ ਭਾਈ ਸਾਹਿਬ ਨੇ 'ਪੁਰਾਤਨ ਜਨਮਸਾਖੀ' ਦੀ ਭੂਮਿਕਾ ਵਿਚ ਇਸ ਦੇ ਪ੍ਰਮਾਣਕ ਪਾਠ ਨੂੰ ਜਿਵੇਂ ਤਿਆਰ ਤੇ ਪ੍ਰਸਤੁਤ ਕੀਤਾ, ਉਸ ਸੰਬੰਧੀ ਇਸ ਰਚਨਾ ਦੇ ਆਰੰਭ ਵਿਚ ਕੁਝ ਵੇਰਵੇ ਦਰਜ ਕੀਤੇ ਹਨ। ਮਿਸਾਲ ਵਜੋਂ ਇਸ ਜਨਮਸਾਖੀ ਦੇ ਕਿੰਨੇ ਨੁਸਖੇ ਪ੍ਰਾਪਤ ਕੀਤੇ ਹਨ, ਉਨ੍ਹਾਂ ਦੀ ਆਪਸ ਵਿਚ ਕੀ ਸਾਂਝ ਜਾਂ ਭਿੰਨਤਾ ਹੈ, ਪਦਾਂ ਨੂੰ ਕਿਵੇਂ ਨਿਖੇੜਿਆ ਗਿਆ ਹੈ, ਗੁਰਬਾਣੀ ਦੇ ਸ਼ਬਦ ਤੇ ਸਲੋਕ ਕਿਵੇਂ ਪ੍ਰਮਾਣਕ ਪਾਠ ਨਾਲ ਮੇਲ ਕੇ ਸੋਧੇ ਗਏ ਹਨ, ਅੰਤਿਕਾਵਾਂ ਕਿਉਂ ਤਿਆਰ ਕੀਤੀਆਂ ਗਈਆਂ ਹਨ, ਹਰ ਸਾਖੀ ਨੂੰ ਤਰਤੀਬ ਤੇ ਨੰਬਰ ਕਿਉਂ ਦਿੱਤਾ ਗਿਆ ਹੈ, ਆਦਿ ਸਭ ਨੁਕਤਿਆਂ ਵੱਲ ਭਾਈ ਸਾਹਿਬ ਆਰੰਭ ਵਿਚ ਹੀ ਇਸ਼ਾਰਾ ਕਰ ਦਿੰਦੇ ਹਨ। ਇਨ੍ਹਾਂ ਨੁਕਤਿਆਂ ਦੀ ਪ੍ਰਸਤੁਤੀ ਅਤੇ ਪਾਠ ਵਿਚ ਇਨ੍ਹਾਂ ਦਾ ਬਾਖ਼ੂਬੀ ਨਿਭਾਓ ਭਾਈ ਸਾਹਿਬ ਦੀ ਪ੍ਰੌੜ ਸੰਪਾਦਕ ਕਲਾ, ਭਾਸ਼ਾ ਯੋਗਤਾ ਅਤੇ ਬਹੁਪਾਸਾਰੀ ਗਿਆਨ ਦਾ ਜ਼ਾਮਨ ਮੰਨਿਆ ਜਾ ਸਕਦਾ ਹੈ। ਪ੍ਰਮਾਣਕ ਪਾਠ ਦੀ ਉਸਾਰੀ ਲਈ ਜਿਨ੍ਹਾਂ ਹਿੱਸਿਆਂ ਨੂੰ ਕੱਟਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ, ਲੇਖਕ ਉਨ੍ਹਾਂ ਸੰਬੰਧੀ ਤਰਕਪੂਰਨ ਟਿੱਪਣੀ ਪਹਿਲਾਂ ਹੀ ਪ੍ਰਸਤੁਤ ਕਰ ਦੇਂਦਾ ਹੈ। ਮਿਸਾਲ ਵਜੋਂ :

> ਜੋ ਬਾਣੀਆਂ ਗੁਰੂ ਜੀ ਦੀਆਂ ਨਹੀਂ ਤੇ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹੀਆਂ ਤੇ ਜਨਮ ਸਾਖੀਆਂ ਵਾਲਿਆਂ ਬਾਹਰ ਦੀਆਂ ਕੀਤੀਆਂ (ਜਿਨ੍ਹਾਂ ਵਿਚ ਨਾਉਂ ਗੁਰੂ ਜੀ ਦਾ ਆਯਾ ਹੈ) ਲਿਖ ਦਿੱਤੀਆਂ ਹਨ ਉਨ੍ਹਾਂ ਦਾ ਨਮੂਨਾ ਅਸਾਂ ਅੰਤਿਕਾ ਵਿਚ ਦਿਖਾ ਦਿੱਤਾ ਹੈ, ਪੋਥੀ ਵਿਚ ਨਹੀਂ ਰੱਖਿਆ।[3]

ਭਾਈ ਸਾਹਿਬ ਦੀ ਪਾਠ ਸੰਪਾਦਨ ਯੋਗਤਾ ਦੀ ਹਲਕੀ ਜਿਹੀ ਪਛਾਣ ਤੋਂ ਪਿੱਛੋਂ ਅਸੀਂ ਉਨ੍ਹਾਂ ਦੀ ਸਿਧਾਂਤ-ਯੋਗਤਾ ਵੱਲ ਪਰਤਦੇ ਹਾਂ ਜਿਸ ਰਾਹੀਂ ਦਰਅਸਲ ਉਨ੍ਹਾਂ ਦੀ ਬਾਣੀ ਅਧਿਐਨ ਵਿਧੀ ਅਤੇ ਉਸ ਦੀ ਪ੍ਰਮਾਣਕਤਾ ਦੀ ਪਛਾਣ ਅਸਾਂ ਕਰਨੀ ਹੈ। ਉਂਜ ਤਾਂ ਵਿਦਵਾਨਾਂ ਨੇ ਭਾਈ ਵੀਰ ਸਿੰਘ ਦੀਆਂ ਕੁਝ ਕਾਵਿ-ਰਚਨਾਵਾਂ ਵਿਚੋਂ ਕਾਵਿ-ਸਿੱਧਾਂਤ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਹੈ। ਅਜੇਹੀ ਪਛਾਣ ਲੇਖਕ ਦੀਆਂ ਕਾਵਿ-ਟੂਕਾਂ ਦੀ ਪਰਖ- ਜੋਖ ਤੋਂ ਪਿੱਛੋਂ ਹੀ ਸੰਭਵ ਹੋ ਸਕੀ ਹੈ। ਇਸ ਪ੍ਰਸੰਗ ਵਿਚ ਅਕਸਰ ਲੇਖਕ ਦੀ ਕਾਵਿ-ਰਚਨਾ ਕਾਵਿ-ਰੰਗ-ਸੁੰਦਰਤਾ ਨੂੰ ਉਦਾਹਰਣ ਵਜੋਂ ਪ੍ਰਸਤੁਤ ਕੀਤਾ ਜਾਂਦਾ ਹੈ :

> ਕਵਿਤਾ ਦੀ ਸੁੰਦਰਤਾਈ, ਉੱਚੇ ਨਛੱਤਰੀਂ ਵਸਦੀ
> ‘ਆਪਣੇ ਸੰਗੀਤ ਲਹਿਰੇ, ‘ਆਪਣੇ ਪ੍ਰਕਾਸ਼’ ਲਸਦੀ
> ਇਕ ਸ਼ਾਮ ਨੂੰ ਏ ਓਥੋਂ, ਹੇਠਾਂ ਪਲਮਦੀ ਆਈ
> ਰਸ ਰੰਗ ਨਾਲ ਕੰਬਦੀ, ਸੰਗੀਤ ਥਰਥਰਾਈ।

ਇਸ ਰਚਨਾ ਵਿਚ ਲੇਖਕ ਆਪਣੇ ਅਧਿਆਤਮਕ ਦ੍ਰਿਸ਼ਟੀਕੋਣ ਸੰਬੰਧੀ ਸੰਕੇਤ ਕਰਦਾ ਹੋਇਆ ਰਸ, ਰੰਗ, ਸੰਗੀਤ ਅਤੇ ਸੁੰਦਰਤਾ ਨੂੰ ਪ੍ਰਮਾਣਕ ਕਵਿਤਾ ਦੇ ਪਛਾਣ-ਚਿੰਨ੍ਹਾਂ ਵਜੋਂ ਸਥਾਪਿਤ ਕਰਦਾ ਹੈ। ਉਸ ਦੀਆਂ ਹੋਰ ਬਹੁਤ ਸਾਰੀਆਂ ਕਾਵਿ ਰਚਨਾਵਾਂ ਵਿਚੋਂ ਉਸ ਦੀ ਇਹ ਧਾਰਨਾ ਸਹਿਜ ਜਾਂ ਸਜਤਨ ਰੂਪ ਵਿਚ ਸਾਹਮਣੇ ਆਉਂਦੀ ਹੈ। ਲੇਖਕ ਨੇ ਆਪਣੀ ਰਚਨਾ ਸ੍ਰੀ ਗੁਰੂ ਨਾਨਕ ਚਮਤਕਾਰ ਦੇ ਉਤਰਾਰਧ ਵਿਚ ਕਵਿਤਾ ਸੰਬੰਧੀ, ਆਪਣੇ ਧਾਰਮਿਕ ਅਧਿਆਤਮਕ ਦ੍ਰਿਸ਼ਟੀਕੋਣ ਸੰਬੰਧੀ, ਸਪੱਸ਼ਟ ਰੂਪ ਵਿਚ ਲਿਖਿਆ ਹੈ :

> ਜਿਸ ਦਾ ਮਸਤਕ ਵਾਹਿਗੁਰੂ ਦੇ ਦਰ ਠਹਿਕਦਾ ਹੈ ਤੇ ਓਥੋਂ ਇਲਾਹੀ ਝਰਨਾਟ ਨਾਲ ਅਕਹਿ ਭਾਵਾਂ ਵਿਚ ਥਰਰਾ ਉੱਠਦਾ ਹੈ ਤੇ ਫੇਰ ਉਹਨਾਂ ਭਾਵਾਂ ਨੂੰ ਰੰਗ ਰੱਤੀ ਬੋਲੀ ਵਿਚ ਗਾਉਂਦਾ ਹੈ, ਉਹ ਅਸਲ ਸ਼ਾਇਰ ਹੈ, ਉਹ ਸੰਪੂਰਨ ਕਵੀ ਹੈ। ਅਸਲ ਵਿਚ ਕਵੀ ਵੀ ਉਹ ਹੈ, ਜੋ ਦਿਸਦੇ ਸੰਸਾਰ ਨੂੰ ਅਣਦਿਸਦੇ ਨਾਲ ਜੋੜੀ ਰੱਖਦਾ ਹੈ। ਅਣਦਿਸਦੇ ਰਸਾਂ ਦਾ ਵਿਕਾਸ ਕਰਦਾ ਰਹਿੰਦਾ ਹੈ।[4]

“ਕਾਵਿ-ਰੰਗ-ਸੁੰਦਰਤਾ” ਵਿਚ ਮਾਣਕ ਕਾਵਿ ਦੀ ਪ੍ਰਕਿਰਤੀ ਦੀ ਪਛਾਣ ਸੰਬੰਧੀ ਰਸ, ਰੰਗ, ਸੰਗੀਤ ਅਤੇ ਸੁੰਦਰਤਾ ਦਾ ਸਿਧਾਂਤ ਸਪੱਸ਼ਟ ਸ਼ਬਦਾਂ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਲੇਖਕ ਲਈ ਧਾਰਮਿਕ ਕਵਿਤਾ ਹੀ ਅਸਲ ਵਿਚ ਕਵਿਤਾ ਹੈ ਬਾਕੀ ਸਭ ਕੁਝ ‘ਹਸਰਤ ਭਰੇ ਵਲਵਲੇ’ ਹਨ। ਸੰਪੂਰਨ ਕਵੀ ਦਾ ਫ਼ਰਜ਼ ਦਿਸਦੇ ਸੰਸਾਰ ਨੂੰ ਅਣਦਿਸਦੇ ਨਾਲ ਜੋੜੀ ਰੱਖਣਾ ਹੈ। ਸਪੱਸ਼ਟ ਸ਼ਬਦਾਂ ਵਿਚ ਕਾਵਿ ਸੰਬੰਧੀ ਲੇਖਕ ਦਾ ਦ੍ਰਿਸ਼ਟੀਕੋਣ ਧਾਰਮਿਕ ਅਧਿਆਤਮਕ ਹੈ ਅਤੇ ਉਸਦੀ ਕਾਵਿ-ਸਿਰਜਣਾ ਤੇ ਸਿੱਧਾਂਤ ਉਸ ਦੇ ਇਸ ਦ੍ਰਿਸ਼ਟੀਕੋਣ ਤੋਂ ਰੂਪ ਅਤੇ ਆਕਾਰ ਗ੍ਰਹਿਣ ਕਰਦੇ ਹਨ। ਕਿਉਂਕਿ ਭਾਈ ਸਾਹਿਬ ਸਿਰਫ਼ ਉਸੇ ਸਾਹਿਤ ਨੂੰ ਹੀ ਉੱਤਮ ਤੇ ਪ੍ਰਮਾਣਕ ਸਾਹਿਤ ਦਾ ਦਰਜਾ ਦੇਂਦੇ ਹਨ ਜਿਹੜਾ ਅਣਦਿਸਦੇ ਜਾਂ ਪਾਰਲੌਕਿਕ ਸੰਸਾਰ ਨਾਲ ਜੋੜੀ ਰੱਖਦਾ ਹੈ। ਇਸ ਲਈ ਉਨ੍ਹਾਂ ਨੇ ਵਿਆਖਿਆ ਤੇ ਵਿਸ਼ਲੇਸ਼ਣ ਵੀ ਉਸੇ ਸਾਹਿਤ ਦੀ ਹੀ ਕੀਤੀ ਹੈ, ਜਿਹੜਾ ਉਨ੍ਹਾਂ ਦੀ ਉਪਰੋਕਤ ਭਾਂਤ ਦੀ ਜੀਵਨ ਦ੍ਰਿਸ਼ਟੀ ਦਾ ਹਾਣੀ ਹੋਵੇ। ਭਾਈ ਸਾਹਿਬ ਦੇ ਕਥਨ ਮੁਤਾਬਕ :

> ਅਸਲੀ ਜੀਵਨ ਵਿਚ ਜ਼ਿਮੀਂਦਾਰ, ਮਜ਼ਦੂਰ, ਕਿਰਤੀ, ਕਾਰੀਗਰ ਵਪਾਰੀ ਦੀ ਲੋੜ ਬੰਦਗੀ ਕਬੂਲਣ ਵਾਲੇ, ਅਰਦਾਸ ਸੁਣਨ ਵਾਲੇ, ਮਿਹਰਾਂ ਕਰਨ ਵਾਲੇ ਰੱਬ ਦੀ ਹੈ ਤੇ ਸਾਰੀ ਇਨਸਾਨੀਅਤ ਦੀ ਟੇਕ ਇਹੋ ਹੈ।[5]

ਇਸ ਮੂਲ ਨੁਕਤੇ ਦੀ ਟੇਕ ਲੈਂਦੇ ਹੋਏ ਭਾਈ ਸਾਹਿਬ ਬਾਣੀ ਅਧਿਐਨ ਦਾ ਪ੍ਰਕਾਰਜ ਕਰਦੇ ਹਨ। ਭਾਈ ਸਾਹਿਬ ਤੋਂ ਪਹਿਲਾਂ ਜਨਮਸਾਖੀਆਂ ਵਿਚ ਗੁਰਬਾਣੀ-ਵਿਆਖਿਆ ਪ੍ਰਾਪਤ ਹੈ ਅਤੇ ਇਸ ਤੋਂ ਇਲਾਵਾ ਉਨ੍ਹਾਂ ਦੇ





ਦੋ ਸਮਕਾਲੀ ਮੌਲਾ ਬਖ਼ਸ਼ ਕੁਸ਼ਤਾ ਅਤੇ ਬਾਵਾ ਬੁੱਧ ਸਿੰਘ ਵੀ ਇਸੇ ਦ੍ਰਿਸ਼ਟੀਕੋਣ ਤੇ ਭਾਵਨਾ ਦੇ ਤਹਿਤ ਬਾਣੀ-ਅਧਿਐਨ ਦਾ ਪ੍ਰਕਾਰਜ ਕਰਦੇ ਦਿਖਾਈ ਦੇਂਦੇ ਹਨ।

ਮੌਲਾ ਬਖ਼ਸ਼ ਕੁਸ਼ਤਾ ਦੀ ਰਚਨਾ ‘ਪੰਜਾਬ ਦੇ ਹੀਰੇ’ (1932) ਵਿਚ ਬਾਣੀ-ਅਧਿਐਨ ਦਾ ਕਾਰਜ ਪ੍ਰਾਪਤ ਹੈ। ਉਸ ਦਾ ਧਿਆਨ ਵਧੇਰੇ ਕਰਕੇ ਬਾਣੀਕਾਰਾਂ ਦੇ ਜੀਵਨ ਸੰਬੰਧੀ ਪ੍ਰਾਪਤ ਜਾਂ ਪ੍ਰਚੱਲਿਤ ਵੇਰਵਿਆ ਉਪਰ ਹੀ ਟਿਕਿਆ ਰਹਿੰਦਾ ਰਹਿੰਦਾ ਹੈ। ਉਸ ਨੂੰ ਬਾਣੀ ਤੋਂ ਵਧੇਰੇ ‘ਬਾਣੀਕਾਰਾਂ’ ਦਾ ਧਿਆਨ ਹੈ। ਉਸ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਪ੍ਰਸਤੁਤ ਵੇਰਵੇ ਜਨਮ-ਸਾਖੀਆਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਪ੍ਰਸਤੁਤ ਵੇਰਵਿਆਂ ਦਾ ਹੀ ਸੰਖਿਪਤ ਅਤੇ ਸ਼ਾਬਦਿਕ ਤੌਰ ’ਤੇ ਬਦਲਿਆ ਰੂਪ ਹਨ। ਜਨਮਸਾਖੀਆਂ ਦੇ ਸਤਹੀ ਤੇ ਉਪਰਲੇ ਪੱਧਰ (surface level) ਨੂੰ ਉਹ ਅੰਤਿਮ ਸੱਚ ਵਜੋਂ ਗ੍ਰਹਿਣ ਕਰਦਾ ਹੋਇਆ ਉਸ ਨੂੰ ਨਾ ਸਿਰਫ਼ ਬਾਰ-ਬਾਰ ਦੁਹਰਾਉਂਦਾ ਹੈ ਸਗੋਂ ਸਥਾਪਿਤ ਕਰਨ ਦਾ ਯਤਨ ਵੀ ਕਰਦਾ ਹੈ।ਇੰਜ ਕਰਦਾ ਹੋਇਆ ਉਹ ਗੁਰਬਾਣੀ ਦੇ ਅੰਦਰਲੇ ਜਾਂ ਗੁਰਮਤਿ ਕਾਵਿ ਧਾਰਾ ਦੇ ਸਮੁੱਚੇ ਸਰੂਪ ਤਕ ਤਾਂ ਨਹੀਂ ਅੱਪੜਦਾ, ਲੋਕ ਮਨ ਨੂੰ ਗਿਆਨ ਤੋਂ ਸੱਖਣੇ ਵਿਸ਼ਵਾਸਾਂ ਦਾ ਠੁੰਮ੍ਹਣਾ ਅਵੱਸ਼ ਹੀ ਪ੍ਰਦਾਨ ਕਰਦਾ ਹੈ। ਦਰਅਸਲ ਪ੍ਰਾਪਤ ਤੱਥਾਂ ਨੂੰ ਗਿਆਨ ਦੀ ਰੌਸ਼ਨੀ ਨਾਲ ਗ੍ਰਹਿਣ ਕਰਨ ਦੀ ਬਜਾਏ ਵਿਸ਼ਵਾਸਾਂ ਦੀ ਧੁੰਦ ਵਿਚ ਲਪੇਟ ਕੇ ਸਮਝਣਾ/ਵਿਆਖਿਆਉਣਾ ਉਸਦੇ ਸਮਕਾਲੀ ਸਮਾਜ ਵਿਚਲੇ ਅਵਚੇਤਨ ਦਾ ਅੰਗ ਵੀ ਹੈ ਅਤੇ ਉਸਦੀ ਆਪਣੀ ਮਾਨਸਿਕਤਾ ਦਾ ਅਟੁੱਟ ਹਿੱਸਾ ਹੈ। ਬਾਵਾ ਬੁੱਧ ਸਿੰਘ ਦੀ ਹਾਲਤ ਵੀ ਕੁਸ਼ਤਾ ਤੋਂ ਭਿੰਨ ਨਹੀਂ। ਉਸਦਾ ਮਕਸਦ ਵੀ ਤਤਕਾਲੀਨ ਲੋਕ ਮਾਨਸ ਵਿਚ ਵਸੇ ਗੁਰੂ ਸਾਹਿਬਾਨ ਦੇ ਬਿੰਬ ਨੂੰ ਦ੍ਰਿੜ ਕਰਨਾ ਹੈ। ਲੋਕ ਰਾਇ ਦੀ ਪੁਸ਼ਟੀ ਲਈ ਉਹ ਬਾਣੀ ਨੂੰ ਉਦਾਹਰਣ ਜਾਂ ਮਿਸਾਲ ਵਜੋਂ ਵਰਤ ਕੇ ਲੋਕ ਰਾਇ ਦੀ ਪਰਪੱਕਤਾ ਅਤੇ ਆਪਣੀ ਧਾਰਮਿਕ ਸੁਹਿਰਦਤਾ ਤਾਂ ਨਿਰਸੰਦੇਹ ਹੀ ਪ੍ਰਗਟ ਕਰ ਜਾਂਦਾ ਹੈ ਪਰ ਇਹ ਸਭ ਕੁਝ ਕਰਨ ਵੇਲੇ ਅਧਿਐਨ-ਵਸਤੂ ਨਾਲ ਇਨਸਾਫ਼ ਨਹੀਂ ਕਰਦਾ। ਲੋਕ ਰਾਇ ਨੂੰ ਦ੍ਰਿੜ੍ਹ ਕਰਨ ਜਾਂ ਪਰਿਪੱਕ ਕਰਨ ਅਤੇ ਨਾਲ ਹੀ ਨਾਲ ਆਪਣੀ ਸ਼ਰਧਾ ਤੇ ਵਿਸ਼ਵਾਸ ਨੂੰ ਪ੍ਰਸਤੁਤ ਕਰਨ ਕਾਰਨ ਕਈ ਵਾਰ ਉਹ ਵਕਤੀ ਧਾਰਮਿਕ ਸੰਕਟ ਨੂੰ ਖ਼ਤਮ ਕਰਨ ਦੇ ਆਸ਼ੇ ਪ੍ਰਤਿ ਪ੍ਰਤਿਬੱਧ ਧਿਰ ਨਾਲ ਆਪਣਾ ਨਾਤਾ ਜੋੜਦਾ ਪ੍ਰਤੀਤ ਹੁੰਦਾ ਹੈ।ਉਹ ਵੀ ਕੁਸ਼ਤਾ ਵਾਂਗ ਬਾਬਾ ਫ਼ਰੀਦ ਅਤੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਾਣਕਾਰੀ ਦੇਣ ਲਈ ਲੋਕ-ਮਨ ਵਿਚ ਉਪਸਥਿਤ ਕਥਾਵਾਂ/ਮਿਥਾਂ ਅਤੇ ਜਨਮਸਾਖੀਆਂ, ਟੀਕਿਆਂ ਅਤੇ ਗੋਸ਼ਟਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਪ੍ਰਾਪਤ ਵੇਰਵਿਆਂ ਨੂੰ ਅੰਤਿਮ ਸੱਚ ਵਜੋਂ ਗ੍ਰਹਿਣ ਕਰਦਾ ਹੈ। ਦਰਅਸਲ ਉਹ ਮੱਧਕਾਲੀ ਬਾਣੀ ਵਿਆਖਿਆ-ਪਰੰਪਰਾ ਨਾਲ ਜੁੜਿਆ ਹੋਇਆ ਹੈ, ਇਸੇ ਲਈ ਉਹ ਪ੍ਰਾਪਤ ਤੱਥਾਂ ਦੇ ਵਿਸ਼ਲੇਸ਼ਣ ਦੀ ਬਜਾਇ ਪ੍ਰਚਲਿਤ ਲੋਕ-ਮੰਨਤਾਂ ਅਤੇ ਅਸਚਰਜ ਕਹਾਣੀਆਂ ਨੂੰ ਬਾਣੀ ਵਿਚੋਂ ਢੂੰਡਦਾ ਹੈ। ਉਹ ਬਾਣੀ ਦੇ ਉਨ੍ਹਾਂ ਪਦਿਆਂ ਦੀ ਵਿਆਖਿਆ ਕਰਦਾ ਹੈ ਜੋ ਉਸਦੀ ਬਣੀ ਬਣਾਈ ਧਾਰਮਿਕ ਪ੍ਰਤਿਮਾਨਿਕ ਰਾਇ ਉੱਪਰ ਪੂਰੇ ਉਤਰਦੇ ਹਨ। ਉਹ ਵੀ ਪ੍ਰਚਲਿਤ ਲੋਕ ਮੰਨਤਾਂ ਅਤੇ ਗੁਰਬਾਣੀ ਵਿਚਲੇ ਅਰਥਾਂ ਵਿਚਾਲੇ ਅਨੁਪਾਤੀ ਸੰਬੰਧ ਮਿਥ ਕੇ ਤੁਰਨ ਵਾਲਾ ਅਧਿਏਤਾ ਹੈ। ਉਹ ਵੀ ਗੁਰਬਾਣੀ ਦੁਆਲੇ ਲਿਪਟੀਆਂ ਪ੍ਰਚਲਿਤ ਰਾਵਾਂ ਅਤੇ ਉਪਭਾਵੁਕਤਾ ਦੀ ਧੁੰਦ ਨੂੰ ਹੋਰ ਗਾੜ੍ਹਾ ਜਾਂ ਪੱਕਾ ਕਰਕੇ ਆਪਣੀ ਧਾਰਮਿਕ ਸ਼ਰਧਾ ਦਾ ਪ੍ਰਮਾਣ ਤਾਂ ਦਿੰਦਾ ਹੈ ਪਰ ਗੁਰਬਾਣੀ ਵਿਚਲੇ ਅਰਥਾਂ ਦੀ ਵਿਸ਼ਾਲਤਾ ਤੇ ਡੂੰਘਾਈ ਉਸਦੇ ਹੱਥ ਪੱਲੇ ਨਹੀਂ ਆਉਂਦੀ।

ਮੌਲਾ ਬਖ਼ਸ਼ ਕੁਸ਼ਤਾ ਤੇ ਬਾਵਾ ਬੁੱਧ ਸਿੰਘ ਦੇ ਟਾਕਰੇ ਵਿਚ ਭਾਈ ਵੀਰ ਸਿੰਘ ਦਾ ਬਾਣੀ ਅਧਿਐਨ-ਕਾਰਜ ਆਕਾਰ ਦੀ ਦ੍ਰਿਸ਼ਟੀ ਤੋਂ ਕਿਤੇ ਵਧੇਰੇ ਵਿਸ਼ਾਲ ਅਤੇ ਪ੍ਰਕਿਰਤੀ ਦੇ ਕੋਣ ਤੋਂ ਭਿੰਨ ਹੈ। ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਭਾਈ ਸਾਹਿਬ ਦੀ ਰਚਨਾ ਉੱਪਰ ਸਿੰਘ ਸਭਾ ਲਹਿਰ ਦਾ ਪ੍ਰਭਾਵ ਹੈ ਅਤੇ ਉਨ੍ਹਾਂ ਨੇ ਇਸ ਲਹਿਰ ਦੇ ਮੂਲ ਆਸ਼ਿਆਂ ਨੂੰ ਪ੍ਰਚਾਰਣ ਜਾਂ ਪ੍ਰਸਾਰਣ ਦਾ ਉੱਦਮ ਵੀ ਕੀਤਾ ਹੈ। ਉਨ੍ਹਾਂ ਦੇ ਸੁਚੇਤ ਪੱਧਰ ਉੱਪਰ ਸਿੱਖ- ਸੰਪ੍ਰਦਾ ਦੀ ਦੁਰਦਸ਼ਾ ਨੂੰ ਸੁਧਾਰਨ ਅਤੇ ਉਸਦੀ ਪਛਾਣ ਕਰਾਉਣ ਪ੍ਰਤਿ ਵੀ ਪ੍ਰਤਿਬੱਧਤਾ ਦਾ

ਇਜ਼ਹਾਰ ਕੀਤਾ ਹੈ। ਇਸੇ ਲਈ ਉਹ ਹਿੰਦੂ, ਮੁਸਲਮਾਨ ਤੇ ਈਸਾਈ ਧਰਮ ਦੇ ਮੁਕਾਬਲੇ ਵਿਚ, ਸੁਚੇਤ ਪੱਧਰ ਉੱਪਰ, ਸਿੱਖ ਧਰਮ ਦੇ ਆਸ਼ਿਆਂ ਦਾ ਪੱਖ ਪੂਰਦੇ ਹਨ। ਉਨ੍ਹਾਂ ਦੀ ਇਸੇ ਬਿਰਤੀ ਵਿਚੋਂ ਹੀ ਇਕ ਧਿਰ ਨੂੰ ਉਚਿਆਉਣ ਤੇ ਦੂਜੀ ਨੂੰ ਛੁਟਿਆਉਣ ਦੀ ਬਿਰਤੀ ਨੇ ਨੇ ਵੀ ਜਨਮ ਲਿਆ ਹੈ। ਹਾਂ, ਇਹ ਵੀ ਠੀਕ ਹੈ ਕਿ ਛੁਟਿਤਣ ਤ੍ਰਿਸਕਾਰ ਦੀ ਹੱਦ ਤਕ ਨਹੀਂ ਅਪੜਦੀ। ਇਸ ਬਿਰਤੀ ਦੇ ਤਹਿਤ ਭਾਈ ਸਾਹਿਬ ਦੀ ਧਾਰਮਿਕ-ਅਧਿਆਤਮਕ ਜੀਵਨ ਦ੍ਰਿਸ਼ਟੀ ਬਹੁਤ ਵਾਰ ਵਿਸ਼ੇਸ਼ ਸੰਪ੍ਰਦਾਇ ਤਕ ਜਾ ਸੁੰਗੜਦੀ ਹੈ। ਫਲਸਰੂਪ ਗੁਰਬਾਣੀ ਦੀ ਧਾਰਮਿਕ ਵਿਆਖਿਆ ਵਿਚੋਂ ਸੰਪਰਦਾਇਕ ਵਿਆਖਿਆ ਦਾ ਮੁਹਾਂਦਰਾ ਨਜ਼ਰੀਂ ਪੈਣ ਲੱਗ ਪੈਂਦਾ ਹੈ। ਇਸ ਸਥਿਤੀ ਵਿਚ ਵਸਤੂ ਮੂਲਕਤਾ ਦਾ ਲੋਪ ਹੋ ਜਾਣਾ ਕੋਈ ਅਲੋਕਾਰੀ ਗੱਲ ਨਹੀਂ ਹੁੰਦੀ ਅਤੇ ਅਧਿਐਨ-ਵਸਤੂ ਦਾ ਆਪਣਾ ਮੁਹਾਂਦਰਾ ਅਣਪਛਾਤਾ ਹੀ ਰਹਿ ਜਾਂਦਾ ਹੈ। ਸਮਕਾਲੀ ਮਨੋਰਥ ਨੂੰ ਪੂਰਾ ਕਰਨ ਵਾਲੀ ਇਹ ਬਿਰਤੀ ਸਰਬਕਾਲੀ ਮਹੱਤਵ ਤੋਂ ਹੱਥ ਧੋ ਬੈਠਦੀ ਹੈ। ਭਾਈ ਵੀਰ ਸਿੰਘ ਦੀ ਬਾਣੀ-ਵਿਆਖਿਆ-ਵਿਧੀ ਦੇ ਸੰਪਰਦਾਇਕਤਾ ਦੀ ਹੱਦ ਤਕ ਸੰਗੋੜ ਦਾ ਨਮੂਨਾ ਵੇਖੋ :

> ਗੁਰੂ ਨਾਨਕ ਸੱਚਾ ਵੈਦ ਹੈ ਪਰ ਇਤਨਾ ਵੱਡਾ ਹੈ ਕਿ ਸਾਰੇ ਜਹਾਨ ਦੀ ਮੁਕਤੀ ਉਹਨਾਂ ਨੇ ਹੀ ਕਰਨੀ ਹੈ 'ਸਭ ਤੇ ਵਡਾ ਸਤਿਗੁਰ ਨਾਨਕ' ਹੈ, ਇਹੀ ਗੁਰਬਾਣੀ ਆਖਦੀ ਹੈ ਤੇ ਇਹੀ ਹਰ ਸਿੱਖ ਦਾ ਵਿਸ਼ਵਾਸ ਹੈ।

ਇਸ ਕੁੰਜੀ ਧਾਰਨਾ ਨੂੰ ਭਾਈ ਸਾਹਿਬ ਏਥੇ ਹੀ ਨਹੀਂ ਛੱਡਦੇ ਬਲਕਿ ਗੁਰੂ ਨਾਨਕ ਸਾਹਿਬ ਦੀ ਬੁੱਧ, ਈਸਾ ਜੀ, ਸ੍ਰੀ ਰਾਮ, ਕ੍ਰਿਸ਼ਨ ਜੀ, ਸ਼ੰਕਰਾਚਾਰਯ, ਪਲਾਤੂਸ, ਸੁਕ੍ਰਾਤ, ਅਰਸਤੂ, ਕਾਂਟ ਅਤੇ ਸ਼ਾਪਨਹਯੂਰ ਆਦਿ ਨਾਲ ਤੁਲਨਾ ਪ੍ਰਸਤੁਤ ਕਰਕੇ ਹਰ ਵਾਰ ਅਜਿਹੇ ਕਥਨਾਂ ਨੂੰ ਪ੍ਰਸਤੁਤ ਕਰਦੇ ਹਨ : 'ਸ਼ੁਭ ਕਰਮਾਂ ਤੇ ਸਦਾਚਾਰ ਦੀ ਸਿਖਯਾ ਗੁਰੂ ਨਾਨਕ ਦੇਵ ਜੀ ਦੀ ਬੁੱਧ ਜੀ ਤੋਂ ਘਟਦੀ ਨਹੀਂ, ਵਧੇਰੇ ਹੀ ਲਿਸ਼ਕਾਰੇ ਮਾਰਦੀ ਹੈ, ਇਖ਼ਲਾਕੀ ਜੀਵਨ ਵਿਚ ਗੁਰੂ ਨਾਨਕ ਨੇ ਉੱਚੇ ਤੋਂ ਉੱਚੇ ਆਦਰਸ਼ ਵਾਲੇ ਬੁੱਧ ਤੋਂ ਵੀ ਤਿਖੇਰਾ ਚਾਨਣਾ ਪਾਇਆ, ਕ੍ਰਿਸ਼ਨ ਜੀ ਦਾ ਧਰਮ ਦਾ ਆਦਰਸ਼ ਗੁਰੂ ਨਾਨਕ ਵਿਚ ਆਪਣੇ ਉਸ ਕਮਾਲ 'ਤੇ ਹੈ, ਘੱਟ ਨਹੀਂ ਚੁੱਖ ਕੁ ਅਗੇਰੇ ਹੈ। ਪਰੰਤੂ ਗੁਰੂ ਨਾਨਕ ਦੇਵ ਜੀ ਵਿਚ ਓਹੀ ਡਿਊਟੀ ਦੇ ਨਿਰਬਾਹ ਦਾ ਕਮਾਲ, ਨਿਰਬਾਹ ਤੋਂ ਵੱਖਰਾ ਡਿਊਟੀ ਦੀ ਕਿਸਮ ਦੀ ਪਛਾਣ ਕਰਨ ਤੇ ਚੁਣ ਲੈਣ ਵਿਚ ਗੀਤਾ ਤੋਂ ਉੱਚਾ ਨਿਕਲ ਗਿਆ ਹੈ। ਸ੍ਰੀ ਕ੍ਰਿਸ਼ਨ ਜੀ ਦਾ ਡਿਊਟੀ ਉਪਦੇਸ਼ ਇਖਲਾਕੀ ਉਪਦੇਸ਼ ਹੈ, ਸ੍ਰੀ ਗੁਰੂ ਨਾਨਕ ਜੀ ਦਾ ਡਿਊਟੀ ਦਾ ਉਪਦੇਸ਼ ਇਖਲਾਕੀ ਕਮਾਲ ਤੇ ਰੂਹਾਨੀ ਕਮਾਲ ਦੋਹਾਂ ਵਿਚ ਕਮਾਲ 'ਤੇ ਹੈ, ਅਤੇ ਫ਼ਿਲਾਸਫ਼ੀ ਦੇ ਨੁਕਤਾ-ਖ਼ਿਆਲ ਤੋਂ ਸਭ ਤੋਂ ਉੱਚੇ (ਸ਼ੰਕਰਾਚਾਰਯ, ਪਲਾਤੂਸ, ਸੁਕ੍ਰਾਤ, ਅਰਸਤੂ, ਕਾਂਟ, ਸ਼ਾਨਪਹਾਰ ਆਦਿ) ਗੁਰੂ ਨਾਨਕ ਦੇਵ ਜੀ ਆਪਣੇ ਅਸਲੀ ਦੀਨ ਵਿਚ ਸਾਨੂੰ ਉਹ ਸਾਧਨ ਸਿਖਾਏ ਹਨ, ਜਿਨ੍ਹਾਂ ਨਾਲ ਅੱਜ-ਕੱਲ੍ਹ ਦੀ ਫ਼ਿਲਾਸਫ਼ੀ ਦੀ ਖੋਜ ਤੋਂ ਲੱਭੇ ਟਿਕਾਣੇ 'ਤੇ ਪਹੁੰਚ ਹੋ ਜਾਂਦੀ ਹੈ, ਆਦਿ।"[8]

ਇਹ ਨੁਕਤਾ ਭਾਈ ਸਾਹਿਬ ਨੇ ਇਸ ਚਮਤਕਾਰ ਵਿਚ ਸ਼ਬਦਾਂ ਦੇ ਹੇਰ-ਫੇਰ ਨਾਲ ਕਈ ਵਾਰ ਦੁਹਰਾਇਆ ਹੈ। ਨਮੂਨੇ ਵਜੋਂ :

> ਸਤਿਗੁਰ ਨਾਨਕ ਦੇਵ ਜੀ ਸਭ ਤੋਂ ਵੱਡੇ ਹਨ; ਜਿੰਨੇ ਸੰਸਾਰ ਵਿਚ ਜਨ ਯਾਂ ਹਰੀਜਨ, ਪੈਗੰਬਰ, ਅਵਤਾਰ ਹੋਏ ਹਨ ਓਹ ਸਭਨਾਂ ਤੋਂ ਵੱਡੇ ਹੋਏ ਹਨ।

ਇਹ ਟੂਕਾਂ ਭਾਈ ਸਾਹਿਬ ਦੀ ਸੰਪਰਦਾਇਕ ਗੁਰਬਾਣੀ ਅਧਿਐਨ ਵਿਧੀ ਅਤੇ ਸ਼ਰਧਾ ਮੂਲਕ ਬਿਰਤੀ ਦਾ ਨਮੂਨਾ ਮੰਨੀਆਂ ਜਾ ਸਕਦੀਆਂ ਹਨ।

ਸਪੱਸ਼ਟ ਹੈ ਕਿ ਭਾਈ ਸਾਹਿਬ ਦੀ ਬਾਣੀ-ਅਧਿਐਨ-ਵਿਧੀ ਉਨ੍ਹਾਂ ਦੀ ਸ਼ਰਧਾ ਮੂਲਕ ਤੇ ਸੰਪਰਦਾਇਕ ਭਾਵਨਾ ਤੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ ਪਰੰਤੂ ਇਸ ਦੇ ਨਾਲ ਹੀ ਇਹ ਵੀ ਧਿਆਨਯੋਗ ਹੈ ਕਿ ਭਾਈ





ਸਾਹਿਬ ਨੇ, ਵਿਸ਼ੇਸ਼ ਕਰਕੇ ਚਮਤਕਾਰਾਂ ਵਿਚ, ਬਹੁਤ ਥਾਵਾਂ ਉਪਰ ਇਹ ਵੀ ਯਤਨ ਕੀਤਾ ਹੈ ਕਿ ਜਨਮਸਾਖੀਆਂ ਵਿਚਲੇ ਕਰਾਮਾਤੀ ਰੰਗ ਨੂੰ ਮਨਾਊ ਪ੍ਰਭਾਵ ਵਿਚ ਢਾਲਿਆ ਜਾਵੇ। ਉਨ੍ਹਾਂ ਦੀ ਇਹ ਬਿਰਤੀ ਉਨ੍ਹਾਂ ਨੂੰ ਉਨ੍ਹਾਂ ਦੇ ਸਮਕਾਲੀ ਬਾਣੀ ਅਧਿਏਤਾਵਾਂ ਤੋਂ ਸਹਿਜੇ ਹੀ ਨਿਖੇੜ ਦੇਂਦੀ ਹੈ। ਨਿਰਸੰਦੇਹ ਸ਼ਰਧਾ ਭਾਵਨਾ ਦੇ ਤਹਿਤ ਉਹ ਵੀ ਜਨਮਸਾਖੀਆਂ ਵਿਚ ਪੇਸ਼ ਤੱਥਾਂ ਨੂੰ ਪੁਸ਼ਟ ਕਰਨ ਦਾ ਅਕਸਰ ਯਤਨ ਕਰਦੇ ਹਨ ਪਰ ਉਨ੍ਹਾਂ ਦੀ ਵਿਧੀ ਚੋਖੀ ਭਿੰਨ ਹੈ। ਜਨਮਸਾਖੀਆਂ ਨੂੰ ਮਨਾਊ ਪ੍ਰਭਾਵ ਵਿਚ ਢਾਲਣ ਦੀ ਇੱਛਾ ਨੂੰ ਅਮਲੀ ਰੂਪ ਦੇਣ ਲਈ ਉਹ ਵਿਗਿਆਨ ਤੇ ਦਰਸ਼ਨ ਦੇ ਗਿਆਨ ਨੂੰ ਵੀ ਇਸ ਮਨੋਰਥ ਲਈ ਵਰਤਦੇ ਹਨ। ਭਾਵੇਂ ਕਈ ਥਾਵਾਂ ਉੱਪਰ ਉਹ ਕਥਨ ਦੀ ਪੱਧਰ ਉੱਪਰ ਆਖਦੇ ਹਨ ਕਿ ਬਾਣੀ ਵਿਆਖਿਆ ਦੀ ਟੇਕ ਉਨ੍ਹਾਂ ਲਈ ਗੁਰਬਾਣੀ ਹੈ ਪਰ ਉਨ੍ਹਾਂ ਦੇ ਅਜਿਹੇ ਕਥਨਾਂ 'ਸਤਿਗੁਰ ਨਾਲ ਬੀਤੀ ਸਾਖੀ ਹੈ', 'ਹੋ ਵਰਤੀ ਸਾਖੀ ਹੈ', 'ਤੇਰਾ ਕਹਿਣ ਤੋਂ ਸਪੱਸ਼ਟ ਪਤਾ ਲੱਗ ਗਿਆ ਕਿ ਇਹ ਕਿਸੇ ਪੰਡਿਤ ਨੂੰ ਸਮਝਾ ਰਹੇ ਹਨ' ਅਤੇ 'ਇਹ ਪਾਂਡੇ ਨਾਲ ਗੱਲਾਂ ਕਰ ਰਹੇ ਜਾਪਦੇ ਹਨ' ਆਦਿ ਤੋਂ ਉਨ੍ਹਾਂ ਦੀ ਜਨਮ ਸਾਖੀਆਂ ਉਪਰ ਟੇਕ ਬਾਰੇ ਵੀ ਸੰਦੇਹ ਨਹੀਂ ਰਹਿੰਦਾ। ਭਾਈ ਸਾਹਿਬ ਦੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਸੰਬੋਧਿਤ ਧਿਰ ਦੀ ਪਛਾਣ ਕੀਤੀ ਜਾਵੇ ਅਤੇ ਉਹ ਉਸ ਧਿਰ ਦੀ ਨਿਸ਼ਚਿਤ ਪਛਾਣ ਦੀ ਕੋਸ਼ਿਸ਼ ਕਰਦੇ ਹਨ। ਫਲਸਰੂਪ ਗੁਰੂ ਸਾਹਿਬਾਨ ਦਾ ਕਥਨ ਸਮੁੱਚੇ ਜਾਂ ਵਿਸ਼ੇਸ਼ ਸਮਾਜਕ ਵਰਤਾਰੇ ਤੇ ਜੀਵਨ ਮੁੱਲਾਂ ਉੱਪਰ ਟਿੱਪਣੀ ਜਾਪਣ ਦੀ ਬਜਾਏ ਖ਼ਾਸ ਧਿਰ ਨਾਲ ਹੋਈ ਵਾਰਤਾਲਾਪ ਜਾਂ ਵਿਸ਼ੇਸ਼ ਘਟਨਾ/ ਸਥਿਤੀ ਬਾਰੇ ਵਕਤੀ ਪ੍ਰਤਿਕਰਮ ਭਾਸਣ ਲੱਗ ਪੈਂਦਾ ਹੈ। ਇੰਜ ਕੀਤਿਆਂ ਗੁਰਬਾਣੀ ਦੇ ਅਰਥਾਂ ਦੀ ਵਿਸ਼ਾਲਤਾ ਵਿਸ਼ੇਸ਼ ਸੀਮਾ ਵਿਚ ਬੰਦ ਹੋ ਕੇ ਰਹਿ ਜਾਂਦੀ ਹੈ। ਮਿਸਾਲ ਵਜੋਂ 'ਆਰਤੀ' ਬਾਰੇ ਟਿੱਪਣੀ ਹੈ ਕਿ :

> ਮਾਲੂਮ ਹੁੰਦਾ ਹੈ ਕਿ ਕਿਤੇ ਕਿਸੇ ਮੂਰਤੀ ਅੱਗੇ ਆਰਤੀ ਹੁੰਦੀ ਵੇਖ ਕੇ ਸਤਿਗੁਰਾਂ ਨੇ ਉਹਨਾਂ ਨੂੰ ਇਹ ਮਿੱਠਾ ਉਪਦੇਸ਼ ਕੀਤਾ ਹੈ।[10]

ਭਾਈ ਸਾਹਿਬ ਕਰਾਮਾਤੀ ਸਾਖੀਆਂ ਨੂੰ ਯਥਾਰਥਕ ਜਾਂ ਮਨਾਊ ਪੱਧਰ 'ਤੇ ਲਿਆਉਣ ਲਈ ਕਈ ਵਾਰ ਕਲਪਿਤ ਸੰਬਾਦਾਂ, ਕਲਪਿਤ ਘਟਨਾਵਾਂ, ਕਲਪਿਤ ਸਥਿਤੀਆਂ ਅਤੇ ਕਲਪਿਤ ਪ੍ਰਸੰਗਾਂ ਦੀ ਵੀ ਸਹਾਇਤਾ ਲੈਂਦੇ ਹਨ। ਕਈ ਥਾਂ ਉੱਪਰ ਇਨ੍ਹਾਂ ਵਿਚਲੇ ਅਰਥਾਂ ਤੇ ਬਾਣੀ-ਵਿਆਖਿਆ ਲਈ ਦੂਸਰੇ ਅਨੁਸ਼ਾਸਨਾਂ ਤੋਂ ਪ੍ਰਾਪਤ ਗਿਆਨ ਦਾ ਵੀ ਸਹਾਰਾ ਲਿਆ ਗਿਆ ਹੈ। ਮਿਸਾਲ ਵਜੋਂ ਮਰਦਾਨੇ ਨੂੰ ਮੇਢਾ ਬਣਾਉਣ ਵਾਲੀ ਸਾਖੀ ਨੂੰ ਆਪ ਮਨਾਊ ਪੱਧਰ ਉੱਪਰ ਲਿਆਉਣ ਲਈ ਹਿਪਨੋਟਿਜ਼ਮ ਜਾਂ ਮੈਸਮੇਰਿਜ਼ਮ ਦੇ ਸਿਧਾਂਤ ਦੀ ਮਦਦ ਲੈਂਦੇ ਹਨ। ਨਿਰਸੰਦੇਹ ਭਾਈ ਸਾਹਿਬ ਦਾ ਇਹ ਯਤਨ ਉਨ੍ਹਾਂ ਦੇ ਸਮਕਾਲੀਆਂ ਦੇ ਮੁਕਾਬਲੇ ਵਿਚ ਗੁਰਬਾਣੀ-ਅਧਿਐਨ ਦੀ ਤਹਿ ਵਿਚ ਕਾਰਜਸ਼ੀਲ ਸ਼ੁੱਧ ਵਿਸ਼ਵਾਸ ਤੇ ਨਿਰੋਲ ਸ਼ਰਧਾ ਨੂੰ ਘੱਟ ਕਰਨ ਦਾ ਯਤਨ ਹੈ ਪਰ ਕੁਲ ਮਿਲਾ ਕੇ ਉਨ੍ਹਾਂ ਦਾ ਯਤਨ ਵੀ ਗੁਣ ਦੇ ਪੱਖ ਦੇ ਆਪਣੇ ਸਮਕਾਲੀਆਂ ਤੋਂ ਬਹੁਤਾ ਭਿੰਨ ਨਹੀਂ। ਗੁਰੂ ਸਾਹਿਬਾਨ ਦੀਆਂ ਜੀਵਨ ਕਥਾਵਾਂ ਵਾਸਤਵਿਕਤਾ ਦੀ ਪੱਧਰ ਉੱਪਰ ਆਉਣ ਦੀ ਬਜਾਏ 'ਚਮਤਕਾਰਾਂ' ਦੀ ਪੱਧਰ ਉੱਪਰ ਰਹਿੰਦੀਆਂ ਹਨ ਜਿਨ੍ਹਾਂ ਵਿਚ ਕਰਾਮਾਤਾਂ, ਗ਼ੈਰ ਯਥਾਰਥਕ ਘਟਨਾਵਾਂ, ਕਰਿਸ਼ਮੇ ਆਦਿ ਸਹਿਜ ਰੂਪ ਵਿਚ ਹੀ ਪ੍ਰਵੇਸ਼ ਕਰ ਜਾਂਦੇ ਹਨ ਅਤੇ ਇਨ੍ਹਾਂ ਦੀ ਗੁਰਬਾਣੀ ਰਾਹੀਂ, ਉਸ ਦੇ ਮੂਲ ਸੁਭਾਉ ਦੇ ਉਲਟ, ਪੁਸ਼ਟੀ ਵੀ ਹੁੰਦੀ ਦਿਖਾਈ ਦੇਂਦੀ ਹੈ।

ਭਾਈ ਸਾਹਿਬ ਦਾ ਵਿਸ਼ਵ ਦ੍ਰਿਸ਼ਟੀਕੋਣ ਦੇਸ਼, ਕਾਲ ਅਤੇ ਦਿਸਦੇ ਦੀ ਬਜਾਏ ਆਦੇਸ, ਅਕਾਲ ਅਤੇ ਅਣਦਿਸਦੇ ਉੱਪਰ ਟਿਕਿਆ ਹੋਇਆ ਹੈ। ਉਹ ਸਾਇੰਸੀ ਗਿਆਨ ਨੂੰ ਵੀ ਆਪਣੀ ਇਸੇ ਵਿਸ਼ਵ ਦ੍ਰਿਸ਼ਟੀ ਰਾਹੀਂ ਵੇਖਦੇ/ਭਾਂਪਦੇ ਹਨ ਅਤੇ ਫਲਸਰੂਪ ਸਾਇੰਸੀ ਵਿਦਿਆ ਉਨ੍ਹਾਂ ਲਈ ਦ੍ਰਿਸ਼ਟਮਾਨ ਦਾ ਗਿਆਨ ਹੈ ਅਤੇ ਰੂਹਾਨੀ ਵਿਦਿਆ ਅਦ੍ਰਿਸ਼ਟਮਾਨ ਦੀ ਵਿਦਿਆ। ਸਾਇੰਸੀ ਵਿਦਿਆ ਦੀ, ਭਾਈ ਸਾਹਿਬ ਦੀ ਨਜ਼ਰ ਵਿਚ ਆਪਣੀ ਸੀਮਾ ਹੈ। ਇਹ ਵਿਸ਼ਵ ਦ੍ਰਿਸ਼ਟੀਕੋਣ ਉਨ੍ਹਾਂ ਦੀ ਬਾਣੀ-ਵਿਆਖਿਆ ਵਿਚ ਹਮੇਸ਼ਾ ਛੁਪਿਆ ਰਹਿੰਦਾ ਹੈ। ਉਨ੍ਹਾਂ ਦੇ ਕਥਨ ਮੁਤਾਬਕ :

ੳ. ਕਈ ਵਾਰ ਸਾਇੰਸ ਆਖਦੀ ਹੈ, 'ਰੱਬ ਹੈ ਨਹੀਂ।' ਸਤਿਗੁਰ ਨਾਨਕ ਆਖਦਾ ਹੈ : ਹੇ ਭਲੇ ਪੁਰਖ ! ਆਪਣੀ ਵਿਦਯਾ ਦੀ ਹੱਦ ਵਿਚ ਰਹੁ। ਤੂੰ ਕੁਦਰਤ ਦੀ ਖੋਜ ਵਿਚ ਹੈਂ, ਉਹ ਤੇਰੀ ਕੁਦਰਤ ਦੀ ਵਿਦਿਆ ਤੇ ਕਾਇਦਿਆਂ ਤੋਂ ਉੱਚਾ ਹੈ, ਉਹ ਕਾਦਰ ਹੈ। ਸਤਿਗੁਰ ਕੁਦਰਤ ਤੇ ਕਾਦਰ ਦਾ ਹਿਸਾਬ ਐਉਂ ਦੱਸਦੇ ਹਨ :

*"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰ ...* ।[11]

ਅ. ਜੀਕੂ ਲੋਕੀਂ ਸੰਤਰੇ ਵਿਚ ਸੰਤਰਾ ਵੇਖਦੇ ਹਨ, ਪਰ ਹੇ ਸਾਇੰਸ ਵੇਤਾ। ਤੈਨੂੰ ਇਸ ਵਿਚ ਸਾਈਟ੍ਰਿਕ ਐਸਡ (ਨਿੰਬੂ ਖਟਾਸ) ਜੁਦਾ ਕਰਕੇ ਵੇਖਣ ਲਈ ਕੈਮਿਸਟਰੀ (ਰਸਾਇਣ) ਵਿਦਯਾ ਦੀ ਲੋੜ ਹੈ, ਵਾਹਿਗੁਰੂ ਵਿਆਪਕ ਦੇ ਝਲਕੇ ਲਈ ਪਹਿਲਾਂ ਸਿਫ਼ਤ ਸਲਾਹ ਤੇ ਨਾਮ ਦੀ ਅਨੁਭਵੀ ਵਿਦਿਆ ਦੀ ਲੋੜ ਹੈ।[12]

ਭਾਈ ਵੀਰ ਸਿੰਘ ਨੇ ਗੁਰਬਾਣੀ ਦੀ ਵਧੇਰੇ ਕਰਕੇ ਸੰਪਰਦਾਇਕ ਤੇ ਸ਼ਰਧਾਮਈ ਵਿਆਖਿਆ ਕੀਤੀ ਹੈ। ਪਰ ਇਸ ਦੇ ਨਾਲ ਹੀ ਇਸ ਤੱਥ ਪ੍ਰਤਿ ਵੀ ਸੁਚੇਤ ਰਹਿਣ ਦੀ ਲੋੜ ਹੈ ਕਿ ਇਹ ਵਿਆਖਿਆ ਕਈ ਥਾਵਾਂ ਉਪਰ ਵਸਤੂਭਾਵੀ ਵਿਸ਼ਲੇਸ਼ਣ ਦੇ ਨਮੂਨੇ ਵੀ ਪ੍ਰਸਤੁਤ ਕਰਦੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਨਮੂਨਿਆਂ ਵਿਚ ਉਹ ਨਾ ਗੁਰਬਾਣੀ ਉੱਪਰ ਜਨਮਸਾਖੀਆਂ ਦੇ ਕਰਾਮਾਤੀ ਰੰਗ ਨੂੰ ਠੋਸਦੇ ਹਨ ਅਤੇ ਨਾ ਹੀ ਕਲਪਿਤ ਪ੍ਰਸੰਗਾਂ, ਪਾਤਰਾਂ ਤੇ ਸਥਿਤੀਆਂ ਦੀ ਘਾੜਤ ਕਰਦੇ ਹਨ। ਅਜਿਹੀਆਂ ਟਿੱਪਣੀਆਂ ਚਮਤਕਾਰਾਂ ਵਿਚ ਵੀ ਪ੍ਰਾਪਤ ਹਨ, ਪਰ ਅਪਵਾਦ ਰੂਪ ਵਿਚ। ਮਿਸਾਲ ਵਜੋਂ :

> ਪੂਰਬ, ਬਿਹਾਰ, ਬੰਗਾਲ, ਉੜੀਸਾ ਵਿਚ ਵੈਸ਼ਨੋ ਮਤ ਪ੍ਰਧਾਨ ਸੀ। ਉਹਨਾਂ ਵਿਚ ਆਰਤੀ ਜ਼ਰੂਰੀ ਅੰਸ਼ ਸੀ, ਜਗਨ ਨਾਥ ਸ਼ਿਰੋਮਣੀ ਮੰਦਰ ਸੀ। ... ਉਥੋਂ ਲੋਕਾਂ ਨੂੰ ਫੋਕੀ ਤੇ ਨਿਰੀ ਰਸਮ ਪ੍ਰਾਪਤੀ ਤੋਂ ਉਧਾਰਣ ਨਮਿਤ ਤੇ ਜੀਊਂਦੀ, ਪ੍ਰੇਮ ਦੀਆਂ ਝਰਨਾਟਾਂ ਵਾਲੀ, ਰੋਗ ਰਹਿਤ ਰੱਬੀ ਜ਼ਿੰਦਗੀ ਦਾਨ ਕਰਨ ਲਈ ਇਹ ਕੁਦਰਤ ਨਾਲ ਇਕਸੁਰ ਹੋ ਕੇ ਕਾਦਰ ਅੱਗੇ ਕਰਨ ਦੀ ਆਰਤੀ ਸਿਖਾਈ ਹੋਵੇ।[13]

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ-ਅਧਿਐਨ ਵਿਧੀ ਵਿਚੋਂ ਅਜਿਹੇ ਨਮੂਨੇ ਵਧੇਰੇ ਮਾਤਰਾ ਵਿਚ ਪ੍ਰਾਪਤ ਹਨ। ਇਸ ਗ੍ਰੰਥ ਵਿਚ ਭਾਈ ਸਾਹਿਬ ਕਥਨ ਦੀ ਪੱਧਰ ਉੱਪਰ ਵੀ ਇਹ ਦਾਅਵਾ ਕਰਦੇ ਹਨ ਕਿ ਉਹ ਪੂਰਵਲੇ ਸੰਸਕਾਰਾਂ ਜਾਂ ਧਾਰਨਾਵਾਂ ਤੋਂ ਮੁਕਤ ਹੋ ਕੇ ਅਧਿਐਨ-ਕਾਰਜ ਕਰ ਰਹੇ ਹਨ ਅਤੇ ਵਿਹਾਰ ਰਾਹੀਂ ਵੀ ਆਪਣੇ ਇਸ ਕਥਨ ਨੂੰ ਸਮੂਰਤ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਦੇ ਅਜਿਹੇ ਕਥਨਾਂ ਕਿ ਉਨ੍ਹਾਂ ਨੇ ਬਾਣੀ ਵਿਆਖਿਆ ਸਮੇਂ ਕਿਸੇ ਇਕ ਪੱਖ ਦੀ ਨਿੱਜੀ ਖਿਚੋਤਾਣ ਨਹੀਂ ਕੀਤੀ ਸਗੋਂ "ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਤੇ ਜੋ ਨਿਜ ਮਨ ਨੂੰ ਗੁਰ ਆਸ਼ਯ ਨਿਸ਼ਚੈ ਹੁੰਦਾ ਹੈ ਉਹ ਲਿਖਿਆ ਹੈ" ਵਿਚੋਂ ਉਪਰੋਕਤ ਮਤ ਦੀ ਪੁਸ਼ਟੀ ਭਲੀਭਾਂਤ ਹੋ ਜਾਂਦੀ ਹੈ। ਪੂਰਵ ਮਿਥਿਤ ਧਾਰਨਾਵਾਂ ਦਾ ਤਿਆਗ ਅਤੇ ਆਰੋਪਣ ਬਿਰਤੀ ਤੋਂ ਗੁਰੇਜ਼ ਕਰਨ ਤੋਂ ਇਲਾਵਾ ਜਜ਼ਬਾਤੀ ਤੇ ਕਾਵਿਕ ਜਾਂ ਭਾਵੁਕ ਭਾਸ਼ਾ ਦੀ ਵਰਤੋਂ ਤੋਂ ਪਰਹੇਜ਼ ਇਸ ਗ੍ਰੰਥ ਦੇ ਕੁਝ ਹੋਰ ਗੁਣ ਪ੍ਰਤੀਤ ਹੁੰਦੇ ਹਨ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦੀ ਬਾਣੀ-ਵਿਆਖਿਆ-ਵਿਧੀ ਸੰਪਰਦਾਇਕ ਮੁਹਾਵਰੇ ਵਿਚ ਢਲੀ ਹੋਈ ਹੈ। ਸ਼ਰਧਾ ਤੇ ਵਿਸ਼ਵਾਸ ਇਸ ਦੇ ਪਛਾਣ- ਚਿੰਨ੍ਹ ਹਨ। ਸੰਪਰਦਾਇਕ ਅਰਥਾਂ ਨੂੰ ਉਜਾਗਰ ਕਰਨ ਹਿਤ ਕਈ ਵਾਰ ਇਹ ਵਿਸ਼ਵਾਸ ਏਸ ਹੱਦ ਤਕ ਡੂੰਘਾ ਹੋ ਜਾਂਦਾ ਹੈ ਕਿ ਅਧਿਐਨ-ਵਸਤੂ ਦੇ ਅਰਥ ਸੰਕੁਚਿਤ ਹੋ ਜਾਂਦੇ ਹਨ। ਵਿਆਖਿਆ ਕਾਰਜ ਲਈ ਭਾਈ ਸਾਹਿਬ ਜਨਮਸਾਖੀਆਂ ਦੇ ਕਰਾਮਾਤੀ ਰੰਗ ਨੂੰ ਮਨਾਊ ਪੱਧਰ ਉੱਪਰ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਫਲਸਰੂਪ ਬਾਣੀ-ਵਿਆਖਿਆ ਇਕ ਨਵੀਨ





ਰੂਪਾਂਤਰਣ ਵਿਚੋਂ ਗੁਜ਼ਰਦੀ ਹੈ। ਭਾਈ ਸਾਹਿਬ ਗੁਰਬਾਣੀ ਨਾਲ ਜਨਮਸਾਖੀਆਂ ਰਾਹੀਂ ਜੁੜੇ ਗ਼ੈਬੀ ਤੇ ਕਰਾਮਾਤੀ ਰੰਗ ਦਾ ਅਮਿਥੀਕਰਣ ਨਹੀਂ ਕਰਦੇ ਬਲਕਿ ਇਕ ਨਵੀਨ ਮਿੱਥ ਦੀ ਸਿਰਜਣਾ ਵੱਲ ਰੁਚਿਤ ਹਨ। ਉਨ੍ਹਾਂ ਦੇ ਅਧਿਐਨ-ਕਾਰਜ ਵਿਚੋਂ ਵਸਤੂਭਾਵੀ ਬਿਰਤੀ ਦੇ ਨਮੂਨੇ ਵੀ ਮਿਲਦੇ ਹਨ, ਪਰ ਅਪਵਾਦ ਮਾਤਰ। ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਇਹ ਬਿਰਤੀ ਮੁਕਾਬਲਤਨ ਖ਼ਿੜਾਓ ਦੀ ਅਵਸਥਾ ਵਿਚ ਪ੍ਰਤੀਤ ਹੁੰਦੀ।

0-0-0

**ਹਵਾਲੇ** :


1. ਹਰਿਭਜਨ ਸਿੰਘ (ਸੰਪ.), **ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ**, ਹਿੰਦ ਪਾਕਟ ਬੁਕਸ, ਪੰਨਾ 2
2. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, **ਖਾਲਸਾ ਸਮਾਚਾਰ**, ਅੰਮ੍ਰਿਤਸਰ, 1954, ਪੰਨਾ 10
3. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮਸਾਖੀ ਸ੍ਰੀ ਗੁਰ ਨਾਨਕ ਦੇਵ ਜੀ*, **ਖਾਲਸਾ ਸਮਾਚਾਰ**, ਅੰਮ੍ਰਿਤਸਰ, 1971, ਪੰਨਾ 10
4. **ਖਾਲਸਾ ਸਮਾਚਾਰ**, ਅੰਮ੍ਰਿਤਸਰ, 1969, ਪੰਨਾ 330
5. ਉਹੀ, ਪੰਨਾ 361
6. ਉਹੀ, ਪੰਨਾ 374
7. ਉਹੀ, ਪੰਨਾ 381
8. ਉਹੀ, ਪੰਨਾ 401
9. ਉਹੀ, ਪੰਨਾ 329
10. ਉਹੀ, ਪੰਨਾ 337
11. ਉਹੀ, ਪੰਨਾ 371
12. ਉਹੀ, ਪੰਨਾ 372
13. ਉਹੀ, ਪੰਨਾ 337


ਸਾਬਕਾ ਪ੍ਰੋਫੈਸਰ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।
ਮੋਬਾਇਲ : 98557-19118

## ਅਸ਼ਟ ਗੁਰ ਚਮਤਕਾਰ 'ਤੇ ਆਧਾਰਿਤ - ਭਾਈ ਵੀਰ ਸਿੰਘ ਦੀ ਵਾਰਤਕ

ਸ. ਸੁਵਰਨ ਸਿੰਘ ਵਿਰਕ

ਭਾਈ ਵੀਰ ਸਿੰਘ (1872-1957) ਨਾਂ ਸਿਰਫ਼ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਦੇ ਤੌਰ 'ਤੇ ਜਾਣੇ ਜਾਂਦੇ ਹਨ ਸਗੋਂ ਉਹ ਬਹੁਵਿਧਾਈ ਲੇਖਕ ਹਨ। ਕਵਿਤਾ, ਨਾਵਲ, ਨਾਟਕ, ਪੱਤਰਕਾਰਤਾ ਅਤੇ ਪੁਰਾਤਨ ਜਨਮਸਾਖੀ, ਸ੍ਰੀ ਗੁਰੂ ਪਰਤਾਪ ਸੂਰਜ ਗ੍ਰੰਥ ਰਚਿਤ ਭਾਈ ਸੰਤੋਖ ਸਿੰਘ ਇਤਿਆਦਕ ਦਾ ਸੰਪਾਦਨ ਕਾਰਜ, ਉਹਨਾਂ ਦੁਆਰਾ ਸਿਰੇ ਚੜ੍ਹਾਏ ਗਏ। ਉਹ ਨਾਨਕਿਆਂ ਅਤੇ ਦਾਦਕਿਆਂ ਵੱਲੋਂ ਟਕਸਾਲੀ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਸਨ। ਇਸ ਲਈ ਸਿੱਖ ਸਾਹਿਤ, ਇਤਿਹਾਸ ਅਤੇ ਗੁਰਬਾਣੀ ਨਾਲ ਪ੍ਰੇਮ ਉਹਨਾਂ ਨੂੰ ਆਪਣੇ ਵਿਰਸੇ ਵਿਚੋਂ ਮਿਲਿਆ। ਭਾਈ ਸਾਹਿਬ ਸਿੰਘ ਦੇ ਜਨਮ ਤੋਂ ਮਸਾਂ ਚੌਥਾਈ ਕੁ ਸਦੀ ਪਹਿਲਾਂ ਹੀ ਪੰਜਾਬ ਇਕ ਸਾਂਝੇ ਪੰਜਾਬੀ ਰਾਜ ਦੁਆਰਾ ਸ਼ਾਸਿਤ ਸੀ ਜਿੱਥੇ ਮਹਾਰਾਜਾ ਰਣਜੀਤ ਸਿੰਘ ਤੇ ਉਸਦੇ ਵਾਰਸਾਂ ਦੁਆਰਾ ਬਿਨਾਂ ਕਿਸੇ ਮਜ਼੍ਹਬੀ ਵਿਤਕਰੇ ਤੋਂ ਰਾਜ ਪ੍ਰਬੰਧ ਚਲਾਇਆ ਜਾਂਦਾ ਸੀ। 29 ਮਾਰਚ 1849 ਈ. ਨੂੰ ਇਸ ਸਾਂਝੇ ਪੰਜਾਬੀ ਰਾਜ ਦਾ ਖਾਤਮਾ ਹੋ ਗਿਆ ਅਤੇ ਹੁਣ ਬਰਤਾਨਵੀ ਬਸਤੀਵਾਦੀਆਂ ਦੀ ਕੰਪਨੀ ਸਰਕਾਰ ਹੋਂਦ ਵਿਚ ਆ ਗਈ। ਨਵੀਂ ਸਰਕਾਰ ਨੇ ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਖੇਤਰਾਂ ਆਦਿ ਵਿਚ ਅਜਿਹੀਆਂ ਤਬਦੀਲੀਆਂ ਕੀਤੀਆਂ ਕਿ ਪੰਜਾਬੀ ਜਨਤਾ ਨੂੰ ਨਵੀਂ ਆਈ ਆਪਣੀ ਗੁਲਾਮੀ ਦਾ ਅਹਿਸਾਸ ਤੀਬਰਤਾ ਨਾਲ ਹੋਣ ਲੱਗ ਪਿਆ ਕਿਉਂਕਿ ਪਹਿਲਾਂ ਰਾਜਭਾਗ ਦੇ ਮਾਲਕ ਸਿੱਖ ਸਨ। ਹੁਣ ਸਰਕਾਰ ਨੇ ਪੰਜਾਬੀ ਭਾਸ਼ਾ ਜੋ ਅਕਸਰ ਇਸੇ ਗ਼ਲਤ ਫ਼ਹਿਮੀ ਤਹਿਤ ਸਿੱਖਾਂ ਨਾਲ ਹੀ ਜੋੜ ਦਿੱਤੀ ਜਾਂਦੀ ਸੀ, ਪੰਜਾਬ ਵਿਚ ਉਸਦੀ ਕੀਮਤ ਤੇ ਉਰਦੂ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ। ਸੱਤਾਧਾਰੀਆਂ ਦੀ ਸ਼ਹਿ ਤੇ ਈਸਾਈਅਤ ਦਾ ਪਰਚਾਰ ਜ਼ੋਰ ਫੜਨ ਲੱਗਾ ਅਤੇ ਸਿੱਖਾਂ ਦੇ ਵਿਚੋਂ ਵੀ ਨਾ ਸਿਰਫ਼ ਦਲਿਤ ਜਾਂ ਮੱਧਵਰਗੀ ਸਿੱਖ ਸਗੋਂ ਰਾਜ ਘਰਾਣਿਆਂ ਨਾਲ ਸੰਬਧਿਤ ਸਿੱਖ ਵੀ ਈਸਾਈ ਮੱਤ ਗ੍ਰਹਿਣ ਕਰਨ ਵਿਚ ਫ਼ਖ਼ਰ ਮਹਿਸੂਸ ਕਰਨ ਲੱਗੇ।

ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅਤੇ ਨਵੇਂ ਹਾਕਮਾਂ ਪ੍ਰਤੀ ਆਪਣੀ ਵਫ਼ਾਦਾਰੀ ਦਾ ਪ੍ਰਗਟਾਵਾ ਕਰਕੇ ਕੁਝ ਰਿਆਇਤਾਂ ਹਾਸਿਲ ਕਰਨ ਲਈ 1873 ਈ. ਵਿਚ ਸਿੰਘ ਸਭਾ ਲਹਿਰ ਆਰੰਭ ਹੋਈ। ਉਸ ਵਿਚ ਸਿੱਖਾਂ ਦੀ ਵੱਖਰੀ ਪਹਿਚਾਣ ਦੇ ਮਸਲੇ ਨੂੰ ਵੀ ਕੇਂਦਰ ਵਿਚ ਰੱਖਿਆ ਗਿਆ ਅਤੇ ਨਵੇਂ ਸਕੂਲ, ਕਾਲਜ ਆਦਿ ਖੋਲ ਕੇ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਆਰੰਭੇ। ਆਪਣੇ ਇਤਿਹਾਸ ਨੂੰ ਛੋਟੇ ਛੋਟੇ ਟਰੈਕਟਾਂ ਦੇ ਰੂਪ ਵਿਚ ਛਾਪ ਕੇ ਆਮ ਲੋਕਾਂ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਗਿਆ। ਭਾਈ ਵੀਰ ਸਿੰਘ ਹੋਰਾਂ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਵਾਲੇ ਬੌਧਿਕ ਵਾਯੂਮੰਡਲ ਵਿਚ ਆਪਣੀਆਂ ਅੱਖਾਂ ਖੋਲ੍ਹੀਆਂ। ਇਸੇ ਪ੍ਰਭਾਵ ਅਧੀਨ ਹੀ ਉੱਨ੍ਹੀਵੀਂ ਸਦੀ ਦੇ ਆਖਰੀ ਵਰ੍ਹਿਆਂ ਵਿਚ ਉਹਨਾਂ ਨੇ ਸਿੱਖ ਗੌਰਵ ਨੂੰ ਮੂਰਤੀਮਾਨ ਕਰਨ ਲਈ "ਸੁੰਦਰੀ" ਬਿਜੈ ਸਿੰਘ ਆਦਿ ਨਾਵਲਾਂ ਦੀ ਰਚਨਾ ਕੀਤੀ। ਇਹਨਾਂ ਨਾਵਲਾਂ ਵਿਚ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੇ ਖ਼ੂਨੀ ਪੱਤਰਿਆਂ ਨੂੰ ਫਰੋਲਦਿਆਂ, ਅੱਤਿਆਚਾਰੀ ਮੁਸਲਮਾਨ ਹਾਕਮਾਂ ਵਿਰੁੱਧ, ਆਮ ਸਿੱਖਾਂ ਨੂੰ ਹਥਿਆਰਬੰਦ ਹੋ ਕੇ ਗੁਰੀਲਾ ਜੰਗ ਲੜਦਿਆਂ ਵਿਖਾਇਆ ਗਿਆ। ਹਿੰਦੂਆਂ ਨੂੰ ਕਮਜ਼ੋਰ ਅਤੇ ਨਿਤਾਣੇ ਚਿਤਰ ਕੇ ਖ਼ਾਲਸੇ ਨੂੰ ਉਹਨਾਂ ਦੇ ਰਾਖਿਆਂ ਵਜੋਂ ਪੇਸ਼ ਕੀਤਾ ਗਿਆ।

ਭਾਈ ਸਾਹਿਬ ਦੀ ਵਾਰਤਕ ਮੁੱਖ ਤੌਰ ਤੇ ਤਿੰਨ ਚਮਤਕਾਰਾਂ, ਗੁਰੂ ਨਾਨਕ ਚਮਤਕਾਰ, ਅਸ਼ਟ ਗੁਰ ਚਮਤਕਾਰ ਅਤੇ ਕਲਗੀਧਰ ਚਮਤਕਾਰ ਉਤੇ ਆਧਾਰਿਤ ਹੈ। ਬੇਸ਼ੱਕ ਭਾਈ ਜੀ ਦੀ ਚਿੱਠੀ ਸਾਹਿਤ ਅਤੇ 'ਖ਼ਾਲਸਾ ਸਮਾਂਚਾਰ' ਅਖਬਾਰ ਵਿਚ ਹੋਰ ਵੀ ਵਾਰਤਕ ਰਚਨਾਵਾਂ ਮਿਲਦੀਆਂ ਹਨ। ਹੱਥਲੇ ਲੇਖ ਵਿਚ ਅਸੀਂ





ਇਸ ਵਾਰਤਕ ਦੀ ਚਰਚਾ ਕਰਨ ਲਈ ਆਪਣੇ ਆਪ ਨੂੰ "ਅਸ਼ਟ ਗੁਰ ਚਮਤਕਾਰ" ਤੱਕ ਸੀਮਤ ਰੱਖਾਂਗੇ। ਜਿਹਾ ਕਿ ਇਸਦੇ ਨਾਮ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਵਿਚ ਅੱਜ ਗੁਰੂ ਸਾਹਿਬਾਨ ਨਾਲ ਸੰਬੰਧਿਤ ਜੀਵਨ ਵੇਰਵੇ ਦਿੱਤੇ ਹੋਣਗੇ, ਪਰ ਇਹ ਠੀਕ ਨਹੀਂ- ਜਿਸ ਦਾ ਕਾਰਨ ਇਹ ਹੈ ਕਿ ਭਾਈ ਸਾਹਿਬ ਨੇ ਦੂਜੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਬਾਰੇ, ਅਸ਼ਟਗੁਰ ਚਮਤਕਾਰ ਭਾਗ ਪਹਿਲਾ ਤਾਂ ਆਪਣੇ ਸਾਹਵੇਂ ਛਪਵਾ ਲਿਆ। ਗੁਰੂ ਅਰਜਨ ਦੇਵ ਜੀ ਬਾਰੇ ਵੀ ਉਹਨਾਂ ਲਿਖ ਲਿਆ ਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਣਾ ਸ਼ੁਰੂ ਕੀਤਾ ਹੀ ਸੀ ਕਿ ਜੂਨ 1957 ਵਿਚ ਆਪ ਦਾ ਅੰਤ ਸਮਾਂ ਆ ਗਿਆ। ਇਉਂ ਅਸ਼ਟ ਗੁਰ ਚਮਤਕਾਰ ਦਾ ਪਹਿਲਾ ਭਾਗ ਗੁਰੂ ਅਰਜਨ ਦੇਵ ਜੀ ਤੱਕ ਹੀ ਮਿਲਦਾ ਹੈ। ਦੂਸਰਾ ਭਾਗ ਰਹਿੰਦੇ ਚਾਰ ਗੁਰੂ ਸਾਹਿਬਾਨਾਂ ਬਾਰੇ ਲਿਖਣ ਦਾ ਲੇਖਕ ਨੂੰ ਸਮਾਂ ਹੀ ਨਹੀਂ ਮਿਲਿਆ। ਜਿੱਥੇ ਭਾਈ ਜੀ ਦੀ ਕਵਿਤਾ ਦਾ ਘੇਰਾ ਸੈਕੂਲਰ (ਧਰਮ ਨਿਰਪੱਖ) ਹੈ ਉੱਥੇ ਇਸ ਵਿਚ ਸਿੱਖ ਗੁਰੂ ਸਾਹਿਬਾਨਾਂ ਦੀ ਮਹਿਮਾਂ ਦਾ ਗੁਣਗਾਨ ਕੀਤਾ ਗਿਆ ਹੈ। ਪਰ ਅਜਿਹਾ ਕਰਦਿਆਂ ਉਹ ਆਪਣਾ ਪਾਠਕਾਂ ਨਾਲ ਪੂਰਾ ਪੂਰਾ ਨਿਆਂ ਕਰਦੇ ਹਨ।

"ਸੋ ਭਾਈ ਵੀਰ ਸਿੰਘ ਆਪਣੇ ਪਾਠਕਾਂ ਨੂੰ ਸਾਧਾਰਨ ਸ਼ਰਧਵਾਨ ਸਿੱਖਾਂ ਦੇ ਪੱਧਰ ਤੋਂ ਉੱਚਾ ਚੁੱਕ ਕੇ ਸੂਝਵਾਨ ਸਿੱਖ ਬਣਾਉਂਦੇ ਹਨ, ਤਾਂ ਉਹ ਆਪ ਭੀ ਸਾਧਾਰਨ ਸ਼ਰਧਾਵਾਨ ਸਿੱਖ ਲੇਖਕਾਂ ਦੇ ਪੱਧਰ ਤੋਂ ਬਹੁਤ ਉੱਚੇ ਹਨ। ਉਨ੍ਹਾਂ ਵਿਚ ਸ਼ਰਧਾਵਾਨ ਬਿਰਤੀ ਤੇ ਵਿਗਿਆਨ ਬਿਰਤੀ ਦਾ ਬੜਾ ਸੁੰਦਰ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹ ਉਹਨਾਂ ਸ਼ਰਧਾਵਾਨ ਲੇਖਕਾਂ ਤੋਂ ਵੱਖਰੀ ਲੀਹ ਧਾਰਦੇ ਹਨ, ਜਿਹੜੇ ਜੀਵਨ ਖੋਜ ਤੋਂ ਅਭਿੱਜ ਰਹਿ ਕੇ ਕੇਵਲ ਲੋਕਾਂ ਦੇ ਮੂੰਹ ਚੜ੍ਹੀਆਂ ਸਾਖੀਆਂ ਦੇ ਆਧਾਰ ਉੱਤੇ ਇਤਿਹਾਸ ਲਿਖਦੇ ਹਨ ਜਾਂ ਇਸ ਤਰ੍ਹਾਂ ਲਿਖਣ ਵਾਲੇ ਹੋਰ ਲੇਖਕਾਂ ਦੇ ਪਿੱਛੇ ਲਗਦੇ ਹਨ। ਭਾਈ ਸਾਹਿਬ ਨੇ ਸਿੱਖ ਇਤਿਹਾਸ ਦੇ ਵੱਧ ਪ੍ਰਾਪਤ ਮੂਲ ਸੋਮਿਆਂ ਤੱਕ ਆਪਣੀ ਪਹੁੰਚ ਬਣਾਈ ਤੇ ਨਾ ਕੇਵਲ ਉਨ੍ਹਾਂ ਨੂੰ ਡੂੰਘੀ ਦ੍ਰਿਸ਼ਟੀ ਨਾਲ ਵਾਚਿਆ ਬਲਕਿ ਆਪਣੀ ਸੁਸਿੱਖਿਅਤ ਬੁੱਧੀ ਦੁਆਰਾ ਉਨ੍ਹਾਂ ਦੀ ਘੋਖ ਕਰਕੇ ਜਚਵੇਂ ਤੁਲਵੇਂ ਸਿੱਟੇ ਕੱਢਣ ਦਾ ਯਤਨ ਵੀ ਕੀਤਾ, ਦਸਾਂ ਗੁਰੂਆਂ ਦੇ ਜੀਵਨ ਤੇ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਬਾਰੇ ਜਿੰਨੀ ਭਰਪੂਰ ਵਾਕਫ਼ੀਅਤ ਭਾਈ ਵੀਰ ਸਿੰਘ ਨੂੰ ਸੀ, ਸ਼ਾਇਦ ਹੀ ਕਿਸੇ ਹੋਰ ਦੇਸੀ ਜਾਂ ਪ੍ਰਦੇਸੀ, ਸਿੱਖ ਜਾਂ ਗੈਰ ਸਿੱਖ ਲੇਖਕ ਨੂੰ ਹੋਵੇ। ਜੇ ਵਿਗਿਆਨਕ ਬਿਰਤੀ ਦਾ ਪਹਿਲਾ ਲੱਛਣ ਖੋਜ ਹੈ ਤਾਂ ਭਾਈ ਸਾਹਿਬ ਨੇ ਇਸ ਲੱਛਣ ਦਾ ਉੱਤਮ ਸਬੂਤ ਦਿੱਤਾ ਹੈ।"[1]

ਭਾਈ ਸਾਹਿਬ ਦੀ ਗੁਰ-ਇਤਿਹਾਸ ਬਾਰੇ ਇਕ ਸਪੱਸ਼ਟ ਸਮਝ ਇਹ ਵੀ ਹੈ ਕਿ ਇਹ ਗੁਰਬਾਣੀ ਦੇ ਅਨੁਸਾਰ ਹੀ ਹੋ ਸਕਦਾ ਹੈ। ਜਿੱਥੇ ਵੀ ਕੋਈ ਘਟਨਾ ਗੁਰਬਾਣੀ ਦੇ ਆਸ਼ੇ ਅਨੁਸਾਰ ਮੇਲ ਨਹੀਂ ਖਾਂਦੀ ਉਸ ਦੀ ਭਰੋਸੇਯੋਗਤਾ 'ਤੇ ਪ੍ਰਸ਼ਨ ਉਠਾਇਆ ਜਾ ਸਕਦਾ ਹੈ। ਭਾਈ ਸਾਹਿਬ ਅਸ਼ਟ ਗੁਰੂ ਚਮਤਕਾਰ ਦੀ ਭੂਮਿਕਾ ਵਿਚ ਲਿਖਦੇ ਹਨ, "ਪ੍ਰਸੰਗਾਂ ਦਾ ਮਸਾਲਾ ਇਤਿਹਾਸਾਂ, ਰਵਾਇਤਾਂ, ਗੁਰ ਸ਼ਬਦਾਂ ਦੀ ਉਥਾਨਕਾ ਆਦਿ ਤੋਂ ਖੋਜ ਖੋਜ ਕੇ ਲੀਤਾ ਗਿਆ ਹੈ। ਪਰ ਇਹ ਤ੍ਰੀਕਾਂ, ਸੰਮਤਾਂ ਦੇ ਵਾਕਿਆਤ ਦਾ ਸੂਚੀ ਮਾਤ੍ਰ ਛਾਣਿਆ ਪੁਣਿਆ ਇਤਿਹਾਸ ਨਹੀਂ, ਇਹ ਸਿੱਖੀ ਜੀਵਨ ਦਾ ਇਤਿਹਾਸ ਹੈ ... ਫਿਰ ਇਹ ਗੁਰਬਾਣੀ ਦਾ ਟੀਕਾ ਹੈ, ਪਰ ਅਰਥ ਤੇ ਪਦ ਅਰਥਾਂ ਦੇ ਪ੍ਰਯਾਵਾਂ ਮਾਤ੍ਰ ਦੇ ਬੋਧ ਦਾ ਗ੍ਰੰਥ ਨਹੀਂ। ਇਹ ਗੁਰਬਾਣੀ ਦੇ ਭਾਵਾਂ ਦੀ ਚਿਤ੍ਰਸ਼ਾਲਾ ਹੈ।"[2]

ਗੁਰਬਾਣੀ ਤੋਂ ਇਲਾਵਾ ਉਹ ਭਾਈ ਗੁਰਦਾਸ ਜਨਮਸਾਖੀ, ਭਾਈ ਬਾਲਾ, ਪੁਰਾਤਨ ਜਨਮਸਾਖੀ, ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ, ਭਾਈ ਸੰਤੋਖ ਸਿੰਘ ਰਚਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਬੰਸਾਵਲੀਨਾਮਾ - ਕੇਸਰ ਸਿੰਘ ਛਿੱਬਰ, ਤਵਾਰੀਖ ਗੁਰੂ ਖਾਲਸਾ -ਗਿਆਨੀ ਗਿਆਨ ਸਿੰਘ, ਸ੍ਵਾਨਹਿ ਉਮਰੀ - ਗੁਰੂ ਅੰਗਦ ਦੇਵ (ਉਰਦੂ), ਮਾਖਜ਼ ਤਾਰੀਖੇ ਸਿੱਖਾਂ (ਫ਼ਾਰਸੀ)- ਸੰਪਾਦਕ ਪ੍ਰੋ. ਗੰਡਾ ਸਿੰਘ, ਗੁਰੂ ਪ੍ਰਨਾਲੀ - ਗੁਲਾਬ ਸਿੰਘ, ਮਹਾਨ ਕੋਸ਼ - ਭਾਈ ਕਾਹਨ ਸਿੰਘ ਨਾਭਾ, ਐਮ.ਏ. ਮੈਕਾਲਫ, ਪ੍ਰੋ. ਤੇਜਾ ਸਿੰਘ, ਐਲਫਿਨਸਟੋਨ, ਬੂਟੇ ਸ਼ਾਹ, ਗੁਰੂ ਬੰਸ ਚੰਦ੍ਰੋਦਯ, ਸ੍ਰੀ ਚਰਨ ਹਰਿ ਵਿਸਥਾਰ, ਭਗਤ ਰਤਨਾਵਲੀ - ਭਾਈ ਮਨੀ ਸਿੰਘ, ਗੁਰੂ ਪੰਚਾਸ਼ਿਕਾ, ਗੁਰਮਤ ਪੰਚਾਗ, ਕਾਨੂੰਨੇ

ਮੌਸੀਕੀ, ਬਾਣਾ ਬਿਉਰਾ - ਡਾ. ਚਰਨ ਸਿੰਘ, ਤੁਜ਼ਕੇ ਜਹਾਂਗੀਰੀ, ਤਾਰੀਖੇ ਪੰਜਾਬ - ਕਨੱਯਾ ਲਾਲ, ਉਮਦਹਿ-ਉ-ਤਵਾਰੀਖ, ਦਬਿਸਤਾਨ ਮਜ਼ਾਹਬ ਆਦਿ ਵੱਖ ਵੱਖ ਭਾਸ਼ਾਵਾਂ ਦੀਆਂ ਪੁਸਤਕਾਂ ਅਤੇ ਲੇਖਕਾਂ ਦੇ ਹਵਾਲਿਆਂ ਨਾਲ ਭਾਈ ਸਾਹਿਬ 'ਅਸ਼ਟ ਗੁਰ ਚਮਤਕਾਰ' ਵਿਚ ਚਾਰ ਗੁਰੂ ਸਾਹਿਬਨ ਦੇ ਜੀਵਨ ਚਰਿੱਤਰਾਂ ਬਾਰੇ ਲਿਖਦੇ ਹਨ। ਉਹ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਜਾਣਕਾਰ ਸਨ, ਇਸ ਲਈ ਉੱਪਰ ਵਰਣਿਤ ਸੋਮਿਆਂ ਤੱਕ ਉਹਨਾਂ ਦੀ ਰਸਾਈ ਸੰਭਵ ਹੋਈ।

"ਭਾਈ ਵੀਰ ਸਿੰਘ ਦੇ ਚਮਤਕਾਰਾਂ ਵਿਚ ਵਿਗਿਆਨਕ ਤੇ ਇਤਿਹਾਸ ਖੋਜ ਦੀ ਕਈ ਥਾਂ ਕਾਫ਼ੀ ਵਰਤੋਂ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕੇਵਲ ਇਤਿਹਾਸ ਦੀਆਂ ਪੁਸਤਕਾਂ ਕਹਿਣਾ ਠੀਕ ਨਹੀਂ। ਇਹ ਨਿਰੀਆਂ ਸਾਹਿਤਕ ਦ੍ਰਿਸ਼ਟੀਕੋਣ ਤੋਂ ਲਿਖੀਆਂ ਪੁਸਤਕਾਂ ਭੀ ਨਹੀਂ ਚਾਹੇ ਇਨ੍ਹਾਂ ਵਿਚ ਵਰਤੀ ਵਾਰਤਿਕ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਭਾਈ ਸਾਹਿਬ ਦਾ ਮਨੋਰਥ ਇਤਿਹਾਸ ਤੇ ਸਾਹਿਤ ਦੋਹਾਂ ਤੋਂ ਵੱਡਾ ਸੀ। ਉਹ ਗੁਰੂ ਸਾਹਿਬ ਦੇ ਵਿਅਕਤਿਤ੍ਵ ਤੇ ਗੌਰਵ ਨੂੰ ਆਮ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨਾਲੋਂ ਬਹੁਤ ਵਧੇਰੇ ਪਛਾਣਦੇ ਹਨ। ਭਾਈ ਵੀਰ ਸਿੰਘ ਉਨ੍ਹਾਂ ਦੀਆਂ ਬੁਨਿਆਦੀ ਕੀਮਤਾਂ ਬਾਰੇ ਬਹੁਤ ਚੇਤੰਨ ਸਨ। ਉਨ੍ਹਾਂ ਦਾ ਖਿਆਲ ਹੀ ਨਹੀਂ ਦ੍ਰਿੜ ਨਿਸ਼ਚਾ ਸੀ ਕਿ ਵਰਤਮਾਨ ਜੁਗ ਦੀ ਆਰਥਿਕ-ਪਦਾਰਥਕ ਕੀਮਤਾਂ ਲਈ ਬੇਮੇਚੀ ਦੌੜ-ਭੱਜ ਮਨੁੱਖਤਾ ਦੇ ਸੱਚੇ ਹਿੱਤ ਵਿਚ ਨਹੀਂ। ਆਤਮ ਕੀਮਤਾਂ ਦੀ ਵਿਆਖਿਆ ਪ੍ਰਚਾਰ ਤੇ ਪ੍ਰਸਾਰ ਨੂੰ ਉਨ੍ਹਾਂ ਨੇ ਆਪਣਾ ਉਦੇਸ਼ ਥਾਪਿਆ ਸੀ। ਉਹ ਚਾਹੇ ਕਵਿਤਾ ਲਿਖਦੇ ਸਨ, ਚਾਹੇ ਵਾਰਤਕ, ਨਾਵਲ, ਚਾਹੇ ਨਾਟਕ, ਇਤਿਹਾਸ ਚਾਹੇ ਜੀਵਨੀ, ਟੀਕੇ ਚਾਹੇ ਲੇਖ, ਉਨ੍ਹਾਂ ਦੀ ਹਰ ਲਿਖਤ ਉਚੇਰੀਆਂ ਕੀਮਤਾਂ ਦੇ ਪਰਸਾਰਨ ਦਾ ਮਾਧਿਅਮ ਸੀ। ਉਨ੍ਹਾਂ ਦੇ ਚਮਤਕਾਰ ਭੀ ਇਸੇ ਉਦੇਸ਼ ਦੀ ਪੂਰਤੀ ਵਜੋਂ ਲਿਖੇ ਗਏ।"[3]

ਭਾਈ ਵੀਰ ਸਿੰਘ ਗੁਰਮਤਿ ਦੇ ਸਫ਼ਲ ਵਿਆਖਿਆਕਾਰ ਸਿੱਧ ਹੁੰਦੇ ਹਨ। ਗੁਰਬਾਣੀ ਹੀ ਗੁਰਸਿਖ ਜੀਵਨ ਜਾਚ ਦੀ ਬੁਨਿਆਦੀ ਚੂਲ ਹੈ। ਆਪਣੇ ਪ੍ਰਸੰਗਾਂ ਵਿਚ ਉਹ ਗੁਰਬਾਣੀ ਦੀ ਇਸ ਤਰ੍ਹਾਂ ਨਾਲ ਸਰਲ ਸੁਬੋਧ ਵਿਆਖਿਆ ਕਰਦੇ ਹਨ ਕਿ ਪਾਠਕ ਜਾਂ ਸਰੋਤਾ ਇਸ ਨੂੰ ਆਪਣੇ ਜੀਵਨ ਵਿਚ ਉਤਾਰਨ ਦਾ ਲਾਹਾ ਲੈਣਾ ਚਾਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸੁੱਚੀ ਕਿਰਤ ਕਮਾਈ ਕਰਨ ਦਾ ਉਪਦੇਸ਼ ਦਿੱਤਾ। ਇਸੇ ਲਈ ਭਾਈ ਲਹਿਣਾ ਜੀ ਜਦੋਂ ਆਪ ਦੇ ਪਾਸ ਕਰਤਾਰ ਪੁਰ ਆਉਂਦੇ ਹਨ ਕਦੇ ਸਿਰ ਤੇ ਲੰਗਰ ਲਈ ਲੂਣ ਦਾ ਵੱਡਾ ਡਲਾ ਚੁਕ ਕੇ ਲਿਆਉਂਦੇ ਹਨ ਅਤੇ ਕਦੇ ਗੁਰੂ ਬਾਝੇ ਨਾਲ ਝੋਨੇ ਦੀ ਪੈਲੀ ਵਿਚੋਂ ਨਦੀਨ ਕੱਢ ਕੇ ਫਿਰ ਉਸ ਦੀ ਪੰਡ ਸਿਰ ਤੇ ਚੁੱਕ ਕੇ ਪਸ਼ੂਆਂ ਲਈ ਲੈ ਕੇ ਜਾਂਦੇ ਹਨ। ਗਿੱਲੇ ਘਾਹ ਦੀ ਪੰਡ ਨੇ ਰੇਸ਼ਮੀ ਬਸਤਰ ਮਟਮੈਲੇ ਕਰ ਦਿੱਤੇ।" ਇਹ ਕੌਤਕ ਮਾਤਾ ਜੀ ਦੇਖ ਰਹੇ ਸੇ। ਹੈਰਾਨ ਹੋਏ ਕਿ ਇਕ ਤਾਂ ਲੂਣ ਦਾ ਭਾਰ ਚੁੱਕੀ ਐਡੀ ਦੂਰੋਂ ਆਯਾ, ਦੂਜੀ ਵੇਰ ਫਿਰ ਇਤਨਾ ਭਾਰ ਚੱਕੇ ਕੇ ਖੇਤਾਂ ਤੋਂ ਆਇਆ, ਫਿਰ ਇਸ ਦੇ ਗਲ ਕੀਮਤੀ ਕੱਪੜੇ ਚਿਕੜ ਨਾਲ ਲਿਬੜ ਗਏ ਹਨ।

ਤਾਂ ਮਾਤਾ ਜੀ ਨੇ ਦਰਦ ਨਾਲ ਗੁਰੂ ਜੀ ਨੂੰ ਆਖਿਆ ਕਿ ਇਸ ਭਲੇ ਪੁਰਖ ਨੇ ਇੰਨੀ ਭਾਰੀ ਪੰਡ ਦੋ ਵੇਰ ਚਾਈ ਹੈ ਤੇ ਹੁਣ ਤਾਂ ਇਸ ਦੇ ਅਮੋਲਕ ਬਸਤ੍ਰ ਬੀ ਚਿਕੜਾਲੇ ਹੋ ਗਏ ਹਨ।

"ਤਦ ਗੁਣਾਂ ਦੇ ਕਦਰਦਾਨ ਗੁਰ ਨਾਨਕ ਮੁਸਕ੍ਰਾਏ ਤੇ ਬੋਲੇ"

"ਭੋਲੀਏ ਦੋ ਪੰਡਾਂ ਦਾ ਭਾਰ ਤਾਂ ਏਸ ਨਹੀਂ ਸੀ ਚਾਯਾ, ਓਹ ਤਾਂ ਦੋਹੁੰ ਜਗਤਾਂ ਦਾ ਭਾਰ ਇਸ ਦੇ ਸਿਰ ਤੇ ਸੀ, ਨਦੀਨਾਂ ਦਾ ਘਾਹ ਤਾਂ ਇਸ ਦੇ ਸਿਰ ਤੇ ਨਹੀਂ ਸੀ, ਉਹ ਤਾਂ ਦੀਨ ਦੁਨੀ ਦਾ ਛਤ੍ਰ ਝੁਲਦਾ ਸੀ, ਜਾਮੇ ਉਤੇ ਚਿਕੜ ਤਾਂ ਨਹੀਂ ਪਿਆ, ਉਹ ਤਾਂ ਕੇਸਰ ਦੇ ਛੱਟੇ ਪਏ ਹਨ। ਇਹ ਮੇਰਾ ਰਾਜ ਜੋਗ ਦਾ ਧਨੀ ਹੈ।"[4]

ਲਹਿਣਾ ਜੀ ਦਾ ਕਿਰਤੀ ਸੁਭਾਉ ਤੇ ਸੇਵਾ ਭਾਵ ਵੀ ਉਹਨਾਂ ਨੂੰ ਗੁਰੂ ਅੰਗਦ ਜੀ ਵਿਚ ਬਦਲ ਦਿੰਦਾ ਹੈ। ਗੁਰੂ ਨਾਨਕ ਨਾਲ ਉਹਨਾਂ ਦੀ ਪ੍ਰੀਤੀ ਦਾ ਚਿਤਰਣ ਭਾਈ ਜੀ ਇਉਂ ਕਰਦੇ ਹਨ "ਗੱਲਾਂ ਦੇ ਗਯਾਨ ਕੁੜੀਏ ਹੋਰ ਨੇਹੁੰ ਲਗਿਆਂ ਦੇ ਗਿਆਨ ਵੱਖਰੇ। ਗੁਰੂ ਨਾਨਕ ਤੋਂ ਵਿਛੜਨਾ ਗੁਰੂ ਅੰਗਦ ਲਈ ਹੈ ਵੱਡੀ ਤੋਂ ਵੱਡੀ ਪੀੜਾ, ਹੁਣ





ਗੁਰੂ ਦੇ ਧਿਆਨ ਤੋਂ ਨਾਂ ਵਿਛੁੜਨਾ। ਹੁਣ ਗੁਰੂ ਦੇ ਧਿਆਨ ਤੋਂ ਨਾਂ ਵਿਛੁੜਨਾ ਓਸ ਪੀੜਾ ਦਾ ਹਈ ਦਾਰੂ। ਸਮਝਿਆ ਈ।"[5] ਇਹ ਹੰਸੋ ਬਾਈ ਤੇ ਮਾਈ ਵਿਰਾਈ ਦਾ ਵਾਰਤਾਲਾਪ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਕਾਰ ਤੋਰਦਿਆਂ ਸੰਗਤਾਂ ਨੂੰ ਦਰਸ਼ਨ ਦਾਤ ਅਤੇ ਬਚਨਾਂ ਨਾਲੋਂ ਕ੍ਰਿਤਾਰਥ ਕਰਨਾ, ਗੁਰੂ ਨਾਨਕ ਦੇਵ ਜੀ ਦੀ ਜੀਵਨ-ਜਨਮ ਸਾਖੀ ਲਿਖਵਾਈ ਅਤੇ ਉਹਨਾਂ ਦੀ ਬਾਣੀ ਵੀ ਵੱਖ ਵੱਖ ਸਰੋਤਾਂ ਤੋਂ ਇਕੱਤਰ ਕੀਤੀ। ਗੁਰੂ ਇਤਿਹਾਸ ਅਤੇ ਗੁਰਬਾਣੀ ਦੇ ਸੰਕਲਨ ਦੇ ਇਹ ਵੱਡੇ ਕਾਰਜ ਸਿਰੇ ਚੜ੍ਹਾਏ।[6] ਜੋਗੀਆਂ ਨਾਲ ਗੱਲਬਾਤ ਸਮੇਂ ਗੁਰੂ ਅੰਗਦ ਜੀ ਉਹਨਾਂ ਦੇ ਹਠ ਯੋਗ ਨਾਲੋਂ ਗੁਰੂ ਨਾਨਕ ਜੀ ਦਾ ਸਹਜ ਯੋਗ ਨੂੰ ਪ੍ਰਾਥਮਿਕਤਾ ਦਿੰਦੇ ਹਨ।[7] ਆਪ ਨੂੰ ਕਰਮ ਕਾਂਡ ਅਤੇ 'ਵਰਣ ਆਸ਼੍ਰਮ' ਦਾ ਵੀ ਖੰਡਨ ਕੀਤਾ। ਗੁਰ ਸਿੱਖਯੋ ਦਾ ਚਲਾਣਾ ਕਿਹੋ ਜਿਹਾ ਹੁੰਦਾ ਹੈ, ਮਾਈ ਵਿਰਾਈ ਦੇ ਹਵਾਲੇ ਨਾਲ ਦੱਸਦੇ ਹਨ - "ਇਸੇ ਤਰ੍ਹਾਂ ਦੇ ਸਤਸੰਗ ਦੇ ਸਾਏ ਵਿਚ ਮਾਈ ਦੀ ਸਰੀਰਕ ਸਤਿਆ, ਸਿੰਮਦੇ ਘੜੇ ਵਿਚੋਂ ਪਾਣੀ ਦੇ ਸਨੇ ਸਨੇ ਘਟਦੇ ਜਾਣ ਵਾਂਙ ਘਟ ਰਹੀ ਸੀ।"[8]

ਗੁਰੂ ਅਮਰਦਾਸ ਜੀ ਨੇ ਸਾਂਝੇ ਲੰਗਰ ਦੀ , ਇੱਕੋ ਪੰਗਤ ਚ ਬਿਨਾਂ ਜਾਤੀ ਭੇਦ, ਪ੍ਰਥਾ ਤੋਰੀ ਅਤੇ ਘੁੰਡ ਪਰਦੇ ਦੀ ਵੀ ਔਰਤਾਂ ਨੂੰ ਮਨਾਹੀ ਕੀਤੀ।[9] ਸੰਗਤਾਂ ਦੀ ਜ਼ਰੂਰਤ ਲਈ ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਇਕ ਵੱਡੀ ਬਾਉਲੀ ਦਾ ਨਿਰਮਾਣ ਵੀ ਕਰਵਾਇਆ। ਇਸ ਕਾਰਜ ਵਿਚ ਆਪ ਦੇ ਜੁਆਈ ਸ੍ਰੀ ਰਾਮ ਦਾਸ ਜੀ ਤਤਪਰਤਾ ਨਾਲ ਜੁੱਟੇ ਰਹਿੰਦੇ। ਉਹਨਾਂ ਦਾ ਸ਼ਰੀਕਾ ਭਾਈਚਾਰਾ ਮਿੱਟੀ ਦੀ ਟੋਕਰੀ ਢੋਣ ਤੋਂ ਪਰੇਸ਼ਾਨੀ ਮੰਨ ਕੇ ਗੁਰੂ ਅਮਰ ਦਾਸ ਜੀ ਪਾਸ ਢੰਗ ਤਰੀਕੇ ਨਾਲ ਇਸ ਦਾ ਨਿਹੋਰਾ ਵੀ ਦੇ ਆਏ ਕਿ ਨੀਵੀਂ ਕਾਰ ਕਰ ਰਿਹਾ ਹੈ।" ਸੁਣ ਕੇ ਸ੍ਰੀ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ, "ਭਾਈ ਰਾਮ ਦਾਸ ਨੇ ਸਿਰ ਮਿੱਟੀ ਦੀ ਟੋਕਰੀ ਨਹੀਂ ਚਾਈ, ਦੀਨ ਦੁਨੀ ਦਾ ਛਤ੍ਰ ਚਾਇਆ ਹੈ"[10]

ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਸਿੱਖੀ ਦੁਆਰਾ ਕਰਮ ਕਾਂਡ, ਵਰਣ ਆਸ਼ਰਮ ਅਤੇ ਸੰਸਕ੍ਰਿਤ ਭਾਸ਼ਾ ਆਦਿ ਤਿਆਗਣ ਦੀ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਹੋਈ ਤਾਂ ਸਿੱਖੀ ਦੀ ਵਿਆਖਿਆ ਆਪ ਦੇ ਭੇਜੇ ਸ੍ਰੀ ਰਾਮ ਦਾਸ ਨੇ ਇਸ ਤਰ੍ਹਾਂ ਕੀਤੀ - "ਫਿਰ ਪਾਤਸ਼ਾਹ ਸਾਡੇ ਗੁਰੂ ਜੀ ਕੋਈ ਦਾਵਾ ਨਹੀਂ ਕਰਦੇ, ਉਹ ਹੰਨ ਤਾਂ ਪਿਗੰਬਰ, ਰੱਬ ਦੇ ਪਿਆਰੇ, ਧੁਰੋਂ ਆਏ। ਪਰ ਉਹ ਆਪ ਕੁਛ ਨਹੀਂ ਜਣਾਉਂਦੇ ਤੇ ਜੀਵਾਂ ਨੂੰ ਸਾਂਈਂ ਨਾਲ ਜੁੜਨ ਦੀ ਜਾਚ ਦੱਸਦੇ ਹਨ। ਉਹ ਦ੍ਵੈਖ ਨਹੀਂ ਸਿਖਾਲਦੇ ... ਕਿਸੇ ਮੱਤ ਦੇ ਕਿਸੇ ਪਿਗੰਬਰ ਅਵਤਾਰ ਨੂੰ ਬੁਰਾ ਨਹੀਂ ਕਹਿੰਦੇ। ਹਰ ਸਿਖ ਨੂੰ ਇਹ ਹੁਕਮ ਹੈ ਕਿ ਕਿਸੇ ਦੀਨ ਦੇ ਹਾਦੀ ਨੂੰ ਮਾੜਾ ਨਾ ਕਹੇ, ਕਿਸੇ ਮੱਤ ਦੀ ਨਿੰਦਾ ਨਾ ਕਰੇ, ਆਪਣੇ ਰੱਬ ਨੂੰ ਪਿਆਰ ਕਰੇ, ਉਸ ਦਾ ਨਾਮ ਜਪੇ, ਸਦਾ ਜੁੜੇ ਰਹੇ ਨਾਮ ਨਾਲ ਤੇ ਨਾਮ ਦੁਆਰਾ ਰੱਬ ਨਾਲ ਹਰ ਬੰਦੇ ਨੂੰ ਭਾਈ ਸਮਝੇ ਤੇ ਕਿਸੇ ਗੁਰ ਪੀਰ, ਅਤਿ ਮਜ਼ਹਬ ਨਾਲ ਦ੍ਵੈਖ ਨਾ ਕਰੇ। ਹਰ ਮਤਿ ਵਿਚੋਂ ਜਿੱਥੇ ਸੱਚ ਹੋਵੇ ਗ੍ਰਹਿਣ ਕਰ ਲਓ। ਜਿਥੇ ਅਸਤਿ ਹੋਏ ਗ੍ਰਹਿਣ ਨਾ ਕਰੋ ਪਰ ਦ੍ਵੈਖ ਨਾ ਕਰੇ। ਸਾਡਾ ਪੰਥ ਪ੍ਰੇਮ ਦਾ ਹੈ। ਅਸੀਂ ਜਗਤ ਦਾ ਭਲਾ ਕਰਨ ਵਾਸਤੇ ਇਕੱਠੇ ਹੁੰਦੇ ਹਾਂ, ਸੇਵਾ ਕਰਦੇ ਹਾਂ, ਸੁਮਤਿ ਦੇਂਦੇ ਹਾਂ। ਅੰਨ ਪਾਣੀ ਹਾਜ਼ਰ ਕਰਦੇ ਹਾਂ। ਸਿਖਾਂ ਨੂੰ ਹੀ ਨਹੀਂ ਕੋਈ ਆਵੇ ਸਾਡਾ ਪ੍ਰਾਹੁਣਾ ਹੈ। ਵੈਰ ਵਿਰੋਧ ਸਾਡੇ ਵਿਚ ਜਾਇਜ਼ ਨਹੀਂ ਹੈ। ਬਨਾਵਟ, ਭੇਖ, ਦੰਭ ਇਸ ਦੇ ਅਸੀਂ ਕਾਇਲ ਨਹੀਂ। ਅਸਲੀਅਤ ਤੇ ਸੱਚ ਦੇ ਅਸੀਂ ਦਾਸ ਹਾਂ।"[11]

ਗੁਰੂ ਅਮਰਦਾਸ ਜੀ ਦੇ ਛੋਟੇ ਪੁੱਤਰ ਮੋਹਰੀ ਦੇ ਘਰ ਜਦੋਂ ਦੂਸਰਾ ਲੜਕਾ ਪੈਦਾ ਹੋਇਆ ਤਾਂ ਉਸ ਦਾ ਨਾਮ ਆਨੰਦ ਰੱਖਿਆ ਗਿਆ। ਭਾਈ ਜੀ ਦੇ ਮੁਤਾਬਿਕ ਆਨੰਦ ਸਾਹਿਬ ਨਾਮ ਦੀ ਬਾਣੀ ਵੀ ਤੀਜੇ ਗੁਰੂ ਜੀ ਨੇ ਇਸ ਸਮੇਂ ਹੀ ਉਚਾਰਨ ਕੀਤੀ ਸੀ। ਪਰ ਹਰ ਸ਼ਾਦੀ ਗਮੀ ਦੇ ਕਾਰਜ ਵਿਚ ਉਸ ਸਮੇਂ ਸਬੰਧੀ ਆਪ ਬਾਣੀ ਰਚ ਦੇਂਦੇ ਸਨ, ਜੋ ਆਨੰਦ ਸਮੇਂ ਸੰਸਾਰਕ ਆਨੰਦ ਜਾਰੀ ਰਹੇ, ਪਰ ਪਰਮਾਰਥਕ ਆਨੰਦ ਵੀ ਅੱਖੋਂ ਉਹਲੇ ਨਾ ਹੋ ਜਾਵੇ। ਇਸੀ ਤਰ੍ਹਾਂ ਗਮੀਣਿਆਂ ਦੇ ਵੇਲੇ ਬਾਣੀ ਰਚ ਦੇਂਦੇ ਸੇ ਕਿ ਗ਼ਮ ਵਿਚ ਸਿਖ ਰੁੜ੍ਹ ਨਾ ਜਾਣ, ਨਾਸ਼ੁਕਰੀ ਵਿਚ ਨਾ ਚਲੇ ਜਾਣ, ਬੇਮੁਖ ਨਾ ਹੋ ਜਾਣ, ਬਾਣੀ ਪੜ੍ਹਨ ਵੈਰਾਗ ਆਵੇ ... ਭਾਣੇ ਮੰਨਣ ਦਾ ਬਲ ਪ੍ਰਾਪਤ ਹੋ ਜਾਵੇ।"[12]

ਤੀਜੇ ਗੁਰੂ ਜੀ ਅਲੂਣਾ ਓਗਰਾ (ਦਲੀਆ) ਛਕਿਆ ਕਰਦੇ ਸਨ। ਅਕਬਰ ਪਾਤਸ਼ਾਹ ਨੇ ਵੀ ਆਪ ਮੰਗ ਕੇ ਆਪ ਦੇ ਲੰਗਰ ਵਿਚੋਂ ਇਹ ਛਕਿਆ ਸੀ। ਗੁਰੂ ਸਾਹਿਬ ਦੇ ਸਾਂਝੇ ਲੰਗਰ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਉਹਨਾਂ ਨੂੰ ਸਾਢੇ ਬਾਰਾਂ ਪਿੰਡਾਂ ਦਾ ਪਟਾ ਗੁਰੂ ਅਮਰਦਾਸ ਜੀ ਦੀ ਹਦਾਇਤ ਤੇ ਆਪ ਦੇ ਜੁਆਈ ਰਾਮ ਦਾਸ ਜੀ ਦੇ ਨਾਮ ਕਰ ਦਿੱਤਾ ਸੀ, ਜਿੱਥੇ ਅੰਮ੍ਰਿਤਸਰ ਸ਼ਹਿਰ ਬੱਠਿਆ ਸੀ। ਇਸੇ ਕਰਕੇ ਮੁਗਲ ਪਾਤਸ਼ਾਹ ਜਦ ਕੋਈ ਗੱਲ ਹੋਣੀ ਤਾ ਗੁਰੂ ਘਰ ਨੂੰ 'ਰਾਮਦਾਸ ਕੇ' ਕਰਕੇ ਗੱਲ ਕਰਿਆ ਕਰਦੇ ਸਨ।[13] ਅੰਮ੍ਰਿਤਸਰ ਜਿਸ ਨੂੰ ਪਹਿਲਾਂ ਗੁਰੂ ਕਾ ਚੱਕ ਕਿਹਾ ਜਾਂਦਾ ਸੀ ਉਸਦੀ ਮੋੜ੍ਹੀ ਹਾੜ ਵਦੀ 12 ਸੰਮਤ 1627 ਬਿ. ਮੁਤਾਬਿਕ 1570 ਈ. ਵਿਚ ਗੱਡੀ ਗਈ। ਇਸ ਨੂੰ ਪਹਿਲਾਂ ਰਾਮ ਦਾਸ ਪੁਰ ਕਿਹਾ ਜਾਂਦਾ ਸੀ।

ਗੁਰੂ ਰਾਮ ਦਾਸ ਜੀ ਨੇ ਸਿੱਖ ਸੰਗਤਾਂ ਦੇ ਰੋਜ਼ਾਨਾ ਕਰਨ ਵਾਲੇ ਧਾਰਮਿਕ ਕਾਰਜਾਂ ਜਾਂ ਨਿਤਨੇਮ ਦਾ ਇਉਂ ਵਰਨਣ ਕੀਤਾ ਹੈ -

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਦੇਸੁ ਸੁਣਾਵੈ॥
ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ॥
(ਗਉੜੀ ਦੀ ਵਾਰ, ਮਹਲਾ 4)

ਸ਼ਹਿਰ ਦੇ ਨਿਰਮਾਣ ਕਾਰਜ ਅਤੇ ਅੰਮ੍ਰਿਤ ਸਰੋਵਰ ਦਾ ਤਾਲ ਪੱਕਾ ਕਰਨ ਲਈ, ਸੰਗਤ ਵਿਚੋਂ ਕਾਰ ਭੇਟ ਉਗਰਾਹੁਣ ਲਈ ਚੌਥੇ ਗੁਰੂ ਜੀ ਨੇ ਮਸੰਦ ਪ੍ਰਣਾਲੀ ਸ਼ੁਰੂ ਕੀਤੀ। ਇਹ ਫ਼ਾਰਸੀ ਦੇ ਸ਼ਬਦ ਮਸਨਦ ਤੋਂ ਬਣਿਆ ਸ਼ਬਦ ਹੈ। ਬਾਦਸ਼ਾਹ ਨੂੰ 'ਮਸਨਦੇ ਆਲੀ' ਕਿਹਾ ਜਾਂਦਾ ਸੀ। ਮਸੰਦ ਸਿੱਖੀ ਪਰਚਾਰ ਵਿਚ ਵੀ ਤਾਕ ਹੁੰਦੇ ਸਨ। ਇਹ ਲੋਕ ਪੂਰਨ ਮਹਾਤਮਾ ਤੇ ਉਚ ਜੀਵਨ ਵਾਲੇ ਗੁਰਮੁਖ ਹੁੰਦੇ ਸਨ।[14] ਗੁਰੂ ਰਾਮ ਦਾਸ ਜੀ ਨੇ ਆਪਣੀ ਬਾਣੀ ਵਿਚ ਲਾਵਾਂ, ਘੋੜੀਆਂ ਅਤੇ ਛੰਤ ਆਦਿ ਕਾਵਿ ਰੂਪਾਂ ਦੀ ਵਰਤੋਂ ਕਰਕੇ, ਸੰਸਾਰ ਤਿਆਗਣ ਦੀ ਬਜਾਏ ਗ੍ਰਹਿਸਤ ਵਿਚ ਰਹਿ ਕੇ ਪਰਵਿਰਤੀ ਮਾਰਗ ਨੂੰ ਦ੍ਰਿੜ ਕਰਵਾਇਆ।

ਗੁਰੂ ਰਾਮਦਾਸ ਜੀ ਦੀ ਪਰਖ ਕਸਵੱਟੀ ਤੇ ਵੱਡੇ ਪੁੱਤਰ ਪ੍ਰਿਥੀ ਚੰਦ ਅਤੇ ਵਿਚਕਾਰਲੇ ਮਹਾਂਦੇਵ ਜੀ ਦੀ ਬਜਾਏ, ਸਾਰਿਆਂ ਤੋਂ ਛੋਟੇ ਹੀ ਪੂਰੇ ਉੱਤਰੇ ਤੇ ਉਹੋ ਗੁਰੂ ਅਰਜਨ ਦੇਵ ਜੀ ਬਣੇ। ਇਸ ਪ੍ਰੀਖਿਆ ਵਿਚ ਗੁਰੂ ਅਰਜਨ ਦੇਵ ਜੀ ਰਚਿਤ ਮਾਝ ਰਾਗ ਵਿਚ 'ਸ਼ਬਦ ਹਜ਼ਾਰੇ' ਨਾਮ ਦੀ ਬਾਣੀ ਦੇ ਆਪ ਅਤੇ ਸੰਗਤ ਲਈ ਪਰੇਸ਼ਾਨੀਆਂ ਪੈਦਾ ਕਰਦੇ ਰਹੇ। ਜਦੋਂ ਪ੍ਰਿਥੀ ਚੰਦ ਬਾਬਾ ਬੁੱਢਾ ਜੀ ਪਾਸ ਸ਼ਿਕਾਇਤੀ ਸੁਰ ਵਿਚ ਗਿਆ ਕਿ ਮੈਂ ਵੱਡਾ ਸਾਂ ਤੁਸਾਂ ਮੇਰੇ ਨਾਲ ਅਨਿਆਂ ਕੀਤਾ ਹੈ ਤਾਂ ਬਾਬਾ ਜੀ ਨੇ ਕਿਹਾ "ਦੇਖੋ ਭਾਈ, ਗੁਰੂ ਗੱਦੀ ਦੁਨੀਆਂ ਦੀ ਵਿਰਾਸਤ ਨਹੀਂ ਕਿ ਪੁੱਤਰ ਨੂੰ ਜ਼ਰੂਰ ਮਿਲੇ ਤੇ ਵੱਡੇ ਨੂੰ ਹੀ ਮਿਲੇ। ਇਹ ਵਸਤੂ ਕਰਤਾਰ ਅਧੀਨ ਹੈ, ਜੋ ਧੁਰੋਂ ਲੈ ਕੇ ਆਉਂਦਾ ਹੈ, ਉਸ ਨੂੰ ਮਿਲਦੀ ਹੈ, ਚਾਹੇ ਦਾਸ ਹੋਵੇ ਚਾਹੇ ਪੁੱਤਰ। ਸੁਹਣੇ ਕਾਕੇ ਤੂੰ ਸਾਰੀ ਉਮਰ ਹੰਕਾਰ ਵਿਚ ਰਿਹਾ, ਤੂੰ ਟੇਕ ਪਦਾਰਥਾਂ, ਮੁਲਾਕਾਤਾਂ ਤੇ ਸਹਸ ਸਿਆਣਪਾਂ ਤੇ ਰੱਖੀ, ਕਦੀ ਪਿਤਾ ਦੇ ਅਨੁਕੂਲ ਹੋ ਗੁਰਮਤਿ ਗ੍ਰਹਿਣ ਨਾ ਕੀਤੀ। ਚਲਾਕੀਆਂ ਤੇ ਪੇਚਦਾਰੀਆਂ ਨਾਲ ਕਾਮਯਾਬੀ ਸਮਝੀ। ਸੰਗਤ ਦੀ ਸੇਵਾ ਕੀਤੀ ਪਰ ਚਲਾਕੀਆਂ ਦੀ ਵਿਉਂਤਿ ਵਿਚ। ਉਹ ਅੰਤਰ ਜਾਗ੍ਰਿਤ, ਉਹ ਹਉਮੈ ਤਿਆਗ, ਉਹ ਪਰ ਸੁਆਰਥ, ਉਹ ਸਾਂਈ





ਵਿਚ ਲੀਨਤਾ ਜੋ ਗੁਰੂ ਵਿਚ ਹੈ ਗੁਰੂ ਤੋਂ ਨਾ ਲਈ। ਗੁਰਤਾ ਤਿਆਗ ਹੈ, ਭਾਰੀ ਜ਼ਿੰਮੇਵਾਰੀ ਹੈ, ਤੂੰ ਐਸ਼੍ਵਰਜ ਸਮਝੀ ਤੇ ਲੈਣ ਲਈ ਛਲ ਕੀਤੇ। ਕੀ ਕੂੰ ਤੂੰ ਕਾਮਯਾਬ ਹੁੰਦਾ ਤੇ ਮੈਂ ਤੈਨੂੰ ਕੀਕੂੰ ਤਿਲਕ ਦੇ ਦਿੰਦਾ।"[15]

ਗੁਰੂ ਅਰਜਨ ਦੇਵ ਜੀ ਮਹਾਨ ਉਸਰੱਈਏ ਸਨ। ਆਪ ਨੇ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਪੱਕਾ ਕਰਨ ਤੋਂ ਬਿਨਾਂ ਤਰਨ ਤਾਰਨ ਅਤੇ ਕਰਤਾਰਪੁਰ (ਦੋਆਬਾ) ਆਦਿ ਨਗਰ ਵੀ ਵਸਾਏ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪੂਰਨ ਕੀਤੀ। ਜਹਾਂਗੀਰ ਬਾਦਸ਼ਾਹ ਦੀ ਕੱਟੜਪ੍ਰਸਤ ਨੀਤੀ ਦਾ ਨਿਸ਼ਾਨਾ ਬਣੇ ਅਤੇ ਸ਼ਹੀਦ ਹੋਏ। ਭਾਈ ਸਾਹਿਬ ਇਹ ਸਾਰੇ ਵੇਰਵੇ ਜਹਾਂਗੀਰ ਦੀ ਆਤਮ ਕਥਾ ਅਤੇ ਹੋਰ ਪੁਸਤਕਾਂ ਦੇ ਹਵਾਲੇ ਨਾਲ ਦਿੰਦੇ ਹਨ। "ਭਾਈ ਸਾਹਿਬ ਦਾ ਆਪਣਾ ਜੀਵਨ ਇਕ ਸ਼ਬਦ ਦੀ ਟਕਸਾਲ ਵਿਚ ਨਿਰਮਲ ਹੁੰਦਾ ਰਿਹਾ ਤੇ ਏਸੇ ਨਿਰਮਲਤਾ ਵਿਚੋਂ ਉਹ ਜੜ੍ਹ ਫੁਟਦੀ ਹੈ ਜੋ ਉਨ੍ਹਾਂ ਦੀ ਲੇਖਣੀ ਦਾ ਆਧਾਰ ਹੈ, ਜਿਸ ਦੇ ਘੇਰੇ ਵਿਚ ਉਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵੱਖੋ-ਵੱਖ ਨਾਮ ਦਿੰਦੇ ਹ:, ਯਥਾ - ਇਤਿਹਾਸ, ਸਾਹਿਤ, ਧਰਮ ਆਦਿਕ। ਉਨ੍ਹਾਂ ਲਈ ਇਹ ਚੀਜ਼ਾਂ ਅੱਡਰੀਆਂ ਨਹੀਂ ਸਨ। ਸਾਰੀਆਂ ਦੀਆਂ ਸਾਰੀਆਂ ਇਕ ਸਾਂਝੀ ਕਲਾ ਦਾ ਪ੍ਰਯਾਸ ਸਨ, ਜੋ ਆਪਣੇ ਮਿਲਵੇਂ ਸਰੂਪ ਵਿਚੋਂ ਉਮਲ ਕੇ ਵਿਗਾਸ ਵਿਚ ਆਉਂਦੀਆਂ ਸਨ। ਏਸ ਵਿਕਸਿਤ ਰੂਪ ਨੂੰ ਹੀ ਉਹ 'ਖੇੜੇ' ਦਾ ਨਾਉਂ ਦਿੰਦੇ ਸਨ। ਇਹ 'ਖੇੜਾ' ਮਨ ਦੀ ਚੀਜ਼ ਹੈ। ਇਹ ਪੈਸੇ ਧੇਲੇ ਦੀ ਖ਼ੁਸ਼ੀ ਨਹੀਂ, ਜਿਸ ਦੇ ਲਹਾ-ਚੜ੍ਹਾ ਵਿਚ ਇਕ ਸੰਸਾਰੀ ਜੀਵ ਗ੍ਰਸਿਆ ਰਹਿੰਦਾ ਹੈ। ਇਸ ਖੇੜੇ ਦੀ ਕਸਵੱਟੀ ਹੋਰ ਹੈ। ਇਸ ਕਸਵੱਟੀ ਦੀ ਪਰਖ ਹੋਰ ਹੈ। ਇਹੋ ਗਲ ਸਫੁਟ ਹੋ ਕੇ ਭਾਈ ਸਾਹਿਬ ਦੀ ਰਚਨਾ ਵਿਚੋਂ ਪ੍ਰਗਟ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਜੀਵਨ ਏਸ ਗੱਲ ਦਾ ਪ੍ਰਮਾਣ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਜੀ ਨੂੰ ਕੀ ਕੀ ਕਸ਼ਟ ਸਹਾਰਨੇ ਪਏ। ਭਾਈ ਗੁਰਦਾਸ ਜੀ ਏਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਨ੍ਹਾਂ ਤਸੀਹਿਆਂ ਦੇ ਬਾਵਜੂਦ ਕਿਸ ਤਰ੍ਹਾਂ ਗੁਰੂ ਜੀ ਦੀ ਅੰਤਮ ਅਵਸਥਾ ਅਡੋਲ ਰਸ ਵਿਚ ਨਿਮਗਨ ਰਹੀ।"[16]

ਭਾਈ ਵੀਰ ਸਿੰਘ ਨੇ ਗਿਆਨਮਈ ਅਤੇ ਸੁਹਜਮਈ ਵਿਆਖਿਆਕਾਰੀ ਵਾਲੀ ਪੰਜਾਬੀ ਵਾਰਤਕ ਦੀ ਇਕ ਵਿਸ਼ੇਸ਼ ਸ਼ੈਲੀ ਵਿਕਸਿਤ ਕੀਤੀ ਜਿਸ ਨੂੰ ਪਾਠਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਉਹ ਜਨਮ ਸਾਖੀ ਸ਼ੈਲੀ ਵਾਲੀ ਪੁਰਾਤਨ ਵਾਰਤਕ ਅਤੇ ਅਜੋਕੇ ਯੁਗ ਦੀ ਨਾਨਕ ਸਿੰਘ-ਗੁਰਬਖ਼ਸ਼ ਸਿੰਘ ਵਾਲੀ ਵਾਰਤਕ ਵਿਚ ਮਹੱਤਵਪੂਰਨ ਕੜੀ ਹਨ।

0-0-0

**ਹਵਾਲੇ** :


1. ਪ੍ਰੋ. ਰਾਮ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, *ਭਾਈ ਵੀਰ ਸਿੰਘ ਰਚਿਤ ਗੁਰੂ ਚਮਤਕਾਰ*, **ਭਾਈ ਵੀਰ ਸਿੰਘ ਰਚਨਾਵਲੀ (ਜਿਲਦ ਚੌਥੀ), ਭਾਗ ਦੂਜਾ, ਚਮਤਕਾਰ**, ਭਾਸ਼ਾ ਵਿਭਾਗ, ਪੰਜਾਬ, 2011, ਸਫ਼ਾ (i) ਅਤੇ (ii)
2. **ਸ੍ਰੀ ਅਸ਼ਟ ਗੁਰ ਚਮਤਕਾਰ (ਭਾਗ 1 ਤੇ 2)**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ 2010, ਪੰਨਾ ੳ, **ਭਾਈ ਵੀਰ ਸਿੰਘ ਸਾਹਿਤ ਚਿੰਤਨ**, ਸੰਪਾਦਕ, ਡਾ. ਹਰਚੰਦ ਸਿੰਘ ਬੇਦੀ, ਪੰਨਾ 65 ਵਿਚੋਂ ਉਧਰਿਤ
3. ਪ੍ਰੋ. ਰਾਮ ਸਿੰਘ, ਉਪਰੋਕਤ, ਸਫ਼ਾ (iii)
4. **ਭਾਈ ਵੀਰ ਸਿੰਘ ਰਚਨਾਵਲੀ (ਜਿਲਦ ਚੌਥੀ)**, ਭਾਗ ਦੂਜਾ, ਪੰਨਾ 824-25
5. ਉਹੀ, ਪੰਨਾ 942
6. ਉਹੀ, ਪੰਨਾ 976-78
7. ਉਹੀ, ਪੰਨਾ 979

8. ਉਹੀ, ਪੰਨਾ 994
9. ਉਹੀ, ਪੰਨਾ 1080
10. ਉਹੀ, ਪੰਨਾ 1099
11. ਉਹੀ, ਪੰਨਾ 1113
12. ਉਹੀ, ਪੰਨਾ 1118
13. ਉਹੀ, ਪੰਨਾ 1122
14. ਉਹੀ, ਪੰਨਾ 1158
15. ਉਹੀ, ਪੰਨਾ 1177
16. ਉਪਰੋਕਤ, **ਅਸ਼ਟ ਗੁਰ ਚਮਤਕਾਰ, ਭਾਗ 2**, ਡਾ. ਬਲਬੀਰ ਸਿੰਘ ਪੀਐੱਚ.ਡੀ. (London) ਦੀ ਭੂਮਿਕਾ, ਪੰਨਾ 1208

ਪਿੰਡ ਤੇ ਡਾਕਘਰ : ਕਰੀ ਵਾਲਾ,
ਜ਼ਿਲ੍ਹਾ : ਸਿਰਸਾ (ਹਰਿਆਣਾ) -125075
ਸੰਪਰਕ : 99963-71716





# ਭਾਈ ਵੀਰ ਸਿੰਘ ਦਾ ਸਮਕਾਲ ਅਤੇ ਉਸਦੀ ਵਾਰਤਕ

ਡਾ. ਧਰਮ ਸਿੰਘ

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਮੰਨੇ ਜਾਂਦੇ ਹਨ ਅਤੇ ਇਹ ਇਕ ਹਕੀਕਤ ਵੀ ਹੈ। ਭਾਈ ਵੀਰ ਸਿੰਘ ਦਾ ਜੀਵਨ ਕਾਲ (1872-1957) ਉਨੀਂਵੀ ਸਦੀ ਦੀ ਆਖ਼ਰੀ ਚੌਥਾਈ ਅਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਫੈਲਿਆ ਹੋਇਆ ਹੈ। ਇਹ ਉਹ ਸਮਾਂ ਹੈ ਜਦ ਪੰਜਾਬੀ ਜਨ-ਜੀਵਨ ਦੇ ਹਰ ਖੇਤਰ ਵਿਚ ਘਟਨਾਵਾਂ ਬੜੀ ਤੇਜ਼ੀ ਨਾਲ ਘਟ ਰਹੀਆਂ ਸਨ ਅਤੇ ਭਾਈ ਵੀਰ ਸਿੰਘ ਦੇ ਸਾਹਿਤ ਵਿਚ ਇਹ ਤੱਥ ਪ੍ਰਕਾਸ਼ਮਾਨ ਵੀ ਹੁੰਦਾ ਹੈ। ਬੇਸ਼ੱਕ ਭਾਈ ਵੀਰ ਸਿੰਘ ਇਕ ਕਵੀ, ਨਾਵਲਕਾਰ, ਨਾਟਕਕਾਰ, ਕੋਸ਼ਕਾਰ, ਵਿਆਖਿਆਕਾਰ ਸਨ ਪਰ ਵਾਰਤਕ ਲਿਖਣ ਵਿਚ ਵੀ ਉਹ ਓਨ੍ਹੇ ਹੀ ਨਿਪੁੰਨ ਸਨ। ਉਨੀਵੀਂ ਸਦੀ ਦੇ ਖ਼ਤਮ ਹੁੰਦਿਆਂ ਅਤੇ ਵੀਹਵੀਂ ਸਦੀ ਦੇ ਸ਼ੁਰੂ ਹੋਣ ਤੱਕ ਉਹ 'ਖਾਲਸਾ ਸਮਾਚਾਰ' ਅਤੇ 'ਨਿਰਗੁਨਿਆਰਾ' ਪੱਤਰ ਦੇ ਚੁੱਕੇ ਸਨ। ਇਨ੍ਹਾਂ ਵਿਚ ਛਪੀਆਂ ਭਾਈ ਜੀ ਦੀਆਂ ਵਾਰਤਕ ਰਚਨਾਵਾਂ ਨਿਬੰਧ ਦੇ ਬਹੁਤ ਨੇੜੇ ਹਨ। ਆਕਾਰ ਅਤੇ ਪ੍ਰਕਾਰ ਵਿਚ ਵੀ ਭਾਈ ਵੀਰ ਸਿੰਘ ਰਚਿਤ ਵਾਰਤਕ, ਕਵਿਤਾ ਨਾਲੋਂ ਵਧੇਰੇ ਵੀ ਹੈ ਅਤੇ ਪੁਰਾਣੀ ਵੀ। ਸਾਡੀ ਅੱਜ ਦੀ ਚਰਚਾ ਉਨ੍ਹਾਂ ਕੇਵਲ ਵਾਰਤਕ ਅਤੇ ਉਹ ਵੀ ਸ਼੍ਰੀ ਕਲਗੀਧਰ ਚਮਤਕਾਰ ਤਕ ਸੀਮਿਤ ਹੈ। ਭਾਈ ਜੀ ਦੀਆਂ ਵਾਰਤਕ ਰਚਨਾਵਾਂ ਦੇ ਮੁਲੰਕਣ ਅਤੇ ਉਨ੍ਹਾਂ ਦਾ ਪੰਜਾਬੀ ਵਾਰਤਕ ਵਿਚ ਸਥਾਨ ਨਿਸ਼ਚਿਤ ਕਰਨ ਲਈ ਸਾਨੂੰ ਉਸ ਵੇਲੇ ਦੇ ਸਮਕਾਲੀ ਪਰਿਪੇਖ ਉਪਰ ਝਾਤ ਮਾਰਨੀ ਪਵੇਗੀ ਕਿਉਂਕਿ ਭਾਈ ਜੀ ਦੀ ਭਾਸ਼ਾ ਅਤੇ ਸਾਹਿਤ-ਸੰਕਲਪ ਇਸੇ ਸਮਕਾਲੀ ਪਰਿਸਥਿਤੀਆਂ ਦੀ ਹੀ ਚੋਣ ਹਨ।

ਉਨੀਵੀਂ ਸਦੀ ਦੇ ਪਿਛਲੇ ਅੱਧ ਦੀ ਪੰਜਾਬੀ ਵਾਰਤਕ ਮੱਧਕਾਲੀ ਵਾਰਤਕ ਨਾਲੋਂ ਵੱਖਰੀਆਂ ਲੋੜਾਂ ਅਤੇ ਤਕਾਜ਼ਿਆਂ ਦੀ ਪੂਰਤੀ ਲਈ ਉਪਜੀ ਸੀ ਅੰਗਰੇਜ਼ ਹੁਕਮਰਾਨਾਂ ਵਲੋਂ ਲਾਗੂ ਕੀਤੀ ਗਈ ਨਵੀਂ ਵਿਦਿਆ ਪ੍ਰਣਾਲੀ ਦੁਆਰਾ ਪੱਛਮੀ ਪਦਾਰਥਵਾਦੀ ਸਭਿਆਚਾਰ ਨਾਲ ਸੰਪਰਕ ਵਿਚ ਆਏ ਪੰਜਾਬੀਆਂ ਦੇ ਸਮਾਜਕ, ਵਿਦਿਅਕ, ਸਭਿਆਚਾਰ ਅਤੇ ਅਰਥਚਾਰੇ ਵਿਚ ਇਕ ਨਵੀਂ ਹਲਚਲ ਪੈਦਾ ਹੋ ਰਹੀ ਸੀ। ਸੰਕ੍ਰਾਂਤੀ ਕਾਲ ਵਿਚਲਾ ਇਹ ਸਾਹਿਤ ਮੱਧਕਾਲੀ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚ ਇਕ ਪੁਲ ਦਾ ਕੰਮ ਕਰਦਾ ਹੈ। ਮੋਟੇ ਰੂਪ ਵਿੱਚ ਅਸੀਂ ਇਸ ਯੁੱਗ ਦੀ ਵਾਰਤਕ ਨੂੰ ਹੇਠ ਲਿਖੇ ਪੰਜਾਂ ਵਰਗਾਂ ਵਿਚ ਵੰਡ ਸਕਦੇ ਹਾਂ।

ੳ) ਇਤਿਹਾਸਕ ਵਾਰਤਕ- ਗਿਆਨੀ ਗਿਆਨ ਸਿੰਘ।
ਅ) ਧਾਰਮਿਕ ਵਾਰਤਕ - ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ।
ੲ) ਵਿਦਿਅਕ ਵਾਰਤਕ- ਬਿਹਾਰੀ ਲਾਲ ਪੁਰੀ/ਬਿਸਨਦਾਸ ਪੁਰੀ।
ਸ) ਸਮਾਜ ਸੁਧਾਰਕ ਵਾਰਤਕ- ਡਾ. ਚਰਨ ਸਿੰਘ
ਹ) ਸਭਿਆਚਾਰਕ ਵਾਰਤਕ- ਸ਼ਰਧਾ ਰਾਮ ਫਿਲੌਰੀ।

ਅੰਗ੍ਰੇਜ਼ੀ ਵਿਦਿਆ ਨਾਲ ਸੰਪਰਕ ਵਿਚ ਆਉਣ ਤੋਂ ਪਹਿਲਾਂ ਪੰਜਾਬੀ ਇਤਿਹਾਸ ਤਾਂ ਰਚਦੇ ਰਹੇ ਪਰ ਉਸਨੂੰ ਵਿਰਾਸਤ ਸਮਝ ਕੇ ਸਾਂਭਣ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਅਜੇਹੇ ਯਤਨ ਇਸ ਵੇਲੇ ਹੋਣ ਲੱਗੇ। ਇਸ ਤੋਂ ਪਹਿਲਾਂ ਇਤਿਹਾਸ ਵਧੇਰੇ ਕਰਕੇ ਕਵਿਤਾ ਵਿਚ ਹੀ ਲਿਖਿਆ ਜਾਂਦਾ ਸੀ ਪਰ ਹੁਣ ਵਾਰਤਕ ਵਿਚ ਵੀ ਲਿਖਿਆ ਜਾਣ ਲੱਗਾ। ਇਸ ਖੇਤਰ ਦੇ ਪ੍ਰਮੁੱਖ ਇਤਿਹਾਸਕ ਵਾਰਤਕਕਾਰ ਗਿ. ਗਿਆਨ ਸਿੰਘ ਹਨ। ਉਨ੍ਹਾਂ ਨੇ ਤਵਾਰੀਖ ਗੁਰ ਖਾਲਸਾ (ਦੋ ਭਾਗ) ਲਿਖਣ ਤੋਂ ਇਲਾਵਾ ਤਵਾਰੀਖ 'ਸ੍ਰੀ ਅੰਮ੍ਰਿਤਸਰ', 'ਤਵਾਰੀਖ਼ ਲਾਹੌਰ' ਆਦਿ

ਵਾਰਤਕ ਪੁਸਤਕਾਂ ਦੀ ਰਚਨਾ ਵੀ ਕੀਤੀ ਬੇਸ਼ੱਕ ਉਨ੍ਹਾਂ ਦੀ ਵਧੇਰੇ ਪ੍ਰਸਿੱਧ ਰਚਨਾ 'ਤਵਾਰੀਖ ਗੁਰੂ ਖਾਲਸਾ' ਹੈ। ਇਸ ਪੁਸਤਕ ਵਿਚੋਂ ਅਸੀਂ ਹੇਠਾਂ ਇਕ ਉਦਾਹਰਣ ਦਰਜ ਕਰਦੇ ਹਾਂ ਜਿਸ ਵਿਚ ਗੁਰੂ ਅਰਜਨ ਦੇਵ ਇਕ ਬ੍ਰਾਹਮਣ ਨੂੰ ਸੰਸਕ੍ਰਿਤ ਅਤੇ ਇਲਾਕਾਈ ਜ਼ਬਾਨਾਂ ਦੇ ਮਹੱਤਵ ਨੂੰ ਦ੍ਰਿੜ੍ਹ ਕਰਾਉਂਦੇ ਹਨ, "ਪੰਡਿਤ ਬੋਲੇ ਸੰਸਕ੍ਰਿਤ ਭਾਖ਼ਾਬਾਣੀ ਤੋਂ ਕਰਮ ਉਪਾਸਨਾ ਗਿਆਨ ਦੀ ਬਿਧਿ ਭੇਦ ਹੱਥ ਨਹੀਂ ਲਗਦਾ। ਜਿਕੁਰ ਸੰਜਮ ਬਿਨਾਂ ਦੁੱਧ ਵਿਚੋਂ ਘਿਉ ਨਹੀਂ ਨਿਕਲਦਾ, ਤਿਕੁਰ ਬਿਧਿ ਬਿਨਾ ਕਰਮ ਉਪਾਸਨਾ ਗਿਆਨ ਦਾ ਫਲ ਸਵਰਗ ਵੈਕੁੰਠ, ਮੁਕਤਿ ਨਹੀਂ ਲੱਭਦੇ। ਤਿਸ ਪਰ ਗੁਰੂ ਜੀ ਨੇ ਬਚਨ ਕੀਤਾ, ਸੰਸਕ੍ਰਿਤ ਬ੍ਰਿਛ ਦਾ ਮੂਲ ਹੈ ਤੇ ਭਾਖ਼ਾ ਸਾਖਾ ਸਮਝ ਹੈ, ਮੂਲ ਤੋਂ ਕਦੇ ਕਿਸੇ ਨੂੰ ਫਲ ਨਹੀਂ ਲੱਭਿਆ, ਸਾਖ਼ਾ ਤੋਂ ਹੀ ਫਲ ਮਿਲਦਾ ਹੈ। ਏਸੇ ਵਾਸਤੇ ਸਾਡੇ ਸਤਿਗੁਰਾਂ ਨੇ ਸੰਸਕ੍ਰਿਤ ਪਰਬਤੀ ਖੁੱਡਾਂ ਦੀ ਰਾਹ ਛੱਡ ਕੇ ਭਾਖ਼ਾ ਸੂਧੀ ਸਾਫ ਸੜਕ ਬਣਾ ਦਿੱਤੀ ਹੈ ਜਿਸ ਦੇ ਆਸਰੇ ਬੇਅੰਤ ਹੀ ਜੀਵ ਆਪਣੇ ਆਪਣੇ ਬਾਂਛਤ ਪਰਮਪਦ ਨੂੰ ਪਹੁੰਚ ਰਹੇ ਹਨ ਤੇ ਪਹੁੰਚਣਗੇ। ਹੋਰ ਵਾਧਾ ਇਹ ਹੈ ਕਿ ਇਸ ਵਿਦਿਆ ਨੂੰ ਪੜ੍ਹ ਕੇ ਹੰਕਾਰ ਦੂਰ ਹੋ ਜਾਂਦਾ ਹੈ। ਸੋ ਹੰਕਾਰ ਉੱਚਾ ਟਿੱਬਾ ਹੈ ਜੋ ਉਸ ਕਿਸੇ ਨੂੰ ਨਹੀਂ ਭਾਉਂਦਾ। ਸੰਸਕ੍ਰਿਤ ਦਾ ਅਧਿਕਾਰ ਭੀ ਤੁਸੀਂ ਸਭ ਨੂੰ ਨਹੀਂ ਦੱਸਦੇ, ਭਾਸ਼ਾ ਸਭ ਵਾਸਤੇ ਇਕੋ ਜੇਹੀ ਹੈ, ਤਾਂ ਤੇ ਸੰਸਕ੍ਰਿਤ ਨਾਲੋਂ ਅਧਿਕ ਗੁਣ ਇਸ ਭਾਸ਼ਾ ਵਿਚ ਹਨ। ਸੰਸਕ੍ਰਿਤ ਕੂਏ ਤੇ ਚਬਚੇ ਦਾ ਬੰਦ ਜਲ ਹੈ, ਭਾਖਾ ਪਵਿੱਤਰ ਨਦੀ ਹੈ। ਗਿ. ਗਿਆਨ ਸਿੰਘ ਦੀ ਵਾਰਤਕ ਵਿਚਲੇ ਗੁਣ ਇਸ ਉਦਾਹਰਣ ਤੋਂ ਹੀ ਸਪੱਸ਼ਟ ਹਨ ਪਰ ਜੇ ਪ੍ਰਮਾਣਿਤ ਕਰਨੇ ਹੋਣ ਤਾਂ ਡਾ. ਭਗਤ ਸਿੰਘ ਦੀ ਇਹ ਉਕਤੀ ਵੇਖੀ ਜਾ ਸਕਦੀ ਹੈ, 2 ਗਿਆਨੀ ਜੀ ਦੀ ਵਾਰਤਕ ਵਧੀਆ ਵਾਰਤਕ ਦੇ ਗੁਣਾਂ ਨਾਲ ਸ਼ਿੰਗਾਰੀ ਹੋਈ ਹੈ ਇਸ ਵਿਚ ਪਰਲੇ ਦਰਜੇ ਦੀ ਸਰਲਤਾ ਤੇ ਰਵਾਨੀ ਹੈ। ਗਿਆਨੀ ਜੀ ਵਧੀਆ ਅਤੇ ਸ਼ੁੱਧ ਪੰਜਾਬੀ ਵਰਤਦੇ ਹਨ ਤੇ ਥਾਂ-ਥਾਂ ਤੇ ਠੇਠ ਤੇ ਸਹੀ ਮੁਹਾਵਰੇ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਦੀ ਵਾਰਤਕ ਦਾ ਜੁੱਸਾ ਨਿਰੋਲ ਪੰਜਾਬੀ ਹੈ। ਉਸ ਨੂੰ ਸਮਝਣ ਵਿਚ ਘੱਟ ਤੋਂ ਘੱਟ ਪੜ੍ਹੇ ਹੋਏ ਨੂੰ ਵੀ ਔਖ ਨਹੀਂ ਆਉਂਦੀ। ਕਹਿਣ ਦੀ ਲੋੜ ਨਹੀਂ ਵੀਹਵੀਂ ਸਦੀ ਦੀ ਵਾਰਤਕ ਦਾ ਮੁੱਢ ਬੰਨ੍ਹਣ ਵਿਚ ਗਿਆਨੀ ਗਿਆਨ ਸਿੰਘ ਦਾ ਯੋਗਦਾਨ ਇਕ ਮੋਢੀ ਵਾਰਤਕਕਾਰ ਦਾ ਹੈ।

ਰਾਜਨੀਤਕ ਤੌਰ ਤੇ ਗ਼ੁਲਾਮ ਬਣਾਉਣ ਪਿਛੋਂ ਅੰਗ੍ਰੇਜ਼ ਹਕੂਮਤ ਵੱਲੋਂ ਪੰਜਾਬੀਆਂ ਨੂੰ ਧਾਰਮਿਕ ਅਤੇ ਸਭਿਆਚਾਰਕ ਤੌਰ ਤੇ ਗ਼ੁਲਾਮ ਬਣਾਉਣ ਲਈ, ਈਸਾਈ ਪਾਦਰੀਆਂ ਦੀ ਮਦਦ ਨਾਲ ਯਤਨ ਆਰੰਭ ਕਰ ਦਿੱਤੇ ਸਨ। ਈਸਾਈ ਪਾਦਰੀਆਂ ਨੇ ਏਥੋਂ ਦੀ ਧਾਰਮਿਕ ਇਕਸੁਰਤਾ ਨੂੰ ਭੰਗ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਏਥੋਂ ਦੇ ਤਿੰਨੇ ਮੁੱਖ ਧਰਮਾਂ ਦੇ ਪੈਰੋਕਾਰਾਂ ਨੇ ਬਾਹਰੋਂ ਆਏ ਈਸਾਈ ਮਤ ਦਾ ਵਿਰੋਧ ਕੀਤਾ ਪਰ ਮਗਰੋਂ ਅੰਗ੍ਰੇਜ਼ ਸ਼ਾਸਕਾਂ ਦੀ ਕੁਟਿਲ ਨੀਤੀ ਨੇ ਇਨ੍ਹਾਂ ਦਰਮਿਆਨ ਫੁੱਟ ਪੁਆ ਦਿੱਤੀ ਅਤੇ ਸਾਰੇ ਆਪੋ ਆਪਣੇ ਧਰਮ ਦੀ ਰਾਖੀ ਲਈ ਉਨ੍ਹਾਂ ਵਿਰੁੱਧ ਹੋ ਕੇ ਲੜਨ ਲੱਗੇ। ਏਸੇ ਵਰਤਾਰੇ ਵਿਚੋਂ ਪੰਜਾਬ ਵਿਚ ਧਾਰਮਿਕ ਲਹਿਰਾਂ ਨੇ ਧਰਮ ਦੀ ਪੁਨਰ ਸੁਰਜੀਤੀ ਦੀਆਂ ਲਹਿਰਾਂ ਨੂੰ ਜਨਮ ਦਿੱਤਾ। ਈਸਾਈਅਤ ਵੱਲੋਂ ਮਿਲੀ ਇਸ ਵੰਗਾਰ ਦਾ ਟਾਕਰਾ ਕਰਨ ਲਈ ਆਪਣੇ ਧਰਮ, ਇਤਿਹਾਸ ਅਤੇ ਸਭਿਆਚਾਰ ਤੋਂ ਸੇਧ ਲੈ ਕੇ ਵਿਰਸੇ ਦੀ ਪੁਨਰ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਸਿੱਖਾਂ ਵਿਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ ਜਿਸ ਦੇ ਆਸ਼ਿਆਂ ਵਿਚ ਪੰਜਾਬੀ ਬੋਲੀ ਦਾ ਵਿਕਾਸ ਕਰਨਾ ਅਤੇ ਇਸ ਦੇ ਮਾਧਿਅਮ ਰਾਹੀਂ ਸਿੱਖ ਸਮਾਜ ਨੂੰ ਆਪਣੇ ਨਾਲ ਜੋੜਨਾ ਸੀ। ਛਾਪੇਖਾਨੇ ਦੀ ਆਮਦ ਨੇ ਪ੍ਰਚਾਰ ਨੂੰ ਲਿਖਤੀ ਰੂਪ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਸੀ। ਏਸੇ ਲਈ ਟ੍ਰੈਕਟ, ਪੁਸਤਕਾਂ ਅਤੇ ਹੋਰ ਪ੍ਰਚਾਰ ਸਮੱਗਰੀ ਛਾਪ ਕੇ ਵੰਡਣ ਵਿਚ ਸਹੂਲਤ ਪੈਦਾ ਹੋ ਗਈ ਸੀ। ਇਸ ਖੇਤਰ ਦੇ ਪ੍ਰਤਿਨਿੱਧ ਲੇਖਕ ਪ੍ਰੋ.ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਹਨ।

ਪ੍ਰੋ. ਗੁਰਮੁਖ ਸਿੰਘ ਇਸ ਯੁੱਗ ਦਾ ਅਗਲਾ ਵਾਰਤਕਕਾਰ ਹੈ ਜਿਸ ਨੇ ਆਪਣੀ ਕਲਮ ਰਾਹੀਂ ਪੰਜਾਬੀ ਵਾਰਤਕ ਨੂੰ ਸਮ੍ਰਿੱਧ ਬਣਾਇਆ। ਪ੍ਰੋ. ਗੁਰਮੁਖ ਸਿੰਘ ਦੋ ਅਖ਼ਬਾਰਾਂ 'ਗੁਰਮੁਖੀ' ਅਤੇ 'ਖਾਲਸਾ ਅਖਬਾਰ' ਦਾ





ਸੰਪਾਦਕ ਸੀ। ਉਸਨੇ ਦੋਹਾਂ ਅਖ਼ਬਾਰਾਂ ਵਿਚ ਧਰਮ, ਇਤਿਹਾਸ, ਵਿਦਿਆ ਅਤੇ ਰਾਜਨੀਤੀ ਆਦਿ ਵਿਸ਼ਿਆਂ ਉਪਰ ਲੇਖ ਲਿਖ ਕੇ ਛਾਪੇ। ਇਸ ਤੋਂ ਵੱਖ ਆਪਣੇ ਭਾਸ਼ਣਾਂ ਰਾਹੀਂ ਸਿੱਖ ਸਮਾਜ ਨੂੰ ਜਾਗ੍ਰਿਤ ਕੀਤਾ ਅਤੇ ਵਿਰਸੇ ਨਾਲ ਜੋੜਨ ਲਈ ਜਾਂ ਕਹਿ ਲਵੋ ਕਿ ਉਸਤੋਂ ਪ੍ਰੇਰਨਾ ਲੈਣ ਲਈ ਪੁਰਾਤਨ ਗ੍ਰੰਥਾਂ ਦਾ ਸੰਪਾਦਨ ਕੀਤਾ। ਪ੍ਰੋ. ਗੁਰਮੁਖ ਸਿੰਘ ਦੀ ਸਾਰੀ ਵਾਰਤਕ ਅਜੇ ਤਕ ਸੰਕਲਿਤ ਨਹੀਂ ਹੋ ਸਕੀ ਪਰ ਜੋ ਸੰਕਲਿਤ ਰੂਪ ਵਿਚ ਜੋ ਉਪਲਬਧ ਹੈ ਉਸ ਵਿਚ ਸ਼ਾਮਲ ਹਨ, 'ਸੰਕ੍ਰਾਂਤੀ ਪੱਤਰ ਅਥਵਾ ਗੁਰਬਖ਼ਸ ਖਾਲਸਾ ਧਰਮ ਉਪਦੇਸ਼' ਅਤੇ 'ਲਸਾਨੀ ਸ਼ਹਾਦਤ।' ਉਸਦੀ ਸੰਪਾਦਿਤ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (1885 ਈ) ਵੀ ਮਿਲੀ ਹੈ। ਏਥੇ ਦਰਜ ਇਕ ਨਮੂਨੇ ਤੋਂ ਉਸਦੀ ਵਾਰਤਕ ਦੀ ਵਸਤੂ ਸਮੱਗਰੀ ਲਿਖਣ ਸ਼ੈਲੀ ਅਤੇ ਭਾਸ਼ਾ ਪ੍ਰਯੋਗ ਦਾ ਕੁਝ ਨਾ ਕੁਝ ਬੋਧ ਜ਼ਰੂਰ ਹੋ ਜਾਂਦਾ ਹੈ। ਗੁਰਮਤਿ ਵਿਚ ਅਵਤਾਰਵਾਦ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਪ੍ਰੋ. ਗੁਰਮੁਖ ਸਿੰਘ ਲਿਖਦਾ ਹੈ, "ਅਵਤਾਰ ਸ਼ਬਦ ਤੋਂ ਲੋਕ ਅਕਸਰ ਕਰਕੇ ਇਹਿ ਸਮਝਦੇ ਹਨ ਕੇ ਪਰਮੇਸ਼ਰ ਜੋ ਅਜੂਨੀ ਅਤੇ ਅਜਨਮ ਹੈ, ਕਿਸੇ ਜ਼ਰੂਰੀ ਵਿਵਹਾਰ ਦੇ ਸਿੱਧ ਕਰਨ ਲਈ ਉਹ ਆਪ ਏਸੇ ਪ੍ਰਿਥਵੀ ਉੱਤੇ ਦੇਹ ਧਾਰ ਕੇ ਕਈ ਤ੍ਰਾਂ ਦੀ ਲੀਲਾ ਕਰ ਜਾਂਦਾ ਹੈ। ਏਸ ਤ੍ਰਾਂ ਜੰਮਦਾ ਭੀ ਹੈ ਅਤੇ ਮ੍ਰਦਾ ਭੀ ਹੈ। ਏਸ ਝਾਤ ਨੂੰ ਜੇਕਰ ਪੂਰੀ ਨਿਗਾਹ ਨਾਲ ਵੇਖਿਆ ਜਾਵੇ ਤਾਂ ਜੋ ਹੇਤੁ ਅਭਾਸ ਜਾਂ ਅਸੁਧੀ ਹੋਊ, ਆਪੇ ਦਿਸ ਪਊ। ਪਰਮੇਸ਼ਰ ਦਾ ਕਿਸੇ ਦੇ ਗ੍ਰਭ ਵਿਚ ਆਉਣਾ-ਜੰਮਨਾ-ਮਰਨਾ ਸਾਨੂੰ ਹੈਰਾਨ ਕਰਦਾ ਹੈ। ਜੇ ਏਹੋ ਜੇਹਾ ਪਰਮੇਸਰ ਹੈ ਤਾਂ ਸਾਨੂੰ ਏਹ ਨਹੀਂ ਆਖਨਾ ਚਾਹੀਦਾ ਕੇ ਸਤਿਨਾਮ-ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ ਅਜੂਨੀ ਸੈਭੰ।"[3]

ਬਿਹਾਰੀ ਲਾਲ ਪੁਰੀ ਨੇ ਪੰਜਾਬੀ ਵਿਚ 30 ਦੇ ਲਗਪਗ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਪ੍ਰਸਿੱਧ ਹਨ, 'ਵਿਦਿਆ ਰਤਨਾਕਰ', 'ਚਰਿਤਾਵਲੀ', 'ਅਨੇਕ ਦਰਸ਼ਨ, 'ਪਿੰਗਲ ਮੰਜਰੀ' ਅਤੇ 'ਪੰਜਾਬੀ ਵਿਆਕਰਣ' ਆਦਿ। ਪੁਰੀ ਦਾ ਕਰਮ ਖੇਤਰ ਵਧੇਰੇ ਕਰਕੇ ਵਿਦਿਆ ਰਿਹਾ ਹੈ ਅਤੇ ਉਸਦੀ ਰਚਨਾ ਵਧੇਰੇ ਸਕੂਲਾਂ ਦੀ ਵਰਤੋਂ ਵਾਸਤੇ ਹੋਣ ਕਰਕੇ ਸਿਖਿਆਦਾਇਕ ਅਤੇ ਪ੍ਰਚਾਰਾਤਮਕ ਹੈ। 'ਅਨੇਕ ਦਰਸ਼ਨ' ਵਡੇਰੀ ਉਮਰ ਦੇ ਲੋਕਾਂ ਲਈ ਹੈ। ਇਸ ਦੀ ਬੋਲੀ ਠੇਠ ਪੰਜਾਬੀ ਅਤੇ ਸੌਖੀ ਹੈ।

ਅਣਵੰਡੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਪਹਿਲਾ ਸਕੂਲ 1865 ਵਿਚ ਖੁਲ੍ਹਿਆ ਜੋ 1870 ਵਿਚ ਕਾਲਜ ਬਣਿਆ ਅਤੇ ਫਿਰ 1882 ਵਿਚ ਪੰਜਾਬ ਯੂਨੀਵਰਸਿਟੀ ਕਾਇਮ ਹੋਈ। ਇੰਝ ਨਵੀਂ ਸਿੱਖਿਆ ਪ੍ਰਣਾਲੀ ਦਾ ਆਰੰਭ ਹੋਇਆ। ਪ੍ਰਾਥਮਿਕ ਸਿਖਿਆ ਉਰਦੂ ਤੇ ਉਚੇਰੀ ਅੰਗ੍ਰੇਜ਼ੀ ਵਿਚ ਦਿੱਤੀ ਜਾਣ ਲੱਗੀ। ਲੜਕੀਆਂ ਦੀ ਸਿਖਿਆ ਲਈ ਪੰਜਾਬੀ ਮਾਧਿਅਮ ਵੀ ਸਵੀਕਾਰਿਆ ਗਿਆ। ਜਿਨ੍ਹਾਂ ਲੇਖਕਾਂ ਨੇ ਪੰਜਾਬੀ ਦੀਆਂ ਪਾਠ ਪੁਸਤਕਾਂ ਦੀਆਂ ਲੋੜਾਂ ਪੂਰੀਆ ਕਰਨ ਲਈ ਉਚੇਚੇ ਯਤਨ ਕੀਤੇ, ਉਨ੍ਹਾਂ ਵਿਚ ਬਿਹਾਰੀ ਲਾਲ ਪੁਰੀ ਪ੍ਰਮੁੱਖ ਹਨ। ਜਿਨ੍ਹਾਂ ਨੇ ਪਹਿਲੀ ਤੋਂ ਲੈ ਕੇ ਚੌਥੀ ਸ਼੍ਰੇਣੀ ਤੱਕ ਦੀਆਂ ਪਾਠ ਪੁਸਤਕਾਂ ਤਿਆਰ ਕੀਤੀਆਂ। 'ਪਿੰਗਲ ਮੰਜਰੀ' ਅਤੇ 'ਪੰਜਾਬੀ ਵਿਆਕਰਣ' ਵੀ ਵਿਦਿਅਕ ਲੋੜਾਂ ਦੀ ਪੂਰਤੀ ਹਿੱਤ ਲਿਖੀਆਂ ਗਈਆਂ। ਵਾਰਤਕ ਦੇ ਨਮੂਨੇ ਲਈ ਅਸੀਂ ਪੁਸਤਕ ਵਿਦਿਆ ਰਤਨਾਕਰ ਵਿਚੋਂ ਇਕ 'ਪੰਜਾਬੀ' ਸਿਰਲੇਖ ਵਾਲਾ ਲੇਖ ਚੁਣਿਆ ਹੈ। ਇਹ ਉਸ ਵੇਲੇ ਦੇ ਭਾਸ਼ਾ ਅਤੇ ਸਾਹਿਤ ਦੇ ਮਸਲਿਆਂ ਬਾਰੇ ਹੈ। ਸਨਾਤਨੀ ਰੰਗ ਅਤੇ ਸਿਖਿਆਤਮਕ ਪ੍ਰਵਿਰਤੀ ਵਧੇਰੇ ਹੈ। ਵਧੇਰੇ ਪ੍ਰਭਾਵ ਪੈਦਾ ਕਰਨ ਲਈ ਕਿਧਰੇ ਕਿਧਰੇ ਕਵਿਤਾ ਦਾ ਸਹਾਰਾ ਵੀ ਲਿਆ ਗਿਆ ਹੈ। ਸਮੁੱਚੇ ਰੂਪ ਵਿਚ ਭਾਸ਼ਾ ਮਾੜੀ ਹੈ। ਪੁਰੀ ਵਰਗੇ ਲੇਖਕਾਂ ਸਦਕਾ ਪੰਜਾਬੀ ਭਾਸ਼ਾ ਦਾ ਹੁਣ ਵਾਲਾ ਮੁਹਾਵਰਾ ਉਘੜਨਾ ਸ਼ੁਰੂ ਹੁੰਦਾ ਹੈ।

ਅੰਗ੍ਰੇਜ਼ਾਂ ਨੇ ਮੁਸਲਮਾਨ ਬਹੁਗਿਣਤੀ ਦਾ ਭਰੋਸਾ ਜਿੱਤਣ ਲਈ ਉਰਦੂ ਨੂੰ ਸਰਕਾਰੀ ਜ਼ੁਬਾਨ ਬਣਾ ਦਿੱਤਾ। ਪੰਜਾਬੀ ਦੀ ਪੁਰਾਤਣਤਾ, ਇਸ ਦੇ ਲੇਖਕਾਂ ਅਤੇ ਵਿਆਕਰਣ ਵਿਸ਼ੇਸ਼ਤਾਵਾਂ ਦਰਸਾਅ ਕੇ ਇਸ ਦਾ ਟਾਕਰਾ ਉਹ ਉਰਦੂ ਨਾਲ ਕਰਦਾ, ਕੁਝ ਸਿੱਟੇ ਕੱਢਦਾ ਹੈ। ਇਕ ਪੈਰ੍ਹਾ ਵੇਖੋ, ਹੁਣ ਚਾਹੀਦਾ ਹੈ ਕਿ ਉਰਦੂ ਕੀ ਵਸਤੂ ਹੈ ਅਤੇ ਕਿਸਦੀ ਅਰ ਕਿਥੇ ਦੀ ਬੋਲੀ ਹੈ ? ਸੁਣਿਆ ਜਾਂਦਾ ਹੈ ਕਿ ਬਾਦਸ਼ਾਹਾਂ ਦੇ ਵੇਲੇ, ਉਨ੍ਹਾਂ ਦੇ ਲਸ਼ਕਰ

ਵਿਚ ਅਨੇਕ ਪ੍ਰਕਾਰ ਦੇ ਅਤੇ ਅਨੇਕ ਦੇਸ਼ਾਂ ਦੇ ਲੋਕ ਨੌਕਰ ਸਨ। ਸੰਸਰਗ ਭੇਦ ਕਰਕੇ ਉਨ੍ਹਾਂ ਦੀ 'ਬੇਰੜਾ' ਬਣੀ ਇਹ 'ਉਰਦੂ' ਬਣੀ ਉਸਦੇ ਸਾਮ੍ਹਣੇ ਪੰਜਾਬੀ ਨੂੰ ਗੁਆਰੀ ਕਿਹਾ ਜਾਂਦਾ ਹੈ। ਕੇਹੀ ਅਚਰਜ ਗੱਲ ਹੈ ਕਿ ਗੁਰੂਆਂ, ਸਰਦਾਰਾਂ, ਰਾਜਿਆਂ, ਮਹਾਂਰਾਜਿਆਂ ਦੀ ਬੋਲੀ ਗੁਆਰੀ ਕਹਾਏ ਅਤੇ ਲਸ਼ਕਰ ਦਿਆਂ ਸਿਪਾਹੀਆਂ ਅਰ ਸਈਸਾਂ ਅਤੇ ਘਸਿਆਰਿਆਂ ਆਦਿਕਾਂ ਦੀ ਬੋਲੀ ਚੰਗੀ ਸਦਾਏ।[4] ਧਰਮਪਾਲ ਸਿੰਗਲ, ਬਿਹਾਰੀ ਲਾਲ ਪੁਰੀ ਨੂੰ ਪੰਜਾਬੀ ਦਾ ਪਹਿਲਾ ਸਥਾਪਿਤ ਨਿਬੰਧਕਾਰ ਵੀ ਮੰਨਦਾ ਹੈ। ਦਲੀਲਬਾਜ਼ੀ ਕਰਕੇ ਇਸ ਨੂੰ ਗਿਆਨਮਈ ਵਾਰਤਕ ਵੀ ਕਿਹਾ ਗਿਆ ਹੈ। ਏਥੇ ਇਹ ਦੱਸਣਾ ਵੀ ਜ਼ਰੂਰੀ ਭਾਸਦਾ ਹੈ ਕਿ ਬਿਹਾਰੀ ਲਾਲ ਪੁਰੀ ਦਾ ਪੁੱਤਰ ਬਿਸਨ ਦਾਸ ਪੁਰੀ ਵੀ ਪੰਜਾਬੀ ਜ਼ੁਬਾਨ ਦਾ ਬਹੁਤ ਵੱਡਾ ਸਮਰਥਕ ਅਤੇ ਵਿਦਿਅਕ ਵਾਰਤਕਕਾਰ ਵੀ ਸੀ। ਬਿਸ਼ਨ ਦਾਸ ਪੁਰੀ ਦੇ ਕਈ ਨਿਬੰਧ 'ਖਾਲਸਾ ਸਮਾਚਾਰ' ਵਿਚ ਛਪੇ ਹੋਏ ਵੀ ਮਿਲਦੇ ਹਨ।

ਪ੍ਰੋ. ਗੁਰਮੁਖ ਸਿੰਘ ਤੋਂ ਬਾਅਦ ਉਨ੍ਹਾਂ ਦੇ ਸ਼ਿਸ਼ ਗਿਆਨੀ ਦਿੱਤ ਸਿੰਘ ਦਾ ਜ਼ਿਕਰ ਕਰਨਾ ਬਣਦਾ ਹੈ। ਭਾਈ ਸੰਤੋਖ ਸਿੰਘ ਵਾਂਗ ਗਿਆਨੀ ਦਿੱਤ ਸਿੰਘ ਦਾ ਵੀ ਸੰਕਲਪ ਸੀ ਕਿ ਉਹ ਦਸੇ ਗੁਰੂ ਸਾਹਿਬਾਨ ਦਾ ਜੀਵਨ-ਇਤਿਹਾਸ ਲਿਖੇ ਅਤੇ ਅਜੇਹਾ ਉਨ੍ਹਾਂ ਨੇ ਕਰਵੀ ਵਿਖਾਇਆ। ਅੱਜ ਸਾਡੇ ਕੋਲ ਉਨਾਂ ਦੀ ਸੰਪੂਰਨ ਰਚਨਾਵਲੀ 'ਗਿਆਨੀ ਦਿੱਤ ਸਿੰਘ ਰਚਨਾਵਲੀ' ਦੇ ਨਾਂ ਥੱਲੇ ਪ੍ਰੀਤਮ ਸਿੰਘ ਦੁਆਰਾ ਸੰਪਾਦਿਤ ਪੰਦਰਾਂ ਜਿਲਦਾਂ ਵਿਚ ਮੌਜੂਦ ਹੈ ਪਰ ਅਸੀਂ ਕੇਵਲ ਉਸਦੀ ਇਕ ਹੀ ਰਚਨਾ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਹੀ ਚੁਣੀ ਹੈ ਕਿਉਂਕਿ ਇਹ ਸਭ ਰਚਨਾਵਾਂ ਨਾਲੋਂ ਵਿਸਤ੍ਰਿਤ ਹੈ ਇਸ ਵਿਚ ਉਨਾਂ ਦਾ ਵਾਰਤਕ ਕਲਾ ਵੀ ਵਧੇਰੇ ਉੱਘੜੀ ਹੈ। ਏਥੇ ਇਹ ਦੱਸਣਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਇਸ ਵੇਲੇ (1892 ਈ.) ਤੱਕ ਨਵੀਂ ਵਿਦਿਅਕ ਨੀਤੀ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਨਵੀਂ ਵਿਦਿਆ ਨੇ ਖ਼ਾਸ ਕਰਕੇ ਕਾਲਜ ਵਿਦਿਆਰਥੀਆਂ ਨੂੰ ਤਰਕਸ਼ੀਲ ਬਣਾ ਦਿੱਤਾ ਸੀ ਜਿਸ ਕਰਕੇ ਜਨਮਸਾਖੀਆਂ ਵਿਚਲੀਆਂ ਕਰਾਮਾਤਾਂ ਅਤੇ ਚਮਤਕਾਰੀ ਘਟਨਾਵਾਂ ਬਾਰੇ ਉਨ੍ਹਾਂ ਨੇ ਸ਼ੰਕੇ ਕਰਨੇ ਸ਼ੁਰੂ ਕਰ ਦਿੱਤੇ ਸਨ। ਇਸ ਜਨਮਸਾਖੀ ਵਿਚ ਗਿਆਨੀ ਦਿੱਤ ਸਿੰਘ ਨੇ ਕੇਵਲ ਉਹੋ ਹੀ ਸਾਖੀਆਂ ਚੁਣੀਆਂ ਹਨ ਜਿਨ੍ਹਾਂ ਵਿਚ ਕਰਿਸ਼ਮਾਮਈ ਅੰਸ਼ ਜਾਂ ਤਾਂ ਬਿਲਕੁਲ ਨਹੀਂ ਅਤੇ ਹਨ ਤਾਂ ਬਹੁਤ ਘੱਟ। ਇਥੇ ਸਾਖੀਆਂ ਵਿਚ ਬਿਰਤਾਂਤ ਨਾਲੋਂ ਵੱਧ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਹੈ। ਇਹ ਸਾਰੀਆਂ ਸਾਖੀਆਂ ਤਰਕ ਅਤੇ ਬੁੱਧੀ ਦੇ ਵਧੇਰੇ ਨੇੜੇ ਹਨ। ਜਨਮਸਾਖੀ ਦੀ ਵਾਰਤਕ ਵਿਚ ਪੁਰਾਤਨ ਅਤੇ ਆਧੁਨਿਕ ਵਾਰਤਕ ਦਾ ਸੁਮੇਲ ਹੈ। ਇਸ ਵਿਚ ਪੁਰਾਤਨ ਵਾਰਤਕ ਸ਼ੈਲੀ ਅਤੇ ਸ਼ਬਦਾਵਲੀ ਦੇ ਝਲਕਾਰੇ ਵੀ ਹਨ ਅਤੇ ਨਵੀਨ ਸ਼ੈਲੀ ਅਤੇ ਸ਼ਬਦਾਵਲੀ ਵੀ ਵੇਖਣ ਨੂੰ ਮਿਲਦੀ ਹੈ।[5]

ਭਾਈ ਵੀਰ ਸਿੰਘ ਦਾ ਇਕ ਹੋਰ ਵਡਾ ਸਮਕਾਲੀ ਸ਼ਰਧਾ ਰਾਮ ਫਿਲੌਰੀ ਹੈ। ਪੰਜਾਬੀ ਵਾਰਤਕ ਵਿਚ ਲਿਖੀਆਂ ਹੋਈਆਂ ਉਸ ਦੀਆਂ ਦੋ ਪੁਸਤਕਾਂ 'ਸਿੱਖਾਂ ਦੇ ਰਾਜ ਦੀ ਵਿਥਿਆ' (1865 ਈ.) ਅਤੇ 'ਪੰਜਾਬੀ ਬਾਤਚੀਤ' (1875 ਈ.) ਵਧੇਰੇ ਪ੍ਰਸਿੱਧ ਹਨ। ਇਹ ਦੋਵੇਂ ਪੁਸਤਕਾਂ ਨਵੇਂ ਆਏ ਅੰਗ੍ਰੇਜ਼ ਹੁਕਮਰਾਨਾਂ ਨੂੰ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਤੋਂ ਜਾਣੂ ਕਰਾਉਣ ਹਿੱਤ ਲਿਖੀਆਂ ਗਈਆਂ ਸਨ। ਦੋਵੇਂ ਪੁਸਤਕਾਂ ਆਪਣੇ ਰਚਨਾ ਮਨੋਰਥ ਵਿਚ ਸਫ਼ਲ ਹਨ, ਬੇਸ਼ੱਕ ਦੋਹਾਂ ਵਿਚ ਆਪੋ ਆਪਣੀ ਕਿਸਮ ਦੀਆਂ ਤਰੁੱਟੀਆਂ ਵੀ ਹਨ। ਪੰਜਾਬੀ ਬਾਤ ਚੀਤ ਵਿਚ ਅਪਸ਼ਬਦ ਵੀ ਹਨ ਜਿਨ੍ਹਾਂ ਦੇ ਵਰਤਣ ਪਿੱਛੇ ਸ਼ਰਧਾਰਾਮ ਇਹ ਦਲੀਲ ਦਿੰਦਾ ਹੈ ਕਿ ਇਹ ਸਭ ਕੁਝ ਅੰਗ੍ਰੇਜ਼ਾਂ ਨੂੰ ਦੱਸਣ ਜਾਂ ਸਮਝਾਉਣ ਵਾਸਤੇ ਲਿਖ ਰਿਹਾ ਹੈ। ਉਪਭਾਸ਼ਾ ਦੀ ਵਰਤੋਂ ਸਮਕਾਲੀ ਵਾਰਤਕਕਾਰਾਂ ਨਾਲੋਂ ਵਧੇਰੇ ਹੈ ਜਿਸ ਕਰਕੇ ਸਥਾਨਕਤਾ ਜਾਂ ਆਂਚਲਿਕਤਾ ਦਾ ਰੰਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਪੰਜਾਬ ਨਾਲ ਲਗਦੇ ਇਲਾਕਿਆਂ ਵਿਚ ਬੋਲੀ ਜਾਣ ਵਾਲੀ 'ਡੋਗਰੀ' ਅਸਲ ਵਿਚ ਪੰਜਾਬੀ ਦੀ ਹੀ ਇਕ ਉਪਭਾਸ਼ਾ ਹੈ।

ਭਾਈ ਵੀਰ ਸਿੰਘ ਜਿਵੇਂ ਕਿ ਪਿੱਛੇ ਸੰਕੇਤ ਹੋ ਚੁੱਕਾ ਹੈ ਕਿ ਭਾਈ ਵੀਰ ਸਿੰਘ ਇਸ ਯੁੱਗ ਦਾ ਸਭ ਤੋਂ ਵੱਡਾ ਵਾਰਤਕਕਾਰ ਹੈ। ਚਮਤਕਾਰਾਂ ਤੋਂ ਇਲਾਵਾ ਉਸਦੇ ਲੇਖਾਂ ਦੀਆਂ ਹੋਰ ਵੀ ਕਈ ਪੁਸਤਕਾਂ ਹਨ ਜਿਨ੍ਹਾਂ





ਬਾਰੇ ਬਹੁਤੀ ਚਰਚਾ ਨਹੀਂ ਹੋਈ। 'ਅਨਮੋਲ ਹੀਰੇ', 'ਸੰਤ ਗਾਥਾ', 'ਗੁਰ ਬਾਲਮ ਸਾਖੀਆਂ' ਆਦਿ ਅਜਿਹੀਆਂ ਹੀ ਕੁਝ ਹੋਰ ਪੁਸਤਕਾਂ ਹਨ। 'ਸ਼੍ਰੀ ਕਲਗੀਧਰ ਚਮਤਕਾਰ' ਵਿਚ ਆਏ ਸ਼ਬਦ ਚਮਤਕਾਰ' ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਜੀ ਨੇ ਦਸਮ ਗੁਰੂ ਦੀ ਚਮਤਕਾਰੀ ਸ਼ਖ਼ਸੀਅਤ ਦਾ ਚਿੱਤਰ ਸਾਡੇ ਸਾਹਮਣੇ ਰੱਖਣ ਹਿਤ ਇਸ ਪੁਸਤਕ ਦੀ ਰਚਨਾ ਕੀਤੀ ਹੈ। ਇਹ ਇਕ ਵੱਡ-ਅਕਾਰੀ ਪੁਸਤਕ ਹੈ ਜੋ ਅੱਜ-ਕੱਲ ਦੋ ਭਾਗਾਂ (ਪੂਰਬਾਰਧ ਅਤੇ ਉੱਤਰਾਰਧ) ਵਿਚ ਦੋ ਕਾਲਸੀ ਇਕ ਹਜ਼ਾਰ ਤੋਂ ਵੱਧ ਸਫ਼ਿਆਂ ਵਿਚ ਫੈਲੀ ਹੋਈ ਹੈ। 'ਸ੍ਰੀ ਕਲਗੀਧਰ ਚਮਤਕਾਰ' ਸਮੇਂ-ਸਮੇਂ ਲਿਖੇ ਅਤੇ ਛਪੇ ਹੋਏ ਟ੍ਰੈਕਟਾਂ ਦੇ ਰੂਪ ਵਿਚ ਸੀ ਜਿਸ ਨੂੰ ਦੁਬਾਰਾ ਨਵੇਂ ਪ੍ਰਸੰਗਾਂ ਸਮੇਤ, ਨਿਰੰਤਰਤਾ ਪ੍ਰਦਾਨ ਕਰਨ ਹਿੱਤ, ਇੱਕਠਿਆਂ ਕੀਤਾ ਗਿਆ ਹੈ। ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾ ਇਹ ਜਾਨਣਾ ਜ਼ਰੂਰੀ ਹੈ ਕਿ ਭਾਈ ਵੀਰ ਸਿੰਘ ਦਾ 'ਸ੍ਰੀ ਕਲਗੀਧਰ ਚਮਤਕਾਰ' ਰਚੇ ਜਾਣ ਦਾ ਮਨੋਰਥ ਦੀ ਸੀ? ਇਹ ਮਨੋਰਥ ਸਪਸ਼ਟ ਕਰਦਿਆਂ ਭਾਈ ਜੀ ਨੇ ਲਿਖਿਆ ਹੈ ਇਹ ਪੁਸਤਕ ਨਿਰਾ ਇਤਿਹਾਸ ਨਹੀਂ ਪਰ ਇਤਿਹਾਸ ਦੀ ਬੋਲੀ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਹੈ ਜੋ ਭਾਵ, ਉਪਦੇਸ਼, ਉੱਚ ਜੀਵਨ ਦੇ ਆਦਰਸ਼ ਉਸ ਇਲਾਹੀ ਇਲਹਾਮ ਵਿਚ ਹੈਨ, ਉਹ ਇਸ ਪੁਸਤਕ ਵਿਚ ਐਉਂ ਆਏ ਹਨ ਕਿ ਉਨ੍ਹਾਂ ਤੇ ਅਮਲ ਕਰਨ ਲਈ ਮਨੋਂ ਤਸਵੀਰਾਂ ਹਨ, ਅਮਲੀ ਜੀਵਨ ਬਸਰ ਕਰਨ ਲਈ ਪੂਰਨੇ ਹਨ ਜਿਨ੍ਹਾਂ ਤੋਂ ਸਮਝ ਪੈਣ ਵਿਚ ਹੋਰ ਸੁਖੈਨਤਾ ਹੋ ਗਈ ਹੈ।[6] ਇੰਜ ਸਪੱਸ਼ਟ ਹੋ ਗਿਆ ਵਿਰਸੇ ਉਪਰ ਗੌਰਵ ਪੈਦਾ ਕਰਨਾ ਇਸ ਦਾ ਰਚਨਾ ਪ੍ਰਯੋਜਨ ਹੈ। ਇਸ ਤੋਂ ਬਿਨਾਂ ਸਿੱਖੀ ਆਚਰਣ ਦੀਆਂ ਉਦਹਾਰਣਾਂ ਪੇਸ਼ ਕਰਨੀਆਂ ਦੂਜੇ ਧਰਮ ਨਾਲ ਤੁਲਨਾ ਕਰਕੇ ਸਿਖ ਧਰਮ ਦੀ ਵਡਿਆਈ ਦਰਸਾਉਣੀ ਅਤੇ ਸਿਖੀ ਸਿਧਾਂਤਾਂ ਬਾਰੇ ਪਏ ਭੁਲੇਖਿਆਂ ਨੂੰ ਦੂਰ ਕਰਨਾ ਵੀ ਇਸ ਦੇ ਮਨੋਰਥ ਵਿਚ ਸ਼ਾਮਲ ਹੈ। ਇਸ ਦਾ ਕਾਰਣ ਇਹ ਹੈ ਕਿ ਭਾਈ ਵੀਰ ਸਿੰਘ ਸ਼ਰਧਾਵਲ ਸਿੱਖ ਪਹਿਲਾਂ ਹਨ ਅਤੇ ਵਾਰਤਕਕਾਰ ਬਾਅਦ ਵਿਚ। ਸੰਰਚਨਾ ਪੱਖੋਂ ਵੇਖਿਆ ਜਾਵੇ ਤਾਂ ਭਾਈ ਜੀ ਨੇ ਸਾਖੀ ਸੂਤਰ ਹੀ ਇਤਿਹਾਸ ਵਿਚੋਂ ਲਏ ਹਨ, ਬਾਕੀ ਸਿਰਜਣਾ ਭਾਈ ਵੀਰ ਸਿੰਘ ਮੌਲਿਕ ਕਲਪਨਾ ਸ਼ਕਤੀ ਦਾ ਸਿੱਟਾ ਹਨ।

ਬੇਸ਼ੱਕ 'ਸ੍ਰੀ ਕਲਗੀਧਰ ਚਮਤਕਾਰ' ਨੂੰ ਵਾਰਤਕ ਦੀ ਸ਼੍ਰੇਣੀ ਵਿਚ ਰੱਖ ਲਿਆ ਗਿਆ ਹੈ ਪਰ ਇਹ ਅਸਲੋਂ ਸ਼ੁੱਧ ਵਾਰਤਕ ਵੀ ਨਹੀਂ, ਸਗੋਂ ਭਾਈ ਜੀ ਵੱਲੋਂ ਕੀਤੇ ਗਏ ਵੱਖ-ਵੱਖ ਤਜ਼ਰਬਿਆਂ ਅਤੇ ਅਭਿਆਸਾਂ ਦਾ ਮਿਸ਼ਰਣ ਹੈ। ਇਸ ਵਿਚ ਕਵਿਤਾ, ਨਾਟਕ, ਬਿਰਤਾਂਤ 'ਕਥਾ ਜਾਂ ਗਲਪ' ਅਤੇ ਜੀਵਨੀ ਆਦਿ ਸਾਹਿਤ ਰੂਪ ਵਰਤੇ ਗਏ ਹਨ। ਕਿਧਰੇ ਨਾਟਕੀ ਅੰਸ਼ ਵਧੇਰੇ ਦਿੱਸਦਾ ਹੈ। ਉਦਾਹਰਣ 'ਸ੍ਰੀ ਕਲਗੀਧਰ ਚਮਤਕਾਰ' (ਉਤਰਾਰਧ) ਵਿਚਲੇ ਪ੍ਰਸੰਗ ਨੰ. 57 ਵਿਚੋਂ ਲਈ ਜਾ ਸਕਦੀ ਹੈ। ਇਸ ਪ੍ਰਸੰਗ ਵਿਚ ਪਦਮ ਦੀ ਵੱਖ-ਵੱਖ ਪਾਤਰਾਂ ਨਾਲ ਵਾਰਤਾਲਾਪ ਹੈ। ਨਾਟਕਾਂ ਦੀ ਤਰ੍ਹਾਂ ਇਸ ਵਿਚ ਝਾਕੀਆਂ ਦੀ ਵੰਡ ਵੀ ਹੈ। ਕੁਲ ਨੌ ਝਾਕੀਆਂ ਕਹੀਆਂ ਜਾ ਸਕਦੀਆਂ ਹਨ। ਹੋਰ ਤਾਂ ਹੋਰ ਜਿਵੇਂ ਕੋਈ ਨਾਟਕਕਾਰ ਮੰਚ ਸੱਜਾ ਅਤੇ ਮੰਚ ਜੜਤ ਬਾਰੇ ਆਰੰਭ ਵਿਚ ਹੀ ਕੁਝ ਨਿਰਦੇਸ਼ ਦੇਂਦਾ ਹੈ ਤਿਵੇਂ ਹੀ ਇਸ ਦੀ ਨੌਵੀਂ ਝਾਕੀ ਦੇ ਆਰੰਭ ਵਿਚ ਕੁਝ ਹਦਾਇਤਾਂ ਦਰਜ ਹਨ। ਭਾਵ ਨੂੰ ਤਿਖੇਰਾ ਕਰਨ ਲਈ ਕਈ ਥਾਈਂ ਗੀਤ ਅਤੇ ਕਵਿਤਾਵਾਂ ਵੀ ਹਨ। ਪੂਰਬਾਰਧ ਵਿਚ ਗਿਆਰਾਂ ਕਵਿਤਾਵਾਂ ਅਤੇ ਉੱਤਰਾਰਧ ਵਿਚ ਸਤਾਰਾਂ ਗੀਤ ਅਤੇ ਨੌ ਕਵਿਤਾਵਾਂ ਹਨ।

'ਸ੍ਰੀ ਕਲਗੀਧਰ ਚਮਤਕਾਰ' ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ-ਪ੍ਰਸੰਗਾਂ ਦੀ ਵੰਡ ਇਸ ਤਰਾਂ ਹੈ। ਪਹਿਲੇ ਹਿੱਸੇ ਵਿਚ ਮਾਤ ਲੋਕ ਵਿਚ ਜਨਮ ਲੈਣ ਤੋਂ ਪੂਰਬਲੇ ਜਨਮ ਤੋਂ ਲੈ ਕੇ ਅਨੰਦਪੁਰ ਸਾਹਿਬ ਛੱਡਣ ਤਕ ਹੈ ਭਾਵ 1666 ਈ. ਤੋਂ 1705 ਈ. ਤਕ ਦਾ ਹੈ ਜਿਸ ਵਿਚ ਭੰਗਾਣੀ ਦਾ ਯੁੱਧ, ਨਦੌਣ ਯੁੱਧ ਅਤੇ ਹੁਸੈਨੀ ਯੁੱਧ ਆਦਿ ਪ੍ਰਸੰਗ ਹਨ। ਦੂਜੇ ਹਿੱਸੇ ਵਿਚ ਚਮਕੌਰ ਯੁੱਧ, ਸਾਕਾ ਸਰਹੰਦ, ਜ਼ਫ਼ਰਨਾਮਾ ਲਿਖਣਾ, ਮੁਕਤਸਰ ਦਾ ਯੁੱਧ, ਬਹਾਦਰ ਸ਼ਾਹ ਦੀ ਸਹਾਇਤਾ ਅਤੇ ਬੰਦੇ ਨਾਲ ਮਿਲਾਪ ਹੈ। ਇਸ ਹਿੱਸੇ ਦਾ ਇਕ ਹੋਰ ਮਹੱਤਵਪੂਰਨ ਪ੍ਰਸੰਗ ਕਲਗੀਧਰ ਦਾ ਵਿਦਿਆ ਦਰਬਾਰ ਹੈ, ਜਿਸ ਵਿਚ ਦਰਬਾਰੀ ਕਵੀਆਂ ਦੀ ਚਰਚਾ ਹੈ।

ਜੀਵਨੀ ਕਿ ਜੀਵਨ-ਬਿਰਤਾਂਤ 'ਸ੍ਰੀ ਕਲਗੀਧਰ ਚਮਤਕਾਰ' ਇਕ ਕਲਾਤਮਕ ਜੀਵਨੀ ਹੈ ਜਾਂ ਸਾਧਾਰਣ ਜੀਵਨ ਬਿਰਤਾਂਤ ? ਰੂਪਾਕਾਰਕ ਦ੍ਰਿਸ਼ਟੀ ਤੋਂ ਇਹ ਸਵਾਲ ਤਵੱਜੋ ਦੀ ਮੰਗ ਕਰਦਾ ਹੈ। ਭਾਈ ਵੀਰ ਸਿੰਘ ਨੇ ਆਪ ਇਸ ਨੂੰ ਚਮਤਕਾਰ ਜਾਂ ਜੀਵਨ ਦੀ ਪ੍ਰਸੰਗਲੀ ਕਿਹਾ ਹੈ। ਇਹ ਦੋਵੇਂ ਹੀ ਕੋਈ ਸਾਹਿਤ ਰੂਪ ਨਹੀਂ ਹਨ। 'ਸ੍ਰੀ ਕਲਧੀਗਰ ਚਮਤਕਾਰ' ਗਿਣ ਮਿੱਥ ਕੇ ਜਾਂ ਸੋਚ ਕੇ ਲਿਖੀ ਹੋਈ ਜੀਵਨੀ ਨਹੀਂ, ਸਗੋਂ ਵੱਖ-ਵੱਖ ਸਮਿਆਂ ਉਪਰ ਲਿਖੇ ਗਏ ਲੇਖਾਂ, ਪ੍ਰਸੰਗਾਂ ਜਾਂ ਟ੍ਰੈਕਟਾਂ ਦਾ ਸੰਗ੍ਰਹਿ ਹੈ[7] ਮੂਲੋਂ ਸ੍ਰੀ ਕਲਗੀਧਰ ਚਮਤਕਾਰ ਦਾ ਪਾਠ ਗੁਰੂ ਜੀ ਦੇ ਜੀਵਨ-ਬਿਰਤਾਂਤ ਦਾ ਪਾਠ ਹੈ। ਜੀਵਨੀ ਵਿਚ ਇਤਿਹਾਸ ਵੀ ਇਕ ਲਾਜ਼ਮੀ ਤੱਤ ਹੁੰਦਾ ਹੈ ਅਤੇ ਚਰਚਾਧੀਨ ਰਚਨਾ ਵਿਚ ਵੀ ਇਹ ਤੱਤ ਹੈ, ਪਰ ਭਾਈ ਜੀ ਆਪ ਇਸ ਬਿਰਤਾਂਤ ਨੂੰ ਨਿਰਾ ਇਤਿਹਾਸ ਹੀ ਨਹੀਂ, ਸਗੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਤੇ ਗੁਰੂ ਸਾਹਿਬ ਦੀ ਸਿਖਿਆ ਇਤਿਹਾਸ ਦੀ ਬੋਲੀ ਵਿਚ ਅਨੁਵਾਦ ਸਮਝਦੇ ਹਨ। ਇੰਜ 'ਸ੍ਰੀ ਕਲਗੀਧਰ ਚਮਤਕਾਰ' ਇਤਿਹਾਸ ਦੇ ਨਾਲ-ਨਾਲ ਬਾਣੀ ਦਾ ਟੀਕਾ ਜਾਂ ਵਿਆਖਿਆ, ਵਿਅਕਤੀ ਚਿੱਤਰ, ਮਿਥਿਹਾਸ ਅਤੇ ਹੋਰ ਕਈ ਕੁਝ ਹੈ। ਤਕਨੀਕੀ ਜਾਂ ਸਾਹਿਤ ਸ਼ਾਸਤਰੀ ਦ੍ਰਿਸ਼ਟੀ ਤੋਂ ਇਹ ਚਮਤਕਾਰ ਕਿਸੇ ਵੀ ਰੂਪ ਵਿਚ ਨਹੀਂ ਬੱਝਦਾ ਸਗੋਂ ਮਿਸ਼ਰਣ ਹੈ। ਉਂਜ ਵੀ ਇਸ ਹਜ਼ਾਰ ਸਫਿਆਂ ਤੋਂ ਵੱਧ ਸਫ਼ਿਆਂ ਵਿਚ ਫੈਲੇ ਹੋਏ ਬਿਰਤਾਂਤ ਨੂੰ ਘੱਟੋ-ਘੱਟ ਜੀਵਨੀ ਤਾਂ ਬਿਲਕੁਲ ਨਹੀਂ ਕਿਹਾ ਜਾ ਸਕਦਾ। ਬੇਸ਼ੱਕ ਭਾਈ ਵੀਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਤਮਕ ਅਤੇ ਭਾਵੁਕ ਪੱਖ ਨੂੰ ਹੀ ਚਿਤਰਿਆ ਹੈ ਪਰ ਉਨ੍ਹਾਂ ਦੇ ਸਮਾਜਕ ਪਰਿਵਰਤਨ ਵਾਲੇ ਪੱਖ ਨੂੰ ਵਿਸਾਰ ਛੱਡਿਆ ਹੈ। ਅਜੇਹੀ ਪਹੁੰਚ ਦੇ 'ਸ੍ਰੀ ਕਲਗੀਧਰ ਚਮਤਕਾਰ' ਨੂੰ ਅਧੂਰਾ ਤਾਂ ਭਾਵੇਂ ਨ ਸਹੀ, ਪਰ ਸਮੱਗਰ ਦੀ ਥਾਂ ਇਕਾਂਗੀ ਜੇਹੀ ਰਚਨਾ ਬਣਾ ਧਰਿਆ ਹੈ। ਇਕ ਚੰਗਾ ਬਿਰਤਾਂਤਕਾਰ ਇਕ ਚੰਗਾ ਚਿੰਤਕ ਵੀ ਹੁੰਦਾ ਹੈ ਅਤੇ ਇਸ ਚਮਤਕਾਰ ਵਿਚੋਂ ਇਹ ਸਾਬਤ ਵੀ ਹੁੰਦਾ ਹੈ।

ਥੋੜੀ ਜੇਹੀ ਗੱਲ ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਅਤੇ ਭਾਸ਼ਾ ਪ੍ਰਯੋਗ ਬਾਰੇ ਵੀ ਕਰਨੀ ਬਣਦੀ ਹੈ। ਉਹ ਚਮਤਕਾਰ ਵਿਸ਼ੇਸ਼ ਕਰਕੇ ਜਨਮਸਾਖੀਆਂ ਨੂੰ ਗੁਰੂ ਸਾਹਿਬਾਨ ਦੀਆਂ ਆਧੁਨਿਕ ਜੀਵਨੀਆਂ ਨਾਲ ਜੋੜਦੇ ਹਨ। ਪੰਜਾਬੀ ਜੀਵਨੀ ਸਾਹਿਤ ਵਿਚ ਇਹ ਅਗਲੇ ਪੜਾਅ ਦੇ ਸੂਚਕ ਹਨ। ਭਾਈ ਵੀਰ ਸਿੰਘ ਤੋਂ ਪਹਿਲਾਂ ਦੀ ਪੰਜਾਬੀ ਵਾਰਤਕ ਦੀ ਸ਼ੈਲੀ ਵਿਆਖਿਆਮਈ ਹੈ ਅਤੇ ਵੱਖ-ਵੱਖ ਪ੍ਰਭਾਵਾਂ ਕਰਕੇ ਭਾਸ਼ਾ ਦਾ ਵੀ ਠੁੱਕ ਨਹੀਂ ਸੀ ਬੱਝਾ,ਭਾਈ ਜੀ ਦੀ ਸ਼ੈਲੀ ਵੀ ਵਿਆਖਿਆਮਈ ਹੈ। ਗੁਰਬਾਣੀ ਦੇ ਪ੍ਰਭਾਵ ਵਾਲੀ ਸ਼ਬਦਾਵਲੀ ਵੀ ਆਮ ਹੈ ਪਰ ਪ੍ਰਧਾਨ ਰੂਪ ਮਾਝੀ ਜਾਂ ਕੇਂਦਰੀ ਪੰਜਾਬੀ ਦਾ ਹੀ ਹੈ। ਕਿਧਰੇ-ਕਿਧਰੇ ਦੁਆਬੀ ਅਤੇ ਮਲਵਈ ਦਾ ਵੀ ਵਿਲੋਲਿਤਰਾ ਅਸਰ ਹੈ। ਅੰਗ੍ਰੇਜ਼ੀ ਵਾਰਤਕ ਸ਼ੈਲੀ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ, ਖਾਸ ਕਰਕੇ ਮਿਸ਼੍ਰਿਤ ਜਾਂ ਗੁੰਝਲਦਾਰ ਵਾਕਾਂ ਵਿਚ ਵਿਆਕਰਣ ਅਨੁਸਾਰ ਭਾਸ਼ਾ ਦੀ ਵਰਤੋਂ ਵਿਚ ਨਿਪੁੰਨਤਾ ਪ੍ਰਾਪਤ ਕਰਨ ਦਾ ਸਿਹਰਾ ਵੀ ਭਾਈ ਵੀਰ ਸਿੰਘ ਨੂੰ ਹੀ ਜਾਂਦਾ ਹੈ।'ਸ੍ਰੀ ਕਲਗੀਧਰ ਚਮਤਕਾਰ' ਸਮੇਤ ਸਾਰੇ ਚਮਤਕਾਰ ਉਹ ਰਚਨਾਵਾਂ ਹਨ ਜਿਨ੍ਹਾਂ ਨੂੰ ਕਲਾਤਮਕ ਤੌਰ ਤੇ ਸੰਵਾਰਨ ਦਾ ਉਚੇਚਾ ਯਤਨ ਵੀ ਕੀਤਾ ਗਿਆ ਹੈ। ਦਰਅਸਲ ਇਹ ਉਹ ਬੀਜ ਹਨ ਜੋ ਪੁੰਗਰ ਕੇ ਅਤੇ ਮੌਲ਼ ਕੇ ਗੁਰਬਖ਼ਸ਼ ਸਿੰਘ ਵਾਲੀ ਸੁਹਜ ਸੁਆਦ ਭਰੀ ਵਾਰਤਕ ਦਾ ਰੂਪ ਧਾਰਨ ਕੀਤਾ। ਪੱਤਰਕਾਰੀ ਰਾਹੀਂ ਪੰਜਾਬੀ ਵਾਰਤਕ ਵਿਚ ਪ੍ਰਵੇਸ਼ ਕਰਨ ਦੇ ਬਾਵਜੂਦ ਕਿਧਰੇ ਕਾਹਲ ਵਿਖਾਈ ਨਹੀਂ ਦੇਂਦੀ।

'ਸ੍ਰੀ ਕਲਗੀਧਰ ਚਮਤਕਾਰ' ਵਿਚ ਵੀ ਇਸ ਵਿਚ ਅਜਿਹੇ ਅੰਸ਼ ਵੀ ਮਿਲ ਜਾਂਦੇ ਹਨ ਜੋ ਰਸ ਅਤੇ ਸੁਹਜ ਵਿਚ ਕਿਸੇ ਗੱਲੋਂ ਘੱਟ ਨਹੀਂ। ਕੁਦਰਤ ਜਾਂ ਪ੍ਰਕਿਰਤੀ ਚਿਤ੍ਰਣ ਦਾ ਇਕ ਨਮੂਨਾ ਵੇਖੋ, ਇਕ ਹਿਮਾਚਲ ਧਾਰ ਤੇ ਨਾਲ ਲਗਦੀ ਤਿੱਬਤ ਦੇ ਹਿਮਾਈ ਪਹਾੜਾਂ ਦੇ ਵਿਚ ਇਕ ਹੇਮਕੁੰਟ ਨਾਮੇ ਟਿਕਣਾ ਹੈ, ਸੱਤ ਚੋਟੀਆਂ ਸੋਭ ਰਹੀਆਂ ਹਨ, ਸੱਤੋ ਹੀ ਬਰਫ਼ ਦੇ ਟਿਕਾਉ ਨਾਲ ਮਾਨੋਂ ਸੱਤ ਚਾਟੀ ਦੇ ਕਲਸ ਬਣ ਰਹੀਆਂ ਹਨ, ਅੰਮ੍ਰਿਤ ਵੇਲੇ ਦਾ ਚੰਦ੍ਰਮਾ ਲੋਪ ਹੋ ਰਿਹਾ ਹੈ, ਸਵੇਰਾ ਆ ਰਿਹਾ ਹੈ, ਪਹੁ-ਫੁਟਾਲਾ ਹੋ ਗਿਆ। ਅਕਾਸ਼ ਅੱਜ ਨਿਰਮਲ ਹੈ, ਪੂਰੇ ਵੱਲ ਲਾਲੀ ਫਿਰ ਗਈ ਹੈ, ਇਸ ਲਾਲੀ ਦਾ ਅਕਸ ਹੇਮਕੁੰਟ ਦੀਆਂ ਚੋਟੀਆਂ ਤੇ ਪੈ ਰਿਹਾ ਹੈ, ਦੇਖੋ ਇਹਨਾਂ ਦਾ





ਰੰਗ ਕਿਵੇਂ ਹੋ ਗਿਆ। ਸੂਰਜ ਦੀ ਟਿੱਕੀ ਬਾਹਰ ਨਿਕਲ ਆਈ ਜੋ ਹੁਣ ਤੱਕ ਸੱਤੇ ਚੋਟੀਆਂ ਸੋਨੇ ਵਾਂਗ ਚਮਕ ਪਈਆਂ। ਉਧਰੋਂ ਸੂਰਜ ਦੇ ਸ਼ੁਆਂ, ਇਧਰੋਂ ਇਹਨਾਂ ਪਰ ਪੈਂਦੇ ਸੂਰਜ ਦੇ ਸ਼ੁਆਵਾਂ ਦਾ ਇਕ ਦੂਜੇ ਤੋਂ ਆਪਸ ਦੇ ਵਿਚ ਪਰਤਣਾਂ ਸ਼ਰਤਾਵਾਂ ਸ਼ੁਆਵਾਂ ਦਾ ਪੈਣਾ, ਇਹ ਦਰਸ਼ਨ ਸੋਨੇ ਦੀ ਚਮਕ ਦਾ ਨਜ਼ਾਰਾ ਅੱਖਾਂ ਅੱਗੇ ਬੰਨ੍ਹ ਦੇਂਦਾ ਹੈ। ਇਹ ਹੇਮਕੁੰਟ ਪਰਬਤ ਹੈ।[7]

ਕਿਸੇ ਵੀ ਵੱਡੇ ਲੇਖਕ ਦੀ ਵਡਿਆਈ ਇਸ ਵਿਚ ਛੁਪੀ ਹੁੰਦੀ ਹੈ ਕਿ ਉਸਨੇ ਪਰੰਪਰਾਂ ਵਿਚ ਕੀ ਵਾਧਾ ਕੀਤਾ ਸੀ, ਕਿਹੜੇ ਨਵੇਂ ਝੁਕਾਵਾਂ ਨੂੰ ਜਨਮ ਦਿੱਤਾ ? ਉਸਦਾ ਪਿੱਛਲਕਾਲੀ ਲੇਖਕਾਂ ਉਪਰ ਕੀ ਪ੍ਰਭਾਵ ਪਿਆ ? ਆਧੁਨਿਕ ਪੰਜਾਬੀ ਵਾਰਤਕ ਉਪਰ ਭਾਈ ਵੀਰ ਸਿੰਘ ਦਾ ਸਪਸ਼ਟ ਪ੍ਰਭਾਵ ਵੇਖਿਆ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ, ਭਾਈ ਮੋਹਨ ਸਿੰਘ ਵੈਦ, ਧਨੀ ਰਾਮ ਚਾਤ੍ਰਿਕ, ਡਾ. ਬਲਬੀਰ ਸਿੰਘ, ਪ੍ਰਿੰ. ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਉਪਰ ਇਹ ਪ੍ਰਭਾਵ ਕਿਸੇ ਦਾ ਕਿਸੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਕਈ ਲੇਖਕਾਂ ਨੇ ਤਾਂ ਸਿੱਧੇ ਤੌਰ ਤੇ ਉਨ੍ਹਾਂ ਦੀ ਪ੍ਰੇਰਨਾ, ਪ੍ਰਭਾਵ ਅਤੇ ਉਤਸ਼ਾਹ ਸਦਕਾ ਹੀ ਲਿਖਣਾ ਸ਼ੁਰੂ ਕੀਤਾ ਸੀ। ਹੋਰ ਤਾਂ ਹੋਰ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜਿਸ ਦੀ ਭਾਈ ਜੀ ਨਾਲ ਪਹਿਲਾਂ ਕੋਈ ਸਾਂਝ ਨਹੀਂ ਸੀ ਅਤੇ ਜਿਸਨੇ ਅਜੇ ਲਿਖਣਾ ਵੀ ਸ਼ੁਰੂ ਨਹੀਂ ਸੀ ਕੀਤਾ, ਉਹ ਵੀ ਭਾਈ ਵੀਰ ਸਿੰਘ ਦਾ ਅਹਿਸਾਨਮੰਦ ਹੈ। ਭਾਈ ਵੀਰ ਸਿੰਘ ਬਾਰੇ ਲਿਖੇ ਆਪਣੇ ਇਕ ਲੇਖ ਮੇਰੇ ਵੱਡੇ ਸਮਕਾਲੀ ਵਿਚ ਲਿਖਿਆ ਮਿਲਦਾ ਹੈ ਕਿ ਦਸਵੀਂ ਪਾਸ ਕਰਨ ਤੋਂ ਬਾਅਦ ਉਹ ਰੁੜਕੀ ਵਿਖੇ ਇੰਜੀਨੀਅਰਿੰਗ ਕਾਲਜ ਵਿਚ ਦਾਖਲੇ ਦੀ ਤਿਆਰੀ ਕਰ ਰਹੇ ਸਨ ਤਾਂ ਉਹ ਕਿਸੇ ਰਿਸ਼ਤੇਦਾਰ ਕੋਲ ਠਹਿਰੇ ਹੋਏ ਸਨ ਜੋ ਭਾਈ ਵੀਰ ਸਿੰਘ ਦੇ ਵੱਡੇ ਪ੍ਰਸ਼ੰਸਕ ਸਨ। ਉਨ੍ਹਾਂ ਨੇ ਗੁਰਬਖ਼ਸ਼ ਸਿੰਘ ਨੂੰ ਭਾਈ ਵੀਰ ਸਿੰਘ ਦੀਆਂ ਦੋ ਪੁਸਤਕਾਂ 'ਸੁੰਦਰੀ' ਅਤੇ 'ਬਿਜੈ ਸਿੰਘ' ਪੜਨ ਲਈ ਦਿੱਤੀਆਂ। ਪੰਜਾਬੀ ਸਾਹਿਤ ਨਾਲ ਗੁਰਬਖ਼ਸ਼ ਸਿੰਘ ਦਾ ਪਰਿਚਯ ਇਨ੍ਹਾਂ ਪੁਸਤਕਾਂ ਨਾਲ ਹੀ ਹੋਇਆ। ਇਹ ਪਰਿਚਯ ਪਹਿਲਾਂ ਸ਼ੌਕ ਅਤੇ ਪਿਛੋਂ ਸਾਹਿਤਕਾਰੀ ਵਿਚ ਤਬਦੀਲ ਹੋ ਗਿਆ। 'ਸੁੰਦਰੀ' ਅਤੇ 'ਬਿਜੈ ਸਿੰਘ' ਪੜ੍ਹਨ ਮਗਰੋਂ ਗੁਰਬਖਸ਼ ਸਿੰਘ ਨੇ ਆਪਣਾ ਨਾਵਲ 'ਪ੍ਰਤਿਮਾ' ਲਿਖਿਆ। ਇਸ ਤੋਂ ਮਗਰੋਂ ਉਨ੍ਹਾਂ ਨੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਅਤੇ ਮਹਾਕਾਵਿ ਵੀ ਪੜ੍ਹਿਆ। ਜਦ ਸਤੰਬਰ 1933 ਵਿਚ ਪ੍ਰੀਤਲੜੀ ਜਾਰੀ ਹੋਈ ਤਾਂ ਗੁਰਬਖਸ਼ ਸਿੰਘ ਹੁਰਾਂ ਨੇ ਇਸ ਦਾ ਪ੍ਰਵੇਸ਼ ਅੰਕ ਭਾਈ ਵੀਰ ਸਿੰਘ ਨੂੰ ਭੇਜਿਆ। ਭਾਈ ਜੀ ਨੇ ਇਹ ਅੰਕ ਪੜ੍ਹਿਆ ਅਤੇ ਆਪਣਾ ਪ੍ਰਤਿਕਰਮ ਇਕ ਚਿੱਠੀ ਰਾਹੀਂ ਲਿਖ ਭੇਜਿਆ। ਏਹੋ ਚਿੱਠੀ ਭਾਈ ਵੀਰ ਸਿੰਘ ਅਤੇ ਗੁਰਬਖਸ਼ ਸਿੰਘ ਵਿਚਕਾਰ ਸਾਂਝ ਦਾ ਸਬੱਬ ਬਣੀ। ਜਦ ਗੁਰਬਖਸ਼ ਸਿੰਘ ਹੁਰਾਂ ਦੀ ਪੁਸਤਕ 'ਪਰਮ ਮਨੁੱਖ' ਛਪੀ ਤਾਂ ਉਦੋਂ ਵੀ ਖਾਮੋਸ਼ ਰਹਿ ਕੇ ਭਾਈ ਵੀਰ ਸਿੰਘ ਨੇ ਉਨ੍ਹਾਂ ਦੀ ਮਦਦ ਕੀਤੀ। ਪ੍ਰੀਤਲੜੀ ਦਾ ਮੰਨਣਾ ਹੈ ਕਿ ਜੇਕਰ ਭਾਈ ਜੀ ਨੇ ਉਨ੍ਹਾਂ ਦੀ ਮਦਦ ਨਾ ਕੀਤੀ ਹੁੰਦੀ ਤਾਂ ਉਨ੍ਹਾਂ ਦਾ ਹੌਂਸਲਾ ਟੁੱਟ ਜਾਣਾ ਸੀ। ਮੁਮਕਿਨ ਹੈ ਕਿ ਪੰਜਾਬੀ ਸਾਹਿਤ ਗੁਰਬਖਸ਼ ਸਿੰਘ ਵਰਗੇ ਪ੍ਰਤਿਭਾਸ਼ਾਲੀ ਲੇਖਕ ਤੋਂ ਵੰਚਿਤ ਹੋ ਜਾਂਦਾ। ਇੰਝ ਗੁਰਬਖਸ਼ ਸਿੰਘ, ਭਾਈ ਵੀਰ ਸਿੰਘ ਵਲੋਂ ਪੰਜਾਬੀਆਂ ਨੂੰ ਲੇਖਕ ਵਲੋਂ ਦਿੱਤਾ ਗਿਆ ਇਕ ਤੋਹਫ਼ਾ ਮੰਨਿਆ ਜਾਣਾ ਚਾਹੀਦਾ ਹੈ।

ਇਸ ਚਰਚਾ ਦੇ ਆਧਾਰ ਉੱਤੇ ਅਸੀਂ, ਨਿਰਸੰਦੇਹ, ਭਾਈ ਵੀਰ ਸਿੰਘ ਦੀ ਵਾਰਤਕ ਨੂੰ ਇਸਦੇ ਇਤਿਹਾਸ ਅਤੇ ਵਿਕਾਸ ਵਿਚ ਇਕ ਮੀਲ ਪੱਥਰ ਕਹਿ ਸਕਦੇ ਹਾਂ। ਇਹ ਰਚਨਾਵਾਂ ਜਿਥੇ ਆਪਣੇ ਸਮਕਾਲ ਦੀਆਂ ਪ੍ਰਮੁੱਖ ਚੁਣੌਤੀਆਂ ਦੇ ਪ੍ਰਤਿਉੱਤਰ ਹਨ, ਉਥੇ ਇਨ੍ਹਾਂ ਨਾਲ ਬੋਲੀ, ਸ਼ੈਲੀ ਅਤੇ ਦ੍ਰਿਸ਼ਟੀ ਵਿਚ ਇਕ ਨਵੇਂ ਮੋੜ ਵੀ ਆਇਆ। ਡਾ. ਪਿਆਰ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਭਾਈ ਵੀਰ ਸਿੰਘ ਦੀ ਮਹਾਨਤਾ ਨਵਾਂ ਵਿਸ਼ਾ ਲੱਭਣ ਵਿਚ ਨਹੀਂ, ਸਗੋਂ ਇਸ ਹੰਢੇ ਹੋਏ ਤੇ ਘਸੇ ਵਿਸ਼ੇ ਨੂੰ ਨਵੀਂ ਜਿੰਦ-ਜਾਨ ਦੇ ਕੇ ਪੇਸ਼ ਕਰਨ ਵਿਚ ਹੈ। ਉਸਦੀ ਮਹਾਨਤਾ ਵਸਤੂ ਨਾਲੋਂ ਰੂਪ ਵਿਚ ਵਧੇਰੇ ਹੈ। ਅੱਜ ਦੇ ਖੋਜ ਪੱਤਰ ਨੂੰ ਅਸੀਂ ਡਾ. ਬਲਬੀਰ ਸਿੰਘ ਦੀ ਇਸ ਟੂਕ ਨਾਲ ਖਤਮ ਕਰਨਾ ਚਾਹੁੰਦੇ ਹਾਂ ਕਿ, "ਭਾਈ ਵੀਰ ਸਿੰਘ ਜੀ ਦੇ ਮਹਾਨ ਕੰਮਾਂ ਵਿਚੋਂ ਇਕ ਕੰਮ ਗੁਰੂ

ਗੋਬਿੰਦ ਸਿੰਘ ਦੀ ਦੀ ਸ਼ਖ਼ਸੀਅਤ ਨੂੰ ਲੋਕਾਂ ਸਾਮ੍ਹਣੇ ਪੇਸ਼ ਕਰਨਾ ਸੀ। ਇਹ ਕੰਮ ਬਹੁਤ ਕਠਿਨ ਸੀ ਪਰ ਉਹ ਸਫ਼ਲ ਰਹੇ। ਉਨ੍ਹਾਂ ਦੀ 'ਸ੍ਰੀ ਕਲਗਧੀਰ ਚਮਤਕਾਰ', ਇਕ ਯਾਦਗਾਰੀ ਕੰਮ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਚਰਣ ਨੂੰ ਨਿਰੂਪਣ ਕਰਨ ਲਈ ਆਪਣੇ ਸਮੇਂ ਦੇ ਸਾਰੇ ਸਾਹਿਤਕ ਯਤਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੇ ਗੁਰੂ ਸਾਹਿਬ ਦੇ ਵਿਅਕਤਿਤਵ ਦੇ ਆਲੇ-ਦੁਆਲੇ ਇਕ ਵਿਸ਼ੇਸ਼ ਚਮਕ ਪੈਦਾ ਕਰ ਦਿੱਤੀ ਹੈ। ਇਸ ਚਮਕ ਦੇ ਵੱਖ-ਵੱਖ ਰੰਗ ਹਨ ਜਿਨ੍ਹਾਂ ਵਿਚ ਪ੍ਰਚੱਲਿਤ ਚੰਗਿਆੜੇ ਨਜ਼ਰ ਆਉਂਦੇ ਹਨ।

0-0-0

### ਹਵਾਲੇ ਅਤੇ ਟਿੱਪਣੀਆਂ

1. ***ਆਧੁਨਿਕ ਪੰਜਾਬੀ ਗੱਦ ਪ੍ਰਵਾਹ***, 1890 ਵਿਚ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਦੀ ਸਥਾਪਨਾ ਨਾਲ ਚਲਦਾ ਹੈ ਜਿਸ ਦੇ ਮੁੱਖ ਸੰਚਾਲਕ ਭਾਈ ਵੀਰ ਸਿੰਘ ਸਨ ਸੰਤ ਸਿੰਘ ਸੇਖੋਂ, **ਖੋਜ ਪਤ੍ਰਿਕਾ, ਸਤੰਬਰ 1972**, ਪੰਨਾ 199
2. ਗਿਆਨੀ ਗਿਆਨ ਸਿੰਘ, **ਭਗਤ ਸਿੰਘ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1978, ਪੰਨਾ 92
3. **ਪ੍ਰੋ. ਗੁਰਮੁਖ ਸਿੰਘ : ਜੀਵਨ ਤੇ ਰਚਨਾ**, ਗੁਰਦੇਵ ਸਿੰਘ ਸਿੱਧੂ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989, ਪੰਨਾ 49
4. **ਮੱਧਕਾਲੀਨ ਪੰਜਾਬੀ ਵਾਰਤਕ**, (ਸੰਪਾ.) ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988, ਪੰਨਾ 340
5. ਵਿਸਤਾਰ ਵੇਖੋ, ਪ੍ਰਸਤੁਤ ਲੇਖ ਦਾ ਲੇਖ, **ਭਾਈ ਦਿੱਤ ਸਿੰਘ ਪਤ੍ਰਿਕਾ**, ਜਨਵਰੀ 2023, ਪੰਨੇ 30-32.
6. **ਸ੍ਰੀ ਕਲਗੀਧਰ ਚਮਤਕਾਰ**, (ਪੂਰਬਾਰਧ), 1973, ਭੂਮਿਕਾ।
7. ਉਹੀ, ਪੰਨਾ 1
8. **ਭਾਈ ਵੀਰ ਸਿੰਘ : ਸਾਹਿਤ-ਦਰਸ਼ਨ**, (ਸੰਪ.) ਸ.ਪ. ਸਿੰਘ ਅਤੇ ਜਸਬੀਰ ਸਿੰਘ ਸਾਬਰ, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, ਫਰਵਰੀ 2016, ਪੰਨਾ 71

ਸਾਬਕਾ ਪ੍ਰੋਫ਼ੈਸਰ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।
ਮੋਬਾਇਲ : 98889-39808





## ਭਾਈ ਵੀਰ ਸਿੰਘ ਰਚਿਤ ਸ਼੍ਰੀ ਗੁਰੂ ਨਾਨਕ ਚਮਤਕਾਰ: ਇਕ ਅਧਿਐਨ

ਡਾ. ਬਲਜੀਤ ਸਿੰਘ ਵਿਰਕ
ਡਾ. ਭਾਰਤਬੀਰ ਕੌਰ ਸੰਧੂ

ਭਾਈ ਵੀਰ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ, ਦਰਸ਼ਨ ਤੇ ਘਟਨਾਵਾਂ ਨੂੰ ਲੋਕਾਈ ਦੇ ਸਨਮੁੱਖ ਰੱਖਣ ਲਈ ਸ਼੍ਰੀ ਗੁਰੂ ਕਲਗੀਧਰ ਚਮਤਕਾਰ, ਸ਼੍ਰੀ ਗੁਰੂ ਨਾਨਕ ਚਮਤਕਾਰ, ਅਤੇ ਅਸ਼ਟਮਾਰਗ ਚਮਤਕਾਰ ਦੀ ਰਚਨਾ ਕੀਤੀ। ਸ਼੍ਰੀ ਗੁਰੂ ਨਾਨਕ ਚਮਤਕਾਰ ਦਾ ਪਹਿਲਾ ਐਡੀਸ਼ਨ 1928 ਵਿਚ ਪ੍ਰਕਾਸ਼ਿਤ ਕੀਤਾ ਗਿਆ। ਪਰ ਇਸ ਵਿਚਲਾ ਮੁੱਢਲਾ ਪ੍ਰਸੰਗ 'ਉੱਚੇ ਖੰਡਾਂ ਦੇ ਕੌਤਕ' ਨਾਂ ਦੇ ਸਿਰਲੇਖ ਹੇਠ 1900 ਵਿਚ ਛਪ ਚੁੱਕਾ ਸੀ। 1944 ਈਸਵੀ ਵਿਚ ਇਸ ਵਿਚ ਆਖਰੀ ਪ੍ਰਸੰਗ ਨੂੰ ਜੋੜਿਆ ਗਿਆ।[1] ਵੱਖ-ਵੱਖ ਐਡੀਸ਼ਨਾਂ ਸਮੇਂ ਇਸ ਵਿਚਲੇ ਪ੍ਰਸੰਗਾਂ, ਸਾਖੀਆਂ, ਕਵਿਤਾਵਾਂ ਅਤੇ ਗੀਤਾਂ ਵਿਚ ਵਾਧਾ ਹੁੰਦਾ ਗਿਆ। 1964 ਵਿਚ ਛਪੇ ਚੌਥੇ ਐਡੀਸ਼ਨ ਵਿਚ ਕੁਲ 12 ਅਧਿਆਇ, 95 ਸਾਖੀਆਂ (10 ਸਾਖੀਆਂ ਕਵਿਤਾ ਦੇ ਰੂਪ ਵਿਚ) ਤੇ 43 ਗੀਤ ਸ਼ਾਮਿਲ ਹਨ। ਵੱਖ-ਵੱਖ ਸਮੇਂ ਲਿਖੇ ਲੇਖਾਂ ਕਾਰਨ ਇਸ ਵਿਚ ਬਾਕੀ ਚਮਤਕਾਰਾਂ ਦੇ ਮੁਕਾਬਲਤਨ ਨਿਰੰਤਰਤਾ ਦੀ ਕਮੀ ਵੀ ਰੜਕਦੀ ਹੈ। ਸਿੰਘ ਸਭਾ ਲਹਿਰ ਨੇ ਸਿੱਖਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਬਹੁਮੁੱਲਾ ਸਾਹਿਤ ਸਿਰਜਿਆ। 1894 ਵਿਚ ਖਾਲਸਾ ਟ੍ਰੈਕਟ ਸੋਸਾਇਟੀ ਦੀ ਸਥਾਪਨਾ ਨਾਲ ਪ੍ਰੈਸ ਦਾ ਕੰਮ ਸੰਪੂਰਨ ਕਰ ਲਿਆ ਗਿਆ। ਪੰਜ ਸਾਲਾਂ (1901-05) ਅੰਦਰ ਇਸ ਰਾਹੀਂ 6,01,837 ਟ੍ਰੈਕਟ ਛਾਪ ਕੇ ਵੰਡੇ ਗਏ।[2] 19ਵੀਂ ਸਦੀ ਦੀਆਂ ਸਮਾਜਿਕ ਧਾਰਮਿਕ ਲਹਿਰਾਂ ਆਪਣੇ ਧਰਮ ਦੇ ਪ੍ਰਚਾਰ ਦੇ ਨਾਲ-ਨਾਲ ਆਪਸ ਵਿਚ ਵੀ ਟਕਰਾਉਂਦੀਆਂ ਹਨ। ਇਸ ਟਕਰਾਓ 'ਚੋਂ ਉਪਜਿਆ ਸਾਹਿਤ ਸਰਬ-ਭਾਈਚਾਰੇ ਦੇ ਸਿਧਾਂਤ ਤੋਂ ਅੱਖਾਂ ਮੀਟਦਾ ਦਿਖਾਈ ਦਿੰਦਾ ਹੈ। ਆਰੀਆ ਸਮਾਜੀਆਂ ਦੀ ਅਸ਼ਰਧਾ ਵਾਲੀ ਸ਼ਬਦਾਵਲੀ ਹਕੂਮਤ ਦੇ ਧਾਰਮਿਕ ਵੰਡ ਦੇ ਮਕਸਦਾਂ ਨੂੰ ਬੂਰ ਪਾਉਂਦੀ ਦਿਖਾਈ ਦਿੰਦੀ ਹੈ।

ਨਾਨਕ ਸ਼ਾਹ ਫਕੀਰ ਨੇ ਨਯਾ ਚਲਾਇਆ ਪੰਥ
ਇਧਰ ਉਧਰ ਸੇ ਜੋੜ ਕੇ ਲਿਖ ਮਾਰਾ ਇਕ ਗ੍ਰੰਥ
ਪਹਿਲੋਂ ਚੇਲੇ ਕਰ ਲੈ ਪਿਛੇ ਬਦਲਾ ਭੇਸ
ਸਿਰ ਪਰ ਸਾਫਾ ਬਾਂਧ ਕੇ ਰਖ ਲੀਨੇ ਸਭ ਕੇਸ।[3]

ਪੁਰਤਾਨ ਗੌਰਵ ਨੂੰ ਨਵੇਂ ਸਾਂਚੇ ਵਿਚ ਢਾਲਦਿਆਂ ਇਹ ਵਰਤਾਰਾ ਪਿਉਂਦ ਵਰਗਾ ਦਿਖਾਈ ਦਿੰਦਾ ਹੈ। ਉਸਦੇ ਪੱਤੇ, ਫਲ ਤੇ ਫੁੱਲ ਮੂਲ ਨਾਲ ਮੇਚ ਨਹੀਂ ਕਰਦੇ ਭਾਵੇਂ ਕਿ ਉਹ ਆਪਣੀ ਤਾਕਤ ਮੂਲ ਤੋਂ ਹੀ ਲੈ ਰਿਹਾ ਹੁੰਦਾ ਹੈ। ਕਈ ਵਾਰ ਇਹ ਵਰਤਾਰਾ ਬੜੀ ਛੇਤੀ ਨਾਲ ਵਾਪਰਦਾ ਹੈ। ਬਾਹਰਮੁੱਖੀ ਤਾਕਤਾਂ ਜਾਂ ਫਿਰ ਕਈ ਵਾਰ ਅੰਦਰਲੀਆਂ ਛੱਲਾਂ ਹੀ ਕੰਢੇ ਖੋਰਨ ਲੱਗ ਜਾਂਦੀਆਂ ਹਨ। 'ਨਾਨਕ ਸ਼ਾਹ ਫਕੀਰ, ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ' ਨੂੰ ਅਸੀਂ ਫੂਕਣ 'ਤੇ ਦੱਬਣ ਦੇ ਰੌਲੇ ਵਿਚ ਗਵਾ ਦਿੰਦੇ ਹਾਂ।

ਬਾਬੂ ਛੱਡ ਗਏ ਬਿਰਧ ਹੋ ਚੋਲੇ, ਸੱਚੇ ਸਾਹਿਬ ਨੇ ਬੁਲਾ ਲਏ ਕੋਲੇ,
ਲੋਕਾਂ ਮਗਰੋਂ ਪਰੋਲੇ ਫੋਲੇ, ਲੈ ਗਿਆ ਪਾਸ ਬੁਲਾ ਕੇ ਕਾਦਰ ਸੀ।
ਦੋਹਾਂ ਦੀਨਾਂ ਨੇ ਵੰਡ ਲਈ ਚਾਦਰ ਜੀ।
ਦੱਸੋ ਮਗਰੋਂ ਫਿਰਨ ਕੀ ਲੱਭਦੇ, ਇੱਕ ਫੂਕਣ ਤੇ ਇੱਕ ਦੱਬਦੇ,

ਨੂਰ ਰਲ ਗਿਆ ਨੂਰ ਵਿਚ ਰੱਬਦੇ, ਸਿਰ ਛਤਰ ਸ਼ਾਹਨਾਂ ਝੁੱਲਦੇ ਐ,
ਗੁਰੂ ਨਾਨਕ ਸਾਂਝੇ ਕੁੱਲ ਦੇ ਐ।[4]

ਟਕਰਾਓ ਦੀ ਇਹ ਜੰਗ ਕਲਮਾਂ ਦੀ ਸ਼ਾਨ 'ਤੇ ਹੋਰ ਤਿੱਖੀ ਹੁੰਦੀ ਜਾਂਦੀ ਹੈ। 'ਨਾ ਕੋਇ ਹਿੰਦੂ ਨਾ ਕੋਇ ਮੁਸਲਮਾਨ ਤੋਂ ਅਸੀਂ ਹਮ ਹਿੰਦੂ ਨਹੀਂ ਤਕ ਆ ਜਾਂਦੇ ਹਾਂ। ਬੇਸ਼ੱਕ ਇਹ ਪਹਿਚਾਣ ਦੀ ਲੜਾਈ ਸੀ ਪਰ ਅਸੀਂ ਤਾਂ ਤੁਮ ਕੋ ਤੁਮਾਰਾ ਖੂਬ ਹਮ ਕੋ ਹਮਾਰਾ ਖੂਬ ਦੀ ਵਿਰਾਸਤ ਦੇ ਧਾਰਨੀ ਹਾਂ। ਪਰ ਇਸ ਦੌਰ ਵਿਚ ਵੀ ਭਾਈ ਵੀਰ ਸਿੰਘ ਦੀ ਸ਼ੈਲੀ ਕੁਰੱਖਤ ਨਹੀਂ ਹੁੰਦੀ ਜਿਵੇਂ ਕਿ ਭਾਈ ਦਿੱਤ ਸਿੰਘ ਇੱਕ ਥਾਂ 'ਤੇ ਸਖਤ ਲਹਿਜ਼ੇ 'ਚ ਦਿਖਾਈ ਦਿੰਦੇ ਹਨ :

ਬਾਹਮਣ ਮੱਥੇ ਲਗਿਆਂ ਹੁੰਦਾ ਕੰਮ ਖੁਆਰ,
ਸਨਮੁਖ ਆਏ ਚੰਡਾਲ ਜੋ ਆਵੇ ਕੰਮ ਸੰਵਾਰ।[5]

ਡਾ. ਰਤਨ ਸਿੰਘ ਜੱਗੀ ਉਹਨਾਂ ਦੀ ਸ਼ੈਲੀ ਨੂੰ ਸਾਧੂ ਸ਼ੈਲੀ ਕਹਿੰਦੇ ਹਨ ਜਿਸ ਵਿਚ ਖੰਡਨ ਮੰਡਨ ਤਾਂ ਹੈ ਪਰ ਉਹ ਦਿਲ ਦੁਖਾਉਣ ਵਾਲੀ ਕੋਈ ਚੋਟ ਨਹੀਂ ਕਰਦੇ। ਦੂਜੇ ਧਰਮਾਂ ਜਾਂ ਵਿਚਾਰਵਾਨਾਂ ਨਾਲ ਤੁਲਨਾ ਕਰਨ ਲਗਿਆਂ ਉਹ ਗੁਰੂਆਂ ਨੂੰ ਸਰਬੋਤਮ ਮੰਨਦੇ ਹੋਏ ਦੂਜਿਆਂ ਨੂੰ ਮਾੜਾ ਨਹੀਂ ਕਹਿੰਦੇ।[6] 1915 ਵਿਚ 'ਸਭ ਤੋਂ ਵੱਡਾ ਸਤਿਗੁਰ ਨਾਨਕ' ਲੇਖ ਇਸਦੀ ਪੁਸ਼ਟੀ ਕਰਨ ਲਈ ਕਾਫੀ ਹੈ, 'ਇਸ ਕਰਕੇ ਅਸੀਂ ਗੁਰ ਨਾਨਕ ਵਿਚ ਸ਼ਾਇਰੀ, ਹਾਂ ਜੀ, ਉੱਚੀ ਸੁੱਚੀ ਅਸਲੀ ਰੱਬੀ ਸ਼ਾਇਰੀ ਦਾ ਇਕ ਨਵਾਂ ਕਮਾਲ ਦੇਖਦੇ ਹਾਂ, ਏਸੇ ਕਰਕੇ ਗੁਰੂ ਨਾਨਕ ਦੀ ਸ਼ਾਇਰੀ ਨੂੰ ਲੋਕ ਕਵਿਤਾ ਨਹੀਂ ਕਹਿੰਦੇ, ਧੁਰ ਕੀ ਬਾਣੀ ਕਹਿੰਦੇ ਹਨ, ਅਰ ਨਾਨਕ ਸ਼ਾਇਰ ਨੂੰ ਗੁਰੂ ਨਾਨਕ ਦੇਵ, ਸਭ ਤੋਂ ਵੱਡਾ ਪੈਗੰਬਰ, ਹਾਂ ਜੀ ਸਭ ਤੋਂ ਵੱਡਾ ਗੁਰੂ ਅਵਤਾਰ, ਜਾਣਨਹਾਰ ਤੇ ਸੁਤੇ ਗਿਆਨੀ ਆਖਦੇ ਹਨ ਤੇ ਧੁਰ ਕੀ ਬਾਣੀ ਸਾਖੀ ਭਰਦੀ ਹੈ : 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ'।[7] ਗੁਰੂ ਨਾਨਕ ਦੇਵ ਜੀ ਦਾ ਸੰਵਾਦ ਕਹਿਣ ਤੇ ਸੁਣਨ ਦੇ ਨਾਲ-ਨਾਲ ਇਹ ਵੀ ਸੇਧ ਦਿੰਦਾ ਹੈ: 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ'। ਭਾਈ ਵੀਰ ਸਿੰਘ ਵੀ ਬੁਰਾਈ ਦੀ ਜੜ੍ਹ 'ਤੇ ਚੰਗੀ ਪਿਓਂਦ ਦੇਣ ਦੀ ਹਾਮੀ ਭਰਦੇ ਹਨ। ਗੁਰੂ ਸਾਹਿਬ ਨੇ ਪਿਆਰ ਤੇ ਸੰਵਾਦ ਨਾਲ ਸੱਜਣ ਠੱਗ, ਸ਼ੇਖ਼ ਸ਼ਰਫ਼, ਨੂਰ ਸ਼ਾਹ, ਸ਼ੇਖ਼ ਬ੍ਰਹਮ, ਬਾਬਰ, ਮੀਆਂ ਮਿੱਠਾ, ਦੁਨੀ ਚੰਦ, ਕੌਡਾ ਰਾਖ਼ਸ਼ ਆਦਿਕ ਅਨੇਕਾਂ ਅਸਾਧਾਰਨ ਵਿਅਕਤੀਆਂ ਨੂੰ ਜਿੱਤ ਲਿਆ। ਗੁਰੂ ਸਾਹਿਬ ਇਹ ਧਿਆਨ ਜ਼ਰੂਰ ਰੱਖਦੇ ਕਿ ਜਿਸ ਮਨੁੱਖ ਨੂੰ ਗੁਰੂ ਸਾਹਿਬ ਵੱਲੋਂ ਉਪਦੇਸ਼ ਦਿੱਤਾ ਜਾ ਰਿਹਾ ਹੈ ਉਹ ਅਧਿਆਤਮਕਤਾ ਦੇ ਕਿਸ ਪੜਾਅ 'ਤੇ ਹੈ। ਗੁਰੂ ਨਾਨਕ ਦੇਵ ਜੀ ਭਾਈ ਲਾਲੋ ਨੂੰ ਪ੍ਰਤੱਖ ਨਿਹਾਲ ਕਰਦੇ ਹਨ, ਜਦਕਿ ਮਲਿਕ ਭਾਗੋ ਨੂੰ ਪਹਿਲਾਂ ਉਸਦੇ ਕੀਤੇ ਗੁਨਾਹਾਂ ਦਾ ਅਹਿਸਾਸ ਕਰਵਾਉਂਦੇ ਹਨ।[8] ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਨਵਾਂ ਬੀਜ ਬੀਜਣ ਤੋਂ ਪਹਿਲਾਂ ਧਰਤੀ ਨੂੰ ਸਵਾਰਦੇ ਹਨ ਤਾਂ ਕਿ ਚੰਗਿਆਈ ਦੀ ਫਸਲ ਨਦੀਨਾਂ ਦੀ ਮਾਰ ਹੇਠ ਨਾ ਆ ਸਕੇ।

ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਚਮਤਕਾਰ ਸ਼ਬਦ ਦਾ ਅਰਥ ਅਸਚਰਜ, ਅਚੰਭਾ ਜਾਂ ਹੈਰਾਨ ਕਰਨ ਵਾਲਾ ਵਿਸ਼ਾ ਅਤੇ ਵਕਤਾ ਦੇ ਚਿੱਤ ਨੂੰ ਰੌਸ਼ਨ ਕਰਨ ਵਾਲਾ ਦੱਸਿਆ ਹੈ।[9] ਰਤਨ ਸਿੰਘ ਜੱਗੀ ਅਨੁਸਾਰ 'ਸਿੱਖ ਗੁਰੂ ਉਹ ਅਧਿਆਤਮਕ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਆਪਣੇ ਮਹਾਨ ਉਪਕਾਰਾਂ ਦੁਆਰਾ ਯੁੱਗ ਦੀ ਨੁਹਾਰ ਬਦਲ ਦਿੱਤੀ ਸੀ। ਉਹਨਾਂ ਅਲੌਕਿਕ ਗੁਰੂਆਂ ਦੇ ਕਾਰਜ ਜਾਂ ਉਹਨਾਂ ਨਾਲ ਸੰਬੰਧਿਤ ਘਟਨਾਵਾਂ ਵੀ ਅਲੌਕਿਕ ਅਥਵਾ ਆਸਾਧਰਣ ਸਨ। ਉਹ ਨਾ ਆਸਾਧਰਣ ਗੱਲਾਂ ਨੂੰ ਹੀ ਭਾਈ ਵੀਰ ਸਿੰਘ ਨੇ ਚਮਤਕਾਰ ਨਾਂ ਨਾਲ ਯਾਦ ਕੀਤਾ ਹੈ'।[10] ਇਸ ਤਰ੍ਹਾਂ ਲਗ ਰਿਹਾ ਹੈ ਜਿਵੇਂ ਰਤਨ ਸਿੰਘ ਜੱਗੀ ਐਲਫਰਡ ਲਾਇਲ ਦੇ ਸ਼ਬਦਾਂ ਨੂੰ ਹੀ ਆਪਣੇ ਵਾਕ ਵਿਚ ਪਰੋ ਰਿਹਾ ਹੈ, ਜਦ ਕੋਈ ਮਹਾਂਪੁਰਖ ਅਦਭੁਦ ਕੰਮ ਕਰਦਾ ਹੈ ਤਾਂ ਉਸ ਸੰਬੰਧੀ ਰਵਾਇਤਾਂ ਲੋਕਾਂ ਵਿਚ ਪ੍ਰਚੱਲਿਤ ਹੋ ਜਾਂਦੀਆਂ ਹਨ। ਉਸ ਦੇ ਸਮਕਾਲੀ ਹੈਰਾਨੀ ਤੇ ਵਾਹ-ਵਾਹ ਦੇ ਮੰਡਲ ਵਿਚ ਇਨ੍ਹਾਂ ਰਵਾਇਤਾਂ ਨੂੰ ਅਸਚਰਜਤਾ ਅਤੇ ਕਰਾਮਾਤਾਂ ਦੇ ਰੂਪ ਵਿਚ ਵੇਖਦੇ ਹਨ।[11] ਇਹ ਗਹਿਰੇ ਅਨੁਭਵ





ਵਿਚੋਂ ਲਿਖੀਆਂ ਰਚਨਾਵਾਂ ਹਨ। ਜਿਸ ਵਿਚਲਾ ਨਾਇਕ ਅਧਿਆਤਮਕ ਜਿੱਤ ਪ੍ਰਾਪਤ ਕਰਦਾ ਅਤੇ ਆਪਣੇ ਵਿਚਾਰਾਂ ਨਾਲ ਲੋਕਾਈ ਨੂੰ ਪ੍ਰਭਾਵਿਤ ਕਰਦਾ ਪ੍ਰਤੀਤ ਹੁੰਦਾ ਹੈ। ਬੇਸ਼ੱਕ ਜਨਮ ਸਾਖੀਆਂ ਵਿਚ ਕਲਪਨਾ ਅਤੇ ਯਥਾਰਥ ਦਾ ਸੁਮੇਲ ਹੈ।[12] ਪਰ ਇਹਨਾਂ ਦੀ ਸਾਹਿਤਕ ਤੇ ਇਤਿਹਾਸਕ ਮਹੱਤਤਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਸਾਹਿਤਕ ਵਿਧਾ ਵਿਚ ਕਈ ਵਾਰ ਸਿਧਾਂਤਾਂ ਨੂੰ ਕਲਪਨਾ ਦਾ ਲੇਪ ਵੀ ਦੇ ਦਿੱਤਾ ਜਾਂਦਾ ਹੈ। ਇਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਜਨ ਸਧਾਰਨ ਨੂੰ ਆਸਾਨੀ ਨਾਲ ਟੁੰਬ ਸਕਣ। ਇੰਨ੍ਹਾਂ ਜਨਮ ਸਾਖੀਆਂ ਵਿਚ ਬਹੁਤ ਸਾਰਾ ਕਰਾਮਾਤੀ ਅੰਸ਼ ਸੂਫ਼ੀ ਸਾਹਿਤ ਜਾਂ ਸਿੱਧਾਂ ਜੋਗੀਆਂ ਦੇ ਸਾਹਿਤ ਤੋਂ ਆਇਆ ਲਗਦਾ ਹੈ।[13] ਮੁਸਲਮਾਨਾਂ ਵਿਚ ਨਬੀ ਜਾਂ ਔਲੀਆ ਹੋਣ ਦਾ ਇਕ ਬਾਹਰਲਾ ਚਿੰਨ ਕਰਾਮਾਤ ਵਖਾਉਣਾ ਹੈ। ਇਹ ਕਰਾਮਾਤੀ ਅੰਸ਼ ਗੁਰੂ ਨਾਨਕ ਦੀਆਂ ਰਵਾਇਤਾਂ ਵਿਚ ਉਸ ਸਮੇਂ ਦੀਆਂ ਪ੍ਰਚੱਲਤ ਰਵਾਇਤਾਂ ਤੋਂ ਪਰਵੇਸ਼ ਕਰ ਗਿਆ।[14] ਭਾਈ ਵੀਰ ਸਿੰਘ 'ਗੋਸ਼ਟ ਮੀਆਂ ਮਿੱਠਾ' ਵਿਚ ਲਿਖਦਾ ਹੈ। ਇਕ ਤਾਂ ਤਲਵਾਰ ਦੇ ਜ਼ੋਰ ਨਾਲ ਇਸਲਾਮ ਪੈਰ ਪਸਾਰਦਾ ਹੈ ਜੋ ਮਹਿਮੂਦ ਗਜ਼ਨਵੀਂ ਤੋਂ ਅੱਜ ਤੱਕ ਜਾਰੀ ਹੈ। ਦੂਜਾ 'ਸ਼ਰਈ ਇਸਲਾਮ ਨੇ ਵੇਦਾਂਤ ਤੇ ਜੋਗ ਦੀ ਚੱਸ ਆਪਣੇ ਵਿਚ ਲੈ ਕੇ ਸੂਫੀ ਅੱਖਰਾਂ ਦਾ ਸਿਰਨਾਵਾਂ ਉੱਤੇ ਲਾ ਕੇ ਤੇ ਇਨਸਾਨੀ ਲੋੜਾਂ ਦੀਆਂ ਤ੍ਰੇੜਾਂ ਤੱਕ ਤੱਕ ਕੇ ਆਪਣੇ ਦੀਨੀ ਆਸ਼ਿਆਂ ਨੂੰ ਇਨ੍ਹਾਂ ਤ੍ਰੇੜਾਂ ਵਿਚ ਵਾੜ ਵਾੜ ਕੇ ਹਿੰਦੂ ਚਟਾਨ ਦੇ ਟੁਕੜੇ ਕਰ ਕਰ ਤੋੜਨੇ ਤੇ ਆਪਣੇ ਵਿਚ ਜਜ਼ਬ ਕਰਨੇ ਦਾ ਨਵਾਂ ਤਰੀਕਾ ਬੀ ਸਦੀਆਂ ਤੋਂ ਜਾਰੀ ਕਰ ਰੱਖਿਆ ਹੈ। ਧਾਗੇ, ਤਵੀਤ, ਮੰਤਰ, ਜੰਤਰ, ਰੁੱਖਾਂ, ਫੂਕਾਂ, ਝਾੜੇ, ਭੂਤਾਂ ਨੂੰ ਕੀਲਣਾ, ਦੰਦ ਪੀੜਾਂ ਨੂੰ ਕੋਕੇ ਜੜਨੇ, ਸੀਤਲਾ ਨੂੰ ਸੁਆਹ ਦੇਣੀ ਆਦਿਕ ਗੱਲਾਂ ਬੀ ਮੁਸਲਮਾਨ ਮੁਲਾਣੇ ਤੇ ਫਕੀਰ ਹੁਣ ਕਰ ਰਹੇ ਹਨ'।[15] ਸੰਯੁਕਤ ਸੱਭਿਆਚਾਰ (composit culture) ਇਸ ਮਿਸ਼ਰਣ ਬਿਨਾਂ ਅਸੰਭਵ ਹੈ। ਹਾਂ ਇਹ ਅਹਿਮ ਸਵਾਲ ਹੈ ਕਿ ਇਹ ਸੱਤਾ ਦੇ ਬਲ 'ਤੇ ਤਾਂ ਨਹੀਂ ਕੀਤਾ ਜਾ ਰਿਹਾ: 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ'। ਡਰ 'ਚੋਂ ਦਿਖਾਵਾ ਤਾਂ ਛਲਕ ਸਕਦਾ ਹੈ ਪਰ ਹਾਕਮ ਦੀ ਫੂਕ ਮਨ ਦਾ ਦੀਵਾ ਨਹੀਂ ਬੁਝਾ ਪਾਉਂਦੀ : ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। ਸੱਜਣ ਠੱਗ ਵਾਲੀ ਸਾਖੀ ਵਿਚਲੇ ਭਾਈ ਵੀਰ ਸਿੰਘ ਦੇ ਸ਼ਬਦ ਇਸ ਨੂੰ ਸਮਝਣ ਵਿਚ ਹੋਰ ਸੌਖ ਪ੍ਰਦਾਨ ਕਰਨਗੇ, ਭਰਮ ਨਾ ਕਰੋ, ਮੇਰਾ ਜਨਮ ਹਿੰਦੂ ਹੈ, ਰਹਿਤ ਵੀ ਹਿੰਦੂ ਹੈ। ਮੁਸਲਮਾਨੀ ਸਾਮਾਨ ਤਾਂ ਰਾਜ ਕਰਕੇ ਹੈ, ਜਥਾ ਰਾਜਾ ਤਥਾ ਪਰਜਾ।[16]

ਭਾਈ ਸਾਹਿਬ ਨੇ ਸ੍ਰੀ ਗੁਰੂ ਨਾਨਕ ਚਮਤਕਾਰ ਵਿਚ ਭਾਵੇਂ ਕਿ ਵਿਭਿੰਨ ਸਿੱਖੀ ਸ੍ਰੋਤਾਂ ਦੀ ਵਰਤੋਂ ਕੀਤੀ ਹੈ ਪਰ ਇਸ ਵਿਚਲੇ ਜ਼ਿਆਦਾਤਰ ਹਵਾਲੇ ਪੁਰਾਤਨ ਜਨਮ ਸਾਖੀ ਵਾਲੇ ਹਨ। ਇਸਦਾ ਇੱਕ ਕਾਰਨ ਸ਼ਾਇਦ ਇਹ ਵੀ ਹੈ ਕਿ ਭਾਈ ਸਾਹਿਬ ਨੇ ਦੋ ਸਾਲ ਪਹਿਲਾਂ ਹੀ (1926) ਪੁਰਾਤਨ ਜਨਮ ਸਾਖੀ ਦੀ ਸੰਪਾਦਨਾ ਕੀਤੀ ਸੀ। ਸ੍ਰੀ ਗੁਰੂ ਨਾਨਕ ਚਮਤਕਾਰ ਵਿਚ ਪੁਰਾਤਨ ਜਨਮ ਸਾਖੀ ਦਾ ਬਹੁਤ ਸਾਰਾ ਭਾਗ ਟੂਕਾਂ ਦੇ ਰੂਪ ਵਿਚ ਅਤੇ ਕਿਤੇ ਪੂਰੀ ਸਾਖੀ ਨੂੰ ਹੀ ਵਰਤਿਆ ਗਿਆ ਹੈ।[17] ਬੇਸ਼ੱਕ ਭਾਈ ਸਾਹਿਬ ਇਹਨਾਂ ਵਿਚਲੀਆਂ ਭੂਗੋਲਿਕ ਤਰੁੱਟੀਆਂ ਨੂੰ ਵੀ ਦਰੁਸਤ ਕਰਦੇ ਹਨ ਪਰ ਜੇਕਰ ਵਿਸ਼ੇ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਪੰਜਾਬੀ ਵਾਰਤਕ ਨੂੰ ਇਹ ਦੇਣ ਵਿਸ਼ੇ ਨਾਲੋਂ ਅਧਿਕ ਸ਼ੈਲੀ ਦੀ ਹੈ।[18] ਹਰ ਸਾਖੀ ਆਰੰਭਣ ਲੱਗਿਆ ਸਬੰਧਿਤ ਖੇਤਰ ਦੀ ਭੂਗੋਲਿਕਤਾ ਤੇ ਵਾਯੂਮੰਡਲ ਦੀ ਬੜੇ ਮਨਮੋਹਕ ਢੰਗ ਨਾਲ ਪੇਸ਼ਕਾਰੀ ਕੀਤੀ ਗਈ ਹੈ ਤਾਂ ਕਿ ਪਾਠਕ ਖੁਦ ਨੂੰ ਉਸ ਮਹੌਲ ਵਿਚ ਪਹੁੰਚਿਆ ਮਹਿਸੂਸ ਕਰ ਸਕਣ। ਭਾਈ ਵੀਰ ਸਿੰਘ ਦੁਆਰਾ ਸਰਲ ਭਾਸ਼ਾ ਰਾਹੀਂ ਜਨ ਸਧਾਰਨ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਦੀ ਇਹ ਇਕ ਨਵੀਂ ਪਹੁੰਚ ਸੀ। ਗੁਰਬਾਣੀ, ਵਾਰਾਂ, ਸਾਖੀਆਂ, ਪੁਰਾਤਨ ਇਤਿਹਾਸਕ ਤੇ ਧਾਰਮਿਕ ਗ੍ਰੰਥਾਂ ਦੇ ਹਵਾਲਿਆਂ ਦੇ ਨਾਲ-ਨਾਲ ਕਵਿਤਾ ਤੇ ਗੀਤਾਂ ਦਾ ਸੁਮੇਲ ਦੇਖ ਕਿ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਕਈ ਥਾਵਾਂ 'ਤੇ ਵਾਰਤਾਕਾਰ ਦੇ ਅੰਦਰਲਾ ਕਵੀ ਖੁਦ ਹੀ ਪ੍ਰਗਟ ਹੋ ਜਾਂਦਾ ਹੈ। ਇਹ ਮਿਸ਼ਰਣ ਇੱਕ ਨਵੀਂ ਸਾਹਿਤਕ ਧਰਾਤਲ ਸਿਰਜਦਾ ਹੈ।

ਭਾਈ ਵੀਰ ਸਿੰਘ ਰਚਿਤ ਗੁਰੂ ਸਾਹਿਬਾਨ ਦੇ ਚਮਤਕਾਰਾਂ ਵਿਚ ਇਹੋ ਜਿਹੇ ਕਿਸੇ ਤਰਕ ਜਾਂ ਦਲੀਲ ਲਈ ਕੋਈ ਥਾਂ ਨਹੀਂ ਜਿਸ ਨਾਲ ਇਤਿਹਾਸਕ ਗੁਰਧਾਮਾਂ ਨਾਲ ਸੰਬੰਧਤ ਲੋਕ ਵਿਸ਼ਵਾਸਾਂ ਨੂੰ ਕੋਈ ਆਂਚ ਪਹੁੰਚੇ। 'ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨੂੰ ਚਮਤਕਾਰ ਦਾ ਸਿਰਲੇਖ ਦੇਣਾ ਵੀ ਸਿੱਧ ਕਰਦਾ ਹੈ ਕਿ ਭਾਈ ਸਾਹਿਬ ਦੇ ਦਿਲ ਵਿਚ ਗੁਰੂ ਸਾਹਿਬਾਨ ਦੀਆਂ ਦੈਵੀ ਸ਼ਕਤੀਆਂ ਬਾਰੇ ਅਥਾਹ ਸ਼ਰਧਾ ਤੇ ਵਿਸ਼ਵਾਸ ਹੈ। ਸੋ ਕਈ ਪ੍ਰਸੰਗਾਂ ਵਿਚ ਮਿਥਿਹਾਸਕ ਅਤੇ ਪਰਾ-ਸਰੀਰਿਕ ਵਾਯੂ ਮੰਡਲ ਵੇਖ ਕੇ ਹੈਰਾਨ ਨਹੀਂ ਹੋਣਾ ਚਾਹੀਦਾ'।[19] ਪਰ ਜੇਕਰ ਭਾਈ ਵੀਰ ਸਿੰਘ ਜੀ ਦੁਆਰਾ ਸੰਪਾਦਿਤ ਪ੍ਰਚੀਨ ਪੰਥ ਪ੍ਰਕਾਸ਼ ਦਾ ਹਵਾਲਾ ਲਈਏ ਤਾਂ ਗੁਰੂ ਤੇਗ ਬਹਾਦਰ ਜੀ ਦੀ ਨਜ਼ਰ ਵਿਚ ਕਰਾਮਾਤ ਇਕ ਜ਼ੁਲਮ ਹੈ ਤੇ ਪੀਰ ਫਕੀਰ ਨੂੰ ਇਹੋ ਜਿਹਾ ਕਾਰਜ ਸੋਭਾ ਨਹੀਂ ਦਿੰਦਾ। ਕਰਾਮਾਤ ਨੂੰ ਕਹਿਰ ਅਤੇ ਗ਼ੈਰ ਮੁਨਾਸਿਬ ਸਮਝਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਸੀ ਕਿ ਤੁਸੀਂ ਕਰਾਮਾਤ ਨੂੰ ਸਾਡੇ ਉੱਤੇ ਕਰੋ ਤੇ ਤੁਹਾਨੂੰ ਇਸ ਬਾਬਤ ਖੁਦਾ ਅੱਗੇ ਜਵਾਬਦੇਹ ਹੋਣਾ ਪਵੇਗਾ : 'ਕਰਾਮਾਤ ਨਾਮ ਕਹਿਰ ਹੈ ਸੋ ਹਮ ਕਰਤੇ ਨਾਹਿ'।[20] ਪਿਆਰਾ ਸਿੰਘ ਪਦਮ ਵੀ ਰਤਨ ਸਿੰਘ ਭੰਗੂ ਦੀ ਉਪਰੋਕਤ ਟਿੱਪਣੀ ਵਾਂਗ ਲਿਖਦਾ ਹੈ ਕਿ ਗੁਰੂ ਜੀ ਨੇ ਸਰਕਾਰੀ ਅਧਿਕਾਰੀਆਂ ਨੂੰ ਕਿਹਾ ਕਿ ਧੰਨ ਅਮੀਰਾਂ ਪਾਸ ਹੈ, ਕਰਾਮਾਤ ਪੀਰਾਂ ਪਾਸ ਹੈ, ਅਸੀਂ ਤਾਂ ਰੱਬ ਦੇ ਨਿਮਾਣੇ ਫ਼ਕੀਰ ਹਾਂ, ਜਿਨ੍ਹਾਂ ਨੂੰ ਕੇਵਲ ਉਨ੍ਹਾਂ ਦੇ ਨਾਮ ਦਾ ਆਸਰਾ ਹੈ।[21] ਭਾਈ ਵੀਰ ਸਿੰਘ ਦਾ ਮੱਤ ਹੈ ਕਿ ਅਸਹਿਮਤੀ ਕਾਰਨ ਕਿਸੇ ਵੀ ਇਤਿਹਾਸਕ ਲਿਖਤ ਦਾ ਕੋਈ ਹਿੱਸਾ ਕੱਟ ਦੇਣਾ ਇਤਿਹਾਸਕ ਲੇਖਣੀ ਦੀ ਸਹੀ ਵਿਧਾ ਨਹੀਂ ਹੈ। ਹਾਂ ਲੇਖਕ ਨੂੰ ਆਪਣੀ ਟਿੱਪਣੀ ਰਾਹੀਂ ਅਸਹਿਮਤੀ ਜਤਾਉਣ ਦਾ ਪੂਰਾ ਅਧਿਕਾਰ ਹੈ। ਗਿਆਨ ਦੇ ਵਾਧੇ ਨਾਲ ਸੰਭਵ ਹੈ ਕਿ ਜੋ ਕਲ ਤਕ ਮਿੱਥ ਸੀ ਅਜ ਸੱਚ ਹੋ ਨਿਬੜੇ। ਇਕ ਪਾਸੇ ਤਾਂ ਕਰਾਮਾਤ ਮੰਨਣ ਵਾਲੇ ਮੁਬਾਲਗ਼ੇ (ਅਤਿਕਥਨੀ) ਕਰ ਜਾਂਦੇ ਹਨ, ਦੂਜੇ ਪਾਸੇ ਨਾ ਮੰਨਣ ਵਾਲੇ ਉਨ੍ਹਾਂ ਵਾਕਿਆਤ ਨੂੰ ਸਿਰਿਓਂ ਹੀ ਛਡ ਜਾਂਦੇ ਹਨ; ਹੈਨ ਦੁਏ ਪੱਖ ਭੁੱਲ ਤੇ।[22]

ਚਮਤਕਾਰ ਦੀ ਭੂਮਿਕਾ ਇਸ ਨੂੰ ਲਿਖਣ ਦੇ ਉਦੇਸ਼ਾਂ ਨੂੰ ਸਪੱਸ਼ਟ ਕਰ ਦਿੰਦੀ ਹੈ। ਉੱਚ ਜੀਵਨ ਘਟ ਗਏ ਸਨ ਤੇ ਪ੍ਰਚਾਰ ਉੱਕਾ ਬੰਦ ਹੋ ਗਿਆ ਸੀ। ਉੱਚ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਧਰਮ ਅਸਥਾਨਾਂ ਤੇ ਟਿਕਾਣਿਆਂ 'ਤੇ ਉੱਚੇ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ, ਉਹ ਨਾਂ ਦੇ ਉਪਦੇਸ਼ ਤੇ ਅਮਲ ਤੋਂ ਉੱਚ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਨੀ ਤੇ ਕਣੀਂ ਵਾਲੇ ਗੁਰੂ ਸਿੱਖਾਂ ਦਾ ਸੰਗ ਮਹਿਲ ਪ੍ਰਾਪਤ ਹੋਵੇ। ਹਾਂ ਉੱਚੇ ਜੀਵਨ ਲਈ ਉੱਚੇ ਜੀਵਨ ਹੀ ਅੱਖਾਂ ਅੱਗੇ ਆਉਣ ਤਾਂ ਲਾਭ ਹੁੰਦਾ ਹੈ, ਪਰ ਜੇ ਇਹ ਕੁਛ ਘਟੇ ਤਾਂ ਫੇਰ ਉੱਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਹਨਾਂ ਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ।[23] ਭਾਈ ਵੀਰ ਸਿੰਘ ਦਾ ਇਸ਼ਾਰਾ ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲਾ ਗੁਰੂ ਘਰਾਂ 'ਤੇ ਕਾਬਜ਼ ਮਹੰਤਾਂ ਵੱਲ ਹੈ। ਬਹੁਤਾਤ ਦਰਪੇਸ਼ ਹਲਾਤਾਂ ਨੂੰ ਸਰ ਕਰਨ ਲਈ ਆਦਮੀ ਅਤੀਤ ਦੇ ਗੌਰਵਮਈ ਇਤਿਹਾਸ ਵੱਲ ਮੁੜਦਾ ਹੈ। ਆਰੀਆ ਸਮਾਜੀ ਵੀ ਵੇਦਾਂ ਵੱਲ ਮੁੜ ਜਾਓ ਦਾ ਨਾਹਰਾ ਦਿੰਦੇ ਹਨ। ਸੁਭਾਵਿਕ ਹੈ ਮੱਸਿਆ ਦਾ ਅੰਧਕਾਰ ਚੰਨ ਦੀ ਚਾਨਣੀ ਬਿਨ ਦੂਰ ਨਹੀਂ ਹੋਣਾ। ਧਰਮ ਪ੍ਰਚਾਰਕ ਹੀ ਨਹੀਂ ਸਗੋਂ ਬਹੁਤ ਸਾਰੀਆਂ ਰਾਜਨੀਤਿਕ ਲਹਿਰਾਂ ਵੀ ਅਤੀਤ ਦੇ ਧਾਰਮਿਕ ਨਾਇਕਾਂ ਨੂੰ ਆਪਣੇ ਵਿਚਾਰਧਾਰਕ ਸਾਂਚੇ ਵਿਚ ਢਾਲ ਕੇ ਲੋਕਾਈ ਦੇ ਸਨਮੁੱਖ ਕਰਦੀਆਂ ਹਨ। ਹੀਰਾ ਸਿੰਘ ਦਰਦ ਵੇਖ ਮਰਦਾਨਿਆ ਤੂੰ ਰੰਗ ਕਰਤਾਰ ਦੇ ਰਾਹੀਂ ਜਲਿਆ ਵਾਲੇ ਬਾਗ਼ ਦੇ ਘਟਨਾਕ੍ਰਮ ਨੂੰ ਬਿਆਨ ਕਰਦਾ ਹੈ। ਉਸ ਨੂੰ ਡਾਇਰ ਰੂਪੀ ਜ਼ਾਲਮ ਬਾਬਰ ਵਾਂਗ ਹੀ ਨਜ਼ਰ ਆ ਰਿਹਾ ਸੀ ਤੇ ਉਸ ਦੁਆਰਾ ਕੀਤੀ ਕਤਲੋ ਗਾਰਦ 16ਵੀਂ ਸਦੀ ਦੇ ਹਾਲੀਏ ਦਾ ਵਟਿਆ ਹੋਇਆ ਰੂਪ ਹੀ ਦਿਖਾਈ ਦੇ ਰਹੀ ਸੀ।

ਉਠ ਮਰਦਾਨਿਆ ਤੂੰ ਚੁੱਕ ਲੈ ਰਬਾਬ ਭਾਈ,
ਵੇਖੀਏ ਇਕੇਰਾਂ ਫਿਰ ਰੰਗ ਸੰਸਾਰ ਦੇ।
ਪੈ ਰਹੀ ਆਵਾਜ ਕੰਨੀ ਮੇਰੇ ਹੈ ਦਰਦ ਵਾਲੀ,
ਆ ਰਹੇ ਸੁਨੇਹੜੇ ਨੀ ਡਾਢੇ ਹਾਹਾਕਾਰ ਦੇ।[24]





ਇਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਚੱਲੀਆਂ ਲਹਿਰਾਂ ਆਪਣੇ ਵਿਰਸੇ ਨੂੰ ਆਪਣੀਆਂ ਲਿਖਤਾਂ ਵਿਚ ਪਰੋਂਦੀਆਂ ਹਨ। ਉਹਨਾਂ ਦੀ ਨਜ਼ਰ ਵਿਚ ਸੱਤਾ ਤਬਦੀਲੀ ਨਾਲ ਅਵਾਮ ਦੀ ਸੂਰਤੇ ਹਾਲ ਬਦਤਰ ਹੀ ਹੋਈ ਹੈ। 'ਗੁਰੂ ਨਾਨਕ ਤੇ ਅੱਜ ਦੀ ਕਵਿਤਾ' ਵਿਚ ਸੰਤ ਰਾਮ ਉਦਾਸੀ ਸਮਕਾਲੀਨ ਸੱਚ ਤੇ ਝੂਠ ਦੇ ਨਿਤਾਰੇ ਵਾਸਤੇ ਗੁਰੂ ਸਾਹਿਬ ਨੂੰ ਪੰਜਵੀਂ ਉਦਾਸੀ ਕਰਨ ਲਈ ਬੇਨਤੀ ਕਰਦਾ ਹੈ।[25] 'ਸੱਜਣ ਠੱਗ' ਤੇ 'ਭਾਗੋਆਂ' ਦੀ ਮੌਜੂਦਗੀ ਅੰਦਰ ਮੁਲਕ ਰੌਸ਼ਨਾਉਣ ਦੀ ਤਵੱਕੋ ਕਰਨੀ ਅਸੰਭਵ ਹੈ।

ਬਾਬਾ! ਸੁਣ ਆ ਕੇ, ਦੁਖੀਆਂ ਦੀ ਅਵਾਜ਼।
'ਲਾਲੋ' ਨੇ ਭੁੱਖੇ ਮਰ ਰਹੇ, ਹੈ 'ਭਾਗੋਆਂ' ਦਾ ਰਾਜ।
'ਸੱਜਣ' ਸੀ ਰਾਤੀ ਲੁੱਟਦਾ, ਇਹ ਚਿੱਟੇ ਦਿਨ ਨੇ ਲੁੱਟਦੇ।
ਲੱਖਾਂ ਨੇ ਕੌਡੇ ਬਣ ਗਏ, ਗਲ ਲੋਕਤਾ ਦਾ ਘੁੱਟਦੇ।
ਤੇਰੇ ਮਰਦਾਨੇ ਦਾ, ਇਹ ਝੱਟ ਭੰਨਦੇ ਨੇ ਰਬਾਬ।
ਲਾਲੋ ਨੇ ਭੁੱਖੇ ਮਰ ਰਹੇ...[26]

ਜੇਕਰ ਭਾਈ ਵੀਰ ਸਿੰਘ ਦੇ ਇਤਿਹਾਸਕ ਦ੍ਰਿਸ਼ਟੀਕੋਣ 'ਤੇ ਨਜ਼ਰ ਮਾਰੀਏ ਤਾਂ ਸੂਰਜ ਪ੍ਰਤਾਪ ਗ੍ਰੰਥ ਵਿਚਲੀ ਭੂਮਿਕਾ ਤੋਂ ਸ਼ਪੱਸ਼ਟ ਹੋ ਜਾਂਦਾ ਹੈ, ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤ੍ਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਹੋਰ ਲਾਭ ਵੀ ਹੁੰਦੇ ਹਨ, ਪਰ ਜੀਵਨ ਰੁਮਕੇ ਰੋਆਂ ਨਹੀਂ ਮਾਰ ਉਠਦੇ। ਹਾਂ, ਜੀਵਨ ਲਹਿਰਾਂ ਤਾਂ ਵਲਵਲੇ ਵਿਚ ਆਉਂਦਾ ਹੈ ਜੋ ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂੰ-ਬ-ਹੂ ਹਿਲਦੀਆਂ, ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ, ਫਿਸਲਦੀਆਂ, ਉਠਦੀਆਂ, ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਉੱਚੇ ਭਾਵਾਂ ਨਾਲ ਕੰਬਦੀਆਂ, ਥਰਰਾਉਂਦੀਆਂ, ਰਸਲੀਨ ਹੁੰਦੀਆਂ ਅੱਖਾਂ ਅੱਗੇ ਆਉਣ, ਉਹਨਾਂ ਉਤੇ ਵਸਦੇ ਮਿਹਰ ਦੇ ਚੋਜ ਨੈਣਾਂ ਦੇ ਸਾਹਮਣੇ ਫਿਰ ਜਾਣ।[27] ਇਤਿਹਾਸ, ਕੋਈ ਗਣਨਾ ਕਰਨ ਵਾਲੀ ਮਸ਼ੀਨ ਨਹੀਂ ਹੈ। ਇਹ ਲੋਕਾਂ ਦੀ ਚੇਤਨਾ ਨੂੰ ਬਣਾਉਣ ਅਤੇ ਇਸ ਦੇ ਪ੍ਰਗਟਾਵੇ ਬਾਰੇ ਵੀ ਹੈ।[28] ਚਮਤਕਾਰ ਵਿਚ ਭਾਈ ਵੀਰ ਸਿੰਘ ਸਪੱਸ਼ਟ ਬਿਆਨ ਕਰਦੇ ਹਨ ਕਿ 'ਇਹ ਪੁਸਤਕ ਨਿਰਾ ਇਤਿਹਾਸ ਨਹੀਂ ਪਰ ਇਤਿਹਾਸ ਦੀ ਬੋਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਹੈ'।[29] ਗੰਡਾ ਸਿੰਘ ਅਨੁਸਾਰ 'ਉਹਨਾਂ ਨੂੰ ਆਮ ਤੌਰ 'ਤੇ ਇਕ ਮਹਾਨ ਕਵੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਪਰ ਉਹ ਇਤਿਹਾਸ ਦੇ ਮਹਾਨ ਵਿਦਵਾਨ ਸਨ। ਸਿੱਖ ਇਤਿਹਾਸ ਤੇ ਖਾਸ ਕਰਕੇ ਗੁਰੂ ਕਾਲ ਬਾਰੇ ਉਹਨਾਂ ਦੀ ਜਾਣਕਾਰੀ ਬੇਮਿਸਾਲ ਹੈ'।[30] ਕਿਰਪਾਲ ਸਿੰਘ, ਭਾਈ ਵੀਰ ਸਿੰਘ ਨੂੰ ਰੋਮਾਂਟਿਕ ਇਤਿਹਾਸਕਾਰ ਮੰਨਦਾ ਹੈ। ਰੋਮਾਂਟਿਕ ਇਤਿਹਾਸਕਾਰ ਸੂਝ ਦੀ ਵਰਤੋਂ ਕਰਕੇ ਬੀਤੇ ਹਾਲਾਤ ਦੇ ਖਾਕੇ ਵਿਚ ਰੰਗ ਭਰ ਕੇ ਉਸ ਨੂੰ ਸਵਾਦਲਾ ਬਣਾ ਦਿੰਦਾ ਹੈ। ਉਹ ਖੁਸ਼ਕ ਇਤਿਹਾਸ ਨੂੰ ਇਸ ਤਰ੍ਹਾਂ ਸੁਆਦੀ ਤੇ ਜਿਉਂਦਾ ਬਨਾਉਂਦਾ ਹੈ ਤਾਂ ਕਿ ਪਾਠਕ ਅਤੀਤ ਦੇ ਹਾਲ ਨੂੰ ਮੌਜੂਦਾ ਸਮੇਂ ਦੇ ਹਾਲ ਵਾਂਗੂੰ ਅਨੁਭਵ ਕਰਨ ਲਗ ਪੈਣ।[31] ਭਾਈ ਵੀਰ ਸਿੰਘ ਦੀਆਂ ਲਿਖਤਾਂ ਵੀ ਇਸੇ ਅਨੁਭਵ 'ਚੋਂ ਹੀ ਸਾਡੇ ਸਾਹਮਣੇ ਆਉਂਦੀਆਂ ਹਨ। 'ਭਾਈ ਸਾਹਿਬ ਜਿਸ ਵੇਲੇ ਅਰਥ ਅਤੇ ਵਿਆਖਿਆ ਕਰਦੇ ਹਨ ਤਾਂ ਉਹ ਕਿਸੇ ਹੋਰ ਰੰਗ ਵਿਚ ਚਲੇ ਜਾਂਦੇ ਹਨ'।[32] ਭਾਈ ਵੀਰ ਸਿੰਘ ਦਾ ਇਤਿਹਾਸ ਲਿਖਣ ਦਾ ਢੰਗ ਭਾਵੇਂ ਵਿਗਿਆਨਕ ਇਤਿਹਾਸਕਾਰ ਨਾਲੋਂ ਵੱਖਰਾ ਹੈ ਪਰ ਉਹਨਾਂ ਦੀ ਸਮੱਗਰੀ ਦੀ ਭਾਲ, ਖੋਜ ਤੇ ਪੜਤਾਲ ਵਿਗਿਆਨਕ ਇਤਿਹਾਸਕਾਰ ਨਾਲੋਂ ਵੱਖਰੀ ਜਾਂ ਘੱਟ ਨਹੀਂ। ਉਹ ਅਜਿਹੇ ਇਤਿਹਾਸਕ ਸੋਮਿਆਂ ਦੀ ਵਰਤੋਂ ਵੀ ਕਰਦੇ ਹਨ ਜਿਨ੍ਹਾਂ ਵੱਲ ਸ਼ਾਇਦ ਅਜੇ ਤਕ ਵਿਗਿਆਨਕ ਇਤਿਹਾਸਕਾਰ ਦਾ ਧਿਆਨ ਨਹੀਂ ਗਿਆ ਸੀ। ਸੁੰਦਰੀ ਦੀ ਸਿਰਜਨਾ ਇਕ ਲੋਕ ਗੀਤ ਤੋਂ ਕੀਤੀ ਗਈ।[33] ਇਸਦਾ ਭਾਵ ਇਹ ਵੀ ਨਹੀਂ ਕਿ ਭਾਈ ਵੀਰ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਲਿਖਣ ਸਮੇਂ ਇਤਿਹਾਸਕ ਖੋਜਾਂ ਤੋਂ ਲਾਭ ਨਹੀਂ ਉਠਾਇਆ।[34] ਉਹਨਾਂ ਅੰਗਰੇਜ਼ੀ ਤੇ ਮੁਸਲਿਮ ਲਿਖਤਾਂ ਦੀਆਂ ਊਣਤਾਈਆਂ ਨੂੰ ਸਵੀਕਾਰਿਆ ਨਹੀਂ। ਉਹਨਾਂ ਦੀਆਂ ਲਿਖਤਾਂ ਵਿਚਲੇ ਦਿੱਤੇ ਫੁੱਟ ਨੋਟ ਇਸ ਬਾਰੇ ਕੋਈ ਸ਼ੰਕਾ ਨਹੀਂ ਰਹਿਣ ਦਿੰਦੇ।[35]

ਭਾਈ ਵੀਰ ਸਿੰਘ ਆਪਣੀਆਂ ਲਿਖਤਾਂ ਰਾਹੀਂ ਸਿੱਖ ਧਰਮ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਇਤਿਹਾਸਕ ਤੱਥ ਅਤੇ ਕਾਲਪਨਿਕ ਸੱਚ ਦੁਆਰਾ ਸਾਕਾਰ ਕਰਕੇ ਸਿੱਖਾਂ ਵਿਚ ਪੁਨਰ-ਜਾਗ੍ਰਤੀ ਪੈਦਾ ਕਰਨੀ ਚਾਹੰਦੇ ਸਨ। ਇਸ ਲਈ ਉਨ੍ਹਾਂ ਦੀਆਂ ਲਿਖਤਾਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਾਚਣਾ ਠੀਕ ਨਹੀਂ। 'ਨਿਰੋਲ ਇਤਿਹਾਸਕ ਲਿਖਤਾਂ ਪਾਠਕਾਂ ਨੂੰ ਟੁੰਬਦੀਆਂ ਨਹੀਂ। ਇਸਦੇ ਉਲਟ ਜਦੋਂ ਕੋਈ ਸਾਖੀਕਾਰ, ਵਾਰ ਲੇਖਕ ਜਾਂ ਕਵੀ ਸ਼ਰਧਾ ਭਾਵ ਵਿਚ ਡੁੱਬ ਕੇ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਨੂੰ ਉਲੀਕਦਾ ਹੈ ਤਾਂ ਡਿੱਗੂ ਡਿੱਗੂ ਕਰਦੀਆਂ ਕੌਮਾਂ ਸੰਭਲ ਕੇ ਮੁੜ ਪੈਰਾਂ 'ਤੇ ਖੜੇ ਹੋ ਜਾਂਦੀਆਂ ਹਨ'।"[36] ਸ਼੍ਰੀ ਗੁਰੂ ਕਲਗੀਧਰ ਚਮਤਕਾਰ ਵਿਚ ਸੰਤੋਖ ਸਿੰਘ ਦੇ ਰਾਹੀਂ ਭਾਈ ਵੀਰ ਸਿੰਘ ਦੇ ਮੱਤ ਨੂੰ ਸਮਝਿਆ ਜਾ ਸਕਦਾ ਹੈ।" 1723 ਸੰਮਤ ਵਿਚ ਸਤਿਗੁਰੂ ਪ੍ਰਗਟੇ 1765 ਵਿਚ ਜੋਤਿ ਜੋਤਿ ਸਮਾਏ ਦੀ ਆਵਾਜ਼ ਨੂੰ ਸੰਤੋਖ ਸਿੰਘ ਆਪਣੇ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ, ਸਤਿਗੁਰ ਦੀ ਜੋਤਿ ਅਜ਼ਲੀ ਜੋਤਿ ਹੈ, ਅਜ਼ਲੀ ਚੀਜ਼ ਦਾ ਆਦਿ ਅੰਤ ਨਹੀਂ, ਉਸ ਦਾ ਜਨਮ ਮਰਨ ਕਥਨ ਕਰਨਾ ਖਤਾ ਕਰਨੀ ਹੈ। ਇਤਿਹਾਸਕਾਰ ਹਨੇਰੇ ਵਿਚ ਹੈ, ਕੇਵਲ ਛਿੱਲੜ ਤਕਦਾ ਹੈ, ਉਸ ਨੂੰ ਗਿਰੀ ਤੇ ਗਿਰੀ ਦੀਆਂ ਸ਼ਕਤੀਆਂ ਦਾ ਪਤਾ ਨਹੀਂ ਹੈ। ਸੋ ਭਾਈ ਸਾਹਿਬ ਨਾ ਫਿਲਾਸਫਰ ਹਨ ਅਤੇ ਨਾ ਹੀ ਇਤਿਹਾਸਕਾਰ, ਸਗੋਂ ਉਹ ਨਵੇਂ ਯੁੱਗ ਦੇ ਸਾਖੀਕਾਰ ਹਨ।[37] ਪ੍ਰਾਚੀਨ ਸਾਖੀਕਾਰਾਂ ਨਾਲੋਂ ਉਹਨਾਂ ਦਾ ਇਹ ਵੱਖਰਾਪਣ ਵੀ ਹੈ ਕਿ ਉਹ ਸਿੱਖ ਪੰਥ ਦੀ ਸਮਕਾਲੀ ਸਥਿਤੀ ਨੂੰ ਸੁਧਾਰਨ ਲਈ ਯਤਨਸ਼ੀਲ ਸਨ। ਉਹ ਇਤਿਹਾਸਕ ਘਟਨਾਵਾਂ ਨੂੰ ਵਰਤਮਾਨ ਸਾਂਚੇ ਵਿਚ ਬਾਖੂਬੀ ਢਾਲਦੇ ਹਨ: 'ਗੁਰੂ ਬਾਬੇ ਨੇ ਜੋ ਕੁਝ ਅੱਜ ਕਾਜ਼ੀ ਤੇ ਨਵਾਬ ਨੂੰ ਦੱਸਿਆ ਹੈ, ਉਹ ਸਾਰੇ ਜਗਤ ਨੂੰ ਦੱਸਿਆ ਹੈ, ਹਾਂ ਸਾਨੂੰ ਅੱਜ ਦੱਸਿਆ ਹੈ, ਜਿਸ ਦਿਨ ਅਸਾਂ ਇਹ ਸਾਖੀ ਪੜ੍ਹੀ ਹੈ... ।"[38]

ਭਾਈ ਵੀਰ ਸਿੰਘ ਨੇ ਕਾਦਰ ਨੂੰ ਕੁਦਰਤ ਦੇ ਸੰਦਰਭ ਵਿਚ ਬਾਖੂਬੀ ਪੇਸ਼ ਕੀਤਾ ਹੈ। ਕਵੀ ਦੇ ਰੂਪ ਵਿਚ ਉਹਨਾਂ ਨੂੰ ਵਿਲੀਅਮ ਵਰਡਜ਼ਵਰਥ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਰ ਉਹ ਜਿਸ ਤਰ੍ਹਾਂ ਕੁਦਰਤ ਨੂੰ ਬਿਆਨਦੇ ਤੇ ਵਡਿਆਉਂਦੇ ਹਨ ਉਸ ਸੰਬੰਧੀ ਸਾਨੂੰ ਪੱਛਮ ਦੀ ਅੱਖ 'ਚੋਂ ਤੱਕਣ ਦੀ ਬਜਾਏ ਇਹ ਦੇਖਣ ਦੀ ਬਹੁਤ ਜ਼ਰੂਰਤ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਹੀ ਅਗਾਂਹ ਪ੍ਰਚਾਰਦੇ ਹਨ। ਇਸ ਸਾਰੇ ਬਿਆਨ ਦੇ ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਥਾਹ ਫ਼ਿਲਾਸਫ਼ੀ ਤੇ ਸਿੱਖ ਇਤਿਹਾਸ ਦਾ ਡੂੰਘਾ ਅਸਰ ਚੰਗੀ ਤਰ੍ਹਾਂ ਪ੍ਰਤੀਤ ਕੀਤਾ ਜਾ ਸਕਦਾ ਹੈ।[39] ਪਵਨ, ਪਾਣੀ, ਧਰਤਿ, ਆਰਤੀ ਆਦਿ ਅਨੇਕਾਂ ਸ਼ਬਦ ਕੁਦਰਤ ਦੀ ਬਾਤ ਪਾਉਂਦੇ ਹਨ। ਇਕ ਸਿੱਖ ਵਿਦਵਾਨ ਦੀ ਸਾਹਿਤਕ ਸਿਰਜਣਾ ਵਿਚ ਉਸਦੀ ਵਿਰਾਸਤ, ਧਰਾਤਲ ਤੇ ਚੌਗਿਰਦੇ ਦੀ ਗਲ ਹੋਣੀ ਸੁਭਾਵਿਕ ਹੀ ਹੈ। ਅਸੀਂ ਪੱਛਮ ਦੇ ਜੂਲੇ 'ਚੋਂ ਆਜ਼ਾਦ ਹੋਣਾ ਹੀ ਨਹੀਂ ਚਾਹੁੰਦੇ। ਸਮੁੰਦਰ ਗੁਪਤ ਨੂੰ ਨਪੋਲੀਅਨ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਬਿਸਮਾਰਕ ਨਾਲ ਜੋੜਨ ਲੱਗਿਆਂ ਸਮੇਂ ਨੂੰ ਬੇਧਿਆਨਾ ਹੀ ਕਰ ਦਿੱਤਾ ਜਾਂਦਾ ਹੈ। 1789 ਦੀ ਫਰਾਂਸ ਦੀ ਕ੍ਰਾਂਤੀ ਦੇ ਹਵਾਲੇ ਨਾਲ ਅਸੀਂ ਸੁੰਤਤਰਤਾ, ਬਰਾਬਰਤਾ ਤੇ ਭਾਈਚਾਰੇ ਦੀ ਗੱਲ ਤੋਰਦੇ ਹਾਂ। ਸਾਡੇ ਕੋਲ ਗੁਰੂ ਨਾਨਕ ਦੇਵ ਜੀ ਦਾ ਜੀਵਨ ਦਰਸ਼ਨ ਹੈ ਜੋ ਸੁੰਤਤਰਤਾ, ਬਰਾਬਰਤਾ ਤੇ ਵਿਸ਼ਵ ਭਾਈਚਾਰੇ ਦੀ ਗੱਲ ਲਗਭਗ 300 ਸਾਲ ਪਹਿਲਾਂ ਅਰੰਭਦਾ ਹੈ।

ਗੁਰੂ ਸਾਹਿਬ ਦੇ ਜਨਮ ਨੂੰ ਧੁਰ ਨਾਲ ਜੋੜ ਕੇ ਭਾਈ ਵੀਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਪਰਉਪਕਾਰ ਕਰਨ ਲਈ ਜਗਤ ਵਿਚ ਅਵਤਾਰ ਧਾਰਦੇ ਹਨ। 'ਜਿਕੁਰ ਬ੍ਰਿੱਛਾਂ ਵਿਚੋਂ ਟਾਹਣੀ ਫੁੱਟ ਕੇ ਹਵਾ ਮੀਂਹ ਗੜੇ ਦੇ ਦੁੱਖ ਸੁੱਖ ਨੂੰ ਭੋਗਣ ਨੂੰ ਵੱਖਰੀ ਪਰ ਬ੍ਰਿੱਛ ਨਾਲ ਮਿਲੀ ਹੋਈ ਨਿਕਲ ਤੁਰਦੀ ਹੈ, ਕੇਵਲ ਇਸ ਲਈ ਕਿ ਲੋਕਾਂ ਨੂੰ ਸੁਗੰਧੀ ਦੇਵੇ ਤੇ ਫਲ ਖੁਆਵੇ, ਤਿਵੇਂ ਸ੍ਰੀ ਸਤਿਗੁਰ ਜੀ ਆਪਣੇ ਪਿਤਾ ਨਾਲ ਸਦੀਵ ਮਿਲੇ ਹੋਏ ਪਰਉਪਕਾਰ ਕਰਨ ਹਿਤ ਉਸ ਤੋਂ ਟਾਹਣੀ ਦੇ ਵਿਛੋੜੇ ਵਾਂਙ ਅਵਿਛੜ-ਵਿਛੋੜੇ ਵਿਚ ਵਿਛੁੜਦੇ ਸੰਸਾਰ ਦੇ ਖੇਦਾਂ ਨੂੰ ਸਹਾਰਨ ਤੁਰੇ'।[40] ਭਾਈ ਵੀਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦਾ ਬਿੰਬ ਚਿਤਰਣ ਪਾਰਬ੍ਰਹਮ ਪਰਮੇਸ਼ਰ ਦੇ ਦੂਤ ਵਜੋਂ ਕੀਤਾ ਹੈ। ਗੁਰੂ ਜੀ ਦਾ ਮਨ ਜਦ ਸੰਸਕ੍ਰਿਤ ਵਿਚ ਨਹੀਂ ਲੱਗ ਦਾ ਤਾਂ ਫ਼ਾਰਸੀ ਪੜ੍ਹਨ ਭੇਜਿਆ ਗਿਆ।[41] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਸ਼ਾ ਦੀ ਚੋਣ ਸਿਆਸਤ ਦੀ ਗ੍ਰਿਫ਼ਤ ਵਿਚ ਅਜੇ ਤਕ ਜਾਨ ਨਹੀਂ ਗਵਾ ਚੁੱਕੀ ਸੀ। ਬਾਬਰ ਦੇ ਹਮਲੇ ਨੇ ਇਸ ਸੁੰਤਤਰਤਾ ਨੂੰ





ਤਹਿਸ ਨਹਿਸ ਕਰ ਦਿੱਤਾ ਪਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਤਸਵੀਰ ਬਿਲਕੁਲ ਵਿਭਿੰਨ ਸੀ। ਭਾਸ਼ਾ ਧਰਮ ਤੇ ਸਿਆਸੀ ਵਲਗਣਾਂ ਵਿਚ ਆਉਣ ਦੇ ਨਾਲ-ਨਾਲ ਲੰਮੇਂ ਸਮੇਂ ਤਕ ਜਾਤੀ ਮਾਪਦੰਡ ਵੀ ਬਣੀ ਰਹੀ ਹੈ।

ਉਸਤਾਦ ਦੀ ਸਿੱਖਿਆ ਵਿਚ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਭਾਈ ਵੀਰ ਸਿੰਘ ਲਿਖਦੇ ਹਨ ਕਿ ਰਾਜਸੀ ਇਤਿਹਾਸਕਾਰਾਂ ਨੂੰ ਵਹਿਮ ਹੈ ਕਿ ਦੁਨੀਆਂ ਦੇ ਉਸਤਾਦਾਂ ਬਿਨ ਕੋਈ ਕਿਸ ਤਰ੍ਹਾਂ ਤਾਲੀਮ ਹਾਸਿਲ ਕਰ ਸਕਦਾ ਹੈ ? ਜਦ ਕਿ ਰੂਹਾਨੀ ਇਤਿਹਾਸਕਾਰਾਂ ਨੂੰ ਲੱਗਦਾ ਹੈ ਕਿ ਕਿਸੇ ਤੋਂ ਵਿਦਿਆ ਲੈਣ ਕਾਰਨ ਉਹਨਾਂ ਦੀ ਰੂਹਾਨੀ ਸੁੰਦਰਤਾ ਘਟ ਜਾਏਗੀ। ਪਰ ਇਹ ਦੋਵੇਂ ਮੱਤ ਗੁਰੂ ਜੀ ਦੇ ਰੂਹਾਨੀ ਔਜ ਨੂੰ ਘਟਾ ਵਧਾ ਨਹੀਂ ਸਕਦੇ: ਅਪਰੰਪਰ ਪਾਰਬ੍ਰਹਮ-ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ।[42] ਦੁਨਿਆਵੀ ਵਿਦਿਆ ਜਗਤ ਤਾਰਨ ਵਾਲੇ ਦੀ ਕੀ ਰਹਿਨੁਮਾਈ ਕਰ ਸਕਦੀ ਸੀ ? ਖੂਹ ਦੀਆਂ ਟਿੰਡਾਂ ਵਿਚੋਂ ਘੂੰ ਘੂੰ ਸੁਣਨ ਵਾਲਿਆਂ ਨੂੰ ਤੂੰ ਤੂੰ ਸੁਣਾਈ ਨਹੀਂ ਦਿੰਦਾ। ਸੁਲਤਾਨਪੁਰ 'ਚੋਂ ਤੇਰਾ ਤੇਰਾ ਦੀ ਅਵਾਜ਼ ਗੂੰਜਦੀ ਹੈ। ਨਾਮ ਦੀ ਪਰਤ ਮਨੁੱਖ ਨੂੰ ਪਦਾਰਥੀ ਖ਼ਵਾਇਸ਼ਾਂ ਤੋਂ ਅਭਿੱਜ ਰੱਖਦੀ ਹੈ। ਗੁਰੂ ਸਾਹਿਬ ਦੇ ਸੰਵਾਦ ਦੀ ਇਹ ਕੜੀ ਅਜੋਕੇ ਅਕਾਦਮਿਕ ਖੇਤਰਾਂ ਵਿਚੋਂ ਅਲੋਪ ਹੋ ਗਈ ਹੈ। ਵਾਦ, ਵਿਵਾਦ ਬਿਨਾਂ ਸੰਵਾਦ ਵਿਚ ਕਿਵੇਂ ਢਲ ਸਕਦਾ ਹੈ ?

ਪਾਂਧੇ ਕੋਲ ਪੜਨੇ ਪਾਇਆ
ਪਾਂਧੇ ਨੂੰ ਆਪ ਪੜਾਇਆ
ਤਖਤੀ ਤੇ ਲਿਖਿਆ ਏਕ ਓਂਕਾਰ
ਇਕ ਮਸਤਾਨਾ ਯੋਗੀ

ਭੈਣ ਭਰਾ ਨੂੰ ਪਹਿਚਾਣਦੀ ਹੈ ਪਰ ਮਾਂ ਨੂੰ ਪੁੱਤ ਦੇ ਅਹੁਰੇ ਜਾਣ ਦੀ ਚਿੰਤਾ ਹੈ।[43] ਲੋਕਾਈ ਦੀ ਸੋਚ ਵੀ ਇਸ ਤੋਂ ਵਿਭਿੰਨ ਨਹੀਂ ਸੀ: 'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ'। 'ਵਿਹਾਰ ਵਾਲੀ ਦ੍ਰਿਸ਼ਟੀ ਜਗਤ ਨੂੰ ਉਚਿਆਂ ਨਹੀਂ ਤੱਕਣ ਦਿੰਦੀ। ਸਾਰਾ ਜਗਤ ਬਣਕ ਬ੍ਰਿਤੀ (ਬਾਣੀਏ) ਵਿਚ ਹੈ। ਕਿਸੇ ਨੂੰ ਉੱਚੇ ਜੀਵਨ ਦੀ ਸੋਝੀ ਨਹੀਂ ਜਿਨ੍ਹਾਂ ਨੂੰ ਹੋਵੇ ਉਨ੍ਹਾਂ ਦਾ ਜਗਤ ਵੈਰੀ'।[44] ਗੁਰੂ ਨਾਨਕ ਦੇਵ ਜੀ 'ਕੁਲਾਰੀਤ' ਨੂੰ ਤੋੜਦੇ ਹਨ ਪਰ ਜਗਤ ਨੂੰ ਸਮੇਂ ਤੋਂ ਪਹਿਲਾਂ ਤੇ ਸਮੇਂ ਸਿਰ ਨਹੀਂ ਦਿਸਦਾ, ਸਮੇਂ ਬੀਤ ਜਾਣ ਤੋਂ ਬਾਅਦ ਹੀ ਇਸਦੀ ਅੱਖ ਖੁਲ੍ਹਦੀ ਹੈ।[45] ਸੱਚਾ ਸੌਦਾ ਕਰਕੇ ਆਇਆ ਪੁੱਤ ਦੁਨਿਆਵੀਂ ਭੈਅ ਤੋਂ ਸੁਚੇਤ ਸੀ। ਭਾਈ ਵੀਰ ਸਿੰਘ ਜਗਤ ਦੇ ਮਨ ਦੀ ਪੋਟਲੀ ਖੋਲਦੇ ਲਿਖਦੇ ਹਨ, 'ਸ਼ੁਭ, ਕਰਮ ਤੇ ਮਾਇਆ ਲਾ ਕੇ ਮਾਤਾ ਪਿਤਾ ਦਾ ਇੱਕੋ ਪੁਤਰ ਉਹਨਾਂ ਦੀ ਖ਼ੌਫ਼ਗੀ (ਗੁੱਸਾ) ਦੇ ਭੈ ਤੋਂ ਡਰ ਰਿਹਾ ਹੈ। ਐਸਾ ਹੈ ਇਸ ਜਗਤ ਦਾ ਮਨ'![46] ਪਿਓ ਦੁਆਰਾ ਗੱਲ ਤੇ ਮਾਰੀ ਚਪੇੜ 'ਤੇ ਦਾਗ਼ ਕਮਲ 'ਤੇ ਭੌਰੇ ਦੇ ਬੈਠਣ ਵਾਂਗ ਦੂਰੋਂ ਹੀ ਦਿਸ ਰਹੇ ਸਨ।[47] ਗੁਰੂ ਜੀ ਜਗਤ ਦੀ ਭੁੱਖ ਦਾ ਦੁੱਖ ਦੂਰ ਕਰਨ ਦੇ ਅਪ੍ਰਾਧ ਵਿਚ ਦੋਸ਼ੀ ਹੋਏ ਖੜੇ ਸਨ।[48]

ਚਾਂਦੀ ਦੀਆਂ ਛਿਲੜਾਂ ਕੀ ਵੀਹ ਨਿਕਾਰੀਆਂ
ਬੰਦਿਆਂ ਤੂੰ ਰੱਬ ਦੇ ਚਪੇੜਾਂ ਮਾਰੀਆਂ।[49]

ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਦੀ ਸਾਂਝ ਸ਼ਬਦ ਤੇ ਸੰਗੀਤ ਦੇ ਰੂਪ ਵਿਚ ਸਦਾ ਲਈ ਚਿਰੰਜੀਵ ਹੋ ਗਈ। ਮਰਜਾਣੇ ਦਾ ਮਰਦਾਨਾ ਬਣਨ ਨੂੰ ਭਾਈ ਵੀਰ ਸਿੰਘ ਬਾਕਮਾਲ ਪੇਸ਼ ਕਰਦੇ ਹਨ। ਇਕ ਏਥੇ ਡੂੰਮ ਹੈ, ਮਾਂ ਉਸ ਨੂੰ ਮਰਜਾਣਾ ਆਖਦੀ ਹੁੰਦੀ ਸੀ, ਉਸ ਦੇ ਕਈ ਪੁੱਤ ਮੋਏ ਸੀ, ਇਸ ਨੂੰ ਭੀ ਇਹੋ ਆਖਦੀ ਸੀ। ਤ੍ਰੀਮਤਾਂ ਦੇ ਭਰਮ ਹਨ ਨਾ ਕਿ ਮੈਂ ਆਪੇਂ 'ਮਰਜਾਣਾ ਮਰਜਾਣਾ' ਆਖੀ ਜਾਵਾਂ ਤੇ ਮੌਤ ਦਾ ਫਰਿਸ਼ਤਾ ਇਸ ਨੂੰ ਨਾ ਮਾਰੇਗਾ। ਉਹ ਨਾਨਕ ਦੀ ਸੰਗਤ ਬਹਿ ਕੇ 'ਰਬੀ ਇਲਹਾਨ' ਕਰਦਾ ਹੈ, ਨਾਨਕ ਉਸ ਨੂੰ ਮਰਦਾਨਾ ਆਖਦਾ ਹੈ, ਜੋ ਤੈਨੂੰ ਮੈਂ ਮਰਦਾਂ ਦਾ ਮਰਦ ਬਣਾ ਦਿੱਤਾ ਹੈ।[50] ਭਾਈ ਮਰਦਾਨਾ ਜੀ ਦੇ ਜੀਵਨ ਨੂੰ ਸਾਖੀਆਂ ਤੇ ਬਾਕੀ ਸਾਹਿਤ ਵਿਚ ਇਕ ਸਾਧਾਰਨ ਮਨੁੱਖ ਦੇ ਤੌਰ 'ਤੇ ਲੋਕਾਈ ਨੂੰ ਸੇਧ ਦੇਣ ਲਈ ਪੇਸ਼ ਕੀਤਾ ਗਿਆ ਜਾਪਦਾ ਹੈ। ਭੁੱਖ, ਪਰਿਵਾਰਕ ਮੋਹ, ਭਵਿੱਖ ਦੀ ਚਿੰਤਾ ਆਦਿ ਅਣਗਿਣਤ ਸਾਖੀਆਂ 'ਚੋਂ ਇਸ ਰੂਪ ਨੂੰ ਖੋਜਿਆ ਜਾ ਸਕਦਾ ਹੈ। ਇਸ ਤਰ੍ਹਾਂ ਵੀ ਲਗਦਾ ਹੈ ਕਿ

ਸਾਖੀਕਾਰਾਂ ਲਈ ਹਰ ਦੁਨਿਆਵੀਂ ਤਜ਼ਰਬੇ ਨੂੰ ਭਾਈ ਮਰਦਾਨੇ ’ਤੇ ਲਾਗੂ ਕਰਨਾ ਆਸਾਨ ਵੀ ਸੀ। ਜਨ ਸਧਾਰਨ ਨੂੰ ਸੰਦੇਸ਼ ਦੇਣ ਲਈ ਇਸ ਬਾਰੇ ਸ਼ੰਕਾ ਕਰਨਾ ਹਰਗਿਜ਼ ਉਚਿੱਤ ਨਹੀਂ: ‘ਮਰਦਾਨਿਆਂ! ਇਹੋ ਮਾਇਆ ਤਾਂ ਛੱਡ ਕੇ ਘਰਾਂ ਤੋਂ ਬੇਘਰ ਹੋ ਤੁਰੇ ਹਾਂ, ਫੇਰ ਏਸੇ ਵਿਚ ਲਪਟ ਜਾਣਾ ਕੀਹ ਗੱਲ ਹੋਈ’?[51] ਜਿੱਥੇ ਗੁਰੂ ਜੀ ਨੇ ਪੈਰ ਧਰੇ ਉਹ ਥਾਂ ਸੁਹਾਵਣਾ ਹੋ ਗਿਆ ਤੇ ਜਿਸ ਨੂੰ ‘ਮਰਦਾ ਦਾ ਮਰਦ’ ਬਣਾ ਦਿੱਤਾ ਹੋਵੇ ਉਸ ’ਤੇ ਦੁਨਿਆਵੀਂ ਖ਼ਵਾਈਸ਼ਾਂ ਦੇ ਛਾਏ ਪੈਣੇ ਮੁਮਕਿਨ ਨਹੀਂ। ਗੁਰੂ ਸਾਹਿਬ ਨੇ ਉਸਦੇ ਹੁਨਰ ਨੂੰ ਪਹਿਚਾਨਿਆ। ‘ਸੁੰਗੀਏ ਤੇਰੇ ਮਰਜਾਣੇਂ ਨੂੰ ਅਸਾਂ ਮਰਦਾਂ ਦੇ ਮਰਦਾਨ ਨਾਉਂ ਬਖਸ਼ਿਆ ਹੈ, ਇਹ ਤੇਰੇ ਭਾਗੀ ਨਹੀਂ ਜਾਏਗਾ, ਪਰ ਸਾਧ ਸੰਗਤ ਦੇ ਭਾਗੀਂ ਜਾਏਗਾ, ਜਿਨ੍ਹਾਂ ਨੇ ਇਸ ਤੋਂ ਰੱਬ ਦਾ ਜਸ ਸੁਣ ਕੇ ਜੀਉਣਾ ਹੈ, ਇਹ ਜੀਏਗਾ ਤੇ ਜੀਅਦਾਨ ਦੀ ਗੱਡ ਦਾ ਇਕ ਪਿਜ ਬਣੇਗਾ’।[52] ਭਾਈ ਮਰਦਾਨੇ ਨੂੰ ਸਾਥੀ ਬਣਾ ‘ਉਹਨਾਂ ਨੇ ਸਦੀਆਂ ਤੋਂ ਨਿਵਾਣ ਨੂੰ ਵਹਿ ਰਹੀ ਨਦੀ ਉੱਚੇ ਪਾਸੇ ਵਹਾ ਵਿਖਾਈ’।[53] ਭਾਈ ਵੀਰ ਸਿੰਘ ਨੇ ਭਾਈ ਮਰਦਾਨੇ ਦੇ ਉਹਲੇ ਵੀ ਗੁਰੂ ਨਾਨਕ ਦੀ ਸ਼ਖਸੀਅਤ ਨੂੰ ਹੀ ਉਜਾਗਰ ਕੀਤਾ ਹੈ, ਬੇਸ਼ੱਕ ਸ਼੍ਰੀ ਗੁਰੂ ਨਾਨਕ ਚਮਤਕਾਰ ਵਿਚਲਾ ਭਾਈ ਮਰਦਾਨਾ ਵੀ ਇਕ ਵਿਸ਼ੇਸ਼ ਪਾਤਰ ਹੈ।[54] ਸ਼ਬਦ ਤੇ ਸੁਰ ਦਾ ਸਾਥ ਜੁੜ ਕੇ ਕੀਰਤਨ ਪ੍ਰਵਾਹ ਬਣਦਾ ਹੈ।

ਮੇਰਾ ਨਾਨਕ ਇਕੱਲਾ ਰਹਿ ਗਿਆ
ਬਹੁਤ ਦਿਨ ਬੀਤ ਗਏ
ਸੰਗਤ ’ਚ ਮਰਦਾਨਾ ਨਹੀਂ ਆਇਆ
ਮਰਦਾਨਾ ਗੁਰੂ ਦਾ ਯਾਰ ਸੀ
ਉਸ ਦੇ ਸਦਕੇ ਗੁਰੂ ਦੇ ਆਸੇ ਪਾਸੇ
ਦੋਸਤੀ ਦੀ ਮਹਿਕ ਸੀ
ਜਦੋਂ ਰਬਾਬ ’ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਸਨ
ਅੱਜ ਵੀ ਸੰਗਤ ਵਿਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ[55]

ਮਰਜਾਣਾ ਸੱਚਮੁੱਚ ਹੀ ਮਰਦ ਹੋ ਨਿਬੜਿਆ ਘਰ ਦੀ ਆਰਥਿਕ ਤੰਗੀ ਦੇ ਬਾਵਜੂਦ ਵੀ ਪਿਛਾਂਹ ਪੈਰ ਨਹੀਂ ਰੱਖੇ। ‘ਮਰਦਾਨਾ ਕਦੀ ਕਿਸੇ ਕੰਮ ਸ਼ਹਿਰ ਜਾਵੇ ਤਾਂ ਲੋਕੀਂ ਉਸ ਨੂੰ ਕੁਰਾਹੀਏ ਦਾ ਡੂਮ ਜਾਂ ਮਿਰਾਸੀ ਆਖਿਆ ਕਰਨ’।[56] ਗੁਰੂ ਪਰਮੇਸੁਰ ਹਨ ਜੋ ਵਾਹਿਗੁਰੂ ਦੇ ਢਾਡੀ ਹਨ: ਜੈਸੇ ਮੈ ਆਵੈ ਖਸਮ ਕੀ ਬਾਣੀ।[57] ਢਾਡੀ ਦੀ ਰਬਾਬ ਮਰਦਾਨਾ ਹੈ। ਰੱਬ ਤਕ ਅਨੁਭਵ ਦੇ ਨਾਲ ਹੀ ਪਹੁੰਚ ਕੀਤੀ ਜਾ ਸਕਦੀ ਹੈ। ਜਿਵੇਂ ਸ਼ਬਦ ਨਾਲ ਮਰਦਾਨੇ ਦੀ ਸੁਰ ਆਪ ਮੁਹਾਰੇ ਜੁੜਦੀ ਹੈ ਉਸ ਤਰ੍ਹਾਂ ਹੀ ਨਾਮ ਦਾ ਰਿਆਜ਼ ਰੱਬ ਨਾਲ ਜੋੜਦਾ ਹੈ। ਅਨੁਭਵ ਨਾਲ ਚੰਦ੍ਰਮਾ ਨੂੰ ਕੁਮੁਦਨੀਆਂ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੀਆਂ ਹਨ। ਪਰ ਬਿਨਾਂ ਅਨੁਭਵ ਜਵਾਹਰੀ ਦੀ ਦੁਕਾਨ ’ਤੇ ਕੰਮ ਕਰਨ ਵਾਲੇ ਨੌਕਰ ਦੀ ਅੱਖ ਤਾ ਉਮਰ ਜਵਾਹਰਾਤ ਨੂੰ ਪਰਖ ਨਹੀਂ ਪਾਉਂਦੀ। ਇਸ ਤਰ੍ਹਾਂ ‘ਡੱਡੂ ਜਲ ਦੇ ਵਿਚ ਕੌਲ ਫੁੱਲ ਦੇ ਨਾਲ ਵਸਦਾ ਹੋਯਾ ਵੀ ਸੋਝੀ ਨਹੀਂ ਪਾਉਂਦਾ ਜਦ ਕਿ ਭੌਰੇ ਭੌਰੀਆਂ ਜਲ ਵਿਚ ਨਾ ਵਸਣ ਕਰਕੇ ਵੀ ਉਪਰੋ ਆਕੇ ਉਸ ਦੇ ਗੁਣਾਂ ਨੂੰ ਚੁੰਘ (ਪ੍ਰਾਪਤ ਕਰ) ਲੈਂਦੇ ਹਨ।[58] ਭਾਈ ਸਾਹਿਬ ਤਾਂ ਸ਼ਬਦ ਵਿਚ ਖੁਦ ਨੂੰ ਢਾਲ ਕੇ ਸ਼ਬਦ ਦੀ ਸਿਰਜਣਾ ਕਰਦੇ ਹਨ। ‘ਸ਼ਬਦ ਨੂੰ ਪੂਰੀ ਤਰ੍ਹਾਂ ਸਮਝਣ ਲਈ ਉਹ ਜੀਵਨ ਜੀਣਾ ਪੈਂਦਾ ਹੈ ਜਿਸ ਵਿਚੋਂ ਸ਼ਬਦ ਉਪਜਿਆ ਹੈ’।[59]

ਸੱਤਾਵਾਨ ਬਾਬਰ ਦੇ ਰੂਪ ਵਿਚ ਜ਼ੋਰੀ ਦਾਨ ਮੰਗਦਾ ਹੈ, ਭਾਗੋ ਦੇ ਰੂਪ ਵਿਚ ਲੋਕਾਈ ਦੀ ਰੱਤ ਨਿਚੋੜਦਾ ਹੈ ਤੇ ਸੈਦਪੁਰ ਦੇ ਨਵਾਬ ਦੇ ਰੂਪ ਵਿਚ ਫ਼ਕੀਰਾਂ ਤੋਂ ਜ਼ੋਰੀ ਖੈਰ ਮੰਗਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ‘ਤੂੰ ਜੀਕੂੰ ਜ਼ੋਰ ਨਾਲ





ਮਾਮਲਾ ਲੈਂਦਾ ਹੈਂ, ਜੀਕੂੰ ਵਗਾਰ ਪਾਉਂਦਾ ਹੈਂ, ਉਸੇ ਤਰ੍ਹਾਂ ਤੂੰ ਰੱਬ ਦੇ ਘਰੋਂ ਜ਼ੋਰ ਨਾਲ ਖੈਰ ਮੰਗ ਰਿਹਾ ਹੈ। ਜ਼ੋਰ ਨੂੰ ਖ਼ੈਰ ਦਾ ਫਲ ਕੀਕੂੰ ਲੱਗੇ’।[60] ਇਸ ਤਰ੍ਹਾਂ ਦਾ ਜ਼ੋਰ ਲੋਧੀ ਬਾਬਰ ਦੇ ਹਮਲੇ ਸਮੇਂ ਲਗਵਾਉਂਦੇ ਹਨ: ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ। ਰੋਟੀ ’ਚੋਂ ਲਹੂ ਨਚੋੜ ਗੁਰੂ ਜੀ ਮਲਿਕ ਭਾਗੋ ਦੀਆਂ ਅੱਖਾਂ ਖੋਲਣ ਦੇ ਨਾਲ ਲੋਕਾਈ ਨੂੰ ਦਸਾਂ ਨਹੁੰਆਂ ਦੀ ਕਿਰਤ ਦਾ ਸੰਦੇਸ਼ ਦਿੰਦੇ ਹਨ। ਪਾਪੀ ਨੂੰ ਪਾਪ ਨਹੀਂ ਦਿਸਦਾ ਤਾਂ ਹੀ ਕਿੱਕਰ ਦੇ ਬੀਜ ’ਚੋਂ ਦਾਖਾਂ ਦੀ ਆਸ ਲਾਈ ਰੱਖਦਾ ਹੈ: ‘ਜਿਸ ਨੂੰ ਖ਼ਬਰ ਹੈ-ਜੀ ਕਰਦਾ ਹੈ ਕਿ ਖੰਡ ਵਿਚ ਲਪੇਟਿਆ ਮਹੁਰਾ ਖਾਵੇ’?[61] ਸੱਜਣ ਨਾਲੋਂ ਸਾਧ ਹੋ ਕੇ ਵੀ ਠੱਗ ਨਾ ਲੱਥਿਆ ਭਾਵੇਂ ਕਿ ਪਹਿਲੀ ਧਰਮਸ਼ਾਲ ਉੱਥੇ ਬੱਧੀ।[62] ‘ਸੱਜਣ ਦੀ ਸਮਾਧ ਨੂੰ ਕਈ ਲੋਕ ਭਾਈ ਸੱਜਣ ਦੀ ਸਮਾਧ ਕਹਿਣ ਦੀ ਥਾਂ ਤੇ ਬੇਖਿਆਲੇ ਕਹਿ ਦੇਂਦੇ ਹਨ ਸੱਜਣ ਠੱਗ ਦੀ ਸਮਾਧ। ਸੱਜਣ ਠੱਗ ਨਾ ਰਿਹਾ ਸੰਤ ਹੋ ਗਿਆ ਪਰ ਲਗੇ ਘਾਉ ਰਾਜੀ ਹੋ ਕੇ ਬੀ ਦਾਗ਼ ਛੋੜ ਜਾਂਦੇ ਹਨ, ਸੱਜਣ ਸੰਤ ਹੋ ਗਿਆ ਪਰ ਪਹਿਲੀ ਅਲ ਠੱਗ ਨਾਲ ਲੱਗੀ ਰਹੀ’।[63] ਭਾਈ ਮਰਦਾਨਾ ਜੀ ਦਾ ਸਵਾਲ ਸਮਕਾਲੀਨ ਹਲਾਤਾਂ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ। ਕੀ ਪੀਰ ਵੀ ਲੋਕਾਂ ਨੂੰ ਦੁਖਾਉਂਦੇ ਹਨ? ‘ਪੀਰ ਹੋਵੇ ਜਾਂ ਰਾਜਾ, ਵਿਦਿਆ ਵਾਲਾ ਹੋਵੇ ਕਿ ਧੰਨ ਵਾਲਾ, ਰਿਧੀਆਂ ਸਿਧੀਆਂ ਵਾਲਾ ਹੋਵੇ ਕਿ ਤਪੀਆ, ਜਿਸ ਪਾਸ ਤਾਕਤ ਹੈ ਤੇ ਗਯਾਨ ਨਹੀਂ, ਉਸ ਤੋਂ ਮਾੜੇ ਕੰਮ ਹੋ ਹੀ ਜਾਂਦੇ ਹਨ’।[64] ਵਾੜ ਖੇਤ ਨੂੰ ਖਾਹ ਰਹੀ ਸੀ ਰਾਜੇ ਤੇ ਮੁਕਦਮ ਲੋਕਾਈ ਦੀ ਰੱਤ ਨਿਚੋੜ ਰਹੇ ਸਨ। ਗਿਆਨਹੀਣ ਪਰਜਾ ਹਰ ਦੁੱਖ ਆਪਣੇ ਪਿੰਡੇ ਤੇ ਹੰਢਾ ਰਹੀ ਸੀ: ‘ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ’। ਵਲੀ ਕੰਧਾਰੀ ਕੁਦਰਤ ਦੇ ਸੋਮੇ ’ਤੇ ਕਾਬਜ਼ ਹੋਇਆ ਬੈਠਾ ਸੀ। ਭਾਈ ਵੀਰ ਸਿੰਘ ਭਾਈ ਮਰਦਾਨੇ ਦੇ ਸਵਾਲ ਦੇ ਰੂਪ ਵਿਚ ਇਹਨਾਂ ਤਾਕਤਵਰਾਂ ਨੂੰ ਸੋਧਣ ਦੇ ਜਵਾਬ ਵਿਚ ਲਿਖਦੇ ਹਨ ਇਹ ਜੋ ਮਾੜੇ ਕੰਮਾਂ ਵਿਚ ਡਾਢੇ ਵੇਗ ਨਾਲ ਲੋਕੀਂ ਲੱਗਦੇ ਹਨ, ਇਹਨਾਂ ਵਿਚ ਬਦੀ ਤਾਂ ਬਦੀ ਹੈ, ਪਰ ਬਦੀ ਕਰਨ ਦੀ ਤਾਕਤ ਜੋ ਹੈ ਉਹ ਤਾਕਤ ਮਾੜੀ ਸ਼ੈ ਨਹੀਂ ਹੈ। ਇਨ੍ਹਾਂ ਵਿਚ ਤਾਕਤ ਬਹੁਤੀ ਹੁੰਦੀ ਹੈ, ਇਸ ਤਾਕਤ ਨੂੰ ਭਲਾ ਕਰਨ ਦੀ ਜੇ ਰਹਨੁਮਾਈ ਮਿਲ ਜਾਏ ਤਾਂ ਫੇਰ ਏਹ ਉਸੇ ਤਰ੍ਹਾਂ ਟੁੱਟ ਕੇ ਨੇਕੀਆਂ ਕਰਦੀ ਹੈ। ਨਿਤਾਣੇ, ਆਲਸੀ ਤੇ ਦਲਿਦ੍ਰੀ ਲੋਕ, ਜੋ ਨੇਕੀ ਬਦੀ ਕੁਝ ਨਹੀਂ ਕਰਦੇ, ਉਨ੍ਹਾਂ ਵਿਚ ਬਲ ਨਹੀਂ ਹੁੰਦਾ। ਸੋ ਜਿੱਥੇ ਤਾਕਤ ਹੈ ਚਾਹੇ ਕਿਸੇ ਤਰ੍ਹਾਂ ਦੀ ਹੈ ਉੱਥੇ ਰਹੁਨਮਾਈ ਦੀ ਲੋੜ ਹੈ, ਚਾਨਣ ਦੇਣ ਦੀ ਲੋੜ ਹੈ, ਤਾਂ ਜੋ ਉਹ ਤਾਕਤ ਚੰਗੇ ਪਾਸੇ ਲੱਗ ਜਾਵੇ।[65] ਜੇ ਇਸ ਵਿਰਾਸਤ ਨੂੰ ਅਗਾਂਹ ਦੇਖੀਏ ਤਾਂ ਮਾਧੋ ਦਾਸ ਗੁਰੂ ਚਰਨਾਂ ਵਿਚ ਢਹਿ ਬੰਦਾ ਸਿੰਘ ਬਹਾਦਰ ਬਣ ਕੇ ਸਰਹਿੰਦ ਦੀ ਇੱਟ ਨਾਲ ਇੱਟ ਹੀ ਨਹੀਂ ਖੜਕਾਉਂਦਾ ਹੈ ਸਗੋਂ ਹਲ ਵਾਹਕ ਨੂੰ ਪਹਿਲੀ ਵਾਰ ਮਾਲਿਕੀ ਵੀ ਮਿਲਦੀ ਹੈ।

ਜਦ ਗੁਰੂ ਜੀ ਧਰਤ ਸੋਧਣ ਲਈ ਨਿਕਲਦੇ ਹਨ ਤਾਂ ਉਹਨਾਂ ਦੇ ਵਸਤਰ ਦਾ ਰੰਗ ਅੰਬੋਆ (ਲਾਜ ਵਰਦੀ ਨਵੇਂ ਨਿਕਲੇ ਅੰਬ ਦੇ ਪੱਤਿਆਂ ਜਿਹੇ ਰੰਗ ਜਿਹਾ) ਤੇ ਚਿੱਟਾ ਸੀ। ਇਸ ਪਿੱਛਲੇ ਕਾਰਨ ਨੂੰ ਭਾਈ ਵੀਰ ਸਿੰਘ ਸਾਂਝੀਵਾਲਤਾ ਨਾਲ ਜੋੜਕੇ ਦੇਖਦੇ ਹਨ। ‘ਇਹ ਪਹਿਰਾਵਾ ਹਿੰਦੂ ਮੁਸਲਮਾਨ ਫਕੀਰਾਂ ਦਾ ਰਲਵਾਂ ਤੇ ਦੁਹਾਂ ਨੂੰ ਮਖ਼ੌਲ ਕਰਨ ਵਾਲਾ ਜਿਵੇਂ ਦੋ ਰਕਮਾਂ ਇਕੋ ਜਿਹੀਆਂ ਜਮਾ ਤੇ ਖਰਚ ਵਾਲੇ ਪਾਸੇ ਪਈਆਂ ਦੱਸਦੀਆਂ ਹਨ ਕਿ ਬਾਕੀ ਸ਼ੁਨ ਹੈ, ਤਿਵੇਂ ਦੁਇ ਵੇਸ਼ ਕੀਤੇ ਹੋਏ ਦੱਸਦੇ ਹਨ ਕਿ ਬਾਬਾ ਕਿਸੇ ਵੇਸ਼ ਭੇਖ ਵਿਚ ਨਹੀਂ ਸੀ। ਇਸ ਸਾਂਝੇ ਭੇਖ ਵਿਚ ਹਿੰਦੂਆਂ, ਮੁਸਲਮਾਨਾਂ ਦੋਹਾਂ ਨੇ ਹੈਰਾਨ ਹੋਣਾ ਸੀ’।[66] ਗੁਰੂ ਸਾਹਿਬ ਤਾਂ ਮਜੀਠ ਰੰਗ ਦੀ ਗੱਲ ਕਰਦੇ ਹਨ ਤੇ ਉਦਾਸੀ ਬਾਣੇ ਨੂੰ ਉਹਨਾਂ ਕਰਤਾਰਪੁਰ ਵਿਖੇ ਉਤਾਰਿਆ। ਗ੍ਰਹਿਸਤੀ ਜੀਵਨ ਬੇਸ਼ੱਕ ਰੁਕਵਾਟਾਂ ਭਰਿਆ ਹੈ ਪਰ ਸੰਨਿਆਸ ਇਕ ਤਰ੍ਹਾਂ ਨਾਲ ਭਾਂਜਵਾਦੀ ਪ੍ਰਵਿਰਤੀ ’ਚੋਂ ਉਪਜਦਾ ਹੈ। ‘ਭਾਂਡਿਆਂ ਵਿਚ ਪਾਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨੇਰੀਆਂ ਤੇ ਧੁੱਪਾਂ ਸਹਿ ਕੇ ਡਾਲੀਆਂ ਨਾਲ ਲਗੇ ਰਹਿਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ। ਗ੍ਰਹਿਸਤੀ ਨਾਮ ਪ੍ਰੇਮੀ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖਤੀਆਂ, ਜ਼ੁਲਮ ਤੇ ਅਨਯਾਯ ਸਹਾਰਨੇ ਹਨ’।[67] ਗ੍ਰਹਿਸਤ ਤੋਂ ਭੱਜਿਆ ਯੋਗੀ ਗ੍ਰਹਿਸਤੀਆਂ ਦੇ ਦਰ ਤੇ ਹੀ ਆਣ ਸਿੰਙੀ ਵਜਾਉਂਦਾ ਹੈ। ‘ਤੁਸੀਂ ਤਾਂ ਸਿੰਙੀ ਵਜਾਉਂਦੇ ਹੋ ਕਿ ਲੋਕ ਇਸ ਨੂੰ ਸੁਣਨ ਤੇ ਤੁਸਾਂ ਕੋਲ ਆਉਣ’।[68]

ਗ੍ਰਹਿਸਤੀਆਂ ਦੁਆਰੇ ਜਾਕੇ ਮੰਗਣਾ ਕਿਵੇਂ ਜੋਗ ਹੋ ਸਕਦਾ ਹੈ?[69] 'ਬਾਘਨ' ਦਾ ਖੈਰ ਪਾਉਣ ਵੇਲੇ ਰੁਤਬਾ ਸ਼ਾਇਦ ਬਦਲ ਜਾਂਦਾ ਹੈ।

ਭਾਈ ਵੀਰ ਸਿੰਘ ਵੀ ਗੁਰੂ ਸਾਹਿਬ ਨੂੰ ਬੰਦੀ ਛੋੜ ਲਿਖਦਾ ਹੈ ਜਿਨ੍ਹਾਂ ਨੂਰ ਸ਼ਾਹ ਦੀ ਗ੍ਰਿਫ਼ਤ 'ਚੋਂ ਬੰਦੀ ਛੁਡਾਏ।[70] ਗਿਆਨੀ ਗਿਆਨ ਸਿੰਘ ਅਨੁਸਾਰ ਜ਼ਾਲਮ ਬਾਦਸ਼ਾਹ ਸਿਕੰਦਰ ਨੇ ਕਈ ਸੌ ਫਕੀਰ ਹਿੰਦੂਆਂ ਵਾਂਗ ਗੁਰੂ ਜੀ ਤੇ ਭਾਈ ਮਰਦਾਨੇ ਨੂੰ ਦਿੱਲੀ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਚੱਕੀਆਂ ਪੀਸਣ ਦੀ ਸਜ਼ਾ ਦਿੱਤੀ ਸੀ। ਪਰ ਗੁਰੂ ਜੀ ਦੇ ਸ਼ਬਦ ਗਾਇਨ ਨੇ ਬਾਦਸ਼ਾਹ ਦੀ ਐਸੀ ਅੰਤਰ ਆਤਮਾ ਜਗਾਈ ਕਿ ਉਹ ਭੁੱਲ ਬਖ਼ਸ਼ਾਉਣ ਲਈ ਗੁਰੂ ਜੀ ਦੇ ਚਰਨੀਂ ਡਿੱਗ ਕੇ ਦੁਨਿਆਵੀਂ ਉਪਹਾਰਾਂ ਦੀ ਪੇਸ਼ਕਸ਼ ਕਰਨ ਲੱਗਾ। ਗੁਰੂ ਸਾਹਿਬ ਨੇ ਉਪਹਾਰਾਂ ਨੂੰ ਅਸਵੀਕਾਰਦੇ ਹੋਏ ਜੇਲ੍ਹ ਵਿਚ ਕੈਦ ਕੀਤੇ ਹੋਏ ਫਕੀਰਾਂ ਨੂੰ ਰਿਹਾਅ ਕਰਵਾਇਆ। ਇਸ ਘਟਨਾ ਤੋਂ ਬਾਅਦ ਗੁਰੂ ਜੀ 'ਬੰਦੀ ਛੋੜ ਨਾਨਕ' ਹੋ ਗਏ।[71] ਸੈਦਪੁਰ 'ਤੇ ਹਮਲੇ ਦੌਰਾਨ ਮੁਗ਼ਲ ਫ਼ੌਜ ਧੱਕੇਸ਼ਾਹੀ ਨਾਲ ਗੁਰੂ ਸਾਹਿਬ ਨੂੰ ਕੈਦ ਕਰਕੇ ਲੈ ਗਈ ਸੀ ਪਰ ਰੂਹਾਨੀ ਪ੍ਰਭਾਵ ਤੱਕ ਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।[72] ਇੱਥੇ ਵੀ ਕੈਦੀਆਂ ਨੂੰ ਸੁਤੰਤਰ ਕਰਵਾ ਕੇ ਗੁਰੂ ਜੀ ਨੇ ਮੁੜ 'ਬੰਦੀ ਛੋੜ' ਦੀ ਭੂਮਿਕਾ ਨਿਭਾਈ। ਬੰਦੀ ਸਿਰਫ ਰਾਜਨੀਤਿਕ ਬੰਦੀ ਹੀ ਨਹੀਂ ਸਗੋਂ ਉਹ ਸਭ ਬੰਦੀ ਵੀ ਕਿਸੇ ਨਾ ਕਿਸੇ ਰੂਪ ਵਿਚ ਬੰਦੀ ਹੀ ਸਨ ਜਿਨ੍ਹਾਂ ਦੀ ਗੁਰੂ ਜੀ ਨੇ ਬੰਦ ਖੁਲਾਸੀ ਕੀਤੀ।

ਭਾਈ ਵੀਰ ਸਿੰਘ ਮਾਤਾ ਸੁਲੱਖਣੀ ਦੇ ਬੋਲਾਂ ਵਿਚੋਂ ਇਕ ਪਤਨੀ ਦੇ ਵਿਯੋਗ ਨੂੰ ਵੀ ਬਿਆਨ ਕਰਦੇ ਹਨ। ਉਸਦੀ ਕਹਾਣੀ ਮਾਤਾ ਪਿਤਾ ਤੋਂ ਵਿਭਿੰਨ ਨਹੀਂ ਕਿਉਂਕਿ ਉਹ ਵੀ ਪਤੀ ਦੇ ਦੈਵੀ ਸਰੂਪ ਨੂੰ ਨਹੀਂ ਸਿਆਣ ਪਾਉਂਦੀ। 'ਨੌਂਕਰੀਆਂ ਤੇ ਗਏ ਨਿਤ ਦੇ ਮੁਹਿੰਮੀਏ ਵੀ ਬਾਰਾਂ ਵਰਿਹਾਂ ਵਿਚ ਸਤ ਸਤ ਫੇਰੇ ਘਰੀਂ ਪਾ ਗਏ, ਖਬਰੇ ਕਿਸ ਡਾਢੇ ਮਾਲਕ ਦੀ ਨੌਂਕਰੀ ਹੈ ਜੋ ਮੇਰੇ ਕੰਤ ਨੂੰ ਕਦੇ ਭੀ ਛੁੱਟੀ ਨਹੀਂ ਲਭਦੀ'।[73] ਚੰਗਿਆਂ ਨੂੰ ਉਜੜ ਜਾਣ ਤੇ ਮਾੜਿਆਂ ਨੂੰ ਵਸੇ ਰਹਿਣ ਦੀ ਘਟਨਾ ਨੂੰ ਭਾਈ ਵੀਰ ਸਿੰਘ ਲਿਖਦੇ ਹਨ ਕਿ ਬਦੀ ਇਕੋ ਥਾਂ ਨੱਪੀ ਹੀ ਚੰਗੀ ਹੈ। ਇਹ ਲੋਕ ਰੋਗੀ ਵਰਗੇ ਹਨ ਜਿੱਥੇ ਵੀ ਜਾਣਗੇ ਰੋਗ ਹੀ ਲਾਉਣਗੇ।

ਪਾਪੀ ਰਹਿਣ ਸਮੇਟੇ ਇਕ ਥਾਂ ਛੂਤ ਨ ਦੁਨੀਆਂ ਲਾਈ
ਭਲੇ ਨਗਰ ਦੇ ਲੋਕੀਂ ਦੁਨੀਆਂ ਵਿਚ ਸਾਰੀ ਦੇ ਜਾਵਣ
ਗੰਦ ਦੱਬੀਏ ਇੱਕੋ ਥਾਵੇਂ ਉਸ ਨੂੰ ਦੱਬਣ ਵਰ ਹੈ
ਗੰਧਿ ਬੁਹਾਈਏ ਜਗ ਵਿਚ ਸਾਰੇ ਗੰਧਿ ਖਿਲੇਰਮ ਵਰ ਹੈ।[74]

ਸੰਸਾਰ ਨੂੰ ਦੁੱਖਾਂ ਦਾ ਘਰ ਗਰਦਾਨ ਦੇ ਇਸ ਜਗਤ ਵਿਚ ਕਈ ਸੰਨਿਆਸੀ ਹੋ ਗਏ। ਸਿੱਖ ਫਲਸਫੇ ਅਨੁਸਾਰ ਸੁੱਖ ਦੁੱਖ ਜ਼ਿੰਦਗੀ ਦਾ ਅਟੁੱਟ ਅੰਗ ਹਨ: 'ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ'। ਭਾਈ ਵੀਰ ਸਿੰਘ ਲਿਖਦੇ ਹਨ 'ਇਹ ਨਾ ਸਮਝੋ ਜਗਤ ਕਿਸੇ ਭੁੱਲ ਨਾਲ ਰਚਿਆ ਗਿਆ ਹੈ ਤੇ ਇਹ ਦੁੱਖਾਂ ਦਾ ਘਰ ਹੈ, ਨਹੀਂ ਜਗਤ ਇਕ ਖੇਲ ਹੈ ਸੋਹਣੇ ਦਾ। ਇਹ ਇਕ ਅਖਾੜਾ ਹੈ। ਜਿਵੇਂ ਅਖਾੜੇ ਵਿਚ ਜਾ ਕੇ ਕੁਸ਼ਤੀ ਕਰਨ ਵਾਲੇ ਦਾ ਬਲ ਵੱਧਦਾ ਹੈ, ਤਿਵੇਂ ਪ੍ਰਕ੍ਰਿਤੀ ਕਿ ਪਾਪਾਂ ਵਿਚ ਵੱਸ ਕੇ ਉਸ ਤੇ ਫਤੇ ਪਾਕੇ ਰੂਹ ਬਲਵਾਨ ਹੁੰਦੀ ਹੈ, ਵਿਸ਼ਾਲਤਾ ਪਾਉਂਦੀ ਹੈ'।[75] ਉਹ ਬੁੱਧ ਧਰਮ ਵਿਚ ਮੂਰਤੀ ਪੂਜਾ ਦੇ ਪ੍ਰਚਲਨ ਬਾਰੇ ਆਖਦੇ ਹਨ ਕਿ ਬੋਧੀਆਂ ਨੂੰ ਪਰਮਾਤਮਾ ਵਿਚ ਟੇਕ ਨਹੀਂ ਸੀ ਤੇ ਨਿਰੇ ਸ਼ੁਭ ਕਰਮ ਸੁਰਤ ਦਾ ਆਸਰਾ ਨਹੀਂ ਸਨ ਬਣ ਸਕਦੇ। ਉਹਨਾਂ ਸੁਰਤ ਧਿਆਨ ਹੋਣ ਲਈ ਬੁੱਧ ਦੀ ਪ੍ਰਤਿਮਾ ਬਣਾਈ। ਜਦ ਹਿੰਦੂ ਮਤ ਨੇ ਜ਼ੋਰ ਫੜਿਆ ਤਾਂ ਉਹ ਨਾਂ ਬੁੱਧ ਦੇ ਟਾਕਰੇ ਆਪਣੀਆਂ ਮੂਰਤੀਆਂ ਬਣਾ ਲਈਆਂ। ਪੱਥਰ ਰੱਬ ਨਹੀਂ, ਪੱਥਰ ਵਿਚ ਮੂਰਤੀ ਤੁਸੀਂ ਰਚਦੇ ਹੋ, ਤੁਹਾਡੇ ਭਾਵ ਉਸ ਵਿਚ ਉਕਰ ਜਾਂਦੇ ਹਨ, ਤੁਸੀਂ ਕਿਉਂ ਨਹੀਂ ਆਮ ਲੋਕਾਂ ਨੂੰ ਓਹ ਭਾਵ ਦਾਨ ਕਰਦੇ ਤੇ ਨਿਰੰਕਾਰ ਨਾਲ ਉਨ੍ਹਾਂ ਦੇ ਦਿਲਾਂ ਨੂੰ ਜੋੜਦੇ.."।[76] ਨਿਰੰਕਾਰ ਨੂੰ ਲੋਕ ਮਨਾਂ ਵਿਚ ਉਤਾਰ ਕੇ ਉਹ ਮੂਰਤੀ ਪੂਜਕਾਂ ਨੂੰ ਸੇਧ ਦੇ ਰਹੇ ਹਨ। ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਤਾਂ ਗੁਰੂ ਘਰਾਂ ਵਿਚ ਵੀ ਮੂਰਤੀਆਂ ਲੈ ਗਏ ਸਨ। ਭਾਈ ਵੀਰ





ਸਿੰਘ ਲੋਕਾਈ ਦੇ ਅੰਦਰ ਅਨੁਭਵ ਦੀ ਉਸ ਜੋਤ ਨੂੰ ਜਗਾਉਣੀ ਚਾਹੁੰਦੇ ਸਨ ਜਿਸ ਦੀ ਸੁਰਤ ਅੱਗੇ ਵਿਅਰਥ ਰਸਮਾਂ ਨੇ ਟਿਕ ਹੀ ਨਹੀਂ ਸੀ ਪਾਉਣਾ। ਪਾਣੀ ਵਿਚ ਹਲਚਲ ਪੈਦਾ ਹੁੰਦੀ ਹੈ ਤਾਂ ਉੱਤੇ ਜੰਮੀ ਪਰਤ ਕਿਸੇ ਖੂੰਜੇ 'ਤੇ ਲੱਗ ਦੀ ਹੈ। ਜਦ ਪਾਣੀ ਸ਼ਾਂਤ ਹੁੰਦਾ ਹੈ ਤਾਂ ਨਿੱਤਰ ਜਾਂਦਾ ਹੈ। ਬਿਨਾਂ ਛੱਟਿਆਂ ਅਨਾਜ ਤੋਂ ਘੁੰਡੀਆਂ ਵੱਖ ਨਹੀਂ ਹੁੰਦੀਆਂ : ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।

ਅਜੋਕੀ ਵਿਦਿਆ ਤੇ ਤਰੱਕੀ ਬਾਰੇ ਭਾਈ ਵੀਰ ਸਿੰਘ ਦਾ ਸੰਵਾਦ ਬੜਾ ਅਹਿਮ ਹੈ। ਮਨ ਨੂੰ ਨੀਂਦ ਤੋਂ ਜਗਾਉਣ ਲਈ ਪੜ੍ਹਨਾ ਜਰੂਰੀ ਹੈ, ਪਰ ਲੋਕੀ ਪੜ੍ਹ ਕੇ ਬੁੱਧੀ ਨੂੰ ਉੱਚਾ ਕਰਨ ਦੀ ਥਾਂ ਮਾਯਾ ਵਿਚ ਵਧੇਰੇ ਗੁਲਤਾਨ ਹੋ ਜਾਂਦੇ ਹਨ।[77] ਇਸ ਦਾ ਕਾਰਨ ਵਿਚਾਰ ਤੇ ਅਮਲ ਦੀ ਘਾਟ ਹੈ : ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ। ਤਰੱਕੀ ਹਥਿਆਰਾਂ ਦੀ ਦੌੜ 'ਚੋਂ ਨਹੀਂ ਮਾਪੀ ਜਾ ਸਕਦੀ। 'ਫੇਰ ਜਦ ਇਕ ਜਰਵਾਣਾ ਹੋ ਜਾਂਦਾ ਹੈ ਤਾਂ ਦੂਜੇ ਨੂੰ ਆਪਣੀ ਰੱਖਯਾ ਕਰਨੀ ਪੈਂਦੀ ਹੈ ਕਿ ਮਤਾਂ ਫਲਾਣਾ ਮੈਨੂੰ ਨਾ ਮਾਰ ਲਵੇ। ਇਉਂ ਸਾਰੇ ਕਤਲ ਦੇ ਸਮਾਨਾਂ ਵਿਚ ਸਭਯ ਹੋ ਗਏ ਹਨ। ਐਉਂ ਇਸ ਦੁਜਾਇਗੀ ਦੇ ਮਾਦੇ ਨੇ ਵਿੱਦਯਾ ਦੇ ਚਾਨਣੇ ਵਿਚ ਬੀ ਜਗਤ ਦੁਖੀ ਕਰ ਰਖਿਆ ਹੈ'। ਗੁਰੂ ਗੋਬਿੰਦ ਸਿੰਘ ਜੀ ਨੇ ਜਰਵਾਣਿਆਂ ਤੇ ਮਜ਼ਲੂਮਾਂ ਨੂੰ ਆਪਣਾ ਸਭ ਕੁਝ ਵਾਰ ਕੇ ਬਚਾਇਆ ਸੀ। ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਰਾਹੀਂ ਸਾਰੇ ਘਟਾਂ ਵਿਚ ਨਾਮ ਦੀ ਜੋਤ ਜਗਾਉਣ ਦੀ ਸਿੱਖਿਆ ਦਿੱਤੀ। 'ਜੇ ਜ਼ੁਲਮ ਦੇਖੋ ਤਾਂ ਜ਼ੁਲਮ ਨੂੰ ਦੂਰ ਕਰੋ, ਇਸ ਲਈ ਕਿ ਜਗਤ ਵਿਚ ਪਿਆਰ ਫੈਲੇ ਤੇ ਵਿਰੋਧ ਨਾਸ਼ ਹੋਵੇ। ਤੁਸੀਂ ਪਿਆਰ ਕਰੋ, ਦੁਖ ਝੱਲੋ ਤੇ ਸੁਖ ਦਿਓ, ਤੁਹਾਨੂੰ ਦੇਖ ਕੇ ਦੂਸਰੇ ਰੀਸ ਪਕੜਨ'।[78] ਇਹੋ ਜਿਹੇ ਬੀਜ਼ ਭਾਈ ਵੀਰ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਸ਼ਬਦਾਂ ਦੇ ਜਰੀਏ ਬੀਜੇ ਹਨ। ਉਸ ਦੀ ਵਾਰਤਕ ਵਿਚਲੇ ਸ਼ਬਦਾਂ 'ਚੋਂ ਕੁੜਤਣ ਨਹੀਂ ਆਉਂਦੀ।

ਸ਼੍ਰੀ ਗੁਰੂ ਨਾਨਕ ਚਮਤਕਾਰ ਦੁਆਰਾ ਭਾਈ ਵੀਰ ਸਿੰਘ ਸਿੱਖਾਂ ਨੂੰ ਉਸ ਪੜਾਅ ਤੇ ਲਿਜਾਣ ਦਾ ਯਤਨ ਕਰਦੇ ਹਨ ਜਿੱਥੇ ਉਹ ਆਪਾ ਚੀਨਣ ਰਾਹੀਂ ਆਪਾ ਸਵਾਰ ਸਕਣ। ਬਸਤੀਵਾਦੀ ਹਕੂਮਤ ਦੀ ਲੋਕਾਈ ਅੰਦਰ ਵਿੱਥਾਂ ਪਾਉਣ ਦੀ ਨੀਤੀ ਵਿਰੁੱਧ ਭਾਈ ਸਾਹਿਬ ਗੁਰੂ ਜੀ ਦੁਆਰਾ ਦਰਸਾਏ ਸਾਂਝੀਵਾਲਤਾ ਦੇ ਮਿਸ਼ਨ ਨੂੰ ਪ੍ਰਚਾਰਦੇ ਹਨ। ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਉਹ ਇਤਿਹਾਸਕ ਤੱਥਾਂ ਨੂੰ ਗੁੰਨ ਕੇ ਸਿੱਖੀ ਦੀ ਇੱਕ ਨਵੀਂ ਇਮਾਰਤ ਘੜ ਰਹੇ ਹੋਣ। ਜਿਸ ਦੀ ਨੀਂਹ ਮੀਆਂ ਮੀਰ ਨੇ ਰੱਖੀ ਹੋਵੇ ਤੇ ਜਿਸ ਦੇ ਦਰਵਾਜੇ ਸਭ ਦਿਸ਼ਾਵਾਂ ਤੇ ਵਰਨਾਂ ਲਈ ਖੁਲ੍ਹੇ ਹੋਣ। ਇਤਿਹਾਸਕ ਸੋਮਿਆਂ ਨੂੰ ਘੋਖ ਦੇ ਸਾਖੀ ਦੀ ਵਿਧਾ ਵਿਚ ਉਹ ਇਕ ਅਜਿਹਾ ਸਾਹਿਤ ਸਿਰਜ ਰਹੇ ਹਨ ਜਿਸ ਨੂੰ ਅਨੁਭਵ ਕਰਦਿਆਂ ਮਨੁੱਖ ਆਪਣੀ ਸੁਰਤ ਨੂੰ ਪਰਮਾਤਮਾ ਨਾਲ ਜੋੜ ਸਕਦਾ ਹੈ। ਸ਼ਬਦ ਦੀ ਗਹਿਰਾਈ ਵਿਚ ਉੱਤਰ ਕੇ ਸ਼ਬਦ ਦੀ ਸਿਰਜਣਾ ਅਤੀਤ ਨੂੰ ਵਰਤਮਾਨ ਦੇ ਬਹੁਤ ਨੇੜੇ ਲੈ ਆਉਂਦੀ ਹੈ।

0-0-0

### ਹਵਾਲੇ ਅਤੇ ਟਿੱਪਣੀਆਂ:


1. ਬਲਵੀਰ ਸਿੰਘ ਦਿਲ, *ਜੀਵਨੀਕਾਰ ਭਾਈ ਵੀਰ ਸਿੰਘ*, ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਭਾਈ ਵੀਰ ਸਿੰਘ: ਜੀਵਨ, ਸਮਾਂ ਤੇ ਰਚਨਾ**, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ, 1973, ਪੰਨੇ 228-29
2. ਹਰਬੰਸ ਸਿੰਘ (ਸੰਪਾ.), **ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ**, ਭਾਈ ਵੀਰ ਸਿੰਘ ਅਭਿਨੰਧਨ ਗ੍ਰੰਥ ਸਮਿਤੀ, ਨਵੀਂ ਦਿੱਲੀ, 1954, ਪੰਨੇ 66-67
3. ਖੁਸ਼ਵੰਤ ਸਿੰਘ (ਅਨੁ. : ਡਾ. ਗੁਰਚਰਨ ਸਿੰਘ ਔਲਖ), **ਸਿੱਖ ਇਤਿਹਾਸ (1839-2004)**, ਭਾਗ ਦੂਜਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013, ਪੰਨਾ 147
4. ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ (ਸੰਪਾ.), **ਅਨੋਖਾ ਰਜਬ ਅਲੀ**, ਸੰਗਮ ਪਬਲੀਕੇਸ਼ਨ, ਸਮਾਣਾ, 2013, ਪੰਨਾ 17

5. ਡਾ. ਜੋਧ ਸਿੰਘ, "ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ", ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨਾ 48
6. ਡਾ. ਰਤਨ ਸਿੰਘ ਜੱਗੀ, "ਭਾਈ ਵੀਰ ਸਿੰਘ ਦੇ ਚਮਤਕਾਰ", ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਭਾਈ ਵੀਰ ਸਿੰਘ : ਜੀਵਨ, ਸਮਾਂ ਤੇ ਰਚਨਾ**, ਪੰਨਾ 178
7. ਭਾਈ ਵੀਰ ਸਿੰਘ, **ਸ੍ਰੀ ਗੁਰੂ ਨਾਨਕ ਚਮਤਕਾਰ**, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਭਾਗ ਦੂਜਾ, 1969, ਪੰਨਾ 406
8. ਅਮਨਪ੍ਰੀਤ ਸਿੰਘ, **ਭਾਈ ਵੀਰ ਸਿੰਘ ਦਾ ਸਾਹਿਤ ਅਤੇ ਸਿੱਖ ਚਿੰਤਨ**, ਗਰੇਸ਼ੀਅਸ ਬੁੱਕਸ, ਪਟਿਆਲਾ, 2018, ਪੰਨਾ 207
9. ਭਾਈ ਕਾਹਨ ਸਿੰਘ ਨਾਭਾ, **ਮਹਾਨ ਕੋਸ਼**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1998, ਪੰਨਾ 456
10. ਡਾ. ਰਤਨ ਸਿੰਘ ਜੱਗੀ, **ਉਪਰੋਕਤ ਵਰਣਿਤ**, ਪੰਨਾ 167
11. ਡਾ. ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰਨਾ xv
12. Surjit Hans, *A Reconstruction of Sikh History from Sikh Literature*, ABS Publisher, Jalandhar, 1988, p. 198
13. ਡਾ. ਕਿਰਪਾਲ ਸਿੰਘ, **ਸਿੱਖ ਇਤਿਹਾਸ ਦੇ ਖੋਜ ਨਿਬੰਧ**, ਭਾਸ਼ਾ ਵਿਭਾਗ, ਪੰਜਾਬ, 2002, ਪੰਨਾ 18
14. ਡਾ. ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਪੰਨੇ xvi-vii
15. ਭਾਈ ਵੀਰ ਸਿੰਘ, **ਉਪਰੋਕਤ ਵਰਣਿਤ**, ਪੰਨਾ 446
16. **ਉਹੀ**, ਪੰਨਾ 125
17. ਡਾ. ਰਤਨ ਸਿੰਘ ਜੱਗੀ, **ਉਪਰੋਕਤ ਵਰਣਿਤ**, ਪੰਨਾ 170
18. **ਉਹੀ**
19. ਬਲਵੀਰ ਸਿੰਘ ਦਿਲ, **ਉਪਰੋਕਤ ਵਰਣਿਤ**, ਪੰਨਾ 223
20. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), **ਸ੍ਰੀ ਗੁਰ ਪੰਥ ਪ੍ਰਕਾਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 27 ਕਰਾਮਾਤ ਹੈ ਕਹਰ ਕੋ ਨਾਉ। ਸੰਤਨ ਕੋ ਨਹੀਂ ਕਹਿਰ ਸੁਆਉ; ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼**, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2003, ਪੰਨਾ 649.
21. ਪਿਆਰਾ ਸਿੰਘ ਪਦਮ, **ਸੰਖੇਪ ਸਿੱਖ ਇਤਿਹਾਸ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014, ਪੰਨਾ 51
22. ਭਾਈ ਸੰਤੋਖ ਸਿੰਘ, **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਭਾਸ਼ਾ ਵਿਭਾਗ ਪੰਜਾਬ, 2011, ਪੰਨੇ 64-65
23. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨਾ ੳ.
24. ਹੀਰਾ ਸਿੰਘ ਦਰਦ, ਵੇਖ ਮਰਦਾਨਿਆਂ ਤੂੰ ਰੰਗ ਕਰਤਾਰ ਦੇ, **ਕਾਵਿ ਸ਼ਾਸਤਰ**, ਜਿਲਦ ਪਹਿਲੀ, ਅੰਕ 15, ਮਈ- ਅਗਸਤ, 2019, ਪੰਨੇ 41-43
25. ਰਾਜਿੰਦਰ ਰਾਹੀ, **ਸੰਤ ਰਾਮ ਉਦਾਸੀ: ਜੀਵਨ ਅਤੇ ਸਮੁੱਚੀ ਰਚਨਾ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨੇ 150-51
26. ਅਜਮੇਰ ਸਿੰਘ ਸਿੱਧੂ (ਸੰਪਾ.), **ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ: ਜੀਵਨ ਤੇ ਚੋਣਵੀਂ ਰਚਨਾ**, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2005, ਪੰਨਾ 64
27. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨਾ ੳ





28. ਐਡਵਰਡ ਸੈਦ, **ਕਲਚਰ ਐਂਡ ਇੰਪੀਰੀਅਲਿਜ਼ਮ**, ਵਿੰਟੇਜ਼ ਬੁਕਸ, ਲੰਡਨ, 1994, ਪੰਨਾ 1
29. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨਾ ਅ.
30. Dr. Ganda Singh, "Scholar of History", ਹਰਬੰਸ ਸਿੰਘ (ਸੰਪਾ.), **ਉਪਰੋਕਤ ਵਰਣਿਤ**, ਪੰਨਾ 252
31. ਡਾ. ਕਿਰਪਾਲ ਸਿੰਘ, ਇਤਿਹਾਸ ਖੋਜਕਾਰ ਭਾਈ ਵੀਰ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨਾ 243
32. ਤਾਰਨ ਸਿੰਘ, **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1980, ਪੰਨਾ 297
33. ਡਾ. ਕਿਰਪਾਲ ਸਿੰਘ, ਇਤਿਹਾਸ ਖੋਜਕਾਰ ਭਾਈ ਵੀਰ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨਾ 245
34. **ਉਹੀ**, ਪੰਨਾ 221
35. Prof. Bhagat Singh, "Bhai Veer Singh's Interest in the Punjab History", Ganda Singh (ed.), *Bhai Veer Singh: Birth Century Volume*, Publication Bureau, Punjabi University, Patiala, 2002, p. 59
36. ਡਾ. ਬਲਵੀਰ ਸਿੰਘ ਦਿਲ, "ਜੀਵਨੀਕਾਰ ਭਾਈ ਵੀਰ ਸਿੰਘ", ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨੇ 219-20
37. **ਉਹੀ**, ਪੰਨਾ 221
38. **ਉਹੀ**, ਪੰਨਾ 224
39. ਹਰਬੰਸ ਸਿੰਘ, "ਭਾਈ ਵੀਰ ਸਿੰਘ ਦੀ ਜੀਵਨ-ਕਥਾ", ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨਾ 71
40. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨੇ 23-24
41. **ਉਹੀ**, ਪੰਨਾ 40
42. **ਉਹੀ**, ਪੰਨਾ 41
43. **ਉਹੀ**, ਪੰਨੇ 62-63
44. **ਉਹੀ**, ਪੰਨਾ 67
45. **ਉਹੀ**, ਪੰਨਾ 69
46. **ਉਹੀ**, ਪੰਨਾ 67
47. **ਉਹੀ**, ਪੰਨੇ 68-69
48. **ਉਹੀ**, ਪੰਨਾ 68
49. ਪ੍ਰੋ. ਮੋਹਨ ਸਿੰਘ (ਸੰਪਾ.), **ਨੰਦ ਲਾਲ ਨੂਰਪੁਰੀ ਕਾਵਿ ਸੰਗ੍ਰਹਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 96
50. ਭਾਈ ਵੀਰ ਸਿੰਘ, **ਉਪਰੋਕਤ ਵਰਣਿਤ**, ਪੰਨਾ 75
51. **ਉਹੀ**, ਪੰਨਾ 121
52. **ਉਹੀ**, ਪੰਨਾ 214
53. **ਉਹੀ**, ਪੰਨਾ 467

54. ਬਲਵੀਰ ਸਿੰਘ ਦਿਲ, "ਜੀਵਨੀਕਾਰ ਭਾਈ ਵੀਰ ਸਿੰਘ", ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਹਰਨਾਮ ਸਿੰਘ ਸ਼ਾਨ (ਸੰਪਾ.), **ਉਪਰੋਕਤ ਵਰਣਿਤ**, ਪੰਨਾ 229
55. ਹਰਿਭਜਨ ਸਿੰਘ, "ਮਰਦਾਨਾ ਬੋਲਦਾ ਹੈ", **ਕਾਵਿ-ਸ਼ਾਸਤਰ**, ਜਿਲਦ ਪਹਿਲੀ, ਅੰਕ 15, ਮਈ-ਅਗਸਤ 2019, ਪੰਨਾ 91
56. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨੇ 110-11
57. **ਉਹੀ**, ਪੰਨਾ 97
58. **ਉਹੀ**, ਪੰਨਾ 186
59. ਤਾਰਨ ਸਿੰਘ, **ਉਪਰੋਕਤ ਵਰਣਿਤ**, ਪੰਨਾ 295
60. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨਾ 112
61. **ਉਹੀ**.
62. **ਉਹੀ**, ਪੰਨਾ 135
63. **ਉਹੀ**, ਪੰਨਾ 120
64. **ਉਹੀ**, ਪੰਨਾ 139
65. **ਉਹੀ**
66. **ਉਹੀ**, ਪੰਨਾ 162
67. **ਉਹੀ**, ਪੰਨਾ 410
68. **ਉਹੀ**, ਪੰਨਾ 40
69. **ਉਹੀ**
70. **ਉਹੀ**, ਪੰਨਾ 266
71. ਗਿਆਨੀ ਗਿਆਨ ਸਿੰਘ, **ਤਵਾਰੀਖ ਗੁਰੂ ਖਾਲਸਾ**, ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, 2011, ਪੰਨੇ 101-03
72. ਪਿਆਰਾ ਸਿੰਘ ਪਦਮ, **ਉਪਰੋਕਤ ਵਰਣਿਤ**, ਪੰਨਾ 22
73. ਭਾਈ ਵੀਰ ਸਿੰਘ ਜੀ, **ਉਪਰੋਕਤ ਵਰਣਿਤ**, ਪੰਨਾ 344
74. **ਉਹੀ**, ਪੰਨਾ 250
75. **ਉਹੀ**, ਪੰਨਾ 483
76. **ਉਹੀ**, ਪੰਨਾ 466
77. **ਉਹੀ**, ਪੰਨਾ 482
78. **ਉਹੀ**, ਪੰਨਾ 405


ਅਸਿਸਟੈਂਟ ਪ੍ਰੋਫ਼ੈਸਰ,
ਜੀ.ਐਚ.ਜੀ. ਖਾਲਸਾ ਕਾਲਜ,
ਗੁਰੂਸਰ ਸਧਾਰ, ਲੁਧਿਆਣਾ।
ਮੋਬਾਇਲ : 95010-33563

ਅਸਿਸਟੈਂਟ ਪ੍ਰੋਫ਼ੈਸਰ,
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਮੋਬਾਇਲ : 98157-59119





# ਸਾਕਾ 1947 : ਪੰਜਾਬ ਬਟਵਾਰੇ ਸੰਬੰਧੀ ਭਾਈ ਵੀਰ ਸਿੰਘ ਦਾ ਦ੍ਰਿਸ਼ਟੀਕੋਣ

ਡਾ. ਹਰਵਿੰਦਰ ਸਿੰਘ

1947 ਦੀ ਪੰਜਾਬ ਵੰਡ ਅਣਚਿਤਵਿਆ ਅਣਕਿਆਸਿਆ ਕਹਿਰ ਸੀ। ਜਦੋਂ ਕਿਸੇ ਧਰਤੀ ਤੇ ਕਹਿਰ ਵਾਪਰਦਾ ਹੈ ਤਾਂ ਧਰਤੀ ਹਾਉਕਾ ਲੈਂਦੀ ਹੈ, ਮਨੁੱਖਤਾ ਸ਼ਰਮਸਾਰ ਹੋ ਜਾਂਦੀ ਹੈ। ਮਨੁੱਖ ਆਦਮ ਬੋ ਆਦਮ ਬੋ ਕਰਦਾ ਹਕਲਾਂਦਾ ਫਿਰਦਾ ਹੈ। ਦਾਨਿਸ਼ਵਰ ਨੂੰ ਸਕਤਾ ਮਾਰ ਜਾਂਦਾ ਹੈ। ਹਤਾਸ਼ ਹੋਣਾ ਉਸ ਦੀ ਹੋਣੀ ਬਣ ਜਾਂਦਾ ਹੈ। ਕਲਮ ਹੱਥੋਂ ਰੁਖਸਤੀ ਭਾਲਦੀ ਹੈ, ਤੌਬਾ ਕਰਦੀ ਹੈ। ਦਾਨਿਸ਼ਵਰ ਇਹੋ ਜਿਹੀ ਪੁਕਾਰ ਕਰਦਾ ਹੈ।

ਸੁਣ ਤੂੰ ਲਿਖਣਹਾਰਿਆ, ਐਸਾ ਕੁਝ ਨਾ ਲਿਖ।
ਜਿਸ ਪੜ੍ਹਨੇ ਤੇ ਜਗਤਿ ਵਿਚ ਵਧੇ ਪਾਪ ਅਰ ਦੁੱਖ।
ਵਰਤਣ ਮੇਰੀ ਉਹ ਕਰੀ ਜਿਸ ਵਿਚ ਪਾਲ ਨਾ ਲੇਸ਼
ਜਗਤ ਜਲੰਦੇ ਦੀ ਮਲ੍ਹਮ, ਲਿਖਤ ਬਣੇ ਸੋ ਲਿਖ। ...
ਦਿਲ ਦੁਨੀਆਂ ਦੇ ਭੁਜ ਰਹੇ, ਹੋ ਰਹੇ ਹੈਨ ਕਬਾਬ,
ਅੰਮ੍ਰਿਤ ਛੱਟੇ ਲੇਖ ਲਿਖ, ਕੁਝ ਦੁਖ ਘਟੇ ਮਨੁੱਖ। ...
ਨਹੀਂ ਤੇ ਮੈਨੂੰ ਤੱਡ ਆ, ਮੇਰੇ ਜੰਗਲ ਦੇਸ,
ਜਿੰਦੜੀ ਮੇਰੀ ਮੋੜ ਦੇਹੋ, ਉਂਗਲਾਂ ਨਾ ਪਾਈਂ ਬਿਖ।
ਵਿਚ ਸਰਕੰਡਿਆਂ ਸੁਖੀ ਸਾਂ, ਦੁਖ ਨਾ ਕਿਸੇ ਦੁਖਾਉ।
ਝੋਲੇ ਠੰਡੀ ਵਾਉ ਦੇ, ਆਣ ਰਹੀ ਸਾਂ ਸੁੱਖ।[1]

ਇਹ ਕਾਵਿ-ਸਤਰਾਂ ਵੀਹਵੀਂ ਸਦੀ ਦੇ ਸਰਬਾਂਗੀ ਸਾਹਿਤ ਭਾਈ ਵੀਰ ਸਿੰਘ ਦੀਆਂ ਹਨ। ਪਿਛਲੀ ਸਦੀ ਦੇ ਪਜਾਹਵਿਆਂ ਤੱਕ ਭਾਈ ਵੀਰ ਸਿੰਘ ਨੇ ਪੰਜਾਬੀ ਗਲਪ, ਕਵਿਤਾ, ਸੰਪਾਦਨ, ਖੋਜ, ਇਤਿਹਾਸ, ਵਿਗਿਆਨ, ਵਾਰਤਕ, ਅਨੁਵਾਦ, ਲੋਕਧਾਰਾ, ਪੱਤਰਕਾਰੀ 'ਚ ਜ਼ਿਕਰਯੋਗ ਕਾਰਜ ਕੀਤਾ ਹੈ। ਸਾਕਾ 1946 ਬਾਰੇ ਪੰਜਾਬੀ ਲੇਖਕਾਂ ਦੀ ਲਿਖਤ ਪੱਧਰ ਤੇ ਭੂਮਿਕਾ ਕਿਹੋ ਜਿਹੀ ਰਹੀ, ਚਿੰਤਨੀ ਹਲਕਿਆਂ ਵਿਚ ਅਕਸਰ ਉਹ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਸੰਤਾਲੀ ਬਾਰੇ ਪ੍ਰਾਪਤ ਸਾਹਿਤ ਵਿਚ ਰੁਦਨ-ਵਿਰਲਾਪ, ਘਟਨਾਵਾਂ ਦੀ ਪੇਸ਼ਕਾਰੀ, ਭੂ-ਹੇਰਵਾ, ਉਦਰੇਵਾਂ, ਭਾਈਚਾਰਕ ਸਾਂਝ 'ਚ ਤਰੇੜਾ ਆਉਣ ਦਾ ਵਰਤਾਰਾ ਆਦਿ ਹੀ ਬਣ ਸਕਿਆ ਹੈ। ਕੀ ਇਹ ਪੰਜਾਬ ਦਾ ਬੌਧਿਕ ਸੰਕਟ ਸੀ ਜਾਂ ਬੁੱਧੀਜੀਵੀਆਂ ਦੀ ਸੀਮਾ। 1947 ਦੀਆਂ ਪਰਤਾਂ ਇੰਨੀਆਂ ਗੁੰਝਲਦਾਰ ਹਨ ਕਿ ਇਨ੍ਹਾਂ ਨੂੰ ਕਿਸੇ ਇਕਹਿਰੀ ਵਿਚਾਰਧਾਰਾ ਅਨੁਸਾਰ ਵਿਸ਼ਲੇਸ਼ਣੀ ਵਸਤੂ ਨਹੀਂ ਬਣਾਇਆ ਜਾ ਸਕਦਾ। ਭਾਈ ਵੀਰ ਸਿੰਘ ਦੀ 1947 ਬਾਰੇ ਖਾਮੋਸ਼ੀ ਤੇ ਅਕਸਰ ਤਨਜ਼ੀਆ ਜਾਂ ਜਲੰਤ ਜਿਹੀ ਟਿੱਪਣੀ ਕੀਤੀ ਜਾਂਦੀ ਹੈ, ਜਿਸ ਦਾ ਕੋਈ ਵੀ ਬੌਧਿਕ ਜਾਂ ਤੱਥਾਤਮਕ ਪੱਧਰ ਨਹੀਂ ਹੁੰਦਾ। ਪਿਛਲੇ ਕੁਝ ਸਾਲਾਂ ਤੋਂ ਭਾਈ ਵੀਰ ਸਿੰਘ ਦੇ ਅਣਫੋਲੇ ਵਰਕੇ ਪਰਤਦਿਆਂ 1947 ਦੀ ਦੁਖਾਂਤਕ ਵੰਡ ਬਾਰੇ ਕੁਝ ਲਿਖਤੀ ਤੱਥ-ਪ੍ਰਾਪਤ ਹੋਏ :

## (ੳ) 1947 ਦੇ ਉਜਾੜੇ ਦੇ ਮੌਖਿਕ ਬਿਰਤਾਂਤਾਂ ਦਾ ਲਿਖਤੀ-ਰੂਪ ਤਿਆਰ ਕਰਵਾਉਣਾ :

ਭਾਈ ਵੀਰ ਸਿੰਘ ਨੇ ਉਜਾੜੇ ਦਾ ਸ਼ਿਕਾਰ ਲੋਕਾਂ ਦੇ ਮੌਖਿਕ ਬਿਰਤਾਂਤਾਂ ਦਾ ਲਿਖਤੀ-ਰੂਪ ਤਿਆਰ ਕਰਨ ਲਈ ਬੇਦੀ ਗੰਗਾ ਸਿੰਘ (ਜੋ ਕੁਝ ਸਮਾਂ ਖਾਲਸਾ ਸਮਾਚਾਰ ਦੇ ਸੰਪਾਦਕੀ ਅਮਲੇ 'ਚ ਕਾਰਜਸ਼ੀਲ ਰਿਹਾ) ਅਤੇ

ਗਿਆਨ ਰਾਜਿੰਦਰ ਸਿੰਘ ਨੇ ਪੱਖ-ਪੱਖ ਪਿੰਡਾਂ ਕਸਬਿਆਂ, ਪੰਜਾਬ ਦੇ ਲਗਭਗ ਸਾਰੇ ਜ਼ਿਲ੍ਹਿਆਂ, ਸ਼ਰਨਾਰਥੀ ਕੈਂਪਾਂ, ਘਟਨਾ ਵਾਲੀਆਂ ਥਾਵਾਂ ਦਾ ਦੌਰਾ ਕਰਕੇ ਇਹ ਬਿਰਤਾਂਤ ਤੇ ਇਤਿਹਾਸਕ ਮਸਾਲਾ ਇਕੱਠ ਕੀਤਾ।[2] ਇਹ ਦੋਹੇ ਖੋਜੀਆਂ ਨੇ ਬਿਰਤਾਂਤ ਇਕੱਠੇ ਕਰਕੇ ਚੀਫ਼ ਖ਼ਾਲਸਾ ਦੀਵਾਨ ਨੂੰ ਸੌਂਪ ਦਿੱਤੇ। ਇਨ੍ਹਾਂ ਬਿਰਤਾਂਤਾਂ ਨੂੰ ਇਕੱਤਰ ਕਰਨ ਦੇ ਮਨੋਰਥ ਬਾਰੇ ਗਿਆਨੀ ਰਜਿੰਦਰ ਸਿੰਘ ਨੇ ਖ਼;ਲਸਾ ਸਮਾਚਾਰ 'ਚ ਲਿਖਿਆ ਸੀ "ਚੀਫ਼ ਖ਼ਾਲਸਾ ਦੀਵਾਨ ਨੇ 1947 ਦੇ ਅਤਿਆਚਾਰਾਂ ਦੇ ਹਾਲ ਇਕੱਤਰ ਕਰਨ ਦਾ ਉਦਮ ਕੀਤਾ ਹੈ। ... ਸਵਾਲ ਹੈ : ਸਾਨੂੰ ਸਿੱਖਾਂ ਨੂੰ ਕਿਉਂ ਏਨੀ ਦਿਲਚਸਪੀ ਹੈ ਇਸ ਗੱਲ ਵਿਚ? ਕਿਉਂ ਨਾ ਸਰਕਾਰੀ ਰਿਪੋਰਟਾਂ ਤੇ ਨਿਰਭਰ ਕਰ ਲਿਆ ਜਾਏ? ਖਿਆਲ ਕਰੋ, ਮੁਗ਼ਲ ਸਮੇਂ ਦੀਆਂ ਸਰਕਾਰੀ ਰਿਪੋਟਾਂ ਤੇ ਅਸਾਂ ਆਪਣੇ ਇਤਿਹਾਸ ਨੂੰ ਨਿਰਭਰ ਰੱਖਣਾ ਹੁੰਦਾ ਤਾਂ ਉਹ ਕੀ ਹੁੰਦਾ? ਉਸ ਦੇ ਮੁਕਾਬਲੇ ਤੇ ਜੋ ਅੱਜ ਸਾਡੇ ਪਾਸ ਹੈ, ਜਿਸ ਸਮੇਂ ਦਾ ਇਤਹਾਸ ਅਸੀਂ ਆਪ ਵੀ ਵਿਸਤਾਰ ਪੂਰਵਕ ਨਾ ਰੱਖ ਸਕੇ। ... 1947 ਦੇ ਮਾਰਚ ਤੇ ਅਗਸਤ ਵਿਚ ਜੋ ਤੁਫ਼ਾਨ ਦੇਸ ਵਿਚ ਉਠਿਆ ਉਸ ਸਮੇਂ ਦੇ ਇਸਲਾਮੀ ਤੈਸ਼ ਦਾ ਸਿੱਖ ਖਾਸ ਨਿਸ਼ਾਨਾ ਰਹੇ।"[3] ਉਪਰੋਕਤ ਸਤਰਾਂ 1947 ਦੇ ਹਕੀਕੀ ਹਾਲਾਂ ਨੂੰ ਇਕੱਤਰ ਕਰਨ ਅਤੇ ਸਿੱਖਾਂ ਤੇ ਹੋਏ ਜ਼ੁਲਮ ਅਤੇ ਸਿੱਖ-ਇਤਿਹਾਸ ਲਈ ਖ਼ਾਸ ਅਹਿਮੀਅਤ ਰੱਖਦੇ ਹਨ। ਭਾਈ ਵੀਰ ਸਿੰਘ ਦੀ ਪ੍ਰੇਰਣਾ ਨਾਲ ਡਾ. ਕਿਰਪਾਲ ਸਿੰਘ (ਇਤਿਹਾਸਕਾਰੀ ਨੇ ਪੰਜਾਬ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਕੋਲੋਂ ਪੰਜਾਬ ਦੇ ਬਟਵਾਰੇ ਦੇ ਹਾਲ ਤੇ ਰਿਕਾਰਡ ਵੇਰਵੇ ਇਕੱਠੇ ਕੀਤੇ। ਡਾ. ਕਿਰਪਾਲ ਸਿੰਘ ਨੇ ਪੰਜਾਬ ਬਟਵਾਰੇ ਦੀ ਸਕੀਮ ਅਤੇ ਲਾਗੂ ਕਰਨ ਵਾਲੀਆਂ ਵਿਉਂਤਾਂ, ਪੰਜਾਬ ਪਾਰਟੀਸ਼ਨ ਕਮੇਟੀ, ਪੰਜਾਬ ਬਾਉਂਡਰੀ ਕਮਿਸ਼ਨ, ਪੰਜਾਬ ਬਾਉਂਡਰੀ ਫੋਰਸ, ਪੂਰਬੀ-ਪੱਛਮੀ ਪੰਜਾਬ ਦੀਆਂ ਸਰਕਾਰਾਂ ਦਾ ਮਿਲਟੀ ਅਵੈਕੁਈ ਆਰਗੇਨਾਈਜ਼ੇਸ਼ਨ ਵਿਮੈਨ ਆਰਗੇਨਾਈਜ਼ੇਸ਼ਨ ਦਾ ਸੰਬੰਧੀ ਰਿਕਾਰਡ ਇਕੱਤ੍ਰਿਤ ਕੀਤਾ। ਇਸੇ ਸਿਲਸਿਲੇ ਤਹਿਤ ਅਕਾਲੀ ਕੌਰ ਸਿੰਘ ਨੇ ਪਾਕਿਸਤਾਨ 'ਚ ਉਧਾਲੀਆਂ-ਅਗਵਾ ਅਤੇ ਰਹਿ ਗਈਆਂ ਹਿੰਦੂ-ਸਿੱਖ ਔਰਤਾਂ-ਬੱਚਿਆਂ (ਤਕਰੀਬਨ 1200 ਦੇ ਕਰੀਬ) ਨੂੰ ਹਿੰਦੋਸਤਾਨ 'ਚ ਲਿਆਂਦਾ ਹੈ। ਅਕਾਲੀ ਕੌਰ ਸਿੰਘ ਨੇ ਹਿੰਦ 'ਚ ਰਹਿ ਗਈਆਂ ਕਈ ਮੁਸਲਿਮ ਔਰਤਾਂ ਨੂੰ ਵੀ ਪਾਕਿਸਤਾਨ 'ਚ ਉਨ੍ਹਾਂ ਦੇ ਪਰਿਵਾਰ ਕੋਲ ਪਹੁੰਚਾਇਆ। ਉਨ੍ਹਾਂ ਪਾਕਿ 'ਚ ਰਹਿ ਗਈਆਂ ਔਰਤਾਂ-ਬੱਚਿਆਂ ਨੂੰ ਹਿੰਦੋਸਤਾਨ ਲਿਆਉਣ ਲਈ ਕਈ ਨੇਕਦਿਲ ਮੁਸਲਮਾਨਾਂ ਦਾ ਸਹਿਯੋਗ ਲਿਆ। ਉਨ੍ਹਾਂ ਦੀ ਡਾਇਰੀ 'ਤੇ ਆਧਾਰਿਤ 'ਪਾਕਿਸਤਾਨ ਦੇ ਸਫ਼ਰ' ਨਾਂ ਦੀ ਪੁਸਤਕ ਡਾ. ਕਿਰਪਾਲ ਸਿੰਘ ਨੇ ਸੰਪਾਦਤ ਕੀਤੀ। ਉਪਰੋਕਤ ਜ਼ਿਕਰਯੋਗ ਤੱਥ ਸਾਹਮਣੇ ਨਾ ਆਉਂਦੇ ਜੇਕਰ ਭਾਈ ਵੀਰ ਸਿੰਘ ਉਪਰੋਕਤ ਵਿਦਵਾਨਾਂ ਅਤੇ ਚੀਫ਼ ਖਾਲਸਾ ਦੇ ਪ੍ਰੇਰਣਾ ਸਰੋਤ ਨਾ ਬਣਦੇ।

### (ਅ) 1947 ਬਾਰੇ ਕਵਿਤਾਵਾਂ ਅਤੇ ਟ੍ਰੈਕਟ :

ਭਾਈ ਵੀਰ ਸਿੰਘ ਦੀਆਂ ਬਟਵਾਰੇ ਦੇ ਹਾਲਾਤ ਤੇ ਕੁਝ ਕਵਿਤਾਵਾਂ 'ਸੌਦਾਗਰੀ ਬੀਮਾ', 'ਨਵਾਂ ਪ੍ਰੇਮ ਰਾਜ', 'ਲਿਖਾਰੀ' ਨੂੰ ਕਵਿਤਾਵਾਂ 'ਪਹਿਲੀ ਵਾਰ ਆਵਾਜ਼ ਆਈ' ਕਾਵਿ ਸੰਗ੍ਰਹਿ 'ਚ ਪ੍ਰਕਾਸ਼ਤ ਹੋਈਆਂ। 'ਬਿਖਮ ਤੇਰਾ ਹੈ ਭਾਣਾ' ਨਵੰਬਰ 1947 'ਸੱਚਾ ਰਾਹ' ਅਕਤੂਬਰ 1947, 'ਦਰਦ ਦਾ ਦਾਰੂ ਹਮਦਰਦੀ' ਜਨਵਰੀ 1948, ਪ੍ਰਕਾਸ਼ਤ ਕੀਤੇ। ਪਾਕਿਸਤਾਨ ਦੀ ਹੋਂਦ ਨਾਲ ਪੰਜਾਬੀਆਂ ਤੇ ਇਕ ਅਣਕਿਆਸਿਆ ਕਹਿਰ ਵਾਪਰਿਆ। ਪਾਕਿਸਤਾਨ ਬਣਨ ਦੀਆਂ ਅਫ਼ਵਾਹਾਂ ਕਿਵੇਂ ਹਕੀਕਤ ਵਿਚ ਬਦਲ ਗਈਆਂ, ਇਸ ਵਰਤਾਰੇ ਨੇ ਲਗਭਗ ਹਰੇਕ ਨੂੰ ਸਦਮੇ/ਵੀਰਾਨਗੀ ਵੱਲ ਧੱਕ ਦਿੱਤਾ। ਭਾਈ ਵੀਰ ਸਿੰਘ ਦਾ ਕਹਿਣਾ ਹੈ, "ਜਿਨ੍ਹਾਂ ਦੇਖੇ ਉਨ੍ਹਾਂ ਦੇ ਦੁੱਖ ਰੋਣੇ ਸੁਣੇ ਨਹੀਂ ਜਾਂਦੇ। ਜਿਨ੍ਹਾਂ ਨੇ ਸੁਣੇ ਉਨ੍ਹਾਂ ਦੀਆਂ ਅੱਖੀਆਂ ਨਹੀਂ ਸੁਕਤੀਆਂ। ਭਾਣਾ, ਬਿਖਮ ਤੇਰਾ ਹੈ ਭਾਣਾ। ਅੱਗੇ ਵੀ ਭਾਣੇ ਵਰਤੇ, ਕਤਲਾਂ ਹੋਈਆਂ, ਪਰ ਉਹ ਬਦੇਸ਼ੀ ਜਰਵਾਣਿਆਂ ਯਾਂ ਹਮਲਾਵਰਾਂ ਆਦਿਕਾਂ ਨੇ ਵਰਤਾਏ, ਹੁਣ ਤਾਂ ਹਮਸਾਇਆਂ ਤੇ ਭਰਾਵਾਂ ਨੇ ਹੀ ਕਹਿਰ ਵਰਤਾ ਕੱਢੇ। ਵਾੜਾਂ ਨੇ ਹੀ ਰਾਖੀ ਨਾ ਕੀਤੀ। ਕਿਸ ਕਿਸ ਦਾ ਗਿਲਾ ਕਰੀਏ? ... ਕਿਸ ਕਿਸ ਕਸਟ ਦਾ ਜ਼ਿਕਰ ਕਰੀਏ? ਕਿਸ ਕਿਸ ਕਹਿਰ ਦੀ ਵਰਤੀ ਦਾ ਹਾਲ ਕਹੀਏ? ਮਾਰੇ ਕੌਣ ਗਏ? ਜਿਨ੍ਹਾਂ ਨੇ ਕਦੀ ਰਾਜ ਉਪਦ੍ਰਵ ਦਾ ਕੰਮ





ਨਹੀਂ ਸੀ ਕੀਤਾ। ਕਿਸੇ ਨੂੰ ਦੁੱਖ ਨਹੀਂ ਸੀ ਦਿੱਤਾ, ਕੋਈ ਜ਼ੁਰਮ ਨਹੀਂ ਸੀ ਕਮਾਇਆ। ਬੇਫ਼ਿਕਰ ਘਰਾਂ ਵਿਚ ਬੈਠਿਆਂ ਤੇ ਕਹਿਰ ਨਾਜ਼ਰ ਹੋ ਗਏ। ... ਦੁੱਖ ਦੀ ਦਾਸਤਾਨ ਜਿੰਨੀ ਫਰੋਲੀਏ ਤੇ ਲਿਖੀਏ ਅਮੁਕਦੀ ਹੈ ਤੇ ਦੁੱਖ ਹੀ ਛੇੜਦੀ ਹੈ, ਪਰ ਸਭ ਤੋਂ ਵੱਡਾ ਦੁਖ ਸੋ ਹੈ, ਉਹ ਹੈ 'ਸੁਰਤਾਂ ਦੀ ਤਬਾਹੀ ਦਾ ਦੁੱਖ'। ਦੁੱਖ ਹੋਵੇ ਤਾਂ ਦਰਦ ਕੀਕੂ ਨਾ ਹੋਵੇ? ਫ਼ਿਰ ਹੋਵੇ ਤਾਂ ਰੋਣਾ ਤੇ ਸ਼ਿਕਵਾ ਸ਼ਿਕਾਇਤ ਕਿਵੇਂ ਨਾ ਹੋਵੇ? ਸ਼ਿਕਵੇ ਤੇ ਰੋਣਾ ਹੋਵੇ ਤਾਂ ਸੁਰਤਕਿਵੇਂ ਨਾ ਢਵੇ? ਸੁਰਤ ਢਵੇ ਤਾਂ ਮੁੜ ਸੰਭਾਲਾ ਕੀਕੂ ਹੋਵੇ? ਫਿਰ ਤਾਂ ਸਾਰਾ ਕੁਝ ਹੀ ਸਮਾਪਤ ਹੋ ਗਿਆ।"[4] ਇਸ ਲੰਮੇਰੇ ਟ੍ਰੈਕਟ 'ਚ ਭਾਈ ਵੀਰ ਸਿੰਘ ਨੇ 47 ਦੀ ਦੁਖਾਂਤਕ ਵੰਡ ਤੋਂ ਪੈਦਾ ਭਾਵੁਕਤਾ ਅਤੇ ਬੌਧਿਕ ਟੁੱਟ-ਭੱਜ ਦਾ ਵੱਖ-ਵੱਖ ਇਤਿਹਾਸਕ ਪ੍ਰਸੰਗਾਂ ਦਾ ਪ੍ਰਤੀਕਰਮ ਪੇਸ਼ ਕੀਤਾ ਹੈ। ਭਾਈਚਾਰਕ ਸੰਬੰਧਾਂ 'ਚ ਕਸ਼ੀਦਗੀ, ਸੁਰਤਾਂ ਦੀ ਤਬਾਹੀ ਦਾ ਫ਼ਿਕਰ ਕਰਦਿਆਂ ਉਸ ਦੀ ਇੱਛਾ ਹੈ ਕਿ ਪੰਜਾਬੀ/ਸਿੱਖਾਂ ਦੇ ਗਵਾਚੀ ਹੋਈ ਸੁਰਤ ਨੂੰ ਸੰਭਾਲਿਆਂ ਜਾਵੇ ਤਾਂ ਹੀ ਭਾਈਚਾਰਕ ਸਾਂਝ, ਪੰਥਕ ਏਕਤਾ, ਵਿਛੜਿਆਂ ਦੇ ਮੇਲੇ, ਹੋਂਦ ਅਤੇ ਹਸਤੀ ਨੂੰ ਕਾਇਮ ਕਰਨ ਲਈ ਰਾਜਨੀਤਕ ਤੌਰ 'ਤੇ ਸਜੱਗ ਹੋ ਸਕਣਗੇ। 1947 ਨਾਲ ਸੰਬੰਧਿਤ ਭਾਈ ਵੀਰ ਸਿੰਘ ਦੇ ਕੁਝ ਪ੍ਰਕਾਸ਼ਤ ਅਤੇ ਅਣਪ੍ਰਕਾਸ਼ਤ ਸਿਆਸੀ ਚੇਤਨਾ ਨਾਲ ਲਬਰੇਜ਼ ਲਘੂ-ਲੇਖ ਮਿਲਦੇ ਹਨ। ਇਨ੍ਹਾਂ ਲੇਖਾਂ ਦੀ ਦ੍ਰਿਸ਼ਟੀ ਪੰਜਾਬ ਦੇ ਇਤਿਹਾਸ ਵਿਚ 1946-47 ਤੋਂ ਪਹਿਲਾਂ ਤੇ ਬਾਅਦ ਦੀਆਂ ਘਟਨਾਵਾਂ, ਮਸਲਿਆਂ, ਪੈਦਾ ਹੋਏ ਹਾਲਾਤ ਦਾ ਰਾਜਨੀਤਕ ਦ੍ਰਿਸ਼ਟੀ ਤੋਂ ਗਹਿਰਾ ਵਿਸ਼ਲੇਸ਼ਣ ਕਰਦੀ ਹੈ। ਮੁਸਲਿਮ ਲੀਗ, ਅਕਾਲੀ ਜਨ ਸੰਘ ਕਾਂਗਰਸ ਅਤੇ ਯੂਨੀਅਨਿਸਟਾਂ ਦੀਆਂ ਸਿਆਸੀ ਪੇਚੀਦਗੀਆਂ, ਪਾਕਿਸਤਾਨ ਦੀ ਮੰਗ, ਨਵੇਂ ਰਾਸ਼ਟਰ ਦੀ ਬਣਤਰ, ਰਾਜਨੀਤਕ ਆਗੂਆਂ ਦੀ ਭੂਮਿਕਾ ਤੇ ਤੌਖ਼ਲਿਆਂ ਦਾ ਕਹਿਰਾ ਵਿਸ਼ਲੇਸ਼ਣ ਹੈ। ਕਮਿਊਨਲ ਐਵਾਰਡ ਦੇ ਡੰਗੇ ਹਿੰਦੂ-ਸਿੱਖ-ਮੁਸਲਮਾਨ ਆਪੋ-ਆਪਣੇ ਤੁਅੱਸਬ ਨੂੰ ਸਾਹਮਣੇ ਰੱਖ ਦੇ ਬਸਤੀਵਾਦੀ ਹਕੂਮਤ ਤੋਂ ਸੁਰੱਖਿਅਤ (ਸਿਰਫ਼ ਇੰਨਾ ਕੁ ਕਿ ਜੋ ਮਿਲਦਾ ਹੈ, ਲੈ ਲਵੋ।) ਮਹਿਸੂਸ ਕਰ ਰਹੇ ਸਨ। ਇਨ੍ਹਾਂ ਹਿੱਤਾਂ ਦੀ ਖਾਤਰ ਆਪਣੇ ਸਾਂਝੇ ਦੁਸ਼ਮਣ ਨੂੰ ਪਛਾਣਨ ਦੀ ਬਜਾਏ ਪੰਜਾਬ ਦੇ ਦੂਸਰੇ ਭਾਈਚਾਰਿਆਂ ਅਤੇ ਮਜ਼ਹਬਾਂ ਨੂੰ ਵਿਰੋਧ ਦੀ ਨਜ਼ਰ ਨਾਲ ਦੇਖ ਰਹੇ ਸਨ। ਇਸ ਖਹਿਬਾਜ਼ੀ ਵਾਲੇ ਮਾਹੌਲ ਵਿਚ ਘਟਨਾਵਾਂ ਅਤੇ ਪ੍ਰਤੀਕਰਮ ਇੰਨੀ ਤੇਜ਼ੀ ਨਾਲ ਹੋ ਰਹੇ ਸਨ ਕਿ ਰਾਜਨੀਤਕ ਪਾਰਟੀਆਂ ਦਾ ਕੋਈ ਵੀ ਕਦਮ ਸਿਧਾਂਤਕ ਤੌਰ ਤੇ ਸਥਿਰ ਨਹੀਂ ਸੀ। ਕਮਿਊਨਲ ਐਵਾਰਡ ਦੀ ਸਿਆਸੀ ਸ਼ਤਰੰਜ ਨੇ ਜਿੱਥੇ ਹਿੰਦੂ-ਸਿੱਖ ਅਤੇ ਮੁਸਲਮਾਨਾਂ 'ਚ ਬੇਚੈਨੀ ਪੈਦਾ ਕੀਤੀ, ਉਥੇ ਹਿੰਦ ਦੀਆਂ ਅਛੂਤ-ਦਮਿਤ ਜਾਤੀਆਂ ਇਸ ਮਸਲੇ ਤੇ ਸੰਤੁਸ਼ਟ ਜਾਪਦੀਆਂ ਸਨ। ਪੰਜਾਬ ਦੀ ਅਕਾਲੀ ਪਾਰਟੀ ਨੇ ਇਸ ਐਵਾਰਡ ਦੇ ਖਿਲਾਫ਼ ਡਟਣ ਦਾ ਐਲਾਨ ਕੀਤਾ ਪਰ ਆਪਣੀ ਸੁਹਿਰਦਤਾ ਦੀ ਘਾਟ ਅਤੇ ਬਿਆਨਬਾਜ਼ੀ ਤੋਂ ਅਗਾਂਹ ਕੁਝ ਵੀ ਨਾ ਕਰ ਸਕੇ।

ਭਾਈ ਵੀਰ ਸਿੰਘ ਦੀਆਂ 1947 ਬਾਰੇ ਹੋਰ ਲਿਖਤਾਂ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾ ਸਕੀਏ ਪਰ ਇਸ ਤੋਂ ਪਹਿਲਾਂ ਇਹ ਸਮਝ ਬਣਾਉਣੀ ਜ਼ਰੂਰੀ ਹੈ। ਉਸ ਦੌਰ ਦੇ ਪੰਜਾਬ ਦੀ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਫਿਜ਼ਾ 'ਚ ਕਿਹੋ ਜਿਹੇ ਮਸਲੇ ਅਤੇ ਚੁਣੌਤੀਆਂ ਸਨ ਜਿਨ੍ਹਾਂ ਨੂੰ ਲੇਖਕ ਆਪੋ-ਆਪਣੀ ਨਜ਼ਰੀਏ ਤੋਂ ਮੁਖ਼ਾਤਿਬ ਹੁੰਦਾ ਹੈ। ਭਾਈ ਵੀਰ ਸਿੰਘ ਦੀਆਂ ਇਨ੍ਹਾਂ ਲਿਖਤਾਂ ਨੂੰ ਤਿੰਨ ਹਿੱਸਿਆਂ 'ਚ ਵੰਡਿਆ ਜਾ ਸਕਦਾ ਹੈ : (ੳ) 1947 ਤੋਂ ਪਹਿਲਾਂ ਦੀ ਸਿਆਸੀ-ਧਾਰਮਿਕ ਫ਼ਿਜ਼ਾ ਬਾਰੇ ਪ੍ਰਤੀਕਰਮ : ਖ਼ਾਲਸਾ ਸਮਾਚਾਰ ਅਤੇ ਭਾਈ ਵੀਰ ਸਿੰਘ ਦੀ 1932-33 ਤੋਂ ਲੈ ਕੇ 1947 ਤੱਕ ਪਾਕਿਸਤਾਨ ਦੀ ਹੋਂਦ ਬਾਰੇ ਅਸਹਿਮਤੀ ਬਣੀ ਰਹੀ ਹੈ। ਭਾਈ ਵੀਰ ਸਿੰਘ ਇਸ ਨੁਕਤੇ ਤੋਂ ਬੜੇ ਸਜੱਗ ਸਨ ਕਿ ਜਦੋਂ ਸਮੁੱਚੀ ਦੁਨੀਆਂ 'ਚ ਧਰਮ ਆਧਾਰਿਤ ਪਛਾਣਾਂ ਅਤੇ ਨਸਲੀ ਵਿਚਾਰਾਂ ਦੇ ਆਧਾਰਿਤ ਮੁਲਕ ਟੁੱਟਣ ਕਿਨਾਰੇ ਹਨ। ਹਿੰਦੀ ਮੁਸਲਮਾਨ ਦਾ ਇਸਲਾਮੀ ਗਣਰਾਜ (ਪਾਕਿਸਤਾਨ ਦੀ ਮੰਗ) ਸਥਾਪਤ ਕਰਨਾ ਸਰਾਸਰ ਤਰਕਹੀਣ ਹੈ। ਉਸ ਦਾ ਤਰਕ ਹੈ ਕਿ ਸਭਿਆਚਾਰਕ ਪਛਾਣ ਦੇ ਆਧਾਰਿਤ ਕੌਮਾਂ ਨੂੰ ਹੱਕ ਦੇਣਾ, ਵੰਨ-ਸੁਵੰਨਤਾ ਦੀ ਰਾਖੀ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ ਘੱਟ ਗਿਣਤੀਆਂ (ਅਕਲੀਅਤਾਂ) ਕੌਮਾਂ ਨੂੰ ਵਿਸ਼ੇਸ਼ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਬਹੁਗਿਣਤੀ 'ਚ ਰਹਿੰਦੇ ਆਪਣੇ ਹੱਕ, ਮਾਣ-ਸਨਮਾਨ ਤੇ ਵਿਸ਼ਵਾਸ ਦੀ ਬਹਾਲੀ ਨਾਲ ਰਹਿ ਸਕਣ। 11 ਮਈ 1933 ਦਾ ਖ਼ਾਲਸਾ ਸਮਾਚਾਰ ਮੁਸਲਿਮ ਲੀਗ ਦੀ ਵਧ ਰਹੀ

ਤਾਕਤ ਅਤੇ ਪਾਕਿਸਤਾਨ ਦੀ ਮੰਗ ਨੂੰ ਕਰੜੇ ਹੱਥੀਂ ਲੈਂਦਾ ਆਖਦਾ ਹੈ ਕਿ "ਬਕੌਲ ਇਸਲਾਮੀ ਅਖਬਾਰ ਦੀ ਨਜਦੀ ਇਸਲਾਮ ਨੂੰ ਆਪਣੀ ਜਨਮ ਭੂਮੀ ਤੋਂ ਦੇਸ਼ ਨਿਕਾਲਾ ਦੇ ਰਹੇ ਹਨ, ਮਿਸਰੀ ਇਸਲਾਮ ਸ਼ਰੀਅਤ ਦੀਆਂ ਲੀਹਾਂ ਟੱਪ ਤੁਰੇ ਹਨ, ਈਰਾਨ ਇਸ ਨੂੰ ਗਰਦਨ ਤੋਂ ਲਾਹੁਣ ਲਈ ਸਰਗਰਮ ਹੈ। ਅਫ਼ਗਾਨਿਸਤਾਨ ਦਾ ਰੋਅਬੀ ਸ਼ਰਾ ਤੋਂ ਖੁੱਲ ਵੱਲ ਪੈ ਰਿਹਾ ਹੈ, ਟਰਕੀ ਵਿਚ ਅਰਬੀ ਕੁਰਾਨ ਪੜ੍ਹਨ ਵਾਲਿਆਂ ਨੂੰ ਦੋ-ਦੋ ਸਾਲ ਤੱਕ ਕੈਦ ਦੀਆਂ ਸਜ਼ਾਵਾਂ ਹੋ ਰਹੀਆਂ ਹਨ; ਤੇ ਜੇ ਵਿਸ਼ਵਾਮਿੱਤਰ ਰਸਾਲੇ ਵਿਚ ਛਪੇ ਚਿਤ੍ਰ ਦਰੁਸਤ ਹਨ ਤਦ ਤਾਤਾਰ ਦੇ ਇਲਾਕੇ ਮੁਸਲਮਾਨਾਂ ਨੇ ਇਲਾਕੇ ਦੀ ਪ੍ਰਸਿੱਧ ਇਤਿਹਾਸਕ ਮਸਜਿਦ ਤੇ ਮਸ਼ਹੂਰ ਰੂਸੀ ਬਾਸ਼ਵਿਕ ਲੀਡਰ ਲੈਨਨ ਦਾ ਸੰਗਮਰਮਰ ਦਾ ਬੁੱਤ ਖੜ੍ਹਾ ਕਰ ਦਿੱਤਾ ਹੈ। ਅੰਗਰੇਜ਼ਾਂ ਨੂੰ ਤ੍ਰਠਾ ਵੇਖ ਕੇ ਉਨ੍ਹਾਂ ਦੀਆਂ ਖ਼ਾਹਸ਼ਾਂ ਤੇ ਇਛਾਵਾਂ ਇੰਨੀਆਂ ਵਧ ਗਈਆਂ ਹਨ ਕਿ ਉਨ੍ਹਾਂ ਦਾ ਪਾਰਾਵਾਰ ਨਹੀਂ ਜਾਪਦਾ, ਹਰ ਰੋਜ਼ ਨਵੀਂ ਮੰਗ ਤੇ ਹਰ ਰਾਤ ਨਵਾਂ ਮੁਤਾਲਥਾ ਹੋ ਰਿਹਾ ਹੈ ਤੇ ਇਹ ਹਾਲਾਤ ਇਥੋਂ ਤੱਕ ਵਧ ਗਈ ਹੈ ਕਿ ਇਨ੍ਹਾਂ ਨੂੰ ਵੀ ਪਤਾ ਨਹੀਂ ਹੁੰਦਾ ਕਿ ਸਾਨੂੰ ਕੀ ਚਾਹੀਦਾ ਹੈ।"[5]

ਸਮਾਚਾਰ ਦੀਆਂ ਇਹ ਸਤਰਾਂ ਇਕ ਪਾਸੇ ਏਸ਼ੀਆ 'ਚ ਸਮਾਜਵਾਦ ਦੇ ਵਧ ਰਹੇ ਪ੍ਰਭਾਵ ਵੱਲ ਇਸ਼ਾਰਾ ਕਰਦੀਆਂ ਹਨ ਅਤੇ ਪੰਜਾਬ ਅਤੇ ਹਿੰਦੋਸਤਾਨ ਦੇ ਕਈ ਸਰਗਰਮ ਸਿਆਸੀ ਕਾਰਕੁੰਨ ਨਿਰੰਤਰ ਰੂਸੀ ਕਮਿਊਨਿਸਟ ਆਗੂਆਂ ਦੇ ਸੰਪਰਕ 'ਚ ਸਨ। ਉਥੇ ਧਾਰਮਿਕ ਪਛਾਣਾਂ ਦੀ ਤਿੜਕਾਹਟ ਵੱਲ ਵੀ ਸੰਕੇਤ ਕਰਦੀਆਂ ਹਨ। ਇਹ ਉਹ ਦੌਰ ਸੀ ਜਦੋਂ ਹਿੰਦੋਸਤਾਨ 'ਚ ਅੰਗਰੇਜ਼ੀ ਹਕੂਮਤ ਵੱਲ ਰੋਹ ਭਰਪੂਰ ਸੰਘਰਸ਼ ਹੋ ਰਹੇ ਸਨ। ਦੂਜੇ ਪਾਸੇ ਬਸਤੀਵਾਦੀ ਹਕੂਮਤ ਹਿੰਦੋਸਤਾਨ ਦੇ ਸੰਪਰਦਾਇਕ ਵਖਰੇਵਿਆਂ ਦੀ ਆਪਸੀ ਦੂਰੀ ਵਧਾ ਰਹੀ ਸੀ। ਇਸ ਸਮੁੱਚੇ ਮਾਹੌਲ ਦੇ ਦੂਸਰੇ ਪਾਸੇ ਦੀ ਤਸਵੀਰ ਇਹ ਵੀ ਹੈ ਕਿ ਸਥਾਨਕ ਧਰਮਾਂ-ਜਾਤੀਆਂ-ਕੌਮਾਂ, ਤੌਖ਼ਲਿਆਂ, ਪਛਾਣ ਦੇ ਮਸਲੇ, ਵੱਖ-ਵੱਖ ਇਮਲਤਾਫ਼ਾਂ ਨਾਲ ਜੂਝ ਰਹੇ ਸਨ।

ਵੀਹਵੀਂ ਸਦੀ ਤੀਜੇ ਤੇ 1947 ਤੱਕ ਨਵੀਂ ਰਾਜ ਬਣਤਰ ਵਿਚ ਅਛੂਤ ਉਧਾਰ, ਨੌਕਰੀਆਂ ਦਾ ਫ਼ੈਸਲਾ, ਘੱਟ ਗਿਣਤੀਆਂ ਦੇ ਹੱਕਾਂ ਦੀ ਕਾਣੀ ਵੰਡ, ਮੁਕੰਮਲ ਆਜ਼ਾਦੀ, ਪਾਕਿਸਤਾਨ ਦੀ ਮੰਗ ਆਦਿ ਮਸਲੇ ਖਹਿਬਾਜ਼ੀ ਵਾਲੇ ਮਾਹੌਲ ਵਿਚ ਪਨਪਦੇ ਰਹੇ। ਅਜਿਹੇ ਮਾਹੌਲ ਵਿਚ ਘਟਨਾ ਵਾਪਰਨ ਦੇ ਨਾਲ ਹਿੰਦੋਸਤਾਨ ਦੇ ਸਿਆਸੀ ਦਲਾਂ ਦੀ ਮੰਗ ਬਦਲ ਜਾਂਦੀ ਹੈ। ਬਰਤਾਨਵੀ ਹਕੂਮਤ ਦੀ ਹਿੰਦੀ ਕੌਮਾਂ ਨਾਲ ਦੁਵੱਲੀ ਚਾਲ ਚਲਦੀ ਰਹੀ ਇਕ ਪਾਸੇ ਉਹ ਮੁਸਲਿਮ ਲੀਗ ਨੂੰ ਸ਼ਹਿ ਦੇ ਕੇ ਨਰੋਆ ਬਣਾ ਰਹੀ ਸੀ ਦੂਜੇ ਇਹ ਵੀ ਪ੍ਰਚਾਰ ਕੀਤਾ ਗਿਆ ਕਿ ਹਿੰਦੀਆਂ ਦੀ ਆਪਸੀ ਏਕਤਾ ਨਾ ਹੋਣ ਕਰਕੇ, ਇਨ੍ਹਾਂ ਨੂੰ ਯਕਦਮ ਆਜ਼ਾਦੀ ਨਹੀਂ ਦਿੱਤੀ ਜਾ ਸਕਦੀ। ਅਤੇ ਇਸ ਪਾਟੋਧਾੜ ਅਤੇ ਮੌਜੂਦਾ ਸਿਆਸੀ ਦਸ਼ ਲਈ ਬਰਤਾਨਵੀ ਸ਼ਾਸਕ ਹਿੰਦੀਆਂ ਨੂੰ ਜਿੰਮੇਵਾਰ ਦਸਦੇ ਸਨ। ਹਿੰਦੀਆਂ ਦੀ ਇਕ ਫੁੱਟ ਅਤੇ ਖਹਿਬਾਜ਼ੀ ਵੱਲ ਭਾਈ ਵੀਰ ਸਿੰਘ ਦਾ ਸਟੀਕ ਇਸ਼ਾਰਾ ਹੈ "ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਜਾਂ ਦੂਜੇ ਕਾਰਨ ਤੋਂ ਹਿੰਦੀ ਕੌਮਾਂ ਦੀ ਹਾਲਤ ਆਪਣੀ ਥਾਂ ਤੇ ਡੱਡੂਆਂ ਦੀ ਪੰਸੇਰੀ ਤੋਲਣ ਵਾਲੀ ਕਿਸੇ ਕਾਰਨ ਹੈ, ਜੇ ਇਕ ਤਕੜੀ ਦੇ ਛਾਬੇ ਵਿਚ ਰੱਖ ਕੇ, ਦੂਜੇ ਨੂੰ ਫੜ ਕੇ ਰਖਣਾ ਚਾਹੋ ਤਾਂ ਪਹਿਲਾਂ ਟਪੋਸੀ ਮਾਰ ਕੇ ਬਾਹਰ ਜਾ ਪਾਏਗਾ। ਜੇ ਤੀਜੇ ਨੂੰ ਫੜ੍ਹ ਕੇ ਲਿਆਉ ਤਾਂ ਦੂਜਾ ਬਾਹਰ ਜਾ ਪਏਗਾ। ਇਸ ਤਰ੍ਹਾਂ ਹਿੰਦੀ ਕੌਮਾਂ ਦੀ ਇਹ ਪੰਜ ਸੇਰੀ ਨਾ ਪੂਰੀ ਹੁੰਦੀ ਜਾਪਦੀ ਹੈ ਤੇ ਨਾ ਹੀ ਸੁਤੰਤਰਤਾ ਦੀ ਵੇਲ ਸਿਰੇ ਚੜ੍ਹਦੀ ਦਿਸਦੀ ਹੈ।"[6]

ਹਿੰਦੋਸਤਾਨੀ ਸਿਆਸਤ ਵਿਚ ਜਦੋਂ ਪਾਕਿਸਤਾਨ ਦੀ ਮੰਗ ਦਿਨੋ-ਦਿਨ ਜ਼ੋਰ ਫੜ੍ਹਦੀ ਜਾ ਰਹੀ ਸੀ, ਇੰਗਲਿਸਤਾਨ ਦਾ ਪ੍ਰਧਾਨ ਮੰਤਰੀ ਮਿਸਟਰ ਐਟਲੀ ਦਾ ਐਲਾਨ ਸੀ ਕਿ ਹਿੰਦੋਸਤਾਨ ਡੁਮੀਨੀਅਨ ਸਟੇਟਸ ਲੈ ਸਕਦਾ ਹੈ। ਪਰ ਉਹ ਬਰਤਾਨੀਆਂ ਦੇ ਨਾਲ ਕਾਮਨਵੈਲਥ ਦਾ ਹਿੱਸਾ ਬਣਿਆ ਰਹੇ। ਮਿਸਟਰ ਐਟਲੀ ਦਾ ਨੁਕਤਾ ਨਿਗਾਹ ਸੀ ਕਿ ਹਿੰਦੋਸਤਾਨ ਦੀਆਂ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕੀਤੀ ਜਾਏਗੀ ਬਸ਼ਰਤੇ ਉਹ ਬਹੁਗਿਣਤੀ ਵਾਲਿਆਂ ਨਾਲ ਰੋੜਾ ਨਾ ਬਣਨ। ਅਜਿਹੇ ਐਲਾਨਾਂ ਨੇ ਪੰਜਾਬ ਅਤੇ ਹਿੰਦੋਸਤਾਨ ਦੀ ਸਿਆਸੀ ਫਿਜ਼ਾਂ 'ਚ ਹਲਚਲ ਪੈਦਾ ਕੀਤੀ। ਮੁਸਲਿਮ ਲੀਗ ਅਤੇ ਹੋਰ ਪਾਰਟੀਆਂ ਆਪੋ-ਆਪਣੇ ਅਕੀਦਿਆਂ ਤੇ ਇਛਾਵਾਂ ਨਾਲ ਪਰ ਤੋਲਦੇ ਰਹੇ।





ਭਾਈ ਵੀਰ ਸਿੰਘ ਨੇ ਅਖੰਡ ਹਿੰਦੋਸਤਾਨ ਵਿਚੋਂ 'ਸਿੱਖ ਸਟੇਟ' ਮੰਗਵਾ ਅਤੇ ਪਾਕਿਸਤਾਨ ਦੀ ਮੰਗ ਨੂੰ ਏਸ਼ੀਆ ਦੀ ਵੱਡੀ ਤਾਕਤ ਬਣਨ ਤੋਂ ਰੋਕਣਾ ਆਖਿਆ ਹੈ। ਉਸਨੇ ਅਕਾਲੀਆਂ ਦੀ ਅਨਸਰਟਨ ਪਾਲੇਟਿਕਸ ਸੇਧਹੀਣ ਸਿਆਸਤ ਬਾਰੇ ਲਿਖਿਆ ਹੈ, "ਉਹ ਕਦੇ ਕਮਿਊਨ ਐਵਾਰਡ ਦੇ ਵਿਰੋਧੀ ਅਤੇ ਕਦੇ ਪੱਖੀ, ਕਦੇ ਪਾਕਿਸਤਾਨ ਦੇ ਵਿਰੋਧੀ ਅਤੇ ਕਦੇ ਉਹ ਕਦਮ ਚਾਉਂਦੇ ਜਿਸ ਨਾਲ ਪਾਕਿਸਤਾਨ ਸਿਰੇ ਚੜ੍ਹੇ। ਕਦੇ ਕਾਂਗਰਸ ਦੀ ਸ਼ਰਨ ਵਿਚ ਅਖੰਡ ਹਿੰਦੋਸਤਾਨ ਦੇ ਹਾਮੀ ਅਤੇ ਸਿੱਖ ਸਟੇਟ ਦਾ ਖਿਆਲ ਘੜ ਕੇ ਧੂੰਆਂ-ਧਾਰ ਲੇਖ ਲਿਖਣੇ ਤੇ ਸਾਰਾ ਜ਼ੋਰ ਲਗਾਉਣਾ ਸ਼ੁਰੂ ਕਰ ਦੇਣਾ। ਇਸ ਨਵੀਂ ਖੇਲ ਵਿਚ ਕੇਵਲ ਅਕਾਲੀ ਖਿਆਲ ਕੰਮ ਕਰ ਰਿਹਾ ਹੈ। ... ਹਿੰਦ ਦੀ ਜੇ ਘੱਟ ਗਿਣਤੀ ਵਾਲੀ ਕੌਮ ਆਣੇ ਲਈ ਵੱਖਰੀ ਰਿਆਸਤ ਮੰਗੇਗੀ, ਤਾਂ ਉਹ ਪਾਕਿਸਤਾਨ ਦੀ ਵਿਰੋਧਤਾ ਕੀਕੂੰ ਕਰ ਸਕੇਗੀ। ਗੋਯਾ ਆਪਣੇ ਲਈ ਵੱਖਰੀ ਰਿਆਸਤ ਮੰਗਣਾ ਪਾਸਿਕਾਤਨ ਨੂੰ ਕਾਇਮ ਕਰਨਾ ਹੈ।"[7] ਭਾਈ ਵੀਰ ਸਿੰਘ ਦਾ ਇਹ ਨੁਕਤਾ ਅਕਾਲੀਆਂ ਦੀ ਉਸ ਰਾਜਨੀਤੀ ਵੱਲ ਇਸ਼ਾਰਾ ਕਰਦਾ ਹੈ ਜਿਸ 'ਚ ਨਿਸ਼ਚੇ ਅਤੇ ਪ੍ਰਤੀਬੱਧਤਾ ਦੀ ਘਾਟ ਹੈ। ਅਕਾਲੀਆਂ ਤੇ ਵਿਅੰਗ ਇਸ ਕਰਦਾ ਹੈ ਕਿ ਉਹ ਪੰਜਾਬ ਅਤੇ ਸਿੱਖ ਮੰਗਾਂ ਨਾਲ ਬਾਵਸਤਾ ਸਨ। ਭਾਈ ਵੀਰ ਸਿੰਘ ਦਾ ਇਹ ਖਿਆਲ ਵੰਡ ਤੋਂ ਪਹਿਲਾਂ ਤੇ ਅਖੀਰ ਸਮੇਂ ਤੱਕ ਕਾਇਮ ਰਿਹਾ। ਉਸ ਦਾ ਜ਼ਿਕਰ ਸਿੱਖ ਸਰੋਕਾਰਾਂ ਨਾਲ ਸੰਬੰਧਿਤ ਅਤੇ ਹਿੰਦੋਸਤਾਨ ਨੂੰ ਵੰਡੇ ਜਾਣ ਦੇ ਵਿਰੁੱਧ ਸੀ।

ਭਾਈ ਵੀਰ ਸਿੰਘ ਚੀਫ਼ ਖਾਲਸਾ ਦੀਵਾਨ ਦੇ ਸੰਸਥਾਵਾਂ ਅਤੇ ਨੀਤੀ ਘਾੜਿਆਂ ਚੋਂ ਪ੍ਰਮੁੱਖ ਸਨ। ਦੀਵਾਨ ਸਮੇਂ-ਸਮੇਂ ਸਿੱਖ ਸਰੋਕਾਰ ਅਤੇ ਮੰਗਾਂ ਨੂੰ ਉਠਾਉਣ ਵਾਲੀ ਸਭਾ ਰਹੀ ਹੈ। ਭਾਵੇਂ ਦੀਵਾਨ ਦੀ ਵਿਚਾਰਧਾਰਾ ਸਿੱਖ ਜਗੀਰਦਾਰਾਂ, ਸ਼ਹਿਰੀ-ਵਪਾਰੀ ਵਰਗ ਅਤੇ ਅੰਗਰੇਜ਼ੀ ਹਕੂਮਤ ਪ੍ਰਤੀ ਵਫ਼ਾਦਾਰੀ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਪਰ ਜਦੋਂ ਵੀ ਪੰਜਾਬ ਅਤੇ ਖਾਸ ਕਰਕੇ ਸਿੱਖ ਮਸਲੇ ਪੈਦਾ ਹੋਏ ਤਾਂ ਇਸ ਦੀ ਨੀਤੀ ਨੇ ਪੰਜਾਬ ਤੇ ਸਿੱਖ ਪੱਖੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ। ਕਮਿਊਨਲ ਐਵਾਰਡ, ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ, ਅਛੂਤ ਜਾਤੀਆਂ ਦੇ ਉਧਾਰ, ਪੰਜਾਬ ਦਾ ਸਮਝੌਤਾ, ਹਿੰਦ ਦੀ ਨਵੀਂ ਰਾਜ ਬਣਤਰ ਅਤੇ ਪਾਕਿਸਤਾਨ ਦੀ ਮੰਗ 'ਤੇ ਸਖ਼ਤ ਕਦਮ ਚੀਫ਼ ਖ਼ਾਲਸਾ ਦੀਵਾਨ ਨੇ ਉਠਾਏ। ਸਨ 1942 ਵਿਚ ਜਦੋਂ ਵਾਇਸਰਾਏ ਸਟੈਫੋਰਡ ਕ੍ਰਿਪਸ ਨੇ ਵੱਖ-ਵੱਖ ਦਲਾਂ ਤੇ ਕੌਮਾਂ ਦੇ ਪ੍ਰਤੀਨਿਧੀਆਂ ਨੂੰ ਮਿਲਣ ਦਾ ਸਿਲਸਿਲਾ ਜਾ ਕੀਤਾ। ਇਕ ਪਾਸੇ ਮੁਸਲਿਮ ਦੀ ਪਾਕਿਸਤਾਨ ਦੀ ਮੰਗ ਤੇ ਦੂਜੇ ਪਾਸੇ ਸੰਪੂਰਨ ਹਿੰਦੋਸਤਾਨ ਦੀ ਮੰਗ ਦਾ ਰੌਲ਼ਾ ਸਾਹਮਣੇ ਸੀ। ਇਸੇ ਦੌਰਾਨ ਸਿੱਖ ਘੱਟ-ਗਿਣਤੀ ਹੋਣ ਦੇ ਬਾਵਜੂਦ ਵੱਖ-ਵੱਖ ਧੜਿਆਂ ਅਤੇ ਸਮੂਹਾਂ ਵਿਚ ਵੰਡੀ ਹੋਈ ਸੀ। ਕ੍ਰਿਪਸ ਨੇ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੂੰ ਸਿੱਖ ਮੰਗਾਂ ਬਾਬਤ ਬੁਲਾਇਆ। ਦੀਵਾਨ ਵਲੋਂ ਸ. ਕਿਰਪਾਲ ਸਿੰਘ ਮਜੀਠਾ ਨੇ ਸਿੱਖ ਮੰਗਾਂ ਪ੍ਰਤੀ ਯਾਦ ਪੱਤਰ ਸੌਂਪਿਆ। "ਦੀਵਾਨ ਦੀਆਂ ਤਜ਼ਵੀਜ਼ ਕੀਤੀਆਂ ਗੱਲਾਂ ਵਿਚ ਫੌਰਨ ਪੂਰੀ-ਪੂਰੀ ਪ੍ਰਤੀਨਿਧ ਗਵਰਨਮੈਂਟ ਕਾਇਮ ਕੀਤੀ ਜਾਏ – ਜਿਸ ਵਿਚ ਕਿ ਦੇਸ ਦੇ ਸਾਰੇ ਦੇ ਸਾਰੇ ਪ੍ਰਤੀਨਿਧ ਅਨੁਸਾਰ ਸ਼ਾਮਲ ਹੋਣ ਤੇ ਜਿਸ ਵਿਚ ਘੱਟੋ ਘੱਟ ਇਕ ਸਿੱਖ ਹੋਵੇ। ਸਾਰੇ ਜਿੰਮੇਵਾਰੀ ਦੇ ਵੱਡੇ ਅਹੁਦੇ ਹਿੰਦੋਸਤਾਨੀਆਂ ਨੂੰ ਦਿੱਤੇ ਜਾਣ, ਸੂਬਿਆਂ ਵਿਚ ਆਈਨੀ ਸਰਕਾਰਾਂ ਕਾਇਮ ਕੀਤੀਆਂ ਜਾਣ ਹਿੰਦ ਦੀ ਰਾਜ ਬਣਤਰ ਵਿਚ ਫ਼ਿਰਕੇਦਾਰੀ ਚੋਣਾਂ ਨਾ ਹੋਣ, ਚੋਣਾਂ ਸਾਂਝੀਆਂ ਹੋਣ, ਗੌਰਵਤਾ ਰੱਖਣ ਵਾਲੀਆਂ ਘੱਟ ਗਿਣਤੀਆਂ ਲਈ ਸੀਟਾਂ ਰੀਜ਼ਰਵ ਕੀਤੀਆਂ ਜਾਣ। ਨਵੀਂ ਰਾਜ ਬਣਤਰ ਵਿਚ ਹਿੰਦੀਆਂ ਦੇ ਧਰਮ, ਸਭਯਤਾ ਤੇ ਬੋਲੀ ਦੀ ਰੱਖਯਾ ਦਾ ਪ੍ਰਬੰਧ ਹੋਵੇ।"[8] ਸਟੈਫੋਰਡ ਕ੍ਰਿਪਸ ਅਤੇ ਸ. ਕਿਰਪਾਲ ਸਿੰਘ ਮਜੀਠਾ ਦੀ ਮਿਲਣੀ ਤੋਂ ਬਾਅਦ ਚੀਫ਼ ਖ਼ਾਲਸਾ ਦੀਵਾਨ ਨੇ ਅੰਮ੍ਰਿਤਸਰ ਵਿਚ ਇਕ ਸਭਾ ਬੁਲਾਈ ਗਈ ਜਿਸ ਵਿਚ ਸਭਾ ਤੋਂ ਪਹਿਲਾਂ ਅਤੇ ਬਾਅਦ 'ਚ ਹੋਈਆਂ ਸਿੱਖ ਸਮੂਹਾਂ ਦੀ ਆਪਸੀ ਸਦਭਾਵਨਾ ਦੀ ਘਾਟ ਅਤੇ ਮੰਗਾਂ ਵਿਚਲੇ ਦੁਵੱਲੇ ਵਿਰੋਧਾਂ 'ਤੇ ਚਰਚਾ ਹੋਈ। ਇਸ ਮੀਟਿੰਗ ਵਿਚ ਸਰਦਾਰ ਹਰਬੰਸ ਸਿੰਘ, ਡਾ. ਗੁਰਚਰਨ ਸਿੰਘ, ਪ੍ਰੋ. ਵਰਿਆਮ ਸਿੰਘ ਅਤੇ ਪ੍ਰੋ. ਸੰਤ ਸਿੰਘ ਸੇਖੋਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਥੇ ਇਹ ਨੁਕਤਾ ਕਾਰਜਸ਼ੀਲ ਹੈ ਕਿ ਭਾਈ ਵੀਰ ਸਿੰਘ ਅਤੇ ਸਾਥੀ ਦੁਆਰਾ ਤਿਆਰ ਕੀਤੀ ਪੰਜਾਬ ਦੀਆਂ ਮੰਗਾਂ ਸੰਬੰਧੀ ਨੀਤੀ ਸਾਹਮਣੇ ਆਉਂਦੀ ਹੈ ਕਿ ਉਹ ਘੱਟ-

ਗਿਣਤੀ ਹੁੰਦੇ ਹੋਏ ਵੀ ਪੰਜਾਬ ਦੀ ਵੰਡ ਤੇ ਅਖੰਡ ਹਿੰਦੂਸਤਾਨ ਦੇ ਹਿਮਾਇਤੀ ਸਨ। ਇਸੇ ਸਿਲਸਿਲੇ ਵਿਚ 1946 ਦੇ ਦੌਰਾਨ ਪੰਜਾਬ ਨੂੰ ਵੰਡਣ ਤੇ ਪਾਕਿਸਤਾਨ ਦੀ ਹੋਂਦ ਸੰਬੰਧੀ ਦੀਵਾਨ ਦੇ ਪ੍ਰਤੀਨਿਧਾਂ ਨੇ ਅੰਗ੍ਰੇਜ਼ੀ ਹਕੂਮਤ ਨੂੰ ਇੱਕ ਯਾਦ ਪੱਤਰ (ਮੈਮੋਰੰਡਮ) ਸੌਂਪਿਆ। ਇਸ ਯਾਦ ਪੱਤਰ ਦੀ ਇਬਾਰਤ ਭਾਈ ਵੀਰ ਸਿੰਘ ਨੇ ਲਿਖੀ। ਅਪ੍ਰੈਲ 1946 ਈਂ ਵਿੱਚ ਇਸ ਯਾਦ ਪੱਤਰ ਦਾ ਮਸੌਦਾ ਅੰਗ੍ਰੇਜ਼ੀ ਵਿੱਚ ਛਾਪਿਆ। ਫਿਰ ਅਪ੍ਰੈਲ 1946, ਖ਼ਾਲਸਾ ਸਮਾਚਾਰ ਵਿਚ ਇਸ ਦਾ ਤਰਜਮਾ ਛਾਪਿਆ। ਇਸ ਯਾਦ ਪੱਤਰ ਦੀ ਪ੍ਰਮੁੱਖ ਮਦ ਇਹ ਸੀ ਕਿ ਹਿੰਦੁਸਤਾਨ ਦੀ ਰਾਜਨੀਤਿਕ ਏਕਤਾ ਬਣਾਈ ਜਾਵੇ। ਇਸੇ ਏਕਤਾ ਦੇ ਵਿੱਚੋਂ ਹੀ ਸ੍ਵੈਰਾਜਕ ਬਣਤਰ ਬਣਾਈ ਜਾਏ। ਹਿੰਦੂਸਤਾਨ ਦੀ ਸਿਆਸਤ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਸੰਪ੍ਰਦਾਇਕਤਾ ਦੇ ਆਧਾਰ ਤੇ ਚੋਣਾਂ ਹੋ ਰਹੀਆਂ ਹਨ। ਇਸ ਫ਼ਿਰਕੇ-ਵਾਰਾਨਾ ਚੋਣਾਂ ਸਦਕਾ ਪਾਕਿਸਤਾਨ ਦੀ ਮੰਗ ਜ਼ੋਰ ਫੜ ਰਹੀ ਸੀ। "ਪਾਕਿਸਤਾਨ ਬਾਬਤ ਚੀਫ਼ ਖਾਲਸਾ ਦੀਵਾਨ ਦੀ ਪੱਕੀ ਰਾਇ ਹੈ ਕਿ ਐਸੀ ਇੱਕ ਸਿਆਸਤ ਬਣਾ ਕੱਢਣੀ ਫ਼ਿਰਕੇਵਾਰਾਨਾ ਸਵਾਲ ਨੂੰ ਹੱਲ ਨਹੀਂ ਕਰੇਗੀ। ਕਿਉਂਕਿ ਹਿੰਦ ਦਾ ਕੋਈ ਹਿੱਸਾ ਐਸਾ ਨਹੀਂ ਸੀ ਜਿਸ ਵਿਚ ਕਿੱਤੇ ਮੁਸਲਮਾਨ ਰਹਿੰਦੇ ਹੋਣ। ਇਹ ਪਾਕਿਸਤਾਨ ਦਾ ਪੈਦਾ ਕਰਨਾ ਇੱਕ ਹੋਰ ਪਾਕਿਸਤਾਨ ਦੀ ਮੰਗ ਪੈਦਾ ਕਰੇਗਾ। ਭਾਵ ਉਸ ਪਾਕਿਸਤਾਨ ਦੇ ਪਾਕਿਸਤਾਨ ਦੇ ਅੰਦਰ ਹੋਰ ਪਾਕਿਸਤਾਨ ਦੀ ਲੜੀ ਟੁਰ ਪਏਗੀ ਜੋ ਹਾਸੋਹੀਣੀ ਦਸ਼ਾ ਤੱਕ ਅਪੜ ਜਾਏਗੀ।"[9]

ਇੱਥੇ ਇੱਕ ਭਾਈ ਵੀਰ ਸਿੰਘ ਸ਼ਖ਼ਸੀਅਤ ਦਾ ਇੱਕ ਪਹਿਲੂ ਇਹ ਹੈ ਕਿ ਉਹ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਤੇ ਇਕ ਬਾਰੀਕ-ਬੀਨੀ ਨਜ਼ਰ ਰੱਖਦੇ ਸਨ। ਉਹਨਾਂ ਦੀ ਪ੍ਰਮੁੱਖ ਵਿਚਾਰਧਾਰਾ ਪੰਜਾਬ ਪੱਖੀ ਅਤੇ ਸਿੱਖ ਮਸਲਿਆਂ ਕੇਂਦਰਿਤ ਹੁੰਦੀ ਸੀ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਭਾਈ ਵੀਰ ਸਿੰਘ ਸਿੱਖਾਂ ਬਾਰੇ ਸੋਚਦੇ ਸਨ। ਉਸ ਦੌਰ ਵਿਚ ਆਪੋ ਆਪਣੇ ਫ਼ਿਰਕੇ ਸੰਬੰਧੀ ਸੋਚਣਾ ਹੀ ਪ੍ਰਮੁੱਖ ਪ੍ਰਤੀਬੱਧਤਾ ਸੀ ਕਿਉਂਕਿ ਸਾਡੀ ਰਾਜਨੀਤੀ ਦਾ ਮੁਹਾਂਦਰਾ ਫਿਰਕੂ ਲੀਹਾਂ ਤੇ ਟਿਕਿਆ ਹੋਇਆ ਸੀ। ਹਰੇਕ ਫ਼ਿਰਕੇ 'ਚ ਆਪੋ-ਆਪਣੀਆਂ ਮੰਗਾਂ ਗੁਝਲਤਾਈਆਂ, ਵਿਰੋਧਾਭਾਸ ਅਤੇ ਪਛਾਣ ਦੇ ਮਸਲੇ ਦਰਪੇਸ਼ ਸੀ। ਭਾਈ ਵੀਰ ਸਿੰਘ ਖਾਲਸਾ ਦੀਵਾਨ ਲਈ ਨੀਤੀ ਘੜਦੇ ਸਨ ਅਤੇ ਆਪਣੀ ਤਰਬੀਅਤ ਮੁਤਾਬਿਕ ਪਸ਼ੇਮੰਜ਼ਰ 'ਚ ਰਹਿੰਦੇ ਸਨ।

1947 ਦੀਆਂ ਘਟਨਾਵਾਂ ਦੇ ਦੌਰਾਨ ਹੀ ਭਾਈ ਵੀਰ ਸਿੰਘ ਦਾ ਬਚਿਆ ਰਿਕਾਰਡ ਅਤੇ ਨਿੱਜੀ ਕੁਤਬਖ਼ਾਨਾ ਦੇਹਰਾਦੂਨ 'ਚ ਤਬਾਦਲ ਹੋ ਗਿਆ। 1947 ਤੋਂ ਬਾਅਦ ਲਗਭਗ ਕਈ ਮਹੀਨੇ ਖਾਲਸਾ ਸਮਾਚਾਰ ਬੰਦ ਰਿਹਾ। ਇਸ ਸਮੇਂ ਦੌਰਾਨ ਪੰਜਾਬ ਦੀ ਫ਼ਿਜ਼ਾ ਵਿੱਚ ਉਦਾਸੀਨਤਾ ਦੇ ਨਾਲ-ਨਾਲ ਇਹ ਸੁਆਲ ਗੂੰਜ ਰਹੇ ਸਨ ਕਿ ਹੁਣ ਪੰਜਾਬੀ/ਸਿੱਖ ਕੀ ਕਰਨਗੇ ? ਸਿੱਖ ਪੀੜਤਾਂ ਲਈ ਨਗਰੀਆਂ ਸਿੱਖ ਪੰਜਾਬ ਵਿੱਚ ਕਿਵੇਂ ਰਹਿ ਜਾਣ, ਹਿੰਦੁਤਸਾਨ ਦੀ ਨਵੀਂ ਰਾਜ-ਬਣਤਰ ਅਤੇ ਸਿੱਖ-ਰਿਆਸਤਾਂ ਦਾ ਭਵਿੱਖ ਅਤੇ ਨਵੀਂ ਹਿੰਦੁਸਤਾਨ ਰਾਜ ਬਣਤਰ, ਸਿੱਖਾਂ ਦੀ ਹਸਤੀ ਲਈ ਸਿੱਖਾਂ ਦਾ ਹਿੱਸਾ, ਆਜ਼ਾਦੀ ਦੀ ਵਰ੍ਹੇ ਵੰਡ ਅਤੇ ਰਿਪਬਲਿਕ ਆਦਿ ਦਾ ਸਿੱਖਾਂ, ਪੰਜਾਬੀਆਂ ਨਾਲ ਕਿਹੋ ਜਿਹਾ ਵਾਸਤਾ ਬਣਦਾ ਹੈ। ਇਸ ਸੰਬੰਧੀ ਭਾਈ ਵੀਰ ਸਿੰਘ ਨੇ ਸਮੇਂ ਦਰ ਸਮੇਂ ਲੇਖ ਲਿਖੇ। (ਭਾਈ ਸਾਹਿਬ ਦੇ ਇਹਨਾਂ ਹਸਤਲਿਖਿਤ ਲੇਖਾਂ ਦੀ ਨਕਲ ਸੰਪਾਦਕ ਕੋਲ ਮਹਿਫ਼ੂਜ਼ ਹੈ) 1947 ਤੋਂ ਬਾਅਦ ਪੰਜਾਬ ਵਿਚ ਸਿੱਖ ਫਿਰਕਾ ਇਕ ਖ਼ਾਸ ਆਬਾਦੀ ਦਾ 40% ਹਿੱਸਾ ਗਵਾ ਆਏ ਸਨ। ਨਵੇਂ ਹਿੰਦੁਸਤਾਨ ਦਾ ਪ੍ਰਿੰਟ ਮੀਡੀਆ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ 'ਸਿੱਖਸ ਇਨ ਦਾ ਸਰਵਿਸਿਜ਼' ਅਰਥਾਤ 'ਸਿੱਖ ਮੁਲਾਜ਼ਮਤ ਵਿੱਚ'।[10] 16 ਅਗਸਤ 1948 ਦੇ ਹਿੰਦੁਸਤਾਨ ਟਾਈਮਜ਼ ਦੀ ਇਸ ਸੁਰਖੀ ਨੇ ਇਕ ਖਾਸ ਤਰੀਕੇ ਦੀ ਬੇਚੈਨੀ ਪੈਦਾ ਕੀਤੀ ਕਿ ਸਿੱਖ ਹੁਣ ਹਿੰਦੁਸਤਾਨੀਆਂ ਭਾਵ ਹਿੰਦੂਆਂ ਦੇ ਅਧੀਨ ਹਨ। ਭਾਈ ਵੀਰ ਸਿੰਘ ਇਸ ਫਿਰਕੂ ਮੀਡੀਏ ਨੂੰ ਆਪਣੀ ਸੰਪਾਦਕੀ ਰਾਹੀਂ ਰੋਕਦਾ ਹੈ। ਸਿੱਖ ਕਦੇ ਵੀ ਫ਼ਿਰਕੂ ਨਹੀਂ ਸਨ। ਉਹ ਹਿੰਦੁਸਤਾਨੀ ਸਮਾਜ ਵਿਚ ਚਲ ਰਹੀ ਫਿਰਕੂ ਸਿਆਸਤ ਦੇ ਸਾਕਾਰਾਤਮਕ ਭਾਵਾਂ ਤੋਂ ਵਾਕਿਫ਼ ਹੁਦਿਆਂ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਫਿਰਕੂ ਸਿਆਸਤ ਵਿਸ਼ਾਲ ਹਿੰਦੁਸਤਾਨੀ ਦੀ ਏਕਤਾ ਨੂੰ ਬਣਾਈ ਰੱਖਣ ਵਿਚ ਰੁਕਾਵਟ ਬਣ ਸਕਦੀ ਹੈ। ਭਾਈ ਵੀਰ ਸਿੰਘ ਦਾ ਇਹ ਨੁਕਤਾ ਆਜ਼ਾਦ ਹਿੰਦੁਸਤਾਨ ਵਿਚ





ਪ੍ਰਫੁੱਲਤ ਹੋ ਰਹੀ ਫ਼ਿਰਕੂ ਵਿਚਾਰਧਾਰਾ ਸਿਆਸਤ ਬਾਰੇ ਇਸ਼ਾਰਾ ਕਰਦਾ ਹੈ। ਭਾਈ ਵੀਰ ਸਿੰਘ, 'ਸਿੱਖ ਹੁਣ ਕੀ ਕਰਨ', ਸਰਬੱਤ ਦਾ ਭਲਾ ਅਤੇ ਸੈਕੂਲਰਿਜ਼ਮ ਨਾਂ ਦੇ ਲੰਬੇ ਲੇਖ ਲਿਖਦੇ ਹਨ। ਪੱਛਮੀ ਚਿੰਤਨ ਅਤੇ ਮਾਰਕਸਵਾਦ ਦੇ ਪ੍ਰਭਾਵ ਤਹਿਤ ਸੈਕੂਲਰਿਜ਼ਮ ਨੂੰ ਵੱਖੋਂ-ਵੱਖਰੇ ਸੰਦਰਭਾਂ ਤਹਿਤ ਪਰਿਭਾਸ਼ਿਤ ਕੀਤਾ।

ਮੋਟੇ ਤੌਰ 'ਤੇ ਸੈਕੂਲਰਿਜ਼ਮ ਦੀ ਪਰਿਭਾਸ਼ਾ ਧਰਮ-ਨਿਰਪੱਖਤਾ ਕੀਤੀ ਗਈ। ਇਸ ਦਾ ਭਾਵ ਇਹ ਹੋਇਆ ਕਿ ਧਰਮ ਨੂੰ ਮੰਨਣ ਵਾਲੇ ਸੈਕੂਲਰ ਨਹੀਂ ਹੋ ਸਕਦੇ। ਇਹਨਾਂ ਚਿੰਤਕਾਂ ਨੇ ਸਭਿਆਚਾਰ ਦੇ ਅਟੁੱਟ ਹਿੱਸੇ ਅਤੇ ਜੀਵਨ-ਜਾਚ ਜਿਸ ਨੂੰ ਧਰਮ ਕਿਹਾ ਜਾਂਦਾ ਹੈ, ਨੂੰ ਸੰਪਰਦਾਇਕਤਾ ਅਤੇ ਕਮਿਊਨਲ ਪਰਿਭਾਸ਼ਿਤ ਕੀਤਾ ਗਿਆ। ਕਹਿਣ ਦਾ ਭਾਵ ਇਹ ਹੈ ਕਿ ਧਰਮ ਨੂੰ ਮੰਨਣ ਵਾਲੇ ਨਾਲ ਮੂਲਵਾਦੀ, ਸੰਪਰਦਾਇਕ, ਫਿਰਕੂ ਹੋਣ ਦਾ ਲੇਬਲ ਨੱਥੀ ਕਰ ਦਿੱਤਾ। ਪੱਛਮੀ ਜੀਵਨ-ਜਾਚ ਦੇ ਮੁਕਾਬਲੇ ਹਿੰਦੁਸਤਾਨੀ, ਪੰਜਾਬੀ ਜ਼ਿੰਦਗੀ ਦਾ ਮੂਲ ਆਧਾਰ ਧਰਮ 'ਤੇ ਧਾਰਮਿਕਤਾ ਦੇ ਨੇੜੇ ਮੰਨਿਆ ਹੈ। ਪਰ ਪੱਛਮੀ ਚਿੰਤਕਾਂ ਨੇ ਹਿੰਦੁਤਸਾਨੀ, ਪੰਜਾਬੀ ਸਮਾਜ ਦੀਆਂ ਮੁਸ਼ਕਿਲਾਂ ਅਤੇ ਹਲਾਤ ਲਈ ਧਰਮ ਨੂੰ ਜ਼ਿੰਮੇਵਾਰ ਆਖ ਕੇ ਇਸ ਦੀ ਇਕਹਿਰੇ ਪ੍ਰਸੰਗਾਂ ਤੱਕ ਮਹਿਦੂਦ ਕਰ ਦਿੱਤਾ। ਪੰਜਾਬੀ ਸਮਾਜ ਅਤੇ ਸਿੱਖ ਸਿਧਾਂਤ ਹਮੇਸ਼ਾ ਸਾਂਝੀਵਾਲਤਾ ਦੇ ਮਦਾਹ ਰਹੇ ਹਨ ਜਿਸ ਕਰਕੇ ਉਹਨਾਂ (ਪੰਜਾਬੀਆਂ ਦਾ ਹਿੰਦ+ਸਿੱਖ+ਮੁਸਲਮਾਨ ਅਤੇ ਹੋਰ) ਦਾ ਸਾਂਝਾ ਵਿਸ਼ਵਾਸ 'ਰੱਬ' 'ਚ ਨਿਹਿਤ ਹੈ। ਸਿੱਖ ਧਰਮ ਦਾ ਸਾਂਝੀਵਾਲਤਾ ਦਾ ਸੰਕਲਪ ਸਰਬੱਤ ਦੇ ਭਲੇ ਦਾ ਫ਼ਲਸਫ਼ਾ ਪੱਛਮੀ ਚਿੰਤਨ ਦੇ ਪ੍ਰਭਾਵ ਵਿਚ ਸੈਕੂਲਰਿਜ਼ਮ ਦੀ ਕੀਤੀ ਗਈ ਪਰਿਭਾਸ਼ਾ ਨੂੰ ਰੱਦ ਹੋ ਜਾਂਦੀ ਹੈ। ਭਾਈ ਵੀਰ ਸਿੰਘ ਆਪਣੇ ਲੇਖ ਵਿਚ ਸਰਬੱਤ ਦੇ ਭਲੇ ਦੇ ਸਮਾਨਾਂਤਰ ਸੈਕਲੂਰਿਜ਼ਮ ਦੀ ਸਥਾਨਕਤਾ ਦੇ ਸੰਦਰਭ ਵਿਚ ਵਿਆਖਿਆ ਕਰਦੇ ਹਨ। 1947 ਤੋਂ ਬਾਅਦ ਜਦੋਂ ਹਿੰਦੁਸਤਾਨ ਵਿੱਚ ਨਵੀਂ ਸਰਕਾਰ ਕਾਇਮ ਹੁੰਦੀ ਹੈ ਤਾਂ ਉਹ ਸੈਕੂਲਰ ਲਫ਼ਜ਼ ਦੀ ਵਰਤੋਂ ਹੁੰਦੀ ਹੈ। ਸਰਕਾਰ ਇਕ ਪਾਸੇ 'ਸੈਕੂਲਰ' ਸ਼ਬਦ ਰਾਹੀਂ ਹਿੰਦੁਸਤਾਨ ਦੇ ਸਾਰੇ ਧਰਮਾਂ, ਨਸਲਾਂ, ਜਾਤਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਅਤੇ ਉਹਨਾਂ ਦੀ ਹੋਂਦ ਸੰਬੰਧੀ ਸਕਾਰਾਤਮਕ ਪੱਖ ਸਿਰਜਦੀ ਹੈ। ਦੂਜੇ ਪਾਸੇ ਹਿੰਦੁਸਤਾਨ ਵਿਚ ਹਿੰਦੂਆਂ ਦੀ ਬਹੁ-ਗਿਣਤੀ ਹੋਣ ਕਰਕੇ ਕੌਂਸਲਾਂ, ਕੈਬਨਿਟਾਂ ਅਤੇ ਚੋਣਾਂ ਵਿੱਚ ਵਧੀਕ ਰਹਿਣਗੇ। ਸੁਆਲ ਇਹ ਹੈ ਕਿ ਹਿੰਦੂ ਬਹੁ-ਗਿਣਤੀ ਵਿਚ ਹੋਣ ਕਾਰਨ ਉਹਨਾਂ ਦਾ ਨੀਤੀ ਘਾੜੇ ਅਤੇ ਹੋਰ ਪ੍ਰਸ਼ਾਸਨਿਕ ਕੰਮਾਂ ਵਿਚ ਦਖਲਅੰਦਾਜ਼ੀ ਜ਼ਿਆਦਾ ਹੋਏਗੀ। ਇਸ ਤਰ੍ਹਾਂ ਉਹ ਸੈਕੂਲਰ ਹੋਣ ਦਾ ਭਰਮ ਪਾਲ ਕੇ ਵੀ ਘੱਟ-ਗਿਣਤੀ ਨਾਲ ਇਕ ਵਿਸ਼ੇਸ਼ ਵਰਤਾਓ ਕਰਨਗੇ। ਭਾਈ ਵੀਰ ਸਿੰਘ ਦਾ ਉਪਰੋਕਤ ਨੁਕਤਾ ਇਸ ਲਈ ਪਾਇਦਾਰ ਹੈ ਕਿ ਜਦੋਂ ਹਿੰਦੋਸਤਾਨੀ ਹਕੂਮਤ ਧਰਮ ਨਿਰਪੱਖਤਾ ਦੇ ਨਾਂ 'ਤੇ 1947 ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ (1956) ਨੂੰ ਲਟਕਾਉਣਾ ਅਤੇ ਕਈ ਹੋਰ ਮੰਗਾਂ ਨੂੰ ਦਰਕਿਨਾਰ ਕਰਦੀ ਹੈ। ਪੰਜਾਬ ਵਿਚ ਭਾਸ਼ਾ ਅਤੇ ਧਰਮ ਦੀ ਖੇਡੀ ਸ਼ਤਰੰਜ ਨੇ ਪੰਜਾਬੀਆਂ /ਸਿੱਖਾਂ ਤੇ ਫਿਰਕੂ ਅਤੇ ਸੰਪਰਦਾਇਕ ਹੋਣ ਦਾ ਸ਼ਰੇਆਮ ਪ੍ਰਚਾਰ ਕੀਤਾ। ਸਰਕਾਰ ਹਿੰਦੂ ਯੂਨੀਅਨ ਦੇ ਨਾਂ 'ਤੇ ਹਿੰਦੋਸਤਾਨ ਦੀਆਂ ਵੱਖਰੀਆਂ ਰਿਆਸਤਾਂ ਨੂੰ ਆਪਣੇ ਵਿਚ ਜਜ਼ਬ ਕਰ ਰਹੀਆਂ ਸਨ। ਭਾਈ ਵੀਰ ਸਿੰਘ ਦਾ ਇਹ ਤੌਖ਼ਲਾ ਕਿ ਇਨ੍ਹਾਂ ਰਿਆਸਤਾਂ ਦੇ ਰਾਜੇ ਆਪਣੀਆਂ ਰਿਆਸਤਾਂ ਭੰਨ ਕੇ ਹਿੰਦ ਸਰਕਾਰ ਵਿਚ ਸ਼ਾਮਲ ਕੀਤੇ ਜਾ ਰਹੇ ਹਨ। ਦੂਜੇ ਪਾਸੇ ਇਹ ਐਲਾਨ ਕੀਤੇ ਗਏ ਕਿ ਸਿੱਖ ਰਿਆਸਤਾਂ ਦੀ ਹਸਤੀ ਕਾਇਮ ਰੱਖੀ ਜਾਵੇਗੀ। ਇਹ ਹਿੰਦ ਸਰਕਾਰ ਦੀ 'ਤੇਲ ਵੇਖੋ ਤੇਲ ਦੀ ਧਾਰ ਰੱਖੋ' ਦੀ ਨੀਤੀ ਸੀ। ਬਾਅਦ ਵਿਚ ਉਨ੍ਹਾਂ ਹਿੰਦ ਦੀ ਏਕਤਾ ਦੇ ਨਾਂ ਤੇ ਇਨ੍ਹਾਂ ਰਿਆਸਤਾਂ ਨੂੰ ਹਿੰਦ ਯੂਨੀਅਨ ਵਿਚ ਜਜ਼ਬ ਕਰ ਦਿੱਤਾ। ਭਾਵੇਂ ਇਹ ਦੌਰ ਜਾਗੀਰਦਾਰੀ ਢਾਂਚੇ ਨੂੰ ਤੋੜ ਕੇ ਇਕ ਲੋਕਤੰਤਰੀ ਵਿਵਸਥਾ ਵਿਚ ਢਾਲਣ ਦਾ ਸੀ। ਪਰ ਲੋਕਤੰਤਰੀ ਵਿਵਸਥਾ ਲੋਕਾਈ ਦੇ ਸਭਿਆਚਾਰ, ਭਾਸ਼ਾ ਵਿਸ਼ਵਾਸ ਪ੍ਰਬੰਧ ਨੂੰ ਪ੍ਰਫੁੱਲਤ ਤੇ ਸੰਭਾਲਣ ਲਈ ਵਿਸ਼ੇਸ਼ ਮੱਦ ਨਹੀਂ ਸੀ। ਜਮਹੂਰੀਅਤ ਵਿਚ ਵੋਟ-ਪ੍ਰਬੰਧ ਦੁਆਰਾ ਸਰਕਾਰ ਚੁਣਨ ਦਾ ਅਧਿਕਾਰ ਤਾਂ ਮਿਲ ਜਾਂਦਾ ਹੈ ਪਰ ਸਰਕਾਰ ਬਣਾਉਣ ਦਾ ਫੈਸਲਾ ਬਹੁ-ਗਿਣਤੀ ਅਤੇ ਚੋਣ ਸਿਸਟਮ 'ਤੇ ਹੀ ਨਿਰਭਰ ਰਹਿੰਦਾ ਹੈ। ਭਾਈ ਵੀਰ ਸਿੰਘ ਦਾ ਤੋਖ਼ਲਾ ਇਹ ਹੈ ਕਿ ਚੋਣ ਪ੍ਰਬੰਧ ਵਿਚ ਮਨੁੱਖ ਆਪਣੀ ਮਰਜ਼ੀ ਅਨੁਸਾਰ ਵੋਟ ਦਾ ਪ੍ਰਯੋਗ ਕਰ ਸਕਦਾ ਹੈ। ਉਸ ਦਾ ਇਸ਼ਾਰਾ ਲੋਕਤੰਤਰ ਦੀ ਸੀਮਾ ਵੱਲ ਹੈ। ਵੋਟਾਂ ਵੰਡੇ ਜਾਣ ਦੇ ਖ਼ਤਰੇ ਅਤੇ ਚੋਣ ਹਾਰਨ ਵਾਲੇ ਦੀ ਵੋਟ, ਮਰਜ਼ੀ, ਇੱਛਾ

ਨਿਹਫਲ ਚਲੀ ਜਾਏਗੀ। ਇਸ ਕਰਕੇ ਭਾਈ ਵੀਰ ਸਿੰਘ ਵਾਰ-ਵਾਰ ਪੰਜਾਬੀਆਂ ਅਤੇ ਸਿੱਖਾਂ ਨੂੰ ਪੰਜਾਬ ਵਿਚ ਮੁੜ ਵਸੇਬਾ ਕਰਨ 'ਤੇ ਜ਼ੋਰ ਦਿੰਦਾ ਹੈ। ਭਾਈ ਵੀਰ ਸਿੰਘ ਇਕ ਰਾਜਨੀਤਿਕ ਨਿਰਦੇਸ਼ਕ ਵਾਂਗ ਭੂਮਿਕਾ ਨਿਭਾਉਂਦਿਆਂ ਜ਼ਿਕਰ ਕਰਦਾ ਹੈ ਕਿ ਉਜਾੜੇ ਹਿੰਦੂਆਂ, ਸਿੱਖਾਂ ਨੂੰ ਪੰਜਾਬ ਵਿਚ ਵੱਸਣਾ ਚਾਹੀਦਾ ਹੈ। ਉਨ੍ਹਾਂ ਦੀ ਹੋਂਦ ਪਛਾਣ ਅਤੇ ਬੋਲੀ ਦਾ ਭਵਿੱਖ ਉਜਲਾ ਹੋ ਸਕੇਗਾ। ਇਹ ਲੋਕਾਂ ਨੂੰ ਵਸਾਉਣ ਲਈ ਨਵੇਂ ਘਰ, ਨਵੇਂ ਰੁਜ਼ਗਾਰ- ਨਿੱਕੇ-ਨਿੱਕੇ ਕਾਰੋਬਾਰ ਅਤੇ ਪੀੜਤ ਨਗਰਾਂ ਦੇ ਨਾਂ ਉਨ੍ਹਾਂ ਦੇ ਪਿਛੋਕੜ ਦੇ ਆਧਾਰ 'ਤੇ ਰੱਖਣੇ ਚਾਹੀਦੇ ਹਨ। ਉਹ ਆਪਣੀ ਭੂਮੀ ਅਤੇ ਜੜ੍ਹਾਂ ਨਾਲ ਜੁੜੇ ਰਹਿ ਸਕਣ। ਉਸ ਦਾ ਇਹ ਵੀ ਤਰਕ ਹੈ ਕਿ ਨਵੇਂ ਹਿੰਦ ਦੀ ਰਾਜ ਬਣਤਰ ਲੋਕਤੰਤਰ 'ਤੇ ਆਧਾਰਿਤ ਹੈ। ਇਸ ਵੋਟ ਤੰਤਰ ਵਿਚ ਸਿੱਖਾਂ ਨੂੰ ਆਪਣੀ ਹੋਂਦ ਤੇ ਹਸਤੀ ਕਾਇਮ ਰੱਖਣ ਲਈ ਭੂਗੋਲਿਕ ਤੌਰ 'ਤੇ ਇਕੱਠੇ ਰਹਿਣਾ ਚਾਹੀਦਾ ਹੈ। ਉਹਨਾਂ ਦੀਆਂ ਵੋਟਾਂ ਵੰਡੇ ਅਤੇ ਖਿੰਡ ਜਾਣ ਦੀ ਸੂਰਤ ਵਿਚ ਰਾਜਨੀਤਿਕ ਬਲ ਹਾਸਿਲ ਕਰਨ ਤੋਂ ਵਾਂਝੇ ਰਹਿ ਜਾਣਗੇ। "ਹਿੰਦ ਵਿਚ ਸੰਪਰਦਾਇਕ ਵਖਰੇਵਾਂ ਹਿੰਦੂ ਜਾਤੀ ਵਿਚ ਫੁੰਕਾਰੇ ਮਾਰਨ ਲੱਗ ਪਿਆ ਹੈ। ਕੀ ਇਸ ਪੱਖ ਦੀ ਹਿੰਦੂ ਜਾਤੀ ਨੂੰ ਅਮ੍ਰੀਕਾ ਤੇ ਰੂਸ ਵਰਗੇ ਕਾਮਯਾਬ ਬਲਵਾਨ ਤੇ ਸੁਤੰਤਰ ਦੇਸ਼ਾਂ ਦੀ ਮਿਸਾਲ ਅਪੀਲ ਨਹੀਂ ਕਰਦੀ ਕਿ ਹਿੰਦ ਵਾਸੀਆਂ ਨੂੰ ਇਕੱਤ੍ਰਤਾ ਦਾ ਗੋਦ ਵਿਚ ਲਵੋ। ਹਿੰਦੂ ਗਿਣਤੀ ਬਹੁਤਾਯਤ ਵਿਚ ਹੈ। ਉਹਨਾਂ ਨੂੰ ਬਹੁਤਾਯਤ ਦਾ ਬਲ ਪ੍ਰਾਪਤ ਹੈ। ਸਾਰੀਆਂ ਮਾਣ-ਹਿੰਦੂ ਜਾਤੀਆਂ ਮਿਲ ਕੇ ਵੀ ਇਹਨਾਂ ਉਹਨਾਂ ਦੇ ਅੱਗੇ ਅਕਸੀਅਤ ਵਿਚ ਹਨ, ਘੱਟ ਗਿਣਤੀ ਵਿਚ ਹਨ। ਜਦ ਬਹੁ-ਸੰਮਤੀ ਦਾ ਬਲ ਉਹਨਾਂ ਪਾਸ ਹੈ ਤਾਂ ਜੋ ਅਕਲੀਅਤਾਂ ਨੂੰ ਖਤਮ ਕਰਦੇ ਨਿਰੋਲ ਹਿੰਦੂ ਰਾਜ ਕਾਇਮ ਕਰਨਾ ਚਾਹੁੰਦੇ ਹਨ- ਉਹ ਦੱਸ ਰਹੇ ਹਨ ਕਿ ਉਹਨਾਂ ਦੇ ਦਿਮਾਗਾਂ ਵਿਚੋਂ 'ਸਟੇਟਸਮੈਨਸ਼ਿਪ' ਅਰਥਾਤ 'ਨੀਤੀ ਵਿਗਿਯਾਨ' ਬਰਾਬਰੀ ਦੇ ਹੱਕ ਦੇ ਕੇ ਸੁਖੀ ਤੇ ਸ਼ਾਂਤ ਰੱਖਣਗੇ ਤਾਂ ਉਹਨਾਂ ਦੀ ਤਾਕਤ ਬਣੇਗੀ ਤੇ ਦੇਸ਼ ਆਜ਼ਾਦ ਰਹੇਗਾ। ਜੇ ਘੱਟ ਗਿਣਤੀ ਦੀਆਂ ਕੌਮਾਂ ਅਸਾਂਤ ਰਹਿਣਗੀਆਂ ਤਾਂ ਉਹ ਪਹਿਲੇ ਵਿਦੇਸ਼ੀ ਹਮਲਾ ਆਵਰ ਨਾਲ ਰਲ ਜਾਣਗੀਆਂ ਤੇ ਗ਼ੁਲਾਮੀ ਦੇ ਜ਼ੰਜੀਰ ਚੁੱਕ ਲਿਔਣਗੀਆਂ। ਹਿੰਦ ਦਾ ਇਤਿਹਾਸ ਦੱਸਦਾ ਹੈ ਕਿ ਅਸ਼ਾਂਤਿ ਸਰਕਾਰੀ ਅਫਸਰ ਯਾ ਅਸ਼ਾਂਤ ਲੋਕ ਵਿਦੇਸ਼ੀ ਹਮਲਾ ਆਵਰਾਂ ਨਾਲ ਰਲ਼ ਜਾਂਦੇ ਹਨ। ਇਹਨਾਂ ਸਾਡੀ ਅਪੀਲ ਹਿੰਦੂ ਸੰਪ੍ਰਦਾਯਕੀ ਲੋਕਾਂ ਪਾਸ ਹੈ ਕਿ ਸਾਂਝਾ ਹਿੰਦੀ ਰਾਜ ਬਣਾਓ, ਨਿਰੋਲ ਛਾਣ ਪੁਣ ਕੇ ਹਿੰਦੂ ਰਾਜ ਨਾ ਬਣਾਓ, ਉਹ ਤੁਹਾਡਾ ਹੈ ਜੋ ਸੰਭਾਲ ਸਕੋ ਤਾਂ। ਇਹਨਾਂ ਯਤਨਾਂ ਵਿਚ ਤੁਸੀਂ ਦੇਸ਼ ਦੀ ਆਜ਼ਾਦੀ ਕਈ ਵੇਰ ਗੁਆ ਚੁੱਕੇ ਹਨ, ਹੁਣ ਹੀ ਸਬਕ ਸਿੱਖੋ।"[13]

ਭਾਈ ਵੀਰ ਸਿੰਘ ਦਾ ਸਿਆਸੀ ਦ੍ਰਿਸ਼ਟੀਕੋਣ ਇਸ ਗੱਲ ਤੇ ਕੇਂਦਰਿਤ ਹੈ ਕਿ 'ਹਿੰਦ ਦੀ ਰਾਜ' ਬਣਤਰ, ਫੈਡਰਲ ਸਟੇਟ ਵਾਲੀ ਹੋਣੀ ਚਾਹੀਦੀ ਹੈ। ਜਿਸ ਵਿਚ ਸਮੂਹ ਫ਼ਿਰਕਿਆ ਨਸਲਾਂ, ਸਭਿਆਚਾਰਾਂ ਦਾ ਵਿਸ਼ਵਾਸ ਕਾਇਮ ਰਹਿਣਾ ਚਾਹੀਦਾ ਹੈ। ਉਹ ਅਮਰੀਕਾ ਅਤੇ ਖ਼ਾਸ ਤੌਰ 'ਤੇ ਸੋਵੀਅਤ ਯੂਨੀਅਨ ਦੀ ਬਣਤਰ ਦੀ ਉਦਾਹਰਣ ਵਾਰ-ਵਾਰ ਦਿੰਦਾ ਹੈ। ਉਹ ਇਸ ਗੱਲ ਦਾ ਹਾਮੀ ਹੈ ਕਿ ਹਰੇਕ ਨਸਲ ਜਾਂ ਕੌਮ ਦਾ ਆਪੋ-ਆਪਣਾ ਆਜ਼ਾਦ ਰਾਜ ਹੋਣਾ ਚਾਹੀਦਾ ਹੈ ਪਰ ਇਹ ਰਾਜ ਸਾਂਝੀ ਸੁਤੰਤਰਤਾ ਅਤੇ ਕਿਸੇ ਕੇਂਦਰੀ ਹਕੂਮਤ ਨਾਲ ਸਾਂਝੇ ਤੌਰ 'ਤੇ ਇਕੱਠੇ ਹੋਈਏ। ਅੱਡ-ਅੱਡ ਨਸਲਾਂ ਤੇ ਅੱਡ-ਅੱਡ ਮਜ਼ਹਬਾਂ ਯਾ ਸੰਪ੍ਰਦਾਇਕ ਵਖਰੇਵਿਆਂ ਦੇ ਹੁੰਦਿਆਂ ਲੋਕ ਸਾਂਝੀ ਆਜ਼ਾਦੀ ਦੀ ਖ਼ਾਤਰ ਰਲ਼ ਬੈਠਦੇ ਹਨ। ਆਪਣੇ ਦੇਸ਼ ਨੂੰ ਸਾਂਝਾ ਸਮਝ ਬੈਠਦੇ ਹਨ ਹਿੰਦੋਸਤਾਨ ਵਿਚ ਜਿੱਥੇ ਅਨੇਕਾਂ ਨਸਲਾਂ ਤੇ ਮੱਤਾਂ ਦੇ ਲੋਕ ਹਨ ਕਿਉਂ ਨਾ ਇਹੋ ਸਹਿਮਤੀ ਆਵੇ ?

ਸੋ ਇਸ ਤਰ੍ਹਾਂ ਭਾਈ ਵੀਰ ਸਿੰਘ ਦੀ 1947 ਤੋਂ ਪਹਿਲਾਂ ਅਤੇ ਬਾਅਦ ਦੀਆਂ ਰਚਨਾਵਾਂ ਪੜ੍ਹਦਿਆਂ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਭਾਈ ਵੀਰ ਸਿੰਘ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਹਾਲਾਤਾਂ ਸੰਬੰਧੀ ਗਹਿਰੇ ਤੌਰ 'ਤੇ ਬਾਵਸਤਾ ਸਨ। ਇਸ ਤੋਂ ਵੀ ਅਗਾਂਹ ਜਾ ਕੇ ਪਰਦੇ ਪਿੱਛੇ ਚਲ ਰਹੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਨ। ਇਸ ਸਾਰੇ ਪਸ਼ਮੰਜਰ ਵਿਚ ਭਾਈ ਵੀਰ ਸਿੰਘ ਦੀ ਵਿਚਾਰਧਾਰਾ ਦਾ ਕੇਂਦਰੀ ਨੁਕਤਾ ਪੰਜਾਬ ਅਤੇ ਸਿੱਖ ਸਰੋਕਾਰਾਂ ਉੱਤੇ ਕੇਂਦਰਿਤ ਰਹਿੰਦਾ ਹੈ। ਸਾਨੂੰ ਇਸ ਗੱਲ ਬਾਰੇ ਵਿਸ਼ੇਸ਼ ਸਮਝ ਬਣਾਉਣੀ ਪਏਗੀ ਕਿ ਭਾਈ ਵੀਰ ਸਿੰਘ





ਇਕੱਲੇ ਸਿੱਖ ਸਮਾਜ ਦਾ ਬੁਲਾਰਾ ਜਾਂ ਚਿੰਤਕ ਨਹੀਂ ਸਗੋਂ ਉਹ ਸਿੱਖਾਂ ਤੇ ਪੰਜਾਬੀਆਂ ਦੇ ਕੌਮੀ ਘਰ ਵਿਚ ਚਲ ਰਹੀ ਫ਼ਿਰਕੂ ਸਿਆਸਤ ਦਾ ਹੀਜ਼-ਪਿਆਜ਼ ਕਰਦਾ ਹੈ। ਉਸ ਦੀ ਪੰਜਾਬੀਆਂ ਵਿਚੋਂ ਵੱਖਰੀਆਂ ਸੁਰਾਂ ਅਲਾਪਣ ਵਾਲੇ ਹਿੰਦੂਆਂ, ਜਿਹੜੇ ਆਪਣੇ ਆਪ ਨੂੰ ਬਹੁ-ਗਿਣਤੀ ਹਿੰਦੂ ਸਮਾਜ ਨਾਲ ਜੋੜਦੇ ਹਨ ਅਤੇ ਮੁਸਲਮਾਨਾਂ, ਉਹ ਮੁਸਲਮਾਨ ਜਿਹੜੇ ਮੁਸਲਿਮ ਲੀਗ ਦੀ ਫ਼ਿਰਕੂ ਸਿਆਸਤ ਦੇ ਹਮਾਇਤੀ ਸਨ, ਨੂੰ ਨਸੀਹਤ ਦਿੰਦਾ ਹੈ ਕਿ ਆਪਣੇ ਪੰਜਾਬ ਨੂੰ ਸਿਆਸਤ ਦਾ ਅਖਾੜਾ ਅਤੇ ਵੰਡ ਦਾ ਸ਼ਿਕਾਰ ਨਹੀਂ ਬਣਾਉਣਾ ਚਾਹੀਦਾ। ਪਰ ਬਦ-ਕਿਸਮਤੀ ਦੀ ਗੱਲ ਹੈ ਕਿ ਅਸੀਂ ਭਾਈ ਵੀਰ ਸਿੰਘ ਜੀ ਦਾ ਸਮੁੱਚ ਵਿਚ ਵਿਸ਼ਲੇਸ਼ਣ ਅਤੇ ਮੁਲਾਂਕਣ ਨਹੀਂ ਕਰ ਸਕੇ।

0-0-0

**ਹਵਾਲੇ ਤੇ ਟਿੱਪਣੀਆਂ :**


1. ਵੀਰ ਸਿੰਘ, ਭਾਈ, **ਆਵਾਜ਼ ਆਈ**, ਦਿੱਲੀ : ਭਾਈ ਵੀਰ ਸਿੰਘ ਸਾਹਿਤ ਸਦਨ, 1974
2. ਕਿਰਪਾਲ ਸਿੰਘ (ਡਾ.), **ਦੇਸ਼ ਦੀ ਵੰਡ ਦਾ ਇਤਿਹਾਸਕ ਪਿਛੋਕੜ**, ਅੰਮ੍ਰਿਤਸਰ : ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਮਿਤੀ ਹੀਣ
3. ਰਜਿੰਦਰ ਸਿੰਘ (ਗਿਆਨੀ), **1947 ਦੇ ਅੱਤਿਆਚਾਰ**, ਅੰਮ੍ਰਿਤਸਰ : ਖਾਲਸਾ ਸਮਾਚਾਰ, 2 ਜੂਨ 1950, ਪੰਨਾ 12
4. ਵੀਰ ਸਿੰਘ (ਭਾਈ), **ਬਿਖਮ ਤੇਰਾ ਹੈ ਭਾਣਾ** (ਨਿਰੀਗੁਣੀਆਰ, ਨਵੰਬਰ, 1947), ਅੰਮ੍ਰਿਤਸਰ, ਪੰਨਾ
5. ਸੇਵਾ ਸਿੰਘ (ਭਾਈ, ਐਡੀਟਰ), **ਪਾਕਿਸਤਾਨ**, ਅੰਮ੍ਰਿਤਸਰ : ਖਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ), 11 ਮਈ 1933, ਪੰਨਾ 1-2
6. ਵੀਰ ਸਿੰਘ (ਭਾਈ), **ਹਿੰਦ ਦੀ ਨਵੀਂ ਰਾਜ ਬਣਤਰ**, ਅੰਮ੍ਰਿਤਸਰ : ਖਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ), 12 ਮਾਰਚ 1942, ਪੰਨਾ 1
7. ਵੀਰ ਸਿੰਘ (ਭਾਈ), **ਸਿੱਖ ਮੰਗ ਕੀ ਹੋਵੇ ?**, ਅੰਮ੍ਰਿਤਸਰ : ਖ਼ਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ), 4 ਅਪ੍ਰੈਲ, 1946, ਪੰਨਾ 1
8. ਸੇਵਾ ਸਿੰਘ (ਭਾਈ, ਐਡੀਟਰ), **ਸਰ ਕ੍ਰਿਪਸ ਨਾਲ ਸ. ਕਿਰਪਾਲ ਸਿੰਘ ਦੀ ਮੁਲਾਕਾਤ ਤੇ ਚੀਫ਼ ਖ਼ਾਲਸਾ ਦੀਵਾਨ ਦੀਆਂ ਮੰਗਾਂ**, ਅੰਮ੍ਰਿਤਸਰ : ਖ਼ਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ), 9 ਅਪ੍ਰੈਲ 1942, ਪੰਨਾ 2
9. ਵੀਰ ਸਿੰਘ (ਭਾਈ), **ਮੈਮੋਰੰਡਮ ਚੀਫ਼ ਖ਼ਾਲਸਾ ਦੀਵਾਨ**, ਅੰਮ੍ਰਿਤਸਰ : ਖਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ) 4 ਅਪ੍ਰੈਲ, 1946, ਪੰਨਾ 2
10. ਵੀਰ ਸਿੰਘ (ਭਾਈ), **ਅਸਤ ਲਿਖਤ ਲੇਖ** (ਅਣ ਪ੍ਰਕਾਸ਼ਤ) ਦੇਹਰਾਦੂਨ : ਡਾ. ਬਲਬੀਰ ਸਿੰਘ ਸਾਹਿਤ ਕੇਂਦਰ।
11. ਵੀਰ ਸਿੰਘ (ਭਾਈ), **ਹੁਣ ਹੀ ਸਬਕ ਸਿੱਖੋ**, ਖ਼ਾਲਸਾ ਸਮਾਚਾਰ (ਸਪਤਾਹਿਕ ਅਖ਼ਬਾਰ), 11 ਮਾਰਚ, 1948, ਪੰਨਾ-2
12. ਉਹੀ, ਉਹੀ, ਪੰਨਾ 2



ਅਸਿਸਟੈਂਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ, ਦਿੱਲੀ।
ਮੋਬਾਇਲ : 98119-29614

# ਭਾਈ ਵੀਰ ਸਿੰਘ ਦੀ ਨਾਵਲਕਾਰੀ

ਡਾ. ਗੁਰਮੁਖ ਸਿੰਘ
ਡਾ. ਗੁਰਪ੍ਰੀਤ ਕੌਰ

ਭਾਈ ਵੀਰ ਸਿੰਘ ਨੂੰ ਸਮਕਾਲ ਵਿਚ ਸਮਝਣਾ ਆਸਾਨ ਨਹੀਂ ਹੈ। ਇਸ ਦੇ ਇੱਕ ਤੋਂ ਵਧੇਰੇ ਕਾਰਨ ਹਨ। ਸਭ ਤੋਂ ਪਹਿਲਾ ਕਾਰਨ ਸਮਕਾਲ ਦੀ ਸੁਹਜਾਤਮਕ/ਵਿਚਾਰਧਾਰਕ ਬਣਤਰ ਦਾ ਹੈ। ਇਹ ਬਣਤਰ ਰਚਨਾਵਾਂ ਨੂੰ ਖਾਸ ਤਰੀਕੇ ਨਾਲ ਪੜ੍ਹਨ ਦੇ ਦਿੱਖ/ਅਦਿੱਖ ਨਿਰਦੇਸ਼ ਦਿੰਦੀ ਹੈ। ਦੂਸਰਾ ਕਾਰਨ ਭਾਈ ਵੀਰ ਸਿੰਘ ਬਾਬਤ ਅਕਾਦਮਿਕ ਅਤੇ ਜਨਤਕ ਖੇਤਰ ਵਿਚ ਪ੍ਰਚਲਿਤ ਧਾਰਨਾਵਾਂ ਦੇ ਦਾਬੇ ਦਾ ਹੈ। ਅਧਿਐਨ ਕਰਤਾ ਨੂੰ ਇਸ ਨਾਲ ਜੂਝਣਾ ਪੈਂਦਾ ਹੈ। ਧਰਮ, ਸਾਹਿਤ ਅਤੇ ਡਾਇਸਪੋਰਾ ਦੇ ਵਿਦਵਾਨ ਭਾਈ ਵੀਰ ਸਿੰਘ ਨੂੰ ਆਪੋ ਆਪਣੀ ਵਿਸ਼ੇਸ਼ੱਗਤਾ ਅਤੇ ਵਿਚਾਰਧਾਰਾ ਤੋਂ ਵਿਸ਼ਲੇਸ਼ਿਤ ਕਰਦੇ ਹਨ। ਖੋਜ-ਵਿਧੀ, ਉਦੇਸ਼ ਅਤੇ ਵਿਸ਼ਲੇਸ਼ਣੀ ਵਿਧੀ ਪੱਖੋਂ ਵੱਖਰਤਾਵਾਂ ਕਾਰਨ ਵਿਰੋਧ/ਟਕਰਾ ਜਾਂ ਵੱਖਰਤਾ ਦੀ ਸਥਿਤੀ ਬਣਦੀ ਹੈ। ਇਸ ਤਰ੍ਹਾਂ ਹੋਣਾ ਭਾਈ ਵੀਰ ਸਿੰਘ ਦੀ ਲਿਖਤ ਦੇ ਵਿਸ਼ਲੇਸ਼ਣ ਵਿਚ ਆਪਣੀ ਹੀ ਤਰ੍ਹਾਂ ਦੀ ਮੁਸ਼ਕਲ ਹੈ। ਭਾਈ ਵੀਰ ਸਿੰਘ ਬਾਬਤ ਵੱਖ-ਵੱਖ ਵਿਦਵਾਨਾਂ/ਲੇਖਕਾਂ ਵੱਲੋਂ ਤੀਬਰ ਵਿਸ਼ੇਸ਼ਣੀ ਲਕਬ ਪੇਸ਼ ਕੀਤੇ ਗਏ ਹਨ। ਇਹ ਭਾਈ ਵੀਰ ਸਿੰਘ ਨੂੰ ਆਲੋਚਨਾ ਦੇ ਘੇਰੇ ਚੋਂ ਖਿਸਕਾ, ਪ੍ਰਸੰਸਾ ਜਾਂ ਅਨੁਸਾਰਤਾ ਦੇ ਘੇਰੇ ਵਿਚ ਸਥਿਤ ਕਰਨ ਦਾ ਦਾਬਾ ਬਣਾਉਂਦੇ ਹਨ। ਇਹ ਦਾਬਾ ਵੀ ਨਵੇਂ ਅਧਿਐਨ ਕਰਤਾ ਲਈ ਇਕ ਮੁਸ਼ਕਲ ਬਣਦਾ ਹੈ।

ਭਾਈ ਵੀਰ ਸਿੰਘ ਬਹੁ-ਵਿਧਾਈ ਲੇਖਕ ਹਨ। ਬਹੁ-ਵਿਧਾਈ ਦੇ ਨਾਲ-ਨਾਲ ਉਨ੍ਹਾਂ ਦੀਆਂ ਲਿਖਤਾਂ ਅੰਤਰ-ਅਨੁਸ਼ਾਸਨੀ ਵੀ ਹਨ। ਵਸਤੂ ਅਤੇ ਸੰਚਾਰ ਦੋਵਾਂ ਪੱਖੋਂ ਉਨ੍ਹਾਂ ਦੀਆਂ ਲਿਖਤਾਂ ਵਿਚ ਸਾਹਿਤ, ਧਰਮ ਅਤੇ ਇਤਿਹਾਸ ਦਾ ਸੰਯੋਜਨ ਹੈ। ਭਾਈ ਵੀਰ ਸਿੰਘ ਦੇ ਸਮਕਾਲ ਦਾ ਵਿਚਾਰਧਾਰਕ ਤਾਣਾ-ਬਾਣਾ ਵੀ ਉਨ੍ਹਾਂ ਦੀ ਲਿਖਤਾਂ ਵਿਚ ਗੂੜ੍ਹੀ ਦਖ਼ਲ-ਅੰਦਾਜ਼ੀ ਕਰਦਾ ਹੈ। ਉਨ੍ਹਾਂ ਦੁਆਰਾ ਵਿਧਾ ਵਿਸ਼ੇਸ਼ ਵਿਚ ਲਿਖੀਆਂ ਰਚਨਾਵਾਂ ਵਿਧਾ ਵਿਲੱਖਣਤਾ ਅਤੇ ਅੰਤਰ-ਅਨੁਸ਼ਾਸਨੀ ਪਹੁੰਚ ਕਾਰਨ ਕਿਸੇ ਇੱਕਹਿਰੇ ਚੌਖਟੇ ਨਾਲ ਪੜ੍ਹੀਆਂ ਨਹੀਂ ਜਾ ਸਕਦੀਆਂ। ਭਾਈ ਵੀਰ ਸਿੰਘ ਦੀਆਂ ਲਿਖਤਾਂ ਦਾ ਰੂਪ ਅਤੇ ਵਸਤੂ ਭਾਈ ਵੀਰ ਸਿੰਘ ਦੀ ਆਪਣੀ ਸਖਸ਼ੀਅਤ ਅਤੇ ਤਤਕਾਲੀ ਸਮੇਂ ਦੇ ਪ੍ਰਭਾਵ ਕਾਰਨ ਬਦਲਦਾ ਰਿਹਾ ਹੈ। ਮੁਢਲੇ ਪੜਾਅ ਦੀਆਂ ਰਚਨਾਵਾਂ ਦਾ ਸੁਹਜਤਾਮਕ, ਅਧਿਆਤਮਕ ਅਤੇ ਵਿਚਾਰਧਾਰਕ ਖਾਸਾ ਪਿਛਲੇਰੇ ਪੜਾਅ ਦੀਆਂ ਰਚਨਾਵਾਂ ਜਿਹਾ ਨਹੀਂ ਹੈ। ਵੱਖ-ਵੱਖ ਰਚਨਾਵਾਂ ਦੇ ਮੰਤਵਾਂ ਵਿਚ ਵੀ ਵੱਖਰਤਾ ਹੈ, ਕੁਝ ਰਚਨਾਵਾਂ ਸਾਧਾਰਨ ਪ੍ਰਚਾਰ ਲਈ ਹਨ, ਕੁਝ ਸੁਹਜ ਅਤੇ ਸੰਵੇਦਨਾਵਾਂ ਦੇ ਗਹਿਰੇ ਪਾਸਾਰਾਂ ਨੂੰ ਪੇਸ਼ ਕਰਦੀਆਂ ਹਨ ਅਤੇ ਕੁਝ ਹੋਰ ਅਧਿਆਤਮ ਦੇ ਗਹਿਰੇ ਰਹੱਸਾਂ ਦੀ ਬਾਤ ਪਾਉਂਦੀਆਂ ਹਨ।

ਕਿਸੇ ਇੱਕ ਵਿਧਾ ਨੂੰ ਆਧਾਰ ਬਣਾ ਕੇ ਭਾਈ ਵੀਰ ਸਿੰਘ ਦੀ ਲਿਖਤ ਅਤੇ ਸਿਰਜਣਾਤਮਕ ਸਮਰੱਥਾ ਬਾਰੇ ਕੋਈ ਅੰਤਿਮ ਟਿੱਪਣੀ ਪੇਸ਼ ਕਰਨੀ ਸੰਭਵ ਨਹੀਂ ਹੈ। ਹੱਥਲੇ ਖੋਜ-ਪੱਤਰ ਵਿਚ ਭਾਈ ਵੀਰ ਸਿੰਘ ਦੀ ਨਾਵਲਕਾਰੀ ਬਾਰੇ ਹੀ ਚਰਚਾ ਕੀਤੀ ਗਈ ਹੈ, ਇਹ ਚਰਚਾ ਭਾਈ ਵੀਰ ਸਿੰਘ ਦੀ ਸਮੁੱਚੀ ਸਾਹਿਤਕ ਪ੍ਰਤਿਭਾ ਬਾਰੇ ਕੋਈ ਵੀ ਅੰਤਿਮ ਟਿੱਪਣੀ ਦਾ ਦਾਅਵਾ ਨਹੀਂ ਕਰਦੀ ਹੈ। ਭਾਈ ਵੀਰ ਸਿੰਘ ਦੀ ਨਾਵਲਕਾਰੀ ਬਾਬਤ ਸਮਕਾਲ ਵਿਚ ਸਭ ਤੋਂ ਅਹਿਮ ਸੁਆਲ ਇਹ ਹੈ ਕਿ ਇਸ ਨੂੰ ਕਿਸ ਕਿਸਮ ਦੇ ਵਿਧਾ-ਸ਼ਾਸਤਰੀ ਪੈਮਾਨਿਆਂ ਨਾਲ ਪਰਖਿਆ ਜਾਵੇ। ਇਤਿਹਾਸਕ ਮਹੱਤਵ ਤੋਂ ਅਗਾਂਹ ਜਾ ਕੇ, ਜਿਸ ਨਾਲ ਕੁਝ ਰਿਆਇਤ ਦਿੱਤੀ ਜਾਂਦੀ ਹੈ, ਭਾਈ ਵੀਰ ਸਿੰਘ ਦੀ ਨਾਵਲਕਾਰੀ ਅੱਜ ਕੀ ਮਾਅਨੇ ਰੱਖਦੀ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦੀ ਪੁਨਰ-ਪੜ੍ਹਤ ਕਿਸ ਕਿਸਮ ਦੇ ਸੰਵਾਦ ਨੂੰ ਜਨਮ ਦੇ





ਸਕਦੀ ਹੈ, ਸਮਕਾਲ ਨੂੰ ਦੇਖਣ ਦਾ ਕੀ ਨਵਾਂ ਨਜ਼ਰੀਆ ਦੇ ਸਕਦੀ ਹੈ, ਸਮਕਾਲ ਦੀ ਨਾਵਲਕਾਰੀ ਨੂੰ ਇਹ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ ? ਇਨ੍ਹਾਂ ਨੁਕਤਿਆਂ ਅਤੇ ਸੁਆਲਾਂ ਦੇ ਮੱਦੇ-ਨਜ਼ਰ ਭਾਈ ਵੀਰ ਸਿੰਘ ਦੀ ਨਾਵਲਕਾਰੀ ਨੂੰ ਕੁਝ ਨਵੇਂ ਪਹਿਲੂਆਂ ਤੋਂ ਸਮਝਣ ਦੀ ਕੋਸ਼ਿਸ਼ ਇਸ ਖੋਜ-ਪੱਤਰ ਵਿਚ ਕੀਤੀ ਗਈ ਹੈ।

ਭਾਈ ਵੀਰ ਸਿੰਘ ਪੰਜਾਬੀ ਵਿਚ ਮੌਲਿਕ ਨਾਵਲ ਪਰੰਪਰਾ ਦੇ ਮੋਢੀ ਹਨ। ਉਨ੍ਹਾਂ ਦੁਆਰਾ ਸੰਨ 1898 ਵਿਚ ਲਿਖੇ ਨਾਵਲ 'ਸੁੰਦਰੀ'[1] ਨਾਲ ਪੰਜਾਬੀ ਨਾਵਲ ਦਾ ਆਰੰਭ ਹੁੰਦਾ ਹੈ। ਇਸ ਤੋਂ ਬਾਅਦ ਕ੍ਰਮਵਾਰ 'ਬਿਜੈ ਸਿੰਘ' (1899), 'ਸਤਵੰਤ ਕੌਰ' ਭਾਗ ਪਹਿਲਾ (1900), 'ਸਤਵੰਤ ਕੌਰ' ਭਾਗ ਦੂਜਾ (1927) ਅਤੇ 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬ ਨੌਧ ਸਿੰਘ' (1921) ਨਾਵਲ ਪ੍ਰਕਾਸ਼ਿਤ ਹੁੰਦੇ ਹਨ। ਇਹ ਗੱਲ ਧਿਆਨਯੋਗ ਹੈ ਕਿ ਉਹ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਵਿਚ ਨਾਵਲ ਉਦੋਂ ਲਿਖਦੇ ਹਨ, ਜਦੋਂ ਕੁਲੀਨ ਲੇਖਕ-ਵਰਗ ਬ੍ਰਜ ਭਾਸ਼ਾ ਵਿਚ ਲਿਖਣ ਨੂੰ ਪ੍ਰਾਥਮਿਕਤਾ ਦਿੰਦਾ ਸੀ। ਸਥਾਪਤ ਅਤੇ ਪ੍ਰਚਲਿਤ ਦੇ ਖਿਲਾਫ਼ ਜਾ ਕੇ ਪੰਜਾਬੀ ਭਾਸ਼ਾ ਨੂੰ ਚੁਣਨਾ ਭਾਈ ਵੀਰ ਸਿੰਘ ਦੀ ਖਾਸ ਦੇਣ ਹੈ।

ਭਾਈ ਵੀਰ ਸਿੰਘ ਦੀ ਨਾਵਲਕਾਰੀ ਤਬਦੀਲੀ ਦੀ ਤੇਜ਼ ਗਤੀ ਵਿਚ ਮਾਣਮੱਤੀ ਪਰੰਪਰਾ ਨੂੰ ਸੰਭਵ ਕਰਦੀ ਹੈ। ਬਸਤੀਵਾਦ ਕਾਰਨ ਉਪਜੀ ਆਧੁਨਿਕਤਾ ਪੰਜਾਬ ਦੇ ਪਰੰਪਰਕ ਸਿੱਖ ਵਿਰਸੇ ਨੂੰ ਜਾਂ ਤਾਂ ਮਨਮਰਜ਼ੀ ਦੇ ਅਰਥ ਦੇ ਰਹੀ ਸੀ, ਜਾਂ ਉਸ ਨੂੰ ਅਲੋਪ ਕਰ ਰਹੀ ਸੀ। ਭਾਈ ਵੀਰ ਸਿੰਘ ਨਵੇਂ ਸਾਹਿਤ-ਰੂਪ ਨਾਵਲ ਨੂੰ ਸਿੱਖ-ਪਰੰਪਰਾ ਦੇ ਪੁਨਰ-ਪ੍ਰਵਾਹ ਲਈ ਵਰਤਦੇ ਹਨ। ਸਿੱਖ ਪਛਾਣ ਦੇ ਬੁਲੰਦ ਮਰਹਲਿਆਂ ਨੂੰ ਤਤਕਾਲੀ ਸਮੇਂ ਦੀ ਆਧੁਨਿਕ ਵਿਧਾ 'ਨਾਵਲ' ਵਿਚ ਢਾਲਦੇ ਹਨ ਅਤੇ ਉਸ ਦੀ ਲਗਾਤਾਰਤਾ ਨੂੰ ਪੱਕਾ ਕਰਦੇ ਹਨ। ਡਾ. ਮਹਿੰਦਰ ਸਿੰਘ 'From Sikh Identity to Ultimate Reality: Literary Journey of Bhai Vir Singh' ਸਿਰਲੇਖ ਅਧੀਨ ਲਿਖੇ ਲੇਖ ਵਿਚ ਵੀ ਇਸ ਨੁਕਤੇ ਦੀ ਮਹੱਤਤਾ ਨੂੰ ਉਭਾਰਦੇ ਹਨ। ਉਹ ਲਿਖਦੇ ਹਨ, "ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਸਾਹਿਤਕ ਆਧੁਨਿਕਤਾ ਆਮ-ਪ੍ਰਚਲਿਤ ਤੋਂ ਵੱਖਰੀ ਹੈ ਕਿਉਂਕਿ ਇਹ ਅਤੀਤ ਤੋਂ ਟੁੱਟਣ ਦਾ ਨਤੀਜਾ ਨਹੀਂ ਹੈ। ਸਗੋਂ ਇਸ ਦੇ ਉਲਟ, ਵੀਰ ਸਿੰਘ ਸਿੱਖ ਅਤੀਤ ਨੂੰ ਆਪਣੀਆਂ ਲਿਖਤਾਂ ਵਿਚ ਵਰਤਦਾ ਹੈ, ਉਸ ਦੀਆਂ ਲਿਖਤਾਂ ਦੇ ਬਹੁਤੇ ਪਾਤਰ ਵਿਰਸੇ ਤੋਂ ਪ੍ਰੇਰਨਾ ਅਤੇ ਉਤਸ਼ਾਹ ਪ੍ਰਾਪਤ ਕਰਦੇ ਹਨ।"[2]

ਭਾਈ ਵੀਰ ਸਿੰਘ ਦੀ ਨਾਵਲਕਾਰੀ ਦਾ ਮੂਲ ਸਮੱਸਿਆਕਾਰ ਅਧਿਆਤਮ, ਧਰਮ ਅਤੇ ਸਭਿਆਚਾਰ ਦੀ ਆਪਸੀ ਸਾਂਝ ਅਤੇ ਨਿਖੇੜ ਦਾ ਹੈ। ਭਾਈ ਵੀਰ ਸਿੰਘ ਨੂੰ ਗੁਰਬਾਣੀ ਅਤੇ ਸਿੱਖ ਫ਼ਲਸਫ਼ੇ ਨਾਲ ਅਥਾਹ ਪ੍ਰੇਮ ਸੀ, ਇਸ ਪ੍ਰੇਮ ਪਿੱਛੇ ਵਿਵੇਕ ਅਤੇ ਸ਼ਰਧਾ ਦੋਵੇਂ ਗਤੀਸ਼ੀਲ ਨਜ਼ਰ ਆਉਂਦੇ ਹਨ। ਭਾਈ ਵੀਰ ਸਿੰਘ ਸਿੱਖ ਧਰਮ ਅਤੇ ਸਿੱਖ ਪਛਾਣ ਦੇ ਪ੍ਰਸਾਰ ਅਤੇ ਪ੍ਰਚਾਰ ਨਾਲ ਪ੍ਰਤਿਬੱਧ ਲੇਖਕ ਸਨ। ਅਲੱਗ-ਅਲੱਗ ਕਾਰਨਾਂ ਕਰਕੇ (ਈਸਾਈ ਮਿਸ਼ਨਰੀਆਂ, ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਲਹਿਰਾਂ ਦੀ ਭੂਮਿਕਾ) ਸਿੱਖ ਜੀਵਨ-ਜਾਚ ਖਤਰੇ ਵਿਚ ਸੀ ਅਤੇ ਇਸ ਨੂੰ ਬਚਾਉਣਾ ਅਤਿਅੰਤ ਜ਼ਰੂਰੀ ਸੀ। ਸਿੰਘ ਸਭਾ ਲਹਿਰ ਇਸੇ ਪ੍ਰਸੰਗ ਵਿਚ ਨਮੂਦਾਰ ਹੋਈ ਸੀ। ਸਿੱਖਾਂ ਦੇ ਸਿੱਖ ਧਰਮ ਤੋਂ ਦੂਜੇ ਧਰਮਾਂ ਵਿਚ ਜਾਣ ਦੇ ਤੱਥਗਤ ਪ੍ਰਮਾਣ ਮੌਜੂਦ ਹਨ। ਮਿਸਾਲ ਵਜੋਂ 'ਉਚ-ਕੋਟੀ ਦਾ ਸਿੱਖ ਸਰਦਾਰ ਦਿਆਲ ਸਿੰਘ ਮਜੀਠੀਆ ਵੀ ਬ੍ਰਹਮੋ ਸਮਾਜੀ ਬਣ ਗਿਆ ਸੀ ਤੇ ਉਸ ਦੀ ਸਾਰੀ ਜਾਇਦਾਦ ਬ੍ਰਹਮੋ ਸਮਾਜ ਦੇ ਪ੍ਰਚਾਰ ਲਈ ਵਕਫ਼ ਹੋ ਗਈ ਸੀ। ਮਹਾਰਾਜਾ ਦਲੀਪ ਸਿੰਘ ਦੇ ਈਸਾਈ ਬਣ ਜਾਣ ਤੋਂ ਬਾਅਦ ਈਸਾਈ ਪਾਦਰੀਆਂ ਨੇ ਸਿੱਖਾਂ ਵਿਚ ਈਸਾਈ ਮਤ ਦਾ ਪ੍ਰਚਾਰ ਖੁੱਲ੍ਹਮ ਖੁੱਲ੍ਹਾ ਸ਼ੁਰੂ ਕਰ ਦਿੱਤਾ ਸੀ। ਇੱਥੋਂ ਤੱਕ ਕਿ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਦੇ ਨਾਲ ਦੇ ਬੁੰਗਿਆਂ ਵਿਚ ਵੀ ਈਸਾਈ ਪ੍ਰਚਾਰ ਹੋਣ ਲੱਗ ਪਿਆ ਸੀ ਤੇ ਇਸ ਮਿਸ਼ਨ ਵਾਲੇ ਦਰਬਾਰ ਸਾਹਿਬ ਨੂੰ ਵੀ ਆਪਣੀ ਜਗ੍ਹਾ ਸਮਝਣ ਲੱਗ ਪਏ।'[3] ਸਿੰਘ ਸਭਾ ਲਹਿਰ ਤੋਂ ਪ੍ਰੇਰਿਤ ਭਾਈ ਵੀਰ ਸਿੰਘ, ਸਿੱਖ ਪਛਾਣ ਨੂੰ ਦਰਪੇਸ਼ ਖਤਰਿਆਂ ਦੇ ਸਮਵਿੱਥ ਸਿੱਖ-ਪਛਾਣ ਦੀ ਧਾਰਮਿਕ ਅਤੇ ਸਭਿਆਚਾਰਕ ਉਚਾਈ ਨੂੰ ਨਾਵਲਕਾਰੀ ਦਾ ਆਧਾਰ ਬਣਾਉਂਦੇ ਹਨ।

ਭਾਈ ਵੀਰ ਸਿੰਘ ਦੀ ਨਾਵਲਕਾਰੀ ਵਿਚ ਧਾਰਮਿਕ ਪਛਾਣ ਅਤੇ ਅਧਿਆਤਮ ਦੋਵੇਂ ਰਲਗੱਡ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਹੋਣਾ ਹੀ ਉਨ੍ਹਾਂ ਦੀ ਨਾਵਲਕਾਰੀ ਨੂੰ ਇਕ ਵੱਖਰੀ ਕਿਸਮ ਦੇ ਸਮੱਸਿਆਕਾਰ ਵਿਚ ਰੂਪਾਂਤਰਿਤ ਕਰਦਾ ਹੈ। ਧਾਰਮਿਕ ਪਛਾਣ, ਸਭਿਆਚਾਰ ਕੇਂਦਰਿਤ ਹੈ ਅਤੇ ਸਭਿਆਚਾਰ ਦਾ ਮੁੱਖ-ਆਧਾਰ ਦੁਵੰਡ/ਦੂਜੇ ਦੀ ਘਾੜਤ ਹੈ। ਕਿਸੇ ਸਭਿਆਚਾਰ ਵਿਸ਼ੇਸ਼ ਵਿਚ ਦੁਵੰਡ ਦਾ ਰੂਪ ਘੱਟ ਜਾਂ ਵੱਧ ਵਿਰੋਧੀ ਹੋ ਸਕਦਾ ਹੈ, ਪਰ ਦੁਵੰਡ ਨਦਾਰਦ ਕਦੇ ਨਹੀਂ ਹੁੰਦੀ। ਦੁਵੰਡ ਤੋਂ ਪਾਰ ਨਜ਼ਰ ਆਉਂਦੀ ਵੰਨ-ਸੁਵੰਨਤਾ ਅਤੇ ਤਰਲਤਾ ਵੀ ਦੁਵੰਡ ਤੋਂ ਪਾਰ ਨਹੀਂ ਹੁੰਦੀ ਹੈ। ਧਾਰਮਿਕ ਪਛਾਣ ਕਿਉਂਕਿ ਪ੍ਰਭਾਵੀ ਰੂਪ ਵਿਚ ਸਭਿਆਚਾਰ ਪਰਿਵੇਸ਼ ਵਿਚ ਘਟਦੀ ਹੈ, ਇਹ ਸੰਸਥਾਗਤ ਧਰਮ ਦੀ ਅਨੁਸਾਰੀ ਹੁੰਦੀ ਹੈ, ਇਸ ਕਾਰਨ ਇਹ ਵੀ ਦੁਵੰਡ/ਦੂਜੇ ਦੀ ਘਾੜਤ ਤੇ ਟਿਕੀ ਹੁੰਦੀ ਹੈ। ਗੌਰ ਕਰਨ ਵਾਲ਼ੀ ਗੱਲ ਇਹ ਹੈ ਕਿ ਧਾਰਮਿਕਤਾ/ਅਧਿਆਤਮ ਅਤੇ ਧਰਮ ਕੇਂਦਰਤ ਪਛਾਣ ਇੱਕ ਨਹੀਂ ਹਨ। ਧਾਰਮਿਕਤਾ/ਅਧਿਆਤਮਕ, ਦੁਵੰਡ ਅਤੇ ਦੂਜੇ ਦੇ ਤੋਂ ਅਗਾਂਹ ਜਾ ਕੇ ਸਾਕਾਰ ਹੋਣ ਦੀ ਪ੍ਰਕਿਰਿਆ ਹੈ।

ਭਾਈ ਵੀਰ ਸਿੰਘ ਦੀ ਨਾਵਲਕਾਰੀ ਵਿਚ ਧਾਰਮਿਕਤਾ ਅਤੇ ਧਾਰਮਿਕ ਪਛਾਣ ਦੋਵੇਂ ਰਲਗੱਡ ਹਨ, ਇਸੇ ਕਾਰਨ ਭਾਈ ਵੀਰ ਸਿੰਘ ਦੀ ਨਾਵਲਕਾਰੀ ਵਿਚ ਵਿਚਾਰਧਾਰਕ ਕਾਣ ਨਜ਼ਰ ਪੈਂਦੀ ਹੈ। ਇੱਕ ਪਾਸੇ ਗੁਰਬਾਣੀ ਦਾ ਫ਼ਲਸਫ਼ਾ ਹੈ ਅਤੇ ਦੂਜੇ ਪਾਸੇ ਪਛਾਣ ਵਿਸ਼ੇਸ਼ ਹੈ, ਫ਼ਲਸਫ਼ਾ ਆਤਮ ਕੇਂਦਰਤ ਪਰ ਪਛਾਣ ਸਮੂਹ ਕੇਂਦਰਤ ਹੈ। ਫ਼ਲਸਫ਼ਾ ਜਿਉਣਾ ਹੈ ਅਤੇ ਪਛਾਣ ਕੁਝ ਵਿਸ਼ੇਸ਼ ਕਦਰਾਂ ਨੂੰ ਨਿਭਾਉਣਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸੰਸਥਾਗਤ ਸਿੱਖ ਪਛਾਣ ਦੀ ਕੇਂਦਰੀਅਤਾ ਹੈ, ਇਸ ਕਾਰਨ ਸਰੂਪ ਵਿਸ਼ੇਸ਼ ਅਤੇ ਵਿਸ਼ੇਸ਼ ਜਿਉਣ ਵਿਧੀ ਤੇ ਜ਼ੋਰ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਰੂਪ ਵਿਸ਼ੇਸ਼ (ਸਿੱਖ-ਪਛਾਣ) ਅਤੇ ਵਿਸ਼ੇਸ਼ ਜਿਉਣ ਵਿਧੀ (ਸਿੱਖ ਧਰਮ ਦੇ ਸੰਸਥਾਗਤ ਵਿਧੀ-ਵਿਧਾਨ ਅਨੁਸਾਰ ਜਿਉਣਾ) ਨੂੰ ਖਤਰਾ ਅਤੇ ਸਿੱਖੀ (ਅਧਿਆਤਮ) ਨੂੰ ਖਤਰਾ, ਦੋਵੇਂ ਇੱਕ ਹੀ ਨਜ਼ਰ ਆਉਂਦੇ ਹਨ। ਸਿੱਖੀ (ਅਧਿਆਤਮ) ਪਛਾਣ ਵਿਸ਼ੇਸ਼ ਦੇ ਅਧੀਨ ਨਹੀਂ, ਸਿੱਖ ਪਛਾਣ ਵਾਲ਼ਾ ਬੰਦਾ ਲਾਜ਼ਮੀ ਨਹੀਂ ਸਿੱਖੀ ਨੂੰ ਜਿਉਂਦਾ ਵੀ ਹੋਵੇ। ਇਸ ਕਾਰਨ ਕਿਸੇ ਪਛਾਣ ਅਤੇ ਸਰੂਪ ਵਿਸ਼ੇਸ਼ ਨੂੰ ਖਤਰਾ ਸਿੱਖੀ ਨੂੰ ਖਤਰਾ ਨਹੀਂ ਮੰਨਿਆ ਜਾ ਸਕਦਾ। ਸਿੱਖੀ ਖਤਰੇ ਤੋਂ ਪਾਰ ਹੈ। ਸਿੱਖੀ ਵਿਚ ਕੋਈ ਪਰਾਇਆ ਨਹੀਂ, ਪਰ ਭਾਈ ਵੀਰ ਸਿੰਘ ਗ਼ੈਰ ਸਿੱਖਾਂ ਖਾਸਕਰ ਮੁਸਲਮਾਨ ਪਾਤਰਾਂ ਨੂੰ ਜ਼ਿਆਦਾਤਰ ਨਾਂਹ-ਮੁਖੀ ਧੁਨੀਆਂ ਸਹਿਤ ਚਿਤਰਦੇ ਹਨ। ਇਹ ਅਧਿਆਤਮ ਅਤੇ ਸਭਿਆਚਾਰਕ-ਧਾਰਮਿਕ ਪਛਾਣ ਵਿਚਲੀ ਸੂਖ਼ਮ ਪਰ ਬੇਹੱਦ ਅਹਿਮ ਰੇਖਾ ਨੂੰ ਨਦਾਰਦ ਕਰਨ ਦੀ ਵਿਚਾਰਧਾਰਕ ਕਾਣ ਹੈ।

ਏਥੇ ਮਸਲਾ ਇਹ ਨਹੀਂ ਕਿ ਸਭਿਆਚਾਰਕ ਪਛਾਣ ਮਹੱਤਵਪੂਰਨ ਨਹੀਂ ਹੈ ਜਾਂ ਸਭਿਆਚਾਰਕ ਪਛਾਣ ਦੇ ਕੇਂਦਰੀ ਕਾਰਕਾਂ ਦਾ ਪਾਲਣ-ਪੋਸਣ ਨਹੀਂ ਹੋਣਾ ਚਾਹੀਦਾ, ਬੇਸ਼ੱਕ ਹੋਣਾ ਚਾਹੀਦਾ ਹੈ। ਭਾਈ ਵੀਰ ਸਿੰਘ ਦੀ ਨਾਵਲਕਾਰੀ ਵਿਚ ਇਸ ਜ਼ਰੂਰੀ ਉਦੇਸ਼ ਦੇ ਬਿਰਤਾਂਤਕ ਪਾਸਾਰ ਮੌਜੂਦ ਹਨ। ਮਨੁੱਖ ਸਭਿਆਚਾਰਕ ਘਾੜਤ ਹੈ, ਸਭਿਆਚਾਰ ਉਸ ਦੇ ਹੋਣ-ਥੀਣ ਦਾ ਆਧਾਰ ਹੈ। ਏਥੇ ਮਸਲਾ ਇਹ ਹੈ ਕਿ ਅਧਿਆਤਮ/ਰੂਹਾਨੀਅਤ ਇੱਕ ਹੱਦ ਤੱਕ ਸਭਿਆਚਾਰ ਦੇ ਘੇਰੇ ਦੀ ਵਸਤੂ ਹੋਣ ਦੇ ਬਾਵਜੂਦ ਸਭਿਆਚਾਰ, ਖਾਸ ਕਰ ਲੌਕਿਕ-ਸਭਿਆਚਾਰ ਤੋਂ ਇਨਕਾਰੀ ਹੁੰਦੀ ਹੈ। ਅਧਿਆਤਮਕ ਅਤੇ ਇਹ ਲੌਕਿਤਤਾ ਵਿੱਚ ਗਹਿਰੀ ਕਸ਼ਮਕਸ਼ ਹੈ। ਭਾਈ ਵੀਰ ਸਿੰਘ ਜਦੋਂ ਆਪਣੇ ਨਾਵਲਾਂ ਵਿਚ ਅਧਿਆਤਮ (ਸਿੱਖੀ) ਅਤੇ ਪਛਾਣ (ਸਿੱਖ-ਪਛਾਣ) ਨੂੰ ਇਕ ਲੜੀ ਵਿਚ ਪਰੋਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਸ ਨਾਲ ਅੱਗੋਂ ਹੋਰ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਮਿਸਾਲ ਵਜੋਂ 'ਬਾਬਾ ਨੌਧ ਸਿੰਘ' ਨਾਵਲ ਵਿਚ ਹਰ ਵੱਖਰੇ/ਅਗਲੇ ਘਟਨਾਕ੍ਰਮ ਤੋਂ ਪਹਿਲਾਂ ਗੁਰਬਾਣੀ ਦੀਆਂ ਕੁਝ ਸਤਰਾਂ ਨੂੰ ਲਿਖਿਆ ਗਿਆ ਹੈ। ਗੁਰਬਾਣੀ ਨੂੰ ਨਾਵਲ ਦੇ ਪਾਤਰਾਂ ਦੇ ਇਹ ਲੌਕਿਕ ਵਰਤਾਰਿਆਂ/ਅਨੁਭਵਾਂ ਤੱਕ ਘਟਾਉਣਾ/ਢਕਾਉਣਾ ਗੁਰਬਾਣੀ ਦੇ ਅਰਥਾਂ ਨੂੰ ਸੀਮਤ ਕਰਨਾ ਹੈ।





ਅਧਿਆਤਮਕ ਅਤੇ ਧਾਰਮਿਕ ਪਛਾਣ ਦੋਵਾਂ ਦਾ ਇਕੱਠੇ ਚੱਲ ਸਕਣਾ ਆਸਾਨ ਗੱਲ ਨਹੀਂ ਹੈ। ਇੱਕ ਦਾ ਦਾਬਾ ਲਾਜ਼ਮੀ ਤੌਰ ਤੇ ਦੂਜੇ ਨੂੰ ਦਬਾ ਦਿੰਦਾ ਹੈ। ਧਾਰਮਿਕ ਪਛਾਣ ਕਿਉਂਕਿ ਸੱਭਿਆਚਾਰ ਵਿਸ਼ੇਸ਼ ਦੀ ਅਨੁਸਾਰੀ ਹੁੰਦੀ ਹੈ, ਇਸ ਕਾਰਨ ਇਹ ਕੁਝ ਕੇਂਦਰੀ ਪਛਾਣ-ਚਿੰਨਾਂ ਨੂੰ ਘੜ੍ਹਦੀ, ਉਨ੍ਹਾਂ ਨੂੰ ਧਾਰਨ ਕਰਨ ਲਈ ਗਤੀਸ਼ੀਲ ਹੁੰਦੀ ਹੈ। ਅਧਿਆਤਮ, ਪਛਾਣ ਵਿਸ਼ੇਸ਼ ਤੋਂ ਅਗਾਂਹ ਪਾਰਕਾਲੀ ਅਤੇ ਸਰਬਸਾਂਝੇ ਹੋਣ ਦੀ ਪ੍ਰਕਿਰਿਆ ਹੈ। ਇਸ ਦੇ ਕੇਂਦਰ ਵਿਚ ਪ੍ਰੇਮ, ਨਿਮਰਤਾ ਅਤੇ ਸਮਰਪਣ ਹੈ। ਸਭਿਆਚਾਰਕ ਪਛਾਣ ਵਿਚ ਇੱਕ ਖਾਸ ਤਰ੍ਹਾਂ ਦਾ ਮਾਣ ਹੈ, ਲਗਾਵ ਹੈ, ਦੂਜੇ ਨੂੰ ਅਧੀਨ ਲਿਆਉਣ ਦੀ ਚਾਹਤ ਹੈ। ਇਸ ਵਿਚ ਹਉਂ ਦਾ ਬੋਲਬਾਲਾ ਹੈ। ਬੇਸ਼ੱਕ ਧਾਰਮਿਕ ਪਛਾਣ ਅਤੇ ਅਧਿਆਤਮ ਇਕ ਦੂਜੇ ਸੰਗ ਚੱਲ ਸਕਦੇ ਸਨ, ਅਧਿਆਤਮ, ਸਭਿਆਚਾਰਕ ਪਛਾਣ ਨੂੰ ਉਚੇਰਾ ਰੂਪ ਪ੍ਰਦਾਨ ਕਰਨ ਵਿਚ ਸਹਾਈ ਹੋ ਸਕਦਾ ਹੈ। ਪਰ ਇਸ ਤਰ੍ਹਾਂ ਹੋਣਾ ਆਸਾਨ ਨਹੀਂ, ਇਸ ਵਿਚ ਖਤਰਾ ਅਤੇ ਤਿਲਕ ਜਾਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਪੂਰਬ ਦੇ ਇਤਿਹਾਸ ਵਿਚ ਅਧਿਆਤਮ ਅਤੇ ਸਿੱਖ ਸਭਿਆਚਾਰਕ ਪਛਾਣ ਦੀ ਸਹਿ-ਹੋਂਦ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੰਭਵ ਕਰ ਕੇ ਦਿਖਾਉਂਦੇ ਹਨ।

ਦਸਮ-ਪਾਤਸ਼ਾਹ ਜੋ ਕਰਦੇ ਹਨ, ਉਹ ਧਾਰਮਿਕਤਾ/ਅਧਿਆਤਮ ਨੂੰ ਸਭਿਆਚਾਰ ਵਿਚ ਪ੍ਰਵੇਸ਼ ਅਤੇ ਲਾਗੂ ਕਰਵਾਉਣ ਦਾ ਕਰਮ ਹੈ। ਇਹ ਸਭਿਆਚਾਰ ਨੂੰ ਧਾਰਮਿਕਤਾ ਦੇ ਅਧੀਨ ਲਿਆਉਣ ਦੀ ਇਨਕਲਾਬੀ ਗਤੀਵਿਧੀ ਹੈ। ਇਹ ਸਭਿਆਚਾਰ ਦੀ ਹਸਤੀ ਨੂੰ ਮੁੱਢੋਂ-ਸੁੱਢੋਂ ਰੂਪਾਂਤਰਿਤ ਕਰਨ ਦਾ ਮਰਹਲਾ ਹੈ। ਇਹ ਬਹੁਤ ਬਿਖਮ ਕਾਰਜ ਹੈ, ਦਸਮ-ਪਾਤਸ਼ਾਹ ਇਸ ਨੂੰ ਸੰਭਵ ਕਰਦੇ ਹਨ। ਸਮਾਂ ਪਾ ਕੇ ਸਿੱਖਾਂ ਲਈ ਧਾਰਮਿਕਤਾ, ਸਭਿਆਚਾਰਕ ਸਥਲ ਦੇ ਅਧੀਨ ਹੋ ਗਈ ਹੈ। ਸਿੱਖ-ਪਛਾਣ, ਸਿੱਖ-ਧਾਰਮਿਕਤਾ ਦੇ ਸਰੋਤ ਗੁਰੂ ਗ੍ਰੰਥ ਸਾਹਿਬ ਰਾਹੀਂ ਨਹੀਂ ਸਗੋਂ ਸੰਸਥਾਗਤ ਧਰਮ ਦੀਆਂ ਰਾਜਸੀ/ਸਭਿਆਚਾਰਕ ਘਾੜਤਾਂ ਰਾਹੀਂ ਤੈਅ ਹੋਣ ਲੱਗੀ ਹੈ। ਇਹੀ ਭਾਈ ਵੀਰ ਸਿੰਘ ਦੀ ਨਾਵਲਕਾਰੀ ਵਿਚ ਵਾਪਰਦਾ ਹੈ।

ਸਮਝਣ ਵਾਲ਼ੀ ਗੱਲ ਇਹ ਹੈ ਕਿ ਸਿੱਖੀ ਨੂੰ ਕੋਈ ਖਤਰਾ ਨਹੀਂ ਹੋ ਸਕਦਾ, ਸਿੱਖ ਪਛਾਣ ਨੂੰ ਜ਼ਰੂਰ ਖਤਰਾ ਹੋ ਸਕਦਾ। ਸਿੱਖ-ਪਛਾਣ ਨੂੰ ਖਤਰਾ ਗੰਭੀਰ ਮਸਲਾ ਹੈ ਪਰ ਇਸ ਦੀ ਗੰਭੀਰਤਾ ਦੇ ਬਾਵਜੂਦ ਸਿੱਖੀ ਅਤੇ ਸਿੱਖ ਪਛਾਣ ਦੋਵਾਂ ਨੂੰ ਇੱਕ ਕਰ ਮੰਨਣਾ ਠੀਕ ਨਹੀਂ ਜਾਪਦਾ ਹੈ। ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿਚ ਸਿੱਖ-ਪਛਾਣ ਦੇ ਖਤਰੇ ਨੂੰ ਨਜਿੱਠਣਾ ਚਾਹੁੰਦੇ ਹਨ। ਇਸ ਲਈ ਉਹ ਸਭਿਆਚਾਰਕ ਭੋਇੰ ਦੇ ਪਰਿਵੇਸ਼ ਵਿਚ ਕਥਾ ਨੂੰ ਉਲੀਕਦੇ ਹਨ। ਸਭਿਆਚਾਰਕ ਭੋਇੰ ਵਿਚ ਦੁਵੰਡ ਹੈ ਕਿਉਂਕਿ ਸਵੈ ਦੀ ਪਛਾਣ ਵਿਸ਼ੇਸ਼ ਹੈ। ਇਸੇ ਕਾਰਨ ਸਿੱਖ ਬਨਾਮ ਮੁਗਲ ਜਾਂ ਹੋਰ ਪਛਾਣਾਂ ਹਨ। ਇਸ ਤਰ੍ਹਾਂ ਹੋਣ ਕਾਰਨ ਹੀ ਸੰਤ ਸਿੰਘ ਸੇਖੋਂ ਭਾਈ ਵੀਰ ਸਿੰਘ ਦੀ ਨਾਵਲਕਾਰੀ ਦਾ ਮਨੋਰਥ 'ਸੰਪਰਦਾਇਕ ਧਾਰਮਿਕ' ਮੰਨਦੇ ਹਨ।[4] ਅਸਲ ਵਿਚ ਭਾਈ ਵੀਰ ਸਿੰਘ ਦੀ ਨਾਵਲਕਾਰੀ ਧਾਰਮਿਕਤਾ ਅਤੇ ਸਿੱਖ ਸਭਿਆਚਾਰਕ ਪਛਾਣ ਦੇ ਵਿਚ-ਵਿਚਕਾਰ ਡੋਲਦੀ ਹੈ। ਇਸੇ ਵਿਚ ਹੀ ਇਸ ਦੀ ਸੀਮਾ ਅਤੇ ਸੰਭਾਵਨਾ ਹੈ, ਪ੍ਰਾਪਤੀ ਅਤੇ ਸੀਮਾ ਹੈ। ਉਹ ਸਭਿਆਚਾਰਕ ਸਥਾਲ 'ਤੇ ਅਧਿਆਤਮ/ਧਾਰਮਿਕਤਾ ਦੇ ਹੋਣ-ਥੀਣ ਨੂੰ ਸੰਭਵ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਹ ਨਾਵਲਕਾਰੀ ਦੇ ਖੇਤਰ ਵਿਚ ਬਹੁਤ ਖਾਸ ਗੱਲ ਸੀ ਅਤੇ ਹੈ। ਪਰ ਇਸ ਕੋਸ਼ਿਸ਼ ਦੇ ਅੰਦਰ ਹੀ ਇਸ ਦੇ ਨੇਪਰੇ ਨਾ ਚੜ੍ਹ ਸਕਣ ਦੇ ਬੀਜ ਪਏ ਹਨ। ਇਸ ਕਾਰਨ ਇਹ ਆਦਰਸ਼ਕ ਟੀਚੇ ਨੂੰ ਪ੍ਰਾਪਤ ਕਰਨ ਤੋਂ ਖੁੰਝ ਜਾਂਦੀ ਹੈ।

ਭਾਈ ਵੀਰ ਸਿੰਘ ਦੀ ਨਾਵਲਕਾਰੀ ਦੇ ਉਪਰੋਕਤ ਸਮੱਸਿਆਕਾਰ ਦੇ ਬਾਵਜੂਦ ਇਸ ਕਿਸਮ ਦੀ ਨਾਵਲਕਾਰੀ ਦੀ ਅਹਿਮੀਅਤ ਬਹੁਤ ਸੀ ਅਤੇ ਹੁਣ ਵੀ ਹੈ। ਇਸ ਵਿਚ ਰੋਮਾਂਸ, ਮਿੱਥ ਅਤੇ ਧਾਰਮਿਕ ਉਚਤਾ ਦਾ ਮਿਸ਼ਰਨ ਸੀ। ਇਸ ਵਿਚ ਰੋਜ਼ਮਰਾ ਦੇ ਯਥਾਰਥ ਤੋਂ ਪਾਰ ਬੰਦੇ ਦੀ ਆਸਥਾ, ਅਕੀਦੇ ਅਤੇ ਅਲੋਕਾਰਤਾ ਦੇ ਬਿਰਤਾਂਤ ਸਨ। ਇਹ ਧਰਮ ਅਤੇ ਸਭਿਆਚਾਰ ਦਾ, ਨੈਤਿਕਤਾ ਅਤੇ ਜੀਵਨ ਦਾ ਰੌਚਿਕ ਸੰਯੋਗ ਸੀ। ਇਸ ਕਿਸਮ ਦੀ ਨਾਵਲਕਾਰ ਗਾਹੇ-ਬਗਾਹੇ ਮੌਜੂਦ ਤਾਂ ਰਹੀ, ਪਰ ਮੁੱਖ-ਧਾਰਾ ਜਾਂ ਮੁੱਖ-ਧਾਰਾ ਦਾ ਹਿੱਸਾ ਨਹੀਂ ਬਣ ਸਕੀ। ਸਿੱਖ ਵਿਰਸਾ ਅਤੇ ਇਤਿਹਾਸ ਨਾਵਲਕਾਰੀ ਵਿਚ ਆਉਣ ਤੋਂ ਰੁਕ ਜਾਂਦਾ ਹੈ, ਇਸ ਦੇ ਨਾਲ ਹੀ ਪੰਜਾਬੀ ਨਾਵਲ ਵਿੱਚੋਂ ਰੂਹਾਨੀਅਤ ਵੀ ਨਦਾਰਦ

ਹੋ ਗਈ ਹੈ। ਸਿੱਖ ਇਤਿਹਾਸ ਨਾਲ ਸਬੰਧਿਤ ਕੁਝ ਰਚਨਾਵਾਂ ਬੇਸ਼ੱਕ ਸਾਹਮਣੇ ਆਉਂਦੀਆਂ ਹਨ, ਪਰ ਉਹ ਵੀ ਉਂਗਲਾਂ ਤੇ ਗਿਣਨ ਜੋਗੀਆਂ ਹਨ। ਕਰਨਲ ਨਰਿੰਦਰਪਾਲ ਸਿੰਘ, ਕਰਤਾਰ ਸਿੰਘ ਦੁੱਗਲ ਦੁਆਰਾ ਰਚਿਤ ਨਾਵਲ ਇਸ ਪ੍ਰਸੰਗ ਵਿਚ ਵਿਸ਼ੇਸ਼ ਰੂਪ ਵਿਚ ਦੇਖੇ ਜਾ ਸਕਦੇ ਹਨ। ਇਹ ਵੀ ਪੰਜਾਬੀ ਸਾਹਿਤਕ ਸੰਸਾਰ ਵਿਚ ਕੁਝ ਇੱਕ ਵਾਰ ਚਰਚਾ ਵਿਚ ਆਉਣ ਤੋਂ ਬਾਅਦ ਪਰਦੇ ਪਿੱਛੇ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਕਿਉਂ ਹੋਇਆ ਇਹ ਮਹਿਜ਼ ਰੂਪ-ਵਿਧਾਈ ਮਸਲਾ ਨਹੀਂ, ਵਿਚਾਰਧਾਰਕ ਮਸਲਾ ਵੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਨਾਵਲ ਨੂੰ ਰੂਹਾਨੀਅਤ ਨਾਲ ਮੁੜ ਤੋਂ ਜੋੜਨ ਵਾਲੇ ਸਮਰੱਥ ਨਾਵਲਕਾਰ ਜਸਬੀਰ ਮੰਡ ਦਾ ਕਥਨ ਮਾਅਨੇਖੇਜ਼ ਹੈ :

> ਪੰਜਾਬੀ ਸੁਭਾਅ ਦੇ ਗਹਿਰੇਪਣ ਨੂੰ ਸਮਝਣ ਲਈ ਸਾਨੂੰ ਰੂਹਾਨੀਅਤ ਦਾ ਸਹਾਰਾ ਲੈਣਾ ਹੀ ਪਵੇਗਾ। ਪਰ ਪਿਛਲੀ ਪੌਣੀ ਸਦੀ ਤੋਂ ਪੰਜਾਬੀ ਵਾਰਤਕ ਤੇ ਖਾਸ ਕਰ ਪੰਜਾਬੀ ਨਾਵਲ ਨੇ ਰੂਹਾਨੀਅਤ ਤੋਂ ਪਾਸਾ ਵੱਟ ਲਿਆ ਹੈ। ਉਹ ਰੂਹਾਨੀਅਤ ਤੋਂ ਇਵੇਂ ਵੱਖ ਹੋਏ ਜਿਵੇਂ ਇਹ ਕੋਈ ਬੀਤ ਚੁੱਕੇ ਦਾ ਬਿਰਤਾਂਤ ਹੋਵੇ। ਉਨ੍ਹਾਂ ਇਹਦੇ ਬਾਰੇ ਜੇ ਕੋਈ ਗੱਲ ਕੀਤੀ ਵੀ ਤਾਂ ਇਸ ਤਰ੍ਹਾਂ ਕੀਤੀ, ਜਿਸ ਵਿਚ ਇਸ ਨੂੰ ਰੱਦ ਕਰਨ ਦੀ ਦਲੀਲ ਹੀ ਜ਼ਿਆਦਾ ਸੀ। ਉਹ ਇਹਦੇ ਬਾਰੇ ਨਹੀਂ, ਇਹਦੇ ਖਤਰਿਆਂ ਬਾਰੇ ਜ਼ਿਆਦਾ ਬੋਲੇ। ਇਸ ਦੇ ਨਾਲ ਆਮ ਪੰਜਾਬੀ ਪਾਠਕ ਵੀ ਗਹਿਰੀਆਂ ਰਮਜ਼ਾਂ ਤੋਂ ਪਹਿਲਾਂ ਹੀ ਰੁਕਣ ਲੱਗਾ। [5]

ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਥਾਂ ਨਹੀਂ ਮਿਲੀ, ਇਸ ਦਾ ਇੱਕ ਪਾਸਾ ਖੱਬੇ-ਪੱਖੀ ਵਿਚਾਰਧਾਰਾ ਦੀ ਗ਼ਾਲਬੀਅਤ ਨਾਲ ਜੁੜਿਆ ਹੋਇਆ ਅਤੇ ਦੂਜਾ ਪਾਸਾ ਪ੍ਰਚਾਰੀ ਪ੍ਰਸਾਰੀ ਗਈ ਨਾਵਲ ਦੀ ਰੂਪ-ਵਿਧਾਈ ਮਖ਼ਸੂਸੀਅਤ ਨਾਲ। ਖੱਬੇ-ਪੱਖੀ ਵਿਚਾਰਧਾਰਾ ਕਾਰਨ ਧਰਮ ਕੇਂਦਰਿਤ ਰਚਨਾਵਾਂ ਜਾਂ ਧਰਮ ਕੇਂਦਰਿਤ ਆਸਥਾ/ਆਦਰਸ਼ ਨਾਲ ਜੁੜੀਆਂ ਰਚਨਾਵਾਂ ਬੇਧਿਆਨੀ ਦਾ ਸ਼ਿਕਾਰ ਹੋਈਆਂ ਜਾਂ ਉਨ੍ਹਾਂ ਦਾ ਅਧਿਐਨ ਪ੍ਰਗਤੀਵਾਦੀ/ਮਾਰਕਸਵਾਦੀ ਨਜ਼ਰੀਏ ਤੋਂ ਕੀਤਾ ਗਿਆ ਹੈ। ਇਸ ਤਰ੍ਹਾਂ ਹੋਣ ਕਾਰਨ ਇਸ ਤਰ੍ਹਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਚਿੰਤਨ ਵਿਚ ਲੋੜੀਂਦੀ ਥਾਂ ਨਹੀਂ ਮਿਲੀ। ਪ੍ਰਗਤੀਵਾਦੀ/ਮਾਰਕਸਵਾਦੀ ਨਜ਼ਰੀਏ ਦੀ ਆਪਣੀ ਅਹਿਮੀਅਤ ਹੈ, ਪਰ ਇਹ ਨਜ਼ਰੀਆ ਹਰੇਕ ਪਾਠ ਨਾਲ ਇਨਸਾਫ਼ ਕਰ ਸਕੇ, ਇਹ ਜ਼ਰੂਰੀ ਨਹੀਂ ਹੈ। ਇਸ ਨਜ਼ਰੀਏ ਨੇ ਭਾਈ ਵੀਰ ਸਿੰਘ ਦੀ ਨਾਵਲਕਾਰੀ ਨਾਲ ਇਨਸਾਫ਼ ਨਹੀਂ ਕੀਤਾ ਹੈ। ਮਿਸਾਲ ਵਜੋਂ ਸੰਤ ਸਿੰਘ ਸੇਖੋਂ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਇਤਿਹਾਸਕ ਰੁਮਾਂਸ ਦੀ ਸੰਘਿਆ ਤੱਕ ਸੁੰਗੇੜ ਦਿੰਦੇ ਹਨ ਜਾਂ ਉਹ ਭਾਈ ਵੀਰ ਸਿੰਘ ਸਾਹਿਤ ਨੂੰ 'ਸੰਪਰਦਾਇਕ ਸਾਹਿਤ' ਤੱਕ ਘਟਾ ਦਿੰਦੇ ਹਨ। ਉਹ ਭਾਈ ਵੀਰ ਸਿੰਘ ਦੀ ਰਚਨਾ ਨੂੰ ਇੱਕ ਸੀਮਤ ਉਦੇਸ਼ ਤੱਕ ਸੀਮਤ ਕਰ ਦਿੰਦੇ ਹਨ :

> ਭਾਈ ਵੀਰ ਸਿੰਘ ਦਾ ਮਨੋਰਥ ਸਿੱਖ ਸੰਪਰਦਾਇ ਦੇ ਪੁਰਾਤਨ ਇਤਿਹਾਸ ਨੂੰ ਸੁਰਜੀਤ ਕਰਕੇ ਸਿੱਖਾਂ ਦੇ ਸਾਹਮਣੇ ਲਿਆਉਣਾ ਸੀ, ਜਿਸ ਨਾਲ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਤੇ ਸਿੱਖਾਂ ਨੂੰ ਆਪਣੇ ਅਸੂਲ ਪਿਆਰੇ ਲੱਗਣ। ਇਹਨਾਂ ਨਾਵਲਾਂ ਦਾ ਮੁੱਖ ਨਾਇਕ ਅਸਲ ਵਿਚ ਸਮੁੱਚਾ ਸਿੱਖ ਪੰਥ ਹੈ। ਸਿੱਖ ਵਿਸ਼ੇਸ਼ ਪਾਤਰਾਂ ਦੇ ਸੁਭਾਵਾਂ ਵਿਚ ਭਾਈ ਵੀਰ ਸਿੰਘ ਨੇ ਕੋਈ ਵਿਅਕਤੀਗਤ ਗੁਣ ਅੰਕਿਤ ਨਹੀਂ ਕੀਤੇ। ਸੁੰਦਰੀ, ਸ਼ੀਲ ਕੌਰ ਤੇ ਸਤਵੰਤ ਕੌਰ ਦੇ ਗੁਣ ਲੱਛਣ ਇੰਨ ਬਿੰਨ ਇੱਕੋ ਜਿਹੇ ਹਨ। ਫ਼ਰਕ ਕੇਵਲ ਉਨ੍ਹਾਂ ਨਾਲ ਵਾਪਰ ਰਹੀਆਂ ਘਟਨਾਵਾਂ ਵਿਚ ਹੈ। [6]

ਸੰਤ ਸਿੰਘ ਸੇਖੋਂ ਦੀਆਂ ਭਾਈ ਵੀਰ ਸਿੰਘ ਦੇ ਨਾਵਲਾਂ ਬਾਬਤ ਉਪਰੋਕਤ ਧਾਰਨਾਵਾਂ ਸਪਸ਼ਟ ਸੰਕੇਤ ਹਨ ਕਿ ਉਨ੍ਹਾਂ ਦਾ ਭਾਈ ਵੀਰ ਸਿੰਘ ਦੀ ਨਾਵਲਕਾਰੀ ਨੂੰ ਸਮਝਣ ਦਾ ਚੌਖਟਾ ਸਾਧਾਰਨ ਹੈ, ਉਹ ਇਸ ਨੂੰ ਧਰਮ, ਆਸਥਾ, ਸਿੱਖ-ਪਛਾਣ, ਕੁਰਬਾਨੀ, ਮੁਹੱਬਤ ਅਤੇ ਅਧਿਆਤਮ ਦੇ ਵਡੇਰੇ ਪ੍ਰਸੰਗ ਵਿਚ ਰੱਖ ਕੇ ਨਹੀਂ ਦੇਖਦੇ।





ਉਨ੍ਹਾਂ ਦਾ ਅਧਿਐਨ ਵਿਚਾਰਧਾਰਕ ਅਤੇ ਰੂਪ-ਵਿਧਾਈ ਤਾਂ ਹੈ, ਫ਼ਲਸਫ਼ਾਨਾ ਬਿਲਕੁਲ ਨਹੀਂ। ਭਾਈ ਵੀਰ ਸਿੰਘ ਦੀ ਨਾਵਲਕਾਰੀ ਦੇ ਦਾਰਸ਼ਨਿਕ, ਅਧਿਆਤਮਕ ਅਤੇ ਧਰਮ ਅਨੁਸਾਰੀ ਵਰਵੇ ਸੰਤ ਸਿੰਘ ਸੇਖੋਂ ਦੇ ਚੌਖਟੇ ਲਈ ਕੋਈ ਮਹੱਤਤਾ ਨਹੀਂ ਰੱਖਦੇ।

ਡਾ. ਜੋਗਿੰਦਰ ਸਿੰਘ ਰਾਹੀ ਨਾਵਲ ਨੂੰ ਰੂਪ-ਵਿਧਾ ਪੱਖੋਂ ਯਥਾਰਥ ਨੂੰ ਵੱਧ ਸਮਰੱਥਾ ਨਾਲ ਪੇਸ਼ ਕਰਨ ਵਾਲ਼ਾ ਸਾਹਿਤ ਰੂਪ ਆਖਦੇ ਹਨ। ਉਨ੍ਹਾਂ ਦਾ ਕਥਨ ਹੈ, ਵਿਧਾ ਦੇ ਜ਼ਾਵੀਏ ਤੋਂ ਨਾਵਲ ਇੱਕ ਲੰਮੀ ਗਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤਰਣ ਨਾਲ ਸਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਵਾਸਤਵਿਕ ਹਵਾਲਿਆਂ ਦੀ ਕੰਗਰੋੜ ਕਰਕੇ ਯਥਾਰਥਕ ਹੋਣ ਦਾ ਜੋ ਪ੍ਰਭਾਵ ਨਾਵਲ ਤੋਂ ਮਿਲਦਾ ਹੈ, ਸਾਹਿਤ ਦੇ ਕਿਸੇ ਹੋਰ ਰੂਪ ਤੋਂ ਨਹੀਂ ਮਿਲਦਾ। ਸੁਭਾਵਕ ਹੀ ਹੁਣ ਤੱਕ ਉਪਜੇ ਸਾਹਿਤ ਰੂਪਾਂ ਵਿੱਚੋਂ ਨਾਵਲ ਨੂੰ ਸਭ ਤੋਂ ਵੱਧ ਯਥਾਰਥਕ ਰੂਪ ਮੰਨਿਆ ਗਿਆ ਹੈ। ਵਸਤੂ-ਜੀਵਨ ਦੀ ਵਾਸਤਵਿਕਤਾ ਨਾਲ ਨੇੜੇ ਦਾ ਨਾਤਾ, ਇਸ ਦੀ ਹੋਂਦ ਦਾ ਮੂਲ ਸੂਤਰ ਹੈ। [7]

ਉਹ ਨਾਵਲ ਅਤੇ ਰੁਮਾਂਸ ਦੇ ਸਬੰਧ ਬਾਬਤ ਧਾਰਨਾ ਦਿੰਦੇ ਲਿਖਦੇ ਹਨ, ਰੁਮਾਂਸਾਂ ਵਾਂਗ ਨਾਵਲ ਵਿਚ ਵੀ ਪਾਤਰਾਂ ਨੂੰ ਅਸਲ ਨਾਲੋਂ ਵਡੇਰੇ ਵਿਖਾਉਣ ਦੀ ਆਗਿਆ ਹੈ, ਪਰ ਇਸ ਅੰਕੁਸ਼ ਅਧੀਨ ਕਿ ਅੰਤ ਨੂੰ ਉਹ ਨਾਵਲ ਦੀ ਮਖ਼ਸੂਸ ਵਿਧਾ ਅਨੁਸਾਰ ਆਪਣੇ ਵਾਸਤਵਿਕ ਆਕਾਰ ਵਿਚ ਘਟਾਏ ਜਾਣਗੇ। ਰੁਮਾਂਸ ਵਿਚ ਸੁਪਨਿਆਂ ਦੇ ਫ਼ਿਲਾਉ ਦੀ ਰੀਤ ਅਪਣਾਈ ਜਾਂਦੀ ਹੈ ਤੇ ਨਾਵਲ ਵਿਚ ਵਿਫ਼ੁਲਾਉ ਦੀ। ਸੁਪਨਿਆਂ ਦੇ ਰੰਗ-ਬਰੰਗੇ ਗੁਬਾਰੇ ਕਲਪਨਾ ਦੇ ਆਕਾਸ਼ੀ ਬੇਸ਼ੱਕ ਨਾਵਲ ਵਿਚ ਵੀ ਉਡਾਏ ਜਾਣਗੇ, ਪਰ ਅੰਤ ਨੂੰ ਵਾਤਾਵਰਣ ਦੀ ਰਗੜ ਨਾਲ ਫ਼ਟਦੇ ਤੇ ਧਰਤੀ 'ਤੇ ਡਿਗਦੇ ਤੇ ਕਈ ਵਾਰ ਚੀਥੜਿਆਂ ਦੀ ਸ਼ਕਲ ਵਿਚ ਡਿਗਦੇ ਵਿਖਾਉਣਾ ਨਾਵਲ ਦੀ ਸ਼ਰਤ ਹੈ। [8]

ਨਾਵਲ ਬਾਬਤ ਉਪਰੋਕਤ ਸਿਧਾਂਤਕਾਰੀ ਪੰਜਾਬੀ ਨਾਵਲ ਨੂੰ ਸਮਝਣ ਅਤੇ ਵਿਸ਼ਲੇਸ਼ਿਤ ਕਰਨ ਦਾ ਆਧਾਰ ਰਹੀ ਹੈ। ਨਾਵਲ ਨੂੰ ਯਥਾਰਥ ਅਤੇ ਇਹ ਲੌਕਿਕ ਵੇਰਵਿਆਂ/ਘਟਨਾਵਾਂ ਦੀ ਪੇਸ਼ਕਾਰੀ ਤੱਕ ਮਹਿਦੂਦ ਕਰਨਾ, ਨਾਵਲ ਦੇ ਉਨ੍ਹਾਂ ਪਾਠਾਂ ਨੂੰ ਹਾਸ਼ੀਏ ਤੱ ਧੱਕਣਾ ਹੈ ਜਿਹੜਾ ਇਸ ਪੈਮਾਨੇ ਤੇ ਖਰੇ ਨਹੀਂ ਉਤਰਦੇ। ਇਸ ਤਰ੍ਹਾਂ ਹੋਣ ਕਾਰਨ ਹੀ ਭਾਈ ਵੀਰ ਸਿੰਘ ਦੀ ਰੁਮਾਂਸ, ਧਰਮ ਅਤੇ ਮਿੱਥ ਕੇਂਦਰਤ ਨਾਵਲਕਾਰੀ ਹਾਸ਼ੀਏ ਤੇ ਚਲੀ ਜਾਂਦੀ ਹੈ। ਨਾ ਕੇਵਲ ਹਾਸ਼ੀਏ ਤੇ ਜਾਂਦੀ ਹੈ, ਸਗੋਂ ਇਸ ਕਿਸਮ ਦੀ ਨਾਵਲੀ ਪਰੰਪਰਾ ਦਾ ਵਿਕਾਸ ਵੀ ਰੁਕ ਜਾਂਦਾ ਹੈ। ਪੰਜਾਬੀ ਸਾਹਿਤਕ ਸੰਸਾਰ ਦਾ ਗਾਲਿਬ ਵਿਚਾਰਧਾਰਕ ਖਾਸਾ ਉਂਝ ਹੀ ਧਰਮ ਕੇਂਦਰਿਤ ਰਚਨਾਵਾਂ ਪ੍ਰਤਿ ਉਦਾਸੀਨ ਹੈ, ਇਸ ਵਿਚ ਨਾਵਲ ਦੀ ਉਪਰੋਤਕ ਸਿਧਾਂਤਕ ਸਮਝ ਹੋਰ ਮਾਰੂ ਅਸਰ ਕਰਦੀ ਹੈ। ਇਸ ਕਾਰਨ ਆਧੁਨਿਕ ਪੰਜਾਬੀ ਨਾਵਲ ਵਿਚ ਸਿੱਖ ਵਿਰਸੇ ਦੀ ਪੇਸ਼ਕਾਰੀ ਜੇ ਮੂਲੋਂ ਹੀ ਖਤਮ ਨਹੀਂ ਹੋਈ ਤਾਂ ਉਹ ਸੁੰਗੜ ਜ਼ਰੂਰ ਗਈ ਹੈ। ਇੱਕ ਖਾਸ ਸ਼ੈਲੀ ਦਾ ਹੀ ਵਿਕਾਸ ਨਹੀਂ ਰੁਕਿਆ, ਉਸ ਸ਼ੈਲੀ ਵਿਚ ਪੇਸ਼ ਹੋਣ ਵਾਲਾ ਜੀਵਨ ਵੀ ਰੁਕ ਗਿਆ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਦਾ ਇੱਕ ਹੋਰ ਅਹਿਮ ਸਮੱਸਿਆਕਾਰ ਔਰਤ ਦੀ ਪੇਸ਼ਕਾਰੀ ਨਾਲ ਸਬੰਧਿਤ ਹੈ। ਉਨ੍ਹਾਂ ਦੇ ਨਾਵਲਾਂ ਦੀਆਂ ਨਾਰੀ ਪਾਤਰਾਂ ਸੁੰਦਰੀ, ਸਤਵੰਤ ਕੌਰ, ਸ਼ੀਲ ਕੌਰ ਤੇ ਸੁਭਾਗ ਕੌਰ ਦੀ ਚਰਿੱਤਰ-ਘਾੜਤ ਸੁਆਲਾਂ ਦੇ ਘੇਰੇ ਵਿਚ ਰਹੀ ਹੈ। ਇਨ੍ਹਾਂ ਪਾਤਰਾਂ ਬਾਬਤ ਚਿੰਤਕਾਂ ਦੀਆਂ ਦੋ ਕਿਸਮ ਦੀਆਂ ਧਾਰਨਾਵਾਂ ਪ੍ਰਾਪਤ ਹਨ। ਪਹਿਲੀ ਕਿਸਮ ਦੀਆਂ ਧਾਰਨਾਵਾਂ ਦਾ ਕੇਂਦਰੀ ਵਿਚਾਰ ਇਹ ਹੈ ਕਿ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਔਰਤ ਨੂੰ ਨਾਇਕ ਦੇ ਰੂਪ ਵਿਚ ਚਿਤਰਦਿਆਂ ਉਸ ਨੂੰ ਨਵੀਂ ਬੁਲੰਦੀ ਦਿੱਤੀ ਹੈ। ਇਸ ਤਰ੍ਹਾਂ ਇਹ ਸਭਿਆਚਾਰ ਅਤੇ ਇਤਿਹਾਸਕ ਦੋਵਾਂ ਪੱਖਾਂ ਤੋਂ ਅਹਿਮ ਦੇਣ ਹੈ। ਇਸ ਪ੍ਰਸੰਗ ਵਿਚ ਨਿੱਕੀ ਗੁਰਿੰਦਰ ਸਿੰਘ ਦੀ ਧਾਰਨਾ ਹੈ ਕਿ, ਭਾਈ ਵੀਰ ਸਿੰਘ ਦੀ ਨਾਇਕਾ ਸੁੰਦਰੀ ਅਤੇ ਹੋਰ ਨਾਰੀ ਨਾਇਕਾਵਾਂ ਸਿੱਖ ਔਰਤ ਲਈ ਨੈਤਿਕ ਤਾਣ, ਰੂਹਾਨੀਅਤ, ਨਾਬਰੀ ਅਤੇ ਸਿੱਖ ਮਾਨਸਿਕਤਾ ਬਾਬਤ ਡੂੰਘੀਆਂ ਅੰਤਰ-ਦ੍ਰਿਸ਼ਟੀਆਂ ਦੀਆਂ ਸਰੋਤ ਹਨ।

ਦੂਜੀ ਕਿਸਮ ਦੀਆਂ ਧਾਰਨਾਵਾਂ ਦਾ ਕੇਂਦਰੀ ਵਿਚਾਰ ਇਹ ਹੈ ਕਿ ਭਾਈ ਵੀਰ ਸਿੰਘ ਦੀ ਨਾਵਲਕਾਰੀ ਔਰਤ ਵਿਰੋਧੀ ਹੈ। ਮਿਸਾਲ ਵਜੋਂ ਪਰਵਿੰਦਰ ਧਾਰੀਵਾਲ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ 'ਸੁੰਦਰੀ' ਨਾਵਲ ਅਸਲ ਵਿਚ ਔਰਤ ਨੂੰ ਕਾਬੂ ਕਰਨ ਦੀ ਪ੍ਰਕਿਰਿਆ ਦੇ ਹਿੱਤ ਵਿਚ ਭੁਗਤਦਾ ਹੈ ' ਸੁੰਦਰੀ ਜਿਨ੍ਹਾਂ ਜਿਉਣ-ਪੈਮਾਨਿਆਂ ਨੂੰ ਜਿਉਂਦੀ ਹੈ, ਉਹ ਪੁਰਸ਼ ਦੁਆਰਾ ਸਥਾਪਿਤ ਕੀਤੇ ਹੋਏ ਹਨ, ਲਿਹਾਜ਼ਾ ਸੁੰਦਰੀ ਦਾ ਅਸਫ਼ਲ ਹੋਣਾ ਤੈਅ ਹੈ। ਧਾਰੀਵਾਲ ਲਿਖਦੇ ਹਨ ਕਿ ਸੁੰਦਰੀ ਨੂੰ ਪ੍ਰਵਾਨ ਚੜ੍ਹਨ ਲਈ ਹਰ ਹਾਲ ਆਪਣੀ ਕਾਮੁਕਤਾ ਸਮੇਤ ਤਮਾਮ ਖਾਹਿਸ਼ਾਂ ਦਾ ਤਿਆਗ ਜ਼ਰੂਰੀ ਹੁੰਦਾ ਹੈ। ਇਸ ਤਰ੍ਹਾਂ ਸੁੰਦਰੀ ਦਾ ਬਿਰਤਾਂਤ ਕੁਲੀਨ ਵਰਗ ਦੇ ਪਿਤਾ-ਪੁਰਖੀ ਆਚਾਰ-ਵਿਹਾਰ ਨੂੰ ਤਾਕਤ ਦਿੰਦਾ ਹੈ ਅਤੇ ਸਿੱਖ ਔਰਤਾਂ ਨੂੰ ਅਨੁਸ਼ਾਸਿਤ ਅਤੇ ਨਿਯੰਤਰਿਤ ਕਰਨ ਦਾ ਸੰਦ ਬਣਦਾ ਹੈ।

ਇਸ ਦੋ-ਧਿਰੀ ਵਿਚਾਰ ਲੜੀ ਦੇ ਸਮਾਨਾਂਤਰ ਅਹਿਮ ਸੁਆਲ ਔਰਤ ਦੇਹ ਦੀ 'ਪਵਿੱਤਰਤਾ' ਦਾ ਹੈ। ਭਾਈ ਵੀਰ ਸਿੰਘ ਦੇ ਚਾਰੋਂ ਨਾਵਲਾਂ ਵਿਚ ਔਰਤ ਦੇਹ ਦੀ ਪਵਿੱਤਰਤਾ (ਆਪਣੇ ਪਤੀ ਤੋਂ ਬਿਨਾ ਕਿਸੇ ਵੀ ਹੋਰ ਨਾਲ ਦੇਹਿਕ ਸੰਗ ਨਾ ਕਰਨਾ) ਨੂੰ ਕੇਂਦਰੀਅਤਾ ਪ੍ਰਾਪਤ ਹੈ। ਸਮਕਾਲੀ ਨਾਰੀਵਾਦ ਦੇ ਨੁਕਤਾ-ਨਜ਼ਰ ਤੋਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਔਰਤ ਪੇਸ਼ਕਾਰੀ ਦਾ ਸਰੂਪ, ਖਾਸ ਕਰ ਦੇਹਿਕ ਪਵਿੱਤਰਤਾ ਦਾ ਪ੍ਰਵਚਨ ਨਿਸ਼ਚੇ ਹੀ ਔਰਤ ਵਿਰੋਧੀ ਨਜ਼ਰ ਆਉਂਦਾ ਹੈ। ਪਰ ਜੇ ਨਾਰੀਵਾਦ ਦੇ ਦਬਦਬੇ ਤੋਂ ਥੋੜ੍ਹਾ ਪਾਸੇ ਹੋ ਦੇਖਿਆ ਜਾਵੇ ਤਾਂ ਦੇਹਿਕ ਪਵਿੱਤਰਤਾ ਜਾਂ ਦੂਜੇ ਸ਼ਬਦਾਂ ਵਿਚ ਦੇਹਿਕ ਜਬਤ ਖਪਤਵਾਦੀ ਜਗਤ ਵਿਚ ਇੱਕ ਆਧਾਰਭੂਤ ਕਦਰ ਅਤੇ ਪ੍ਰਤਿਰੋਧ ਵਜੋਂ ਦੇਖਿਆ ਜਾ ਸਕਦਾ ਹੈ। ਦੇਹਿਕ ਜਬਤ ਜਦੋਂ ਰੂਹਾਨੀਅਤ ਨਾਲ ਸੇਧਿਤ ਹੁੰਦਾ ਹੈ ਤਾਂ ਕਾਮਨਾ ਅਤੇ ਦੇਹਿਕ ਲੋੜ ਪਿੱਛੇ ਕਾਰਜਸ਼ੀਲ ਸ਼ਕਤੀ ਸਹਿਜ ਆਨੰਦ ਦੀ ਪ੍ਰਾਪਤੀ ਦਾ ਮਾਧਿਅਮ ਬਣਦੀ ਹੈ। ਬ੍ਰਹਮਚਰਯ ਅਧਿਆਤਮ ਦੀ ਪਰੰਪਰਾ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਇਹ ਮਨੁੱਖੀ ਕਾਮਨਾ ਦੀ ਤਾਕਤ ਨੂੰ ਰੂਪਾਂਤਰਿਤ ਕਰਨ ਦੀ ਪ੍ਰਕਿਰਿਆ ਦਾ ਲਖਾਇਕ ਹੈ।

**ਅੰਤਿਮ-ਸ਼ਬਦ**:

ਭਾਈ ਵੀਰ ਸਿੰਘ ਦੀ ਨਾਵਲਕਾਰੀ ਦੀ ਵਿਚਾਰਧਾਰਕ ਬਣਤਰ ਸਰਲ ਨਜ਼ਰ ਆਉਂਦੀ ਹੈ, ਪਰ ਅਸਲ ਵਿਚ ਇਹ ਬੇਹੱਦ ਜਟਿਲ ਹੈ। ਇਸ ਦੀ ਜਟਿਲਤਾ ਸਹਿਜੇ ਪਕੜ ਵਿਚ ਨਹੀਂ ਆਉਂਦੀ, ਇਸ ਕਾਰਨ ਅਕਸਰ ਸਰਲਤਾ ਹੀ ਅੰਤਿਮ ਬਣ ਜਾਂਦੀ ਹੈ। ਧਰਮ, ਅਧਿਆਤਮ ਅਤੇ ਸਿੱਖ-ਪਛਾਣ ਦਾ ਜਟਿਲ ਤਾਣਾ-ਬਾਣਾ ਇਸ ਨੂੰ ਵਿਚਾਰਧਾਰਕ ਪੱਖੋਂ ਗੁੰਝਲਦਾਰ ਕਰਦਾ ਹੈ। ਪੰਜਾਬੀ ਸਾਹਿਤਕ ਚੁਗਿਰਦੇ ਦੀ ਆਬੋ-ਹਵਾ ਅਤੇ ਨਾਵਲ ਦੀ ਯਥਾਰਥ ਕੇਂਦਰਿਤ ਸਿਧਾਂਤਕਾਰੀ ਇਸ ਨੂੰ ਸਮਝਣ ਵਿਚ ਮੁਸ਼ਕਲ ਬਣਦੀ ਹੈ। ਆਦਰਸ਼ ਅਤੇ ਯਥਾਰਥ ਦਾ ਜਟਿਲ ਤਾਣਾ-ਬਾਣਾ ਅਤੇ ਨਾਰੀਵਾਦ ਦਾ ਗ਼ਲਬਾ ਭਾਈ ਵੀਰ ਸਿੰਘ ਦੇ ਨਾਰੀ ਪਾਤਰਾਂ ਦੀ ਥਾਹ ਪਾਉਣ ਵਿਚ ਰੁਕਾਵਟ ਬਣਦਾ ਹੈ। ਭਾਈ ਵੀਰ ਸਿੰਘ ਦੀ ਨਾਵਲਕਾਰੀ ਨੂੰ ਸਮਝਣ ਦਾ ਰਾਹ ਇਨ੍ਹਾਂ ਮੁਸ਼ਕਲਾਂ ਵਿਚੋਂ ਗੁਜ਼ਰ ਕੇ ਹੀ ਸੰਭਵ ਹੁੰਦਾ ਹੈ। ਇਸ ਤੋਂ ਬਿਨਾ ਭਾਈ ਵੀਰ ਸਿੰਘ ਦੀ ਨਾਵਲੀ ਪ੍ਰਤਿਭਾ ਨਾਲ ਇਨਸਾਫ਼ ਸੰਭਵ ਨਹੀਂ ਹੈ।

0-0-0

ਹਵਾਲੇ


1. "It is claimed that Vir Singh's celebrated 1898 Novella, Sundari, is not only the most read literary work in Punjabi but that surpasses all other works in terms of its influence on Punjabi Society (Bal 2006)". Indeed, as of the writing of this article, the novella has gone through 49 editions. Moreover Sundari continue to live in a myriad of ways today."
   Doris R. Jakobsh, *Sundari, Then and Now,* **Sikh Formations, Volume 16**, 2020, P- 102.







2. "Literary modernity in Bhai Vir Singh's works is different from the common parlance as it doesn't result from rupture from past. On the contrary, Vir Singh uses the Sikh Past to his advantage in modern writings as most of his characters receive inspiration from the heroic deeds of their predecessors."
   Mohinder Singh. "*From Sikh Identity to Ultimate Reality: Literary Journey of Bhai Vir Singh*", **Sikh Formations**, Volume 16, 2020, P- 118.
3. ਡਾ. ਤਰਨਜੀਤ ਕੌਰ, **ਭਾਈ ਵੀਰ ਸਿੰਘ ਦਾ ਨਾਵਲ ਜਗਤ**, ਚੇਤਨਾ ਪ੍ਰਕਾਸ਼ਨ- 2011- ਪੰਨਾ 68
4. ਸੰਤ ਸਿੰਘ ਸੇਖੋਂ, **ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ 84
5. ਜਸਬੀਰ ਮੰਡ, **ਪੰਜਾਬੀ ਨਾਵਲ ਦਾ ਰੂਹਾਨੀਅਤ ਨਾਲ ਸੰਵਾਦ**, ਅਣਛਪਿਆ ਲੇਖ।
6. ਸੰਤ ਸਿੰਘ ਸੇਖੋਂ, **ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀ ਹੀਣ, ਪੰਨਾ 30
7. ਜੋਗਿੰਦਰ ਸਿੰਘ ਰਾਹੀਂ, *"ਨਾਵਲ ਦੀ ਵਿਧਾ"*, **ਗਲਪ ਸਿੱਧਾਂਤ**, ਸੁਰਜੀਤ ਸਿੰਘ ਅਤੇ ਗੁਰਮੁਖ ਸਿੰਘ (ਸੰਪਾ.) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. ਉਹੀ, ਪੰਨਾ 70



ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ : 98720-09726

ਅਸਿਸਟੈਂਟ ਪ੍ਰੋਫ਼ੈਸਰ,
ਓਪਨ ਐਂਡ ਡਿਸਟੈਂਸ ਲਰਨਿੰਗ ਸੈਂਟਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਭਾਈ ਵੀਰ ਸਿੰਘ ਦੇ ਨਾਵਲਾਂ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੁਹਾਂਦਰਾ

ਡਾ. ਹਰਜਿੰਦਰ ਸਿੰਘ
ਸ਼੍ਰੀ ਰਣਬੀਰ ਸਿੰਘ

19ਵੀਂ ਸਦੀ ਦਾ ਸਮਾਂ ਪੰਜਾਬ ਵਿਚ ਇਕ ਵੱਖਰੀ ਉਥਲ-ਪੁਥਲ ਦਾ ਸਮਾਂ ਆਖਿਆ ਜਾ ਸਕਦਾ ਹੈ। 1849 ਤੋਂ ਪਹਿਲਾਂ ਪੰਜਾਬੀਆਂ ਦਾ ਵਾਹ ਏਸ਼ੀਆ ਦੇ ਹਮਲਾਵਰਾਂ ਨਾਲ ਪਿਆ ਸੀ। ਪੰਜਾਬੀ ਇਨ੍ਹਾਂ ਲੋਕਾਂ ਦੀ ਮਾਨਸਿਕਤਾ ਤੋਂ ਜਾਣੂ ਸਨ ਪਰ ਅੰਗਰੇਜ਼ ਪੰਜਾਬੀਆਂ ਲਈ ਇਕ ਨਵੀਂ ਤਰ੍ਹਾਂ ਦੇ ਦੁਸ਼ਮਣ ਸਨ ਜਿਨ੍ਹਾਂ ਕੋਲ ਨਵੀਆਂ ਯੁੱਧ ਤਕਨੀਕਾਂ ਦੇ ਨਾਲ-ਨਾਲ ਨਵੀਂ ਜੀਵਨ ਸ਼ੈਲੀ, ਨਵਾਂ ਰਾਜਨੀਤਿਕ ਪੈਂਤੜਾ ਅਤੇ ਇਕ ਵੱਖਰਾ ਸਮਾਜਕ-ਸਾਹਿਤਕ, ਸਭਿਆਚਾਰਕ ਸਿਸਟਮ ਸੀ। ਅੰਗਰੇਜ਼ਾਂ ਨੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਪੰਜਾਬੀ ਜਨ-ਸਮੂਹ ਨੂੰ ਵੰਡਣ ਲਈ ਨਵੇਂ ਹੱਥ ਕੰਡੇ ਵਰਤਣੇ ਸ਼ੁਰੂ ਕੀਤੇ। ਲਾਲਚ, ਧਰਮ ਬਦਲੀ ਅਤੇ ਆਪਣੇ ਸਾਮਰਾਜ ਦੇ ਪ੍ਰਸਾਰ ਲਈ ਲੋੜੀਂਦਾ ਵਿਕਾਸ ਵੀ ਕੀਤਾ। ਉਨ੍ਹਾਂ ਦੁਆਰਾ ਹਰ ਢੰਗ ਨਾਲ ਲੋਕਾਂ ਦੇ ਦਿਲ ਜਿੱਤ ਕੇ ਆਪਣੇ ਰਾਜ ਕਾਲ ਨੂੰ ਲੰਮਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਧਰਮ ਪ੍ਰਚਾਰ ਅਤੇ ਧਰਮ ਪਰਿਵਰਤਨ ਦਾ ਸਹਾਰਾ ਲੈ ਕੇ ਅੰਗਰੇਜ਼ਾਂ ਨੇ ਲੋਕ ਸਮੂਹ ਵਿਚ ਆਪਣਾ ਆਧਾਰ ਬਣਾਉਣਾ ਸ਼ੁਰੂ ਕੀਤਾ। ਅੰਗਰੇਜ਼ਾਂ ਦੀ ਇਸ ਕੋਝੀ ਚਾਲ ਤੋਂ ਅਤੇ ਆਪਣੇ-ਆਪਣੇ ਧਰਮ ਦੀ ਹੋਂਦ ਨੂੰ ਬਚਾਉਣ ਹਿੱਤ ਵੱਖ-ਵੱਖ ਧਰਮ ਸੁਧਾਰ ਲਹਿਰਾਂ ਹੋਂਦ ਵਿਚ ਆਈਆਂ। ਈਸਾਈਆਂ ਵੱਲੋਂ ਗੁੰਮਰਾਹ ਕੀਤੇ ਜਾ ਰਹੇ ਲੋਕਾਂ ਦੀ ਅਣਖ ਨੂੰ ਪੁਨਰ-ਸੁਰਜੀਤ ਕਰਨ ਲਈ ਵੱਖ-ਵੱਖ ਧਰਮਾਂ ਦੇ ਲੋਕ ਅੱਗੇ ਆਏ। ਆਰੀਆਂ ਸਮਾਜ, ਬ੍ਰਹਮੋ ਸਮਾਜ, ਜੈਨ ਸਭਾ, ਸਿੰਘ ਸਭਾ ਆਦਿ ਨਾਮ ਦੀਆਂ ਕਈ ਧਾਰਮਿਕ ਲਹਿਰਾਂ ਨੇ ਜਨਮ ਲਿਆ। ਇਸ ਵਿਚ ਅਚੰਭੇ ਵਾਲੀ ਗੱਲ ਇਹ ਹੈ ਕਿ ਇਹ ਲਹਿਰਾਂ ਅੰਗਰੇਜ਼ਾਂ ਵੱਲੋਂ ਚਲਾਈ ਜਾਣ ਵਾਲੀ ਈਸਾਈ ਧਰਮ ਪਰੰਪਰਾ ਨਾਲ ਤਾਂ ਸ਼ੀਤ ਯੁੱਧ ਕਰਦੀਆਂ ਹਨ ਪਰ ਅੰਗਰੇਜ਼ੀ ਹਕੂਮਤ ਪ੍ਰਤੀ ਸਿੱਧੇ ਵਿਰੋਧ ਦਾ ਹੌਸਲਾ ਨਹੀਂ ਕਰਦੀਆਂ। ਇਹ ਤੱਥ ਸਪਸ਼ਟ ਕਰਦਾ ਹੈ ਕਿ ਲੋਕ ਰਾਜਨੀਤਕ ਅਸਥਿਰਤਾ, ਰਾਜਿਆਂ-ਮਹਾਰਾਜਿਆਂ ਦੀ ਅਯਾਸ਼ੀ, ਰਾਜ ਪ੍ਰਬੰਧ ਵਿਚ ਲੋਕ ਸੁਣਵਾਈ ਦੀ ਘਾਟ ਆਦਿ ਅਨੇਕਾਂ ਕਾਰਨਾਂ ਕਰਕੇ ਪਰੰਪਰਾਗਤ ਦੇਸੀ ਰਾਜਾਸ਼ਾਹੀ ਤੋਂ ਮੁਖ ਮੋੜ ਚੁੱਕੇ ਸਨ। ਇਸ ਲਈ ਅੰਗਰੇਜ਼ੀ ਸ਼ਾਸਨ ਪ੍ਰਤੀ ਇਨ੍ਹਾਂ ਲਹਿਰਾਂ ਦਾ ਨਜ਼ਰੀਆ ਉਦਾਰਵਾਦੀ ਹੀ ਰਿਹਾ।

ਪੰਜਾਬ ਦੀ ਤਹਿਰੀਕ ਨੂੰ ਪ੍ਰਭਾਵਿਤ ਕਰਨ ਵਾਲਿਆਂ ਲਹਿਰਾਂ ਵਿੱਚੋਂ ਸਿੰਘ ਸਭਾ ਲਹਿਰ ਦਾ ਪ੍ਰਭਾਵ ਬਾਕੀ ਸਾਰੀਆਂ ਲਹਿਰਾਂ ਨਾਲੋਂ ਵਧੇਰੇ ਸੀ। ਸਿੰਘ ਸਭਾ ਲਹਿਰ ਅਧੀਨ ਰਚੇ ਗਏ ਸਾਹਿਤ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆ ਜਾਂਦੀ ਹੈ ਕਿ ਸਿੰਘ ਸਭਾ ਲਹਿਰ ਮਰਜੀਵੜਿਆਂ ਦੀ ਉਸ ਸ਼੍ਰੇਣੀ ਨਾਲ ਸੰਬੰਧਤ ਸੀ ਜੋ ਸਮਾਜਕ ਤਾਣੇ-ਬਾਣੇ ਦੇ ਵਿਰੋਧ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੀ ਅਭਿਲਾਖਾ ਕਰਦੇ। ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਵਿਚ ਆਏ ਇਹ ਸ਼ਬਦ :

> ਸਾਡਾ ਤੁਰਕਾਂ ਨਸਲ ਨਾਲ ਕਿ ਪਠਾਣਾਂ ਨਾਲ ਉਨ੍ਹਾਂ ਦੇ ਮੁਸਲਮਾਨ ਹੋਣ ਪਿੱਛੇ ਕੋਈ ਵੈਰ ਨਹੀਂ ਤੇ ਨਾ ਹੀ ਵੈਰ ਵਿਰੋਧ ਵਿਚ ਪੈ ਕੇ ਅਸੀਂ ਉਨ੍ਹਾਂ ਦਾ ਰਾਜ ਗੁਆ ਰਹੇ ਹਾਂ। ਸਾਡਾ ਮੁਗਲਾਂ ਦੇ ਰਾਜ ਨੂੰ ਨਾਮ ਕਰਨ ਦਾ ਮਤਲਬ ਹੈ ਕਿ ਉਹ ਪਾਤਸ਼ਾਹ ਹੋ ਕੇ ਪਰਜਾ ਨੂੰ ਦੁੱਖ ਦਿੰਦੇ ਹਨ। ਨਿਆਉ ਨਹੀਂ ਕਰਦੇ ਬੇਗੁਨਾਹਾਂ ਤੇ ਨਿਰਦੋਸ਼ਿਆਂ ਨੂੰ ਮਰਵਾ ਸੁੱਟਦੇ ਹਨ, ਮਾਮਲਾ ਲੈਂਦੇ ਹਨ ਪਰ ਪਰਜਾ ਦੀ ਰਾਖੀ ਨਹੀਂ ਕਰਦੇ। ਧਰਮ ਵਿਚ ਦਖਲ ਦਿੰਦੇ ਹਨ, ਮਲੋ-ਮੱਲੀ ਧਰਮ ਹੀਨ ਕਰਦੇ ਹਨ। ਇਹ ਪਾਪ ਹਨ ਰਾਜਾ ਦਾ ਧਰਮ ਇਹ ਨਹੀਂ ਹੈ।





> ਇਸ ਕਰਕੇ ਅਸੀਂ ਉਨ੍ਹਾਂ ਦੇ ਜ਼ੁਲਮ ਦਾ ਨਾਸ਼ ਕਰਦੇ ਹਾਂ। ਕਿਸੇ ਜਾਤ ਜਾਂ ਮੱਤ ਨਾਲ ਸਾਨੂੰ ਕੋਈ ਵੈਰ ਨਹੀਂ। ਸਾਡੇ ਸਤਿਗੁਰੂ ਧਰਮ ਫੈਲਾਵਨ ਆਏ ਸਨ। ਸੋ ਉਨ੍ਹਾਂ ਦਾ ਨਾਸ਼ ਕਰਦੇ ਹਾਂ ਜੋ ਅਧਰਮ ਕਰਦੇ ਹਨ ਅਤੇ ਅਕਾਲ ਪੁਰਖ ਦੀ ਪਰਜਾ ਨੂੰ ਦੁਖਾਉਂਦੇ ਹਨ... ਦਿੱਲੀ ਆਪ ਢਿੱਲੀ ਹੁੰਦੀ ਜਾ ਰਹੀ ਹੈ, ਲਾਹੌਰ ਕਈ ਰੰਗ ਪਲਟਦਾ ਜਾ ਰਿਹਾ ਹੈ।[1]

ਉਪਰੋਕਤ ਕਥਨ ਇਹ ਗਵਾਹੀ ਭਰਦੇ ਹਨ ਕਿ ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦਾ ਇਕ ਉੱਘਾ ਲੇਖਕ ਹੈ ਜਿਸ ਨੇ ਸਿੰਘ ਸਭਾ ਲਹਿਰ ਦੇ ਆਸ਼ੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਤਕਰੀਬਨ ਹਰ ਨਵੇਂ ਸਾਹਿਤ ਰੂਪ ਨੂੰ ਆਪਣੀ ਕਲਮ ਦਾ ਆਧਾਰ ਬਣਾਇਆ। ਭਾਈ ਵੀਰ ਸਿੰਘ ਦੀ ਨਾਵਲ ਰਚਨਾ ਦੀ ਮੁੱਖ ਆਸ਼ਾ ਵੀ ਸਿੰਘ ਸਭਾ ਲਹਿਰ ਦੇ ਆਸ਼ੇ ਦਾ ਪ੍ਰਚਾਰ ਸੀ। ਸਿੰਘ ਸਭਾ ਲਹਿਰ ਦਾ ਆਸ਼ਾ ਸਿੱਖ ਧਰਮ ਦੀ ਪੁਨਰ-ਸੁਰਜੀਤੀ ਸੀ। ਇਕ ਲੰਮੇ ਅਰਸੇ ਵਿਚ ਗੁਆਚ ਚੁੱਕੀਆਂ ਅਸਲੀ ਸਿੱਖ ਮਰਯਾਦਾਵਾਂ ਨੂੰ ਬਹਾਲ ਕਰਨਾ, ਜੀਵਨ ਜੁਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਨੁਕੂਲ ਢਾਲਣਾ ਸੀ ਇਸ ਦੇ ਨਾਲ ਹੀ ਸਿੱਖ ਰਾਜ ਪ੍ਰਬੰਧ ਦੀ ਸਥਾਪਨਾ ਇਸ ਲਹਿਰ ਦਾ ਇਕ ਪੱਖ ਸੀ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਅਜਿਹੀ ਹੀ ਚਿੰਤਨ ਦ੍ਰਿਸ਼ਟੀ ਦਾ ਪ੍ਰਦਰਸ਼ਨ ਕੀਤਾ ਹੈ। ਚੇਤਨ ਨਾਵਲ ਪਾਠਕਾਂ ਜਾਂ ਨਾਵਲ ਆਲੋਚਨਾ ਨਾਲ ਜੁੜੇ ਵਿਦਵਾਨਾਂ ਦੁਆਰਾ ਭਾਈ ਵੀਰ ਸਿੰਘ ਦੇ ਨਾਵਲਾਂ ਪ੍ਰਤੀ ਵਿਭਿੰਨ ਮੱਤ ਪ੍ਰਗਟ ਕੀਤੇ ਹਨ।

ਭਾਈ ਸਾਹਿਬ ਦੇ ਨਾਵਲਾਂ 'ਤੇ ਹੋਈ ਆਲੋਚਨਾ ਉੱਪਰ ਗੱਲ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਪੰਜਾਬੀ ਵਿਚ ਪ੍ਰਾਪਤ ਆਲੋਚਨਾ ਸ਼ਾਸਤਰ ਪੰਜਾਬੀ ਨਾਵਲ ਜਗਤ ਦੀਆਂ ਲੋੜਾਂ ਅਤੇ ਕਾਰਗੁਜ਼ਾਰੀ ਦੇ ਆਧਾਰ ਉੱਪਰ ਨਹੀਂ ਸਿਰਜਿਆ ਹੋਇਆ ਸਗੋਂ ਪੰਜਾਬੀ ਨਾਵਲ ਅਧਿਐਨ ਆਪਣੀ ਵਿਧੀ ਅਤੇ ਵਿਚਾਰਧਾਰਾਈ ਪੈਂਤੜੇ ਦੇ ਪੱਖੋਂ ਅੰਗਰੇਜ਼ੀ ਨਾਵਲ ਆਲੋਚਨਾ ਉੱਪਰ ਆਧਾਰਿਤ ਹੈ। ਅਸਲ ਵਿਚ ਨਾਵਲ ਸਾਹਿਤ ਰੂਪ ਵੀ ਨਿਰੋਲ ਪੰਜਾਬੀ ਦਾ ਮੌਲਿਕ ਸਾਹਿਤ ਰੂਪ ਨਹੀਂ ਹੈ। ਪੰਜਾਬੀ ਵਿਚ ਨਾਵਲ ਦੀ ਆਮਦ ਅੰਗਰੇਜ਼ੀ ਸਾਹਿਤ-ਸ਼ਾਸਤਰ ਨਾਲ ਸਿੱਧੇ ਰੂਪ ਵਿਚ ਜੁੜੀ ਹੋਈ ਹੈ। ਪੰਜਾਬੀ ਵਿਚ ਨਾਵਲ ਰਚਨਾ ਜਦੋਂ ਸ਼ੁਰੂ ਹੋਈ ਤਾਂ ਪੰਜਾਬੀ ਜਨ ਸਮੂਹ ਉਨ੍ਹਾ ਪਰਿਸਥਿਤੀਆਂ ਤੋਂ ਅਭਿੱਜ ਸੀ, ਜੋ ਪੱਛਮ ਵਿਚ ਨਾਵਲ ਸਾਹਿਤ ਰੂਪ ਦੇ ਜਨਮ ਦੀਆਂ ਕਾਰਨ ਬਣੀਆਂ ਸਨ। ਇਹੀ ਕਾਰਨ ਹੈ ਕਿ 100 ਸਾਲ ਤੋਂ ਵੱਧ ਉਮਰ ਹੰਢਾ ਚੁੱਕੀ ਪੰਜਾਬੀ ਨਾਵਲ ਪਰੰਪਰਾ ਅਜੇ ਵੀ ਪਰਪੱਕਤਾ ਦੀ ਅਵਸਥਾ ਨੂੰ ਨਹੀਂ ਪਹੁੰਚੀ। ਪੰਜਾਬੀ ਨਾਵਲ ਆਲੋਚਨਾ ਤਾਂ ਇਸ ਤੋਂ ਵੀ ਬਹੁਤ ਪਿੱਛੇ ਹੈ। ਪੰਜਾਬੀ ਨਾਵਲ ਆਲੋਚਨਾ ਨਾਵਲ ਅਧਿਐਨ ਬਿਰਤੀ ਤਹਿਤ ਨਹੀਂ ਵਿਚਰ ਰਹੀ ਸਗੋਂ ਅੱਜ ਵੀ ਇਸ ਦਾ ਵਿਚਰਨ ਕਾਰਨ ਅਕਾਦਮਿਕ ਆਲੋਚਨਾ ਨਾਲ ਜੁੜਿਆ ਹੋਇਆ ਹੈ। ਪੰਜਾਬੀ ਨਾਵਲ ਆਲੋਚਨਾ ਦਾ ਦਾਰਮੋਦਾਰ ਸਿੱਖਿਅਕ ਜਗਤ ਉੱਪਰ ਹੈ। ਡਿਗਰੀਆਂ ਪ੍ਰਾਪਤ ਕਰਨ ਅਤੇ ਸਿੱਖਿਅਕ ਪਾਠਕਾਂ ਲਈ ਹੀ ਪੰਜਾਬੀ ਨਾਵਲ ਆਲੋਚਨਾ ਕਾਰਜਸ਼ੀਲ ਹੈ। ਪੰਜਾਬੀ ਨਾਵਲ ਅਤੇ ਪੰਜਾਬੀ ਨਾਵਲ ਆਲੋਚਨਾ ਦੇ ਪਾਠਕ ਜ਼ਿਆਦਾਤਰ ਸਿੱਖਿਅਕ ਵਿਦਿਆਰਥੀ ਹਨ। ਨਿਰਸੰਦੇਹ ਪੰਜਾਬੀ ਨਾਵਲ ਅਤੇ ਪੰਜਾਬੀ ਆਲੋਚਨਾ ਇਕ ਵਿਸ਼ਾਲ ਪਾਠਕ ਵਰਗ ਤਿਆਰ ਕਰਨ ਤੋਂ ਅਸਮਰੱਥ ਰਹੀ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਠਕ ਵੀ ਜਾਂ ਤਾਂ ਧਾਰਮਕ-ਆਦਰਸ਼ਵਾਦੀ ਬਿਰਤੀ ਰੱਖਣ ਵਾਲੇ ਉਹ ਇਨਸਾਨ ਹਨ ਜੋ ਭਾਈ ਸਾਹਿਬ ਦੁਆਰਾ ਪੇਸ਼ ਕੀਤੀਆਂ ਪਰਿਸਥਿਤੀਆਂ ਨੂੰ ਬਿਨਾਂ ਕਿੰਤੂ ਕਿਤੇ ਪ੍ਰਵਾਨ ਕਰ ਲੈਂਦੇ ਹਨ ਕਿਉਂਕਿ ਉਨ੍ਹਾ ਉੱਪਰ ਜਨਮਸਾਖੀ ਸਾਹਿਤ ਵਿਚ ਪਏ ਚਮਤਕਾਰ ਦਾ ਸਿੱਧਾ ਪ੍ਰਭਾਵ ਹੈ ਅਤੇ ਦੂਸਰੇ ਪਾਸੇ ਉਹ ਪਾਠਕ ਹਨ ਜੋ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਪਾਸਾਰ ਦੇ ਆਧਾਰ ਉੱਪਰ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਨਾਵਲ ਮੰਨਣ ਤੋਂ ਹੀ ਇਨਕਾਰੀ ਹਨ। ਬਹੁਤ ਥੋੜ੍ਹੇ ਪੰਜਾਬੀ ਪਾਠਕ ਹਨ ਜੋ ਭਾਈ ਵੀਰ ਸਿੰਘ ਦੇ ਨਾਵਲਾਂ ਪ੍ਰਤੀ ਵਿਗਿਆਨਕ ਅਤੇ ਸੁਹਿਰਦ ਪਹੁੰਚ ਰੱਖਦੇ ਹਨ। ਪੰਜਾਬੀ ਨਾਵਲ ਆਲੋਚਨਾ ਪ੍ਰਤੀ ਡਾ. ਸੁਰਿੰਦਰ ਸਿੰਘ ਦੁਸਾਂਝ ਦਾ ਮੱਤ ਹੈ ਕਿ :

> ਪੰਜਾਬੀ ਆਲੋਚਨਾ ਇਸ ਗੱਲ ਤੇ ਸਹਿਮਤ ਹਨ ਕਿ ਪੰਜਾਬੀ ਵਿਚ ਚੰਗੇ ਨਾਵਲਾਂ ਦੀ ਘਾਟ ਹੈ। ਇਸ ਦੇ ਕਾਰਨਾਂ ਵਿਚੋਂ ਪੰਜਾਬੀ ਨਾਵਲ ਬਾਰੇ ਕੀਤੀ ਆਲੋਚਨਾ ਦੀ ਘਟੀਆ ਪੱਧਰ ਹੈ। ਪੰਜਾਬੀ ਨਾਵਲਕਾਰਾਂ ਕੋਲ ਨਾਵਲ ਦਾ ਸੰਕਲਪ ਹੀ ਨਹੀਂ ਅਤੇ ਪੰਜਾਬੀ ਆਲੋਚਕਾਂ ਪਾਸ ਵੀ ਨਾਵਲ ਆਲੋਚਨਾ ਦੇ ਸੰਕਲਪ ਦੀ ਘਾਟ ਹੈ। ਘਿਸੀ-ਪਿਟੀ ਸ਼ਬਦਾਵਲੀ ਦੇ ਹੇਰ ਫੇਰ ਨਾਲ ਹੀ ਨਾਵਲ ਦੀ ਆਲੋਚਨਾ ਕਰ ਦਿੱਤੀ ਜਾਂਦੀ ਹੈ। ਕਈ ਆਲੋਚਕ ਤਾਂ ਪਲਾਟ ਤੇ ਹੋਂਦ ਤੇ ਵਿਚਾਰ ਕਰਕੇ ਹੀ ਨਾਵਲ ਆਲੋਚਨਾ ਕਰ ਦਿੰਦੇ ਹਨ। ਆਲੋਚਕ ਪੰਜਾਬੀ ਨਾਵਲ ਨਾਲ ਸਦਾ ਹੀ ਅਨਿਆਂ ਕਰਦੇ ਆਏ ਹਨ। ਇਹੀ ਕਾਰਨ ਹੈ ਕਿ ਔਝੜੇ ਪਏ ਪੰਜਾਬੀ ਨਾਵਲਕਾਰਾਂ ਨੂੰ ਆਲੋਚਕਾਂ ਕੋਲੋਂ ਕਦੇ ਵੀ ਸੇਧ ਪ੍ਰਾਪਤ ਨਹੀਂ ਹੋਈ। [2]

ਡਾ. ਸੁਰਿੰਦਰ ਸਿੰਘ ਦੁਸਾਂਝ ਦੀ ਉਪਰੋਕਤ ਟਿੱਪਣੀ ਤੋਂ ਇਹ ਸਿੱਟੇ ਨਿਕਲਦੇ ਹਨ ਕਿ:

- ਪੰਜਾਬੀ ਨਾਵਲ ਦੇਖਾ-ਦੇਖੀ ਲਿਖਣ ਦੀ ਭਾਵਨਾ ਦਾ ਸਿੱਟਾ ਹੈ ਜਦੋਂ ਕਿ ਪੰਜਾਬ ਸਮਾਜਕ-ਸਭਿਆਚਾਰਕ ਸਿਸਟਮ ਨਾਵਲ ਰਚਨਾ ਲਈ ਤਿਆਰ ਨਹੀਂ ਸੀ।
- ਪੰਜਾਬੀ ਨਾਵਲ ਆਲੋਚਕ ਨਾਵਲ ਸ਼ਾਸਤਰ ਦੀ ਉਸਾਰੀ ਪ੍ਰਤੀ ਨਾ ਤਾਂ ਸੁਹਿਰਦ ਸਨ ਅਤੇ ਨਾ ਹੀ ਉਨ੍ਹਾਂ ਪਾਸ ਅਜਿਹੇ ਕਿਸੇ ਸੰਕਲਪ ਦੀ ਹੋਂਦ ਹੈ।
- ਆਲੋਚਨਾ ਸ਼ਾਸਤਰ ਵਿਹੂਣੀ ਪੰਜਾਬੀ ਨਾਵਲ ਆਲੋਚਨਾ ਨਾਵਲ ਕਲਾ ਦੀ ਤਹਿ ਤੱਕ ਪਹੁੰਚਣ ਦੀ ਜਗ੍ਹਾ ਸਤਹੀ ਪੱਧਰ ਦੀ ਪੁਣ-ਛਾਣ ਕਰਕੇ ਹੀ ਸੰਤੁਸ਼ਟ ਹੋ ਜਾਂਦੀ ਹੈ।

ਭਾਈ ਵੀਰ ਸਿੰਘ ਦੀ ਨਾਵਲ ਰਚਨਾ ਨਾਲ ਸੰਬੰਧਤ ਪ੍ਰਾਪਤ ਬਹੁਤ ਸਾਰੀ ਆਲੋਚਨਾ ਤਰਕ ਅਤੇ ਵਿਗਿਆਨਕ ਨਜ਼ਰੀਏ ਦੀ ਥਾਂ ਵਿਸ਼ਵਾਸ ਨਾਲ ਜੁੜੀ ਹੋਈ ਹੈ। ਇਹ ਵਿਸ਼ਵਾਸ ਇਕ ਅਜਿਹਾ ਹੀ ਵਿਸ਼ਵਾਸ ਹੈ ਜਿਸ ਅਧੀਨ ਗੁਰੂ ਸਾਹਿਬਾਨ ਨੂੰ ਸਰਬਗਿਆਤਾ ਮੰਨ ਕੇ ਉਨ੍ਹਾਂ ਦੀ ਰਚਨਾ ਪ੍ਰਤੀ ਕਿੰਤੂ ਕਰਨਾ ਤਾਂ ਦੂਰ ਉਸ ਨੂੰ ਸਾਹਿਤ ਦੇ ਘੇਰੇ ਵਿਚ ਲਿਆਉਣ 'ਤੇ ਵੀ ਅਪੱਤੀ ਜ਼ਾਹਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਈ ਵੀਰ ਸਿੰਘ ਦੀ ਸ਼ਖਸੀਅਤ ਨੂੰ ਕਰਤਾਰੀ ਮੰਨ ਕੇ ਉਨ੍ਹਾਂ ਦੀ ਰਚਨਾ ਪ੍ਰਤੀ ਸ਼ਰਧਾ ਭਾਵਨਾ ਤਹਿਤ ਹੀ ਚਰਚਾ ਕੀਤੀ ਜਾਂਦੀ ਹੈ। ਇਸ ਭਾਵਨਾ ਤਹਿਤ ਕੀਤੀ ਗਈ ਚਰਚਾ ਭਾਈ ਵੀਰ ਸਿੰਘ ਪ੍ਰਤੀ ਪਰਸੰਸਾ ਭਾਵੀ ਨਜ਼ਰ ਨਾਲ ਦੇਖਦੀ ਹੈ ਜਿਸ ਕਾਰਨ ਉਨ੍ਹਾਂ ਦੀ ਰਚਨਾ ਵੀ ਵਧੀਆ ਮੰਨ ਲਈ ਜਾਂਦੀ ਹੈ। ਡਾ. ਕਰਤਾਰ ਸਿੰਘ ਸੂਰੀ ਅਨੁਸਾਰ:

> ਭਾਈ ਵੀਰ ਸਿੰਘ ਦੀਆਂ ਰੰਗਾਂ ਵਿਚ ਦੀਵਾਨ ਕੌੜਾ ਮੱਲ ਦੀ ਬਹਾਦਰੀ, ਸਿੱਖਾਂ ਲਈ ਦਰਦ, ਗੁਰੂ ਘਰ ਲਈ ਪਿਆਰ ਰਚਿਆ ਹੋਇਆ ਸੀ। [3]

ਇਸੇ ਤਰ੍ਹਾਂ ਹੀ ਕਈ ਹੋਰ ਆਲੋਚਕ ਭਾਈ ਸਾਹਿਬ ਦੀ ਕਲਾ ਤੋਂ ਪਹਿਲਾਂ ਭਾਈ ਵੀਰ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹੇ।

ਭਾਈ ਸਾਹਿਬ ਦੇ ਨਾਵਲ ਮੁੱਖ ਰੂਪ ਵਿਚ ਸਰਲ ਪ੍ਰਾਕ੍ਰਿਤੀ ਵਾਲੇ ਰੇਖਾਗਤ ਬ੍ਰਿਤਾਂਤ ਹਨ। ਆਪਣੀ ਧਰਤੀ ਅਤੇ ਲੋਕ ਪ੍ਰੰਪਰਾ ਨਾਲ ਜੁੜੇ ਹੋਏ ਹੋਣ ਕਰਕੇ ਉਹ ਇਸ ਤੋਂ ਦੂਰੀ ਧਾਰਨ ਨਹੀਂ ਕਰਦੇ। ਉਹ ਆਪਨੇ ਵਿਰਸੇ ਦਾ ਵੱਡਮੁੱਲਾ ਸਰਮਾਇਆ ਬਣੇ ਰਹਿੰਦੇ ਹਨ। [4]

ਇਸੇ ਤੱਥ ਨਾਲ ਸੰਬੰਧਤ ਇਕ ਹੋਰ ਨੁਕਤਾ ਹੈ ਭਾਈ ਵੀਰ ਸਿੰਘ ਦੇ ਨਾਵਲਾਂ ਸੰਬੰਧੀ ਪ੍ਰਾਪਤ ਆਲੋਚਨਾ ਵਿੱਚੋਂ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਆਲੋਚਕ ਨਾਵਲ ਦੀ ਕਿਰਤ ਵਿਚਲੇ ਵਸਤੂ ਬਾਬਤ ਗੱਲ ਕਰਦਿਆਂ ਵਸਤੂ ਨੂੰ ਪ੍ਰਥਮ ਨਹੀਂ ਰੱਖਦੇ ਸਗੋਂ ਪ੍ਰਥਮ ਲੇਖਕ ਹੀ ਰਹਿੰਦਾ ਹੈ:

- ਭਾਈ ਸਾਹਿਬ ਨੇ ਇਥੇ ਗੁੜ੍ਹ, ਅਮੂਰਤ, ਸੂਖਮ ਭਾਵਾਂ ਅਤੇ ਵਿਚਾਰਾਂ ਨੂੰ ਵਿਅਕਤ ਕਰਨ ਲਈ ਬਿੰਬਮਈ ਅਤੇ ਪ੍ਰਤੀਕਾਤਮਕ ਭਾਸ਼ਾ ਦਾ ਪ੍ਰਯੋਗ ਕੀਤਾ ਹੈ। [5]





- ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਇਤਿਹਾਸਕ ਯਥਾਰਥ ਦੀ ਰੱਖਿਆ ਕਰਦਿਆਂ ਹੋਇਆਂ ਉਨ੍ਹਾਂ ਇਥੇ ਆਧੁਨਿਕ ਦ੍ਰਿਸ਼ਟੀਕੋਣ ਅਤੇ ਸਮੱਸਿਆਵਾਂ ਦਾ ਸੰਕੇਤਕ ਪ੍ਰਤਿਪਾਦਨ ਕੀਤਾ ਹੈ। [6]
- ਭਾਈ ਵੀਰ ਸਿੰਘ ਇਸ ਨਾਵਲ ਵਿਚ ਸਮਕਾਲੀ ਸਮੇਂ ਸੰਕਟ ਨੂੰ ਸੁਲਝਾਉਣ ਲਈ ਮੱਧਕਾਲ ਦੇ ਸਿੱਖ ਔਰਤਾਂ ਦੇ ਚਰਿਤਰ ਨੂੰ ਪੇਸ਼ ਕਰਦਾ ਹੈ। [7]

ਉਪਰੋਕਤ ਟਿੱਪਣੀਆਂ ਵਿਚ ਨਾਵਲ ਰਚਨਾ ਦੇ ਵਸਤੂ ਦੀ ਗੱਲ ਕਰਨ ਦੀ ਥਾਂ ਭਾਈ ਸਾਹਿਬ ਦੁਆਰਾ ਰਚਨਾ ਵਿਚ ਜੋ ਅੰਕਿਤ ਕੀਤਾ ਗਿਆ, ਦੀ ਗੱਲ ਕੀਤੀ ਗਈ ਹੈ। ਇਹ ਟਿੱਪਣੀਆਂ ਇਸ ਤੱਥ ਪ੍ਰਤੀ ਸਾਨੂੰ ਅਵਗਤ ਕਰਾਉਂਦੀਆਂ ਹਨ ਕਿ ਆਲੋਚਕ ਇਹ ਮੰਨਦੇ ਹਨ ਕਿ ਨਾਵਲ ਰਚਨਾ ਉਸਰੀ ਨਹੀਂ ਬਲਕਿ ਉਸਾਰੀ ਗਈ ਹੈ। ਭਾਵ ਸਪਸ਼ਟ ਹੈ ਕਿ ਨਾਵਲ ਵਸਤੂ ਨਾਵਲ ਦੀਆਂ ਲੋੜਾਂ ਮੁਤਾਬਕ ਨਾ ਹੋ ਕੇ ਲੇਖਕ ਦੀ ਮਰਜ਼ੀ ਦੇ ਅਨੁਕੂਲ ਹੈ। ਤੀਸਰੀ ਟਿੱਪਣੀ ਇਸ ਤੋਂ ਹੋਰ ਅੱਗੇ ਜਾਂਦਿਆਂ ਇਨ੍ਹਾਂ ਰਚਨਾਵਾਂ ਦੇ ਵਸਤੂ ਨੂੰ ਲੇਖਕ ਦੀ ਮਜਬੂਰੀ ਵਜੋਂ ਪੇਸ਼ ਕਰਦੀ ਹੈ ਅਰਥਾਤ ਕਿ ਸਮਕਾਲੀ ਸੰਕਟ ਲੇਖਕ ਦੀ ਇਕ ਮਜਬੂਰੀ ਸੀ ਜਿਸ ਕਾਰਨ ਇਤਿਹਾਸ ਵਿੱਚੋਂ ਆਦਰਸ਼ ਮਾਡਲ ਲੈਣੇ ਜ਼ਰੂਰੀ ਸਮਝੇ ਗਏ। ਸੋ ਆਲੋਚਨਾ ਕਿਰਤਾਂ ਦਾ ਸਾਰਾ ਵਸਤੂ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚਲੇ ਸਿਧਾਂਤ ਨੂੰ ਖੋਜਣ ਦੀ ਥਾਂ 'ਭਾਈ ਸਾਹਿਬ ਦੁਆਰਾ ਜੋ ਕੀਤਾ ਗਿਆ 'ਤੇ ਕੇਂਦਰਿਤ ਹੁੰਦਾ ਦਿਖਾਈ ਦਿੰਦਾ ਹੈ। ਜੇਕਰ ਕੁਝ ਆਲੋਚਨਾ ਕਿਰਤਾਂ ਵਿਚ ਭਾਈ ਵੀਰ ਸਿੰਘ ਦੇ ਨਾਵਲ ਵਿਧਾਨ ਨੂੰ ਕੋਈ ਅਹਿਮੀਅਤ ਦਿੱਤੀ ਹੈ ਤਾਂ ਉਹ ਵੀ ਨਿਰਨਾਤਮਕ ਸਰੂਪ ਵਾਲੀ ਹੀ ਹੈ। ਭਾਈ ਵੀਰ ਸਿੰਘ ਦੀ ਰਚਨਾ ਨੂੰ ਜਾਂ ਤਾਂ ਸਵੀਕਾਰ ਕਰਕੇ ਉਸ ਦੀ ਸ਼ਲਾਘਾ ਕੀਤੀ ਪ੍ਰਾਪਤ ਹੁੰਦੀ ਹੈ ਜਾਂ ਫਿਰ ਉਨ੍ਹਾਂ ਦੀ ਨਾਵਲ ਰਚਨਾ ਨੂੰ ਨਾਵਲੀ ਕਿਰਤਾਂ ਮੰਨਣ ਤੋਂ ਇਨਕਾਰੀ ਹੋ ਕੇ ਪੂਰੀ ਤਰ੍ਹਾਂ ਨਕਾਰਵਾਦੀ ਪਹੁੰਚ ਅਖ਼ਤਿਆਰ ਕੀਤੀ ਗਈ ਹੈ। ਸਾਡਾ ਇਹ ਕਹਿਣ ਤੋਂ ਭਾਵ ਇਹ ਨਹੀਂ ਕਿ ਨਾਵਲ ਨਾਲ ਸੰਬੰਧਤ ਪ੍ਰਸੰਸਾਭਾਵੀ ਦ੍ਰਿਸ਼ਟੀ ਨਹੀਂ ਹੋਣੀ ਚਾਹੀਦੀ ਸਗੋਂ ਇਹ ਪ੍ਰਸੰਸਾਭਾਵੀ ਦ੍ਰਿਸ਼ਟੀ ਦੋਸ਼ ਮੁਕਤ ਹੋਣੀ ਚਾਹੀਦੀ ਹੈ। ਇਸ ਦ੍ਰਿਸ਼ਟੀ ਦੇ ਦੋਸ਼ ਮੁਕਤ ਹੋਣ ਤੋਂ ਭਾਵ ਹੈ ਕਿ:

- ਇਹ ਦ੍ਰਿਸ਼ਟੀ ਚੇਤਨਾ ਦੀ ਜਗ੍ਹਾ ਰਚਨਾ ਨੂੰ ਆਪਣਾ ਕੇਂਦਰ ਬਣਾਵੇ।
- ਇਹ ਦ੍ਰਿਸ਼ਟੀ ਰਚਨਾ ਵਿਧਾਨ ਵਿਚਲੀ ਜੀਵਨ ਜੁਗਤ ਦੀ ਪਹਿਚਾਣ ਕਰੇ ਅਤੇ ਉਸ ਦੇ ਚੰਗੇ ਪੱਖਾਂ ਨੂੰ ਹੋਰ ਉਘਾੜੇ।
- ਇਹ ਆਲੋਚਨਾ ਦ੍ਰਿਸ਼ਟੀ ਵਿਸ਼ਵਾਸ ਪਰਕ ਨਾ ਹੋ ਕੇ ਚਿੰਤਨ ਪਰਕ ਹੋਵੇ ਅਤੇ ਵਿਗਿਆਨਕ ਤਾਰਕਿਕ ਸੂਝ ਤਹਿਤ ਰਚਨਾ ਨੂੰ ਪਛਾਣੇ। ਉਸ ਦੀਆਂ ਚੰਗਿਆਈਆਂ ਦੀ ਚਰਚਾ ਕਰੇ ਅਤੇ ਦੋਸ਼ਾਂ ਨੂੰ ਸਾਹਮਣੇ ਲਿਆ ਕੇ ਉਨ੍ਹਾਂ ਨੂੰ ਠੀਕ ਕਰਨ ਦੇ ਸੁਝਾਅ ਵੀ ਦੇਵੇ।
- ਇਹ ਆਲੋਚਨਾ ਦ੍ਰਿਸ਼ਟੀ ਵਿਅਕਤੀ ਪਹੁੰਚ ਦੀ ਜਗ੍ਹਾ ਰਚਨਾ ਆਧਾਰਿਤ ਹੋਣੀ ਚਾਹੀਦੀ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਪ੍ਰਾਪਤ ਪ੍ਰਸੰਸਾ ਭਾਵੇ ਆਲੋਚਨਾ ਦੀ ਵੱਡੀ ਖਾਸੀ ਵਿਅਕਤੀਵਾਦੀ ਪਹੁੰਚ ਦਾ ਹੋਣਾ ਹੀ ਹੈ। ਇਹ ਆਲੋਚਨਾ ਦ੍ਰਿਸ਼ਟੀ ਜਿੱਥੇ ਭਾਈ ਸਾਹਿਬ ਦੀ ਰਚਨਾ ਪ੍ਰਕਿਰਿਆ ਨਾਲ ਜੁੜੀ ਹੋਈ ਹੈ ਉਥੇ ਇਸ ਦ੍ਰਿਸ਼ਟੀ ਦੇ ਸਾਰਥਕ ਪੱਖ ਵੀ ਉਘੜਦੇ ਹਨ। ਸ਼ੁਰੂਆਤੀ ਦੌਰ ਵਿਚ ਨਵੇਂ ਸਾਹਿਤ ਪ੍ਰੇਮੀਆਂ ਅਤੇ ਪਾਠਕਾਂ ਨੂੰ ਜੋੜਨ ਦਾ ਕੰਮ ਵੀ ਇਸ ਦ੍ਰਿਸ਼ਟੀ ਦੁਆਰਾ ਕੀਤਾ ਗਿਆ। ਦੂਸਰਾ ਪੰਜਾਬੀ ਨਾਵਲ ਵਿਚਲੇ ਵਸਤੂ ਦੀ ਪਹਿਚਾਣ ਕਰਕੇ ਅੰਗਰੇਜ਼ੀ ਨਾਵਲ-ਰੂਪ ਮੁਤਾਬਕ ਪਰਖ ਕੀਤੀ ਗਈ ਅਤੇ ਜੋ ਇਸ ਪੰਜਾਬੀ ਨਾਵਲ ਵਿਚ ਮੌਜੂਦ ਨਹੀਂ ਸੀ, ਦੇ ਵੱਲ ਸੰਕੇਤ ਇਸ ਦ੍ਰਿਸ਼ਟੀ ਵਿਚ ਪ੍ਰਾਪਤ ਹੁੰਦਾ ਹੈ। ਪਹਿਲੇ ਪ੍ਰਸੰਸਾਤਮਕ ਪੰਜਾਬੀ ਨਾਵਲ ਆਲੋਚਕ ਪ੍ਰਿੰ.ਤੇਜਾ ਸਿੰਘ ਦੁਆਰਾ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੀਆਂ ਘਾਟਾਂ ਵੱਲ ਕੀਤਾ ਸੰਕੇਤ ਇਸ ਗੱਲ ਦੀ ਗਵਾਹੀ ਭਰਦਾ ਹੈ।

ਸੁੰਦਰੀ, ਬੀਜੈ ਸਿੰਘ, ਸਤਵੰਤ ਕੌਰ ਆਦਿ ਪੁਸਤਕਾਂ... ਸਿੱਖ ਇਤਿਹਾਸ ਦੀ ਰੰਗਣ ਵਿਚ ਰੰਗੀਆਂ ਹੋਇਆਂ ਹਨ ਅਤੇ ਸਿੱਖ ਧਰਮ ਤੇ ਸਿੱਖ ਪੰਥ ਵਿਚ ਸ਼ਰਧਾ ਵਧਾਉਣ ਲਈ ਬਹੁਤ ਹੀ ਲਾਭਵੰਦੀਆਂ ਹਨ ਪਰ

ਇਨ੍ਹਾਂ ਵਿਚ ਕਿਸੇ ਮਰਦ ਜਾਂ ਤੀਵੀਂ ਦੇ ਆਚਰਨ ਨੂੰ ਹਾਲਾਤ ਮੁਤਾਬਕ ਉਸਰਦਾ ਨਹੀਂ ਦੱਸਿਆ ਗਿਆ ਬਲਕਿ ਸੁੰਦਰੀ ਬੀਜੈ ਸਿੰਘ ਆਦਿ ਦੇ ਆਚਰਨ ਬਣੇ-ਬਣਾਏ ਆਦਰਸ਼ਕ ਢਾਂਚੇ ਵਿਚ ਢਲੇ ਹੋਏ ਹਨ। ਸਿੱਖ ਆਦਰਸ਼ਕ ਬਾਣੀ ਦੇ ਪੜ੍ਹਨ ਵਾਲੇ, ਕੌਮੀ, ਪ੍ਰੇਮੀ, ਸੋਹਣੇ ਬਲਵਾਨ ਤੇ ਕੁਰਬਾਨੀ ਵਾਲੇ, ਹਿੰਦੂ ਆਮ ਤੌਰ ਤੇ ਕਾਇਰ ਅਤੇ ਚੁਗਲ ਅਤੇ ਮੁਸਲਮਾਨ ਆਮ ਤੌਰ ਤੇ ਜਾਲਮ ਤੇ ਵਿਸ਼ਈ ਦੱਸੇ ਗਏ ਹਨ। [8]

ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਪ੍ਰਾਪਤ ਆਲੋਚਨਾ ਦਾ ਇਕ ਪੱਖ ਉਨ੍ਹਾਂ ਦੀਆਂ ਕਿਰਤਾਂ ਨੂੰ ਨਾਵਲ ਮੰਨਣ ਜਾਂ ਨਾ ਮੰਨਣ ਨਾਲ ਜੁੜਿਆ ਹੋਇਆ ਹੈ। ਪੰਜਾਬੀ ਨਾਵਲ ਵਿਧਾ ਦੀ ਸ਼ੁਰੂਆਤ ਕਰਨ ਵਾਲੇ ਨਾਵਲਕਾਰ ਦੀਆਂ ਨਾਵਲ ਕਿਰਤਾਂ ਨੂੰ ਇਸ ਲਈ ਨਾਵਲ ਜਗਤ ਵਿੱਚੋਂ ਬਾਹਰ ਸਮਝਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਕਿਰਤਾਂ ਵਿਚ ਨਾਵਲੀ ਕਲਾਤਮਕਤਾ ਨਾ ਹੋ ਕੇ ਮਨੋਰਥ ਸਿਰਜਣਾ ਬਹੁਤ ਜ਼ਿਆਦਾ ਹੈ। ਕੁਝ ਆਲੋਚਕ ਤਾਂ ਭਾਈ ਵੀਰ ਸਿੰਘ ਦੀਆਂ ਕਿਰਤਾਂ ਨੂੰ ਨਾਵਲ ਮੰਨਣ ਤੋਂ ਇਨਕਾਰੀ ਹਨ ਅਤੇ ਕੁਝ ਖਿੱਚ-ਧੂਹ ਕੇ ਮੰਨਣ ਲਈ ਰਾਜੀ ਹੁੰਦੇ ਹਨ। ਪ੍ਰੋ.ਨਿਰੰਜਨ ਤਸਨੀਮ ਮੁਤਾਬਕ:

> ਪੰਜਾਬੀ ਨਾਵਲ ਭਾਈ ਵੀਰ ਸਿੰਘ ਤੋਂ ਸ਼ੁਰੂ ਹੁੰਦਾ ਹੈ ਪਰ ਉਸ ਨੂੰ ਸਹੀ ਅਰਥਾਂ ਵਿਚ ਪੰਜਾਬੀ ਨਾਵਲ ਦਾ ਜਨਮਦਾਤਾ ਨਹੀਂ ਕਿਹਾ ਜਾ ਸਕਦਾ। ਉਸ ਨੇ ਆਪਣੇ ਨਾਵਲਾਂ ਵਿਚ ਕਲਾਤਮਕਤਾ ਵੱਲ ਕੋਈ ਧਿਆਨ ਨਹੀਂ ਦਿੱਤਾ। [9]

ਇਸੇ ਆਦਿਕਾ ਵਿਚ ਤਸਨੀਮ ਇਹ ਮੰਨਦੇ ਹਨ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਗਲਪਕਾਰੀ ਦੇ ਬੁਨਿਆਦੀ ਤੱਤਾਂ ਦੀ ਘਾਟ ਕਾਰਨ ਹੀ ਨਾਨਕ ਸਿੰਘ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੋਇਆ। ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਡਾ.ਗੁਰਚਰਨ ਸਿੰਘ ਦੀ ਰਾਏ ਵੀ ਕੁਝ ਇਸ ਤਰ੍ਹਾਂ ਦੀ ਹੀ ਹੈ। ਉਹ ਆਪਣੀ ਪੁਸਤਕ 'ਪੰਜਾਬੀ ਗਲਪਕਾਰ' ਵਿਚ ਲਿਖਦੇ ਹਨ ਕਿ:

> ਭਾਈ ਵੀਰ ਸਿੰਘ ਦੀਆਂ ਰਚਨਾਵਾਂ ਖਿੱਚ-ਧੂਹ ਕੇ ਨਾਵਲ ਕਹੀਆਂ ਜਾ ਸਕਦੀਆਂ ਹਨ। ਇਹ ਤਾਂ ਉਦਾਹਰਣ ਭਰਪੂਰ ਕਥਾਵਾਂ ਹਨ ਤੇ ਕਥਾਵਾਂ ਵਿਚ ਸੰਬੋਧਨ ਪਹਿਲੀ ਗੱਲ ਹੈ ਕਿਉਂਕਿ ਸਰੋਤੇ ਸਾਹਮਣੇ ਬੈਠ ਕੇ ਸਰਵਣ ਕਰ ਰਹੇ ਹੁੰਦੇ ਹਨ ਅਤੇ ਕਥਾਕਾਰ ਉਨ੍ਹਾਂ ਨੂੰ ਸੰਬੋਧਨ ਕਰ ਰਿਹਾ ਹੁੰਦਾ ਹੈ। ਇਸ ਲਿਹਾਜ਼ ਨਾਲ ਬੀਜੈ ਸਿੰਘ, ਸੁੰਦਰੀ, ਸਤਵੰਤ ਕੌਰ ਆਦਿ ਸਿੱਖ ਇਤਿਹਾਸਕ ਘਟਨਾਵਾਂ ਅਤੇ ਕੁਝ ਕਲਪਤ ਇਤਿਹਾਸਕ ਸੱਚ ਦੀਆਂ ਧਾਰਨੀ ਹਨ ਅਤੇ ਬਾਬਾ ਨੌਧ ਸਿੰਘ ਵਰਤਮਾਨ ਅਤੇ ਪਿਛਲੀਆਂ ਘਟਨਾਵਾਂ ਦੇ ਉਦਾਹਰਣ ਦੇਣ ਵਾਲਾ ਉਪਦੇਸ਼ ਹੈ। [10]

ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਨਾਵਲ ਨਾ ਮੰਨਣ ਵਾਲੇ ਆਲੋਚਕਾਂ ਵਿਚ ਡਾ. ਸੁਰੈਣ ਸਿੰਘ 'ਵਿਲਖੁ' ਇਕ ਵੱਖਰੇ ਮੱਤ ਦੇ ਧਾਰਣੀ ਹਨ। ਉਹ ਇਨ੍ਹਾਂ ਕਿਰਤਾਂ ਨੂੰ ਕਿਸੇ ਸਾਹਿਤ ਰੂਪ ਨਾਲ ਨਹੀਂ ਜੋੜਦੇ ਸਗੋਂ 'ਧਾਰਮਕ ਰੁਮਾਂਸ' ਹੀ ਆਖਦੇ ਹਨ।

ਭਾਈ ਵੀਰ ਸਿੰਘ ਇਤਿਹਾਸਕ ਧਾਰਮਕ ਰੁਮਾਂਸ ਸੁੰਦਰੀ' 'ਬਿਜੈ ਸਿੰਘ' ਤੇ ਸਤਵੰਤ ਕੌਰ ਦਿੱਤੇ। ਬਾਬਾ ਨੌਧ ਸਿੰਘ ਉਨ੍ਹਾਂ ਦੀ ਧਾਰਮਕ ਸੁਧਾਰਵਾਦੀ ਕਿਰਤ ਹੈ। ਇਹ ਨਾਵਲ ਨਹੀਂ ਹਨ। ਘੜੇ-ਘੜਾਏ ਪਾਤਰ ਅਤੇ ਕਰਤਾ ਦੀਆਂ ਕਠਪੁਤਲੀਆ ਵਾਂਗ ਵਿਚਰਦੇ ਇਹ ਕਿਸੇ ਵੀ ਸੁਤੰਤਰ ਹੋਂਦ ਦਾ ਝਾਉਲਾ ਨਹੀਂ ਪੈਣ ਦਿੰਦੇ। [11]

ਇਹ ਨਜ਼ਰੀਆ ਭਾਈ ਸਾਹਿਬ ਦੇ ਨਾਵਲਾਂ ਨਾਲ ਸੰਬੰਧਤ ਆਲੋਚਨਾ ਨੂੰ ਪ੍ਰਭਾਵਿਤ ਕਰਦਾ ਹੈ। ਭਾਈ ਵੀਰ ਸਿੰਘ ਦੀਆਂ ਕਿਰਤਾਂ ਨੂੰ ਨਾਵਲੀ ਵਿਧਾ ਤੋਂ ਕੋਰੇ ਦੱਸਣ ਵਾਲੇ ਆਲੋਚਕ ਅੰਗਰੇਜ਼ੀ ਨਾਵਲ ਨੂੰ ਪੰਜਾਬੀ ਨਾਵਲ ਦਾ ਪਰਾਰੂਪ (ਮਾਡਲ) ਮੰਨਦੇ ਚਲਦੇ ਹਨ। ਉਹ ਇਹ ਵੀ ਭੁੱਲ ਕਰਦੇ ਹਨ ਕਿ ਪੰਜਾਬੀ ਨਾਵਲ ਅੰਗਰੇਜ਼ੀ ਨਾਵਲ ਪੰਰਪਰਾ ਦਾ ਪੰਜਾਬੀ ਪ੍ਰਗਟਾਵਾ ਨਹੀਂ ਹੈ। ਸਗੋਂ ਪੰਜਾਬੀ ਵਿਚ ਨਾਵਲ ਵਿਧਾ ਦਾ ਵਿਕਾਸ





ਅੰਗਰੇਜ਼ੀ ਰਾਜ ਦੀ ਪੰਜਾਬ ਵਿਚ ਸਥਾਪਨਾ ਨਾਲ ਉਪਜੀ ਸਮਾਜਕ ਸਿਸਟਮ ਦੀ ਮੱਧਵਰਗੀ ਜਮਾਤ ਨਾਲ ਸਿੱਧੇ ਰੂਪ ਵਿਚ ਸੰਬੰਧਤ ਹੈ। ਪ੍ਰੋ.ਸੁਰਿੰਦਰ ਸਿੰਘ ਨਰੂਲਾ ਦਾ ਮੱਤ ਹੈ :

> ਭਾਈ ਵੀਰ ਸਿੰਘ ਦਾ ਪ੍ਰੇਰਣਾ ਸਰੋਤ ਗੁਰਮਤਿ ਦਾ ਗੱਦ ਸਾਹਿਤ ਕੇਵਲ ਅਸਿੱਧੇ ਰੂਪ ਵਿਚ ਹੀ ਸੀ। ਉਸ ਦੀ ਅਸਲੀ ਪ੍ਰੇਰਣਾ ਸਰੋਤ ਤਾਂ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਪਨਪ ਰਹੀ ਗਭਲੀ ਸ਼੍ਰੇਣੀ ਦੀ ਮਾਨ-ਪ੍ਰਤਿਸ਼ਠਾ ਪ੍ਰਾਪਤ ਕਰਨ ਦੀ ਲਾਲਸਾ ਸੀ। ਇਸ ਕਾਰਨ ਉਸ ਦੀ ਗੱਦ ਰਚਨਾ ਕੇਵਲ ਉਨ੍ਹਾਂ ਸਿੱਖ ਬੁੱਧੀਜੀਵੀਆਂ ਵਿਚ ਹੀ ਪ੍ਰਚੱਲਿਤ ਤੇ ਹਰਮਨ ਪਿਆਰੀ ਹੋ ਸਕੀ ਜਿਹੜੇ ਬੁੱਧੀਜੀਵੀ ਪੰਜਾਬ ਦੀ ਕ੍ਰਿਸਾਨੀ ਜੀਵਨ ਨਾਲੋਂ ਟੁੱਟ ਕੇ ਮਹਾਂ ਨਗਰੀ ਦੀ ਨਵੀਂ ਗਭਲੀ ਸ਼੍ਰੇਣੀ ਵਿਚ ਮਾਨ ਸਹਿਤ ਆਪਣਾ ਸਥਾਨ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਸਨ। [12]

ਉਪਰੋਕਤ ਟਿੱਪਣੀ ਵਿਚ ਪ੍ਰੋ. ਨਰੂਲਾ ਭਾਈ ਵੀਰ ਸਿੰਘ ਦੀ ਰਚਨਾ ਨੂੰ ਲਾਲਸਾ ਨਾਲ ਜੋੜਦੇ ਹਨ ਪਰ ਅਸਲ ਵਿਚ ਨਾਵਲ ਦੀ ਰਚਨਾ ਮੱਧਵਰਗੀ ਜਗਤ ਦੀਆਂ ਲੋੜਾਂ, ਥੁੜਾਂ ਅਤੇ ਕਮਜ਼ੋਰੀਆਂ ਨਾਲ ਸੰਬੰਧਤ ਹੁੰਦੀ ਹੈ। ਇਹ ਰਚਨਾਵਾਂ ਉਨ੍ਹਾਂ ਦੀ ਮਾਨਸਿਕ ਲੋੜ ਵਿੱਚੋਂ ਜੰਮਦੀਆਂ ਹਨ ਜੋ ਉਨ੍ਹਾਂ ਦੇ ਕਥਾਰਸਸ ਹਿੱਤ ਕਾਰਜਸ਼ੀਲ ਹੁੰਦੀਆਂ ਹਨ।

ਭਾਈ ਵੀਰ ਸਿੰਘ ਦੇ ਸਮਕਾਲੀ ਸਮੇਂ ਨੂੰ ਜੇਕਰ ਅਸੀਂ ਟਟੋਲੀਏ ਤਾਂ ਪਤਾ ਚਲਦਾ ਹੈ ਕਿ ਇਹ ਸਮੇਂ ਵਿਚਲੀ ਰਾਜਸੀ ਤਬਦੀਲੀ ਨੇ ਇਕ ਤਰ੍ਹਾਂ ਦੇ ਨਵੇਂ ਸਮਾਜਕ ਸਿਸਟਮ ਨੂੰ ਉਭਾਰਿਆ ਸੀ। ਅੰਗਰੇਜ਼ਾਂ ਨੇ ਪੰਜਾਬ ਨੂੰ ਇਕ ਮੰਡੀ ਵਜੋਂ ਵਰਤਣਾ ਸੀ। ਇਸ ਲਈ ਕੱਚੇ ਮਾਲ ਦੀ ਖਰੀਦ ਅਤੇ ਤਿਆਰ ਮਾਲ ਦੀ ਵਿਕਰੀ ਦੀ ਜ਼ਰੂਰਤ ਲਈ ਇਕ ਵਿਉਪਾਰੀ ਵਰਗ ਹੋਂਦ ਵਿਚ ਆਇਆ। ਇਹ ਵਿਉਪਾਰੀ ਵਰਗ ਨੇ ਪਿੰਡਾਂ ਦੀ ਥਾਂ ਸ਼ਹਿਰਾਂ ਵਿਚ ਸ਼ਰਨ ਲਈ ਕਿਉਂਕਿ ਇਕ ਤਾਂ ਇਹ ਲੋਕ ਅੰਗਰੇਜ਼ ਪੱਖੀ ਹੋਣ ਕਰਕੇ ਸ਼ਹਿਰਾਂ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਸਨ ਅਤੇ ਦੂਸਰਾ ਅੰਗਰੇਜ਼ਾਂ ਦੁਆਰਾ ਸ਼ਹਿਰੀ ਸਮਾਜ ਵਿਚ ਦਿੱਤੀਆਂ ਸਹੂਲਤਾਂ ਨੂੰ ਮਾਨਣਾ ਇਨ੍ਹਾਂ ਦੀ ਮੁੱਖ ਲੋੜ ਸੀ। 'ਰਹੀਏ ਸ਼ਹਿਰ ਭਾਵੇਂ ਹੋਵੇ ਕਹਿਰ' ਵਰਗੀਆਂ ਕਹਾਵਤਾਂ ਇਸੇ ਹੌਰ ਦੀਆਂ ਪੈਦਾਇਸ਼ ਹਨ। ਨਿਰਸੰਦੇਹ ਸਿੰਘ ਸਭਾ ਲਹਿਰ ਅੰਗਰੇਜ਼ਾਂ ਪ੍ਰਤੀ ਇਨਕਲਾਬੀ ਸੁਰ ਰੱਖਣ ਦੀ ਜਗ੍ਹਾ ਸਮਝੌਤਾ ਕਰਦੀ ਹੈ ਅਤੇ ਅੰਗਰੇਜ਼ੀ ਸਾਮਰਾਜ ਦੀ ਆਮਦ ਸਦਕਾ ਪੰਜਾਬ ਵਿਚ ਪ੍ਰਵੇਸ਼ ਕਰਦੀਆਂ ਹਨ। ਸਾਡੇ ਸੁਝਵਾਨ ਆਲੋਚਕ ਸਮੇਂ ਦੀ ਨਜਾਕਤ ਨੂੰ ਸਮਝਣ ਦੀ ਜਗ੍ਹਾ ਆਪਣੇ ਹਾਂ ਪੱਖੀ ਜਾਂ ਨਾਂਹ ਪੱਖੀ ਨਿਰਣੇ ਦੇਣ ਤੱਕ ਹੀ ਮਹਿਦੂਦ ਰਹਿੰਦੇ ਹਨ। ਉਂਝ ਵੀ ਕੋਈ ਵਿਧਾ ਕਿਸੇ ਭਾਸ਼ਾ ਵਿਚ ਆਪਣੇ ਪਰਪੱਖ ਰੂਪ ਵਿਚ ਇਕਦਮ ਹੀ ਜਨਮ ਨਹੀਂ ਲੈ ਲੈਂਦੀ। ਨਵੀਂ ਵਿਧਾ ਦੇ ਹੋਂਦ ਵਿਚ ਆਉਣ ਅਤੇ ਪਰਪੱਕਤਾ ਗ੍ਰਹਿਣ ਕਰਨ ਤੱਕ ਦੀ ਯਾਤਰਾ ਨੂੰ ਮੱਦੇ ਨਜ਼ਰ ਰੱਖ ਕੇ ਹੀ ਵਿਕੋਲਿਤਰੀਆਂ ਰਚਨਾਵਾਂ ਨਾਲ ਇਨਸਾਫ਼ ਹੋ ਸਕਦਾ ਹੈ। ਅਜਿਹੀ ਦ੍ਰਿਸ਼ਟੀ ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਪ੍ਰਾਪਤ ਆਲੋਚਨਾ ਵਿਚੋਂ ਲਗਭਗ ਗੈਰ-ਹਾਜ਼ਰ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਆਲੋਚਨਾ ਜ਼ਿਆਦਾਤਰ ਕਰਕੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿਰਜਤ ਕਹਾਣੀ ਅੰਸ਼ ਨੂੰ ਹੀ ਆਪਣੀ ਚਰਚਾ ਦਾ ਆਧਾਰ ਬਣਾਉਂਦੀ ਹੈ। ਨਾਵਲ 'ਸੁੰਦਰੀ' ਦਾ ਕਥਾ ਸੰਦਰਭ ਕਿਰਤ ਪ੍ਰੋ.ਬਲਦੇਵ ਸਿੰਘ ਧਾਲੀਵਾਲ, ਸਤਵੰਤ ਕੌਰ ਆਲੋਚਨਾਤਮਕ ਅਧਿਐਨ,ਕਿਰਤ ਡਾ.ਗੁਰਚਰਨ ਸਿੰਘ ਅਰਸ਼ੀ, ਭਾਈ ਵੀਰ ਸਿੰਘ : ਨਾਵਲ ਰਚਨਾ ਕਿਰਤ ਡਾ.ਸਤਿੰਦਰ ਸਿੰਘ, ਬਿਜੈ ਸਿੰਘ ਸਿੱਖ Identity ਕਿਰਤ ਡਾ.ਹਰਚਰਨ ਸਿੰਘ ਸੋਭਤੀ, ਭਾਈ ਵੀਰ ਸਿੰਘ ਦੇ ਇਤਿਹਾਸਕ ਰੁਮਾਂਸ ਡਾ.ਦਰਸ਼ਨ ਗਰੇਵਰ ਆਦਿ ਕੁਝ ਇਕ ਨਿਬੰਧ ਹਨ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਕਥਾ ਅੰਸ਼ ਨੂੰ ਵਿਭਿੰਨ ਵਿਧੀਆਂ ਰਾਹੀਂ ਛੋਹਿਆ ਗਿਆ ਹੈ। ਫਰਕ ਸਿਰਫ਼ ਇਤਨਾ ਹੈ ਕਿ ਇਨ੍ਹਾਂ ਵਿਚ ਨਜ਼ਰੀਏ ਵੱਖ-ਵੱਖ ਹਨ। ਕੋਈ ਧਾਰਮਿਕ ਪਹਿਲੂ ਤੋਂ ਭਾਈ ਵੀਰ ਸਿੰਘ ਦੀਆਂ ਨਾਵਲੀ ਕਿਰਤਾਂ ਨੂੰ ਦੇਖਦਾ ਹੈ ਅਤੇ ਕੋਈ ਇਤਿਹਾਸਕ ਰੁਮਾਂਸ

ਵਜੋਂ ਅਤੇ ਕੋਈ ਸਾਦ ਮੁਰਾਦੀ ਕਹਾਣੀ ਦੀ ਅੰਸ਼ਕਤਾ ਨੂੰ ਪੇਸ਼ ਕਰਕੇ ਸਾਰ ਦਿੰਦਾ ਹੈ। ਨਿਰਸੰਦੇਹ ਇਨ੍ਹਾਂ ਕਿਰਤਾਂ ਵਿਚ ਪ੍ਰਮੁੱਖਤਾ ਕਹਾਣੀ ਨੂੰ ਦਿੱਤੀ ਗਈ ਹੈ। ਪਰ ਕਹਾਣੀ ਘੜਨ ਦੇ ਉਦੇਸ਼ਾਂ ਪ੍ਰਤੀ ਵਿਭਿੰਨ ਸਾਰ ਮੱਤ ਪੇਸ਼ ਕੀਤੇ ਹਨ। ਇਨ੍ਹਾਂ ਮੱਤਾਂ ਵਿੱਚੋਂ ਹੀ ਅਸੀਂ ਭਾਈ ਵੀਰ ਸਿੰਘ ਦੇ ਨਾਵਲਾਂ ਸੰਬੰਧੀ ਵਰਤੀ ਗਈ ਦ੍ਰਿਸ਼ਟੀ ਨੂੰ ਦੇਖਦੇ ਹਾਂ। ਭਾਈ ਵੀਰ ਸਿੰਘ ਨਾਵਲਾਂ ਨੂੰ ਧਾਰਮਿਕ ਬਿਰਤੀ ਨਾਲ ਸੰਬੰਧਤ ਕਰਨ ਵਾਲੇ ਆਲੋਚਕ ਉਨ੍ਹਾਂ ਨੂੰ ਸਿੱਖ ਧਰਮ ਦਾ ਸਮਰਥਕ ਗਰਦਾਨਣ ਦੀ ਹਰ ਚੇਸ਼ਟਾ ਕਰਦੇ ਹਨ।

ਭਾਈ ਵੀਰ ਸਿੰਘ ਦੀਆਂ ਬ੍ਰਿਤਾਂਤਕ ਰਚਨਾਵਾਂ ਦੇ ਕਈ ਮੋਟਿਫ ਧਰਮ ਨਾਲ ਤੇ ਵਿਸ਼ੇਸ਼ ਕਰਕੇ ਸਿੱਖ ਧਰਮ ਨਾਲ ਸੰਬੰਧਤ ਹਨ। [13]

ਭਾਈ ਵੀਰ ਸਿੰਘ ਨਾਵਲ ਨਹੀਂ ਸੀ ਲਿਖ ਰਿਹਾ ਉਹ ਤਾਂ ਸਿੱਖ ਧਰਮ ਦਾ ਪ੍ਰਚਾਰ ਕਰ ਰਿਹਾ ਸੀ ਗਲਪ ਦੇ ਮਾਧਿਅਮ ਰਾਹੀਂ। ਜੇ ਨਾਵਲ ਦੀ ਬਣਤਰ ਵਿਚ ਨੁਕਸ ਹਨ ਤਾਂ ਪਏ ਹੋਣ ਪਰ ਅਸਾਂ ਵੇਖਣਾ ਹੈ ਕਿ ਉਹ ਆਪਣੇ ਉਦੇਸ਼ ਵਿਚ ਸਫ਼ਲ ਹੋਇਆ ਹੈ ਜਾਂ ਨਹੀਂ ਤੇ ਉਹ ਉਦੇਸ਼ ਸੀ ਲੋਕਾਂ ਦੇ ਦਿਲਾਂ ਵਿਚ ਸਿੱਖੀ ਪਿਆਰ ਪੈਦਾ ਕਰਨਾ। [14]

ਇਸੇ ਤਰ੍ਹਾਂ ਹੀ ਕਈ ਆਲੋਚਕਾਂ ਦੀ ਰਾਏ ਹੈ ਕਿ ਭਾਈ ਵੀਰ ਸਿੰਘ ਨੇ ਆਪਣੇ ਸਿੱਖੀ ਉਦੇਸ਼ ਦੀ ਪੂਰਤੀ ਲਈ ਮੁਸਲਮਾਨਾਂ ਨੂੰ ਜ਼ਾਲਿਮ ਠਹਿਰਾਇਆ ਹੈ। ਇਥੇ ਭਾਈ ਸਾਹਿਬ ਦੇ ਸਿੱਖੀ ਸਿਧਾਂਤ ਵਿਚਲੀ ਜੜ੍ਹ ਫੜਨ ਦੀ ਲੋੜ ਹੈ। ਬਹੁਤੇ ਆਲੋਚਕ ਫੜਨ ਤੋਂ ਅਸਮਰੱਥ ਰਹੇ।ਭਾਈ ਵੀਰ ਸਿੰਘ ਦੁਆਰਾ ਕਿਤੇ ਸਿੱਖੀ ਪ੍ਰਚਾਰ ਅਤੇ ਭੂਮਿਕਾ ਅਤੇ ਅੰਤਿਕਾ ਵਿਚ ਦਿੱਤੀਆਂ ਗਈਆਂ ਟਿੱਪਣੀਆਂ ਤੋਂ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਆਦਰਸ਼ ਸਿੱਖ ਸਮਾਜ ਦੇ ਸਮਰਥਕ ਨਹੀਂ ਗਰਦਾਨਿਆਂ ਜਾ ਸਕਦਾ। ਭਾਈ ਵੀਰ ਸਿੰਘ ਦਾ ਆਦਰਸ਼ ਸਿੱਖ ਸਮਾਜ ਆਦਰਸ਼ ਹੋ ਹੀ ਨਹੀਂ ਸਕਦਾ ਜੇਕਰ ਇਸ ਵਿਚ ਦੂਜੀਆਂ ਜੂਨਾਂ ਕੌਮਾਂ ਲਈ ਨਫ਼ਰਤ ਪਈ ਹੈ। ਸਾਡੇ ਆਲੋਚਕ ਇਕ ਪਾਸੇ ਤਾਂ ਭਾਈ ਵੀਰ ਸਿੰਘ ਦੀਆਂ ਇਨ੍ਹਾਂ ਨਾਵਲ ਕਿਰਤਾਂ ਨੂੰ ਸਿੱਖ ਧਰਮ ਆਦਰਸ਼ ਮੂਲ ਦੀਆਂ ਆਖਦੇ ਹਨ ਅਤੇ ਦੂਸਰੇ ਪਾਸੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸੰਪ੍ਰਦਾਇਕਤਾ ਦੀ ਗੱਲ ਕਰਦੇ ਹਨ।

ਅਸਲ ਵਿਚ ਭਾਈ ਵੀਰ ਸਿੰਘ ਦੇ ਨਾਵਲ ਸਿੱਖ ਜਮਾਤ ਦੇ ਉਸ ਸੰਕਲਪ ਨਾਲ ਜੁੜੇ ਹੋਏ ਹਨ ਜਿਸ ਵਿਚ ਸਿੱਖ ਬਾਣੀ ਦੀ ਜਗ੍ਹਾ ਬਾਣੇ ਨਾਲ ਜੁੜਕੇ ਬਾਣੇ ਨੂੰ ਬਾਣੀ ਨਾਲੋਂ ਵੀ ਵੱਧ ਸਮਝਣ ਲੱਗ ਪਏ ਸਨ ਕਿਉਂਕਿ ਅਠਾਰਵੀਂ ਸਦੀ ਵਿਚ (ਜਿਸ ਸਮੇਂ ਅਧੀਨ ਇਨ੍ਹਾਂ ਨਾਵਲਾਂ ਦੀ ਰਚਨਾ ਹੋਈ ਹੈ) ਬਾਣਾ ਹੀ ਸਿੱਖੀ ਦੀ ਪਹਿਚਾਣ ਬਣ ਗਿਆ ਸੀ। ਮੁਗਲਾਂ ਲਈ ਕੱਛ ਤੇ ਕੇਸ ਵਾਲੇ ਹੀ ਸਿੱਖ ਸੀ ਅਤੇ ਸਿੱਖਾਂ ਲਈ ਵੀ ਏਹੋ ਇੱਜ਼ਤ ਦਾ ਸੁਆਲ ਸੀ। [15]

ਸਾਡੀ ਨਾਵਲ ਆਲੋਚਨਾ ਨਾਲ ਸੰਬੰਧਤ ਆਲੋਚਕ ਭਾਈ ਸਾਹਿਬ ਦੇ ਨਾਵਲਾਂ ਪ੍ਰਤੀ ਦ੍ਰਿੜ ਰਾਏ ਨਹੀਂ ਰੱਖਦੇ:

> ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖੀ ਉਚਤਾ ਦੀ ਸੁਰ ਵਧੇਰੇ ਪ੍ਰਬਲ ਹੈ। ਸ਼ਾਇਦ ਇਸੇ ਕਰਕੇ ਹੀ ਭਾਈ ਵੀਰ ਸਿੰਘ ਵੱਡੇ ਨਾਵਲਕਾਰਾਂ ਵਜੋਂ ਜਾਣਿਆ ਜਾਂਦਾ ਹੈ। [16]

ਵਾਕ ਵਿਚ ਆਇਆ ਸ਼ਬਦ ਸ਼ਾਇਦ ਆਲੋਚਕ ਦੀ ਦੁਚਿੱਤੀ ਨੂੰ ਦਰਸਾਉਂਦਾ ਹੈ ਅਤੇ ਸਪੱਸ਼ਟ ਹੀ ਇਹ ਗੱਲ ਵੱਲ ਸੰਕੇਤ ਕਰਦਾ ਹੈ ਕਿ ਭਾਈ ਵੀਰ ਸਿੰਘ ਦੀ ਵੱਡੇ ਨਾਵਲਕਾਰਾਂ ਵਿਚ ਜਗ੍ਹਾ ਅਸਪਸ਼ਟ ਹੈ ਅਤੇ ਜਾਂ ਸਿੱਖੀ ਉਚਤਾ ਹੀ ਇਕ ਕਾਰਨ ਹੈ ਜਿਸ ਰਾਹੀਂ ਭਾਈ ਸਾਹਿਬ ਦੇ ਮੁੱਢਲੇ ਨਾਵਲਕਾਰ ਹੋਣ ਦਾ ਆਧਾਰ ਮਿੱਥਿਆ ਜਾਂਦਾ ਹੈ। ਸੋ ਸਪਸ਼ਟ ਹੁੰਦਾ ਹੈ ਕਿ ਭਾਈ ਵੀਰ ਸਿੰਘ ਨੂੰ ਨਾਵਲਕਾਰ ਮੰਨਣ ਲਈ ਵੀ ਨਾਵਲ ਵਿਧਾ ਦੀ ਉਚਤਾ ਨੂੰ ਆਧਾਰ ਬਣਾਉਣ ਦੀ ਜਗ੍ਹਾ ਸ਼੍ਰੇਣੀ ਪ੍ਰਭਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਦੇ ਉਦੇਸ਼ ਮੁੱਖੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਬਲਕਿ ਕੋਈ ਵੀ ਸਾਹਿਤਕ ਕਿਰਤ ਉਦੇਸ਼ ਵਿਹੂਣੀ ਨਹੀਂ ਹੁੰਦੀ। ਭਾਈ ਵੀਰ ਸਿੰਘ ਦੇ ਨਾਵਲ ਇਕ ਨਿਸ਼ਚਿਤ ਉਦੇਸ਼ ਦੀ ਪੂਰਤੀ ਲਈ





ਸਿਰਜੇ ਗਏ ਹਨ। ਇਹ ਉਦੇਸ਼ ਸੀ ਸਿੱਖ ਧਰਮ ਨੂੰ ਬਚਾਉਣਾ। ਅੰਗਰੇਜ਼ੀ ਸਾਮਰਾਜ ਵਿਚ ਆ ਕੇ ਸਿੱਖ ਹੀਣਤਾ ਦੀ ਭਾਵਨਾ ਹੇਠ ਜਿਉਂ ਰਹੇ ਸਨ। ਇਸ ਵਕਤ ਸਮਾਜਕ-ਸਭਿਆਚਾਰਕ ਸੰਕਟ ਦੇ ਨਾਲ-ਨਾਲ ਧਾਰਮਿਕ ਸੰਕਟ ਵੀ ਸੁਭਾਇਮਾਨ ਸੀ। ਭਾਈ ਵੀਰ ਸਿੰਘ ਦੇ ਨਾਵਲ ਸਿੱਖ ਧਰਮ ਨੂੰ ਦਰਪੇਸ਼ ਸਮਾਜਕ-ਸਭਿਆਚਾਰਕ ਸੰਕਟ ਨੂੰ ਆਧਾਰ ਬਣਾਉਂਦੇ ਹਨ। ਭਾਈ ਵੀਰ ਸਿੰਘ ਦੇ ਨਾਵਲ ਸਿੰਘ ਸਭਾ ਲਹਿਰ ਦੇ ਪ੍ਰਭਾਵ ਦੀ ਉਪਜ ਸਨ ਇਸ ਲਈ ਸਮਕਾਲੀ ਰਾਜਨੀਤਕ ਪ੍ਰਬੰਧ ਵਿਰੁੱਧ ਸਿੱਧਾ ਜਿਹਾਦ ਛੇੜਨ ਦੀ ਜਗ੍ਹਾ ਬਚਾਉ ਮੁੱਖੀ ਪੈਂਤੜੇ ਅਧੀਨ ਸਮਕਾਲੀ ਹਾਲਤ ਦੀ ਸਮਰੂਪੀ ਸਥਿਤੀ ਨੂੰ ਪੇਸ਼ ਕਰਦੇ ਹਨ। ਭਾਈ ਵੀਰ ਸਿੰਘ ਦੀ ਕਲਮ ਇਤਿਹਾਸਕ ਦੌਰ ਵਾਂਗ ਸਿੱਖ ਰਾਜ ਦੀ ਸਥਾਪਨਾ ਦਾ ਸੁਪਨਾ ਤਾਂ ਲੈਂਦੀ ਹੈ ਪਰ ਹਕੀਕਤ ਵਿਚ ਸਮਕਾਲੀ ਰਾਜਨੀਤਕ ਪ੍ਰਬੰਧ ਅਧੀਨ ਆਉਣ ਵਾਲੀ ਪਦਾਰਥਕ ਤਬਦੀਲੀ ਨੂੰ ਸੁੱਤੇ-ਸਿੱਧ ਹੀ ਕਬੂਲ ਕਰਦੀ ਨਜ਼ਰ ਆਉਂਦੀ ਹੈ। ਭਾਈ ਵੀਰ ਸਿੰਘ ਦੀ ਕਲਮ ਦਾ ਦੂਸਰਾ ਉਦੇਸ਼ ਜ਼ੁਲਮ ਵਿਰੁੱਧ ਆਵਾਜ਼ ਉਠਾਉਣਾ ਨਾਲ ਸੰਬੰਧਤ ਹੈ। ਸਾਡੀ ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਆਲੋਚਨਾ ਭਾਈ ਵੀਰ ਸਿੰਘ ਦੇ ਪਹਿਲੇ ਉਦੇਸ਼ ਨੂੰ ਉਭਾਰਨ ਵਿਚ ਕੋਈ ਕਸਰ ਨਹੀਂ ਛੱਡਦੀ ਅਤੇ ਨਾਲ ਹੀ ਇਸੇ ਉਦੇਸ਼ ਨੂੰ ਸਾਹਮਣੇ ਰੱਖਦੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਸੰਪ੍ਰਦਾਇਕ ਸਿੱਧ ਕਰਦੇ ਹਨ ਕਿਉਂਕਿ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਆਪਣੀ ਰਚਨਾ ਦੇ ਉਦੇਸ਼ ਨੂੰ ਸਪੱਸ਼ਟ ਕੀਤਾ ਹੈ :

> ਇਸ ਪੋਥੀ ਵਿਚ ਕਿਸੇ ਇਕ ਸਮੇਂ ਦੇ ਹਾਲਾਤ ਸਿਲੇ ਚੁਗਣ ਵਾਂਗ ਇਕੱਠੇ ਕਿਤੇ ਹਨ। ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ। ਇਹ ਇਕ ਤਰਲਾ ਹੈ ਕਿ ਕਿਵੇਂ ਪੁਰਾਤਨ ਹਾਲਾਤ ਵਾਚ ਕੇ ਕੌਮ ਵਿਚ ਉਤਸ਼ਾਹ ਭਰੇ ਅਤੇ ਇਸ ਜੀਵਨ ਵਿਚ ਰੌਂਅ ਰੁਮਕ ਪਵੇ। [17]

ਭਾਵੇਂ ਕਿ ਭਾਈ ਵੀਰ ਸਿੰਘ ਨੇ ਆਪਣੀ ਰਚਨਾ ਦੇ ਆਸ਼ੇ ਨੂੰ ਨਿਰਸੰਕੋਚ ਦੱਸਿਆ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਰਚਨਾਕਾਰ ਜਿਸ ਆਸ਼ੇ ਨੂੰ ਲੈ ਕੇ ਰਚਨਾ ਕਰਦਾ ਹੈ, ਰਚਨਾ ਦਾ ਸਰੂਪ ਉਹੋ-ਜਿਹਾ ਹੀ ਹੁੰਦਾ ਹੈ। ਕੀ ਆਲੋਚਕ ਨੂੰ ਰਚਨਾ ਦੇ ਆਧਾਰ ਉੱਪਰ ਫੈਸਲਾ ਨਹੀਂ ਕਰਨਾ ਚਾਹੀਦਾ? ਕੀ ਗੈਰ ਸਿੱਖ ਪਾਤਰਾਂ ਪ੍ਰਤੀ ਵਰਤੀ ਹੋਈ ਸ਼ਬਦਾਵਲੀ ਭਾਈ ਵੀਰ ਸਿੰਘ ਨੂੰ ਇਕ-ਤਰਫ਼ਾ ਪੇਸ਼ ਕਰਨ ਲਈ ਕਾਫ਼ੀ ਹੈ ਕੀ ਭਾਈ ਵੀਰ ਸਿੰਘ ਦੇ ਨਾਵਲਾਂ ਵਿੱਚੋਂ ਸਿਰਫ਼ ਤੇ ਸਿਰਫ਼ ਸਿੱਖ ਧਰਮ ਪ੍ਰਚਾਰ ਦਾ ਆਸ਼ਾ ਹੀ ਉੱਭਰਦਾ ਹੈ ਕੀ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਮਾਨਵੀ ਕਦਰਾਂ-ਕੀਮਤਾਂ ਤੋਂ ਵਿਹੂਣੀ ਹੈ ਅਜਿਹੇ ਕੁਝ ਸੁਆਲ ਹਨ ਜੋ ਭਾਈ ਵੀਰ ਸਿੰਘ ਦੀ ਨਾਵਲ ਆਲੋਚਨਾ ਕਿਰਤਾਂ ਪੜ੍ਹਨ ਤੋਂ ਬਾਅਦ ਸਿਰ ਚੁੱਕਦੇ ਹਨ। ਸਾਡੇ ਆਲੋਚਕ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਨੂੰ ਤਾਂ ਦੋ ਭਾਗਾਂ ਸੁੰਦਰੀ ਤੋਂ ਬਿਜੈ ਸਿੰਘ ਤੱਕ ਅਤੇ ਬਾਬਾ ਨੌਧ ਸਿੰਘ ਵਿਚਕਾਰ ਵੰਡਦੇ ਹਨ ਪਰ ਦੋਹਾਂ ਤਰ੍ਹਾਂ ਦੀਆਂ ਰਚਨਾਵਾਂ ਦਾ ਆਸ਼ਾ ਇਕ ਹੀ ਮਿਥਦੇ ਹਨ। ਇਸੇ ਪ੍ਰਸੰਗ ਵਿਚ ਡਾ. ਸਤਿੰਦਰ ਸਿੰਘ ਲਿਖਦੇ ਹਨ:

> ਨਾਵਲਾਂ ਵਿਚ ਪੇਸ਼ ਕਿਤੇ ਹੋਏ ਸਿੱਖ ਮੁਗਲ ਵਿਰੋਧ ਦਾ ਕਾਰਨ ਹੀ ਇਹ ਹੈ ਕਿ ਸਿੱਖ ਜਬਰਨ ਧਰਮ ਬਦਲੀ ਰੋਕਣ ਲਈ ਅਤੇ ਸਿੱਖ ਇਸਤਰੀਆਂ ਦੀ ਪੱਤ ਬਚਾਉਣ ਲਈ ਲੜਦੇ ਹਨ। [18]

ਹੁਣ ਇਸੇ ਟਿੱਪਣੀ ਉੱਪਰ ਹੀ ਕਈ ਸ਼ੰਕੇ ਉਪਜਦੇ ਹਨ ਕਿ ਕੀ ਸਿੱਖ ਸਿਰਫ਼ ਧਰਮ ਬਦਲੀ ਖਾਤਰ ਹੀ ਜੂਝਦੇ ਸਨ। ਕੀ ਉਨ੍ਹਾਂ ਦਾ ਉਦੇਸ਼ ਸਿੱਖ ਇਸਤਰੀਆਂ ਦੀ ਪੱਤ ਬਚਾਉਣਾ ਹੀ ਸੀ? ਜੇ ਅਜਿਹਾ ਸੀ ਤਾਂ ਕੀ ਸੁਰਮੁਤੀ ਜਾਂ ਸੁੰਦਰੀ ਜ਼ੁਲਮ ਦੀ ਘਟਨਾ ਵੇਲੇ ਸਿੱਖ ਸੀ? ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉਤਰ ਨਹੀਂ ਵਿਚ ਆਉਂਦੇ ਹਨ। ਅਜਿਹੇ ਕੁਝ ਸਵਾਲ ਭਾਈ ਵੀਰ ਸਿੰਘ ਦੀ ਗੈਰ-ਸੰਪ੍ਰਦਾਇਕ ਦ੍ਰਿਸ਼ਟੀ ਸੀ ਝਲਕ ਦਿੰਦੇ ਹਨ ਪਰ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਮੁੱਚਾ ਪ੍ਰਭਾਵ ਸੰਪ੍ਰਦਾਇਕਤਾ ਵਾਲਾ ਹੀ ਹੈ।

ਭਾਈ ਵੀਰ ਸਿੰਘ ਨਿਰੋਲ ਨਾਵਲ ਰਚਨਾ ਨਹੀਂ ਕਰ ਰਿਹਾ ਸਗੋਂ ਇਤਿਹਾਸਕ ਨਾਵਲ ਰਚਨਾ ਨੂੰ ਉਤਾਰ ਰਿਹਾ ਹੈ। ਭਾਈ ਵੀਰ ਸਿੰਘ ਦਾ ਦੋਸ਼ ਇਤਿਹਾਸਕਤਾ ਨੂੰ ਗਲਪੀ ਬ੍ਰਿਤਾਂਤ ਵਿਚ ਨਾ ਢਾਲਣ ਵਿਚ ਹੈ। ਸਾਡੇ

ਨਾਵਲ ਆਲੋਚਕ ਭਾਈ ਸਾਹਿਬ ਦੀ ਰਚਨਾ ਨੂੰ ਨਿਰੋਲ ਨਾਵਲ ਕ੍ਰਿਤਾਂ ਵਜੋਂ ਗ੍ਰਹਿਣ ਕਰਕੇ ਗੈਰ-ਨਾਵਲੀ ਕ੍ਰਿਤਾਂ ਘੋਸ਼ਿਤ ਕਰਨ ਵੱਲ ਉਨਮੁਖ ਹਨ ਅਤੇ ਜਾਂ ਇਤਿਹਾਸਕਤਾ ਦੀ ਪਹਿਚਾਣ ਵਿਚ ਗੁਆਚਦਿਆਂ ਕਿਰਤਾਂ ਵਿਚਲੀ ਗਾਲਪਨਿਕਤਾ ਕਾਰਨ ਔਝੜ ਜਾਂਦੇ ਹਨ ਜਦ ਕਿ ਭਾਈ ਵੀਰ ਸਿੰਘ ਦੇ ਵਿਚਕਾਰ ਦਾ ਰਸਤਾ ਚੁਣਿਆ ਹੈ। ਉਸ ਨੇ ਇਤਿਹਾਸ ਨੂੰ ਗਲਪ ਦੀ ਬ੍ਰਿਤਾਂਤਿਕਤਾ ਤਹਿਤ ਸਿਰਜਿਆ ਹੈ। ਇਹ ਬ੍ਰਿਤਾਂਤ ਨਿਰੋਲ ਨਾਵਲ ਵਾਲਾ ਨਹੀਂ ਸਗੋਂ ਸਾਖੀਆਂ ਅਤੇ ਜਨਮ ਸਾਖੀਆਂ ਵਾਲਾ ਹੈ। [19]

ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਾਡੇ ਧਰਮ, ਇਤਿਹਾਸ ਤੇ ਕਿੱਸਿਆ ਨਾਲ ਡੂੰਘਾ ਸੰਬੰਧ ਹੈ। ਇਨ੍ਹਾਂ ਦੇ ਕਈ ਕਥਾ ਅੰਸ਼ ਤੇ ਬੀਜ ਮੌਟਿਫ਼ ਉਨ੍ਹਾਂ ਦੇ ਨਾਵਲਾਂ ਵਿਚ ਪੇਸ਼ ਹੋ ਕੇ ਕਥਾਨਕ ਦਾ ਆਧਾਰ ਬਣਦੇ ਹਨ। [20]

ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਇਕ ਹੋਰ ਪ੍ਰਸੰਗ ਵਿਚ ਵਿਚਾਰਿਆ ਮਿਲਦਾ ਹੈ। ਉਹ ਪ੍ਰਸੰਗ ਹੈ ਇਸਤਰੀ ਪਾਤਰਾਂ ਦਾ ਅਤੇ ਇਸਤਰੀ ਰੱਖਿਆ ਦਾ। ਨਿਰਸੰਦੇਹ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਇਸਤਰੀਆਂ ਦਾ ਰੁਤਬਾ ਉੱਚਾ ਹੈ। ਨਾਇਕਾਵਾਂ ਦੇ ਰੂਪ ਵਿਚ ਭਾਈ ਵੀਰ ਸਿੰਘ ਨੇ ਸਿੱਖ ਇਸਤਰੀਆਂ ਨੂੰ ਬੁਲੰਦ ਇਰਾਦਿਆਂ ਅਤੇ ਤਾਕਤਵਰ ਰੂਪ ਵਿਚ ਪੇਸ਼ ਕੀਤਾ ਹੈ ਜਿਨ੍ਹਾਂ ਵਿਚ ਸਮਾਜਕ ਸੂਝ ਅਤੇ ਤੇਜ਼ ਬੁੱਧੀ ਆਦਿ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ। ਸਾਡੇ ਆਲੋਚਕਾਂ ਦਾ ਮੰਨਣਾ ਹੈ ਕਿ ਭਾਈ ਵੀਰ ਸਿੰਘ ਇਸਤਰੀਆਂ ਨੂੰ ਸਮਾਜਕ ਸਿਸਟਮ ਦੀਆਂ ਸੁਢ ਮੰਨਦਾ ਹੈ। ਇਸ ਲਈ ਹੀ ਉਹ ਆਪਣੇ ਨਾਵਲਾਂ ਵਿਚ ਇਸਤਰੀਆਂ ਨੂੰ ਵਿਸ਼ੇਸ਼ ਰੁਤਬਾ ਦਿੰਦਾ ਹੈ। ਇਸਤਰੀਆਂ ਵਿਚ ਵੀ ਅੱਗੋਂ ਕੰਜ-ਕੁਆਰੀਆਂ ਦੁਆਰਾ ਆਪਣੇ ਕੁਆਰਪਣ ਨੂੰ ਬਚਾਉਣ ਉੱਪਰ ਜ਼ਿਆਦਾ ਜੋਰ ਹੈ। ਸੁੰਦਰੀ ਅਤੇ ਸਤਵੰਤ ਕੌਰ ਇਸੇ ਦੀ ਇਕ ਉਦਾਹਰਨ ਹੈ ਅਤੇ 'ਸੁਭਾਗ ਜੀ' ਆਪਣੇ ਪਤੀਵਰਤਾ ਧਰਮ ਦੇ ਬਚਾਓ ਲਈ ਜੂਝਦੀ ਹੈ। ਇਸ ਸੰਬੰਧੀ ਡਾ.ਦਰਸ਼ਨ ਗਰੋਵਰ ਦੇ ਵਿਚਾਰ ਹਨ ਕਿ:

> ਰੁਮਾਂਸ ਵਿਚ ਨਾਇਕਾ ਦੇ ਕੁਆਰੇਪਣ ਜਾਂ ਸਤ ਧਰਮ ਤੇ ਜੋਰ ਦਿੱਤਾ ਜਾਂਦਾ ਹੈ ਕਿਉਂਕਿ ਇਸ ਬਿਨਾਂ ਸਮਾਜ ਵਿਚ ਉਸ ਦੀ ਇੱਜ਼ਤ ਨਹੀਂ ਰਹਿੰਦੀ। ਜਗੀਰਦਾਰੀ ਸਮਾਜ ਵਿਚ ਵੀ ਇਸਤਰੀ ਦੇ ਮਤ ਧਰਮ ਤੇ ਬਹੁਤ ਜੋਰ ਦਿੱਤਾ ਜਾਂਦਾ ਸੀ ਤੇ ਪਤਿਤ ਹੋਇਆਂ ਇਸਤਰੀਆਂ ਨੂੰ ਕੋਈ ਕਬੂਲ ਨਹੀਂ ਕਰਦਾ ਸੀ। ਭਾਈ ਵੀਰ ਸਿੰਘ ਦੇ ਆਪਣੇ ਨਾਵਲਾਂ ਵਿਚ ਇਕ ਤਾਂ ਜਾਗੀਰਦਾਰੀ ਸਮਾਜ ਨੂੰ ਪੇਸ਼ ਕੀਤਾ ਹੈ ਤੇ ਦੂਜਾ ਰੁਮਾਂਸ ਦੀ ਵਿਧੀ ਨੂੰ ਅਪਣਾਇਆ ਹੈ। ਇਸੇ ਲਈ ਉਸ ਦੀਆਂ ਰਚਨਾਵਾਂ ਵਿਚ ਵੀ ਇਸ ਗੱਲ ਉਤੇ ਜੋਰ ਦਿੱਤਾ ਗਿਆ ਹੈ। ਉਸ ਦੀਆਂ ਨਾਇਕਾਵਾਂ ਆਪਣੇ ਸਤ ਧਰਮ ਦੀ ਰੱਖਿਆ ਕਰਦੀਆ ਤੇ ਇੱਜ਼ਤ ਗਵਾਉਣ ਨਾਲੋਂ ਜਾਨ ਦੇਣਾ ਵਧੇਰੇ ਪਸੰਦ ਕਰਦੀਆਂ ਹਨ। [21]

ਅਸਲ ਵਿਚ ਪੰਜਾਬੀ ਆਲੋਚਨਾ ਦੀ ਸਮੱਸਿਆ ਹੀ ਵਿਸ਼ਲੇਸ਼ਣ ਦੀ ਜਗ੍ਹਾ ਵਿਵਰਣ ਦੇਣ ਦੀ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਉੱਪਰ ਹੋਈ ਆਲੋਚਨਾ ਵੀ ਵਿਗਿਆਨਕ ਤਰਕ ਉਸਾਰਨ ਦੀ ਜਗ੍ਹਾ ਉਸ ਦੇ ਨਾਵਲਾਂ ਵਿਚ ਮੌਜੂਦਗੀ ਅਤੇ ਗ਼ੈਰ-ਮੌਜੂਦਗੀ ਦਾ ਵਰਨਣ ਕਰਨ ਤੱਕ ਹੀ ਸੀਮਤ ਹੈ।

ਭਾਈ ਵੀਰ ਸਿੰਘ ਦੀਆਂ ਨਾਇਕਾਵਾਂ ਦਿੱਖ ਦੇ ਪੱਖੋਂ ਹੀ ਸੁੰਦਰ ਨਹੀਂ; ਉਨ੍ਹਾਂ ਦੇ ਗੁਣਾਂ ਦੀ ਸੁੰਦਰਤਾ ਨੂੰ ਵੀ ਉੱਤਮ ਦੱਸਿਆ ਗਿਆ ਹੈ। [22]

ਸੁਭਾਗ ਜੀ ਦਾ ਪਾਤਰ ਬਿਰਤਾਂਤ ਵਾਰਤਾਲਾਪ ਅਤੇ ਘਟਨਾਵਾਂ ਦੁਆਰਾ ਵਧੇਰੇ ਚਿਤਰਿਆ ਗਿਆ ਹੈ। [23]

ਉਪਰੋਕਤ ਟਿੱਪਣੀਆਂ ਵਾਂਗ ਹੀ ਸਾਡੇ ਆਲੋਚਕਾਂ ਦੁਆਰਾ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਚਰਚਾ ਦਾ ਆਧਾਰ ਬਣਾਉਂਦੇ ਸਮੇਂ ਵਿਵਰਣ ਦੀ ਭਰਮਾਰ ਹੈ। ਬਹੁਤ ਹੀ ਘੱਟ ਆਲੋਚਕ ਹਨ ਜਿਨ੍ਹਾਂ ਦੁਆਰਾ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ। ਕਈ ਵਾਰ ਤਾਂ ਇੰਜ ਜਾਪਣ ਲੱਗ ਪੈਂਦਾ ਹੈ ਜਿਵੇਂ ਆਲੋਚਕ ਭਾਈ ਵੀਰ ਸਿੰਘ ਦੇ ਨਾਵਲਾਂ ਦੀ ਸਰਲ ਕਹਾਣੀ ਸੁਣਾ ਰਹੇ ਹੋਣ ਜਾਂ ਫਿਰ ਚਰਚਾ ਵੇਲੇ ਨਾਵਲ ਦੇ ਤੱਤਾਂ ਮੁਤਾਬਕ





ਕੀਤੀ ਗਈ ਆਲੋਚਨਾ ਵਿਚ ਵਿਸ਼ਾ-ਵਸਤੂ, ਕਥਾਨਕ, ਵਾਰਤਾਲਾਪ, ਪਾਤਰ ਚਿਤਰਨ, ਬੋਲੀ, ਸ਼ੈਲੀ ਆਦਿ ਤੱਤਾਂ ਨੂੰ ਲਿਆ ਗਿਆ ਹੈ। ਇਨ੍ਹਾਂ ਦੀ ਰਚਨਾ ਵੇਲੇ ਕੋਈ ਖਾਸ ਆਲੋਚਨਾ ਦ੍ਰਿਸ਼ਟੀ ਦੀ ਵਰਤੋਂ ਕੀਤੀ ਨਹੀਂ ਮਿਲਦੀ ਸਗੋਂ ਇਹ ਪ੍ਰਕਾਰ ਦਾ ਤੱਤ ਨਿਖੇੜ ਹੀ ਹੈ। ਭਾਈ ਵੀਰ ਸਿੰਘ ਦੀ ਆਲੋਚਨਾ ਨਾਲ ਸੰਬੰਧਤ ਨਿਬੰਧਾਂ ਵਿਚ ਦਰਸਾਏ ਗਏ ਵਿਸ਼ੇ-ਵਸਤੂ ਵਿਚ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਵਿਸ਼ੇ ਬਾਰੇ ਦੱਸਿਆ ਗਿਆ ਹੁੰਦਾ ਹੈ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਵਿਸ਼ੇ ਕੀ ਹਨ। ਕਥਾਨਕ ਵਿਚ ਕਹਾਣੀ ਦਾ ਵਰਨਣ ਕੀਤਾ ਪ੍ਰਾਪਤ ਹੁੰਦਾ ਹੈ। ਬਾਕੀ ਵੀ ਤੱਤ ਇਸੇ ਤਰ੍ਹਾਂ ਹੀ ਵੱਖ-ਵੱਖ ਕਰਕੇ ਦਰਸਾਏ ਜਾਂਦੇ ਹਨ। ਇਸ ਤੱਤ ਨਿਖੇੜ ਲਈ ਵੀ ਕੋਈ ਵਿਗਿਆਨਕ ਵਿਧੀ ਨਹੀਂ ਅਪਣਾਈ ਗਈ ਸਗੋਂ ਵਿਆਖਿਆ ਰੂਪ ਵਿਚ ਹੀ ਭਾਈ ਵੀਰ ਸਿੰਘ ਦੇ ਨਾਵਲ ਉੱਪਰ ਚਰਚਾ ਹੈ। 'ਨਾਵਲਕਾਰ ਭਾਈ ਵੀਰ ਸਿੰਘ' ਪੁਸਤਕ ਡਾ.ਗੁਰਚਰਨ ਸਿੰਘ ਮਹਿਤਾ ਦੀ ਕਿਰਤ ਹੈ ਜਿਸ ਵਿਚ ਆਪ ਨੇ ਇਸ ਵਿਧੀ ਨੂੰ ਅਪਣਾਇਆ ਹੈ ਅਤੇ ਭਾਈ ਸਾਹਿਬ ਦੇ ਚਾਰਾਂ ਨਾਵਲਾਂ ਦਾ ਹੀ ਤੱਤਮੂਲਕ ਅਧਿਐਨ ਕੀਤਾ ਹੈ। ਇਸ ਤੋਂ ਬਿਨਾਂ ਡਾ.ਦਰਸ਼ਨ ਗਰੋਵਰ ਦੀ ਪੁਸਤਕ ਪੰਜਾਬੀ ਇਤਿਹਾਸਕ ਨਾਵਲ ਵਿਚ 'ਭਾਈ ਵੀਰ ਸਿੰਘ ਦੇ ਇਤਿਹਾਸਕ ਰੁਮਾਂਸ' ਪਾਠ ਅਧੀਨ ਤੱਤ ਮੁਖੀ ਆਲੋਚਨਾ ਕੀਤੀ ਪ੍ਰਾਪਤ ਹੁੰਦੀ ਹੈ। ਇਸ ਵਿਚ ਫ਼ਰਕ ਸਿਰਫ਼ ਇਤਨਾ ਹੈ ਕਿ ਭਾਈ ਵੀਰ ਸਿਘ ਦੇ ਨਾਵਲਾਂ ਵਿਚਲੇ ਤੱਤਾਂ ਦਾ ਨਿਖੇੜ ਇਸ ਢੰਗ ਨਾਲ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਜਗੀਰਦਾਰੀ ਪਰਿਪੇਖ ਵਿਚ ਸਮਝਿਆ ਜਾ ਸਕੇ ਅਤੇ ਉਨ੍ਹਾਂ ਨਾਵਲਾਂ ਨੂੰ ਨਾਵਲ ਘੱਟ ਅਤੇ ਇਤਿਹਾਸਕ ਰੁਮਾਂਸ ਕਥਾ ਦੇ ਰੂਪ ਵਿਚ ਜ਼ਿਆਦਾ ਦਿਖਾਇਆ ਜਾ ਸਕੇ। ਇਸ ਦੇ ਨਾਲ ਹੀ ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਕੁਝ ਅਜਿਹੇ ਨਿਬੰਧ ਸਾਡੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਰਾਹੀਂ ਭਾਈ ਸਾਹਿਬ ਦੇ ਨਾਵਲਾਂ ਦੇ ਕਿਸੇ ਨਾ ਕਿਸੇ ਤੱਤ ਉੱਪਰ ਵਿਚਾਰ ਕੀਤੀ ਪ੍ਰਾਪਤ ਹੁੰਦੀ ਹੈ ਜਿਵੇਂ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਤਰਾਂ ਦਾ ਸਰੂਪ,ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਪਾਤਰ ਚਿਤਰਨ, ਨਾਵਲ ਸੁੰਦਰੀ ਦਾ ਕਥਾ ਸੰਦਰਭ, ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਨਾਇਕ ਦਾ ਸੰਕਲਪ, ਭਾਈ ਵੀਰ ਸਿੰਘ ਦੇ ਨਾਵਲਾਂ ਦਾ ਭਾਸ਼ਾਗਤ ਅਧਿਐਨ ਆਦਿ ਕੁਝ ਅਜਿਹੇ ਨਿਬੰਧ ਹਨ ਜੋ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਤੱਤ ਮੂਲਕ ਚਰਚਾ ਦਾ ਆਧਾਰ ਬਣਾਉਂਦੇ ਹਨ।

ਭਾਈ ਵੀਰ ਸਿੰਘ ਦੇ ਨਾਵਲਾਂ ਦੀ ਆਲੋਚਨਾ ਦਾ ਇਕ ਹੋਰ ਰੂਪ ਭਾਈ ਸਾਹਿਬ ਦੇ ਨਾਵਲਾਂ ਨੂੰ ਕਿਸੇ ਨਾ ਕਿਸੇ ਸਮਾਜਿਕ-ਸਾਹਿਤਕ ਧਾਰਾ ਨਾਲ ਜੋੜ ਕੇ ਅਧਿਐਨ ਕਰਨ ਨਾਲ ਸੰਬੰਧਤ ਹੈ। ਇਸ ਅਧੀਨ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਸਿੰਘ ਸਭਾ ਲਹਿਰ, ਇਤਿਹਾਸ ਅਤੇ ਧਰਮ ਨਾਲ ਜੋੜ ਕੇ ਦੇਖਿਆ ਗਿਆ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਉੱਪਰ ਸਿੰਘ ਸਭਾ ਲਹਿਰ ਦਾ ਪ੍ਰਭਾਵ, ਸੁੰਦਰੀ, ਬਿਜੈ ਸਿੰਘ-ਸਿੱਖ Identity ਮੁੱਢਲਾ ਪੰਜਾਬੀ ਨਾਵਲ ਰਾਜਨੀਤਕ ਅਵਚੇਤਨ ਅਤੇ ਧਾਰਮਕ ਸਭਿਆਚਾਰਕ ਪੁਨਰ-ਸੁਰਜੀਤੀ ਦੇ ਨਾਵਲ ਦੇ ਰੂਪ ਵਿਚ ਪਹਿਚਾਣਨ ਦਾ ਯਤਨ ਕੀਤਾ ਗਿਆ ਹੈ। ਅਜਿਹੀ ਆਲੋਚਨਾ ਬਿਰਤੀ ਤਹਿਤ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਨੂੰ ਲੋੜੀਂਦੇ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਹੈ ਅਤੇ ਅਜਿਹੀ ਵਿਚਾਰ ਕਰਦਿਆਂ ਹੋਇਆਂ ਨਾਵਲ ਰਚਨਾ ਦੇ ਸਿਰਫ਼ ਉਸੇ ਮੁਹਾਂਦਰੇ ਨੂੰ ਪਹਿਚਾਣਿਆ ਗਿਆ ਹੈ। ਭਾਈ ਵੀਰ ਸਿੰਘ ਦੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਹੋਣ ਬਾਰੇ ਡਾ. ਸੁਰਿੰਦਰ ਸਿੰਘ ਦੁਸਾਂਝ ਦਾ ਮੱਤ ਹੈ।

ਇਹ ਤਿੰਨੇ ਨਾਵਲ (ਸੁੰਦਰੀ, ਸਤਵੰਤ ਕੌਰ, ਬੀਜੈ ਸਿੰਘ) ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਹਨ। ਸਿੰਘ ਸਭਾ ਲਹਿਰ ਰਾਜਨੀਤਿਕ ਸਮੱਸਿਆਵਾਂ ਤੋਂ ਪੱਲਾ ਬਚਾਉਂਦੀ ਹੋਈ ਭੂਤ ਮੁਖੀ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਰ ਰਹੀ ਸੀ। ਸਮੇਂ ਦੀ ਸਥਿਤੀ ਹੇਠ ਸਿੱਖ ਧਰਮ ਵਿਚ ਆ ਰਹੇ ਪਤਨ ਨੂੰ ਰੋਕਣ ਦੇ ਯਤਨ ਪ੍ਰਤੱਖ ਸਨ। ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਫੋਲ ਕੇ ਸਿੱਖ ਧਰਮ ਦੀ ਪੁਨਰ-ਸੁਰਜੀਤੀ ਕਰਨਾ ਇਸ ਦੇ ਮੁੱਖ ਮੰਤਵਾਂ ਵਿਚੋਂ ਇਕ ਸੀ। ਇਸੇ ਮੰਤਵ ਅਧੀਨ ਸਿੱਖ ਧਰਮ ਦੇ ਮਹੱਤਵਪੂਰਨ ਇਤਿਹਾਸਕ ਸਮੇਂ ਨੂੰ ਵਾਹਣ ਬਣਾ ਕੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਆਪਣੇ ਨਾਵਲਾਂ ਦੀ ਰਚਨਾ ਕਰਦਾ ਹੈ। [24]

ਇਸ ਢੰਗ ਨਾਲ ਇਨ੍ਹਾਂ ਆਲੋਚਕਾਂ ਅਨੁਸਾਰ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਦਾ ਮੁਖ ਆਸ਼ਾ ਸਿੰਘ ਸਭਾ ਦੇ ਮਨੋਰਥ ਦਾ ਪ੍ਰਚਾਰ ਹੈ। ਇਸੇ ਪ੍ਰਚਾਰ ਦੇ ਆਸ਼ੇ ਨੂੰ ਲੈ ਕੇ ਭਾਈ ਵੀਰ ਸਿੰਘ ਨੂੰ ਸਿੱਖ ਧਰਮ ਅਤੇ ਇਸ ਦੇ ਸਰੋਤਾਂ ਨੂੰ ਆਪਣੀ ਨਾਵਲ ਰਚਨਾ ਦਾ ਆਧਾਰ ਬਣਾਇਆ। ਇਨ੍ਹਾਂ ਆਲੋਚਕਾਂ ਮੁਤਾਬਕ ਇਸੇ ਹੀ ਮਨੋਰਥ ਨੂੰ ਸਾਹਮਣੇ ਰੱਖ ਕੇ ਭਾਈ ਸਾਹਿਬ ਨੇ ਆਪਣੇ ਨਾਵਲਾਂ ਵਿਚ ਵਿਸ਼ੇ-ਵਸਤੂ,ਪਾਤਰਾਂ,ਅਤੇ ਭਾਸ਼ਕ ਸ਼ਬਦਾਵਲੀ ਦੀ ਚੋਣ ਕੀਤੀ। ਯਾਦ ਰਹੇ ਕਿ ਸਿੰਘ ਸਭਾ ਉਸ ਸਿੱਖ ਬੁਰਜ਼ੁਆਜ਼ੀ ਦਾ ਹੀ ਬਦਲਵਾਂ ਰੂਪ ਸੀ ਜੋ ਆਪਣੇ ਅਧਿਕਾਰਾਂ ਤੋਂ ਵੰਚਿਤ ਹੋ ਚੁਕੀ ਸੀ ਅਤੇ ਬਦਲਵੇਂ ਰੂਪ ਵਿਚ ਤਾਕਤ ਹਾਸਿਲ ਕਰਨ ਲਈ ਯਤਨਸ਼ੀਲ ਸੀ। ਇਸ ਲਹਿਰ ਦਾ ਰਾਜਨੀਤਕ ਮੁਫਾਦ ਆਰਥਕ ਵਸੀਲਿਆਂ ਉੱਪਰ ਹੱਕ ਜਮਾਈ ਰੱਖਣਾ ਸੀ ਜਿਸ ਲਈ ਉਨ੍ਹਾਂ ਧਰਮ ਦੀ ਓਟ ਵਿਚ ਸਿੱਖ ਕੌਮ ਨੂੰ ਵਰਤਿਆ। ਇਸ ਰਾਹੀਂ ਇਕ ਪਾਸੇ ਇਹ ਵਰਗ ਆਪਣੀ ਰਾਜਸੀ ਪ੍ਰਤੀਨਿਧਤਾ ਪ੍ਰਾਪਤੀ ਵੱਲ ਅੱਗੇ ਵਧਿਆ ਅਤੇ ਲੰਮੇ ਅਰਸੇ ਬਾਅਦ ਅਕਾਲੀ ਲਹਿਰ ਦੇ ਬਦਲਵੇਂ ਰੂਪ ਵਿਚ ਉੱਭਰਕੇ ਸਾਹਮਣੇ ਆਇਆ। ਸਿੱਖ ਧਰਮ ਪ੍ਰਚਾਰ ਦਾ ਇਹ ਨੁਕਤਾ ਨਿਰਸੰਦੇਹ ਨਿਰੋਲ ਧਾਰਮਕ ਨਾ ਹੋ ਕੇ ਜਾਤੀ ਹਿੱਤਾਂ ਤੋਂ ਪ੍ਰੇਰਿਤ ਸੀ। ਇਹੀ ਕਰਨ ਹੈ ਕਿ ਕਈ ਥਾਈਂ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਦੇ ਸਿੱਖੀ ਆਦਰਸ਼ ਗੁਰਬਾਣੀ ਦੀ ਕਸੌਟੀ ’ਤੇ ਖਰੇ ਨਹੀਂ ਉਤਰਦੇ। ਜਿਥੋਂ ਤੱਕ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਰਾਜਨੀਤਕ ਪੈਂਤੜੇ ਦੀ ਗੱਲ ਹੈ ਨਾਵਲ ਕਿਰਤਾਂ ਦਾ ਵਸਤੂ ਸਵੈ-ਬਚਾਓ ਵਾਲਾ ਪੈਂਤੜਾ ਅਪਣਾਉਂਦਾ ਹੈ। ਦੂਸਰਾ ਇਹ ਨਵ ਕਿਰਤਾਂ ਉਸ ਆਰਥਕ-ਰਾਜਸੀ ਪ੍ਰਬੰਧ ਦੀ ਹਾਮੀ ਭਰਦੀਆਂ ਹਨ ਜੋ ਮਾਨਵਤਾ ਪੱਖੀ ਹੋਵੇ। ਆਲੋਚਕਾਂ ਅਨੁਸਾਰ ਭਾਈ ਸਾਹਿਬ ਦੇ ਨਾਵਲਾਂ ਵਿਚ ਆਇਆ ਰਾਜਨੀਤਕ ਅਵਚੇਤਨ ਮਜਲੂਮਾਂ ਵਿਚਲੇ ਵਿਰੋਧ/ਟੱਕਰ ਨੂੰ ਦਰਸਾਉਂਦਾ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਅਗਲਾ ਆਲੋਚਨਾ ਰੁਝਾਨ ਵਿਸ਼ਲੇਸ਼ਣ ਨਾਲ ਸੰਬੰਧਤ ਹੈ। ਇਹ ਮਾਰਕਸਵਾਦੀ/ਪ੍ਰਗਤੀਵਾਦੀ ਆਲੋਚਨਾ ਬਿਰਤੀ ਨਾਲ ਸੰਬੰਧਤ ਹੈ। ਇਹ ਪ੍ਰਵਿਰਤੀ ਸੰਤ ਸਿੰਘ ਸੇਖੋਂ ਦੁਆਰਾ ‘ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ’ ਪੁਸਤਕ ਰਾਹੀਂ ਸ਼ੁਰੂ ਕੀਤੀ ਗਈ ਹੈ। ਇਸ ਪ੍ਰਵਿਰਤੀ ਤਹਿਤ ਭਾਈ ਵੀਰ ਸਿੰਘ ਦੀ ਰਚਨਾ ਨੂੰ ਸਮਾਜਕ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਹੈ। ਇਸੇ ਪ੍ਰਵਿਰਤੀ ਨੂੰ ਅੱਗੇ ਵਧਾਉਂਦਿਆਂ ਪ੍ਰੋ. ਕਿਸ਼ਨ ਸਿੰਘ, ਡਾ. ਸਵਿੰਦਰ ਸਿੰਘ ਉੱਪਲ, ਡਾ. ਸੁਰਿੰਦਰ ਸਿੰਘ ਦੁਸਾਂਝ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ. ਆਰ. ਨੇ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਅਧਿਐਨ ਕੀਤਾ ਹੈ। ਇਹ ਪ੍ਰਵਿਰਤੀ ਨਾਲ ਜੁੜੇ ਹੋਏ ਆਲੋਚਕਾਂ ਦੁਆਰਾ ਵਿਗਿਆਨਕ ਤਰਕ ਦੇ ਆਧਾਰ ’ਤੇ ਵਿਸ਼ਲੇਸ਼ਣੀ ਵਿਧੀ ਨੂੰ ਅਪਣਾਉਂਦਿਆਂ ਹੋਇਆਂ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕੀਤਾ ਹੈ।

ਭਾਈ ਵੀਰ ਸਿੰਘ ਨਾਲ ਸੰਬੰਧਤ ਆਲੋਚਨਾ ਵਿਚ ਨਵ-ਆਲੋਚਨਾ ਪੱਧਤੀ ਤਹਿਤ ਰੂਪਵਾਦੀ ਸਾਹਿਤ ਸ਼ਾਸਤਰ ਨਾਲ ਸੰਬੰਧਤ ਆਲੋਚਨਾ ਪ੍ਰਾਪਤ ਹੁੰਦੀ ਹੈ। ਇਸ ਅਧੀਨ ‘ਪੰਜਾਬੀ ਗਲਪ-ਪ੍ਰਬੰਧ’ ਪੁਸਤਕ ਵਿਚ ਡਾ.ਸੁਨੀਤਾ ਕੌਸ਼ਲ ਨੇ ਭਾਈ ਵੀਰ ਸਿੰਘ ਦੇ ਨਾਵਲ ‘ਸੁੰਦਰੀ’ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਇਆ ਹੈ। ਇਸ ਤਹਿਤ ਆਲੋਚਕ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਗਲਪ ਪੈਰਾਡਾਈਮ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਲ ਹੀ ਇਸ ਲਈ ਵਰਤੀਆਂ ਗਲਪ ਰੂੜ੍ਹੀਆਂ ਦੀ ਗੱਲ ਵੀ ਕੀਤੀ ਹੈ। ਡਾ. ਸੁਨੀਤਾ ਕੌਸ਼ਲ ਅਨੁਸਾਰ ਭਾਈ ਸਾਹਿਬ ਦਾ ਗਲਪੀ ਬਿੰਬ ਹਮੇਸ਼ਾਂ ਹੀ ਸਿੱਖ ਧਰਮ ਦੇ ਘੇਰੇ ਅਧੀਨ ਘੁੰਮਦਾ ਹੈ। ਧਰਮ ਹੀ ਇੱਕੋ ਅਜਿਹਾ ਨੁਕਤਾ ਹੈ ਜੋ ਸਾਰੀ ਰਚਨਾ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸੇ ਪ੍ਰਕਾਰ ਹੀ ਇਕ ਹੋਰ ਅਧਿਐਨ ‘ਪੰਜਾਬੀ ਨਾਵਲ ਦਾ ਗਲਪ ਸ਼ਾਸਤਰ’ ਪੁਸਤਕ ਵਿਚ ਜਸਪਾਲ ਕੌਰ ਕਾਂਗ ਦੁਆਰਾ ਕੀਤਾ ਮਿਲਦਾ ਹੈ। ਇਸ ਵਿਚ ਆਲੋਚਕਾਂ ਅਨੁਸਾਰ ਨਾਵਲਾਂ ਦਾ ਪੈਰਾਡਾਈਮ ਇਤਿਹਾਸ ਦੇ ਝਰੋਖੇ ਵਿਚੋਂ ਫੈਲਦਾ ਹੈ। ਡਾ.ਕਾਂਗ ਇਨ੍ਹਾਂ ਨਾਵਲਾਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ।





ਉਪਰੋਕਤ ਚਰਚਾ ਭਾਈ ਸਾਹਿਬ ਦੇ ਨਾਵਲੀ ਦ੍ਰਿਸ਼ਟੀ ਨਾਲ ਸੰਬੰਧਤ ਹੈ। ਭਾਈ ਸਾਹਿਬ ਦੇ ਨਾਵਲਾਂ ਨਾਲ ਸੰਬੰਧਤ ਆਲੋਚਨਾ ਦਾ ਦੂਜਾ ਪੱਖ ਆਪ ਦੇ ਨਾਵਲਾਂ ਦੀ ਕਲਾ ਨਾਲ ਹੈ। ਇਸ ਸੰਬੰਧ ਵਿਚ ਵੀ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਕੁਝ ਵਿਦਵਾਨ ਨਾਵਲ ਨੂੰ ਨਾਵਲ ਵਿਧਾ ਦੇ ਘੇਰੇ ਵਿਚ ਰੱਖਦੇ ਹਨ ਅਤੇ ਕੁਝ ਇਤਿਹਾਸਕ ਰੁਝਾਨਾਂ ਦੇ ਘੇਰੇ ਵਿਚ। ਬਹੁਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਸਾਹਿਬ ਦੀ ਕਲਾ ਉਦੇਸ਼ਮੁਖਤਾ ਕਾਰਨ ਨੀਵੇਂ ਪੱਧਰ ਦੀ ਰਹੀ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਦੀ ਆਲੋਚਨਾ ਦਾ ਇਕ ਹੋਰ ਰੂਪ ਭਾਈ ਸਾਹਿਬ ਦੇ ਨਾਵਲਾਂ ਨੂੰ ਕਿਸੇ ਨਾ ਕਿਸੇ ਸਮਾਜਕ-ਸਾਹਿਤਕ ਧਾਰਾ ਨਾਲ ਜੋੜ ਕੇ ਅਧਿਐਨ ਕਰਨ ਨਾਲ ਸੰਬੰਧਤ ਹੈ। ਇਸ ਅਧੀਨ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਧਰਮ ਸਿੰਘ ਸਭਾ ਲਹਿਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸ ਸੰਬੰਧੀ ਗਗਨ ਇੰਦਰ ਕੌਰ ਦੀ ਪੁਸਤਕ ‘ਭਾਈ ਵੀਰ ਸਿੰਘ ਦੇ ਨਾਵਲਾਂ ’ਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ’ ਪ੍ਰਾਪਤ ਹੁੰਦੀ ਹੈ। ਇਸ ਰਚਨਾ ਅਨੁਸਾਰ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਸਿੱਧੇ ਰੂਪ ਵਿਚ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਸੀ। ਆਪ ਨੇ ਸਿਰਫ਼ ਸਿੰਘ ਸਭਾ ਲਹਿਰ ਦੇ ਟੀਚਿਆਂ ਦੀ ਪੂਰਤੀ ਲਈ ਹੀ ਨਾਵਲ ਵਿਧਾ ਨੂੰ ਚੁਣਿਆ ਹੈ।

ਪੰਜਾਬੀ ਵਿਚ ਆਲੋਚਨਾ ਨੂੰ ਵਿਗਿਆਨਕ ਲੀਹਾਂ ਉੱਪਰ ਸੰਤ ਸਿੰਘ ਸੇਖੋਂ ਦੁਆਰਾ ਤੋਰਿਆ ਗਿਆ। ਪ੍ਰਗਤੀਵਾਦੀ ਸਾਹਿਤ ਆਲੋਚਨਾ ਦੀ ਨੀਹਾਂ ਸੰਤ ਸਿੰਘ ਸੇਖੋਂ ਦੁਆਰਾ ਆਪਣੀ ਪੁਸਤਕ ਸਾਹਿਤਿਆਰਥ, ਨਾਵਲ ਤੇ ਪਲਾਟ, ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ, ਰਾਹੀਂ ਰੱਖੀ ਗਈ। ਭਾਈ ਵੀਰ ਸਿੰਘ ਦੇ ਨਾਵਲ ਨੂੰ ਪ੍ਰਗਤੀਵਾਦੀ ਨਜ਼ਰੀਏ ਤੋਂ ਸੇਖੋਂ ਦੁਆਰਾ ‘ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ’ ਪੁਸਤਕ ਵਿਚ ਦੇਖਿਆ ਗਿਆ। ਸੰਤ ਸਿੰਘ ਸੇਖੋਂ ਭਾਈ ਵੀਰ ਸਿੰਘ ਨਾਵਲ ਆਲੋਚਨਾ ਦੇ ਸਾਮਰਾਜ ਵਿਰੋਧੀ ਨਾ ਹੋਣ ’ਤੇ ਕਿੰਤੂ ਕਰਦੇ ਹਨ:

> ਸੱਚ ਦੀ ਗੱਲ ਤਾਂ ਇਹ ਹੈ ਕਿ ਉਹ (ਭਾਈ ਵੀਰ ਸਿੰਘ) ਰਾਜ ਦੇ ਖੁੱਸ ਜਾਣ ਦੇ ਕਾਰਨਾਂ ਨੂੰ ਦੂਰ ਕਰਕੇ ਉਸ ਰਾਜ ਨੂੰ ਵਾਪਸ ਲਿਆਉਣਾ ਚਾਹੁੰਦੇ ਸਨ। ਪਰ ਉਹ ਸਪਸ਼ਟ ਭਾਤ ਆਪਣਾ ਕੋਈ ਅਜਿਹਾ ਮਨੋਰਥ ਨਹੀਂ ਦਰਸਾਉਂਦੇ। ਜੇ ਓਹ ਸਿੱਖ ਰਾਜ ਸਥਾਪਨ ਦੇ ਚਾਹਵਾਨ ਸਨ ਤਾਂ ਉਹ ਅਜਿਹਾ ਕਹਿਣ ਤੋਂ ਸੰਕੋਚ ਕਰਦੇ ਸਨ। ਕਿਹਾ ਜਾ ਸਕਦਾ ਹੈ ਕਿ ਯਥਾਰਥਵਾਦੀ ਦ੍ਰਿਸ਼ਟੀ ਤੋਂ ਉਨ੍ਹਾਂ ਨੇ ਇਹ ਸਹੀ ਕਰ ਲਿਆ ਹੋਇਆ ਸੀ ਕਿ ਪੰਜਾਬ ਵਿਚ ਸਿੱਖ ਮੁੜ ਕੇ ਸਥਾਪਿਤ ਨਹੀਂ ਹੋ ਸਕਦਾ ਪਰ ਕੀ ਅਜਿਹਾ ਜਾਣਦੇ ਹੋਏ ਉਹ ਕਿਸੇ ਭਾਰਤੀ ਸਵਰਾਜ ਤੇ ਤਾਂਘੀ ਸਨ। ਭਾਈ ਵੀਰ ਸਿੰਘ ਦੀ ਸੁੰਦਰੀ ਦੀ ਰਚਨਾ ਸਮੇਂ ਦੀ ਕਿਸੇ ਲਿਖਤ ਤੋਂ ਉਨ੍ਹਾਂ ਦੇ ਮਨ ਵਿਚ ਕਿਸੇ ਅਜਿਹੀ ਤਾਂਘ ਦੀ ਹੋਂਦ ਪ੍ਰਤੀਤ ਨਹੀਂ ਹੁੰਦੀ। ਪ੍ਰਤੀਤ ਇਉਂ ਹੀ ਹੁੰਦਾ ਹੈ ਕਿ ਉਹ ਅੰਗਰੇਜ਼ੀ ਸਾਮਰਾਜ ਅਧੀਨ ਸਿੱਖਾਂ ਨੂੰ ਫੁਲਦਾ-ਫੱਲਦਾ ਦੇਖਣਾ ਚੁਣਦੇ ਸਨ। [25]

ਸੰਤ ਸਿੰਘ ਸੇਖੋਂ ਦੁਆਰਾ ਭਾਈ ਦੇ ਨਾਵਲਾਂ ਦੀ ਢਿੱਲੀ ਗੋਂਦ, ਆਦਰਸ਼ਕ ਪਾਤਰ ਚਿਤਰਨ ਨੂੰ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਗਿਆ ਹੈ। ਪ੍ਰਗਤੀਵਾਦੀ ਧਾਰਾ ਨਾਲ ਜੁੜਿਆ ਭਾਈ ਵੀਰ ਸਿੰਘ ਨਾਵਲ ਦੀ ਆਲੋਚਨਾ ਦਾ ਪ੍ਰਵਕਤਾ ਹਰਚਰਨ ਸਿੰਘ ਸੋਬਤੀ,ਉਸ ਨੇ ਆਪਣੇ ਲੇਖ ‘ਸਿੱਖ Identity’ ਵਿਚ ਭਾਈ ਵੀਰ ਸਿੰਘ ਦੁਆਰਾ ਵਰਗ ਸਮਾਜ ਦੀ ਕੀਤੀ ਪੈਰਵਾਈ ਨੂੰ ਗਲਤ ਮੰਨਦੇ ਹਨ। ਉਨ੍ਹਾਂ ਨੂੰ ਸਿੱਖ ਬੁਰਜ਼ੁਆਜ਼ੀ ਦਾ ਅੰਗਰੇਜ਼ੀ ਸਰਪ੍ਰਸਤੀ ਹਾਸਿਲ ਕਰਨਾ ਵੀ ਨਹੀਂ ਸੁਖਾਂਦਾ। ਇਸੇ ਤਰ੍ਹਾਂ ਦੀ ਪ੍ਰੋ.ਕਿਸ਼ਨ ਸਿੰਘ ਨੇ ਪ੍ਰਗਤੀਵਾਦੀ ਧਾਰਾ ਅਧੀਨ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਆਪਣੀਆਂ ਆਲੋਚਨਾ ਕਿਰਤਾਂ ਵਿਚ ਥਾਂ-ਪਰ-ਥਾਂ ਵਿਚਾਰਿਆ ਹੈ। ਉਨ੍ਹਾਂ ਭਾਈ ਵੀਰ ਸਿੰਘ ਦੀਆ ਨਾਵਲ ਰਚਨਾਵਾਂ ਵਿਚਲੇ ਪਾਤਰਾਂ ਨੂੰ ਦਿਮਾਗੀ ਹਿਕਮਤ ਦਾ ਨਤੀਜਾ ਹੀ ਮੰਨਿਆ ਹੈ। [26]

ਡਾ.ਸੁਰਿੰਦਰ ਸਿੰਘ ਦੁਸਾਂਝ ਨੇ ਇਤਿਹਾਸਪਰਕ ਅਧਿਐਨ ਵਿਧੀ ਰਾਹੀਂ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਆਪਣੇ ਅਧਿਐਨ ਦਾ ਹਿੱਸਾ ਬਣਾਇਆ ਹੈ। ਡਾ. ਦੁਸਾਂਝ ਪੂਰਨ ਸੁਹਿਰਦਤਾ, ਸਮਾਜਕ ਪ੍ਰਤੀਬੱਧਤਾ ਅਤੇ ਸਮਾਜ ਨੂੰ ਕੋਈ ਪੱਕੀ ਸੇਧ ਦੇਣ ਦੀ ਮੰਗ ਨਾਵਲਕਾਰ ਪਾਸੋਂ ਕਰਦੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਦਾ ਇਤਿਹਾਸਕ ਅਧਿਐਨ ਕਰਦਿਆਂ ਉਹ ਮੰਨਦੇ ਹਨ ਕਿ:

> ਧਾਰਮਿਕ ਇਤਿਹਾਸਕ ਨਾਵਲਾਂ ਵਿਚ ਲੇਖਕ ਪਾਸੋਂ ਨਿਰਪੱਖ ਦ੍ਰਿਸ਼ਟੀ ਦੀ ਮੰਗ ਪੈਰ 'ਤੇ ਕੀਤੀ ਜਾਂਦੀ ਹੈਂ ਜਿਸ ਨੂੰ ਭਾਈ ਵੀਰ ਸਿੰਘ ਪੂਰਾ ਕਰਨ ਤੋਂ ਅਸਮਰੱਥ ਰਿਹਾ ਹੈ। ਭਾਈ ਵੀਰ ਸਿੰਘ ਦਾ ਮੰਤਵ ਹੀ ਪੱਖਪਾਤੀ ਸੀ।[27]

ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਇਤਿਹਾਸਕ ਨਾਵਲ ਮੰਨਣ ਵਾਲੇ ਆਲੋਚਕ ਭਾਈ ਸਾਹਿਬ ਨੂੰ ਪਹਿਲੇ ਪੰਜਾਬੀ ਇਤਿਹਾਸਕ ਨਾਵਲਕਾਰ ਵਜੋਂ ਵੀ ਦੇਖਦੇ ਹਨ। ਉਨ੍ਹਾਂ ਅਨੁਸਾਰ ਭਾਈ ਵੀਰ ਸਿੰਘ ਨੇ ਪੰਜਾਬੀ ਵਿਚ ਪਹਿਲੀ ਵਾਰ ਇਤਿਹਾਸਕ ਨਾਵਲ ਦੀ ਪਿਰਤ ਪਾਈ ਅਤੇ ਪੰਜਾਬੀ ਨੂੰ ਨਵੀਂ ਰੂਪ-ਵਿਧਾ ਤੋਂ ਜਾਣੂ ਕਰਵਾਇਆ। ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਨਵ-ਆਲੋਚਨਾ ਪ੍ਰਵਿਰਤੀ ਅਧੀਨ ਰੂਸੀ-ਰੂਪਵਾਦੀ, ਸੰਰਚਨਾਵਾਦੀ, ਨਵੀਂ-ਆਲੋਚਨਾ ਆਦਿ ਆਲੋਚਨਾ ਪੱਧਤੀਆਂ ਅਧੀਨ ਵੀ ਆਲੋਚਨਾ ਹੋਈ ਹੈ। ਪੰਜਾਬੀ ਵਿਚ ਸੰਰਚਨਾਵਾਦੀ ਆਲੋਚਨਾ ਪ੍ਰਣਾਲੀ ਦੇ ਮੋਢੀ ਡਾ. ਹਰਿਭਜਨ ਸਿੰਘ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਕਈ ਜਗ੍ਹਾ ਅਧਿਐਨ ਦਾ ਬਿੰਦੂ ਬਣਾਇਆ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਪ੍ਰਤੀ ਡਾ.ਹਰਿਭਜਨ ਸਿੰਘ ਦਾ ਵਿਚਾਰ ਹੈ :

> ਵੀਰ ਸਿੰਘ ਅਤੇ ਨਾਨਕ ਸਿੰਘ ਇਕ ਸੱਮਸਿਆ ਦਾ ਤੁਰੰਤ ਫੁਰਤ ਹੱਲ ਕੱਢਣ ਲਈ ਤਿਆਰ ਹੁੰਦੇ ਹਨ। ਉਨ੍ਹਾਂ ਦੀ ਯਾਤਰਾ ਸੱਮਸਿਆ ਤੋਂ ਹੱਲ ਤੱਕ ਹੈ।[28]

ਇਸੇ ਰੂਪਵਾਦੀ-ਸੰਰਚਨਾਵਾਦੀ ਆਲੋਚਨਾ ਪੱਧਤੀ ਅਧੀਨ ਵੀ ਭਾਈ ਵੀਰ ਸਿੰਘ ਨਾਵਲ ਆਲੋਚਨਾ ਕੀਤੀ ਗਈ ਹੈ। ਇਸ ਪੱਧਤੀ ਅਧੀਨ ਡਾ. ਸੁਨੀਤਾ ਕੌਸ਼ਲ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਤਹਿਤ ਆਲੋਚਕ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਗਲਪ ਪੈਰਾਡਾਈਮ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਹੈ। ਡਾ. ਕੌਸ਼ਲ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਵਰਤੀਆਂ ਕਥਾਨਕ ਰੂੜ੍ਹੀਆਂ ਵਿੱਚੋਂ ਪਨਪੇ ਹੋਏ ਮੰਨਦੇ ਹਨ। ਉਨ੍ਹਾਂ ਅਨੁਸਾਰ:

> ਉਸ ਦੇ (ਭਾਈ ਵੀਰ ਸਿੰਘ) ਨਾਵਲੀ ਜਗਤ ਦੀਆਂ ਲਗਭਗ ਸਾਰੀਆਂ ਕਥਾਨਕ ਰੂੜੀਆਂ ਕਿਸੇ ਨਵੇਂ ਪੈਰਾਡਾਈਮ ਦੀ ਸਿਰਜਣਾ ਕਰਨ ਤੋਂ ਅਸਮਰੱਥ ਰਹਿੰਦੀਆਂ ਹੋਇਆਂ ਪੀਠੇ ਹੋਏ ਨੂੰ ਮੁੜ ਪੀਹ ਰਹਿਆਂ ਜਾਪਦੀਆਂ ਹਨ।[29]

ਉਪਰੋਕਤ ਵਿਸ਼ਲੇਸ਼ਣ ਉਪਰੰਤ ਇਹ ਆਖਿਆ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਸੰਬੰਧੀ ਪ੍ਰਾਪਤ ਆਲੋਚਨਾ ਵਿਧਾ-ਸ਼ਾਸਤਰੀ ਪੱਖ ਤੋਂ ਕਾਫੀ ਕਮਜ਼ੋਰ ਹੈ। ਇਸ ਆਲੋਚਨਾ ਵਿਚ ਬਹੁਤੀ ਆਲੋਚਨਾ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਾਰ ਹੀ ਪ੍ਰਸਤੁਤ ਕਰਦੀ ਹੈ। ਬਹੁਤ ਹੀ ਘੱਟ ਵਿਦਵਾਨ ਹਨ ਜਿਨ੍ਹਾਂ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਸੁਹਿਰਦਤਾ ਨਾਲ ਵਾਚਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਧਾ-ਸ਼ਾਸਤਰੀ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਹੈ। ਦੂਸਰਾ ਇਸ ਆਲੋਚਨਾ ਦਾ ਸਰੂਪ ਜ਼ਿਆਦਾਤਰ ਅਕਾਦਮਿਕਤਾ ਵਾਲਾ ਹੈ ਕਿਉਂਕਿ ਇਹ ਆਲੋਚਨਾ ਖੋਜਾਰਥੀਆਂ ਦੁਆਰਾ ਐਮ.ਏ., ਐਮ.ਫ਼ਿਲ. ਜਾਂ ਪੀਐੱਚ.ਡੀ. ਦੀ ਡਿਗਰੀ ਲਈ ਕੀਤੇ ਖੋਜ-ਕਾਰਜਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ ਜਾਂ ਵਿਦਿਆਰਥੀਆਂ ਦੀ ਅਗਵਾਈ ਲਈ ਵਿਦਵਾਨਾਂ ਦੁਆਰਾ ਉਨ੍ਹਾਂ ਦੇ ਬੌਧਿਕ ਸਤਰ ਮੁਤਾਬਕ ਕੀਤੀ ਗਈ ਹੈ। ਇਸੇ ਲਈ ਇਸ ਆਲੋਚਨਾ ਵਿਚ ਤੱਤ ਨਿਖੇੜ ਜਾਂ ਨਾਵਲ ਦੇ ਤੱਤਾਂ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਆਲੋਚਨਾ ਬਹੁਤਾਤ ਵਿਚ ਪ੍ਰਾਪਤ ਹੁੰਦੀ ਹੈ। ਨਾਵਲ ਵਿਧਾ ਦੇ ਅੰਤਰੀਵ ਵਿਚ ਕਾਰਜਸ਼ੀਲ ਸਿਧਾਂਤਾਂ ਅਤੇ ਨਾਵਲ ਵਿਧਾ ਦੇ ਉਦਭਵ ਲਈ ਕਾਰਜਸ਼ੀਲ ਪ੍ਰਸਤੁਤੀਆਂ ਪ੍ਰਤੀ ਇਸ





ਆਲੋਚਨਾ ਵਿਚ ਕੰਮ ਹੋਇਆ ਘੱਟ ਮਿਲਦਾ ਹੈ। ਬਹੁਤ ਥੋੜ੍ਹੇ ਆਲੋਚਕ ਹਨ ਜਿਨ੍ਹਾਂ ਇਸ ਪ੍ਰਤੀ ਸੁਚੇਤ ਕਾਰਜ ਕੀਤਾ ਹੈ। ਭਾਵੇ ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਸੰਬੰਧਤ ਆਲੋਚਨਾ ਵਿਚ ਸਮੀਖਿਆ ਸ਼ਾਸਤਰ ਅਨੁਸਾਰ ਊਣਤਾਈਆਂ ਹਨ ਪਰ ਫਿਰ ਵੀ ਇਸ ਵਿਚ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਪ੍ਰਥਮ ਨਾਵਲਾਂ ਵਜੋਂ ਸਥਾਨ ਦਿਵਾਉਣ ਵਿਚ, ਭਾਈ ਵੀਰ ਸਿੰਘ ਦੇ ਨਾਵਲ ਰਚਨਾ ਉਦੇਸ਼ਾਂ ਨੂੰ ਸਪਸ਼ਟ ਕਰਨ, ਨਾਵਲ ਆਲੋਚਨਾ ਜੁਗਤਾਂ ਪ੍ਰਤੀ ਪਾਠਕਾਂ ਨੂੰ ਸੁਚੇਤ ਕਰਨ ਦਾ ਗੁਣਾਤਮਕ ਤੇ ਗਿਣਆਤਮਕ ਕਾਰਜ ਕੀਤਾ ਗਿਆ ਹੈ।

0-0-0

## ਹਵਾਲੇ ਅਤੇ ਟਿੱਪਣੀਆਂ


1. ਭਾਈ ਵੀਰ ਸਿੰਘ, **ਸੁੰਦਰੀ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਐਡੀਸ਼ਨ 2000, ਪੰਨਾ 35
2. ਸੁਰਿੰਦਰ ਸਿੰਘ ਦੁਸਾਂਝ, **ਪੰਜਾਬੀ ਇਤਿਹਾਸ ਨਾਵਲ**, ਸਿਰਜਣਾ ਪ੍ਰੈਸ, ਲੁਧਿਆਣਾ, ਦਸੰਬਰ-1967, ਪੰਨਾ 37
3. ਡਾ. ਕਰਤਾਰ ਸਿੰਘ ਸੂਰੀ, 'ਭਾਈ ਵੀਰ ਸਿੰਘ ਦੀ ਗਲਪ ਰਚਨਾ', **ਖੋਜ ਪਤ੍ਰਿਕਾ (ਭਾਈ ਵੀਰ ਸਿੰਘ ਵਿਸ਼ੇਸ਼ ਅੰਕ)**, ਅੰਕ-5 (ਸਤੰਬਰ-1972), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 37
4. ਤਰਲੋਚਨ ਸਿੰਘ ਗਿੱਲ, '*ਭਾਈ ਵੀਰ ਸਿੰਘ ਦਾ ਮਹਾਨ ਨਾਵਲ ਸੁਭਾਗ ਜਿ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ*', **ਸਾਹਿਤ ਸਮਾਚਾਰ, ਅੰਕ-5 (ਮਈ-1957)**, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ 150
5. ਡਾ. ਗੁਰਚਰਨ ਸਿੰਘ ਮਹਿਤਾ, **ਨਾਵਲਕਾਰ ਭਾਈ ਵੀਰ ਸਿੰਘ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1998, ਪੰਨਾ 106
6. ਉਹੀ, ਪੰਨਾ 129
7. ਹਰਮੀਤ ਸਿੰਘ, **ਇਤਿਹਾਸਕ ਪੰਜਾਬੀ ਨਾਵਲ ਅਤੇ ਨਾਵਲਕਾਰ**, ਪੰਮੀ ਪ੍ਰਕਾਸ਼ਨ, ਨਵੀ ਦਿੱਲੀ, ਪੰਨਾ 72
8. ਪ੍ਰਿੰਸੀ. ਤੇਜਾ ਸਿੰਘ, **ਸਾਹਿਤ ਦਰਸ਼ਨ**, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, ਫਰਵਰੀ-1957, ਪੰਨਾ 174
9. ਨਰਿੰਦਰ ਤਸਨੀਮ, **ਪੰਜਾਬੀ ਨਾਵਲ ਦਾ ਮੁਹਾਂਦਰਾ**, ਆਰਸੀ ਪਬਲਿਸ਼ਰਜ਼, ਦਿੱਲੀ, 1995, ਪੰਨਾ 10
10. ਉਹੀ, ਪੰਨਾ 10
11. ਡਾ. ਸੁਰੈਨ ਸਿੰਘ ਵਿਲਖੁ, '*ਨਾਵਲ ਦੇ ਉਦੇਸ਼ ਤੇ ਪੰਜਾਬੀ ਨਾਵਲ* ', **ਖੋਜ ਪਤ੍ਰਿਕਾ (ਗਲਪ ਵਿਸ਼ੇਸ਼ ਅੰਕ), ਅੰਕ-19 (ਮਾਰਚ-1982)**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 88
12. ਪ੍ਰੋ. ਸੁਰਿੰਦਰ ਸਿੰਘ ਨਰੂਲਾ, '*ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲ* ', ਉਹੀ, ਪੰਨਾ 43
13. ਦਰਸ਼ਨ ਗਰੋਵਰ, **ਪੰਜਾਬੀ ਇਤਿਹਾਸ ਨਾਵਲ 1960 ਤੱਕ** (ਅਣਪ੍ਰਕਾਸ਼ਿਤ ਖੋਜ-ਪ੍ਰਬੰਧ), ਯੂਨੀਵਰਸਿਟੀ ਆਫ਼ ਦਿੱਲੀ, 1980, ਪੰਨਾ 15
14. ਨਿਰਮਲ ਸਿੰਘ, **ਸਿੰਘ ਸਭਾ ਲਹਿਰ ਦਾ ਪੰਜਾਬੀ ਸਾਹਿਤ 'ਤੇ ਪ੍ਰਭਾਵ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975, ਪੰਨਾ 254
15. ਮਹਿਲ ਸਿੰਘ, **ਮੁਢਲਾ ਪੰਜਾਬੀ ਨਾਵਲ : ਇਤਿਹਾਸਕ ਅਧਿਐਨ**, ਪੰਕਜ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 54
16. ਉਹੀ, ਪੰਨਾ 71
17. ਭਾਈ ਵੀਰ ਸਿੰਘ (ਭੂਮਿਕਾ), *ਬੀਜੈ ਸਿੰਘ*, **ਖ਼ਾਲਸਾ ਸਮਾਚਾਰ**, ਅੰਮ੍ਰਿਤਸਰ, 1980, ਪੰਨਾ ੲ
18. ਡਾ.ਸਤਿੰਦਰ ਸਿੰਘ, '*ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲ: ਇਕ ਪੁਨਰ-ਵਿਚਾਰ*', **ਖੋਜ ਪਤ੍ਰਿਕਾ (ਗਲਪ ਵਿਸ਼ੇਸ਼ ਅੰਕ), ਅੰਕ-19 (ਮਾਰਚ 1982)**, ਪੰਜਾਬੀ ਯੂਨਿਵਰਸਿਟੀ, ਪਟਿਆਲਾ, ਪੰਨਾ 183

19. ਉਹੀ, ਪੰਨਾ 183
20. ਉਹੀ, ਪੰਨਾ 180
21. ਦਰਸ਼ਨ ਗਰੋਵਰ, ਉਹੀ, ਪੰਨਾ 41
22. ਕੰਵਲਜੀਤ ਕੌਰ, **'ਮੁੱਢਲਾ ਪੰਜਾਬੀ ਨਾਵਲ ਰਾਜਨੀਤਿਕ-ਅਵਚੇਤਨ**, (ਅਣਪ੍ਰਕਾਸ਼ਿਤ ਖੋਜ-ਪ੍ਰਬੰਧ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994, ਪੰਨਾ 64
23. ਬਲਦੇਵ ਕੌਰ ਗਾਦੜੀ, **ਪੰਜਾਬੀ ਨਾਵਲ ਵਿਚ ਪਾਤਰ-ਉਸਾਰੀ**, (ਅਣਪ੍ਰਕਾਸ਼ਿਤ ਖੋਜ-ਪ੍ਰਬੰਧ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1978, ਪੰਨਾ 103
24. ਸੁਰਿੰਦਰ ਸਿੰਘ ਦੁਸਾਂਝ, ਉਹੀ, ਪੰਨਾ 31
25. ਸੰਤ ਸਿੰਘ ਸੇਖੋਂ, **ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1962, ਪੰਨਾ 35
26. ਪ੍ਰੋ. ਕਿਸ਼ਨ ਸਿੰਘ, **ਸਾਹਿਤ ਦੀ ਸਮਝ**, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974, ਪੰਨਾ 111
27. ਸੁਰਿੰਦਰ ਸਿੰਘ ਦੁਸਾਂਝ, ਉਹੀ, ਪੰਨਾ 43
28. ਹਰਿਭਜਨ ਸਿੰਘ, **ਪਾਰਗਾਮੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 42
29. ਡਾ. ਸੁਨੀਤਾ ਕੌਸ਼ਲ, **ਪੰਜਬੀ ਗਲਪ-ਪ੍ਰਬੰਧ**, ਲਿਟਰੇਚਰ ਹਾਊਸ, ਅੰਮ੍ਰਿਤਸਰ, 1996, ਪੰਨਾ 45

ਲੈਕਚਰਾਰ ਪੰਜਾਬੀ
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਲੜਕੇ),
ਘੜੂੰਆਂ, ਐਸ.ਏ.ਐਸ. ਨਗਰ।
ਮੋਬਾਇਲ : 98766-06039

ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ,
ਜੰਮੂ ਯੂਨੀਵਰਸਿਟੀ, ਜੰਮੂ।
ਮੋਬਾਇਲ : 94192-50434



**ਪਰਖ** ਅੰਕ-। & ॥ ਜਨਵਰੀ-ਦਸੰਬਰ 2023

# ਭਾਈ ਵੀਰ ਸਿੰਘ ਲਿਖਤ ਪੰਜਾਬੀ ਸਾਹਿਤ ਨੂੰ ਮੁੜ ਫਰੋਲਦਿਆਂ

ਪ੍ਰੋ. ਰਵੇਲ ਸਿੰਘ

ਭਾਈ ਵੀਰ ਸਿੰਘ ਨੂੰ ਅਸੀਂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਸਥਾਪਤ ਕੀਤਾ ਹੋਇਆ ਹੈ। 1849 ਵਿਚ ਅੰਗਰੇਜ਼ੀ ਹਕੂਮਤ ਦੀ ਸਥਾਪਤੀ ਤੋਂ ਬਾਅਦ ਧਰਤੀ ਦੇ ਇਸ ਖਿੱਤੇ ਵਿਚ ਬਹੁਤ ਪ੍ਰਭਾਵਸ਼ਾਲੀ ਪਰਿਵਰਤਨ ਹੁੰਦੇ ਹਨ। ਪੱਛਮੀ ਰਹਿਤਲ ਦੇ ਪ੍ਰਭਾਵ, ਉਦਯੋਗੀਕਰਣ ਅਤੇ ਪੱਛਮੀ ਵਿੱਦਿਆ ਪ੍ਰਣਾਲੀ, ਇਥੋਂ ਦੇ ਲੋਕਾਂ ਦੇ ਜੀਵਨ ਪ੍ਰਵਾਹ ਨੂੰ ਕ੍ਰਾਂਤੀਕਾਰੀ ਤਰੀਕੇ ਨਾਲ ਪ੍ਰਭਾਵਤ ਕਰਦੀ ਹੈ। ਪਰ ਇਹ ਵਰਤਾਰਾ ਕੋਈ ਸਹਿਜ ਸੁਭਾਵਿਕ ਨਹੀਂ ਵਾਪਰ ਰਿਹਾ ਸੀ ਸਗੋਂ ਇਸਦੇ ਪਿਛੇ ਬਰਤਾਨਵੀ ਹਕੂਮਤ ਦੀਆਂ ਪਸਾਰਵਾਦੀ ਨੀਤੀਆਂ ਕੰਮ ਕਰ ਰਹੀਆਂ ਸਨ। ਪੰਜਾਬ ਦੇ ਲੋਕਾਂ ਦੇ ਜੰਗਜੂ ਸੁਭਾਅ ਅਤੇ ਕਿਸੇ ਦੀ ਟੈਂਅ ਨਾ ਮੰਨਣ ਵਾਲੇ ਸਭਿਆਚਾਰਕ ਪ੍ਰਿਸ਼ਠਭੂਮੀ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਦੀ ਰਾਜਨੀਤਕ ਸੂਝ ਅਤੇ ਪੰਜਾਬ ਦੀ ਹਕੂਮਤ ਉਤੇ ਪਕੜ ਦੇ ਨਾਲ-ਨਾਲ ਲੋਕਾਂ ਦੇ ਸਹਿਯੋਗ ਸਦਕਾ ਅੰਗਰੇਜ਼ ਇਕ ਸੌ ਸਾਲ ਦੇ ਲਗਭਗ ਪੰਜਾਬ ਤੋਂ ਦੂਰ ਰਹਿੰਦਾ ਹੈ, ਹਾਲਾਂਕਿ ਪੰਜਾਬ ਉਤੇ ਕਬਜ਼ਾ ਕਰਨ ਦੇ ਉਸਦੇ ਮਨਸੂਬੇ ਕਈ ਸਾਲ ਪਹਿਲਾਂ ਹੀ ਸਮਝ ਆਉਣੇ ਸ਼ੁਰੂ ਹੋ ਜਾਂਦੇ ਹਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਕਮਜ਼ੋਰ ਕੜੀਆਂ ਦੀ ਸ਼ਨਾਖਤ ਕਰਦੇ ਹਨ ਅਤੇ ਜਿਉਂ ਹੀ ਮਹਾਰਾਜਾ ਦੀਆਂ ਅੱਖਾਂ ਬੰਦ ਹੁੰਦੀਆਂ ਹਨ ਤਾਂ ਆਪਣੀਆਂ ਲੂੰਬੜ ਚਾਲਾਂ ਰਾਹੀਂ ਪੰਜਾਬ ਨੂੰ ਵਿਸ਼ਾਲ ਬਰਤਾਨਵੀ ਰਾਜ ਦਾ ਹਿੱਸਾ ਬਣਾ ਲੈਂਦੇ ਹਨ। ਪੰਜਾਬ ਦੇ ਲੋਕ ਆਪਣੇ ਸੁਭਾਅ ਅਨੁਸਾਰ ਛੇਤੀ ਹੀ ਵਿਦਰੋਹ ਤੇ ਉਤਰ ਆਉਂਦੇ ਹਨ ਤਾਂ ਅੰਗਰੇਜ਼ ਹਾਕਮ ਇਕ ਵਿਸ਼ੇਸ਼ ਕਮਿਸ਼ਨ ਬਣਾ ਕਿ ਪੰਜਾਬ ਉਤੇ ਆਪਣੇ ਕਬਜ਼ੇ ਨੂੰ ਮਜ਼ਬੂਤ ਬਣਾਉਣ ਦੀ ਲੰਬੇ ਸਮੇਂ ਦੀ ਨੀਤੀ ਘੜਦੇ ਹਨ। ਇਸ ਵਿਸ਼ੇਸ਼ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਹੀ ਗੋਰੀ ਹਕੂਮਤ ਪੰਜਾਬ ਅੰਦਰ ਵਿਸ਼ੇਸ਼ ਕਿਸਮ ਦੀਆਂ ਨੀਤੀਆਂ ਲਾਗੂ ਕਰਦੀ ਹੈ। ਇਨ੍ਹਾਂ ਨੀਤੀਆਂ ਵਿਚ ਪੰਜਾਬੀਆਂ ਨੂੰ ਹੀਣਤਾ ਦਾ ਅਹਿਸਾਸ ਕਰਵਾਉਣ ਲਈ ਇਸ ਦੇ ਸਭਿਆਚਾਰ ਨੂੰ ਨੀਵਾਂ ਦਿਖਾਉਣਾ, ਇਨ੍ਹਾਂ ਨੂੰ ਧਰਮ ਦੇ ਨਾਮ ਤੇ ਪਛੜੇ ਹੋਏ ਗਰਦਾਨਣਾ, ਇਨ੍ਹਾਂ ਦੀ ਭਾਸ਼ਾ ਨੂੰ ਛੁਟਿਆ ਕੇ ਵੇਖਣਾ, ਅੰਗਰੇਜ਼ੀ ਸਕੂਲ ਤੇ ਕਾਲਜ ਖੋਲ੍ਹਣਾ ਤੇ ਇਸਾਈ ਧਰਮ ਦਾ ਪ੍ਰਚਾਰ ਕਰਨ ਸਮੇਤ ਅਨੇਕਾਂ ਪਹਿਲ ਕਦਮੀਆਂ ਸਨ। ਸਭ ਤੋਂ ਵੱਡਾ ਹਮਲਾ ਮਿਸ਼ਨਰੀ ਪ੍ਰੈਸ ਲਗਾ ਕੇ ਸ਼ੁਰੂ ਕੀਤਾ ਗਿਆ। ਸਕੂਲਾਂ/ਕਾਲਜਾਂ ਵਿਚ ਇਸਾਈ ਧਰਮ ਨਾਲ ਸਬੰਧਤ ਸਲੇਬਸ ਲਾਗੂ ਕੀਤੇ ਗਏ ਅਤੇ ਪੰਜਾਬ ਦੇ ਕਈ ਸ਼ਹਿਰਾਂ ਵਿਸ਼ੇਸ਼ ਕਰਕੇ ਲਾਹੌਰ ਅਤੇ ਅੰਮ੍ਰਿਤਸਰ ਦੇ ਆਲੇ ਦੁਆਲੇ ਵੱਡੀ ਗਿਣਤੀ ਵਿਚ ਚਰਚਾਂ ਦੀ ਉਸਾਰੀ ਕੀਤੀ ਗਈ ਸੀ। ਅਜਿਹੇ ਸੰਕਟ ਭਰੇ ਸਮਿਆਂ ਵਿਚ ਹੀ ਭਾਈ ਵੀਰ ਸਿੰਘ ਜੀ ਦਾ ਜਨਮ ਹੁੰਦਾ ਹੈ। ਬਰਤਾਨਵੀ ਹਾਕਮ ਭਾਵੇਂ ਆਪਣੀਆਂ ਕੂਟਨੀਤਕ ਚਾਲਾਂ ਤਹਿਤ ਹੀ ਆਪਣੇ ਗ੍ਰੰਥਾਂ ਅਤੇ ਹੋਰ ਸਾਹਿਤ ਦਾ ਅਨੁਵਾਦ ਕਰਵਾ ਕੇ ਪੰਜਾਬ ਵਿਚ ਵੰਡ ਰਹੇ ਸਨ ਪਰ ਇਸ ਦਾ ਫਾਇਦਾ ਪੰਜਾਬੀ ਸਾਹਿਤ ਨੂੰ ਅਪ੍ਰੋਖ ਰੂਪ ਵਿਚ ਜ਼ਰੂਰ ਹੋਇਆ ਹੈ। ਇਕ ਤਾਂ ਅੰਗ੍ਰੇਜ਼ੀ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆ ਦੀ ਸਾਂਝ ਪੱਛਮੀ ਸਾਹਿਤ ਨਾਲ ਪੈਣੀ ਸ਼ੁਰੂ ਹੋਈ ਤੇ ਦੂਜਾ ਸਾਧਾਰਣ ਲੇਖਕਾਂ/ਪਾਠਕਾਂ ਦੀ ਰਸਾਈ ਵੀ ਇਸ ਸਾਹਿਤ ਨਾਲ ਹੋਈ। ਅਜਿਹੀ ਸਥਿਤੀ ਵਿਚ ਸਾਹਿਤਕਾਰਾਂ ਵਲੋਂ ਇਸ ਨਵੇਂ ਗਿਆਨ ਦਾ ਪ੍ਰਭਾਵ ਕਬੂਲਿਆ ਜਾਣਾ ਲਾਜ਼ਮੀ ਸੀ। ਫਲਸਰੂਪ ਪੰਜਾਬੀ ਸਾਹਿਤਕਾਰਾਂ ਨੇ ਪੱਛਮੀ ਸਾਹਿਤ ਦੀਆਂ ਆਧੁਨਿਕ ਵਿਧਾਵਾਂ ਵਿਚ ਲਿਖਣਾ ਸ਼ੁਰੂ ਕੀਤਾ। ਇਸ ਦੀਆਂ ਕੁਝ ਪ੍ਰੱਖ ਉਦਾਹਰਣਾਂ ਸ਼ਰਧਾ ਰਾਮ ਫਿਲੌਰੀ, ਬਾਵਾ ਬੁੱਧ ਸਿੰਘ, ਗਿਆਨੀ ਦਿੱਤ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰਿੰਸੀਪਲ ਤੇਜਾ ਸਿੰਘ, ਨਾਨਕ ਸਿੰਘ ਆਦਿ

ਦੀਆਂ ਸਾਹਿਤਕ ਕ੍ਰਿਤਾਂ ਹਨ। ਭਾਈ ਵੀਰ ਸਿੰਘ ਜੀ ਕਿਉਂਕਿ ਮਿਸ਼ਨਰੀ ਸਕੂਲ ਵਿਚ ਪੜ੍ਹੇ ਸਨ, ਇਸ ਲਈ ਉਹਨਾ ਨੇ ਸਾਹਿਤ ਦੀਆਂ ਆਧੁਨਿਕ ਵਿਧਾਵਾਂ ਨੂੰ ਅਪਨਾਇਆ ਹੀ ਨਹੀਂ ਸਗੋਂ ਇਨ੍ਹਾਂ ਨੂੰ ਪੰਜਾਬੀ ਸਾਹਿਤ ਵਿਚ ਪ੍ਰਸਾਰ ਕੇ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਬੰਨਿਆ। ਭਾਵੇਂ ਕੁਝ ਵਿਦਿਵਾਨ ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਨੂੰ ਆਧੁਨਿਕ ਪੰਜਾਬੀ ਸਾਹਿਤ ਦੀ ਪਹਿਲੀ ਵੰਨਗੀ ਮੰਨਦੇ ਹਨ ਪਰ ਸਹੀ ਮਾਇਨਿਆਂ ਵਿਚ ਭਾਈ ਵੀਰ ਸਿੰਘ ਹੀ ਹਨ ਜਿਹੜੇ ਆਧੁਨਿਕ ਸਾਹਿਤ ਦੇ ਬਾਨੀ ਮੰਨੇ ਜਾ ਸਕਦੇ ਹਨ। ਉਹਨਾਂ ਨੇ ਹਰ ਸਿਨਫ ਯਾਨਿ ਨਾਟਕ, ਨਾਵਲ, ਕਵਿਤਾ, ਵਾਰਤਕ, ਗੁਰਬਾਣੀ ਵਿਆਖਿਆਕਾਰੀ ਤੇ ਟੀਕਾਕਾਰੀ, ਪੱਤਰਕਾਰੀ, ਅਨੁਵਾਦਾਂ ਆਦਿ ਰਾਹੀਂ ਪੰਜਾਬੀ ਸਾਹਿਤ ਨੂੰ ਮੱਧਕਾਲ ਦੇ ਪ੍ਰਭਾਵ ਹੇਠੋਂ ਕੱਢ ਕੇ ਆਧੁਨਿਕਤਾ ਨਾਲ ਇਸਦੀ ਸਾਂਝ ਪਵਾਈ।

ਭਾਈ ਵੀਰ ਸਿੰਘ ਸਾਹਿਤ ਦਾ ਅਧਿਐਨ ਕਰਨ ਦੀਆਂ ਹੁਣ ਤੱਕ ਦੋ ਪਰੰਪਰਾਵਾਂ ਜਾਰੀ ਹਨ। ਇਕ ਤਾਂ ਉਹ ਪਾਰਖੂ ਜਿਹੜੇ ਉਹਨਾਂ ਦੇ ਸਾਹਿਤ ਨੂੰ ਸ਼ਰਧਾਮਈ ਦ੍ਰਿਸ਼ਟੀ ਕੋਣ ਤੋਂ ਪੜ੍ਹਦੇ ਹਨ ਅਤੇ ਇਸ ਸਾਹਿਤ ਵਿਚ ਅਨਿਨ ਭਗਤੀ ਦਿਖਾਉਂਦੇ ਹੋਏ ਇਸਨੂੰ ਗੁਰਬਾਣੀ ਦੇ ਤੁਲ ਸਮਝਣ ਤੱਕ ਜਾਂਦੇ ਹਨ ਅਤੇ ਦੂਜੇ ਉਹ ਜਿਹੜੇ ਇਸਨੂੰ ਮੁੱਢੋਂ-ਸੁਢੋਂ ਨਕਾਰਦੇ ਹੋਏ ਭਾਈ ਵੀਰ ਸਿੰਘ ਨੂੰ ਸਮਕਾਲ ਨਾਲੋਂ ਟੁੱਟ ਕੇ ਲਿਖਣ ਵਾਲਾ ਸਾਹਿਤਕਾਰ ਗਰਦਾਨ ਕੇ ਛੁਟਿਆ ਦਿੰਦੇ ਹਨ। ਸਾਡੀ ਜਾਚੇ ਇਨ੍ਹਾਂ ਦੋਵਾਂ ਕਿਸਮਾਂ ਦੇ ਪਾਰਖੂ ਹੀ ਭਾਈ ਵੀਰ ਸਿੰਘ ਨੂੰ ਸਮਝਣ ਤੋਂ ਖਤਾ ਖਾ ਜਾਂਦੇ ਰਹੇ ਹਨ, ਕਿਉਂਕਿ ਉਹ ਭਾਈ ਵੀਰ ਸਿੰਘ ਸਾਹਿਤ ਦਾ ਅਧਿਐਨ ਕਰਨ ਤੋਂ ਪਹਿਲਾਂ ਹੀ ਇਕ ਪੋਜ਼ੀਸ਼ਨ ਲੈਂਦੇ ਜਾਪਦੇ ਹਨ। ਕਿਸੇ ਵੀ ਸਾਹਿਤ ਦਾ ਸਹੀ ਮੁਲਾਂਕਣ ਉਸ ਪ੍ਰਤੀ ਪੂਰਵ ਪੋਜ਼ੀਸ਼ਨ ਲੈ ਕੇ ਕਰਨ ਨਾਲ ਉਲਾਰ ਹੋਣਾ ਸੁਭਾਵਿਕ ਹੁੰਦਾ ਹੈ ਅਤੇ ਇਹੋ ਕੁਝ ਹੀ ਭਾਈ ਵੀਰ ਸਿੰਘ ਨਾਲ ਹੁਣ ਤੱਕ ਵਾਪਰਦਾ ਰਿਹਾ ਹੈ। ਹੁਣ ਜਦੋਂ ਅਸੀਂ ਉਹਨਾਂ ਦੀ 150ਵੀਂ ਜਨਮ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਇਸ ਸਾਹਿਤ ਨੂੰ ਇਕ ਵਿੱਥ ਤੇ ਖੜੇ ਹੋ ਕੇ ਇਸਦਾ ਪੁਨਰ ਅਤੇ ਸਾਵਾਂ ਮੁਲਾਂਕਣ ਕਰੀਏ। ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨੂੰ ਵਿਧਾਵਾਰ ਤਰੀਕੇ ਨਾਲ ਵਾਚਦਿਆਂ ਪ੍ਰਤੀਤ ਹੁੰਦਾ ਹੈ ਕਿ ਖੁਦ ਭਾਈ ਵੀਰ ਸਿੰਘ ਜਦੋਂ ਵੱਖ-ਵੱਖ ਸਿਨਫਾਂ ਵਿਚ ਲਿਖਦੇ ਹਨ ਤਾਂ ਉਹ ਕੇਵਲ ਨਵੀਆਂ ਸਿਨਫਾਂ ਹੀ ਪੰਜਾਬੀ ਵਿਚ ਨਹੀਂ ਲਿਆ ਰਹੇ ਸਗੋਂ ਉਹ ਹਰ ਸਿਨਫ ਵਿਚ ਨਵਾਂ ਪੈਂਤੜਾ ਵੀ ਲੈਂਦੇ ਜਾਪਦੇ ਹਨ। ਉਹਨਾ ਦਾ ਚੀਫ਼ ਖਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਨਾਲ ਜੁੜ ਕੇ ਕੰਮ ਕਰਨ ਦਾ ਇਕ ਮਕਸਦ ਹੈ ਜੋ ਸਿੱਖ ਧਰਮ ਦੇ ਨਾਲ-ਨਾਲ ਰਾਜਨੀਤੀ ਨਾਲ ਵੀ ਸਬੰਧਤ ਹੈ। ਕਵਿਤਾ ਲਿਖਦਿਆਂ ਉਹਨਾ ਦਾ ਪੈਂਤੜਾ ਬਦਲ ਜਾਂਦਾ ਹੈ। ਇਹੋ ਗੱਲ ਹੀ ਗਲਪ, ਨਾਟਕਕਾਰੀ, ਪੱਤਰਕਾਰੀ, ਟ੍ਰੈਕਟਾਂ, ਅਨੁਵਾਦਾਂ ਬਾਰੇ ਵੀ ਸੋਚੀ ਸਮਝੀ ਜਾ ਸਕਦੀ ਹੈ।

ਭਾਈ ਵੀਰ ਸਿੰਘ ਉਤੇ ਅਕਸਰ ਇਹ ਇਲਜ਼ਾਮ ਲਗਦਾ ਰਿਹਾ ਹੈ ਕਿ ਉਹ ਚੀਫ਼ ਖਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਨਾਲ ਜੁੜੇ ਹੋਏ ਸਨ ਜਿਹੜੀਆਂ ਬਰਤਾਨਵੀ ਹਕੂਮਤ ਨਾਲ ਕਿਸੇ ਕਿਸਮ ਦੇ ਟਕਰਾਅ ਵਿਚ ਨਹੀਂ ਪੈਂਦੀਆਂ, ਇਸ ਲਈ ਕੁਝ ਵਿਦਵਾਨ ਭਾਈ ਵੀਰ ਸਿੰਘ ਦੇ ਅੰਗਰੇਜ਼ੀ ਹਕੂਮਤ ਨਾਲ ਸਬੰਧਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਦੇ ਰਹੇ ਹਨ ਪਰ ਉਹ ਇਸ ਤੱਥ ਨੂੰ ਘੋਖਣ ਤੋਂ ਕੁਤਾਹੀ ਕਰ ਜਾਂਦੇ ਹਨ ਕਿ ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਇਹ ਅਸੂਲੀ ਤੌਰ 'ਤੇ ਫੈਸਲਾ ਕੀਤਾ ਹੋਇਆ ਸੀ ਕਿ ਉਹ ਹਕੂਮਤ ਨਾਲ ਕਿਸੇ ਸਿੱਧੇ ਵਿਰੋਧ ਵਿਚ ਨਹੀਂ ਪੈਣਗੀਆਂ ਅਤੇ ਆਪਣੇ ਕਾਰਜ ਖੇਤਰ ਭਾਵ ਸਿੱਖ ਸਮਾਜ ਅਤੇ ਸਿੱਖ ਧਰਮ ਲਈ ਹੀ ਕੰਮ ਕਰਨਗੀਆਂ। ਹਾਲਾਂਕਿ ਭਾਈ ਵੀਰ ਸਿੰਘ ਹਕੂਮਤ ਦੀ ਨਿਗ੍ਹਾ ਵਿਚ ਬਾਗੀ ਹੀ ਸਨ। ਸੀ.ਆਈ.ਡੀ. ਦੀ ਇਕ ਰਿਪੋਰਟ ਵਿਚ ਹੋਇਆ ਇਹ ਖੁਲਾਸਾ ਉਹਨਾਂ ਦੇ ਸਾਰੇ ਆਲੋਚਕਾਂ ਦਾ ਮੂੰਹ ਬੰਦ ਕਰਨ ਲਈ ਕਾਫ਼ੀ ਹੈ:-

> "He (Vir Singh, Bhai) is Editor and Manager of the Khalsa Samachar, a Gurmukhi Journal which is published at Amritsar. Vir Singh is mentioned from many sources as a leading figure in the Sikh revival and as disloyal





> to the core. The same opinion is entertained of him by local officers… He is reported to be making overtures to the Head Granthi of the Golden Temple with a view to bringing that institution under the control of neo-Sikh party… At present he has complete control of the Khalsa Tract Society… He may safely be regarded as zealous neo-Sikh and thoroughly anti-British (emphasis added)".
>
> Secret CID Memorandum on Recent Developments in Sikh Politics 1911, D.Petrie, Assistant Director, Criminal Intelligence, Govt. of India, Delhi, 16th October, 1911, reproduced in Ganda Singh (Ed.) The Panjab: Past and Present Vol. IV Part I April, 1970, pp.350-5.

ਦਰਅਸਲ ਭਾਈ ਵੀਰ ਸਿੰਘ ਇਕ ਮਕਸਦ ਨਾਲ ਲਿਖ ਤੇ ਵਿਚਰ ਰਹੇ ਸਨ। ਬਰਤਾਨਵੀ ਹਕੂਮਤ ਵਲੋਂ ਆਪਣੇ ਧਰਮ, ਸਾਹਿਤ ਤੇ ਸਭਿਆਚਾਰ ਨੂੰ ਉੱਤਮ ਗਰਦਾਨਣ ਦੇ ਨਾਲ ਭਾਰਤੀ ਤੇ ਵਿਸ਼ੇਸ਼ ਕਰਕੇ ਪੰਜਾਬੀ ਤੇ ਸਿੱਖ ਸਮਾਜ ਵਿਚ ਹੀਣ ਭਾਵਨਾ ਘਰ ਕਰ ਰਹੀ ਸੀ। ਅੰਗਰੇਜ਼ੀ ਹਕੂਮਤ ਦੀਆਂ ਸਹੂਲਤਾਂ ਅਤੇ ਹੋਰ ਚਾਲਾਂ ਸਦਕਾ ਅਸਾਖ਼ਰ ਜਾਂ ਘੱਟ ਸਾਖ਼ਰ ਲੋਕ ਵੀ ਇਹ ਸਮਝਣ ਲੱਗ ਪਏ ਸਨ ਕੇ ਬਰਤਾਨਵੀ ਹਕੂਮਤ ਤੇ ਉਹਨਾਂ ਦਾ ਪ੍ਰਬੰਧ ਉੱਤਮ ਹੈ। ਭਾਈ ਸਾਹਿਬ ਬਰਤਾਨਵੀ ਹਕੂਮਤ ਦੇ ਉਦਾਰਵਾਦੀ ਚਿਹਰੇ ਪਿਛੇ ਲੁਕੀ ਸਾਜ਼ਿਸ਼ ਦਾ ਵੀ ਪਰਦਾਫਾਸ਼ ਕਰਦੇ ਹਨ। ਉਹ ਇਸ ਵਰਤਾਰੇ ਨੂੰ ਇਕ ਚੁਣੌਤੀ ਵਜੋਂ ਸਵੀਕਾਰ ਕਰਦੇ ਹਨ ਅਤੇ ਆਪਣੇ ਸਾਹਿਤ, ਸਮਾਜ ਤੇ ਸਭਿਆਚਾਰ ਦੀ ਉੱਤਮਤਾ ਨੂੰ ਅਗਰਭੂਮੀ ਵਿਚ ਲਿਆਉਣ ਦੇ ਵੱਖ ਵੱਖ ਉਪਰਾਲੇ ਕਰਦੇ ਹਨ। ਇਸ ਦੇ ਨਾਲ ਹੀ ਸਿੱਖਾਂ ਦੀ ਧਾਰਮਿਕ ਪਛਾਣ ਨੂੰ ਪੱਕੇ ਪੈਰੀਂ ਕਰਨ ਲਈ ਵੀ ਸਿਰ ਤੋੜ ਯਤਨ ਕਰਦੇ ਹਨ। ਇੰਝ ਉਹ ਬਰਾਤਨਵੀ ਜਾਂ ਬਸਤੀਵਾਦੀ ਚਿੰਤਕਾਂ ਦੇ ਉਹਨਾਂ ਯਤਨਾਂ ਨੂੰ ਵੀ ਨਾਕਾਮ ਬਣਾਉਣ ਦਾ ਯਤਨ ਕਰਦੇ ਹਨ ਜਿਨ੍ਹਾਂ ਹੇਠ ਅਜਿਹੇ ਚਿੰਤਕ ਸਾਡੇ ਗਿਆਨ ਸ੍ਰੋਤਾਂ ਵਿਚ ਰਲਾਅ ਪਾ ਰਹੇ ਸਨ। ਮਸ਼ਹੂਰ ਪੱਛਮੀ ਚਿੰਤਕ ਮੈਕਸਮੂਲਰ ਆਪਣੇ ਦੋਸਤਾਂ ਨੂੰ ਲਿਖੀਆਂ ਚਿੱਠੀਆਂ ਵਿਚ ਇੰਕਸ਼ਾਫ ਕਰਦਾ ਹੈ ਕਿ ਮੈਂ ਇਹੋ ਜਿਹਾ ਕੰਮ ਕਰ ਦਿੱਤਾ ਹੈ ਕਿ ਜਿਸਦੀ ਸਮਝ ਹਿੰਦੋਸਤਾਨੀਆਂ ਨੂੰ ਸਦੀਆਂ ਬਾਅਦ ਆਏਗੀ। ਪੰਜਾਬੀਆਂ ਦੀ ਦੇਹ ਤੇ ਕੀਤੀ ਹਿੰਸਾ ਦੇ ਜ਼ਖਮ ਸ਼ਾਇਦ ਕੁਝ ਸਮੇਂ ਬਾਅਦ ਭਰ ਜਾਣ ਪਰ ਇਨ੍ਹਾਂ ਉਤੇ ਕੀਤੀ ਭਾਸ਼ਾਈ ਹਿੰਸਾ ਕਾਰਣ ਸਥਾਨਕ ਲੋਕਾਈ ਦੇ ਮਨ ਵਿਚ ਹੀਣ-ਭਾਵਨਾ, ਪਛੜੇ ਹੋਣ ਅਤੇ ਅਵਿਕਸਤ ਹੋਣ ਦਾ ਭਰਮ ਪੱਕੀਆਂ ਜੜ੍ਹਾਂ ਫੜ ਜਾਵੇਗਾ।

ਭਾਈ ਵੀਰ ਸਿੰਘ ਆਪਣੀਆਂ ਲੇਖਣੀਆਂ ਕੁਝ ਅਜਿਹੀ ਪੋਜ਼ੀਸ਼ਨ ਲੈ ਕੇ ਹੀ ਕਰਦੇ ਹਨ। ਵਿਸ਼ੇਸ਼ ਕਰਕੇ ਆਪਣੇ ਟ੍ਰੈਕਟਾਂ ਅਤੇ ਖਾਲਸਾ ਸਮਾਚਾਰ ਨੂੰ ਇਕ ਖਾਸ ਪ੍ਰਯੋਜਨ ਅਧੀਨ ਲਿਖਦੇ ਹਨ। ਖਾਲਸਾ ਟ੍ਰੈਕਟ ਸੋਸਾਇਟੀ ਦੀ ਸਥਾਪਨਾ ਤੋਂ ਲੈ ਕੇ ਭਾਈ ਵੀਰ ਸਿੰਘ ਦੇ ਜੀਵਨ ਕਾਲ ਵਿਚ 1158 ਦੇ ਕਰੀਬ ਟ੍ਰੈਕਟ ਵੱਖ-ਵੱਖ ਵਿਸ਼ਿਆਂ ਬਾਰੇ ਪ੍ਰਕਾਸ਼ਤ ਹੋਏ ਜਿਨ੍ਹਾਂ ਨੂੰ ਲਿਖਣ ਦੀ ਮੁਖ ਜ਼ਿੰਮੇਵਾਰੀ ਭਾਈ ਵੀਰ ਸਿੰਘ ਹੁਰਾਂ ਕੋਲ ਸੀ। ਹਾਲਾਂਕਿ ਡਾ. ਚਰਨ ਸਿੰਘ, ਪੰਡਿਤ ਹਿਰਦਾ ਰਾਮ, ਸਾਧੂ ਸਿੰਘ, ਭਾਈ ਤਿਰਲੋਚਨ ਸਿੰਘ, ਪ੍ਰੋ. ਪੂਰਨ ਸਿੰਘ, ਸੇਵਾ ਸਿੰਘ, ਮੁਰਾਰੀ ਸਿੰਘ, ਭਾਈ ਰਾਮ ਨਾਰਾਇਣ ਆਦਿ ਨੇ ਵੀ ਕਈ-ਕਈ ਟ੍ਰੈਕਟ ਲਿਖੇ ਸਨ। ਇਸ ਸੋਸਾਇਟੀ ਦਾ ਮਨੋਰਥ ਕੇਵਲ ਧਰਮ-ਪ੍ਰਚਾਰ ਜਾਂ ਪ੍ਰਸਾਰ ਤੱਕ ਹੀ ਸੀਮਤ ਨਹੀਂ ਸੀ । ਉਹਨਾ ਨੇ ਖੇਤੀ ਬਾੜੀ, ਖਗੋਲ ਵਿਗਿਆਨ, ਭੂਗੋਲ, ਸਵਸਥ ਤੇ ਸਰੀਰ, ਬਨਸਪਤੀ ਤੇ ਜੀਵ-ਵਿਗਿਆਨ, ਗ੍ਰਹਿਣ, ਧਰਤੀ ਪ੍ਰਕਰਮਾ ਆਦਿ ਸਬੰਧੀ ਸਮਾਜ ਵਿਚ ਪੈਦਾ ਹੋਈ ਅੰਧ-ਵਿਸ਼ਵਾਸੀ ਨੂੰ ਤੋੜ ਕੇ ਨਰੋਆ ਦ੍ਰਿਸ਼ਟੀਕੋਣ ਵੀ ਪੇਸ਼ ਕੀਤਾ। ਉਹਨਾ ਨੇ ਇਨ੍ਹਾਂ ਟ੍ਰੈਕਟਾਂ ਨੂੰ ਇਕ ਲੋਕ-

ਪ੍ਰਚਾਰ ਦੇ ਸਾਧਨ ਵਜੋਂ ਵਰਤਿਆ। ਇਸ ਦੀ ਪ੍ਰਤੱਖ ਉਦਾਹਰਣ ਇਹ ਹੈ ਕਿ ਸੋਸਾਇਟੀ ਨੇ 1901 ਤੋਂ ਲੈ ਕੇ 1905 ਤੱਕ ਵੱਖ-ਵੱਖ ਵਿਸ਼ਿਆਂ ਬਾਰੇ ਲਗਭਗ 6 ਲੱਖ ਇਕ ਹਜ਼ਾਰ ਅੱਠ ਸੌ ਸੈਂਤੀ ਕਾਪੀਆਂ ਟ੍ਰੈਕਟ ਛਾਪ ਕੇ ਵੰਡੇ। 1953-54 ਤੱਕ ਇਨ੍ਹਾਂ ਟ੍ਰੈਕਟਾਂ ਦੀ ਸੰਖਿਆ ਸੱਠ ਲੱਖ ਤੋਂ ਉਪਰ ਪਹੁੰਚ ਗਈ ਸੀ। ਇੰਨਾ ਵੱਡਾ ਕੰਮ ਕੋਈ ਯੂਨੀਵਰਸਿਟੀ ਜਾਂ ਸੰਸਥਾ ਵੀ ਅੱਜ ਤੱਕ ਨਹੀਂ ਕਰ ਸਕੀ। ਭਾਈ ਵੀਰ ਸਿੰਘ ਨੇ ਇਹ ਕੰਮ ਉਦੋਂ ਕੀਤਾ ਜਦੋਂ ਹਾਲੇ ਵਿਦਿਅਕ ਸੰਸਥਾਵਾਂ ਹੋਂਦ ਵਿਚ ਨਹੀਂ ਆਈਆਂ ਸਨ।

ਕੁਝ ਅਖਾਉਤੀ ਪ੍ਰਗਤੀਸ਼ੀਲ ਵਿਦਵਾਨਾਂ ਨੂੰ ਇਹ ਵੀ ਇਤਰਾਜ਼ ਹੈ ਕਿ ਭਾਈ ਵੀਰ ਸਿੰਘ ਆਪਣੇ ਪੂਰਵ ਜਾਂ ਸਮਕਾਲੀ ਪੱਛਮੀ ਚਿੰਤਨ ਤੋਂ ਅਣਭਿੱਜ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਉਸ ਸਮੇਂ ਧਾਰਮਿਕ ਇਨਲਾਈਟਨਮੈਂਟ ਪ੍ਰਤੀ ਸਿਲਸਲੇਵਾਰ ਪ੍ਰਤੀਕ੍ਰਮ ਦੇਣ ਵਾਲੇ ਵਿਦਵਾਨਾਂ ਹੀਗਲ, ਫਿਚਤੇ, ਸ਼ੇਲਿੰਗ ਅਦਿ ਦੇ ਵਿਚਾਰਾਂ ਨੂੰ ਭਾਈ ਸਾਹਿਬ ਨੇ ਨਹੀਂ ਗੌਲਿਆ ਜਾਂ ਫਿਰ ਕਾਰਲ ਮਾਰਕਸ, ਨੀਤਸ਼ੇ, ਫਰਾਇਡ, ਡਾਰਵਿਨ ਅਤੇ ਦੁਰਖੀਮ ਵਰਗੇ ਵਿਸ਼ਵ ਪ੍ਰਸਿੱਧ ਚਿੰਤਕਾਂ ਦੇ ਪੁਲੀਟੀਕਲ ਇਕਾਨੋਮੀ, ਮਨੋ-ਵਿਸ਼ਲੇਸ਼ਣ, ਵਿਕਾਸ ਦੇ ਸਿਧਾਂਤ, ਅਤੇ ਮਾਨਵ ਵਿਗਿਆਨ ਬਾਰੇ ਚਿੰਤਨ ਤੋਂ ਦੂਰ ਰਹੇ ਹਨ। ਇਸ ਇਲਜ਼ਾਮ ਵਿਚ ਵੀ ਕੋਈ ਤੱਥਾਤਮਕ ਸਚਾਈ ਨਜ਼ਰ ਨਹੀਂ ਆਉਂਦੀ ਕਿਉਂਕਿ ਜੇ ਭਾਈ ਸਾਹਿਬ ਪੱਛਮੀ ਚਿੰਤਨ ਤੋਂ ਦੂਰ ਹੁੰਦੇ ਤਾਂ ਸੁਕਰਾਤ ਦਾ ਅਨੁਵਾਦ ਕਿੰਝ ਕਰਦੇ ਜਾਂ 'ਭਰਥਰੀ ਹਰੀ ਨੀਤੀ ਸ਼ਤਕ' ਵਰਗੀਆਂ ਰਚਨਾਵਾਂ ਕਿਵੇਂ ਰਚਦੇ। ਉਹਨਾਂ ਦੀਆਂ ਗਲਪੀ ਰਚਨਾਵਾਂ ਵਿਚ ਪਾਤਰਾਂ ਦਾ ਜਿਹੜਾ ਮਨੋ-ਵਿਗਿਆਨਕ ਵਿਸ਼ਲੇਸ਼ਣ ਪੇਸ਼ ਹੋਇਆ ਹੈ, ਉਹ ਸ਼ਾਇਦ ਨਾ ਹੋਇਆ ਹੁੰਦਾ ਜਾਂ ਇੰਨਾ ਸੋਧਿਤ ਨਾ ਹੁੰਦਾ। ਗੁਰੂ ਨਾਨਕ ਚਮਤਕਾਰ ਵਿਚ 'ਸਰਬਕਾਲੀ ਫਕੀਰ' ਸਿਰਲੇਖ ਹੇਠ ਲਿਖੇ ਬਿਰਤਾਂਤ ਵਿਚ ਉਹ ਹੈਨਰੀ ਬਰਗਸਾਂ, ਸੁਕਰਾਤ, ਅਰਸਤੂ, ਸ਼ੰਕਰਾਚਾਰੀਆ, ਗਿਰਗਾ ਅਤੇ ਡਾਊਸਨ ਵਰਗੇ ਚਿੰਤਕਾਂ ਦੇ ਹਵਾਲੇ ਦਿੰਦੇ ਹਨ। ਇਸ ਤੋਂ ਇਲਾਵਾ ਉਹਨਾਂ ਵਲੋਂ ਰਚਿਤ ' ਪੰਜਾਬੀ ਫਾਰਸੀ ਲੁਗਾਤ', 'ਜੰਗ ਰੂਸ ਤੇ ਜਾਪਾਨ ਦਾ' ਨਾਟਕ ਦਾ ਅਨੁਵਾਦ ਵੀ ਉਪਲੱਬਧ ਹਨ, ਗੰਜਨਾਮਾ ਭਾਈ ਨੰਦ ਲਾਲ ਗੋਯਾ ਦਾ ਪੰਜਾਬੀ ਅਨੁਵਾਦ, 'ਜ਼ਫਰਨਾਮਾ' ਦਾ ਪੰਜਾਬੀ ਅਨੁਵਾਦ ਵਰਗੀਆਂ ਰਚਨਾਵਾਂ ਵੀ ਉਹਨਾਂ ਦੀ ਵਿਸ਼ਵ ਵਿਆਪੀ ਸੂਝ ਦਾ ਸਪੱਸ਼ਟ ਪ੍ਰਮਾਣ ਹਨ। ਉਹਨਾਂ ਉਪਰ ਪੱਛਮ ਤੋਂ ਅਣਭਿਜ ਰਹਿਣ ਦੇ ਇਲਜ਼ਾਮਾਂ ਇਸ ਤੱਥ ਤੋਂ ਵੀ ਗ਼ਲਤ ਸਾਬਤ ਹੁੰਦੇ ਹਨ ਕਿ ਉਹ ਆਪਣੀ ਪਹਿਲੀ ਕਾਵਿ ਰਚਨਾ 1893 ਵਿਚ ਕਰਦੇ ਹਨ ਜਿਹੜੀ ਕਿ ਅੰਗਰੇਜ਼ੀ ਦਾ ਅਨੁਵਾਦ ਹੈ। ਇਸ ਅਨੁਵਾਦ ਦਾ ਨਮੂਨਾ ਇੰਝ ਹੈ:-

**ਦੋਹਾ**

ਇਕ ਛੋਟਾ ਸਾ ਪਿੰਡ ਥਾ, ਕਿਸੇ ਸ਼ਹਿਰ ਤੋਂ ਦੂਰ।
ਹੁਤੇ ਬਾਗ ਸੁੰਦਰ ਤਹਾਂ, ਫੂਲੋਂ ਸੇ ਭਰਪੂਰ।
ਏਕ ਦਿਵਸ ਉਸ ਬਾਗ ਮੇਂ, ਬੈਠੀ ਬੁਲ ਬੁਲ ਆਇ।
ਗਾਵਤ ਆਸਾ ਭੈਰਵੀ, ਦੀਨਾ ਦਿਵਸ ਬਤਾਇ।
ਸੰਝ ਭਈ ਖਾਯਾ ਨ ਕੁਝ, ਕੀਨਾ ਭੂਖ ਬਿਹਾਲ।
ਦੂਰ ਧਰਾ ਪੁਰ ਤਾੜਿਆ, ਇਕ ਚਮਕਤਾ ਲਾਲ।
ਮਾਰ ਉਡਾਰੀ ਬਿਰਛ ਤੋਂ, ਪਹੁੰਚੀ ਜੁਗਨੂ ਪਾਸ।
ਮਨ ਮੇ ਇਹ ਆਸਾ ਹੁਤੀ, ਕਰੂੰ ਇਸੇ ਇਕ ਗ੍ਰਾਸ।
... ... ... ... ... ... ... ... ... ... ... ... ... ...

ਬੇਸ਼ੱਕ ਇਸ ਕਵਿਤਾ ਵਿਚ ਕੋਈ ਨਿਰਾਲੀ ਕਾਵਿ ਉਡਾਰੀ ਨਹੀਂ ਹੈ ਪਰ ਪੱਛਮ ਦੀ ਕਾਵਿ-ਭਾਸ਼ਾ ਨੂੰ ਪੰਜਾਬੀ ਕਾਵਿ-ਭਾਸ਼ਾ ਵਿਚ ਉਤਾਰਨ ਦਾ ਇਕ ਨਿਪੁੰਨ ਯਤਨ ਜ਼ਰੂਰ ਦ੍ਰਿਸ਼ਟੀਗੋਚਰ ਹੁੰਦਾ ਹੈ ਉਤੇ ਭਾਈ ਵੀਰ ਸਿੰਘ ਦੀ ਪੱਛਮੀ ਸਾਹਿਤ ਤੱਕ ਰਸਾਈ ਦਾ ਵੀ ਪ੍ਰਤੱਖ ਪ੍ਰਮਾਣ ਹੈ।





ਇਕ ਹੋਰ ਇਲਜ਼ਾਮ ਵੀ ਅਕਸਰ ਭਾਈ ਵੀਰ ਸਿੰਘ 'ਤੇ ਲਗਦਾ ਰਿਹਾ ਹੈ ਕਿ ਉਹ ਸਮਕਾਲ ਤੋਂ ਕਿਨਾਰਾਕਸ਼ੀ ਕਰਦੇ ਰਹੇ ਹਨ ਵਿਸ਼ੇਸ਼ ਕਰਕੇ ਸੁਤੰਤਰਤਾ ਸੰਗ੍ਰਾਮ ਨਾਲ ਜੁੜੀਆਂ ਘਟਨਾਵਾਂ ਤੋਂ ਅਤੇ 1947 ਦੀ ਦੇਸ਼ ਵੰਡ ਤੋਂ। ਇਹ ਵੀ ਉਹਨਾਂ ਨਾਲ ਇਕ ਅਨਿਆਂ ਕਰਨ ਵਾਲੀ ਗੱਲ ਹੀ ਕਹੀ ਜਾ ਸਕਦੀ ਹੈ। ਦੇਹਰਾਦੂਨ ਵਿਖੇ ਸਥਿਤ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਚ ਪਏ ਕਈ ਅਣਫੋਲੇ ਦਸਤਾਵੇਜ਼ਾਂ ਤੋਂ ਇਹ ਪਤਾ ਲਗਦਾ ਹੈ ਕਿ ਦੇਸ਼ ਦੇ ਹਾਲਾਤ ਅਤੇ 1947 ਦੀ ਵੰਡ ਦੀਆਂ ਘਟਨਾਵਾਂ ਨਾਲ ਸਬੰਧਤ ਭਾਈ ਵੀਰ ਸਿੰਘ ਦੇ 30 ਤੋਂ ਵਧੇਰੇ ਪ੍ਰਕਾਸ਼ਤ ਅਤੇ ਅਪ੍ਰਕਾਸ਼ਤ ਲੇਖ ਉਪਲੱਬਧ ਹਨ, ਜਿਨ੍ਹਾਂ ਵਿਚ ਉਸ ਸਮੇਂ ਦੀ ਭਾਰਤੀ ਸਿਆਸਤ, ਮੁਸਲਿਮ ਲੀਗ ਦੇ ਪੈਂਤੜੇ ਅਤੇ ਸਿੱਖ ਸਿਆਸਤਦਾਨਾਂ ਦੇ ਪ੍ਰਤੀਕ੍ਰਮ ਅਤੇ ਨਵੇਂ ਰਾਸ਼ਟਰ ਦੇ ਨਿਰਮਾਣ ਵਿਚ ਸਿੱਖਾਂ ਦੀ ਭਾਵੀ ਹਾਲਾਤ ਨਾਲ ਸਬੰਧਤ ਤੌਖਲਿਆਂ ਬਾਰੇ ਬੜੀ ਗੰਭੀਰ ਵਿਚਾਰ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਭਾਈ ਵੀਰ ਸਿੰਘ ਦੀ ਸਿਆਸੀ ਸੂਝ ਦੇ ਅਸ਼ਕੇ ਜਾਣ ਨੂੰ ਜੀਅ ਕਰਦਾ ਹੈ। ਸਿੱਖਾਂ ਦੀ ਹਿੰਦੋਸਤਾਨ ਵਿਚ ਵਰਤਮਾਨ ਹਾਲਤ ਦੇ ਮੱਦੇਨਜ਼ਰ ਇਹ ਲੇਖ ਭਵਿੱਖਬਾਣੀ ਕਰਦੇ ਵੀ ਨਜ਼ਰ ਆਉਂਦੇ ਹਨ। ਹਾਂ ਜਲ੍ਹਿਆਂਵਾਲਾ ਬਾਗ ਦੀ ਘਟਨਾ ਜਾਂ ਅਜਿਹੇ ਹੋਰ ਵਰਤਾਰਿਆਂ ਬਾਰੇ ਉਹ ਪ੍ਰਤੱਖ ਰੂਪ ਵਿਚ ਪ੍ਰਤੀਕਰਮ ਨਹੀਂ ਦੇ ਰਹੇ, ਇਸ ਤੱਥ ਨੂੰ ਵੀ ਨਵੀਂ ਪੜ੍ਹਤ ਵਿਚ ਜ਼ਰੂਰ ਘੋਖਿਆ ਜਾਣਾ ਚਾਹੀਦਾ ਹੈ।

ਸਿੱਖ ਇਤਿਹਾਸ ਅਤੇ ਇਸਦੀ ਖੋਜ ਸਬੰਧੀ ਭਾਈ ਵੀਰ ਸਿੰਘ ਨੇ ਬਹੁਤ ਹੀ ਮੌਲਿਕ ਕਿਸਮ ਦਾ ਕਾਰਜ ਕੀਤਾ ਹੈ। ਉਹ ਆਪਣੇ ਤੋਂ ਪੂਰਵਲੇ ਇਤਿਹਾਸਕਾਰਾਂ ਦੀ ਖੋਜ ਦਾ ਮੁਲਾਂਕਣ ਕਰਦਿਆਂ ਇਹ ਸਥਾਪਿਤ ਕਰਦੇ ਹਨ ਕਿ ਸਿੱਖ ਇਤਿਹਾਸ ਨੂੰ ਬਹੁਤ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਆਪਣੀ ਦਲੀਲ ਨੂੰ ਦ੍ਰਿੜ ਕਰਵਾਉਣ ਲਈ ਉਹ ਫ਼ਾਰਸੀ, ਅੰਗਰੇਜ਼ੀ ਤੇ ਹੋਰਨਾਂ ਭਾਸ਼ਾਵਾਂ ਦੇ ਮੂਲ ਸ੍ਰੋਤਾਂ ਨੂੰ ਅਧਾਰ ਬਣਾਉਂਦੇ ਹੋਏ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਮੁਹੰਮਦ ਲਤੀਫ, ਕਨੱਯਾ ਲਾਲ ਵਰਗੇ ਵਿਦਵਾਨਾਂ ਵਲੋਂ ਲਿਖੇ ਗਏ ਇਤਿਹਾਸਾਂ ਨੂੰ ਘੋਖ ਕੇ ਨਵੇਂ ਪ੍ਰਤੀਮਾਨ ਪੇਸ਼ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਸੂਰਜ ਪ੍ਰਤਾਪ ਗ੍ਰੰਥ ਦਾ ਸੰਪਾਦਨ ਕਰਦਿਆਂ ਉਹ 15 ਤੋਂ 20 ਪੰਨਿਆਂ ਦੇ ਪਦ-ਲੇਖ ਲਿਖਦੇ ਹਨ ਜਿਨ੍ਹਾਂ ਵਿਚ ਉਹ ਮੂਲ ਸ੍ਰੋਤਾਂ ਰਾਹੀਂ ਇਤਿਹਾਸ ਬਾਰੇ ਪਏ ਸ਼ੰਕਿਆਂ ਦਾ ਨਿਵਾਰਨ ਰਹੇ ਹਨ। ਇਸੇ ਤਰ੍ਹਾਂ ਹੀ 'ਦੇਵੀ ਪੂਜਨ' ਵਾਲੇ ਲੇਖ ਵਿਚ ਉਹ ਸੂਰਜ ਪ੍ਰਤਾਪ ਗ੍ਰੰਥ, ਮਾਰਕੰਡੇ ਪੁਰਾਣ, ਤਵਾਰੀਖ ਖਾਲਸਾ, ਰਿਗਵੇਦ, ਮਨੂ ਸਿਮਰਤੀ ਆਦਿ ਗ੍ਰੰਥਾਂ ਚੋਂ ਹਵਾਲੇ ਲੈ ਕੇ ਇਹ ਸਿੱਧ ਕਰਦੇ ਹਨ ਕਿ ਸਿੱਖ ਦੇਵੀ ਪੂਜਕ ਨਹੀਂ ਹੋ ਸਕਦੇ। ਇਸਦੇ ਨਾਲ ਹੀ ਉਹ ਡਊਸ਼ਨ, ਵੁਡਰਫ, ਸਰ ਚਾਰਲਸ ਏਲੀਅਟ ਆਦਿ ਦੇ ਪੱਛਮੀ ਗਿਆਨ ਤੋਂ ਵੀ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਕੇ ਆਪਣੀ ਦਲੀਲ ਨੂੰ ਪੱਕਿਆ ਕਰਦੇ ਹਨ। ਅਜਿਹਾ ਕਰਦਿਆਂ ਉਹ 128 ਪੰਨਿਆਂ ਦਾ ਫੁੱਟ ਨੋਟ ਲਿਖਦੇ ਹਨ ਜੋ ਸਾਡੇ ਅਨੁਸਾਰ ਅੱਜ ਤੱਕ ਦਾ ਸੱਭ ਤੋਂ ਲੰਬਾ ਫੁੱਟ ਨੋਟ ਹੋ ਸਕਦਾ ਹੈ। ਇਸ ਤਰ੍ਹਾਂ ਦੇ ਫੁੱਟ ਨੋਟ ਭਾਈ ਸਾਹਿਬ ਦੀ ਖੋਜੀ ਬਿਰਤੀ ਦੇ ਪ੍ਰਮਾਣ ਤਾਂ ਹਨ ਹੀ, ਨਾਲ ਹੀ ਉਹਨਾਂ ਵਲੋਂ ਹਰ ਤੱਥ ਦੀ ਤਹਿ ਤੱਕ ਪੁੱਜਣ ਦਾ ਇਕ ਠੋਸ ਉਪਰਾਲਾ ਵੀ ਹਨ।

ਜੇਕਰ ਭਾਈ ਵੀਰ ਸਿੰਘ ਦੇ ਸਾਹਿਤ ਨੂੰ ਮੁੜ ਤੋਂ ਘੋਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਹਨਾਂ ਦਾ ਕਵਿਤਾ, ਗਲਪ, ਨਾਟਕਕਾਰੀ, ਗੁਰਬਾਣੀ ਵਿਆਖਿਆ ਤੇ ਟੀਕਾਕਾਰੀ, ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਲਿਖਣ, ਇਤਹਾਸਕਾਰੀ ਕਰਨ ਦਾ ਪ੍ਰਯੋਜਨ ਬੜਾ ਸਪੱਸ਼ਟ ਹੈ। ਇਨ੍ਹਾਂ ਸਿਨਫਾਂ ਵਿਚ ਉਹਨਾਂ ਦੇ ਟੀਚੇ ਵੀ ਵੰਨ-ਸੁਵੰਨੇ ਹਨ।

ਭਾਈ ਵੀਰ ਸਿੰਘ ਨੂੰ ਪੰਜਾਬੀ ਸਾਹਿਤ ਵਿਚ ਵਧੇਰੇ ਕਰਕੇ ਅਧਿਆਤਮ ਅਤੇ ਕੁਦਰਤ ਦੇ ਕਵੀ ਵਜੋਂ ਹੀ ਜਾਣਿਆ ਜਾਂਦਾ ਰਿਹਾ ਹੈ। ਕਿਸੇ ਹੱਦ ਤੱਕ ਇਹ ਠੀਕ ਵੀ ਹੈ। ਉਹਨਾਂ ਦੀਆਂ ਅਧਿਆਤਮ ਸਬੰਧੀ ਕਵਿਤਾਵਾਂ ਵਿਚ ਉਹ ਸਿੱਖ ਗੁਰੂ ਸਾਹਿਬਾਨਾਂ ਦੀ ਉਸਤਤ ਕਰਦਿਆਂ ਇਕ ਵੈਰਾਗਮਈ ਅਵਸਥਾ ਤੱਕ ਪੁੱਜ ਜਾਂਦੇ ਹਨ। ਉਹਨਾਂ ਡਾ. ਅਧਿਆਤਮਕ ਆਵੇਸ਼ ਉਹਨਾਂ ਨੂੰ ਇਸ ਧਰਤੀ ਦੇ ਵਾਸੀ ਤੋਂ ਉਠਾ ਕੇ ਕਿਸੇ ਅਗੰਮੀ ਸਥਾਨ ਦੇ

ਵਾਸੀ ਵਜੋਂ ਸਥਾਪਤ ਕਰਦਾ ਹੈ। ਭਾਈ ਵੀਰ ਸਿੰਘ ਦੀ ਖਾਸੀਅਤ ਇਹ ਹੈ ਕਿ ਉਹ ਸਿੱਖ ਗੁਰੂਆਂ ਨਾਲ ਸਬੰਧਤ ਕਵਿਤਾ ਰਚਦਿਆਂ ਸੂਫੀ ਰੰਗ ਵਿਚ ਵੀ ਰੰਗੇ ਜਾਂਦੇ ਹਨ। ਉਹਨਾਂ ਦੀ ਕਵਿਤਾ ਵਿਚ ਸਿੱਖ ਅਤੇ ਸੂਫੀ ਦੋਵਾਂ ਰਹੱਸਾਂ ਦਾ ਸੁਮੇਲ ਬਣਨਾ ਸ਼ੁਰੂ ਹੋ ਜਾਂਦਾ ਹੈ, ਜਦਕਿ ਹੁਣ ਤੱਕ ਉਹਨਾਂ ਦਾ ਕਾਵਿ-ਸ਼ਾਸਤਰੀ ਅਧਿਐਨ ਕਰਨ ਵਾਲਿਆਂ ਨੇ ਉਹਨਾਂ ਨੂੰ ਅਧਿਆਤਮਵਾਦੀ/ਰੁਮਾਂਚਕਾਰੀ/ਪ੍ਰਾਕਿਰਤੀ ਦੇ ਕਵੀ ਵਜੋਂ ਹੀ ਪੇਸ਼ ਕੀਤਾ ਹੈ :-

ਨਦੀ ਕਿਨਾਰੇ ਕੂਕ ਪੁਕਾਰਾਂ
ਉੱਲ ਉੱਮਲ ਬਾਹਾਂ ਉਲਾਰਾਂ
'ਸਾਈਆਂ ਸਾਈਆਂ' ਹਾਕਾਂ ਮਾਰਾਂ
ਤੂੰ ਸਾਜਨ ਅਲਬੇਲਾ ਤੂੰ।
ਤੁਰ ਕੇ ਆਵਾਂ ਜ਼ੋਰ ਨਾ ਬਾਹੀਂ
ਸ਼ੁਕੇ ਨਦੀ ਕਾਂਗ ਭਰ ਆਹੀ
'ਤੁਰ ਕੇ ਆਵਾ ਰਾਹ ਨ ਕਾਈ
ਸਾਜਨ ਸਖਾ ਸਹੇਲਾ ਤੂੰ।
ਤੁਲਹਾ ਮੇਰਾ ਬਹੁਤ ਪੁਰਾਣਾ
ਘਸ ਘਸ ਹੋਇਆ ਅੱਧੋਰਾਣਾ
ਚੱਪੇ ਪਾਸ ਨ, ਕੋਈ ਮੁਹਾਣਾ
ਚੜ੍ਹ ਕੇ ਪਹੁੰਚ ਦੁਹੇਲਾ ਊ।

ਇਸ ਤਰਾਂ ਦੀਆਂ ਅਨੇਕਾਂ ਕਵਿਤਾਵਾਂ ਉਹਨਾਂ ਨੂੰ ਇਕ ਦਰਵੇਸ਼ ਕਵੀ ਵਜੋਂ ਸਥਾਪਤ ਕਰਦੀਆਂ ਹਨ। ਜਦੋਂ ਉਹ ਕਾਦਰ ਤੋਂ ਬਾਹਰ ਆ ਉਸਦੀ ਸਾਜੀ ਕੁਦਰਤ ਬਾਰੇ ਕਵਿਤਾ ਰਚਦੇ ਹਨ ਤਾਂ ਭਾਵੇਂ ਉਸ ਵਿਚ ਵੀ ਅਧਿਆਤਮ ਰੰਗਣ ਹੁੰਦੀ ਹੈ ਪਰ ਅਜਿਹੀ ਕਵਿਤਾ ਵਿਚ ਉਹ ਵੈਰਾਗ ਤੋਂ ਮੁਕਤ ਹੋ ਜਾਂਦੇ ਹਨ ਅਤੇ ਉਸਦੀ ਸਾਜੀ ਕੁਦਰਤ ਦਾ ਜਾਂ ਤਾਂ ਆਨੰਦ ਮਾਣਦੇ ਪ੍ਰਤੀਤ ਹੁੰਦੇ ਹਨ ਜਾਂ ਫਿਰ ਉਸਦੀ ਰਾਖੀ ਲਈ ਚੇਤਨਤਾ ਜਗਾਉਂਦੇ ਹੀ ਹਨ ਪਰ ਨਾਲ ਦੀ ਨਾਲ ਜੀਵਨ ਦੀਆਂ ਅਟੱਲ ਸਚਾਈਆਂ ਵੱਲ ਵੀ ਪਾਠਕ ਦੀ ਸਾਂਝ ਪੁਆਉਂਦੇ ਹਨ:-

ਸਾਗਰ ਪੁੱਛਦਾ:- 'ਨਦੀਏ ! ਸਾਰੇ
ਬੂਟੇ ਬੂਟੀਆਂ ਲਯਾਵੇਂ,
ਪਰ ਨਾ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ ?
ਨਦੀ ਆਖਦੀ :- ਆਕੜ ਵਾਲੇ,
ਸਭ ਬੂਟੇ ਪਟ ਸੱਕਾਂ,
'ਪਰ ਜੋ ਝੁਕੇ ਵਗੇ ਰਉਂ ਰੁਖ਼ ਨੂੰ
ਪੇਸ਼ ਨਾ ਉਸਤੇ ਜਾਵੇ।

ਭਾਈ ਵੀਰ ਸਿੰਘ ਹੁਰਾਂ ਤੇ ਅਕਸਰ ਇਲਜ਼ਾਮ ਲਗਦਾ ਰਿਹਾ ਹੈ ਕਿ ਉਹ ਆਪਣੇ ਆਪ ਨੂੰ ਰਾਜਨੀਤਕ ਪ੍ਰਸਥਿਤੀਆਂ ਤੋਂ ਵੱਖ ਰੱਖਦੇ ਹੋਏ ਆਪਣੀ ਕਵਿਤਾ ਵਿਚ ਸਮਕਾਲੀ ਪ੍ਰਸਿਥਿਤੀਆਂ ਦਾ ਜ਼ਿਕਰ ਨਹੀਂ ਕਰਦੇ। ਪਰ ਸੱਚ ਤਾਂ ਇਹ ਹੈ ਕਿ ਆਪਣੇ ਸੁਭਾਅ ਵਿਚ ਉਹ ਅਧਿਆਤਮਕ ਰੰਗਣ ਵਿਚ ਰੰਗੇ ਹੋਏ ਵਿਅਕਤੀ ਹਨ ਇਸ ਲਈ ਉਸ ਸਮੇਂ ਦੀ ਗ਼ਦਰ ਲਹਿਰ ਦੀ ਕਵਿਤਾ ਵਾਂਗ ਜੁਝਾਰੂਪਣ ਤੋਂ ਗੁਰੇਜ਼ ਕਰਦੇ ਹਨ ਪਰ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਸਮਕਾਲ ਦੇ ਰਾਜਸੀ ਅਵਚੇਤਨ ਨਾਲ ਵੀ ਜੁੜਦੇ ਹਨ :-





ਸਾਨੂੰ ਰੱਖ ਸੁਤੰਤਰ ਦਾਤੇ
ਬੰਦੀ ਸਾਥੋਂ ਦੂਰ ਰਹੇ,
ਪਰਤੰਤਰ ਕਦੇ ਨਾ ਕਰਾਵੀ
ਖੁਲ੍ਹ ਦਾ ਸਦਾ ਸ਼ਊਰ ਰਹੇ।

ਭਾਈ ਵੀਰ ਸਿੰਘ ਦੀ ਕਵਿਤਾ ਦਾ ਅਧਿਐਨ ਕਰਦਿਆਂ ਅਕਸਰ ਉਹਨਾਂ ਦੇ ਕੁਦਰਤ ਪ੍ਰੇਮ ਜਾਂ ਕਸ਼ਮੀਰ ਦੇ ਬਾਗਾਂ ਅਤੇ ਪ੍ਰਾਕਿਰਤਕ ਸੁੰਦਰਤਾ ਵਾਲੀਆਂ ਨਜ਼ਮਾਂ ਨੂੰ ਹੀ ਗੌਲਿਆ ਗਿਆ ਹੈ। ਉਹਨਾ ਦੀ ਇਤਿਹਾਸ ਪ੍ਰਤੀ ਸੂਝ ਅਤੇ ਇਸ ਧਰਤੀ ਦੇ ਪੌਰਾਣਕ ਇਤਿਹਾਸਕ ਸਥਾਨਾਂ ਦੀ ਮੁਸਲਿਮ ਹਮਲਾਵਰਾਂ ਵਲੋਂ ਕੀਤੀ ਗਈ ਦੁਰਗਤੀ ਨੂੰ ਦੇਖ ਕੇ ਭਾਈ ਸਾਹਿਬ ਵਲੋਂ ਦਿੱਤੇ ਗਏ ਕਾਵਿਕ ਪ੍ਰਤੀਕਰਮ ਨੂੰ ਘੱਟ ਹੀ ਗੌਲਿਆ ਗਿਆ ਹੈ। ਵਿਸ਼ੇਸ਼ ਕਰਕੇ ਉਹ ਜਦੋਂ ਸਮਰਾਟ ਲਲਿਤਦਿੱਤਯ ਮੁਕਤਾਪਿਡਾ ਵਲੋਂ ਉਸਾਰੇ ਗਏ ਮਾਰਤੰਡ ਦੇ ਸੂਰਯ ਮੰਦਿਰ ਦੇ ਖੰਡਰਾਂ ਨੂੰ ਦੇਖਦੇ ਹਨ ਤਾਂ ਉਹ ਬੇਹਬਲ ਹੋਣ ਦੀ ਹਾਲਤ ਤੱਕ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਇਸ ਮੰਦਰ ਦੀ ਉਸਾਰੀ ਸਮਰਾਟ ਰਣਦਿੱਤਯ ਨੇ ਸ਼ੁਰੂ ਕੀਤੀ ਸੀ ਜੋ ਕਿ ਸ਼ਿਵ ਭਗਤ ਸਨ। ਅੱਠਵੀਂ ਸਦੀ ਵਿਚ ਮੁਕੰਮਲ ਹੋਏ ਇਸ ਮੰਦਰ ਨੂੰ ਕਸ਼ਮੀਰ ਦੀ ਹੀ ਨਹੀਂ ਸਗੋਂ ਸਨਾਤਨ ਧਰਮ ਦੀ ਆਨ ਤੇ ਸ਼ਾਨ ਸਮਝਿਆ ਜਾਂਦਾ ਸੀ ਪਰ ਪੰਦਰਵੀ ਸਦੀ ਦੇ ਸ਼ੁਰੂ ਵਿਚ ਸੁਲਤਾਨ ਸਿਕੰਦਰ ਬੁਤਸ਼ਿਕਨ ਜਦੋਂ ਕਸ਼ਮੀਰ ਵਿਚ ਆਉਂਦਾ ਹੈ ਤਾਂ ਇਸ ਮੰਦਰ ਨੂੰ ਪੂਰੀ ਤਰਾਂ ਉਜਾੜ ਦਿੰਦਾ ਹੈ। ਭਾਈ ਵੀਰ ਸਿੰਘ ਇਸ ਮੰਦਰ ਦੇ ਖੰਡਰਾਂ ਨੂੰ ਦੇਖ ਕੇ ਬੇਹਬਲ ਹੋ ਉਠਦੇ ਹਨ ਅਤੇ ਸੰਵੇਦਨਸ਼ੀਲ ਹੋ ਕੇ ਲਿਖਦੇ ਹਨ:-

ਮਾਰ ਪਈ ਜਦ ਮਾਰਤੰਡ ਨੂੰ ਪੱਥਰ ਰੋ ਕੁਰਲਾਣੇ
ਪੱਥਰ ਤੋੜੇਂ ? ਦਿਲ ਪਏ ਟੁੱਟਦੇ 'ਦਿਲ ਕਾਬਾ ਰੱਬਾਣੇ'
ਲਾਏਂ ਹਥੌੜਾ ਸਾਨੂੰ ? ਪਰ ਤੱਕ !-ਸੱਟ ਪਏ ਰੱਬ ਘਰ ਨੂੰ
'ਘਟ ਘਟ ਦੇ ਵਿਚ ਵਸਦਾ ਜੇਹੜਾ ! ਤੂੰ ਕਿਨੂੰ ਰੱਬ ਸਿਵਾਣੇ ?'

ਇਵੇਂ ਹੀ ਉਹ ਜਦੋਂ ਅਵੰਤੀਪੁਰਾ ਦੇ ਖੰਡਰਾਂ ਨੂੰ ਦੇਖਦੇ ਹਨ ਤਾਂ ਪੂਰਨ ਇਤਿਹਾਸ ਨੂੰ ਆਪਣੇ ਪ੍ਰਤੱਖਣ ਚੋਂ ਗੁਜ਼ਾਰਦੇ ਹਨ। ਪੌਰਾਣਕ ਕਾਲ ਵਿਚ ਵਿਸਵਾਸਰ ਨਾਮ ਦੇ ਕਸਬੇ ਵਿਚ ਸਮਰਾਟ ਅਵੰਤੀਵਰਮਨ ਵਲੋਂ 853-855 ਪੂਰਵ ਈਸਾ ਵਿਚ ਉਸਾਰੇ ਗਏ ਇਸ ਇਤਹਾਸਕ ਮੰਦਰ ਦੇ ਖੰਡਰਾਂ ਨੂੰ ਤੱਕਦਿਆਂ ਹੀ ਉਹਨਾ ਦੀ ਕਲਮ ਵਿਰਲਾਪ ਕਰਨ ਲਗਦੀ ਹੈ। ਇਸਲਾਮਿਕ ਹਮਲਾਵਰਾਂ ਵਲੋਂ ਭਾਰਤ ਦੇ ਇਤਿਹਾਸ ਮਿਥਿਹਾਸ ਨੂੰ ਮਿਟਾਉਣ ਦੇ ਯਤਨਾਂ ਨੂੰ ਉਹ ਸਭਿਅਤਾ ਉਤੇ ਹਮਲੇ ਵਜੋਂ ਦੇਖਦੇ ਹਨ, ਇੰਝ ਭਾਈ ਵੀਰ ਸਿੰਘ ਦੀ ਇਤਿਹਾਸ ਪ੍ਰਤੀ ਸੂਝ ਅਤੇ ਉਹ ਵੀ ਪੰਜਾਬ ਦੇ ਇਤਿਹਾਸ ਨਹੀਂ ਸਗੋਂ ਹਿੰਦੋਸਤਾਨ ਦੇ ਸਭਿਆਚਾਰਕ ਇਤਿਹਾਸ ਪ੍ਰਤੀ ਸੂਝ ਅਤੇ ਫਿਕਰਮੰਦੀ ਪ੍ਰਗਟ ਹੁੰਦੀ ਹੈ:-

ਅਵੰਤੀ ਪੁਰਾ ਕੀ ਰਹ ਗਿਆ ਬਾਕੀ, ਦੋ ਮੰਦਰਾਂ ਦਾ ਢੇਰ,
ਬੀਤ ਚੁਕੀ ਸਭਯਤਾ ਦੇ ਖੰਡਰ, ਦਸਦੇ ਸਮੇਂ ਦੇ ਫੇਰ,
ਸਾਖੀ ਭਰ ਰਹੇ ਓਸ ਅੱਖ ਦੀ, ਜਿਸ ਵਿਚ ਮੋਤੀਆ ਬਿੰਦ,
'ਹੁਨਰ' ਪਛਾਣਨ ਵੱਲੋਂ ਛਾਇਆ, ਗੁਣ ਦੀ ਰਹੀ ਨਾ ਜਿੰਦ,
'ਜੋਸ਼ ਮਜ਼ਹਬ' ਤੇ 'ਕਦਰ-ਹੁਨਰ' ਦੀ, ਰਹੀ ਨ ਠੀਕ ਤਮੀਜ਼,
ਰਾਜ਼ੀ ਕਰਦੇ ਹੋਰਾਂ ਤਾਂਈ, ਆਪੂੰ ਬਣੇ ਮਰੀਜ਼,
ਬੁਤ ਪੂਜਾ ? 'ਬੁਤ' ਫੇਰ ਹੋ ਪਏ, 'ਹੁਨਰ' ਨ ਪਰਤਿਆ ਹਾਇ,
ਮਰ ਮਰ ਕੇ 'ਬੁਤ' ਫੇਰ ਉਗਮ ਪਏ, 'ਗੁਣ' ਨੂੰ ਕੌਣ ਜਿਵਾਏ ?

ਇੰਝ ਸਾਡੀ ਜਾਚੇ ਉਹ ਕਵਿਤਾ ਵਿਚ ਆਪਣੇ ਮਨ ਦੀ ਮੌਜ ਅਨੁਸਾਰ ਰਚਨਾ ਕਰਦੇ ਹੋਏ ਨਾਲੋ-ਨਾਲ ਇਤਿਹਾਸ ਮਿਥਿਹਾਸ ਦਾ ਵੀ ਨਿਤਾਰਾ ਕਰਦੇ ਹਨ ਜਦਕਿ ਆਪਣੀਆਂ ਗ਼ਲਪੀ ਰਚਨਾਵਾਂ ਵਿਚ ਉਹਨਾਂ ਦਾ

ਪੈਂਤੜਾ ਨਿਰਾ ਰਾਜਨੀਤਕ ਹੈ। ਹਾਲਾਂਕਿ ਇਸ ਰਾਜਨੀਤੀ ਵਿਚ ਵੀ ਧਰਮ ਦੀ ਰਾਜਨੀਤੀ ਹਾਵੀ ਰਹਿੰਦੀ ਹੈ। ਉਹ ਇਸ ਤੱਥ ਤੋਂ ਮੁਨਕਰ ਨਹੀਂ ਹੁੰਦੇ ਕਿ ਭਾਰਤ ਰਾਜਨੀਤਕ ਤੌਰ 'ਤੇ ਗੁਲਾਮ ਦੇਸ਼ ਹੈ ਪਰ ਲੋਕਾਂ ਨੂੰ ਜ਼ਹਿਨੀਅਤ ਗੁਲਾਮੀ ਤੋਂ ਮੁਕਤ ਕਰਵਾਉਣ ਵਿਚ ਉਹਨਾਂ ਦਾ ਰੋਲ ਅਗ੍ਰਮੀ ਹੈ। ਉਹਨਾਂ ਦੀ ਜੰਗ ਇਸ ਵਿਚਾਰ ਨਾਲ ਹੈ ਕਿ ਪੱਛਮ ਵਲੋਂ ਅੰਗਰੇਜ਼ੀ ਸੰਸਕ੍ਰਿਤੀ ਨੂੰ ਸਰਵੋਤਮ ਮਨਵਾਉਣ ਦੀਆਂ ਚਾਲਾਂ ਵਿਚ ਫਸ ਕੇ ਪੰਜਾਬੀ ਆਪਣੀਆਂ ਅਮੀਰ ਪਰੰਪਰਾਵਾਂ ਨਾ ਭੁੱਲ ਜਾਣ, ਇਸ ਲਈ ਉਹ ਆਪਣੇ ਨਾਵਲਾਂ ਵਿਚ ਅਜਿਹੇ ਕਿਰਦਾਰ ਘੜਦੇ ਹਨ ਜਿਹੜੇ ਸਾਡੇ ਲਈ ਮਾਡਲ ਹੋ ਸਕਦੇ ਹਨ। ਨਾਲ-ਨਾਲ ਉਹ ਬਰਤਾਨਵੀ ਹਕੂਮਤ ਦੇ ਸਭਿਆਚਾਰਕ ਹਮਲੇ ਨੂੰ ਵੀ ਵੰਗਾਰਦੇ ਹਨ ਅਤੇ ਆਪਣੇ ਆਦਰਸ਼ਕ ਪਾਤਰਾਂ ਦੀ ਬਦੌਲਤ ਸਿੱਖ ਧਰਮ ਦੇ ਪੁਨਰ-ਉਥਾਨ ਦਾ ਬੀੜਾ ਆਪਣੇ ਸਿਰ ਚੁਕਦੇ ਹਨ। ਹਾਲਾਂ ਕਿ ਇਨ੍ਹਾਂ ਪਾਤਰਾਂ ਰਾਹੀਂ ਉਹ ਕੌਮੀ ਭਾਵਨਾ ਸਹਿਤ ਰਾਸ਼ਟਰ ਦੇ ਭਵਿੱਖ ਲਈ ਵੀ ਚਿੰਤਾਤੁਰ ਪ੍ਰਤੀਤ ਹੁੰਦੇ ਹਨ ਅਤੇ ਆਜ਼ਾਦੀ ਦੇ ਸੰਘਰਸ਼ ਨੂੰ ਸਿੱਖ ਧਰਮ ਦੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਅਭਿਆਸ ਨਾਲ ਜੋੜ ਕੇ ਇਕ ਵਿਹਾਰਕ ਬਦਲ ਦਿੰਦੇ ਹਨ। ਉਹਨਾਂ ਦਾ ਸਿਰਜਿਆਂ ਨਾਵਲੀ ਬਿਰਤਾਂਤ ਪ੍ਰਤੀਕਮਈ ਜਾਪਦਾ ਹੈ ਕਿਉਂਕਿ ਉਹ ਭਾਰਤ ਮਾਤਾ ਦਾ ਚਿਤਰਣ ਸੁੰਦਰੀ ਦੇ ਰੂਪ ਵਿਚ ਕਰਦੇ ਹਨ ਜਿਹੜੀ ਸ਼ਾਸਕਾਂ ਦੇ ਉਪੱਦਰ ਦਾ ਸ਼ਿਕਾਰ ਹੋ ਰਹੀ ਸੀ। ਜਿਉਂ ਹੀ ਉਹ ਗੁਰੂ ਵਾਲੀ ਬਣਦੀ ਹੈ ਤਾਂ ਉਸ ਵਿਚ ਇਕ ਕ੍ਰਾਂਤੀਕਾਰੀ ਤਬਦੀਲੀ ਆਉਂਦੀ ਹੈ। ਇੰਝ ਉਹ ਭਾਰਤ ਦੀ ਭੂਮੀ ਨੂੰ ਅੰਗਰੇਜ਼ਾਂ ਦੀ ਗ੍ਰਿਫਤ ਚੋਂ ਮੁਕਤ ਕਰਵਾਉਣ ਲਈ ਦੇਸ਼ ਭਗਤ ਸੁਤੰਤਰਤਾ ਸੰਗਰਾਮੀਆਂ ਸਾਹਮਣੇ ਇਕ ਵੰਗਾਰ ਖੜੀ ਕਰਕੇ ਚੇਤਾਵਨੀ ਦਿੰਦੇ ਹਨ। ਇਸ ਤਰਾਂ ਹੀ ਨਾਵਲ ਸਤਵੰਤ ਕੌਰ ਦੀ ਪਾਤਰ ਸਤਵੰਤ ਕੌਰ ਵੀ ਆਪਣੇ ਧਰਮ ਤੇ ਪਵਿੱਤਰਤਾ ਦੀ ਰਾਖੀ ਲਈ ਜਬਰ ਜ਼ੁਲਮ ਕਰਨ ਵਾਲਿਆਂ ਨਾਲ ਜੂਝਦੀ ਹੈ। ਇਹੋ ਪੈਂਤੜਾ ਹੀ ਉਹ ਆਪਣੇ ਦੋਵਾਂ ਨਾਟਕਾਂ 'ਜ਼ੈਨਾ ਦਾ ਵਿਰਲਾਪ' ਅਤੇ 'ਰਾਜਾ ਲਖਦਾਤਾ ਸਿੰਘ' ਵਿਚ ਵਰਤਦੇ ਹਨ। ਬੇਸ਼ੱਕ ਸਿਨਫਾਂ ਅਤੇ ਬਿਰਤਾਂਤ ਵੱਖੋ-ਵੱਖਰੇ ਹਨ ਪਰ ਭਾਈ ਵੀਰ ਸਿੰਘ ਸੁਚੇਤ ਹਨ ਕਿ ਨਾਵਲ ਤੇ ਨਾਟਕ ਰਾਹੀਂ ਲੋਕਾਈ ਨੂੰ ਸਿੱਧੇ ਤੌਰ 'ਤੇ ਮੁਖ਼ਾਤਬ ਹੋ ਕੇ ਮਨਚਾਹੇ ਸਿੱਟੇ ਹਾਸਿਲ ਕੀਤੇ ਜਾ ਸਕਦੇ ਹਨ। ਉਹਨਾਂ ਦੀ ਨਾਵਲੀ ਤੇ ਨਾਟਕੀ ਵਸਤੂ ਚਿਣਗ ਲਾਉਣ ਲਈ ਮਨੋਵਿਗਿਆਨਕ ਰਾਹ ਅਪਣਾਉਂਦੀ ਹੈ। ਉਹਨਾਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਜੇਕਰ ਲੋਕਾਈ ਦਾ ਮਨ ਬਦਲ ਗਿਆ ਤਾਂ ਉਹ ਬਹੁਤ ਅਰਸਾ ਧਾਰਮਿਕ ਜਾਂ ਰਾਜਸੀ ਗੁਲਾਮੀ ਵਿਚ ਜਕੜੀ ਨਹੀਂ ਰਹਿ ਸਕਦੀ, ਇਸ ਲਈ ਉਹ ਆਪਣੇ ਪਾਠਕਾਂ ਦੇ ਮਨਾਂ ਵਿਚ ਪਰਿਵਰਤਨ ਲਿਆਉਣ ਦੀ ਸਿਰ ਤੋੜ ਕੋਸ਼ਿਸ਼ ਵਿਚ ਜਾਪਦੇ ਹਨ। ਇੰਝ ਨਾਵਲਾਂ ਤੇ ਨਾਟਕਾਂ ਵਿਚ ਭਾਈ ਸਾਹਿਬ ਸਿੱਖ ਧਰਮ ਦੇ ਉਥਾਨ ਦੇ ਨਾਲ ਨਾਲ ਸਮਕਾਲੀ ਧਰਮ-ਰਾਜਨੀਤੀ ਵਿਚ ਆਪਣਾ ਉਸਾਰੂ ਦਖ਼ਲ ਦੇ ਕੇ ਸਿੱਖ ਕੌਮ ਦੀ ਬਾਂਹ ਤਾਂ ਫੜਦੇ ਹੀ ਹਨ ਪਰ ਨਾਲ ਦੀ ਨਾਲ ਪ੍ਰਤੀਕਤਾਮਕ ਤੌਰ 'ਤੇ ਅੰਗਰੇਜ਼ ਹਾਕਮਾਂ ਦੀਆਂ ਕੂਟਨੀਤਿਕ ਚਾਲਾਂ ਨੂੰ ਵੀ ਵੰਗਾਰਦੇ ਹਨ।

ਜਿਥੋਂ ਤੱਕ ਭਾਈ ਵੀਰ ਸਿੰਘ ਦੀ ਵਾਰਤਕ ਦਾ ਸਬੰਧ ਹੈ ਉਹ ਗੁਰੂ ਇਤਹਾਸ, ਸਿੱਖ ਜੀਵਨ, ਸਿੱਖ ਦਰਸ਼ਨ ਅਤੇ ਵਿਚਾਰਧਾਰਾ ਨੂੰ ਇਕੱਠਿਆਂ ਕਰ ਕੇ ਇਕ ਸਮਨਵੈ ਬਣਾਉਣ ਦੇ ਆਹਰ ਵਿਚ ਹਨ। ਅਜਿਹਾ ਕਰਦਿਆਂ ਉਹ ਸਿੰਘ ਸਭਾ ਦੇ ਆਸ਼ਿਆਂ ਨੂੰ ਦ੍ਰਿਸ਼ਟੀਗੋਚਰ ਰੱਖਦੇ ਪ੍ਰਤੀਤ ਹੁੰਦੇ ਹਨ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਦਸਮ ਗ੍ਰੰਥ, ਗੁਰ ਪ੍ਰਤਾਪ ਸੂਰਜ ਗ੍ਰੰਥ, ਸੌ ਸਾਖੀ, ਐਲਫਿਨਸਟਨ ਦਾ ਹਿੰਦ ਦਾ ਇਤਿਹਾਸ, ਡਿਊਸਨ ਦਾ ਇਤਿਹਾਸ, ਗਿਆਨ ਪ੍ਰਬੋਧ, ਬਾਲਮੀਕੀ ਰਾਮਾਇਣ, ਸੂਰਜ ਪ੍ਰਕਾਸ਼ ਗ੍ਰੰਥ, ਗੁਰ ਬਿਲਾਸ ਭਾਈ ਮਨੀ ਸਿੰਘ, ਗੁਰਬਿਲਾਸ ਭਾਈ ਸੁੱਖਾ ਸਿੰਘ, ਬੰਸਾਵਲੀਨਾਮਾ, ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼, ਗੁਰ ਸ਼ੋਭਾ, ਸਟੋਰੀਆਂ ਡੈਮੋਗੋਰ, ਸੈਰੁਲਮੁਤਾਖੀਨ, ਈਰਨੀਅਨ, ਗਣੇਸ਼ ਦਾਸ ਬਡਹਿਰਾ ਦਾ ਇਬਾਰਤਨਾਮਾ, ਤੁਜ਼ਕੇ ਜਹਾਂਗੀਰੀ, ਕਨੱਯਾ ਲਾਲ ਦਾ ਤਾਰੀਖ-ਏ-ਪੰਜਾਬ, ਮੈਕਲਮ ਅਤੇ ਮੈਕਗਗਰ ਦਾ ਹਿਸਟਰੀ ਆਫ ਪੰਜਾਬ, ਮੁਹੰਮਦ ਲਤੀਫ ਦਾ ਹਿਸਟਰੀ ਆਫ ਪੰਜਾਬ, ਗਿਆਨੀ ਗਿਆਨ ਸਿੰਘ ਦਾ ਤਵਾਰੀਖ ਖਾਲਸਾ, ਭਾਈ ਨੰਦ ਲਾਲ ਦੀਆਂ ਫਾਰਸੀ ਲਿਖਤਾਂ, ਜੋਤ ਵਿਗਾਸ, ਗੰਜਨਾਮਾ ਅਤੇ ਤੌਸੀਫੇ ਸਨਾ ਵਰਗੇ ਪੁਰਾਤਨ ਗ੍ਰੰਥਾਂ ਤੇ ਸ੍ਰੋਤਾਂ ਨੂੰ ਅਧਾਰ ਬਣਾਉਂਦੇ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਕੋਈ ਵੀ ਰਚਨਾ ਕਰਨ ਤੋਂ ਪਹਿਲਾਂ ਵਿਸਤ੍ਰਤ ਖੋਜ ਕਰਦੇ ਸਨ। ਇਨ੍ਹਾਂ ਗ੍ਰੰਥਾਂ ਦੇ ਚਿੰਤਨ ਕਰਨ ਦੀ ਯੁਕਤੀ ਵੀ ਵੱਖਰੀ ਹੈ, ਕਈ ਵਾਰ ਇੰਝ ਜਾਪਦਾ ਹੈ ਕਿ ਭਾਈ ਵੀਰ ਸਿੰਘ ਕਿਸੇ ਗ੍ਰੰਥ ਵਿਚੋਂ ਪ੍ਰਸੰਗ ਪੜ੍ਹ ਰਹੇ ਹਨ ਅਤੇ ਫਿਰ ਉਸ ਨੂੰ ਆਪਣੀ ਕਲਪਨਾ ਸ਼ਕਤੀ ਰਾਹੀਂ ਪੁਨਰ ਤੌਰ ਤੇ ਰਚਦੇ ਹਨ। ਅਸ਼ਟ ਗੁਰੂ ਚਮਤਕਾਰ ਵਿਚ ਭਾਈ ਵੀਰ ਸਿੰਘ ਨੇ ਪੁਰਾਤਨ ਤੇ ਸਮਕਾਲੀ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਬਾਅਦ ਸਿੱਖ ਧਰਮ ਵਿਚ ਪਏ ਜਾਂ ਪਾਏ ਗਏ ਭੁਲੇਖਿਆਂ ਜਿਵੇਂ ਖੁਸਰੋ ਤੇ ਗੁਰੂ ਅਰਜਨ ਦੇਵ ਜੀ ਦੀ ਮੁਲਾਕਾਤ, ਹੁਰੂ ਸਾਹਿਬ ਦੀ ਜਹਾਂਗੀਰ ਨਾਲ ਮੁਲਾਕਾਤ ਅਤੇ ਜਹਾਂਗੀਰ ਵਲੋਂ ਗੁਰੂ ਸਾਹਿਬ ਨਾਲ ਕੀਤੇ ਗਏ ਸਲੂਕ ਬਾਰੇ ਵੱਖ ਵੱਖ ਇਤਿਹਾਸਕਾਰਾਂ ਦੇ ਅਨੇਕਾਂ ਹਵਾਲਿਆਂ ਨਾਲ ਸ਼ੰਕਾਵਾਂ ਦਾ ਨਿਵਾਰਨ ਕਰਨ ਦਾ ਯਤਨ ਕੀਤਾ ਹੈ।

ਸਾਬਕਾ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ।
ਮੋਬਾਇਲ : 92120-21195

# ਨਾਟਕਕਾਰ ਭਾਈ ਵੀਰ ਸਿੰਘ ਅਤੇ ਪੰਜਾਬੀ ਨਾਟ-ਚਿੰਤਨ

ਪਾਲੀ ਭੁਪਿੰਦਰ ਸਿੰਘ

ਪੰਜਾਬੀ ਨਾਟਕ ਵਿੱਚ ਭਾਈ ਵੀਰ ਸਿੰਘ ਦੀ ਪਛਾਣ ਬਤੌਰ ਨਾਟਕਕਾਰ ਤਾਂ ਹਰਗਿਜ਼ ਨਹੀਂ ਹੈ। ਇਸਦੇ ਬਾਵਜੂਦ ਵੀ ਕਿ ਹੁਣ ਤੱਕ ਗਿਆਤ ਪੰਜਾਬੀ ਦਾ ਦੂਜਾ ਨਾਟਕ 'ਰਾਜਾ ਲੱਖਦਾਤਾ ਸਿੰਘ' ਉਨ੍ਹਾਂ ਦੀ ਰਚਨਾ ਹੈ। ਸਗੋਂ ਹੁਣ ਤਾਂ ਕੁੱਝ ਵਰ੍ਹੇ ਪਹਿਲਾਂ ਡਾ. ਰਵੇਲ ਸਿੰਘ ਹੁਰਾਂ ਦੇ ਸੰਪਾਦਨ ਵਿੱਚ ਪ੍ਰਕਾਸ਼ਿਤ ਹੋਈ ਉਨ੍ਹਾਂ ਦੀ ਇੱਕ ਨਾਟ-ਰਚਨਾ 'ਜ਼ੈਨਾਂ ਦਾ ਵਿਰਲਾਪ' ਵੀ ਧਿਆਨ ਖਿੱਚ ਰਹੀ ਹੈ। ਮੂਲ ਰੂਪ ਵਿੱਚ ਇਹ ਨਾਟਕ ਉਨ੍ਹਾਂ ਦੀ 1902 ਵਿੱਚ ਰਚੀ ਗਈ ਵਾਰਤਕ ਰਚਨਾ 'ਕਲਗੀਧਰ ਚਮਤਕਾਰ' ਦਾ ਹਿੱਸਾ ਹੈ। ਪਰ ਨਾਟਕੀ ਉਸਾਰ ਅਤੇ ਵਿਧਾ ਦੇ ਪੱਖੋਂ ਇਹ ਛੋਟੇ ਅਕਾਰ ਦੀ ਇੱਕ ਮੁਕੰਮਲ ਨਾਟ-ਰਚਨਾ ਹੈ ਤੇ ਜੇ ਇਹ ਮੰਨ ਲਿਆ ਜਾਵੇ, ਤਾਂ ਪੰਜਾਬੀ ਨਾਟ-ਸਾਹਿਤ ਦਾ ਇਤਿਹਾਸ ਵੀ 1902 ਤੋਂ ਆਰੰਭ ਹੁੰਦਾ ਮੰਨਿਆ ਜਾਣਾ ਚਾਹੀਦਾ ਹੈ। ਹਾਲਾਂਕਿ ਪੰਜਾਬੀ ਨਾਟਕ ਦੇ ਇਤਿਹਾਸ ਅੱਗੇ ਇਹ ਕੋਈ ਵੱਡਾ ਮਸਲਾ ਨਹੀਂ ਕਿ ਇਸਦਾ ਆਰੰਭ 1902 ਤੋਂ ਮੰਨਿਆ ਜਾਵੇ ਜਾਂ ਈਸ਼ਵਰ ਚੰਦਰ ਨੰਦੇ ਦੇ ਨਾਟਕ 'ਸੁਹਾਗ/ਦੁਲ੍ਹਨ' ਨਾਲ 1913 ਤੋਂ। ਪਰ ਪੰਜਾਬੀ ਨਾਟ-ਚਿੰਤਨ ਦੀ ਭਾਈ ਵੀਰ ਸਿੰਘ ਅਤੇ ਇਸ ਕਾਲ ਦੇ ਉਨ੍ਹਾਂ ਵਰਗੇ ਕੁੱਝ ਹੋਰ ਨਾਟਕਕਾਰ ਨਜ਼ਰ-ਅੰਦਾਜ਼ ਕਰਨ ਦੀ ਗਲਤੀ ਦੇ ਕੁੱਝ ਜ਼ਿਕਰਯੋਗ ਪ੍ਰਭਾਵ ਅਗਾਂਹ ਚੱਲ ਕੇ ਪੰਜਾਬੀ ਨਾਟਕ ਅਤੇ ਨਾਟ-ਚਿੰਤਨ; ਦੋਹਾਂ 'ਤੇ ਪਏ ਹਨ, ਜਿਨ੍ਹਾਂ ਬਾਰੇ ਚਰਚਾ ਕਰਨਾ ਇਸ ਪਰਚੇ ਦਾ ਮੰਤਵ ਹੈ।

ਪੰਜਾਬੀ ਨਾਟਕ ਦੇ ਜਨਮ ਬਾਰੇ ਆਮ ਪ੍ਰਵਾਨਿਤ ਧਾਰਨਾ ਇਹ ਹੈ ਕਿ ਇਹ ਉਂਨੀਂਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਨੌਰਾ ਰਿਚਰਡ ਦੀ ਸਰਪ੍ਰਸਤੀ ਹੇਠ ਈਸ਼ਵਰ ਚੰਦਰ ਨੰਦਾ ਵੱਲੋਂ ਲਿਖੇ ਗਏ ਨਾਟਕ 'ਦੁਲ੍ਹਨ' ਜਾਂ 'ਸੁਹਾਗ' ਦੇ ਨਾਲ ਹੁੰਦਾ ਹੈ। ਨੌਰਾ ਰਿਚਰਡ ਦੀ ਪ੍ਰੇਰਨਾ ਨਾਲ ਇੱਕ ਨਾਟ-ਰਚਨਾ ਦੇ ਰਚੇ ਜਾਣ ਅਤੇ ਉਸ ਨਾਲ ਪੰਜਾਬੀ ਸੱਭਿਆਚਾਰ ਵਿੱਚ ਰਾਤੋ-ਰਾਤ ਨਾਟਕ ਅਤੇ ਰੰਗਮੰਚ ਵਰਗੀ ਕਲਾ ਦੇ ਪੈਦਾ ਹੋ ਜਾਣ ਦੀ ਇਹ ਧਾਰਨਾ ਸਤਹੀ ਹੈ। ਅਸਲ ਵਿੱਚ ਮੁੱਢਲੇ ਪੰਜਾਬੀ ਨਾਟਕਕਾਰਾਂ ਨੂੰ ਨਾਟ-ਰਚਨਾ ਲਈ ਪ੍ਰੇਰਨਾ ਕਈ ਸੋਮਿਆਂ ਤੋਂ ਹਾਸਿਲ ਹੋ ਰਹੀ ਸੀ। ਅੰਗਰੇਜ਼ੀ ਰਾਜ ਦੀ ਸਥਾਪਨਾ ਦੇ ਨਾਲ ਪੰਜਾਬੀ ਜੀਵਨ ਵਿੱਚ ਪੱਛਮੀ ਪ੍ਰਭਾਵਾਂ ਦੀ ਜੋ ਕ੍ਰਾਂਤੀ ਵਾਪਰੀ, ਉਸ ਨੇ ਸਾਨੂੰ ਆਪਣੇ ਸਮਾਜ, ਸੱਭਿਆਚਾਰ, ਸਾਹਿਤ ਅਤੇ ਵਿੱਦਿਆ ਲਗਭਗ ਹਰ ਸ਼ੈਅ ਬਾਰੇ ਨਵੀਂ ਸੋਝੀ ਪ੍ਰਦਾਨ ਕੀਤੀ। ਇਸ ਸੋਝੀ ਵਿੱਚ ਪਰੰਪਰਾਵਾਂ ਅਤੇ ਇਤਿਹਾਸ ਦੀ ਤਲਾਸ਼ ਵੀ ਸ਼ਾਮਿਲ ਸੀ। ਇਸ ਕਾਲ ਵਿੱਚ ਨਾਟਕ ਲਿਖਣ ਵਾਲਿਆਂ ਨੇ ਜਦੋਂ ਨਾਟ-ਕਲਾ ਦੀ ਆਪਣੀ ਕਿਸੇ ਪਰੰਪਰਾ ਨੂੰ ਲੱਭਣ ਦਾ ਜਤਨ ਕੀਤਾ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਵਿੱਚੋਂ ਕੁੱਝ ਖ਼ਾਸ ਨਹੀਂ ਲੱਭਿਆ। ਲੋਕ-ਨਾਟ ਪਰੰਪਰਾ ਦੇ ਰੂਪ ਵਿੱਚ ਨਕਲ ਅਤੇ ਭੰਡ-ਤਮਾਸ਼ੇ ਜੋ ਹਰਗਿਜ਼ ਮਾਣ ਕਰਨ ਯੋਗ ਨਹੀਂ ਸਨ। ਪਾਰਸੀ ਥੀਏਟਰ, ਜਿਸ ਦੀਆਂ ਜੁਗਤਾਂ ਅਤਿਅੰਤ ਨਾਟਕੀ, ਰੂਪ ਮੈਲੋਡਰਾਮੈਟਿਕ ਅਤੇ ਵਿਸ਼ੇ ਰੁਮਾਂਟਿਕ ਸਨ, ਜੋ ਕਦੇ-ਕਦੇ ਲੱਚਰਤਾ ਦੀ ਹੱਦ ਤੱਕ ਚਲੇ ਜਾਂਦੇ ਸਨ। ਇਸ ਤੋਂ ਇਲਾਵਾ ਸੰਸਕ੍ਰਿਤ ਨਾਟਕ ਦੇ ਅਵਸ਼ੇਸ਼ ਸਨ ਜਾਂ ਸਿਲੇਬਸਾਂ ਵਿੱਚ ਪੜ੍ਹਾਏ ਜਾ ਰਹੇ ਸ਼ੈਕਸਪੀਅਰ, ਇਬਸਨ ਜਾਂ ਮਾਰਲੋ ਦੇ ਨਾਟਕ। ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਇਕੱਲੇ ਤੌਰ 'ਤੇ ਪੰਜਾਬ ਦੇ ਖਿੱਤੇ ਵਿੱਚ ਨਾਟ-ਵਿਧਾ ਨੂੰ ਜਨਮ ਦੇਣ ਦੇ ਸਮਰੱਥ ਨਹੀਂ ਸੀ। ਪਰ ਜਿਹੜੀ ਪੰਜਾਬੀ ਸਾਹਿਤ ਪ੍ਰਤਿਭਾ ਅੰਗਰੇਜੀ ਸੱਭਿਅਤਾ ਦੇ ਪ੍ਰਭਾਵ ਅਧੀਨ ਪੈਦਾ ਹੋ ਗਏ ਇਸ ਪੁਨਰ-ਜਾਗਰਨ ਦੌਰ ਵਿੱਚ ਨਵੀਂ ਸ਼ੈਲੀ ਦੀ ਕਵਿਤਾ, ਨਿਬੰਧਕਾਰੀ ਅਤੇ ਗਲਪ ਰਚਨ ਲਈ ਕਾਹਲੀ ਪੈ ਗਈ ਸੀ, ਇਹ ਕਿਵੇਂ ਹੋ ਸਕਦਾ ਹੈ ਕਿ ਇਨ੍ਹਾਂ





ਸਾਰੀਆਂ ਨਾਟ-ਪਰੰਪਰਾਵਾਂ ਬਾਰੇ ਮੁੱਢਲੀ ਜਾਣਕਾਰੀ ਹੋਣ 'ਤੇ ਨਾਟਕ ਲਿਖਣ ਲਈ ਉਤੇਜਿਤ ਨਾ ਹੋਈ ਹੋਵੇ! ਸਾਡਾ ਮੰਨਣਾ ਹੈ, ਇਨ੍ਹਾਂ ਮਿਲ-ਗੋਭਾ ਪ੍ਰਭਾਵਾਂ ਕਾਰਨ ਪੈਦਾ ਹੋਈ ਉਤੇਜਨਾ ਵਿੱਚੋਂ ਨੰਦੇ-ਨੌਰਾ ਤੋਂ ਲਗਭਗ ਇੱਕ ਦਹਾਕਾ ਪਹਿਲਾਂ ਹੀ ਪੰਜਾਬੀ ਨਾਟਕਕਾਰੀ ਲਈ ਕੋਸ਼ਿਸ਼ਾਂ ਆਰੰਭ ਹੋ ਚੁੱਕੀਆਂ ਸਨ। 'ਜ਼ੈਨਾਂ ਦਾ ਵਿਰਲਾਪ' (1902), ਬਾਵਾ ਬੁੱਧ ਸਿੰਘ ਦਾ 'ਚੰਦਰ ਹਰੀ' (1909), ਭਾਈ ਵੀਰ ਸਿੰਘ ਦਾ 'ਰਾਜਾ ਲੱਖਦਾਤਾ ਸਿੰਘ' (1910) ਅਤੇ ਅਰੂੜ ਸਿੰਘ ਤਾਇਬ ਦਾ 'ਸੁੱਕਾ ਸਮੁੰਦਰ' (1911) ਇਸੇ ਹੀ ਉਤੇਜਨਾ ਵਿੱਚੋਂ ਨਿਕਲਦੀਆਂ ਨਾਟ-ਰਚਨਾਵਾਂ ਹਨ।

ਈਸ਼ਵਰ ਚੰਦਰ ਨੰਦਾ ਤੱਕ ਦੇ ਪੰਜਾਬੀ ਨਾਟਕ ਦੀ ਮੁਸ਼ਕਿਲ ਇਹ ਨਹੀਂ ਕਿ ਇਸ ਨੂੰ ਇਸ ਜੋਨਰ ਦੀ ਸਮਝ ਨਹੀਂ ਸੀ, ਜਿਵੇਂ ਕਿ ਕੁੱਝ ਨਾਟ-ਚਿੰਤਕਾਂ ਦਾ ਮੰਨਣਾ ਹੈ। ਭਾਈ ਵੀਰ ਸਿੰਘ ਰਚਿਤ 'ਜ਼ੈਨਾਂ ਦਾ ਵਿਰਲਾਪ' ਉੱਤੇ ਤੁਸੀਂ ਇਹ ਉਂਗਲ ਨਹੀਂ ਚੁੱਕ ਸਕਦੇ। 'ਜ਼ੈਨਾਂ ਦਾ ਵਿਰਲਾਪ' ਨਾਟ ਵਿਧਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਾ ਇੱਕ ਪ੍ਰਤਿਭਾਸ਼ਾਲੀ ਕਾਵਿ-ਨਾਟਕ ਹੈ। ਘੱਟੋ-ਘੱਟ ਭਾਈ ਵੀਰ ਸਿੰਘ ਦੇ ਦੂਜੇ ਨਾਟਕ 'ਰਾਜਾ ਲੱਖਦਾਤਾ ਸਿੰਘ' ਦੇ ਮੁਕਾਬਲੇ ਇਸ ਦਾ ਨਾਟਕੀ ਉਸਾਰ ਬਹੁਤ ਕਲਾਤਮਕ ਹੈ। ਇਸ ਵਿੱਚ ਕਥਾਨਕ ਦੇ ਖਿੰਡਾਅ ਅਤੇ ਪ੍ਰਚਾਰ ਦੀ ਬਹੁਤਾਤ ਵਰਗੀਆਂ ਊਣਤਾਈਆਂ ਵੀ ਨਹੀਂ। ਕਵਿਤਾ ਵਿੱਚ ਹੋਣ ਦੇ ਬਾਵਜੂਦ ਵੀ ਇਸ ਵਿੱਚੋਂ ਕਿਤੇ ਨਾਟਕੀਅਤਾ ਖਾਰਜ ਨਹੀਂ ਹੁੰਦੀ। ਬਾਵਾ ਬੁੱਧ ਸਿੰਘ ਦੀ ਨਾਟ-ਰਚਨਾ 'ਚੰਦਰ ਹਰੀ' ਵਿੱਚ ਵੀ ਭਾਵੇਂ ਕਥਾਨਕ-ਖਿੰਡਾਅ ਦਾ ਦੋਸ਼ ਹੈ ਪਰ ਕੁੱਲ ਮਿਲਾ ਕੇ ਇਹ ਸੰਤ ਸਿੰਘ ਸੇਖੋਂ ਵਰਗੇ ਕਈ ਨਾਟਕਕਾਰਾਂ ਦੀਆਂ ਅਨੇਕ ਨਾਟ-ਰਚਨਾਵਾਂ ਨਾਲੋਂ ਕਿਤੇ ਵੱਧ ਪ੍ਰਤਿਭਾਸ਼ਾਲੀ ਹੈ, ਜਿਨ੍ਹਾਂ ਨੂੰ ਬਾਅਦ ਵਿੱਚ ਸਿਰਫ਼ ਵਿਚਾਰ ਦੀ ਆਧੁਨਿਕਤਾ ਕਰਕੇ ਹੀ ਮਹਾਨ ਮੰਨ ਲਿਆ ਗਿਆ।

ਅਜੀਬ ਗੱਲ ਇਹ ਹੈ ਕਿ ਪੰਜਾਬੀ ਨਾਟ-ਚਿੰਤਨ ਨੇ ਈਸ਼ਵਰ ਚੰਦਰ ਨੰਦਾ ਤੋਂ ਪਹਿਲਾਂ ਅਤੇ ਉਸ ਕਾਲ ਦੇ ਬਹੁਤੇ ਨਾਟਕਕਾਰ ਜਾਂ ਤਾਂ ਵਿਸ਼ਿਆਂ ਕਾਰਨ ਰੱਦ ਕੀਤੇ ਜਾਂ ਅਜਿਹੇ ਰੰਗਮੰਚੀ ਦੋਸ਼ਾਂ ਤਹਿਤ ਜਿਹੜੇ ਜਾਂ ਤਾਂ ਤਰਕ ਸੰਗਤ ਨਹੀਂ ਸਨ ਜਾਂ ਪੇਸ਼ਕਾਰੀ ਸਿਰਜਣ-ਪ੍ਰਕਿਰਿਆ ਵਿੱਚ ਦੂਰ ਕੀਤੇ ਜਾਣ ਯੋਗ ਸਨ। ਭਾਈ ਵੀਰ ਸਿੰਘ ਦੀ ਰਚਨਾ 'ਰਾਜਾ ਲੱਖਦਾਤਾ ਸਿੰਘ' ਉੱਤੇ ਦੋਸ਼ ਲੱਗਿਆ ਕਿ ਇਹ ਸਮਕਾਲ ਵਿੱਚ ਚੱਲ ਰਹੀ 'ਸਿੱਖ ਸੁਧਾਰ ਲਹਿਰ' ਦਾ ਪ੍ਰਾਪੇਗੰਡਾ ਕਰਦੀ ਰਚਨਾ ਹੈ। ਬਾਵਾ ਬੁੱਧ ਸਿੰਘ ਦੀ ਰਚਨਾ 'ਚੰਦਰ ਹਰੀ' 'ਤੇ ਅੱਭਦਰ ਹੋਣ ਦਾ ਦੋਸ਼ ਲੱਗਾ ਤੇ ਅਜਿਹੀਆਂ ਅਨੇਕ ਰਚਨਾਵਾਂ ਬਾਰੇ ਕਿਹਾ ਗਿਆ, ਇਹ ਕਦੇ ਰੰਗਮੰਚ 'ਤੇ ਪ੍ਰਸਤੁਤ ਨਹੀਂ ਹੋਈਆਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ 1913 ਵਿੱਚ ਈਸ਼ਵਰ ਚੰਦਰ ਨੰਦੇ ਦੀ ਸਕਰਿਪਟ 'ਸੁਹਾਗ' ਦਾ ਮੰਚ ਤੇ ਪ੍ਰਸਤੁਤ ਹੋ ਜਾਣਾ ਬਹੁਤ ਵੱਡੀ ਗੱਲ ਸੀ ਪਰ ਸਿਰਫ਼ ਮੰਚ 'ਤੇ ਪ੍ਰਸਤੁਤ ਹੋ ਜਾਣਾ ਕਿਸੇ ਰਚਨਾ ਦੀ ਮਹਾਨਤਾ, ਇੱਥੋਂ ਤੱਕ ਕਿ ਉਸ ਦੇ ਨਾਟਕ ਹੋਣ ਦੀ ਵੀ ਫ਼ੈਸਲਾਕੁੰਨ ਸ਼ਰਤ ਨਹੀਂ। ਭਾਈ ਵੀਰ ਸਿੰਘ ਦੀਆਂ ਨਾਟ-ਰਚਨਾਵਾਂ ਬਾਰੇ ਕੋਈ ਅੰਤਿਮ ਨਿਰਣਾ ਦੇਣ ਲੱਗਿਆਂ ਸਾਨੂੰ ਇਹ ਤੱਥ ਵੀ ਧਿਆਨ ਵਿੱਚ ਰੱਖਣਾ ਪਵੇਗਾ ਕਿ ਉਨ੍ਹਾਂ ਦੇ ਸਮਾਂਤਰ ਕੋਈ ਪੰਜਾਬੀ ਰੰਗਮੰਚ ਪਰੰਪਰਾ ਕਾਰਜਸ਼ੀਲ ਨਹੀਂ ਸੀ। ਸੱਚ ਤਾਂ ਇਹ ਹੈ, 1960 ਤੱਕ ਵੀ ਪੰਜਾਬੀ ਰੰਗਮੰਚ ਦੀ ਹੋਂਦ ਬਹੁਤ ਵਿਰਲੀ ਰਹੀ ਹੈ। ਸੱਤਰਵਿਆਂ ਵਿੱਚ ਹਰਪਾਲ ਟਿਵਾਣਾ ਦੇ ਰੂਪ ਵਿੱਚ ਸਾਨੂੰ ਪਹਿਲਾ ਸੁਤੰਤਰ ਨਾਟ-ਨਿਰਦੇਸ਼ਕ ਹਾਸਿਲ ਹੁੰਦਾ ਹੈ। ਸੋ ਇਸ ਵੇਲੇ ਤੱਕ ਵੀ ਸਿਰਫ਼ ਉਹੀ ਨਾਟਕ ਮੰਚਿਤ ਹੁੰਦਾ ਸੀ, ਜਿਸ ਦਾ ਲੇਖਕ ਆਪ ਨਿਰਦੇਸ਼ਕ ਵੀ ਸੀ। ਜਿਵੇਂ ਕਿ ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ ਅਤੇ ਕਪੂਰ ਸਿੰਘ ਘੁੰਮਣ। ਪੰਜਾਬੀ ਨਾਟਕ ਲਿਖਣ ਵਾਲਿਆਂ ਦੇ ਅਚੇਤ ਵਿੱਚ ਇਹ ਤੱਥ ਸਦਾ ਭਾਰੂ ਰਹਿੰਦਾ ਸੀ, ਜਿਸ ਕਾਰਨ ਉਹ ਕਦੇ ਪਾਠਕ ਨਾਲੋਂ ਟੁੱਟਣ ਦਾ ਜੋਖ਼ਮ ਨਾ ਲੈਂਦੇ। ਇੱਥੋਂ ਤੱਕ ਕਿ ਬਲਵੰਤ ਗਾਰਗੀ ਵੀ ਕਦੇ ਨਹੀਂ ਲੈ ਸਕਿਆ। ਉਸ ਦੇ ਨਾਟਕਾਂ ਵਿੱਚ ਬਹੁਤ ਥਾਈਂ ਕਾਵਿਕ-ਸੰਵਾਦਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਕੋਈ ਨਿਰਦੇਸ਼ਕ ਗ਼ੈਰ-ਲੋੜੀਂਦੇ ਸਮਝ ਕੇ ਕੱਟ ਵੀ ਦੇਵੇ ਤਾਂ ਮੂਲ ਪਾਠ ਨੂੰ ਸ਼ਾਇਦ ਹੀ ਕੋਈ ਫ਼ਰਕ ਪਵੇ। 'ਸੌਂਕਣ' ਸਮੇਤ ਘੱਟੋ-ਘੱਟ ਅੱਧ-ਦਰਜਨ ਆਪਣੇ ਨਾਟਕਾਂ ਵਿੱਚ ਉਹ ਆਪਣੀ 'ਲੋਹਾ-ਕੁੱਟ' ਵਾਲੀ

ਨਾਟ-ਭਾਸ਼ਾ ਭੁੱਲ ਕੇ ਸ਼ਬਦਾਂ ਦੀਆਂ ਖੇਡਾਂ ਖੇਡਦਾ ਦਿੱਸਦਾ ਹੈ। ਜਾਹਰ ਹੈ, ਗਾਰਗੀ ਦ੍ਰਿਸ਼ ਦੀ ਬਜਾਏ ਸ਼ਬਦਾਂ ਨਾਲ ਪਾਠਕ ਨੂੰ ਕੀਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਅਸੀਂ ਗਲਤੀ ਕਰਾਂਗੇ ਜੇ ਮੰਨ ਬੈਠਾਂਗੇ ਕਿ ਬਲਵੰਤ ਗਾਰਗੀ ਦੀਆਂ ਰਚਨਾਵਾਂ ਮੰਚੀ ਨਹੀਂ। ਉਹ ਪਾਠਕ ਨੂੰ ਧਿਆਨ ਵਿੱਚ ਜਰੂਰ ਰੱਖਦਾ ਹੈ ਪਰ ਲਿਖਦਾ ਰੰਗਮੰਚ ਲਈ ਹੈ। ਗਾਰਗੀ ਦੇ ਨਾਟਕ ਰੰਗਮੰਚ ਦੇ ਨਾਟਕ ਹਨ।

ਵੀਰ ਸਿੰਘ ਦੀ ਮਹੱਤਤਾ ਵੀ ਇਸੇ ਗੱਲ ਵਿੱਚ ਹੈ ਕਿ ਪਾਠਕ ਲਈ ਨਾਟਕ ਲਿਖਦਿਆਂ ਹੋਇਆਂ ਵੀ ਉਹ ਆਪਣੇ ਦੋਹਾਂ ਨਾਟਕਾਂ ਵਿੱਚ ਰੰਗਮੰਚ ਲਈ ਲਿਖ ਰਿਹਾ ਹੈ ਤੇ ਜਿਹੜੇ ਰੰਗਮੰਚ ਲਈ ਉਹ ਲਿਖ ਰਿਹਾ ਹੈ, ਉਹ ਕੁੱਝ ਪੱਖਾਂ ਤੋਂ ਬਹੁਤ ਵਿਸ਼ੇਸ਼ ਹੈ ਜਿਸ ਬਾਰੇ ਅਸੀਂ ਅੱਗੇ ਚੱਲ ਕੇ ਗੱਲ ਕਰਾਂਗੇ। ਉਸ ਦਾ 'ਜ਼ੈਨਾਂ ਦੇ ਵਿਰਲਾਪ' ਸ਼ੁੱਧ ਰੰਗਮੰਚੀ ਮਾਡਲ ਦਾ ਨਾਟਕ ਹੈ। 'ਰਾਜਾ ਲੱਖਦਾਤਾ ਸਿੰਘ' ਦੀ ਰਚਨਾ-ਅਚੇਤ ਵਿੱਚ ਵੀ ਰੰਗਮੰਚ ਅਤੇ ਦਰਸ਼ਕ ਦੋਹੇਂ ਪਏ ਹਨ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਕਿਸੇ ਨਾਟ-ਰਚਨਾ ਦੇ ਅਮੰਚਿਤ ਅਤੇ ਅਮੰਚੀ ਹੋਣ ਵਿੱਚ ਫ਼ਰਕ ਹੈ। ਜੋ ਨਾਟ-ਰਚਨਾ ਲਿਖੀ ਹੀ ਪਾਠਕ ਲਈ ਗਈ ਹੈ, ਉਹ ਅਮੰਚੀ ਰਚਨਾ ਹੈ। ਜੋ ਹਾਲੇ ਮੰਚਿਤ ਨਹੀਂ ਹੋਈ ਉਹ ਤਾਂ ਸਿਰਫ਼ ਅਮੰਚਿਤ ਨਾਟ-ਰਚਨਾ ਹੈ। ਜੇ ਉਸ ਦੀ ਸਿਰਜਣ-ਪ੍ਰਕਿਰਿਆ ਰੰਗਮੰਚੀ ਅਤੇ ਦਰਸ਼ਕੀ ਲੋੜਾਂ ਅਨੁਸਾਰ ਹੋਈ ਹੈ ਤਾਂ ਉਸ ਨੂੰ ਅਮੰਚੀ ਨਹੀਂ ਕਿਹਾ ਜਾ ਸਕਦਾ। ਸਾਡਾ ਮੰਨਣਾ ਹੈ, ਭਾਈ ਵੀਰ ਸਿੰਘ ਦੇ ਦੋਹੇਂ ਨਾਟਕ ਇਸ ਸ਼ਰਤ ਨੂੰ ਪੂਰਾ ਕਰਦੇ ਹਨ। 'ਰਾਜਾ ਲੱਖਦਾਤਾ ਸਿੰਘ' ਵਿੱਚ ਇੱਕ ਰਾਜੇ ਦਾ ਭੇਸ ਬਦਲ ਕੇ ਲੋਕਾਂ ਵਿੱਚ ਵਿਚਰਨਾ ਤੇ ਲੋਕਾਂ ਦਾ ਉਸ ਨੂੰ ਨਾ ਪਛਾਣਨਾ, ਇਹ ਸੰਸਕ੍ਰਿਤ, ਪਾਰਸੀ ਅਤੇ ਸ਼ੈਕਸਪੀਅਰੀ ਰੰਗਮੰਚ ਦੀ ਜਾਣੀ-ਪਛਾਣੀ ਜੁਗਤ ਹੈ। ਕਥਾਨਕ ਦੇ ਖਿੰਡਾਅ, ਸੰਵਾਦਾਂ ਦੀ ਅਧਿਕਤਾ ਅਤੇ ਵਾਰਤਕਮੁਖਤਾ ਕੁੱਝ ਕਮੀਆਂ ਜ਼ਰੂਰ ਹਨ, ਜਿਨ੍ਹਾਂ ਕਰ ਕੇ ਇਹ ਰਚਨਾ ਕਈ ਥਾਂਵਾਂ 'ਤੇ ਨਾਟਕੀਅਤਾ ਗੁਆ ਬੈਠਦੀ ਹੈ ਤੇ ਪੰਜਾਬੀ ਨਾਟ-ਚਿੰਤਨ ਦੀ ਬੇਰੁਖੀ ਦਾ ਸ਼ਿਕਾਰ ਹੋ ਜਾਂਦੀ ਹੈ। ਪਰ ਭਾਈ ਵੀਰ ਸਿੰਘ ਦੇ ਹੁਣ ਚਰਚਾ ਵਿੱਚ ਆਏ ਨਾਟਕ 'ਜ਼ੈਨਾਂ ਦਾ ਵਿਰਲਾਪ' ਵਿੱਚ ਇਹ ਦੋਸ਼ ਵੀ ਨਹੀਂ।

'ਜ਼ੈਨਾਂ ਦਾ ਵਿਰਲਾਪ' ਭਾਗੋ ਨਾਂ ਦੀ ਇੱਕ ਰਾਜਪੂਤ ਕੁੜੀ ਦਾ ਨਾਟਕ ਹੈ, ਜਿਹੜੀ ਗੁਰੂ ਸਾਹਿਬਜ਼ਾਦਿਆਂ ਨੂੰ ਖਿਡਾਉਣ ਲਈ ਰੱਖੀ ਗਈ ਦਾਸੀ ਸੁਹਾਗੋ ਧੀ ਦੀ ਹੈ। ਉਸ ਦਾ ਬਚਪਨ ਗੁਰੂ ਮਹਿਲਾਂ ਵਿੱਚ ਗੁਜ਼ਰਿਆ ਹੈ, ਜਿਸ ਕਾਰਨ ਉਹ ਦਿਲੋਂ ਗੁਰੂ ਪਰਿਵਾਰ ਨਾਲ ਜੁੜੀ ਹੋਈ ਹੈ। ਉਸ ਦੀ ਸੁੰਦਰਤਾ ਦੇ ਚਰਚੇ ਸੁਣ ਕੇ ਲਾਲਚੀ ਹੋਇਆ ਸਰਹੰਦ ਦਾ ਸੂਬੇਦਾਰ ਵਜ਼ੀਰ ਖ਼ਾਨ ਉਸ ਦੇ ਵਿਆਹ ਵਾਲੇ ਦਿਨ ਉਸ ਦਾ ਡੋਲਾ ਲੁੱਟ ਲੈਂਦਾ ਹੈ ਤੇ ਧੱਕੇ ਨਾਲ ਆਪਣੇ ਮਹਿਲੀਂ ਪਾ ਕੇ ਉਸ ਨੂੰ ਆਪਣੀ ਪਟਰਾਣੀ ਬਣਾ ਲੈਂਦਾ ਹੈ। ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤੇ ਜਾਣ ਦਾ ਸਵਾਲ ਆਉਂਦਾ ਹੈ ਤਾਂ ਭਾਗੋ ਤੋਂ ਜ਼ੈਨਬੁਨਿੱਸਾ ਹੋ ਚੁੱਕੀ ਜ਼ੈਨਾਂ ਸਾਹਿਬਜ਼ਾਦਿਆਂ ਦੇ ਕਤਲ ਦੀ ਤਜਵੀਜ਼ ਦਾ ਡੱਟ ਕੇ ਵਿਰੋਧ ਕਰਦੀ ਹੈ। ਵਜ਼ੀਰ ਖ਼ਾਨ ਉਸ ਦੀ ਮੁਹੱਬਤ ਦਾ ਸ਼ਿਕਾਰ ਤਾਂ ਹੈ ਪਰ ਉਹ ਆਪਣੇ ਵਜ਼ੀਰਾਂ ਅਤੇ ਮੌਲਾਣਿਆਂ ਨੂੰ ਵੀ ਨਰਾਜ਼ ਨਹੀਂ ਕਰ ਸਕਦਾ ਜੋ ਗੁਰੂ ਗੋਬਿੰਦ ਸਿੰਘ ਨੂੰ ਸਬਕ ਸਿਖਾਉਣ ਲਈ ਛੋਟੇ ਸਾਹਿਬਜ਼ਾਦਿਆਂ ਨੂੰ ਮਿਸਾਲੀਆ ਸਜ਼ਾ ਦੇਣ ਦੇ ਹੱਕ ਵਿੱਚ ਹਨ। ਅੰਤ ਜ਼ੈਨਾਂ ਦਾ ਵਿਰੋਧ ਹਾਰ ਜਾਂਦਾ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣ ਦਿੱਤੇ ਜਾਂਦੇ ਹਨ ਤੇ ਉਹ ਵਿਰਲਾਪ ਕਰਦੀ ਰਹਿ ਜਾਂਦੀ ਹੈ।

ਸੰਰਚਨਾ ਪੱਖੋਂ ਇਹ ਨਾਟਕ ਬਹੁਤ ਨਾਟਕੀ ਹੈ। ਵਜ਼ੀਰ ਖ਼ਾਨ ਲਗਾਤਾਰ ਜ਼ੈਨਾਂ ਅਤੇ ਆਪਣੇ ਦਰਬਾਰੀਆਂ ਵਿੱਚੋਂ ਇੱਕ ਨਾਲ ਜਾਣ ਦੀ ਕਸ਼ਮਕਸ਼ ਵਿੱਚ ਫੱਸਿਆ ਹੋਇਆ ਹੈ ਤੇ ਵਜ਼ੀਰ ਖਾਨ ਦਾ ਇਹ ਬਿੰਬ ਇਸ ਪ੍ਰਸੰਗ ਬਾਰੇ ਲਿਖੇ ਹੋਰ ਪੰਜਾਬੀ ਨਾਟਕਾਂ ਨਾਲੋਂ ਬਿਲਕੁਲ ਵੱਖਰਾ ਹੈ। ਇੱਥੇ ਉਹ ਨਿਰਾ ਹੰਕਾਰੀ ਜਾਂ ਜ਼ਾਲਿਮ ਨਹੀਂ। ਸਗੋਂ ਜ਼ੈਨਾਂ ਦੀ ਗੱਲ ਦਾ ਉਸ ਉੱਤੇ ਅਸਰ ਹੁੰਦਾ ਹੈ ਤੇ ਉਹ ਆਪ ਵੀ ਇਸ ਅਣਹੋਣੀ ਤੋਂ ਡਰਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਉਸ ਦਾ ਕਿਰਦਾਰ ਸੁਭਾਵਿਕ ਮਾਨਵੀ ਕਿਰਦਾਰ ਲੱਗਦਾ ਹੈ। ਜਦੋਂ ਕਿ ਬਹੁਤਾ ਪੰਜਾਬੀ ਨਾਟਕ ਖ਼ਲਨਾਇਕ ਦੀ ਸਿਰਜਣਾ ਕਰਦਿਆਂ ਸਦਾ ਇੱਕ ਪਾਸੜ ਹੁੰਦਾ ਹੈ। ਔਰੰਗਜ਼ੇਬ,





ਬਾਬਰ, ਅਬਦਾਲੀ ਅਤੇ ਵਜ਼ੀਰ ਖਾਂ ਅਤੇ ਡਾਇਰ ਵਰਗੇ ਪਾਤਰ ਪੰਜਾਬੀ ਨਾਟਕ ਵਿੱਚ ਨਿਰੇ-ਪੁਰੇ ਕਰੂਰ ਖ਼ਲਨਾਇਕ ਹਨ। ਉਨ੍ਹਾਂ ਦੀ ਸ਼ਖ਼ਸੀਅਤ ਦਾ ਕੋਈ ਦੂਜਾ ਪੱਖ ਨਹੀਂ। 'ਜ਼ੈਨਾਂ ਦਾ ਵਿਰਲਾਪ' ਦਾ ਇੱਕ ਹੋਰ ਵਾਧਾ ਇਹ ਹੈ ਕਿ ਇਹ ਕਾਵਿ-ਨਾਟਕ ਹੈ। ਇਸ ਦੇ ਬਾਵਜੂਦ ਵੀ ਨਾਟਕੀ ਹੈ ਤੇ ਸੰਰਚਨਾ ਦੇ ਪੱਖ ਤੋਂ ਕੋਈ ਝੋਲ ਨਹੀਂ। ਇਸਦੀ ਦ੍ਰਿਸ਼-ਵਿਉਂਤ ਅਤੇ ਭਾਸ਼ਾ ਨਾਟਕੀ ਹੈ। ਇਹ ਨਾਟਕ ਬਿਨਾ ਕਿਸੇ ਕੱਟ-ਵੱਢ ਦੇ ਬੜੇ ਸਹਿਜ ਨਾਲ ਮੰਚਿਤ ਹੋਣ ਵਾਲੀ ਰਚਨਾ ਹੈ। ਸਾਨੂੰ ਇਸ ਨਾਟਕ ਨੂੰ ਪੰਜਾਬੀ ਦੀ ਪਹਿਲੀ ਨਾਟ-ਰਚਨਾ ਮੰਨਣ ਵਿੱਚ ਕੋਈ ਝਿਜਕ ਨਹੀਂ।

ਕੋਈ ਨਾਟਕ ਮੰਚਿਤ ਨਹੀਂ ਹੋਇਆ ਜਾਂ ਨਹੀਂ, ਇਹ ਵੇਖਣ ਦੀ ਬਜਾਏ ਪਰਖਣਾ ਅਸਲ ਵਿੱਚ ਇਹ ਬਣਦਾ ਹੈ ਕਿ ਕੀ ਉਹ ਨਾਟਕ ਮੰਚਣਯੋਗ ਹੈ ਵੀ ਜਾਂ ਨਹੀਂ। ਨੰਦਾ ਕਾਲ ਵਿੱਚ ਜਦੋਂ ਪੰਜਾਬੀ ਨਾਟਕਕਾਰ ਹੀ ਬਿਨਾ ਕਿਸੇ ਰੰਗਮੰਚੀ ਸੂਝ ਦੇ ਨਾਟਕ ਲਿਖ ਰਹੇ ਸਨ, ਨਾਟ-ਚਿੰਤਨ ਕੋਲ ਅਧਿਐਨ ਕਰਨ ਲਈ ਰੰਗਮੰਚੀ ਸਮਝ ਹੋਣ ਸੰਭਾਵਨਾ ਵੀ ਕਿੱਥੋਂ ਹੋਣੀ ਸੀ। ਸਾਡਾ ਤਾਂ ਇੱਥੋਂ ਤੱਕ ਵਿਚਾਰ ਹੈ ਕਿ ਪਿਛਲੇ ਕੁੱਝ ਦਹਾਕਿਆਂ ਤੱਕ ਪੰਜਾਬੀ ਨਾਟ-ਚਿੰਤਨ ਬਿਨਾਂ ਕਿਸੇ ਰੰਗਮੰਚੀ ਸਮਝ ਅਤੇ ਸਰੋਕਾਰ ਦੇ ਸਥਾਪਨਾਵਾਂ ਕਰਦਾ ਆਇਆ ਹੈ। ਕੀ ਇਹ ਹੈਰਾਨਾਕੁੰਨ ਤੱਥ ਨਹੀਂ ਕਿ ਸਿਰਫ਼ ਵਿਸ਼ੇ ਜਾਂ ਅਮੰਚਿਤ ਹੋਣ ਦੇ ਅਧਾਰ 'ਤੇ 'ਰਾਜਾ ਲੱਖਦਾਤਾ ਸਿੰਘ' ਅਤੇ 'ਚੰਦਰਹਰੀ' ਰੱਦ ਕਰ ਦਿੱਤੇ ਗਏ ਪਰ ਬਾਅਦ ਵਿੱਚ ਸਿਰਫ਼ ਵਿਸ਼ੇ ਦੀ ਮਹੱਤਤਾ ਸਵੀਕਾਰ ਕਰ ਕੇ ਸੰਤ ਸਿੰਘ ਸੇਖੋਂ ਦੇ 'ਵਾਰਿਸ', 'ਕਲਾਕਾਰ' ਅਤੇ 'ਬਾਬਾ ਬੋਹੜ' ਵਰਗੇ ਅਨੇਕ ਅਨਾਟਕਾਂ ਨੂੰ ਵਿਸ਼ੇਸ਼ ਮਹੱਤਾ ਵਾਲੇ ਨਾਟਕ ਮੰਨ ਲਿਆ ਗਿਆ! ਜਦੋਂ ਕਿ ਇਹ ਨਾਟਕ, ਨਾ ਮੰਚਣ ਹੋਏ ਤੇ ਨਾ ਮੰਚਣਯੋਗ ਹਨ। ਇਹ ਰੰਗਮੰਚ ਲਈ ਲਿਖੇ ਹੀ ਨਹੀਂ ਗਏ। ਇਹ ਦਰਸ਼ਕ-ਮੁਖੀ ਨਹੀਂ, ਪਾਠਕ ਮੁਖੀ ਨਾਟਕ ਹਨ। ਜਿਨ੍ਹਾਂ ਦਾ ਸਾਰਾ ਉਸਾਰ ਅਗਾਂਹ ਵਾਰਤਕਨੁਮਾ ਹੈ। ਫਿਰ ਜੇ ਪ੍ਰਚਾਰ ਜਾਂ ਪ੍ਰਾਪੇਗੰਡਾ ਹੀ ਕਿਸੇ ਨਾਟਕ ਦੀ ਹੋਂਦ ਦੇ ਰਾਹ ਦੀ ਆਖ਼ਰੀ ਅੜਚਨ ਹੋਵੇ ਤਾਂ ਬਲਵੰਤ ਗਾਰਗੀ ਦਾ 'ਸੈਲ-ਪੱਥਰ' ਕਿਸੇ ਵੀ ਤਰ੍ਹਾਂ ਨਾਟਕ ਨਹੀਂ। ਜਿਹੜਾ ਮਾਰਕਸਵਾਦੀ ਵਿਚਾਰਾਂ ਦਾ ਪਰਚਾਰ ਕਰਦਿਆਂ ਇੱਕ ਸਮਾਜਵਾਦੀ-ਪੰਫਲਿਟ ਦੇ ਪੱਧਰ ਤੱਕ ਘੱਟ ਜਾਂਦਾ ਹੈ।

ਸੋ, ਜੇ ਵੇਖਿਆ ਜਾਵੇ ਤਾਂ ਕੁੱਲ ਮਿਲਾ ਕੇ ਮਸਲਾ ਭਾਈ ਵੀਰ ਸਿੰਘ ਦੇ ਨਾਟਕਾਂ ਦੇ ਫ਼ਿਰਕੂ ਵਿਸ਼ੇ ਜਾਂ ਅਮੰਚਿਤ ਹੋਣ ਦਾ ਨਹੀਂ। ਵਿਸ਼ੇ ਦਾ ਮੁੱਲ ਨਿਰਧਾਰਨ ਹੋ ਸਕਦਾ ਹੈ ਪਰ ਸਿਰਫ਼ ਵਿਸ਼ੇ ਕਾਰਨ ਕਿਸੇ ਨਾਟ-ਰਚਨਾ ਨੂੰ ਰੱਦ ਕਰ ਦੇਣ ਦਾ ਖ਼ਿਆਲ ਬਚਗਾਨਾ ਹੈ। ਰਹੀ ਗੱਲ ਇਨ੍ਹਾਂ ਨਾਟਕਾਂ ਦੇ ਅਮੰਚਿਤ ਹੋਣ ਦੀ, ਜਦੋਂ ਰੰਗਮੰਚ ਹੀ ਨਹੀਂ ਸੀ ਤਾਂ ਨਾਟਕ ਮੰਚਿਤ ਹੋਣਾ ਵੀ ਕਿਵੇਂ ਸੀ। ਦੋਹਾਂ ਨਾਟਕਾਂ ਵਿੱਚ ਰੰਗਮੰਚ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਸਾਡੀ ਸਪਸ਼ਟ ਧਾਰਨਾ ਹੈ, 'ਰਾਜਾ ਲੱਖਦਾਤਾ ਸਿੰਘ' ਅਤੇ ਬਾਵਾ ਬੁੱਧ ਸਿੰਘ ਰਚਿਤ 'ਚੰਦਰਹਰੀ' ਵੀ ਆਪਣੇ ਨਾਟਕੀ ਕਥਾਨਕ ਉਸਾਰਾਂ ਕਰ ਕੇ ਥੋੜ੍ਹੀਆਂ-ਬਹੁਤ ਸੰਪਾਦਿਤ ਕਰਕੇ ਮੰਚਣਯੋਗ ਸਕਰਿਪਟਾਂ ਹਨ।

ਇਹ ਵੀ ਸਪਸ਼ਟ ਕਰ ਦੇਣਾ ਚਾਹਾਂਗੇ ਕਿ ਭਾਈ ਵੀਰ ਸਿੰਘ ਦੇ ਨਾਟਕਾਂ ਨੂੰ ਮੁੱਢਲੀਆਂ ਪੰਜਾਬੀ ਨਾਟ-ਰਚਨਾਵਾਂ ਮੰਨਣ ਤੋਂ ਸਾਡਾ ਭਾਵ ਈਸ਼ਵਰ ਚੰਦਾ ਨੰਦਾ ਦੇ ਮਹੱਤਵ ਨੂੰ ਘਟਾ ਕੇ ਵੇਖਣਾ ਹਰਗਿਜ਼ ਨਹੀਂ। ਈਸ਼ਵਰ ਚੰਦਰ ਨੰਦਾ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਨੌਰਾ ਰਿਚਰਡ ਨਾਲ ਕੰਮ ਕਰਨ ਕਾਰਨ ਉਸ ਨੂੰ ਰੰਗਮੰਚ ਅਤੇ ਰੰਗਮੰਚੀ ਵਿਹਾਰ ਦੀ ਪੂਰੀ ਸਮਝ ਹੈ। ਜਿਸ ਕਾਰਨ ਵਿਸ਼ੇ ਦੇ ਨਾਲ-ਨਾਲ ਉਹ ਆਪਣੇ ਨਾਟਕਾਂ ਦੇ ਰੰਗਮੰਚੀ ਉਸਾਰ ਉੱਤੇ ਵੀ ਬਰਾਬਰ ਕੇਂਦਰਿਤ ਹੈ। ਉਹ ਆਪਣਾ ਨਾਟਕ ਲਿਖਣ ਲੱਗਿਆਂ ਇੱਕ ਸਪਸ਼ਟ ਰੰਗਮੰਚੀ ਮਾਡਲ ਅਤੇ ਸ਼ੈਲੀ ਅਪਣਾਉਂਦਾ ਹੈ। ਸੋ ਨੰਦੇ ਨਾਲ ਪੰਜਾਬੀ ਰੰਗਮੰਚ ਦਾ ਆਰੰਭ ਹੋਇਆ ਮੰਨਿਆ ਜਾਣਾ ਬਣਦਾ ਹੈ, ਨਾ ਕਿ ਪੰਜਾਬੀ ਨਾਟਕ ਦਾ।

ਈਸ਼ਵਰ ਚੰਦਰ ਨੰਦੇ ਨਾਲ ਪੰਜਾਬੀ ਨਾਟਕ ਦੇ ਆਰੰਭ ਦੀ ਧਾਰਨਾ ਦੇ ਦੂਰ-ਰਸੀ ਸਿੱਟੇ ਨਿਕਲੇ। ਪੰਜਾਬੀ ਨਾਟ-ਚਿੰਤਨ ਨਿਰਾ-ਪੁਰਾ ਨਾਟ-ਪਾਠ ਉੱਤੇ ਫ਼ੋਕਸ ਹੋ ਗਿਆ। ਪੂਰੀ ਇੱਕ ਸਦੀ ਤੱਕ ਅਸੀਂ ਨੰਦੇ ਦੀ ਰੰਗਮੰਚੀ

ਪ੍ਰਤਿਭਾ ਬਾਰੇ ਵਿਚਾਰ ਨਹੀਂ ਕੀਤਾ ਜਦੋਂ ਕਿ ਉਸ ਦੀ ਵੱਡੀ ਮਹੱਤਾ ਉਸ ਦੇ ਨਾਟ-ਨਿਰਦੇਸ਼ਕ ਹੋਣ ਵਿੱਚ ਹੈ। ਨੰਦੇ ਦੀ ਇਹੀ ਵਿਸ਼ੇਸ਼ਤਾ ਹੈ ਜਿਹੜੀ ਉਸ ਨੂੰ ਆਪਣੇ ਕਾਲ ਦੇ ਹੋਰਨਾਂ ਨਾਟਕਕਾਰਾਂ ਨਾਲੋਂ ਵੱਖ ਕਰਦੀ ਹੈ। ਪਰ ਇਸ ਤੋਂ ਬਾਅਦ ਤਾਂ ਜਿਵੇਂ ਪਿਰਤ ਹੀ ਪੈ ਗਈ। ਅੱਜ ਤੱਕ ਵੀ ਪੰਜਾਬੀ ਨਾਟ-ਚਿੰਤਨ ਕਿਸੇ ਨਾਟ-ਰਚਨਾ ਦੇ ਵਿਸ਼ੇ ਅਤੇ ਵਿਚਾਰ ਪੱਖ ਨੂੰ ਪਰਖਦਾ ਹੈ ਤੇ ਉਸ ਦੇ ਅਧਾਰ 'ਤੇ ਹੀ ਰਚਨਾ ਬਾਰੇ ਅੰਤਿਮ ਨਿਰਣਾ ਦੇ ਦਿੰਦਾ ਹੈ। ਨਾਟਕ ਦੀ ਸਿਰਜਣ-ਪ੍ਰਕਿਰਿਆ ਪਿੱਛੇ ਕਾਰਜਸ਼ੀਲ ਰੰਗਮੰਚ ਪ੍ਰੇਰਕਾਂ ਬਾਰੇ ਅੱਜ ਵੀ ਕੋਈ ਗੱਲ ਨਹੀਂ ਹੁੰਦੀ।

ਨੰਦਾ ਕਾਲ ਵਿੱਚ ਸਿਰਫ਼ ਨਾਟ-ਪਾਠ ਉੱਤੇ ਵਿਚਾਰ ਕਰਨਾ ਪੰਜਾਬੀ ਨਾਟ-ਚਿੰਤਨ ਦੀ ਕਮਜ਼ੋਰੀ ਨਹੀਂ, ਮਜ਼ਬੂਰੀ ਸੀ। ਇਹ ਸਮਾਂ ਤਾਂ ਸੀ ਹੀ ਨਾਟ-ਰਚਨਾ ਦਾ ਸਮਾਂ। ਪੰਜਾਬੀ ਨਾਟ-ਸਿਧਾਂਤਾਂ ਦੀ ਉਸਾਰੀ ਤਾਂ ਅਗਾਂਹ ਇਸੇ ਨਾਟ-ਰਚਨਾ ਤੇ ਹੋਣੀ ਸੀ। ਜੋ ਕਦੇ ਨਾ ਹੋ ਸਕੀ। ਸਿੱਟਾ ਇਹ ਨਿਕਲਿਆ ਕਿ ਨਾ ਸਿਰਫ਼ ਨੰਦੇ ਦਾ ਨਾਟਕ-ਰਚਨਾ ਮਾਡਲ ਅੰਤਿਮ ਮੰਨ ਲਿਆ ਗਿਆ ਹੈ ਸਗੋਂ ਉਸਦੀ ਯਥਾਰਥਵਾਦੀ ਸ਼ੈਲੀ ਵੀ ਪੰਜਾਬੀ ਨਾਟਕ ਦੀ ਵਿਸ਼ੇਸ਼-ਪਛਾਣ (Bench Mark) ਬਣ ਗਈ ਹੈ। ਇੱਕ ਸਦੀ ਦੇ ਪੰਜਾਬੀ ਨਾਟਕ ਵਿੱਚ ਜਿੰਨੇ ਵੀ ਪ੍ਰਯੋਗ ਹੋਏ ਹਨ, ਬਹੁਤੇ 1913 ਦੀ ਯੂਰਪੀ ਅਵਾਂ ਗਾਰਦ ਕਲਾ ਲਹਿਰ ਦੀ ਰਹਿੰਦ-ਖੂੰਦ ਹਨ। ਵਰਨਾ ਤਾਂ ਪੰਜਾਬੀ ਨਾਟਕ ਅੱਜ ਵੀ ਸਿੱਧ-ਪੱਧਰੇ ਢੰਗ ਦੀ ਯਥਾਰਵਾਦੀ ਸ਼ੈਲੀ ਦਾ ਨਾਟਕ ਹੈ। ਬਹੁਤੇ ਪੰਜਾਬੀ ਨਾਟ-ਲੇਖਕਾਂ, ਨਿਰਦੇਸ਼ਕਾਂ ਅਤੇ ਚਿੰਤਕਾਂ ਦੀ ਸਮਝ ਇੱਥੋਂ ਤੱਕ ਹੀ ਹੈ।

ਪੰਜਾਬੀ ਨਾਟ-ਚਿੰਤਨ ਦੀ ਇਸੇ ਕਮਜ਼ੋਰੀ ਕਰਕੇ ਭਾਈ ਵੀਰ ਸਿੰਘ, ਬਾਵਾ ਬੁੱਧ ਸਿੰਘ ਅਤੇ ਇਸ ਕਾਲ ਦੇ ਇੱਕ ਹੋਰ ਨਾਟਕ ਬ੍ਰਿਜ ਲਾਲ ਸ਼ਾਸਤਰੀ ਦੀ ਨਾਟ-ਰਚਨਾ ਦਾ ਇੱਕ ਹੋਰ ਵਿਲੱਖਣ ਗੁਣ ਨਜ਼ਰ ਅੰਦਾਜ਼ ਹੋ ਗਿਆ, ਜਿਸ ਬਾਰੇ ਚਰਚਾ ਕਰਨੀ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ 'ਜ਼ੈਨਾਂ ਦਾ ਵਿਰਲਾਪ' ਅਤੇ 'ਰਾਜਾ ਲੱਖਦਾਤਾ ਸਿੰਘ' ਦੋਹੇਂ ਹੀ ਯਥਾਰਥਵਾਦੀ ਸ਼ੈਲੀ ਦੀਆਂ ਰਚਨਾਵਾਂ ਨਹੀਂ। ਨਹੀਂ ਕਿਹਾ ਜਾ ਸਕਦਾ ਕਿ ਇਹ ਸੁਚੇਤ ਰੂਪ ਵਿੱਚ ਹੋਇਆ ਜਾਂ ਅਚੇਤ ਰੂਪ ਵਿੱਚ ਪਰ ਆਪਣੀਆਂ ਦੋਹਾਂ ਰਚਨਾਵਾਂ ਵਿੱਚ ਭਾਈ ਵੀਰ ਸਿੰਘ ਸੰਸਕ੍ਰਿਤ ਸ਼ੈਲੀ ਨੂੰ ਅਪਣਾਉਂਦਾ ਪ੍ਰਤੀਤ ਹੁੰਦਾ ਹੈ, ਜਿਸ ਵਿੱਚ ਕੋਈ ਮੰਚ-ਜੜ੍ਹਤ ਨਹੀਂ ਹੁੰਦੀ। ਸਿਰਫ਼ ਸਥਿਤੀਆਂ ਹੁੰਦੀਆਂ ਹਨ ਜਾਂ ਉਨ੍ਹਾਂ ਵਿੱਚ ਫਸੇ ਪਾਤਰ। ਦਰਸ਼ਕਾਂ ਨੂੰ ਪਾਤਰਾਂ ਦੀ ਪਛਾਣ ਕਰਾਉਣ ਲਈ ਵੱਧੋ-ਵੱਧ ਉਨ੍ਹਾਂ ਨੂੰ ਚਿੰਨ੍ਹਾਤਮਕ ਵੇਸ਼-ਭੂਸ਼ਾ ਅਤੇ ਵਸਤਾਂ ਦੇ ਦਿੱਤੀਆਂ ਜਾਂਦੀਆਂ ਹਨ। ਦਰਸ਼ਕ ਸਿਰਫ਼ ਅਭਿਨੇਤਾ ਦੇ ਅਭਿਨੈ ਅਤੇ ਸੰਵਾਦਾਂ ਰਾਹੀਂ ਸਥਿਤੀਆਂ ਨੂੰ ਸਮਝਦਾ ਹੈ ਤੇ ਉਸੇ ਦੇ ਅਧਾਰ 'ਤੇ ਆਪਣੀ ਕਲਪਨਾ ਵਿੱਚ ਇੱਕ ਦ੍ਰਿਸ਼ ਸਿਰਜਦਾ ਹੈ। ਅਸਲ ਵਿੱਚ ਤਾਂ ਨਾਟ-ਕਲਾ ਦੀ ਇਹੀ ਉਹ ਉਹ ਬੁਨਿਆਦੀ ਗੁਣ ਹੈ ਜਿਹੜਾ ਇਸ ਨੂੰ ਬਾਕੀ ਕਲਾਵਾਂ ਨਾਲੋਂ ਵੱਖ ਕਰਦਾ ਹੈ। ਉਨੀਂਵੀ ਸਦੀ ਦੇ ਦੂਜੇ ਅੱਧ ਵਿੱਚ ਹੈਨਰਿਕ ਇਬਸਨ ਦੇ ਯਥਾਰਥਵਾਦ ਨੇ ਭਾਵੇਂ ਮੱਧਕਾਲ ਦੇ ਗ਼ੈਰ-ਸੁਭਾਵਿਕ ਵਾਤਾਵਰਨ ਅਤੇ ਨਾਟਕੀ ਵਿਹਾਰ ਵਾਲੇ ਰੁਮਾਂਸਵਾਦੀ ਰੰਗਮੰਚ ਤੋਂ ਅੱਕੇ ਦਰਸ਼ਕ ਨੂੰ ਵੱਡੀ ਪੱਧਰ 'ਤੇ ਟੁੰਬਿਆ ਪਰ ਇੱਕ ਹੋਰ ਪੱਖ ਤੋਂ ਇਸ ਨੇ ਰੰਗਮੰਚ ਕਲਾ ਨੂੰ ਇੱਕ ਵੱਡੀ ਮੁਸੀਬਤ ਵਿੱਚ ਫਸਾ ਦਿੱਤਾ। ਇਹ ਸ਼ੈਲੀ ਦਰਸ਼ਕ ਦੀ ਕਲਪਨਾ ਨੂੰ ਰੰਗਮੰਚ ਦੀ ਭੌਤਿਕ ਚਾਰ-ਦਿਵਾਰੀ ਤੱਕ ਸੀਮਤ ਕਰਦੀ ਸੀ ਤੇ ਦਰਸ਼ਕ ਅੱਗੇ ਉਨ੍ਹਾਂ ਦੇ ਨਿੱਤ-ਵੇਖੇ ਜੀਵਨ ਨੂੰ ਇਸ ਤਰ੍ਹਾਂ ਪੇਸ਼ ਕਰਦੀ ਸੀ, ਜਿਵੇਂ ਉਨ੍ਹਾਂ ਅੱਗੋਂ ਕਿਸੇ ਘਰ ਦੀ ਇੱਕ ਕੰਧ ਹਟਾ ਦਿੱਤੀ ਗਈ ਹੋਵੇ। ਅਵਾਂ ਗਾਰਦ ਰੰਗਮੰਚੀ ਲਹਿਰ ਸ਼ੈਕਸਪੀਅਰ ਦੇ ਰੁਮਾਂਸਵਾਦ ਅਤੇ ਇਬਸਨ ਦੇ ਇਸੇ ਡੱਬਾ-ਰੰਗਮੰਚ (Box Theatre) ਖ਼ਿਲਾਫ਼ ਵਿਦਰੋਹ ਸੀ। ਇਸ ਦਾ ਸਾਰਾ ਜ਼ੋਰ ਰੰਗਮੰਚੀ ਸਪੇਸ ਨੂੰ ਵਿਸ਼ਾਲ, ਜੀਵੰਤ ਅਤੇ ਗਤੀਸ਼ੀਲ (Dynamic) ਅਰਥਾਂ ਵਿੱਚ ਵਰਤਣ ਉੱਤੇ ਸੀ।

ਧਿਆਨ ਦੇਣ ਯੋਗ ਹੈ ਕਿ ਭਾਈ ਵੀਰ ਸਿੰਘ ਦੇ ਦੋਹੇਂ ਨਾਟਕ ਵੀ ਇਸ ਡੱਬਾ-ਰੰਗਮੰਚ ਸ਼ੈਲੀ ਦੇ ਨਾਟਕ ਨਹੀਂ। 'ਰਾਜਾ ਲੱਖਦਾਤਾ ਸਿੰਘ' ਵਿੱਚ ਇੱਕ ਦਰਜਣ ਦੇ ਕਰੀਬ ਘਟਨਾ-ਸਥਾਨ (Location) ਹਨ ਤੇ ਇਹ ਬਦਲ ਵੀ ਤੇਜੀ ਨਾਲ ਰਹੇ ਹਨ। 'ਜ਼ੈਨਾਂ ਦਾ ਵਿਰਲਾਪ' ਵਿੱਚ ਜਿਸ ਰਾਜ-ਮਹਿਲ ਅਤੇ ਤਹਿਖ਼ਾਨਿਆਂ ਦੀ





ਕਲਪਨਾ ਕੀਤੀ ਗਈ ਹੈ, ਜੇ ਉਹ ਮੰਚ 'ਤੇ ਭੌਤਿਕ ਰੂਪ ਵਿੱਚ ਵਿਖਾਉਣੇ ਹੋਣ ਤਾਂ ਇਹ ਅੱਜ ਸੌ ਸਾਲ ਬਾਅਦ ਵੀ ਪੰਜਾਬੀ ਰੰਗਮੰਚ ਦੇ ਵਿੱਤੋਂ ਬਾਹਰੀ ਗੱਲ ਹੈ। ਭਾਈ ਵੀਰ ਸਿੰਘ ਇਸ ਪ੍ਰਕਾਰ ਦੀ ਮੰਚ-ਜੜ੍ਹਤ ਉੱਤੇ ਫ਼ੋਕਸ ਨਹੀਂ। ਉਸ ਦਾ ਸਾਰਾ ਧਿਆਨ ਦ੍ਰਿਸ਼-ਸਿਰਜਣ 'ਤੇ ਹੈ ਤੇ ਇਸ ਲਈ ਉਸਦੀ ਸਾਰੀ ਟੇਕ ਅਭਿਨੇਤਾ 'ਤੇ ਹੈ। ਇਹ ਗੁਣ ਉਸ ਦੇ ਨਾਟਕਾਂ ਨੂੰ ਵਿਸ਼ੇਸ਼ ਬਣਾਉਂਦਾ ਹੈ। ਸਿਰਫ਼ ਅਭਿਨੇਤਾ ਸਾਰੀ ਰੰਗਮੰਚ ਕਲਾ ਦਾ ਇਕਲੌਤਾ ਤੱਤ ਹੈ, ਜਿਸ ਨੂੰ ਕਿਸੇ ਵੀ ਤਰ੍ਹਾਂ ਰੰਗਮੰਚ ਵਿੱਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਸੰਵਾਦ ਖਾਰਜ ਹੋ ਸਕਦੇ ਹਨ। ਮੰਚ ਅਤੇ ਵੇਸ਼-ਭੂਸ਼ਾ ਖਾਰਜ ਹੋ ਸਕਦੀ ਹੈ। ਗੀਤ-ਸੰਗੀਤ ਖਾਰਜ ਹੋ ਸਕਦਾ ਹੈ ਪਰ ਅਭਿਨੇਤਾ ਅਤੇ ਅਭਿਨੈ ਨਹੀਂ। ਅਭਿਨੇਤਾ ਅਤੇ ਅਭਿਨੈ ਹੀ ਦ੍ਰਿਸ਼ ਸਿਰਜਦੇ ਹਨ ਤੇ ਭਾਈ ਵੀਰ ਸਿੰਘ ਇਹੀ ਕਰ ਰਿਹਾ ਹੈ। 1941-42 ਵਿੱਚ ਜਦੋਂ ਬਲਵੰਤ ਗਾਰਗੀ ਨੰਦੇ ਦੇ ਯਥਾਰਥਵਾਦੀ ਮੰਚ ਨੂੰ ਇਹ ਕਹਿ ਕੇ ਰੱਦ ਕਰਦਾ ਹੈ ਕਿ ਇਹ ਨਾਟਕਕਾਰ ਦੀ ਕਲਪਨਾ ਨੂੰ ਰੰਗਮੰਚ ਦੀ ਭੌਤਿਕ ਚਾਰ-ਦਿਵਾਰੀ ਤੱਕ ਸੀਮਤ ਕਰਦਾ ਹੈ ਤਾਂ ਭਾਈ ਵੀਰ ਸਿੰਘ ਦੀ ਨਾਟਕਕਾਰੀ ਦਾ ਇਹ ਮਹੱਤਵ ਆਪਣੇ ਆਪ ਸਪਸ਼ਟ ਹੋ ਜਾਂਦਾ ਹੈ। ਭਾਵੇਂ ਇਹ ਅਚੇਤ ਹੀ ਹੋਇਆ ਹੋਵੇ ਪਰ ਭਾਈ ਵੀਰ ਸਿੰਘ ਦੇ ਨਾਟਕ ਨੰਦੇ ਨਾਲੋਂ ਵੱਧ ਨਾਟ-ਕਲਾ ਦੇ ਬੁਨਿਆਦੀ ਲੱਛਣਾਂ ਵਾਲੇ ਹਨ।

ਪਰ ਇੱਥੇ ਸਾਡੇ ਕਹਿਣ ਦਾ ਇਹ ਭਾਵ ਹਰਗਿਜ਼ ਨਹੀਂ ਕਿ ਨੰਦੇ ਦਾ ਯਥਾਰਥਵਾਦ ਪੰਜਾਬੀ ਰੰਗਮੰਚ ਲਈ ਘੱਟ ਮਹੱਤਵ ਰੱਖਦਾ ਹੈ। ਜਿਸ ਕਿਸਮ ਦਾ ਯਥਾਰਥਵਾਦੀ ਮਾਡਲ ਨੰਦੇ ਨੇ ਅਪਣਾਇਆ, ਉਸ ਲਈ ਨੰਦੇ ਨੂੰ ਹਰਗਿਜ਼ ਦੋਸ਼ ਨਹੀਂ ਦਿੱਤਾ ਜਾ ਸਕਦਾ। ਜੇ ਉਸ ਨੇ ਤਤਕਾਲੀ ਪਰਸਿਥਤੀਆਂ ਅਤੇ ਔਕੜਾਂ ਵਿੱਚੋਂ ਲੰਘ ਕੇ ਰੰਗਮੰਚ ਤੇ ਜਾਣਾ ਸੀ ਤਾਂ ਉਸ ਲਈ ਇਹੀ ਮਾਡਲ ਵਿਹਾਰਕ ਸੀ। ਯਥਾਰਥਵਾਦੀ ਸ਼ੈਲੀ ਦੇ ਨਾਟਕ ਲਿਖਣੇ ਅਤੇ ਮੰਚਿਤ ਕਰਨੇ ਦੋਹੇਂ ਕਿਸੇ ਵਿਸ਼ੇਸ਼ ਨਾਟਕੀ-ਕਲਾ ਦੀ ਮੰਗ ਨਹੀਂ ਕਰਦੇ। ਇਸ ਸ਼ੈਲੀ ਦੀ ਅਦਾਕਾਰੀ ਕਰਨੀ ਵੀ ਸੌਖੀ ਹੈ ਤੇ ਮੰਚ-ਜੜ੍ਹਤ ਕਾਇਮ ਕਰਨੀ ਵੀ। ਅਸੀਂ ਸਮਝ ਸਕਦੇ ਹਾਂ ਕਿ ਅੱਜ ਤੋਂ ਸੌ ਸਾਲ ਪਹਿਲਾਂ ਕਿਸੇ ਪੰਜਾਬੀ ਰੰਗਮੰਚ ਨੂੰ ਮੰਚਿਤ ਕਰਨ ਵਿੱਚ ਕੀ ਔਕੜਾਂ ਤੇ ਮੁਸ਼ਕਿਲਾਂ ਹੋਣਗੀਆਂ। ਅੱਜ ਵੀ ਰੰਗਮੰਚ ਸ਼ੁਰੂਆਤ ਕਰਨ ਵਾਲੇ ਨਵੇਂ ਪੰਜਾਬੀ ਰੰਗਕਰਮੀਆਂ ਲਈ ਇਹੀ ਸ਼ੈਲੀ ਪਹਿਲੀ ਪਸੰਦ ਹੈ। ਸਗੋਂ ਪੰਜਾਬੀ ਨਾਟ-ਚਿੰਤਨ ਦੀ ਵੀ। ਇਸ ਲਈ ਉਨ੍ਹਾਂ ਨੂੰ ਰੰਗਮੰਚੀ ਸ਼ਿਲਪ ਵਿਚਾਰਨ ਦੀ ਖ਼ਾਸ ਲੋੜ ਨਹੀਂ ਪੈਂਦੀ, ਜਿਸ ਦੀ ਉਨ੍ਹਾਂ ਨੂੰ ਸਮਝ ਵੀ ਨਹੀਂ ਹੁੰਦੀ ਤੇ ਉਹ ਵਿਸ਼ੇ ਉੱਪਰ ਹੀ ਚਰਚਾ ਕਰ ਕੇ ਸਾਰ ਲੈਂਦੇ ਹਨ।

ਸਾਰ ਰੂਪ ਵਿੱਚ ਸਾਡੀ ਧਾਰਨਾ ਹੈ, ਭਾਈ ਵੀਰ ਸਿੰਘ ਦੇ ਦੋਹੇਂ ਨਾਟਕ ਭਾਵੇਂ ਕਦੇ ਮੰਚ 'ਤੇ ਪ੍ਰਸਤੁਤ ਨਹੀਂ ਹੋਏ ਪਰ ਇਹ ਰੰਗਮੰਚੀ ਮਾਡਲ ਦੀਆਂ ਰਚਨਾਵਾਂ ਹਨ। ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਪੰਜਾਬੀ ਨਾਟਕ ਵਿੱਚੋਂ ਖਾਰਜ ਨਹੀਂ ਕੀਤਾ ਜਾ ਸਕਦਾ।

ਐਸੋਸੀਏਟ ਪ੍ਰੋਫ਼ੈਸਰ,
ਯੂਨੀਵਰਸਿਟੀ ਸਕੂਲ ਆਫ਼ ਓਪਨ ਲਰਨਿੰਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਮੋਬਾਇਲ : 94640-11630

# ਭਾਈ ਵੀਰ ਸਿੰਘ ਦੀ ਪੰਜਾਬੀ ਨਾਟ ਸਾਹਿਤ ਨੂੰ ਦੇਣ

ਡਾ. ਗੁਰਸੇਵਕ ਲੰਬੀ

19ਵੀਂ ਸਦੀ ਦੌਰਾਨ ਪੰਜਾਬੀ ਸਮਾਜ ਅੰਗਰੇਜ਼ੀ ਸਾਮਰਾਜ ਅਧੀਨ ਲਗਾਤਾਰ ਤੇਜ਼ੀ ਨਾਲ ਰੂਪਾਂਤਰਣ ਦੀ ਸਥਿਤੀ ਵਿਚੋਂ ਗੁਜ਼ਰ ਰਿਹਾ ਸੀ। ਇਸ ਸਮੇਂ ਬਸਤੀਵਾਦੀ ਸਰਕਾਰ ਦੀਆਂ ਸਮਾਜਿਕ, ਸਾਹਿਤਕ, ਅਕਾਦਮਿਕ ਤੇ ਸਭਿਆਚਾਰਕ ਨੀਤੀਆਂ ਨੇ ਪੰਜਾਬ ਦੇ ਮੱਧ ਵਰਗ ਨੂੰ ਪ੍ਰਭਾਵਿਤ ਕੀਤਾ। ਇਹਨਾਂ ਨੀਤੀਆਂ ਸਦਕਾ ਪੰਜਾਬੀ ਸਮਾਜ ਦੀ ਬਣਤਰ ਤੇ ਮਾਨਸਿਕਤਾ ਬਦਲਣ ਲੱਗੀ। ਪੱਛਮੀ ਤਹਿਜ਼ੀਬ ਕਾਫੀ ਹੱਦ ਤਕ ਪੰਜਾਬੀ ਨੂੰ ਪ੍ਰਭਾਵਿਤ ਕਰਨ ਲੱਗੀ। ਜਿਸ ਸਦਕਾ ਮੱਧ ਵਰਗੀ ਸਮਾਜ ਅੰਗਰੇਜ਼ਾਂ ਪ੍ਰਤੀ ਦਿਨ-ਬ-ਦਿਨ ਵਫ਼ਾਦਾਰ ਹੋ ਰਿਹਾ ਸੀ। ਇਸ ਸਥਿਤੀ ਵਿਚ ਪੰਜਾਬੀ ਸਮਾਜ ਅੰਦਰ ਅੰਗਰੇਜ਼ਾਂ ਪ੍ਰਤੀ ਵਿਰੋਧ ਅਤੇ ਵਫ਼ਾਦਾਰੀ ਦੇ ਪ੍ਰਤਿਕਰਮ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਪਾਸੇ ਪੰਜਾਬੀ ਸਮਾਜ ਪੱਛਮੀ ਸਮਾਜ ਦੀਆਂ ਰਹੁ-ਰੀਤਾਂ ਨੂੰ ਅਪਣਾਉਂਦਾ ਨਜ਼ਰੀ ਪੈਂਦਾ ਹੈ ਅਤੇ ਦੂਜੇ ਪਾਸੇ ਈਸਾਈ ਧਰਮ ਦਾ ਵਧਦਾ ਪ੍ਰਚਾਰ ਬੌਧਿਕ ਤਬਕੇ ਨੂੰ ਵੀ ਪਰੇਸ਼ਾਨ ਕਰ ਰਿਹਾ ਸੀ। ਪੱਛਮੀ ਰਹੁ-ਰੀਤਾਂ ਦਾ ਪ੍ਰਭਾਵ ਪੰਜਾਬ ਦੀ ਸੰਸਕ੍ਰਿਤਕ ਪਛਾਣ ਨੂੰ ਖੋਰਾ ਲਾ ਰਿਹਾ ਸੀ। ਇਸ ਤਰ੍ਹਾਂ ਦੀ ਗੁੰਝਲਦਾਰ ਸਥਿਤੀ ਨੂੰ ਭਾਈ ਵੀਰ ਸਿੰਘ ਦੇ ਨਾਟਕਾਂ 'ਜ਼ੈਨਾ ਦਾ ਵਿਰਲਾਪ' ਅਤੇ 'ਰਾਜਾ ਲਖਦਾਤਾ ਸਿੰਘ' ਬਾਖ਼ੂਬੀ ਚਿਤਰਦੇ ਹਨ। ਭਾਈ ਵੀਰ ਸਿੰਘ ਦੇ ਸਾਹਿਤਕ ਦ੍ਰਿਸ਼ਟੀਕੋਣ ਨੂੰ ਵਿਦਵਾਨਾਂ ਨੇ ਭਿੰਨ ਪੱਧਰਾਂ 'ਤੇ ਸਮਝਿਆ ਹੈ। ਇਕ ਪਾਸੇ ਵਿਦਵਾਨ ਭਾਈ ਵੀਰ ਸਿੰਘ ਦੀ ਸਾਹਿਤਕ ਦ੍ਰਿਸ਼ਟੀ ਨੂੰ ਧਰਮ-ਸੁਧਾਰ ਦੀ ਲਹਿਰ ਨਾਲ ਜੋੜ ਕੇ ਵੇਖਦੇ ਹੋਏ ਉਨ੍ਹਾਂ ਦਾ ਪ੍ਰਮੁੱਖ ਸਾਹਿਤਕ ਉਦੇਸ਼ ਸਿੱਖਾਂ ਦੀ ਦੂਸਰੇ ਧਰਮਾਂ ਦੇ ਉਲਟ ਵੱਖਰੀ ਪਹਿਚਾਣ ਸਥਾਪਤ ਕਰਨਾ ਮੰਨਦੇ ਹਨ। ਦੂਜੇ ਪਾਸੇ ਵਿਦਵਾਨ ਉਨ੍ਹਾਂ ਦੇ ਸਾਹਿਤਕ ਦ੍ਰਿਸ਼ਟੀਕੋਣ ਨੂੰ ਕੌਮੀ ਪੱਧਰ 'ਤੇ ਆਧੁਨਿਕ ਸਾਹਿਤ ਦੇ ਮੋਢੀ ਸਾਹਿਤਕਾਰ ਵਜੋਂ ਸਮਝਦੇ ਹਨ। ਤੀਜੇ ਪੱਧਰ 'ਤੇ ਵਿਦਵਾਨ ਉਨ੍ਹਾਂ ਦੇ ਸਾਹਿਤਕ ਦ੍ਰਿਸ਼ਟੀਕੋਣ ਨੂੰ ਬਸਤੀਵਾਦੀ ਵਿਰੋਧੀ ਚੇਤਨਾ ਦੇ ਪ੍ਰਸੰਗ ਵਿਚ ਵੀ ਸਮਝਣ ਦੀ ਪ੍ਰੋੜਤਾ ਕਰਦੇ ਹਨ। ਇਉਂ ਭਾਈ ਵੀਰ ਸਿੰਘ ਦਾ ਸਾਹਿਤ ਇਹਨਾਂ ਤਿੰਨਾਂ ਧਰਾਤਲਾਂ ਤੇ ਵਿਚਰਦਾ ਹੈ। ਇਹ ਤੱਥ ਭਾਈ ਵੀਰ ਸਿੰਘ ਵਲੋਂ ਰਚਿਤ ਸਾਹਿਤ ਦੀ ਹਰ ਵਿਧਾ ਵਿਚ ਸ਼ੁਮਾਰ ਹੁੰਦਾ ਹੈ। ਇਸ ਪ੍ਰਸੰਗ ਵਿਚ ਭਾਈ ਵੀਰ ਸਿੰਘ ਦਾ ਨਾਟ ਸਾਹਿਤ ਮਹੱਤਵ ਗ੍ਰਹਿਣ ਕਰਦਾ ਹੈ।

ਭਾਈ ਵੀਰ ਸਿੰਘ ਦਾ ਨਾਟਕ 'ਰਾਜਾ ਲਖਦਾਤਾ ਸਿੰਘ' (1910) ਇਕ ਅਜਿਹਾ ਨਾਟਕ ਹੈ ਜੋ ਤਤਕਾਲੀ ਸਮੇਂ ਦੇ ਸਿੱਖਾਂ ਦੀ ਪਰਿਵਰਤਿਤ ਦਸ਼ਾ ਨੂੰ ਸੁਧਾਰਨ ਦੀ ਆਸ ਨਾਲ ਲਿਖਿਆ ਗਿਆ ਹੈ। ਇਸ ਨਾਟਕ ਦੇ ਵਸਤੂਗਤ ਸਰੋਕਾਰਾਂ ਦਾ ਪ੍ਰਮੁੱਖ ਉਦੇਸ਼ ਇਸ ਸਮੱਸਿਆ ਨਾਲ ਸੰਬੰਧਿਤ ਹੈ ਕਿ ਸਿੱਖ ਪੰਥ ਦੇ ਰਾਜੇ ਅਤੇ ਆਗੂ ਕਈ ਤਰ੍ਹਾਂ ਦੇ ਐਬਾਂ-ਵਿਕਾਰਾਂ ਵਿਚ ਫਸੇ ਹੋਣ ਕਰਕੇ ਆਮ ਲੋਕਾਂ ਨੂੰ ਸੇਧ ਦੇਣ ਤੋਂ ਅਸਮਰੱਥ ਹਨ। ਇਸ ਸਥਿਤੀ ਵਿਚ ਆਮ ਜਨ-ਜੀਵਨ ਵੀ ਬੁਰੇ ਕੰਮਾਂ ਵਜੋਂ 'ਨਸ਼ਿਆਂ ਦੇ ਸੇਵਨ', 'ਅਸ਼ਲੀਲ ਗੀਤਾਂ ਅਤੇ ਨਾਚਾਂ' ਦਾ ਲੁਤਫ਼ ਲੈਣ ਵਿਚ ਰੁਝੇ ਹੋਏ ਹਨ। ਇਸੇ ਕੜੀ ਵਿਚ ਅਮੀਰ ਵਰਗ ਦੇ ਸਿੱਖ ਸਰਦਾਰ ਵੇਸ਼ਵਾ ਗਮਨ ਦਾ ਸ਼ਿਕਾਰ ਹੋਏ ਹਨ। ਉਹ ਮੁਜਰਿਆਂ ਅਤੇ ਵੇਸ਼ਵਾ-ਨਾਚਾਂ ਦਾ ਆਯੋਜਨ ਕਰਵਾ ਕੇ ਸਮਾਜ ਵਿਚ ਅਨੈਤਿਕਤਾ ਫੈਲਾ ਰਹੇ ਹਨ। ਅਜਿਹੇ ਮਾਹੌਲ ਵਿਚ ਸਿੱਖ ਸਰਦਾਰਾਂ ਦੀਆਂ ਐਯਾਸ਼ੀਆਂ ਤੋਂ ਪ੍ਰਭਾਵਿਤ ਹੋ ਕੇ ਕਈ ਸਿੱਖ ਬੱਚੇ ਸਿੱਖੀ ਛੱਡ ਕੇ ਈਸਾਈ ਬਣ ਰਹੇ ਹਨ। ਸਥਿਤੀ ਦਾ ਵਿਅੰਗ ਇਹ ਹੈ ਕਿ ਐਸ਼-ਪ੍ਰਸਤੀ ਕਰਨ ਵਾਲੇ ਸਿੱਖ ਸਰਦਾਰ ਅਨੈਤਿਕ ਕੰਮ-ਧੰਦਿਆਂ ਉਤੇ ਤਾਂ ਦੌਲਤ ਲੁਟਾ ਰਹੇ ਹਨ ਪਰੰਤੂ ਗਰੀਬਾਂ ਨੂੰ ਕਿਸੇ ਪ੍ਰਕਾਰ ਦੀ





ਆਰਥਿਕ ਸਹਾਇਤਾ ਦੇਣ ਤੋਂ ਮੁਨਕਰ ਹਨ। ਇਸੇ ਲਈ ਕਈ ਸਿੱਖ ਵਿਧਵਾ ਇਸਤਰੀਆਂ ਆਤਮਘਾਤ ਕਰਨ ਲਈ ਮਜ਼ਬੂਰ ਹਨ। ਇਸ ਤਰ੍ਹਾਂ ਦੀ ਅਨੈਤਿਕ ਅਤੇ ਧਾਰਮਿਕ ਗਿਰਾਵਟ ਦਾ ਪ੍ਰਮੁੱਖ ਕਾਰਨ ਧਾਰਮਿਕ ਆਗੂਆਂ ਅਤੇ ਉਪਦੇਸ਼ਕਾਂ ਦੀ ਬੇਈਮਾਨੀ ਅਤੇ ਲਾਲਸਾ ਹੈ। ਸਿੱਖ ਧਰਮਸ਼ਾਲਾਵਾਂ ਦੇ ਸੰਚਾਲਕ ਤੇ ਆਗੂ ਸਿੱਖ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਦੀ ਥਾਂ ਧਰਮਸ਼ਾਲਾ ਦਾ ਕਿਰਾਇਆ ਖਾਣ ਲੱਗੇ ਹਨ। ਇਸ ਪ੍ਰਸੰਗ ਵਿਚ ਨਾਟਕ ਵਿਚ ਜ਼ਿਕਰ ਆਉਂਦਾ ਹੈ।

ਇਕਲਵੰਜੇ : ਪੰਥ ਕਿਵੇਂ ਬਚੇ ? ਕਿਸੇ ਸਿੱਖ ਨੂੰ ਫਿਕਰ ਨਹੀਂ, ਪਰ ਹੀਰ ਜੋਗਾ ਸਿੰਘ ਹੀਰ ਭਗਵਾਨ ਸਿੰਘ ਸਿੱਖਾਂ ਦੀਆਂ ਲਿਖੀਆਂ ਲੈ ਲਵੋ। ਵਿਸ਼ੇ-ਵਿਕਾਰਾਂ ਦੇ ਗੀਤ, ਨੂੰਹ ਸਹੁਰੇ ਦੇ ਚਿੱਠੇ, ਗੰਦੀਆਂ ਸਿੱਠਾਂ, ਗੰਦੀਆਂ ਕਾਫ਼ੀਆਂ, ਕੋਟੜੇ ਤੇ ਕੁੰਡਲੀਏ ਲਿਖਣ ਵਿਚ ਸਿੱਖ ਸਭ ਤੋਂ ਮੂਹਰੇ ਹਨ। ਪਰ ਪੰਥ ਵਿਚ ਵਿੱਦਯਾ ਲਯਾਵਣ ਦਾ ਰਤਾ ਫਿਕਰ ਨਹੀਂ। [1]

ਇਸ ਦੇ ਉਲਟ ਨਾਟਕ ਵਿਚ ਪਾਦਰੀਆਂ ਦੁਆਰਾ ਈਸਾਈ ਧਰਮ ਵਿਚ ਆਉਣ ਲਈ ਹਿੰਦੂ-ਸਿੱਖਾਂ ਨੂੰ ਪ੍ਰੇਰਿਤ ਕਰਨ ਦੇ ਪ੍ਰਸੰਗ ਨਜ਼ਰ ਆਉਂਦੇ ਹਨ। ਨਾਟਕ ਦਾ ਮੁੱਖ ਪਾਤਰ ਰਾਜਾ ਲਖਦਾਤਾ ਸਿੰਘ ਇਕ ਅਜਿਹਾ ਧਾਰਮਿਕ ਆਗੂ ਹੈ ਜੋ ਆਪਣੇ ਫਰਜ਼ ਭੁਲਾ ਕੇ ਭੋਗ ਵਿਲਾਸ, ਵਿਸ਼ੇ-ਵਿਕਾਰਾਂ ਅਤੇ ਨਾਚ-ਗਾਣੇ ਵਿਚ ਮਸਤ ਹੋ ਕੇ ਜਨਤਾ ਨੂੰ ਉਸਾਰੂ ਕੰਮ-ਧੰਦੇ ਕਰਨ ਲਈ ਪ੍ਰੇਰਿਤ ਕਰਨ ਤੋਂ ਅਸਮਰੱਥ ਹੈ। ਇਸ ਸਥਿਤੀ ਵਿਚ ਇਕ ਪੰਥ ਸੇਵਕ ਤੇ ਪ੍ਰਤਾਪੀ ਸੰਤ ਉਸਨੂੰ ਸੁਧਾਰਣ ਦਾ ਉਦਮ ਕਰਦਾ ਹੈ :

> ਅੱਛਾ ਹੁਣ ਚਲੀਏ, ਉਸ ਦੇ ਸੁੱਤੇ ਮਨ ਨੂੰ ਤੇ ਜਾਗਦੇ ਸਰੀਰ ਨੂੰ ਟੁੰਬੀਏ, ਕੁਝ ਛੱਟੇ ਮਾਰੀਏ, ਜਗਾਈਏ, ਕੁਝ ਸਿੱਖਯਾ ਉਪਦੇਸ਼ ਦੇ ਬਾਣ ਲਾਈਏ, ਉਸਦੀ ਕੌਮੀ ਅਣਖ ਨੂੰ ਜਗਾਈਏ, ਕੁਝ ਪੰਥਕ ਗ਼ੈਰਤ ਦੀ ਚੂੰਢੀ ਵੱਢੀਏ ਤਾਂ ਜੋ ਹੋਸ਼ ਤੇ ਹਿਕ ਡਾਢੇ ਔਖੇ, ਪਰ ਲੋੜੀਂਦੇ ਕੰਮ ਨੂੰ ਸਿਰੇ ਚਾੜ੍ਹੇ। [2]

ਇਉਂ ਸੰਤ ਦੇ ਉਦੇਸ਼ ਤੋਂ ਰਾਜਾ ਲਖਦਾਤਾ ਸਿੰਘ ਦਾ ਮਨ ਹਲੂਣਿਆ ਜਾਂਦਾ ਹੈ ਅਤੇ ਉਹ ਪੰਥ ਵਿਚ ਆਈ ਗਿਰਾਵਟ ਤੋਂ ਜਾਣੂ ਹੋਕੇ ਇਸਨੂੰ ਸੁਧਾਰਨ ਦਾ ਸੰਕਲਪ ਲੈਂਦਾ ਹੈ। ਉਹ ਪੰਥ ਵਿਚ ਸੁਧਾਰ ਕਰਨ ਲਈ ਪਹਿਲਾਂ ਇਕ ਸਿੱਖ ਮੁੰਡੇ ਨੂੰ ਈਸਾਈ ਬਣਨ ਤੋਂ ਰੋਕਦਾ ਹੋਇਆ ਉਸਦੀ ਆਰਥਿਕ ਮਦਦ ਕਰਦਾ ਹੈ। ਇਸ ਉਪਰੰਤ ਉਹ ਇਕ ਸਿੱਖ ਵਿਧਵਾ ਨੂੰ ਆਤਮ-ਹੱਤਿਆ ਕਰਨ ਤੋਂ ਵਰਜਦਾ ਹੈ। ਉਹ ਭੇਸ ਬਦਲ ਕੇ ਆਪਣੇ ਰਾਜ ਪ੍ਰਬੰਧ ਦੇ ਅਫ਼ਸਰਾਂ (ਤਹਿਸੀਲਦਾਰ, ਠਾਣੇਦਾਰ ਅਤੇ ਹੋਰ) ਅਤੇ ਨਿਆਂ ਵਿਵਸਥਾ ਦੀ ਤਫ਼ਤੀਸ਼ ਕਰਦਾ ਹੈ। ਇਸ ਤਫ਼ਤੀਸ਼ ਦੌਰਾਨ ਉਸਨੂੰ ਪਤਾ ਲਗਦਾ ਹੈ ਕਿ ਦਰਬਾਰੀ ਅਫ਼ਸਰ ਰਿਸ਼ਵਤਖੋਰੀ ਵਿਚ ਫਸੇ ਹੋਣ ਕਰਕੇ ਨਿਆਂ ਅਤੇ ਪ੍ਰਸ਼ਾਸਨ ਨੂੰ ਪਲੀਤ ਕਰ ਰਹੇ ਹਨ। ਇਸੇ ਤਰ੍ਹਾਂ ਉਸਦੀ ਰਿਆਸਤ ਵਿਚ ਤਿੰਨ ਚੌਥਾਈ ਸਿੱਖ ਹਨ ਪਰੰਤੂ ਸਕੂਲਾਂ ਵਿਚ ਇਨ੍ਹਾਂ ਦੀ ਗਿਣਤੀ 4% ਹੈ ਜਦਕਿ ਸ਼ਰਾਬ ਖ਼ਾਨਿਆਂ ਤੇ ਜੇਲ੍ਹਾਂ ਵਿਚ ਸਿੱਖਾਂ ਦੀ ਗਿਣਤੀ 50% ਹੈ। ਇਉਂ ਨਾਟਕ ਅਨੁਸਾਰ ਰਾਜਾ ਲਖਦਾਤਾ ਸਿੰਘ ਦੇ ਸ਼ਾਸਨ ਕਾਲ ਵਿਚ ਨਸ਼ਾ ਅਤੇ ਅਪਰਾਧ ਕਰਨ ਵਾਲੇ ਵਧੇਰੇ ਸਿੱਖ ਹਨ ਜੋ ਗਰੀਬੀ ਅਤੇ ਅਨਪੜ੍ਹਤਾ ਦੇ ਸ਼ਿਕਾਰ ਹਨ। ਸਿੱਖਿਆ ਦੇ ਖੇਤਰ ਵਿਚ ਸਿੱਖਾਂ ਦੀ ਹਾਲਤ ਐਨੀ ਮਾੜੀ ਹੈ ਕਿ 141 ਸਿੱਖਾਂ ਵਿਚੋਂ ਇਕ ਸਿੱਖ ਅੰਗਰੇਜ਼ੀ ਪੜ੍ਹਿਆ ਹੋਇਆ ਹੈ। ਸਿੱਖਾਂ ਦੀ ਅਜਿਹੀ ਮਾੜੀ ਹਾਲਤ ਬਾਰੇ ਰਾਜਾ ਲਖਦਾਤਾ ਸਿੰਘ ਨੂੰ ਇਲਾਹੀ ਪ੍ਰੇਰਨਾ 'ਰੋਗ ਅਵਿਦਿਆ ਕੌਮ ਫਾਥੀ' ਮਿਲਦੀ ਹੈ। ਜਦੋਂ ਰਾਜਾ ਲੱਖਦਾਤਾ ਸਿੰਘ ਆਪਣੇ ਮਹਾਨ ਕੌਮੀ ਫਰਜ਼ ਨੂੰ ਪੂਰਾ ਕਰਨ ਲਈ ਆਪਣੇ ਦਰਬਾਰੀਆਂ ਨੂੰ ਪ੍ਰੇਰਦਾ ਹੈ ਤਾਂ ਉਹ ਸਾਰੇ ਜ਼ੋਰਦਾਰ ਆਵਾਜ਼ ਵਿਚ ਸਹਿਮਤੀ ਪ੍ਰਗਟਾਉਂਦੇ ਹੋਏ ਇਕ ਗੀਤ 'ਵਿੱਦਯਾ ਕੱਟੇਗੀ ਸਾਰੇ ਹੀ ਦੁੱਖੜੇ, ਇਸਨੇ ਦੁਨੀਆ ਸੁੱਖੀ ਕਰਾਯਾ, ਪਾਓਂ ਵਿੱਦਯਾ ਤੇ ਦੇਵੇ ਬੀ ਵਿੱਦਯਾ, ਵਿੱਦਿਯਾ ਵਿੱਦਿਯਾ ਦਾ ਡੰਕਾ ਵਜਾਯਾ' ਗਾਉਂਦੇ ਹਨ। ਇਸੇ ਤਰ੍ਹਾਂ ਨਾਟਕ ਵਿਚ ਜ਼ਿਕਰ ਆਉਂਦਾ ਹੈ ਕਿ ਜਿੱਥੇ ਸੱਯਦਾਂ ਨੇ ਮੁਸਲਮਾਨਾਂ ਵਿਚ

ਜਾਗ੍ਰਿਤੀ ਲਿਆ ਦਿੱਤੀ ਹੈ ਉੱਥੇ ਹਿੰਦੂ ਵੀ ਸਿੱਖਿਆ ਅਤੇ ਵਪਾਰ ਕਰਕੇ ਤਰੱਕੀ ਕਰ ਗਏ ਹਨ। ਨਾਟਕ ਦਾ ਸੂਤਰਧਾਰ ਵੀ ਸੰਕੇਤ ਕਰਦਾ ਹੈ ਕਿ ਇਹ ਨਾਟਕ ਕਿੱਸੇ ਇਸ਼ਕੀਆ ਕਿੱਸੇ ਦੀ ਕਹਾਣੀ ਨਹੀਂ ਸਗੋਂ ਪੰਥ ਦੀ ਤਰਸਯੋਗ ਸਥਿਤੀ ਨੂੰ ਬਿਆਨ ਕਰਦਾ ਹੈ। ਨਾਟਕ ਦੀਆਂ 13 ਝਾਕੀਆਂ ਵਿਚੋਂ ਅਜਿਹੇ ਤੱਥ ਅਤੇ ਅੰਕੜੇ ਇਕੱਠੇ ਹੁੰਦੇ ਹਨ ਜਿਨ੍ਹਾਂ ਤੋਂ ਸਪਸ਼ਟ ਪਤਾ ਲੱਗਦਾ ਹੈ ਕਿ ਸਿੱਖਾਂ ਵਿਚ ਅਨਪੜ੍ਹਤਾ ਅਤੇ ਬਦਫੈਲੀਆਂ ਦੂਸਰੇ ਧਰਮਾਂ ਦੇ ਲੋਕਾਂ ਨਾਲੋਂ ਵਧੇਰੇ ਫੈਲੀਆਂ ਹੋਈਆਂ ਹਨ। ਨਾਟਕ ਵਿਚੋਂ ਸਪਸ਼ਟ ਹੁੰਦਾ ਹੈ ਕਿ ਸਿੱਖਾਂ ਦਾ ਐਸ਼-ਪ੍ਰਸਤੀ ਤੇ ਵਿਸ਼ੇ-ਵਿਕਾਰਾਂ ਵੱਲ ਝੁਕਾਅ ਦਾ ਪ੍ਰਮੁੱਖ ਕਾਰਨ ਭਾਵੇਂ ਪੱਛਮੀ ਰਹਿਣੀ-ਬਹਿਣੀ ਮੰਨਿਆ ਗਿਆ ਹੈ ਪਰੰਤੂ ਨਾਟਕ ਵਿਚ ਕਿਤੇ ਵੀ ਅੰਗਰੇਜ਼ੀ ਹਕੂਮਤ ਦੀ ਆਲੋਚਨਾ ਨਹੀਂ ਕੀਤੀ ਗਈ। ਇਸਾਈਆਂ ਦੁਆਰਾ ਲੋੜਮੰਦਾਂ ਨੂੰ ਈਸਾਈ ਬਣਾਉਣ ਦੇ ਪ੍ਰਸੰਗ ਸਹਿਜ-ਸੁਭਾਅ ਹੀ ਵਾਪਰਦੇ ਹਨ। ਜਦੋਂ ਕੋਈ ਵੀ ਪਾਦਰੀ ਕਿਸੇ ਵੀ ਸਿੱਖ ਦਾ ਜ਼ਬਰੀ ਧਰਮ ਪਰਿਵਰਤਨ ਨਹੀਂ ਕਰਵਾਉਂਦਾ। ਇਸੇ ਤਰ੍ਹਾਂ ਰਾਜਾ ਲਖਦਾਤਾ ਸਿੰਘ ਕਿਸੇ ਵੀ ਪਾਦਰੀ ਦੁਆਰਾ ਸਿੱਖ ਬੰਦਿਆਂ ਦਾ ਧਰਮ ਬਦਲਣ ਸਮੇਂ ਵਿਰੋਧ ਨਹੀਂ ਕਰਦਾ ਸਗੋਂ ਸਤਿਕਾਰ ਨਾਲ ਉਸਨੂੰ ਅਜਿਹਾ ਨਾ ਕਰਨ ਲਈ ਪ੍ਰੇਰਦਾ ਹੈ ਅੱਗੋਂ ਪਾਦਰੀ ਵੀ ਕੋਈ ਵਿਰੋਧਤਾ ਨਹੀਂ ਕਰਦਾ। ਨਾਟਕ ਵਿਚ ਜਿਹੜੀ ਵਿਦਿਆ ਪ੍ਰਾਪਤੀ ਉਤੇ ਜ਼ੋਰ ਦਿੱਤਾ ਗਿਆ ਹੈ ਉਹ 'ਗਿਆਨ-ਵਿਗਿਆਨ' ਵਾਲੀ ਨਹੀਂ ਸਗੋਂ 'ਧਾਰਮਿਕ ਗਿਆਨ' ਨਾਲ ਸੰਬੰਧਿਤ ਹੈ। ਸਥਿੰਦਰਜੀਤ ਸਿੰਘ ਸਾਗਰ ਅਨੁਸਾਰ :

> ਨਾਟਕਕਾਰ ਨੇ ਨਾਟਕ ਵਿਚ 'ਵਿਅਕਤੀ ਸੁਧਾਰ' ਤੇ 'ਪੰਥ ਸੁਧਾਰ' ਦਾ ਉਲੇਖ ਕੀਤਾ ਹੈ। ਗੁਰੂ ਗੋਬਿੰਦ ਸਿੰਘ ਦੀ ਮਿਹਰ ਤੇ ਸੰਤ ਦੀ ਪ੍ਰੇਰਨਾ ਨਾਲ ਲਖਦਾਤਾ ਸਿੰਘ ਸਿੱਖਾਂ ਦੀ ਸਥਿਤੀ ਤੋਂ ਚੇਤਨ ਹੁੰਦਾ ਹੈ। ਉਹ ਆਪਣੀ ਰਾਜ-ਵਿਵਸਥਾ ਤੇ ਵਿਅਕਤੀਗਤ ਆਚਾਰ ਤੋਂ ਆਪਣੇ ਵਿਚ ਪਰਿਵਰਤਨ ਲਿਆਉਂਦਾ ਹੋਇਆ ਪੰਥ ਦੇ ਸੁਧਾਰ ਦਾ ਕੰਮ ਕਰਦਾ ਹੈ। ਪਰ ਨਾਟਕ ਵਿਚ ਇਹ ਭਾਵਨਾ ਉਭਰਦੀ ਹੈ ਕਿ ਪੰਥ-ਸੁਧਾਰ ਕੇਵਲ ਦੈਵੀ ਪ੍ਰੇਰਨਾ ਨਾਲ ਵਿਅਕਤੀ ਸੁਧਾਰ ਤੱਕ ਸੀਮਿਤ ਸਮੱਸਿਆ ਨਹੀਂ ਹੈ। ਇਹ ਇਕ ਸੰਗਠਨਾਤਮਕ ਤੇ ਸੰਸਥਾਈ ਸਮੱਸਿਆ ਹੈ ਜਿਸ ਨੂੰ ਨਿਸ਼ਚਿਤ ਵਿਚਾਰਧਾਰਾ ਤੇ ਅਮਲ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਇਸ ਦੇ ਲਈ ਉਹਨਾਂ ਕਾਰਨਾਂ ਨੂੰ ਦੂਰ ਕਰਨ ਦੀ ਲੋੜ ਹੈ ਜਿਹਨਾਂ ਕਰਕੇ ਸਿੱਖ ਪੰਥ ਵਿਚ ਗਿਰਾਵਟ ਆਈ। ਸਿੱਖ ਸੰਗਠਨ ਤੇ ਸਿੱਖ ਸੰਸਥਾਵਾਂ ਦੀ ਲੋੜ ਬਾਰੇ ਗੁੱਝੇ ਸੰਕੇਤ ਸਿੰਘ ਸਭਾ ਤੇ ਉਸ ਦੁਆਰਾ ਸਥਾਪਿਤ ਕੀਤੀਆਂ ਸੰਸਥਾਵਾਂ ਦੇ ਰੂਪ ਵਿਚ ਕੀਤੇ ਗਏ ਹਨ।[3]

ਇਉਂ ਨਾਟਕ ਵਿਚ ਸਿੱਖਾਂ ਦੀ ਮਾੜੀ ਹਾਲਤ ਲਈ ਸਿੱਖ ਪ੍ਰਸ਼ਾਸਨ ਨੂੰ ਦੋਸ਼ੀ ਸਮਝਿਆ ਗਿਆ ਹੈ ਨਾ ਕਿ ਅੰਗਰੇਜ਼ੀ ਹਕੂਮਤ ਦੀ ਨੀਤੀਆਂ ਨੂੰ ਦੋਸ਼ੀ ਸਮਝਿਆ ਗਿਆ ਹੈ ਨਾ ਕਿ ਅੰਗਰੇਜ਼ੀ ਹਕੂਮਤ ਦੀ ਨੀਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਨਾਟਕੀ ਝਾਕੀਆਂ ਵਿਚ ਭਾਵੇਂ ਇਸਾਈਆਂ ਦੇ ਗੀਤਾਂ ਦਾ ਜ਼ਿਕਰ ਹੈ ਪਰੰਤੂ ਇਹ ਅਸਿੱਧੇ ਤੌਰ 'ਤੇ ਅੰਗਰੇਜ਼ੀ ਪ੍ਰਸ਼ਾਸਨ ਦੀ ਆਲੋਚਨਾ ਨਹੀਂ ਕਰਦੇ। ਨਾਟਕਕਾਰ ਬਸਤੀਵਾਦੀ ਪ੍ਰਸ਼ਾਸਨ ਦੁਆਰਾ ਦਿੱਤੀਆਂ ਵਿਦਿਆ ਅਤੇ ਵਪਾਰ ਦੀਆਂ ਸਹੂਲਤਾਂ ਨੂੰ ਵੱਧ ਤੋਂ ਵੱਧ ਸਿੱਖਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ। ਨਾਟਕ ਵਿਚ ਸੰਕੇਤ ਆਉਂਦੇ ਹਨ ਕਿ ਹਿੰਦੂਆਂ ਦੀ ਤਰੱਕੀ ਦਾ ਰਾਜ ਸਿੱਖਿਆ ਅਤੇ ਵਪਾਰ ਹੈ। ਮੁਸਲਮਾਨਾਂ ਦੀ ਤਰੱਕੀ ਦਾ ਰਾਜ ਸਰਕਾਰ ਦੇ ਲੜ ਲੱਗਣਾ ਹੈ। ਇਸੇ ਪ੍ਰਭਾਵ ਅਧੀਨ ਨਾਟਕਕਾਰ ਇਹ ਉਦੇਸ਼ ਦਿੰਦਾ ਹੈ ਕਿ ਸਿੱਖਾਂ ਦੇ ਸਮਾਜਕ ਅਤੇ ਆਰਥਿਕ ਵਿਕਾਸ ਲਈ ਪਹਿਲਾਂ ਸਵੈ-ਜਾਗ੍ਰਿਤੀ ਅਤੇ ਫਿਰ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਰਨਾ ਪ੍ਰਮੁੱਖ ਲੋੜ ਹੈ। ਇਸੇ ਨਿਰੰਤਰਤਾ ਵਿਚ ਨਾਟਕਕਾਰ ਸਿੱਖ ਕੌਮ ਦੇ ਸੁਧਾਰ ਦੀ ਗੱਲ ਤਾਂ ਕਰਦਾ ਹੈ ਪਰੰਤੂ ਪਰਿਵਰਤਨ ਬਾਰੇ ਕੋਈ ਸੰਕੇਤ ਨਹੀਂ ਕਰਦਾ। ਉਹ ਆਮ ਲੋਕਾਂ ਨੂੰ ਕਿਸੇ ਲਹਿਰ





ਨਾਲ ਜੋੜਣ ਦੀ ਥਾਂ ਦੈਵੀ ਮੁਕਤੀ (ਸੰਤ) ਅਤੇ ਰਜਵਾੜਾ ਸ਼ਾਹੀ (ਰਾਜੇ) ਉਤੇ ਟੇਕ ਰੱਖਣ ਲਈ ਉਤਸੁਕ ਕਰਦਾ ਹੈ। ਇਸ ਸਥਿਤੀ ਵਿਚ ਨਾਟਕਕਾਰ ਦੀ ਨਾਟ-ਦ੍ਰਿਸ਼ਟੀ ਆਮ ਲੋਕ ਲਹਿਰ ਦੀ ਥਾਂ ਕੌਮ ਦਾ ਸੁਧਾਰ ਰਾਜੇ ਤੇ ਸੰਤ ਹੀ ਕਰ ਸਕਦੇ ਹਨ, ਵੱਲ ਕੇਂਦਰਿਤ ਹੈ। ਨਾਟਕ ਦੀ ਪੰਜਵੀਂ ਝਾਕੀ ਵਿਚ ਨਾਟਕਕਾਰ ਇਕ ਪਾਸੇ ਪੰਜਾਬ ਦੇ ਲੋਕ ਮਨੋਰੰਜਨ ਦੇ ਸਾਧਨਾਂ ਕਬੂਤਰਬਾਜ਼ੀ, ਬਟੇਰਬਾਜ਼ੀ, ਬਾਜ਼ ਸਿਕਰਿਆਂ ਤੇ ਕੁੱਤਿਆਂ ਨਾਲ ਸ਼ਿਕਾਰ ਖੇਡਣ ਦਾ ਵਿਰੋਧ ਕਰਦਾ ਹੈ। ਦੂਜੇ ਪਾਸੇ ਪੰਜਾਬ ਦੇ ਨੀਵੇਂ ਤਬਕੇ ਮਿਰਾਸੀ, ਜੁਲਾਹਾ, ਭਰਾਈ ਅਤੇ ਤੇਲੀ ਆਦਿ ਨਾਲ ਦੋਸਤੀ ਰੱਖਣ ਨੂੰ ਲੁੱਚਿਆਂ-ਗੁੰਡਿਆਂ ਦੀ ਯਾਰੀ ਮਿੱਥਦਾ ਹੈ। ਇਸ ਸਥਿਤੀ ਵਿਚ ਭਾਈ ਵੀਰ ਸਿੰਘ ਦਾ ਪੰਜਾਬੀ ਸਭਿਆਚਾਰ ਦੇ ਕਲਾਵੰਤ ਕਲਾਕਾਰਾਂ ਪ੍ਰਤੀ ਨਜ਼ਰੀਆ ਅਧਿਐਨ ਦਾ ਕੇਂਦਰ ਬਣਦਾ ਹੈ। ਜਦੋਂ ਭਾਈ ਵੀਰ ਸਿੰਘ ਸੰਕੇਤ ਕਰਦਾ ਹੈ ਕਿ 'ਅਮੀਰ ਗਾਫਲ ਪਏ ਹਨ। ਗਰੀਬ ਗਰੀਬੀ ਨੇ ਮਾਰ ਲਏ ਹਨ। ਵਿਚਲੇ ਦਰਜੇ ਦੇ ਲੋਕ ਇਸ ਪੰਥ ਵਿਚ ਹੈ ਨਹੀਂ, ਸੁਧਾਰ ਕੀਨੂੰ ਹੋਵੇਗਾ ਤਾਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਉਸਦੀ ਵਿਚਾਰਧਾਰਕ ਦ੍ਰਿਸ਼ਟੀ ਗਰੀਬ ਲੋਕਾਂ ਤੋਂ ਪਰਿਵਰਤਨ ਦੀ ਆਸ ਨਹੀਂ ਰੱਖਦੀ। ਉਹ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਨਸ਼ਿਆਂ, ਅਸ਼ਲੀਲਤਾ, ਪਾਖੰਡਾਂ, ਅਨਪੜ੍ਹਤਾ ਅਤੇ ਸੁਆਰਥ ਦਾ ਤਾਂ ਡਟ ਕੇ ਵਿਰੋਧ ਕਰਦਾ ਹੈ ਪਰੰਤੂ ਉਸਦੀ ਟੇਕ ਮੰਤਰਾਂ, ਝਾੜਿਆਂ, ਕਿਸਮਤ ਅਤੇ ਭਾਗਾਂ 'ਤੇ ਕੇਂਦਰਿਤ ਹੈ। ਉਹ ਅਜਿਹੀ ਕੌਮ ਦੇ ਸੁਧਾਰ ਲਈ ਯਤਨਸ਼ੀਲ ਹੈ ਜਿਸ ਵਿਚ ਉਚ ਤੇ ਮੱਧ ਵਰਗ ਦੇ ਲੋਕ ਸ਼ਾਮਿਲ ਹਨ। ਇਸੇ ਲਗਾਤਾਰਤਾ ਵਿਚ ਭਾਈ ਵੀਰ ਸਿੰਘ ਇਸ ਨਾਟਕ ਦੀ ਸਿਰਜਣਾ ਸਿੰਘ ਸਭਾ ਦੇ ਧਾਰਮਿਕ ਅਤੇ ਸੰਪਰਦਾਇਕ ਆਸ਼ੇ ਦੇ ਅਨੁਕੂਲ ਕਰਦਾ ਹੋਇਆ ਮੱਧਕਾਲੀਨ ਵਰਗ ਵਾਂਗ ਨੇਕੀ ਦੀ ਬਦੀ ਉਤੇ ਜਿੱਤ ਦਿਖਾਉਂਦਾ ਹੈ। ਨਾਟਕ ਵਿਚਲੇ ਪਾਤਰ ਤੇ ਘਟਨਾਵਾ ਕਿਸੇ ਸੰਗਠਿਤ ਕਥਾਨਕ ਤੋਂ ਦਿਸ਼ਾ ਗ੍ਰਹਿਣ ਕਰਨ ਦੀ ਥਾਂ ਲੇਖਕ ਦੇ ਮੰਤਵ ਰਾਹੀਂ ਆਕਾਰ ਗ੍ਰਹਿਣ ਕਰਦੇ ਹਨ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਦਾ ਕਾਵਿ–ਨਾਟ 'ਜ਼ੈਨਾ ਦਾ ਵਿਰਲਾਪ' ਦੇਖਿਆ ਜਾ ਸਕਦਾ ਹੈ। ਇਹ ਨਾਟਕ 'ਕਲਗੀਧਰ ਚਮਤਕਾਰ' ਵਿਚ ਸਿਰਖੰਡੀ ਛੰਦ ਵਿਚ ਲਿਖਿਆ ਹੈ। ਪੁਰਾਤਨ ਲੋਕ ਨਾਟ ਕਲਾਵਾਂ ਵਿਚੋਂ ਰਾਮ–ਲੀਲ੍ਹਾ, ਰਾਸ–ਲੀਲ੍ਹਾ, ਨੌਟੰਕੀ, ਸਾਂਗ ਅਤੇ ਨਕਲਾਂ ਆਦਿ ਕਵਿਤਾ ਦਾ ਜਾਮਾ ਪਹਿਨ ਕੇ ਹੀ ਪ੍ਰਚਾਰਿਤ ਤੇ ਸੰਚਾਰਿਤ ਹੁੰਦੀਆਂ ਰਹੀਆਂ ਹਨ। ਪ੍ਰਾਚੀਨ ਸੰਸਕ੍ਰਿਤ ਨਾਟਕ ਵਿਚ ਵੀ ਕਵਿਤਾ ਅਤੇ ਵਾਰਤਕ ਦਾ ਸੁਮੇਲ ਹੁੰਦਾ ਸੀ। ਕਾਵਿ ਨਾਟਕ 'ਜ਼ੈਨਾ ਦਾ ਵਿਰਲਾਪ' ਧਾਰਮਿਕ ਪ੍ਰਵਿਰਤੀ ਵਾਲਾ ਦੁਖਾਂਤਕ ਨਾਟ ਹੈ। ਇਸ ਨਾਟ ਵਿਚ ਇਕ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਵਜ਼ੀਰ ਖਾਂ ਵੱਲੋਂ ਨੀਹਾਂ ਵਿੱਚ ਚਿਣਵਾਏ ਜਾਣ ਦੀ ਦਰਦਨਾਕ ਘਟਨਾ ਰੂਪਮਾਨ ਹੁੰਦੀ ਹੈ ਦੂਜੇ ਪਾਸੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਤੇ ਹਾਅ ਦਾ ਨਾਅਰਾ ਮਾਰਨ ਵਾਲੀ ਇਸਤਰੀ 'ਬੇਗ਼ਮ ਜ਼ੈਨਾ' ਬਾਰੇ ਇਤਿਹਾਸਕ ਜਾਣਕਾਰੀ ਮਿਲਦੀ ਹੈ। ਜਦੋਂ ਵਜ਼ੀਰ ਖਾਂ ਦੀ ਬੇਗ਼ਮ ਜ਼ੈਨਾ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਵਾਉਣ ਦੀ ਖ਼ਬਰ ਮਿਲਦੀ ਹੈ ਤਾਂ ਉਹ ਇਸ ਜ਼ੁਲਮ ਨੂੰ ਨਾ ਸਹਾਰਦੀ ਹੋਈ ਆਪਣੀ ਛਾਤੀ ਵਿਚ ਕਟਾਰ ਮਾਰ ਕੇ ਆਤਮ–ਹੱਤਿਆ ਕਰ ਲੈਂਦੀ ਹੈ। ਜ਼ੈਨਾ ਬਾਰੇ ਭਾਈ ਵੀਰ ਸਿੰਘ ਇਤਿਹਾਸਕ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ ਕਿ, "ਇਸ ਦਾ ਸਹੁਰਾ ਘਰ ਸਰਹਿੰਦ ਵਿਚ ਸੀ। ਅਜੇ ਡੋਲਾ ਸਰਹਿੰਦ ਨਹੀਂ ਪਹੁੰਚਾ ਸੀ ਕਿ ਇਸ ਦੀ ਸੁੰਦਰਤਾ ਅਰ ਜੁਆਨੀ ਦੀ ਧਾਕ ਪਹਿਲੇ ਅੱਪੜ ਗਈ। ਡੋਲਾ ਰਸਤੇ ਵਿਚ ਹੀ ਰੋਕ ਕੇ ਖੋਹ ਲਿਆ ਗਿਆ ਅਰ ਇਸ ਤਰ੍ਹਾਂ ਨਵਾਬ ਦੇ ਮਹਿਲੀਂ ਪਹੁੰਚਾਇਆ ਗਿਆ ਕਿ ਪਤਾ ਨਾ ਲੱਗ ਸਕੇ ਡੋਲਾ ਕਿਸ ਖੱਸ ਖੜਿਆ ਹੈ। ਪਹਿਲੇ ਇਹ ਸਖਤ ਰੰਜ ਵਿਚ ਰਹੀ, ਅਤੇ ਮਹੀਨਿਆਂ ਤੱਕ ਨਵਾਬ ਦੇ ਮੱਥੇ ਨਾ ਲਗੀ ਤੇ ਧਰਮ ਬਚਾਉਣ ਦਾ ਜ਼ੋਰ ਲਾਉਂਦੀ ਰਹੀ, ਪਰ ਅੰਤ ਇਸ ਦਾ ਧਰਮ ਕਈ ਤਰੱਦਦਾਂ ਦੇ ਅੱਗੇ ਨਾ ਬਚਿਆ। ਹਠ ਨੇ ਹਾਰ ਦਿੱਤੀ ਤੇ ਬੇਗ਼ਮ ਬਣ ਗਈ। ਐਸ਼੍ਵਰਜ਼ ਪਾਕੇ ਵਿਪਦਾ ਨੂੰ ਭੁੱਲੀ ਤਾਂ ਸਹੀ ਪਰ ਉਹ ਅਸੀਪੁਰ ਦੀ ਦੈਵੀ ਹਵਾ ਦਾ ਇੱਕ

ਰੁਮਕਾ ਕਦੇ ਕਦੇ ਯਾਦ ਆਉਂਦਾ ਤਾਂ ਉਹ ਬਾਲਪੁਨੇ ਦਾ ਧਰਮੀ ਅਸਰ ਬਿਹਬਲ ਕਰ ਦਿੰਦਾ। ਇਸ ਯਾਦ ਦਾ ਸ਼ੁਭ ਫਲ ਬੀ ਕਈ ਵੇਰ ਨਿਕਲਦਾ ਕਿ ਸਿੱਖਾਂ ਨੂੰ ਕਈ ਮਦਦਾਂ ਇਸ ਤੋਂ ਗੁਪਤ ਪੁੱਜ ਜਾਂਦੀਆਂ, ਪਰੰਤੂ ਤਦ ਵੀ ਆਪਣੀ ਸੁੰਦਰਤਾ ਅਰ ਗੁਣਾਂ ਦੀ ਕਦਰਦਾਨੀ ਵਿਚ ਭੁੱਲ ਦਾ ਨਸ਼ਾ ਅਕਸਰ ਚੜ੍ਹਿਆ ਰਹਿੰਦਾ ਅਰ ਬੇਗ਼ਮ ਬਹੁਤਾ ਵਕਤ ਭੁੱਲ ਕੇ ਆਸਰੇ ਸੁਖ ਵਿਚ ਹੀ ਬਿਤਾਉਂਦੀ। ਜਦ ਗੰਗੂ ਬ੍ਰਾਹਮਣ ਨੇ ਛੋਟੇ ਸਾਹਿਬਜ਼ਾਦੇ ਫੜਵਾਏ ਤੇ ਨਵਾਬ ਦੇ ਦਰਬਾਰ ਵਿਚ ਕਤਲ ਦੇ ਮਤੇ ਪਕੀਜੇ, ਤਦ ਘਰ ਘਰ ਹਾਹਾਕਾਰ ਮਚੀ। ਉਸ ਹਾਹਾਕਾਰ ਦੀ ਸੁੰਧਨ ਮਹਿਲਾਂ ਵਿਚ ਵੀ ਪਹੁੰਚੀ ਅਰ ਜ਼ੈਨਾ ਦੇ ਕੰਨੀ ਬੀ ਪਈ। ਜ਼ੈਨਾ ਨੇ ਅਸਲ ਹਾਲ ਪੁੱਛ ਮੰਗਵਾਏ। ਪੁਰਾਣੇ ਸਮੇਂ ਅੱਖਾਂ ਅੱਗੇ ਆ ਗਏ, ਨਾਲ ਸਿੱਖਾਂ ਦੇ ਬਲ ਤੇਜ ਦਾ ਡਰਬੀ ਛਾ ਗਿਆ, ਤੇ ਸਿੱਖਾਂ ਦੇ ਹੱਥੋਂ ਆਪਣੇ ਰਾਜ ਭਾਗ ਨਿਸ਼ਚਿਤ ਤਬਾਹ ਹੋ ਜਾਣ ਦਾ ਸਹਿਮ ਛਾ ਗਿਆ। ਇਨ੍ਹਾਂ ਡਰਾਂ ਨਾਲ ਬਿਲਕੁਲ ਹੋ ਗਈ ਤੇ ਕਈ ਵੈਰ ਨੈਣ ਭਰ ਭਰ ਡੁੱਲਣ ਲਗ ਪਏ।"[4]

ਇਸ ਪ੍ਰਸੰਗ ਵਿਚ ਜ਼ੈਨਾ ਉਹ ਇਤਿਹਾਸਕ ਪਾਤਰ ਹੈ ਜਿਸ ਨੇ ਮਲੇਰਕੋਟਲੇ ਦੇ ਨਵਾਬ ਵਾਂਗੂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਤੇ ਹਾਅ ਦਾ ਨਾਅਰਾ ਮਾਰਿਆ। ਉਸਨੇ ਛੋਟੇ ਬੱਚਿਆਂ ਦੀ ਸ਼ਹਾਦਤ ਦੇ ਦਰਦ ਨੂੰ ਨਾ ਸਹਾਰਦੇ ਹੋਏ ਆਪਣੇ-ਆਪ ਨੂੰ ਖ਼ਤਮ ਕਰ ਲਿਆ।

ਇਨ੍ਹਾਂ ਦੋਨਾਂ ਨਾਟਕਾਂ ਦੇ ਅਧਿਐਨ ਉਪਰੰਤ ਭਾਈ ਵੀਰ ਸਿੰਘ ਦੀ ਨਾਟਕਕਾਰੀ ਬਾਰੇ ਨਿਮਨ ਨੁਕਤੇ ਸਥਾਪਤ ਹੁੰਦੇ ਹਨ।

1. ਭਾਈ ਵੀਰ ਸਿੰਘ ਨੇ 'ਜ਼ੈਨਾ ਦਾ ਵਿਰਲਾਪ' ਨਾਟਕ ਰਾਹੀਂ ਪੰਜਾਬੀ ਨਾਟ ਸਾਹਿਤ ਨੂੰ ਪੰਜਾਬੀ ਨਾਟਕ ਦੇ ਮੁਢਲੇ ਦੌਰ ਵਿਚ ਇਤਿਹਾਸਕ ਨਾਟਕ ਪ੍ਰਦਾਨ ਕੀਤਾ।
2. 'ਜ਼ੈਨਾ ਦਾ ਵਿਰਲਾਪ' ਨਾਟਕ 'ਸਿਰਖੰਡੀ' ਛੰਦ ਵਿਚ ਲਿਖਿਆ ਇਕ ਕਾਵਿ ਨਾਟਕ ਹੈ। ਇਉ ਪੰਜਾਬੀ ਨਾਟਕ ਦੇ ਮੁਢਲੇ ਦੌਰ ਵਿਚ ਹੀ ਇਸ ਨਾਟਕ ਜ਼ਰੀਏ ਪੰਜਾਬੀ ਨਾਟ ਸਾਹਿਤ ਨੂੰ ਕਾਵਿ ਨਾਟਕ ਮਿਲਿਆ।
3. 'ਜ਼ੈਨਾ ਦਾ ਵਿਰਲਾਪ' ਨਾਟਕ ਦੀ ਵਾਰਤਾਲਾਪ ਤੇ ਕਾਰਜ ਕਾਫ਼ੀ ਚੁਸਤ ਹੈ।
4. ਇਸੇ ਤਰ੍ਹਾਂ ਭਾਈ ਵੀਰ ਸਿੰਘ ਦਾ ਨਾਟਕ 'ਜ਼ੈਨਾ ਦਾ ਵਿਰਲਾਪ' ਅਤੇ 'ਰਾਜਾ ਲਖਦਾਤਾ ਸਿੰਘ' ਆਧੁਨਿਕ ਪੰਜਾਬੀ ਨਾਟਕ ਦੀ ਬੁਨਿਆਦ ਵਜੋਂ ਪਰਿਭਾਸ਼ਤ ਹੁੰਦੇ ਹਨ।
5. 'ਜ਼ੈਨਾ ਦਾ ਵਿਰਲਾਪ' ਨਾਟਕ ਪੰਜਾਬੀਆਂ ਅੰਦਰ ਇਤਿਹਾਸਕ ਚੇਤਨਾ ਦੇ ਮਨਸ਼ੇ ਅਧੀਨ ਰਚਿਆ ਗਿਆ ਤੇ ਦੂਜੇ ਪਾਸੇ 'ਰਾਜਾ ਲਖਦਾਤਾ ਸਿੰਘ' ਨਾਟਕ ਵੀਹਵੀਂ ਸਦੀ ਦੇ ਆਰੰਭ ਵਿਚ ਬਸਤੀਵਾਦ ਦੇ ਵਿਰੋਧ ਵਜੋਂ ਚੱਲੀ ਸਮਾਜ ਸੁਧਾਰ ਦੀ ਲਹਿਰ ਦੇ ਮਨਸ਼ੇ ਨਾਲ ਲਿਖਿਆ ਗਿਆ ਜਿਸ ਵਿਚ ਧਾਰਮਿਕ ਚੇਤਨਾ ਵੀ ਉਭਰਦੀ ਹੈ। ਇਸ ਨਾਟਕ ਵਿਚੋਂ ਧਾਰਮਿਕ ਹੀ ਨਹੀਂ ਸਗੋਂ ਸਮਾਜਿਕ, ਵਿਦਿਅਕ, ਵਾਤਾਵਰਣ, ਸਦਾਚਾਰਕ ਚੇਤਨਾ ਵੀ ਮਹਿਸੂਸੀ ਜਾ ਸਕਦੀ ਹੈ।
6. ਇਨ੍ਹਾਂ ਦੋਵਾਂ ਨਾਟਕਾਂ ਵਿਚ ਪਾਰਸੀ ਅਤੇ ਸੰਸਕ੍ਰਿਤ ਨਾਟ-ਪਰੰਪਰਾ ਦੇ ਅੰਸ਼ ਵੇਖੇ ਜਾ ਸਕਦੇ ਹਨ।
7. ਰਾਜਾ ਲਖਦਾਤਾ ਸਿੰਘ ਨਾਟਕ ਵਿਚ ਲੋਕ ਨਾਟ-ਸ਼ੈਲੀ ਦੇ ਅੰਸ਼ ਦ੍ਰਿਸ਼ਟੀਗੋਚਰ ਹੁੰਦੇ ਹਨ।
8. ਭਾਈ ਵੀਰ ਸਿੰਘ ਨੇ ਇਹਨਾਂ ਦੋਨਾਂ ਨਾਟਕਾਂ ਰਾਹੀਂ ਪੰਜਾਬੀ ਨੂੰ ਤੇ ਸਿੱਖਾਂ ਨੂੰ ਮੁਖਾਤਬ ਹੁੰਦਿਆਂ ਉਹਨਾ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਤਹੱਈਆ ਕੀਤਾ ਹੈ।
9. ਭਾਈ ਵੀਰ ਸਿੰਘ 'ਜ਼ੈਨਾ ਦਾ ਵਿਰਲਾਪ' ਨਾਟਕ ਰਾਹੀਂ ਸਪੱਸ਼ਟ ਕਰਦਾ ਹੈ ਕਿ ਪੰਜਾਬ ਵਿਚ ਮੁੱਢ ਤੋਂ ਹਿੰਦੂ, ਸਿੱਖ, ਮੁਸਲਮਾਨ ਦੀ ਆਪਸੀ ਸਾਂਝ ਰਹੀ ਹੈ, ਇਸ ਲਈ ਈਸਾਈ ਧਰਮ ਦੇ ਪ੍ਰਚਾਰ ਤੋਂ ਬਚਣ ਦੀ ਲੋੜ ਹੈ। ਆਪਣੀ ਵਿਰਾਸਤ ਪ੍ਰਤੀ ਚੇਤਨਤਾ ਜ਼ਰੂਰੀ ਹੈ। ਇਉਂ ਇਹ ਨਾਟਕ ਉਸ ਵੇਲੇ ਦੇ ਸਮਾਜ ਲਈ ਵਿਰਾਸਤੀ ਚੇਤਨਾ ਦੇ ਉਦੇਸ਼ ਵਿਚੋਂ ਆਕਾਰ ਗ੍ਰਹਿਣ ਕਰਦਾ ਹੈ।





10. ਇਹਨਾਂ ਨਾਟਕਾਂ ਰਾਹੀਂ ਸਾਨੂੰ ਉਸ ਸਮੇਂ ਦੇ ਭਾਸ਼ਾਈ ਬਣਤਰ ਨਜ਼ਰ ਪੈਂਦੀ ਹੈ।
11. ਭਾਈ ਵੀਰ ਸਿੰਘ ਦੇ ਇਹ ਨਾਟਕ ਬਸਤੀਵਾਦੀ ਦੌਰ ਵਿਚ ਆਤਮ ਪਹਿਚਾਣ ਅਤੇ ਆਪੇ ਦੀ ਤਲਾਸ਼ ਵੱਲ ਅਗਰਸਰ ਹੁੰਦੇ ਹਨ।
12. ਰਾਜਾ ਲਖਦਾਤਾ ਸਿੰਘ ਨਾਟਕ ਬਸਤੀਵਾਦ ਦੇ ਪ੍ਰਭਾਵ ਵਜੋਂ ਆਏ ਸਭਿਆਚਾਰਕ ਬਦਲਾਅ ਅਧੀਨ ਪੰਜਾਬੀਆਂ ਦੇ ਬਦਲਦੇ ਕਿਰਦਾਰ ਦੀ ਗੱਲ ਕਰਦਾ ਹੈ।
13. 1900 ਦੇ ਆਰੰਭ ਵਿਚ ਬਹੁਤੇ ਨਾਟਕ ਅੰਗਰੇਜ਼ੀ ਨਾਟਕਾਂ ਤੋਂ ਅਨੁਵਾਦ ਹੋ ਰਹੇ ਸਨ। ਭਾਈ ਵੀਰ ਸਿੰਘ ਦੇ ਨਾਟਕ ਪੰਜਾਬੀ ਵਿਚ ਮੌਲਿਕ ਨਾਟ ਲੇਖਣ ਵੱਲ ਮੁੱਢਲਾ ਕਦਮ ਹਨ।
14. ਇਹ ਨਾਟਕ ਪੰਜਾਬੀਆਂ ਅਤੇ ਸਿੱਖਾਂ ਨੂੰ ਇਕਜੁਟ ਹੋਣ ਲਈ ਪ੍ਰੇਰਦੇ ਹਨ।

ਇਉਂ ਇਹ ਅਧਿਐਨ ਸਪਸ਼ਟ ਕਰਦਾ ਹੈ ਕਿ ਭਾਈ ਵੀਰ ਸਿੰਘ ਨੇ ਪੰਜਾਬੀ ਨਾਟਕ ਦੇ ਨਿਕਾਸ ਅਤੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ। ਵਿਸ਼ੇ ਪੱਖੋਂ ਹੀ ਨਹੀਂ ਬਲਕਿ ਰੂਪ ਪੱਖੋਂ ਵੀ ਭਾਈ ਵੀਰ ਸਿੰਘ ਦੇ ਮੁਢਲੇ ਯਤਨ ਗੌਲਣਯੋਗ ਹਨ।

0-0-0

**ਹਵਾਲੇ**


1. ਕੁਲਦੀਪ ਸਿੰਘ ਐਮ.ਏ., **ਪੰਜਾਬੀ ਨਾਟਕ ਦੇ ਮੋਢੀ, ਸਾਹਿਤ ਕੇਂਦਰ**, ਅੰਮ੍ਰਿਤਸਰ, 1966, ਪੰਨਾ-35
2. ਉਹੀ, ਪੰਨਾ-10
3. ਸਬਿੰਦਰਜੀਤ ਸਿੰਘ ਸਾਗਰ, ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ' ਦੇ ਸਰੋਕਾਰ', ਡਾ. ਬਿਕਰਮ ਸਿੰਘ ਘੁੰਮਣ ਤੇ ਡਾ. ਸੁਹਿੰਦਰ ਬੀਰ (ਸੰਪਾ.), **ਭਾਈ ਵੀਰ ਸਿੰਘ ਸਾਹਿਤ ਸੰਸਾਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਪੰਨਾ-107
4. **ਭਾਈ ਵੀਰ ਸਿੰਘ ਰਚਨਾਵਲੀ (ਕਲਗੀਧਰ ਚਮਤਕਾਰ)**, ਪ੍ਰਕਾਸ਼ਕ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਜਵੀਂ ਜਿਲਦ, ਪਹਿਲੀ ਵਾਰ 1973, ਪੰਨਾ 681-682



ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
ਮੋਬਾ: 99141-50353

# ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ : ਇਤਿਹਾਸਕ ਤੇ ਕੋਸ਼ ਵਿਗਿਆਨਕ ਸੰਦਰਭ

ਡਾ. ਉਮਾ ਸੇਠੀ

'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੀ ਪਹਿਲੀ ਪ੍ਰਕਾਸ਼ਨਾ 1899 ਈਸਵੀ ਵਿਚ ਹੋਈ ਸੀ। ਇਸ ਕੋਸ਼ ਨੂੰ ਭਾਈ ਵੀਰ ਸਿੰਘ ਦੇ ਨਾਨਾ ਭਾਈ ਹਜਾਰਾ ਸਿੰਘ ਨੇ ਬਣਾਇਆ ਸੀ। ਇਸ ਕੋਸ਼ ਦੀ ਦੂਜੀ ਵੇਰ ਦੀ ਐਡੀਸ਼ਨ ਦੀ ਭੂਮਿਕਾ ਵਿਚ ਪੂਰਨ ਸਿੰਘ ਲਿਖਦਾ ਹੈ ਕਿ ਇਸ ਕੋਸ਼ ਵਿਚ ਰਹਿ ਗਏ ਪਦਾਂ ਦੀ ਸੁਧਾਈ ਅਤੇ ਵਿਸਤ੍ਰਿਤ ਵਿਆਖਿਆ ਲਈ ਇਹ ਕੰਮ ਭਾਈ ਸਾਹਿਬ ਨੂੰ ਸੌਂਪਿਆ ਗਿਆ ਸੀ। ਇਸ ਵੱਡ-ਆਕਾਰੀ ਕਾਰਜ ਨੂੰ 1920 ਵਿਚ ਨਵੇਂ ਸਿਰਿਓਂ ਸ਼ੁਰੂ ਕਰਕੇ 1927 ਵਿਚ ਲਗਭਗ ਸੱਤ ਵਰ੍ਹਿਆਂ ਦੀ ਅਣਥੱਕ ਮਿਹਨਤ ਨਾਲ ਸਿਰੇ ਚਾੜ੍ਹਿਆ ਗਿਆ। ਪਹਿਲੀ ਐਡੀਸ਼ਨ ਦੇ ਕੇਵਲ 480 ਕੁ ਸਫ਼ੇ ਸਨ। ਦੂਜੀ ਐਡੀਸ਼ਨ ਵਿਚ ਇਹ ਪੰਨੇ 1420 ਹੋ ਗਏ ਸਨ। ਇਸ ਕੋਸ਼ ਦੀ ਪੰਜਵੀਂ ਐਡੀਸ਼ਨ ਦੀ ਭੂਮਿਕਾ ਵਿਚ ਬੇਦੀ ਲਾਲ ਸਿੰਘ ਸਾਹਿਤਕਾਰ ਵੀ ਇਸੇ ਮੱਤ ਦਾ ਅਨੁਸਾਰੀ ਹੈ :-

> "ਇਸ ਖੋਜ-ਭਰਪੂਰ ਕੋਸ਼ ਦੀ ਪਹਿਲੀ ਪ੍ਰਕਾਸ਼ਨਾ ਭਾਈ ਹਜਾਰਾ ਸਿੰਘ ਜੀ ਦੀ ਅਣਥੱਕ ਲਗਨ, ਖੋਜ ਤੇ ਗੁਰੂ ਘਰ ਨਾਲ ਅਟੁੱਟ ਪਿਆਰ ਤੇ ਸ਼ਰਧਾ ਸਦਕਾ ਸੱਤ ਸਾਲ ਦੀ ਲਗਾਤਾਰ ਅਟੁੱਟ ਮਿਹਨਤ ਪਿਛੋਂ ਪ੍ਰਕਾਸ਼ਤ ਹੋਈ ਸੀ। ... ਇਹ ਪ੍ਰਕਾਸ਼ਨਾ ਪਹਿਲੀ ਵੇਰ ਫ਼ਰਵਰੀ 1899 ਈਸਵੀ ਨੂੰ ਹੋਈ ਅਤੇ ਇਸ ਕੋਸ਼ ਦੇ ਹੱਥੋਂ-ਹੱਥੀਂ ਵੰਡੇ ਜਾਣ ਕਰਕੇ ਸਾਰੀਆਂ ਕਾਪੀਆਂ ਜਲਦੀ ਹੀ ਸਮਾਪਤ ਹੋ ਗਈਆਂ। ... ਖਾਲਸਾ ਟ੍ਰੈਕਟ ਸੁਸਾਇਟੀ ਦੀ ਇੱਛਾ ਤੇ ਬੇਨਤੀ ਅਨੁਸਾਰ ਆਪ ਜੀ (ਭਾਈ ਵੀਰ ਸਿੰਘ) ਨੇ 1920 ਈਸਵੀ ਤੋਂ ਲੈ ਕੇ 1927 ਈਸਵੀ ਤੱਕ ਦੇ ਸੱਤ ਸਾਲ ਦੇ ਲੰਮੇ ਅਰਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਨੂੰ ਸ਼ਬਦਾਰਥਕ ਕੋਸ਼ਾਂ ਦੀ ਸਫ਼ ਵਿਚ ਸਮਤਾ ਪ੍ਰਾਪਤ ਕਰਨ ਲਈ ਨਵੇਂ ਸਿਰਿਓਂ, ਨਵੀਂ ਤਰਤੀਬ ਦੇ ਅਨੁਸਾਰ ਲਿਖਿਆ, ਖੋਜਿਆ, ਸੁਧਾਰਿਆ ਤੇ ਕਈ ਪੱਖਾਂ ਤੋਂ ਹੋਰ ਵਿਸਤਾਰ ਸਹਿਤ ਵਾਧਾ ਕੀਤਾ ਹੈ। ਇਸ ਕੋਸ਼ ਵਿਚ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਪੰਜਾਬੀ, ਸਿੰਧੀ, ਮਰਹੱਟੀ, ਗੁਜਰਾਤੀ, ਪਸ਼ਤੋ, ਅਰਬੀ, ਫ਼ਾਰਸੀ, ਤੁਰਕੀ, ਡਿੰਗਲਾ, ਡੋਮ, ਲਹਿੰਦੀ, ਮਾਰਵਾੜੀ, ਪੁਰਾਤਨ ਪੰਜਾਬੀ, ਦੇਸ਼ ਭਾਸ਼ਾ, ਦੱਖਣੀ ਭਾਸ਼ਾ, ਬ੍ਰਿਜ ਤੇ ਸਾਧ ਭਾਸ਼ਾ ਤੇ ਨਵੀਨ ਪੰਜਾਬੀ ਭਾਸ਼ਾ ਆਦਿ ਜ਼ਬਾਨਾਂ ਦੇ ਸ਼ਬਦਾਂ ਨੂੰ ਸੰਬੰਧਿਤ ਭਾਸ਼ਾ ਦੇ ਅਰਥਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਆਕਰਣਿਕ ਵਿਧਾਨ ਅਨੁਸਾਰ ਅਰਥਾਂ ਨੂੰ ਸਾ-ਵਿਸਥਾਰ ਵਰਨਣ ਕਰਨ ਵਿਚ ਬੇਮਿਸਾਲ ਮਿਹਨਤ ਤੇ ਖੋਜ ਭਾਈ ਸਾਹਿਬ ਨੇ ਕੀਤੀ ਹੈ..."
>
> (ਕੋਸ਼ ਦੇ ਪੰਨਾ 3 ਦੇ ਹਵਾਲੇ ਨਾਲ)

ਉਪਰੋਕਤ ਵੇਰਵੇ ਇਸ ਕੋਸ਼ ਦੇ ਭਾਈ ਵੀਰ ਸਿੰਘ ਦੁਆਰਾ ਰਚੇ ਜਾਣ ਦਾ ਤਰਕ ਸਿਰਜਣ ਦੇ ਨਾਲ ਨਾਲ ਇਸ ਕੋਸ਼ ਦੀ ਨਿਰਮਾਣਕਾਰੀ ਵਿਚ ਭਾਈ ਵੀਰ ਸਿੰਘ ਦੀ ਮਹੱਤਵਪੂਰਨ ਭੂਮਿਕਾ ਵੱਲ ਵੀ ਸੰਕੇਤ ਕਰਦੇ ਹਨ।

ਭਾਈ ਵੀਰ ਸਿੰਘ ਦੇ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਯੋਗਦਾਨ ਤੋਂ ਪਹਿਲਾਂ ਕੋਸ਼ਕਾਰੀ ਦੇ ਉਸ ਇਤਿਹਾਸਕ ਸੰਦਰਭ ਨੂੰ ਜਾਣਨਾ ਜ਼ਰੂਰੀ ਹੈ ਜਿਸ ਦੇ ਅੰਤਰਗਤ ਭਾਈ ਵੀਰ ਸਿੰਘ ਨੇ ਇਸ ਕੋਸ਼ ਦੀ ਰਚਨਾ ਕੀਤੀ। ਜਿਥੋਂ ਤੱਕ ਪੰਜਾਬੀ ਕੋਸ਼ਕਾਰੀ ਦੇ ਅਰੰਭ ਦਾ ਸੁਆਲ ਹੈ ਇਸ ਦਾ ਮੁੱਢ ਸੋਲਵੀਂ ਸਦੀ ਦੇ ਅੱਧ ਤੋਂ ਮੰਨਿਆ ਜਾਂਦਾ ਹੈ। ਓਦੋਂ ਤੋਂ ਲੈ ਕੇ ਹੁਣ ਤੱਕ ਪੰਜਾਬੀ ਕੋਸ਼ਾਂ ਦੀ ਨਿਰਮਾਣਕਾਰੀ ਦਾ ਕੰਮ ਨਿਰੰਤਰ ਵਿਕਾਸ ਦੀ ਪ੍ਰਕ੍ਰਿਆ ਵਿਚੋਂ ਲੰਘ





ਰਿਹਾ ਹੈ। ਅਰੰਭ ਵਿਚ ਬਣਾਏ ਗਏ ਪੰਜਾਬੀ ਕੋਸ਼ ਸੰਸਕ੍ਰਿਤ ਭਾਸ਼ਾ ਦੇ ਕੋਸ਼ਾਂ ਦੇ ਅਨੁਵਾਦ ਜਾਂ ਉਨ੍ਹਾਂ ਦੇ ਲਿਪੀਅੰਤਰਨ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਇਸ ਤੋਂ ਪਿਛੋਂ ਅਠਾਰਵੀਂ ਸਦੀ ਵਿਚ ਗੁਰਬਾਣੀ ਨਾਲ ਸੰਬੰਧਤ ਕੋਸ਼ਾਂ ਦੀ ਨਿਰਮਾਣਕਾਰੀ ਦਾ ਕੰਮ ਨਿਰੰਤਰ ਪ੍ਰਕ੍ਰਿਆ ਨਾਲ ਚਲਦਾ ਹੈ। ਪੰਜਾਬੀ ਵਿਚ ਮੁਢਲੇ ਕੋਸ਼ ਗੁਰਬਾਣੀ ਦੀ ਔਖੀ ਸ਼ਬਦਾਵਲੀ ਨੂੰ ਸਰਲ ਭਾਸ਼ਾ ਵਿਚ ਸਮਝਣ ਲਈ ਬਣਾਏ ਗਏ। ਇਹ ਕੋਸ਼ ਸਮਭਾਸ਼ੀ ਸਨ। ਅਜਿਹੇ ਕੋਸ਼ਾਂ ਦੀ ਸ਼ਬਦਾਵਲੀ ਦਾ ਬਹੁਤਾ ਹਿੱਸਾ ਗੁਰਮਤਿ ਅਤੇ ਸਿੱਖ ਇਤਿਹਾਸ ਦੀ ਸ਼ਬਦਾਵਲੀ ਨਾਲ ਸੰਬੰਧਤ ਸੀ। ਇਉਂ ਅਰੰਭ ਵਿਚ ਰਚੇ ਗਏ ਇਹ ਕੋਸ਼ ਵਿਸ਼ੇਸ਼ ਪ੍ਰਯੋਜਨ ਦੀ ਪੂਰਤੀ ਹਿੱਤ ਤਿਆਰ ਕੀਤੇ ਜਾਂਦੇ ਸਨ। ਗੁਰਬਾਣੀ ਦੇ ਮਹਾਨ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਜ਼ਰੂਰੀ ਸੀ ਕਿ ਗੁਰੂਆਂ, ਸੰਤਾਂ ਤੇ ਭਗਤਾਂ ਦੁਆਰਾ ਵਰਤੀ ਗਈ ਭਾਸ਼ਾ ਨੂੰ ਸੌਖੀ ਭਾਸ਼ਾ ਵਿਚ ਸਮਝਾਇਆ ਜਾਵੇ। ਇਸੇ ਲੋੜ ਦੀ ਪੂਰਤੀ ਲਈ ਵਿਦਵਾਨਾਂ ਵਲੋਂ ਕੋਸ਼ ਬਣਾਉਣ ਦੇ ਕਾਰਗਰ ਯਤਨ ਅਰੰਭੇ ਗਏ। ਸਿੱਟੇ ਵਜੋਂ ਗੁਰਬਾਣੀ ਨਾਲ ਸੰਬੰਧਤ ਹੱਥ ਲਿਖਤ ਕੋਸ਼ਾਂ ਦਾ ਨਿਰਮਾਣ ਵੱਡੇ ਪੱਧਰ ਉੱਤੇ ਹੋਣ ਲੱਗਾ। ਇਨ੍ਹਾਂ ਕੋਸ਼ਾਂ ਵਿਚ ਕੋਸ਼ੀ ਅੰਦਰਾਜਾਂ ਦਾ ਕ੍ਰਮ ਅੱਖਰਾਂ ਦੀ ਤਰਤੀਬ ਮੁਤਾਬਕ ਨਹੀਂ ਦਿੱਤਾ ਗਿਆ ਸੀ। ਇਨ੍ਹਾਂ ਕੋਸ਼ਾਂ ਦਾ ਮੁੱਖ ਮੰਤਵ ਔਖੇ ਸ਼ਬਦਾਂ ਦੇ ਅਰਥਾਂ ਨੂੰ ਸਰਲ ਭਾਸ਼ਾ ਵਿਚ ਸਮਝਾਉਣਾ ਸੀ। ਅਰਥਾਂ ਦੇ ਵਿਭਿੰਨ ਸੰਦਰਭਾਂ ਬਾਰੇ ਇਨ੍ਹਾਂ ਕੋਸ਼ਾਂ ਵਿਚ ਜ਼ਿਕਰ ਨਹੀਂ ਕੀਤਾ ਗਿਆ। ਸਾਰ ਰੂਪ ਵਿੱਚ ਕੋਸ਼ ਨਿਰਮਾਣਕਾਰੀ ਦੇ ਮੁਢਲੇ ਨਿਯਮਾਂ ਦੀ ਇਨ੍ਹਾਂ ਕੋਸ਼ਾਂ ਵਿਚ ਘਾਟ ਨਜ਼ਰ ਆਉਂਦੀ ਹੈ। ਉਨੀਵੀਂ ਸਦੀ ਦੇ ਅਖ਼ੀਰ 'ਤੇ ਗੁਰਬਾਣੀ ਨਾਲ ਸੰਬੰਧਿਤ ਬਣਾਏ ਗਏ ਕੋਸ਼ਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਗਿਆਨੀ ਹਜ਼ਾਰਾ ਸਿੰਘ ਦਾ ਸ੍ਰੀ ਗੁਰੂ ਗ੍ਰੰਥ ਕੋਸ਼ 1899 ਈ. ਵਿਚ ਪ੍ਰਕਾਸ਼ਿਤ ਹੁੰਦਾ ਹੈ। ਇਸ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਹੋਰ ਕੋਸ਼ ਵੀ ਹੋਂਦ ਵਿਚ ਆਉਂਦੇ ਹਨ। ਇਹ ਕੋਸ਼ ਪਰਿਆਇ ਕੋਸ਼ ਸਨ। ਇਨ੍ਹਾਂ ਵਿਚੋਂ ਰਣ ਸਿੰਘ ਬੇਦੀ ਦਾ **ਪਰਿਆਇ ਕੋਸ਼** 1872, **ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਅਤੇ ਇਸੇ ਤਰ੍ਹਾਂ ਇਸ ਸਮੇਂ ਵਿਚ ਚੰਦਾ ਸਿੰਘ ਦਾ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਿਯਾਇ** 1888 ਆਦਿ ਇਸ ਸਮੇਂ ਵਿਚ ਛਪਣ ਵਾਲੇ ਪ੍ਰਮੁੱਖ ਪਰਿਆਇ ਕੋਸ਼ ਹਨ। ਇਹ ਉਪਰ ਵਰਣਿਤ ਕੋਸ਼ ਭਾਈ ਵੀਰ ਸਿੰਘ ਦੇ **'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼'** ਦੇ ਛਪਣ ਤੋਂ ਪਹਿਲਾਂ ਦੇ ਕੋਸ਼ ਹਨ। ਇਨ੍ਹਾਂ ਪਰਿਆਇ ਸਮਭਾਸ਼ੀ ਕੋਸ਼ਾਂ ਦਾ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵਿਲੱਖਣ ਸਥਾਨ ਹੈ। ਭਾਵੇਂ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਕੋਸ਼ਾਂ ਦੀ ਰਚਨਾ ਲੱਗਭੱਗ ਅਠਾਰਵੀਂ ਸਦੀ ਤੋਂ ਹੋਣੀ ਸ਼ੁਰੂ ਹੋ ਗਈ ਸੀ ਪਰ ਇਨ੍ਹਾਂ ਕੋਸ਼ਾਂ ਵਿਚ ਕੋਸ਼ੀ ਅੰਦਰਾਜਾਂ ਦੀ ਗਿਣਤੀ ਬਹੁਤ ਸੀਮਤ ਸੀ ਅਤੇ ਸੰਕਲਪਕ ਸ਼ਬਦਾਵਲੀ ਦੀ ਵਿਆਖਿਆ ਦਾ ਕੰਮ ਵੀ ਅਧੂਰਾ ਸੀ। ਅਜਿਹੇ ਸ਼ਬਦਾਂ ਨੂੰ ਪਰਿਆਇ ਵਿਧੀ ਰਾਹੀਂ ਸਪਸ਼ਟ ਕਰਨ ਦਾ ਹੀ ਵਧੇਰੇ ਪ੍ਰਚਲਨ ਸੀ। ਭਾਈ ਵੀਰ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਕੋਸ਼' ਦੀ ਪ੍ਰਕਾਸ਼ਨਾ ਨਾਲ ਪੰਜਾਬੀ ਕੋਸ਼ਕਾਰੀ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ ਕਿਉਂਕਿ ਇਸ ਕੋਸ਼ ਵਿਚ ਦਰਜ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਦੀ ਵਿਆਖਿਆ ਵਿਆਪਕ ਪੱਧਰ ਉੱਤੇ ਕੀਤੀ ਗਈ ਹੈ ਅਤੇ ਵਿਆਖਿਆ ਕਰਨ ਵੇਲੇ ਗੁਰੂ ਗ੍ਰੰਥ ਸਾਹਿਬ ਦੀਆਂ ਟੂਕਾਂ ਨੂੰ ਆਧਾਰ ਬਣਾਇਆ ਗਿਆ ਹੈ।

ਕੋਸ਼ ਦਾ ਬੁਨਿਆਦੀ ਕੰਮ ਸ਼ਬਦਾਂ ਦੇ ਅਰਥ ਪ੍ਰਦਾਨ ਕਰਨਾ ਹੁੰਦਾ ਹੈ। ਸਮਭਾਸ਼ੀ ਕੋਸ਼ਾਂ ਦੇ ਪ੍ਰਯੋਗਕਰਤਾ ਵਲੋਂ ਕੋਸ਼ ਦੀ ਵਰਤੋਂ ਕਿਸੇ ਸ਼ਬਦ ਦੇ ਸਹੀ ਸ਼ਬਦ ਜੋੜ ਜਾਣਨ ਜਾਂ ਉਸ ਦੇ ਵਿਆਕਰਣਕ ਪੱਖ ਬਾਰੇ ਜਾਣਨ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਵਿਸ਼ੇਸ਼ ਤੌਰ 'ਤੇ ਸ਼ਬਦ ਦੇ ਅਰਥ, ਅਰਥ ਦੀਆਂ ਵਿਭਿੰਨ ਪਰਤਾਂ ਤੇ ਉਨ੍ਹਾਂ ਦੀ ਸਹੀ ਸੰਦਰਭ ਵਿਚ ਕੀਤੀ ਜਾਂਦੀ ਵਰਤੋਂ ਨੂੰ ਜਾਣਨ ਲਈ ਵੀ ਕੀਤੀ ਜਾਂਦੀ ਹੈ। ਇਸ ਲਈ ਕੋਸ਼ ਨਿਰਮਾਣ ਵੇਲੇ ਕੋਸ਼ਕਾਰ ਨੂੰ ਇਹ ਗੱਲ ਨਿਸ਼ਚਿਤ ਤੌਰ 'ਤੇ ਯਕੀਨੀ ਬਣਾਉਣੀ ਪੈਂਦੀ ਹੈ ਕਿ ਸ਼ਬਦਾਂ ਦੇ ਦਿੱਤੇ ਗਏ ਅਰਥ ਪ੍ਰਯੋਗਕਰਤਿਆਂ ਦੀ ਲੋੜ ਨੂੰ ਪੂਰਾ ਕਰਨ ਵਾਲੇ ਹੋਣ। ਅਰਥਾਂ ਦੇ ਸਪਸ਼ਟੀਕਰਨ ਲਈ ਕੋਸ਼ਕਾਰ ਵਲੋਂ ਵੱਖ ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜ਼ਿਆਦਾਤਰ ਕੋਸ਼ਕਾਰ ਪਰਿਆਇ ਵਿਧੀ ਦੀ ਵਰਤੋਂ ਕਰਦੇ ਹਨ। ਕੁਝ ਕੋਸ਼ਕਾਰ ਨਿਰੁਕਤੀ ਰਾਹੀਂ ਅਰਥ ਸਮਝਾਉਣ ਦੀ ਵਿਧੀ ਦਾ ਪ੍ਰਯੋਗ ਕਰਦੇ ਹਨ। ਇਹ ਵਿਧੀ ਮੁਕਾਬਲਤਨ ਵਧੇਰੇ ਪ੍ਰਮਾਣਕ ਮੰਨੀ ਗਈ ਹੈ। ਸ਼ਬਦਾਂ ਨੂੰ ਵਿਆਖਿਆ ਦੀ

ਵਿਧੀ ਰਾਹੀਂ ਸਮਝਾਉਣ ਦੀ ਵਿਧੀ ਵੀ ਤਾਰਕਿਕ ਮੰਨੀ ਗਈ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਕੋਸ਼ੀ ਇਕਾਈਆਂ ਦੇ ਅਰਥ ਦੇਣ ਦਾ ਵੇਰਵਾ ਵਿਆਖਿਆਮਈ ਵਿਧੀ ਵਾਲਾ ਹੈ। ਹਰੇਕ ਕੋਸ਼ੀ ਅੰਦਰਾਜ (Entry) ਦੀ ਵਿਆਕਰਣਕ ਕੋਟੀ ਦਾ ਵੇਰਵਾ ਪੂਰੇ ਵਿਸਤਾਰ ਨਾਲ ਦਿੱਤਾ ਗਿਆ ਹੈ। ਕੋਸ਼ ਦੇ ਮੁੱਢ ਵਿਚ ਦਿੱਤੀ ਗਈ ਵਿਸਤ੍ਰਿਤ ਜਾਣਕਾਰੀ **ਪਦ ਲੱਭਣ ਦਾ ਵੱਲ'** ਸਿਰਲੇਖ ਹੇਠ ਦਰਜ ਹੈ ਜਿਹੜੀ ਪਾਠਕ ਨੂੰ ਕੋਸ਼ੀ ਅੰਦਰਾਜ ਨਾਲ ਦਿੱਤੇ ਗਏ ਸੰਖੇਪ ਚਿੰਨ੍ਹਾਂ ਤੋਂ ਜਾਣੂੰ ਕਰਵਾਉਣ ਵਿਚ ਮਦਦਗਾਰ ਸਿੱਧ ਹੁੰਦੀ ਹੈ। ਕੋਸ਼ ਵਿਚ ਹਰੇਕ ਸ਼ਬਦ ਦਾ ਵਿਆਕਰਣਕ ਰੂਪ ਦੇਣ ਤੋਂ ਬਾਅਦ ਸ਼ਬਦ ਦੀ ਵਿਉਂਤਪਤੀ ਦਿੱਤੀ ਗਈ ਹੈ। ਸ਼ਬਦ ਦੇ ਅਰਥ ਦੇਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਸੰਗਕ ਹਵਾਲਾ ਦਿੱਤਾ ਗਿਆ ਹੈ ਜਿਹੜਾ ਅਰਥਾਂ ਦੀ ਪ੍ਰਮਾਣਕਤਾ ਨੂੰ ਪ੍ਰਸੰਗਕ ਦਰਸਾਉਣ ਦੇ ਨਾਲ ਨਾਲ ਸਰਲਤਾ ਨਾਲ ਅਤੇ ਸਹੀ ਸੰਦਰਭ ਵਿਚ ਸਮਝਣ ਵਿਚ ਸਹਾਈ ਸਿੱਧ ਹੁੰਦਾ ਹੈ। ਵਿਆਕਰਣ ਅਤੇ ਅਰਥਾਂ ਪਖੋਂ ਭਿੰਨਤਾ ਪਰ ਉਚਾਰਨ ਦੀ ਪੱਧਰ 'ਤੇ ਸਮਾਨਤਾ ਰੱਖਣ ਵਾਲੇ ਸ਼ਬਦਾਂ ਨੂੰ ਇਸ ਕੋਸ਼ ਵਿਚ ਭਾਵੇਂ ਇਕੋ ਕੋਸ਼ੀ ਅੰਦਰਾਜ ਦੇ ਥੱਲੇ ਰੱਖਿਆ ਗਿਆ ਹੈ ਪਰ ਅਰਥਾਂ ਦੀ ਪੱਧਰ 'ਤੇ ਉਪਜਦੀ ਵੱਖਰਤਾ ਨੂੰ ਦਰਸਾਉਣ ਲਈ ਪੂਰੇ ਕੋਸ਼ ਵਿਚ ਬਕਾਇਦਗੀ ਨਾਲ ਇਕ ਤਕਨੀਕ ਦੀ ਵਰਤੋਂ ਕੀਤੀ ਗਈ ਹੈ ਤਾਂ ਜੋ ਪਾਠਕ ਕਿਸੇ ਭੁਲੇਖੇ ਦਾ ਸ਼ਿਕਾਰ ਨਾ ਹੋਣ। ਅਜਿਹੇ ਸਮਨਾਮੀ/ਸਮਰੂਪੀ ਸ਼ਬਦਾਂ ਦੇ ਅਰਥ ਨਿਖੇੜੇ ਲਈ ਇਕ (1) ਅਤੇ ਦੋ (2) ਕ੍ਰਮਕ ਅੰਕਾਂ ਦਾ ਪ੍ਰਯੋਗ ਕਰਕੇ ਇਸ ਨਿਖੇੜੇ ਨੂੰ ਦਰਸਾਇਆ ਗਿਆ ਹੈ।

ਮਿਸਾਲ ਵਜੋਂ ਕੋਸ਼ ਦੇ ਪੰਨਾ 142 'ਤੇ **'ਹਾਰਾ'** ਸ਼ਬਦ ਨੂੰ ਦੇਖਿਆ ਜਾ ਸਕਦਾ ਹੈ। **'ਹਾਰਾ'** ਸ਼ਬਦ ਨੂੰ ਦੋ ਪ੍ਰਸੰਗਾਂ ਵਿਚ ਵਰਤਿਆ ਜਾਂਦਾ ਹੈ। ਇਕ ਦੇ ਅਰਥ 'ਵਾਲਾ' ਦੇ ਹਨ ਅਤੇ ਦੂਜੇ **'ਹਾਰਾ'** ਦੇ ਅਰਥ 'ਹਾਰਨਾ' ਤੋਂ ਹਨ। ਕੋਸ਼ ਵਿਚੋਂ ਹਾਰਾ ਦੇ ਅਰਥ 'ਵਾਲਾ' ਜਾਂ 'ਹਾਰਨਾ' ਦੇਖਣ ਨਾਲ ਕੋਸ਼ ਦੇ ਪ੍ਰਯੋਗਕਰਤਾ ਦੀ ਲੋੜ ਪੂਰੀ ਨਹੀਂ ਹੁੰਦੀ। ਭਾਈ ਵੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਸੰਗਕ ਹਵਾਲੇ ਦੇ ਕੇ ਅਰਥਾਂ ਦਾ ਸਪਸ਼ਟੀਕਰਨ ਕੀਤਾ ਹੈ।

**ਹਾਰਾ** [ਅ:/**ਪੰਜਾਬੀ**]
1. **ਵਾਲਾ- 'ਸਦਣਹਾਰਾ ਸਿਮਰੀਐ' (12), ਸਦਣ ਵਾਲੇ (ਵਾਹਿਗੁਰੂ) ਨੂੰ ਯਾਦ ਕਰੀਏ।**
2. [**ਕ੍ਰਿ:/ਪੰਜਾਬੀ, ਹਾਰਨਾ ਤੋਂ**] **ਥਕ ਗਿਆ। ਯਥਾ 'ਕਰਤਾ ਪਾਪ ਅਬ ਹਾਰਾ (703)'**

ਕੋਸ਼ ਵਿਚ ਸਮਨਾਮੀ ਸ਼ਬਦਾਂ ਦੇ ਅਰਥ ਦੇਣ ਦੀ ਇਹੋ ਵਿਧੀ ਪੂਰੇ ਕੋਸ਼ ਵਿਚ ਵਰਤੀ ਗਈ ਹੈ। ਯਾਨਿ ਅਰਥਾਂ ਦੀ ਪੱਧਰ 'ਤੇ ਉਪਜਦੇ ਅੰਤਰ ਨੂੰ ਦਰਸਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਸੰਗਕ ਹਵਾਲੇ ਦਿੱਤੇ ਗਏ ਹਨ ਤਾਂ ਜੋ ਕੋਸ਼ ਦਾ ਪ੍ਰਯੋਗਕਰਤਾ ਠੀਕ ਪ੍ਰਸੰਗ ਵਿਚ ਉਸ ਦੀ ਵਰਤੋਂ ਕਰ ਸਕੇ। ਅਰਥਾਂ ਦੀ ਪ੍ਰਮਾਣਕਤਾ ਨੂੰ ਵਧੇਰੇ ਯਕੀਨੀ ਬਣਾਉਣ ਲਈ ਵੀ ਇਸ ਕੋਸ਼ ਦੀ ਵੱਖਰਤਾ ਦਿਖਾਈ ਦੇਂਦੀ ਹੈ। ਪੰਨਾ 192 'ਤੇ ਖੀਚਰੀ[1] ਸ਼ਬਦ ਨੂੰ ਦੇਖਿਆ ਜਾ ਸਕਦਾ ਹੈ।

**ਖੀਚਰੀ**[1] [**ਸੰ:/ਸੰਸਕ੍ਰਿਤ, ਕ੍ਰਿਸਰ/ਪ੍ਰਾਕ੍ਰਿਤ, ਕਿਸਰੀ/ਪੰਜਾਬੀ, ਖਿਚੜੀ/ ਦੇਸ਼ ਭਾਸ਼ਾ, ਖੀਚਰੀ**] **ਦਾਲ ਤੇ ਚਾਵਲ ਰਲਾ ਦੇ ਰਿੱਧੇ ਹੋਏ। ਯਥਾ-ਕਬੀਰ ਖੂਬੁ ਖਾਨਾ ਖੀਚਰੀ ਜਾਂ ਮਹਿ ਅੰਮ੍ਰਿਤ ਲੋਨੁ (1374)**

ਇਸ ਪੰਨੇ ਦੇ ਇਸੇ ਕਾਲਮ ਦੇ ਥੱਲੇ ਅਖੀਰ 'ਤੇ ਖੀਚਰੀ ਦੇ ਅਰਥਾਂ ਨੂੰ ਹੋਰ ਵਧੇਰੇ ਸਰਲ ਤੇ ਤਾਰਕਿਕ ਢੰਗ ਨਾਲ ਦਰਸਾਇਆ ਗਿਆ ਹੈ।





ਸੰਸਕ੍ਰਿਤ ਵਿਚ ਚੌਲ ਦਾਲ ਰਲਾ ਕੇ ਰਿੱਧੇ ਜਾਂ ਤਿਲ ਤੇ ਕਈ ਅਨਾਜ ਰਲਾ ਕੇ ਰਿੱਧੇ ਹੋਏ ਕ੍ਰਿਸਰ ਕਹੀਦੇ ਹਨ।

ਉਪਰੋਕਤ ਕੋਸ਼ੀ ਅੰਦਰਾਜ ਤੋਂ ਖੀਚਰੀ ਦੇ ਵਿਆਕਰਣਕ ਰੂਪ ਬਾਰੇ ਜਾਣਕਾਰੀ ਮਿਲਣ ਦੇ ਨਾਲ ਨਾਲ, ਵੱਖ ਵੱਖ ਪੜਾਵਾਂ 'ਚੋਂ ਲੰਘਦੇ ਇਸ ਸ਼ਬਦ ਦੇ ਬਦਲਦੇ ਰੂਪ ਬਾਰੇ ਵੀ ਗਿਆਨ ਹਾਸਿਲ ਹੁੰਦਾ ਹੈ ਅਤੇ ਅਰਥਾਂ ਦੀ ਸਪਸ਼ਟਤਾ ਬਾਰੇ ਵੀ ਕੋਈ ਸ਼ੰਕਾ ਨਹੀਂ ਰਹਿੰਦੀ।

ਸ਼ਬਦ ਜੋੜ ਅਤੇ ਉਚਾਰਨ ਪੱਖੋਂ ਸਮਰੂਪਤਾ ਪਰ ਵਿਉਂਤਪਤੀ ਅਤੇ ਅਰਥਾਂ ਪੱਖੋਂ ਭਿੰਨਤਾ ਰੱਖਣ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਇੱਕ (1) ਅਤੇ ਦੋ (2) ਦੇ ਕ੍ਰਮਕ ਅੰਕਾਂ ਰਾਹੀਂ ਨਿਖੇੜਿਆ ਗਿਆ ਹੈ। ਅਰਥਾਂ ਦੇ ਵਖਰੇਵੇਂ ਨੂੰ ਸੈਮੀਕੋਲਨ (;) ਰਾਹੀਂ ਨਾ ਵੱਖਰਿਆ ਕੇ ਬਕਾਇਦਾ ਵਿਆਕਰਣਕ ਪੱਧਰ ਦੀ ਭਿੰਨਤਾ ਅਤੇ ਵਿਉਂਤਪਤੀ ਦੇ ਵਖਰੇਵੇਂ ਨੂੰ ਦਰਸਾਇਆ ਗਿਆ ਹੈ ਤੇ ਅਰਥਾਂ ਨੂੰ ਪ੍ਰਸੰਗਕ ਹਵਾਲੇ ਰਾਹੀਂ ਸਪਸ਼ਟ ਕੀਤਾ ਗਿਆ ਹੈ। ਪੂਰੇ ਕੋਸ਼ ਵਿਚ ਇਸੇ ਵਿਧੀ ਦੀ ਵਰਤੋਂ ਕੀਤੀ ਗਈ ਹੈ।

ਕੋਸ਼ ਦੇ ਪੰਨਾ 465 'ਤੇ 'ਬੀਣਾ' ਕੋਸ਼ੀ ਅੰਦਰਾਜ ਨੂੰ ਦੇਖਿਆ ਜਾ ਸਕਦਾ ਹੈ। ਬੀਣਾ ਦਾ ਇਕ ਅਰਥ ਬੀਣ ਅਰਥਾਤ 'ਵਾਜਾ' ਹੈ ਅਤੇ ਦੂਜਾ ਅਰਥ 'ਡਿੱਠਾ' ਅਰਥਾਤ 'ਦੇਖਣ' ਦੇ ਭਾਵ ਨਾਲ ਸੰਬੰਧਿਤ ਹੈ। ਪਹਿਲੇ ਦਾ ਵਿਆਕਰਣਕ ਰੂਪ ਸੰਗਿਆ ਅਤੇ ਵਿਉਂਤਪਤੀ ਸੰਸਕ੍ਰਿਤ ਹੈ। ਦੂਜੇ ਦਾ ਵਿਆਕਰਣਕ ਰੂਪ ਕਿਰਿਆ ਅਤੇ ਵਿਉਂਤਪਤੀ ਫ਼ਾਰਸੀ ਜ਼ਬਾਨ ਹੈ। ਪੂਰਾ ਹਵਾਲਾ ਨਿਮਨਲਿਖਿਤ ਹੈ।

**ਬੀਣਾ**[1] [**ਸੰ:/ਸੰਸਕ੍ਰਿਤ, ਵੀਣਾ**]
1. **ਬੀਣ, ਵਾਜਾ/ਯਥਾ- 'ਬੀਣਾ ਸ਼ਬਦੁ ਵਜਾਵੈ ਜੋਗੀ' (351), ਸ਼ਬਦ ਰੂਪ ਬੀਣ ਨੂੰ ਵਜਾਵੈ** [**ਕ੍ਰਿ:/ਫ਼ਾਰਸੀ, ਬੀਨਾਈ=ਨਜ਼ਰ, ਇਸ ਤੋਂ ਪੰਜਾਬੀ, ਬੀਣਾ =ਡਿੱਠਾ ਹੈ, ਦੇਖਿਆ ਹੈ**] **ਯਥਾ- 'ਅਪਰੰਪਰੁ ਬੀਣਾ' (1407)**

ਉਪਰੋਕਤ ਦਿਤਾ ਗਿਆ ਵੇਰਵਾ ਮਾਨਕ (Standard) ਕੋਸ਼ ਦੇ ਮਾਪਦੰਡ 'ਤੇ ਪੂਰਾ ਉਤਰਨ ਵਾਲਾ ਹੈ। ਸ਼ਬਦ ਦੇ ਵਿਆਕਰਣਕ ਰੂਪ, ਵਿਉਂਤਪਤੀ, ਅਰਥਾਂ ਦੀ ਸਪਸ਼ਟਤਾ, ਵਰਤੋਂ ਦਾ ਪ੍ਰਸੰਗ ਤੇ ਮਿਸਾਲ ਵਜੋਂ ਦਿੱਤੇ ਗਏ ਹਵਾਲੇ ਦਾ ਪੰਨਾ ਨੰਬਰ, ਇਕੋ ਅੰਦਰਾਜ ਤੋਂ ਮਿਲਦੀ ਲੋੜੀਂਦੀ ਜਾਣਕਾਰੀ ਕੋਸ਼ ਦੇ ਪ੍ਰਯੋਗਕਰਤਾ ਦੀ ਲੋੜ ਨੂੰ ਪੂਰਾ ਕਰਨ ਵਾਲੀ ਹੈ। ਅਰਥਾਂ ਦੀ ਪੱਧਰ 'ਤੇ ਵੱਖਰਤਾ ਦੇ ਭਾਵ ਰੱਖਣ ਵਾਲਾ ਅੰਦਰਾਜ ਦਾ ਦੂਜਾ ਹਿੱਸਾ ਮੁੜ ਉਸੇ ਵੇਰਵੇ ਨੂੰ ਤਾਰਕਿਕ ਵਿਧੀ ਨਾਲ ਸਪਸ਼ਟ ਕਰਦਾ ਹੈ। ਜਿਥੇ ਬੀਣਾ ਦਾ ਅਰਥ 'ਦੇਖਣਾ' ਹੈ ਅਤੇ ਵਿਉਂਤਪਤੀ ਫ਼ਾਰਸੀ ਹੈ। ਬੀਨਾਈ ਦਾ ਅਰਥ ਨਜ਼ਰ ਹੈ। ਉਪਰੋਕਤ ਵੇਰਵੇ ਦੇ ਪ੍ਰਸੰਗ ਵਿਚ ਮਹੱਤਵਪੂਰਨ ਨੁਕਤਾ ਇਹ ਹੈ ਕਿ ਜਦੋਂ ਇਸ ਕੋਸ਼ ਦੀ ਰਚਨਾ ਹੋਈ ਸੀ ਓਦੋਂ ਸਾਡੇ ਕੋਲ ਕੋਸ਼ ਨਿਰਮਾਣ ਦੇ ਸਿਧਾਂਤਾਂ ਦਾ ਕੋਈ ਪੈਟਰਨ ਮੌਜੂਦ ਨਹੀਂ ਸੀ। ਕੋਸ਼ ਵਿਗਿਆਨ ਦੇ ਸਿਧਾਂਤਾਂ ਸੰਬੰਧੀ ਪੁਸਤਕ 1971 ਵਿਚ Mannual of Lexicography ਹੋਂਦ ਵਿਚ ਆਉਂਦੀ ਹੈ। ਕੋਸ਼ ਨਿਰਮਾਣਕਾਰੀ ਦੇ ਸਿਧਾਂਤਾਂ ਦੀ ਅਣਹੋਂਦ ਵਿਚ ਵੀ ਇਸ ਕੋਸ਼ ਨੂੰ ਬਣਾਉਣ ਸੰਬੰਧੀ ਬਕਾਇਦਾ ਇਕ ਤਰਤੀਬ ਤੇ ਨੇਮਾਂ ਦਾ ਵਿਧਾਨ ਹੈ ਜਿਸ ਨੂੰ ਇਸ ਕੋਸ਼ ਵਿਚ ਬੜਾ ਬਕਾਇਦਗੀ ਨਾਲ ਨਿਭਾਇਆ ਗਿਆ ਹੈ। ਕਿਸੇ ਵੀ ਕੋਸ਼ੀ ਇਕਾਈ ਬਾਰੇ ਅਰਥ ਦੇਣ ਦਾ ਪੈਟਰਨ ਇਕਸਾਰਤਾ ਤੇ ਤਰਕ ਵਾਲਾ ਹੈ।

ਕੋਸ਼ ਦਾ ਮੁੱਖ ਮਨੋਰਥ ਸ਼ਬਦਾਂ ਦੇ ਅਰਥ ਸਪਸ਼ਟ ਕਰਨਾ ਤੇ ਉਨ੍ਹਾਂ ਦੀ ਢੁਕਵੇਂ ਪ੍ਰਸੰਗ ਵਿਚ ਵਰਤੋਂ ਕਰਨੀ ਸਿਖਾਉਣਾ ਹੁੰਦਾ ਹੈ। ਜੇਕਰ ਦਿਤੇ ਗਏ ਅਰਥ ਕੋਸ਼ ਦੇ ਪਾਠਕ ਦੀ ਲੋੜ ਨੂੰ ਪੂਰਿਆਂ ਨਹੀਂ ਕਰਦੇ ਤਾਂ ਇਸ ਦਾ ਇਹੋ ਅਰਥ ਹੁੰਦਾ ਹੈ ਕਿ ਕੋਸ਼ਕਾਰ ਆਪਣੇ ਮੰਤਵ ਤੋਂ ਖੁੰਝ ਰਿਹਾ ਹੈ। ਇਸ ਕੋਸ਼ ਵਿਚ ਵੱਡੀ ਪੱਧਰ 'ਤੇ ਸੰਕਲਪਕ

ਸ਼ਬਦਾਵਲੀ ਵਾਲੇ ਅੰਦਰਾਜ ਲਏ ਗਏ ਹਨ। ਅਜਿਹੇ ਸ਼ਬਦਾਂ ਨੂੰ ਸਪਸ਼ਟ ਕਰਨ ਲਈ ਪਹਿਲਾਂ ਉਨ੍ਹਾਂ ਦੇ ਸ਼ਾਬਦਿਕ ਪ੍ਰਸੰਗ ਤੋਂ ਪਾਠਕ ਨੂੰ ਜਾਣੂੰ ਕਰਵਾਇਆ ਗਿਆ ਹੈ ਫੇਰ ਉਸ ਦੇ ਲਾਖਣਿਕ ਸੰਦਰਭ ਨੂੰ ਦ੍ਰਿਸ਼ਟਾਂਤੀ ਮਿਸਾਲਾਂ ਸਹਿਤ ਸਪਸ਼ਟ ਕੀਤਾ ਗਿਆ ਹੈ। 'ਮੁੰਦਾਵਣੀ' ਪਦ ਦੀ ਵਿਆਖਿਆ ਤੋਂ ਇਹ ਤਰਕ ਸਪਸ਼ਟ ਹੁੰਦਾ ਹੈ। ਮੁੰਦਾਵਣੀ ਦੇ ਅਰਥਾਂ ਨੂੰ ਪਹਿਲਾਂ ਸ਼ਾਬਦਿਕ ਅਰਥਾਂ ਦੇ ਪ੍ਰਸੰਗ ਵਿਚ ਸਪਸ਼ਟ ਕੀਤਾ ਗਿਆ ਹੈ ਅਰਥਾਤ ਅਜਿਹੀ ਰਚਨਾ ਜਿਸ ਦੇ ਪ੍ਰਗਟ ਅਰਥਾਂ ਦੇ ਇਲਾਵਾ ਹੋਰ ਅਰਥ ਵੀ ਹੋਣ। ਫ਼ੇਰ ਭਾਈ ਵੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਮੁੰਦਾਵਣੀ ਦੇ ਵਿਸਤ੍ਰਿਤ ਪਰਿਪੇਖ ਨੂੰ ਉਲੀਕਿਆ ਹੈ। ਅਰਥਾਤ ਮੁੰਦਾਵਣੀ ਤੋਂ ਭਾਵ ਬੁਝਾਰਤ ਜਾਂ ਅੜਾਉਣੀ ਤੋਂ ਹੈ। ਮੁੰਦਾਵਣੀ ਦੇ ਸਲੋਕ ਮਹਲਾ (3) ਨੂੰ ਪੜ੍ਹਨ ਤੋਂ ਬਾਅਦ ਮੁੰਦਾਵਣੀ ਦੇ ਅਰਥ ਸਪਸ਼ਟ ਹੋ ਜਾਂਦੇ ਹਨ। ਕੋਸ਼ ਦੇ ਪੰਨਾ 541 'ਤੇ ਇਸ ਹਵਾਲੇ ਨੂੰ ਦੇਖਿਆ ਜਾ ਸਕਦਾ ਹੈ।

**'ਥਾਲੈ ਵਿਚ' ਤੈ ਵਸਤੂ ਪਈਓ ਹਰਿ ਭੋਜਨ ਅੰਮ੍ਰਿਤ ਸਾਰ॥**

—————————————————

**ਨਾਨਕ ਜਿਸ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ**

ਇਸ ਸਲੋਕ ਦੇ ਅਰਥ ਕਰਦਿਆਂ ਸਪਸ਼ਟ ਕੀਤਾ ਗਿਆ ਹੈ ਕਿ ਗੁਰਸਿੱਖ ਦੇ ਹਿਰਦੇ ਰੂਪੀ ਥਾਲ ਵਿਚ ਗੁਰੂ ਵਲੋਂ ਤਿੰਨ ਵਸਤਾਂ ਪ੍ਰੋਸੀਆਂ ਗਈਆਂ ਹਨ ਜੋ ਸੰਸਾਰਕ ਭੋਜਨ ਨਹੀਂ ਹਨ ਸਗੋਂ ਹਰਿ ਭੋਜਨ ਹਨ। ਇਸ ਹਰਿ ਦੇ ਭੋਜਨ ਦਾ ਪਤਾ ਗੁਰੂ ਦੇ ਵਿਚਾਰ ਕਰਨ ਉਪਰੰਤ ਹੀ ਪਤਾ ਲਗਦਾ ਹੈ। ਇਹ ਤਿੰਨ ਵਸਤਾਂ ਕਿਹੜੀਆਂ ਹਨ? ਪੂਰੇ ਸਲੋਕ ਵਿਚ ਇਕ ਬੁਝਾਰਤ ਬਣੀ ਹੋਈ ਹੈ। ਮੁੰਦਾਵਣੀ ਦਾ ਦੂਜਾ ਸਲੋਕ ਜੋ ਪੰਜਵੇਂ ਗੁਰੂ ਸਾਹਿਬ ਦਾ ਹੈ ਉਥੇ ਇਹ ਬੁਝਾਰਤ ਖੁਲ੍ਹ ਰਹੀ ਹੈ। ਕੋਸ਼ ਦੇ ਪੰਨਾ 542 'ਤੇ

**ਮੁੰਦਾਵਣੀ ਮਹਲਾ 5॥**
**ਥਾਲ ਵਿਚਿ ਤਿੰਨ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥**
**ਅੰਮ੍ਰਿਤ ਨਾਮ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ**

ਉਪਰਲੇ ਸਲੋਕ ਦੇ ਪ੍ਰਸੰਗ ਵਿਚ ਭਾਈ ਵੀਰ ਸਿੰਘ ਨੇ ਇਸ ਦੀ ਵਿਆਖਿਆ ਕਰਕੇ ਇਸ ਦੀ ਤਾਰਕਿਕਤਾ ਨੂੰ ਸਮਝਾਇਆ ਹੈ ਅਰਥਾਤ ਸਤ, ਸੰਤੋਖ ਅਤੇ ਠਾਕੁਰ ਦੇ ਅੰਮ੍ਰਿਤ ਨਾਮ ਬਾਰੇ ਵਿਚਾਰ ਕਰਨ ਲਈ ਕਿਹਾ ਗਿਆ ਹੈ। 'ਵੀਚਾਰੋ' ਦਾ ਅਰਥ ਭਾਈ ਸਾਹਿਬ ਨੇ ਵਿਚਾਰ ਦੇ ਪ੍ਰਸੰਗ ਵਿਚ ਨਹੀਂ ਕੀਤਾ ਯਾਨਿ ਇਸ ਨੂੰ ਸੰਗਿਆ ਦੇ ਸੰਦਰਭ ਨਾਲ ਨਹੀਂ ਜੋੜਿਆ ਸਗੋਂ ਕਿਰਿਆ ਦੇ ਪ੍ਰਸੰਗ ਵਿਚ ਵਿਚਾਰ ਕੇ ਇਸਨੂੰ ਵਿਚਾਰ ਕਰਨ ਦੇ ਪ੍ਰਸੰਗ ਨਾਲ ਜੋੜਿਆ ਹੈ। ਮੁੰਦਾਵਣੀ ਦੇ ਸਲੋਕ ਮਹਲਾ (3) ਵਿਚ ਮੁਕਤੀ ਦੇ ਦੁਆਰ ਦਾ ਪ੍ਰਸ਼ਨ ਉਠਾਇਆ ਹੈ। ਦੂਜੀ ਮੁੰਦਾਵਣੀ ਵਿਚ ਸਤਿ ਸੰਤੋਖ ਅਤੇ ਨਾਮ ਨਾਲ ਇਹ ਉਧਾਰ ਹੋ ਗਿਆ ਹੈ ਅਰਥਾਤ ਮੁਕਤੀ ਮਿਲ ਗਈ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਈ ਸਾਹਿਬ ਨੇ ਇਕ-ਇਕ ਸ਼ਬਦ ਦੇ ਅਰਥਾਂ ਬਾਰੇ ਵਿਆਪਕ ਸੂਚਨਾ ਦਰਜ ਕੀਤੀ ਹੈ। ਸਤ, ਸੰਤੋਖੁ, ਵੀਚਾਰੋ। 'ਵੀਚਾਰੋ' ਬਾਰੇ ਬੜਾ ਸਪਸ਼ਟ ਨਿਰਦੇਸ਼ ਕੀਤਾ ਹੈ ਕਿ ਸਤ ਅਤੇ ਸੰਤੋਖ ਦੇ ਨਾਲ 'ਵੀਚਾਰੋ' ਸ਼ਬਦ ਨੂੰ ਸੰਗਿਆ ਰੂਪ ਵਿਚ ਪ੍ਰਵਾਨ ਨਹੀਂ ਕਰਨਾ ਸਗੋਂ ਇਸਨੂੰ ਕਿਰਿਆ ਦੇ ਭਾਵ ਦਾ ਸੂਚਕ ਕਿਹਾ ਹੈ ਅਰਥਾਤ ਵਿਚਾਰ ਕਰਨ ਦੀ ਪ੍ਰਕ੍ਰਿਆ ਨਾਲ ਸੰਬੰਧਤ ਦਰਸਾਇਆ ਹੈ। ਇਉਂ ਲੋਕ ਕਾਵਿ ਰੂਪ ਮੁੰਦਾਵਣੀ ਦੇ ਅਰਥਾਂ ਨੂੰ ਅਧਿਆਤਮਕ ਪ੍ਰਸੰਗ ਵਿਚ ਸਮਝਣ ਦੇ ਸਮਰੱਥ ਬਣਾ ਕੇ ਅਰਥਾਂ ਦਾ ਵੱਡਆਕਾਰੀ ਪਰਿਪੇਖ ਉਸਾਰਿਆ ਹੈ।





ਇਸ ਕੋਸ਼ ਵਿਚ ਅਜਿਹੇ ਸ਼ਬਦਾਂ ਦੀ ਗਿਣਤੀ ਵੀ ਵੱਡੀ ਮਾਤਰਾ ਵਿਚ ਹੈ ਜਿਥੇ ਮੁਖ ਅੰਦਰਾਜ ਨਾਲ ਮਿਲਦੇ ਜੁਲਦੇ ਹੋਰ ਸ਼ਬਦਾਂ ਸੰਬੰਧੀ ਵਿਆਪਕ ਜਾਣਕਾਰੀ ਵੀ ਉਪਲਬਧ ਕਰਾਈ ਗਈ ਹੈ। ਅਜਿਹੇ ਸ਼ਬਦਾਂ ਨੂੰ ਕੋਸ਼ਕਾਰ ਨੇ ਉਸੇ ਪੰਨੇ ਦੇ ਥੱਲੇ ਉਸੇ ਕਾਲਮ ਵਿਚ ਫੁੱਟ ਨੋਟ ਦੇ ਤੌਰ 'ਤੇ ਦਰਜ ਕੀਤਾ ਹੈ ਇਉਂ ਕੋਸ਼ ਦਾ ਪਾਠਕ ਕਿਸੇ ਸ਼ਬਦ ਦੇ ਅਰਥ, ਵਿਉਂਤਪਤੀ ਜਾਂ ਉਸ ਦੇ ਵਿਆਕਰਣ ਰੂਪ ਨੂੰ ਜਾਣਨ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਉਸ ਦੇ ਨਾਲ ਧੁਨੀ ਦੇ ਪੱਧਰ 'ਤੇ ਮਿਲਦੇ ਜੁਲਦੇ ਹੋਰ ਸ਼ਬਦਾਂ ਤੇ ਉਨ੍ਹਾਂ ਸ਼ਬਦਾਂ ਦੇ ਮੂਲ ਬਾਰੇ ਵੀ ਜਾਣਕਾਰੀ ਹਾਸਲ ਕਰਦਾ ਹੈ। ਮੁਖ ਅੰਦਰਾਜ ਵਿਚ **ਦੁਲਾਰਿਓ** ਸ਼ਬਦ ਦੇ ਅਰਥ ਛਿਪਾਉਣਾ/ਲੁਕਾਉਣਾ ਦੇਣ ਦੇ ਨਾਲ ਨਾਲ ਦੁਲਾਰਿਓ ਨਾਲ ਮਿਲਦੀ ਜੁਲਦੀ ਧੁਨੀਆਂ ਵਾਲਾ ਇੱਕ ਹੋਰ ਸ਼ਬਦ ਦੁਲਰਾਉਣਾ ਹੈ ਜਿਸ ਦਾ ਅਰਥ ਹੈ ਲਾਡ ਕਰਨਾ ਅਤੇ ਜਿਸ ਦਾ ਮੂਲ ਸੰਸਕ੍ਰਿਤ ਦਾ 'ਦੁਰਲਾਲਨ' ਤੇ ਪ੍ਰਾਕ੍ਰਿਤ ਵਿਚ 'ਦੁਲਲਾਡਨ ਹੈ'। ਇਉਂ ਭਾਸ਼ਾ ਦੀਆਂ ਪੈੜਾਂ ਨੱਪਣ ਵਾਲੇ ਖੋਜੀ ਬਿਰਤੀ ਦੇ ਪਾਠਕਾਂ ਲਈ ਅਜਿਹੀ ਜਾਣਕਾਰੀ ਬੜੀ ਲਾਹੇਵੰਦ ਹੈ ਜਿਹੜੀ ਇਸ ਕੋਸ਼ ਵਿਚੋਂ ਉਪਲਬਧ ਹੁੰਦੀ ਹੈ। ਸੰਸਕ੍ਰਿਤ ਤੋਂ ਪ੍ਰਾਕ੍ਰਿਤ ਤੱਕ ਪਹੁੰਚਦੇ ਧੁਨੀ ਪੱਧਰ 'ਤੇ ਵਾਪਰਦੇ ਅਜਿਹੇ ਪਰਿਵਰਤਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਉਂ **ਦੁਲਰਾਉਣਾ** ਅਤੇ **ਲਾਡ** ਸ਼ਬਦਾਂ ਵਿਚ ਅਰਥਾਂ ਦੀ ਪੱਧਰ 'ਤੇ ਉਪਜਦੀ ਸਾਂਝ ਬਾਰੇ ਭਾਈ ਵੀਰ ਸਿੰਘ ਵਲੋਂ ਦਿੱਤੇ ਅਜਿਹੇ ਹਵਾਲੇ ਨਿਸ਼ਚੇ ਹੀ ਗੌਲਣਯੋਗ ਹਨ। ਕੋਸ਼ ਦਾ ਇਹ ਪੱਖ ਭਾਸ਼ਾ ਦੇ ਇਤਿਹਾਸਕ ਵੇਰਵਿਆਂ ਨਾਲ ਵੀ ਸੰਬੰਧਤ ਹੈ।

ਕੋਸ਼ ਵਿਚ ਅਜਿਹੇ ਕੋਸ਼ੀ ਅੰਦਰਾਜ ਵੀ ਸੰਕਲਿਤ ਹਨ ਜਿਹੜੇ ਸ਼ਬਦਾਂ ਦੇ ਵਿਆਕਰਣਕ ਪੱਧਰ 'ਤੇ ਵਾਪਰੀ ਤਬਦੀਲੀ ਬਾਰੇ ਵੀ ਵਿਆਪਕ ਸੂਚਨਾ ਦੇਂਦੇ ਹਨ। ਕੋਸ਼ ਦੇ ਪੰਨਾ 357 ਉੱਤੇ ਧੀਰ/ਧੀਰੁ ਪਦ ਦਾ ਅਰਥ ਧੀਰਜ, ਤਸੱਲੀ, ਮਨ ਦੀ ਦ੍ਰਿੜਤਾ ਤੋਂ ਹੈ। ਵਿਆਕਰਣ ਪਖੋਂ ਸੰਗਿਆ ਕੈਟਾਗਰੀ ਨਾਲ ਸੰਬੰਧਤ ਇਸ ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਭਾਸ਼ਾ ਦੇ 'ਧੈਰਯੰ' ਸ਼ਬਦ ਤੋਂ ਹੋਈ ਦਰਸਾਈ ਗਈ ਹੈ। ਪ੍ਰਾਕ੍ਰਿਤ ਵਿਚ ਪਹੁੰਚ ਕੇ ਇਹ ਸ਼ਬਦ 'ਧੀਰ' ਬਣ ਗਿਆ ਹੈ। ਇਸ ਕੋਸ਼ੀ ਅੰਦਰਾਜ ਵਿਚ ਦਿੱਤੀ ਜਾਣਕਾਰੀ ਕੋਸ਼ਕਾਰ ਦੀ ਭਾਸ਼ਾਵਾਂ ਸੰਬੰਧੀ ਵਿਆਪਕ ਸੂਝ ਦਾ ਪ੍ਰਮਾਣ ਪੇਸ਼ ਕਰਦੀ ਹੈ ਜਿਥੇ ਕੋਸ਼ਕਾਰ ਇਸ ਪਦ ਬਾਰੇ ਕੋਸ਼ ਦੇ ਪਾਠਕਾਂ ਨੂੰ ਜਾਣਕਾਰੀ ਦੇਂਦਾ ਹੈ। ਸੰਸਕ੍ਰਿਤ ਵਿੱਚ 'ਧੈਰਯੰ' ਨਿਪੁੰਸਕ ਲਿੰਗ ਹੈ। ਪ੍ਰਾਕ੍ਰਿਤ ਤੋਂ ਪੰਜਾਬੀ ਵੱਲ ਆਉਂਦਿਆਂ 'ਧੀਰ' ਇਸਤ੍ਰੀ ਲਿੰਗ ਵਿਚ ਤਬਦੀਲ ਹੋ ਗਿਆ ਹੈ। ਪਰ 'ਧੀਰਜ' ਦੀ ਵਿਆਕਰਣਕ ਕੋਟੀ ਪੰਜਾਬੀ ਵਿਚ ਪੁਲਿੰਗ ਹੈ। ਅਜਿਹੀ ਜਾਣਕਾਰੀ ਇਸ ਕੋਸ਼ ਦਾ ਅਹਿਮ ਪੱਖ ਹੈ ਜਿਹੜੀ ਕੋਸ਼ ਦੇ ਪਾਠਕਾਂ ਨੂੰ ਭਾਸ਼ਾ ਦੀ ਵਿਉਂਤਪਤੀ ਤੇ ਅਰਥਾਂ ਬਾਰੇ ਸੂਚਨਾ ਦੇਣ ਦੇ ਨਾਲ ਨਾਲ ਭਾਸ਼ਾ ਦੇ ਇਤਿਹਾਸਕ ਪਰਿਪੇਖ ਤੋਂ ਵੀ ਜਾਣੂੰ ਕਰਾਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਸੰਕਲਨ ਹੈ। ਅਜਿਹੀ ਸ਼ਬਦਾਵਲੀ ਦਾ ਇਸ ਕੋਸ਼ ਵਿੱਚ ਕਿਸੇ ਵਿਸ਼ੇਸ਼ ਭਾਸ਼ਾ ਨਾਲ ਸੰਬੰਧਤ ਹੋਣ ਦਾ ਵੇਰਵਾ ਹੀ ਦਰਜ ਨਹੀਂ ਕੀਤਾ ਗਿਆ ਸਗੋਂ ਭਾਸ਼ਾਈ ਪੱਧਰ 'ਤੇ ਹੋਏ ਪਰਿਵਰਤਨ ਦੀਆਂ ਵੀ ਦ੍ਰਿਸ਼ਟਾਂਤੀ ਮਿਸਾਲਾਂ ਦਿੱਤੀਆਂ ਗਈਆਂ ਹਨ।

ਕੋਸ਼ ਦੇ ਪੰਨਾ 34 ਉੱਤੇ 'ਅੰਬ੍ਰਿਤ' ਕੋਸ਼ੀ ਅੰਦਰਾਜ ਦਰਜ ਹੈ। ਜਿਸ ਵਿਚ ਇਹ ਸੂਚਨਾ ਦਿੱਤੀ ਗਈ ਹੈ ਕਿ 'ਅੰਬ੍ਰਿਤ' ਸ਼ਬਦ ਵਿਚ ਬੱਬੇ 'ਬ' ਦਾ ਸੋਮਾ ਡੋਮ ਭਾਸ਼ਾ ਦਾ ਹੈ ਜਿਥੇ 'ਮ' ਬਦਲ ਕੇ ਬੱਬਾ (ਬ) ਹੋ ਜਾਂਦਾ ਹੈ। ਇਉਂ ਗੁਰੂ ਗ੍ਰੰਥ ਸਾਹਿਬ ਵਿਚ ਅੰਬ੍ਰਿਤ ਸ਼ਬਦ ਦੀ ਵਰਤੋਂ ਬਾਰੇ ਜਿਥੇ ਪਾਠਕ ਇਸ ਦੇ ਡੋਮ ਭਾਸ਼ਾ ਦੇ ਹੋਣ ਬਾਰੇ ਜਾਣਕਾਰੀ ਹਾਸਲ ਕਰਦਾ ਹੈ ਉਥੇ ਧੁਨੀ ਪੱਧਰ 'ਤੇ ਵਾਪਰੇ ਪਰਿਵਰਤਨ ਤੋਂ ਵੀ ਜਾਣੂੰ ਹੁੰਦਾ ਹੈ। ਇਸੇ ਹਵਾਲੇ ਨਾਲ ਕੋਸ਼ਕਾਰ ਨੇ ਅੰਬ੍ਰੀਕ ਤੇ ਅੰਬੜਾਵੈ ਸ਼ਬਦਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਅੰਮ੍ਰੀਕ=ਅੰਬ੍ਰੀਕ, ਅਮੜਾਵੈ=ਅੰਬੜਾਵੈ।

ਕੋਸ਼ ਦੇ ਪੰਨਾ 38 ਉੱਤੇ ਸ਼ਬਦ **ਅੰਮੜੀਆਸ** ਬਾਰੇ ਦਿੱਤੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਡੋਮ ਭਾਸ਼ਾ ਦਾ ਇਹ ਸ਼ਬਦ ਅਪੜਾਂ ਤੋਂ ਰੂਪਾਂਤਰਿਤ ਹੁੰਦਾ ਹੋਇਆ ਅੰਬੜਾਂ ਤੇ ਫ਼ੇਰ ਅੰਮੜਾਂ ਵਿਚ ਤਬਦੀਲ ਹੁੰਦਾ ਹੈ ਜਿਸ ਦਾ ਅਰਥ ਹੈ "ਪਹੁੰਚ ਪਵਾਂ"। ਗੁਰੂ ਗ੍ਰੰਥ ਸਾਹਿਬ ਵਿਚੋਂ ਦ੍ਰਿਸ਼ਟਾਂਤੀ ਹਵਾਲਾ ਦੇ ਕੇ ਅਤੇ ਅਰਥਾਂ ਦਾ ਸੰਦਰਭ ਸਿਰਜ ਕੇ ਪਾਠਕ ਨੂੰ ਕੇਵਲ ਅਰਥ ਸਮਝਣ ਦੇ ਸਮਰੱਥ ਹੀ ਨਹੀਂ ਬਣਾਇਆ ਗਿਆ ਸਗੋਂ ਭਾਸ਼ਾਈ

ਪੱਧਰ ’ਤੇ ਸਮੇਂ ਨਾਲ ਹੋਏ ਪਰਿਵਰਤਨ ਤੋਂ ਵੀ ਜਾਣੂੰ ਕਰਵਾਇਆ ਗਿਆ ਹੈ। **‘ਰਾਤ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ’** (ਪੰਨਾ 557) ਜਿਸ ਦੇ ਅਰਥ ਕੀਤੇ ਗਏ ਹਨ। ਰਾਹ ਪੁੱਛਦੀ ਹਾਂ, ਤੁਰਦੀ ਨਹੀਂ ਤੇ ਮੂੰਹੋਂ ਆਖਦੀ ਹਾਂ ਮੈਂ ਪਹੁੰਚ ਪਵਾਂ।

ਇਉਂ ਇਸ ਕੋਸ਼ ਦਾ ਪਰਿਪੇਖ ਬੜਾ ਵਿਆਪਕ ਤੇ ਵਿਸਤ੍ਰਿਤ ਹੈ ਜਿਸ ਦੇ ਬਹੁਪਰਤੀ ਪਾਸਾਰ ਹਨ ਅਤੇ ਇਨ੍ਹਾਂ ਸਾਰੇ ਪਹਿਲੂਆਂ ਤੋਂ ਇਸ ਕੋਸ਼ ਬਾਰੇ ਨਿੱਠ ਕੇ ਗੱਲ ਕਰਨੀ ਬਣਦੀ ਹੈ।

ਕੋਸ਼ ਵਿਚ ਅਜਿਹੇ ਅੰਦਰਾਜਾਂ ਦੀ ਗਿਣਤੀ ਵੀ ਵੱਡੀ ਮਾਤਰਾ ਵਿਚ ਹੈ ਜਿਸ ਸਦਕਾ ਇਸ ਕੋਸ਼ ਨੂੰ ਵਿਸ਼ਵਕੋਸ਼ੀ ਕੋਸ਼ ਦੀ ਕੈਟਾਗਰੀ ਵਿਚ ਰੱਖਿਆ ਜਾਣਾ ਬਣਦਾ ਹੈ। ਅਜਿਹੇ ਅੰਦਰਾਜਾਂ ਵਿਚ ਕੇਵਲ ਸ਼ਬਦਾਂ ਦੀ ਵਿਉਂਤਪਤੀ ਜਾਂ ਅਰਥ ਹੀ ਨਹੀਂ ਦਿੱਤੇ ਗਏ ਸਗੋਂ ਮੁੱਖ ਸ਼ਬਦ ਦੇ ਨਾਲ ਮੇਲ ਖਾਂਦੇ ਅਨੇਕਾਂ ਸ਼ਬਦਾਂ ਬਾਰੇ ਵਿਸਤ੍ਰਿਤ ਜਾਣਕਾਰੀ ਇਕੋ ਕੋਸ਼ੀ ਅੰਦਰਾਜ ਥੱਲੇ, ਉਪਲਬਧ ਕਰਾਈ ਗਈ ਹੈ। ਕੋਸ਼ ਦੇ ਪੰਨਾ 555 ’ਤੇ ‘ਮਲਾਇਕਾ’ ਕੋਸ਼ੀ ਅੰਦਰਾਜ ਦੇਖਿਆ ਜਾ ਸਕਦਾ ਹੈ। ਇਸ ਸ਼ਬਦ ਦਾ ਮੂਲ ਸ੍ਰੋਤ ਅਰਬੀ ਭਾਸ਼ਾ ਦਾ ਹੈ। ਵਿਆਕਰਣ ਪਖੋਂ ਇਸ ਦੇ ਬਹੁਵਚਨੀ ਹੋਣ ਬਾਰੇ ਵੀ ਕੋਸ਼ਕਾਰ ਨੇ ਦੱਸਿਆ ਹੈ। ਇਸੇ ਲਈ ਇਸ ਦਾ ਅਰਥ ਦੇਣ ਵੇਲੇ ਹੀ ਬਹੁਵਚਨੀ ਰੂਪ ਅਨੁਸਾਰ ਹੀ ਅਰਥ ਦਿੱਤੇ ਗਏ ਹਨ। ਕਿਉਂਕਿ ਮਲਾਇਕਾ, ਮਲਕ ਦਾ ਬਹੁਵਚਨ ਹੈ। ਮਲਕ ਤੋਂ ਭਾਵ ਫ਼ਰਿਸ਼ਤਾ ਤੇ ਮਲਾਇਕਾ ਦਾ ਅਰਥ ਫ਼ਰਿਸ਼ਤਾ ਜਾਂ ਫ਼ਰਿਸ਼ਤੇ ਹਨ। ਇਸੇ ਅੰਦਰਾਜ ਦੇ ਹਵਾਲੇ ਵਿਚ ‘ਮਲਕ’ ਸ਼ਬਦ ਬਾਰੇ ਦਿੱਤੀ ਗਈ ਵਿਸਤ੍ਰਿਤ ਜਾਣਕਾਰੀ ਇਸ ਕੋਸ਼ ਨੂੰ ਵਿਸ਼ਵੀਕੋਸ਼ੀ ਕੋਸ਼ ਹੋਣ ਦਾ ਤਰਕ ਸਿਰਜਦੀ ਹੈ।

(ਅਰਬੀ ਬੋਲੀ ਵਿਚ ਮ+ਲ+ਕ ਨਾਲ ਚਾਰ ਲਫ਼ਜ਼ ਬਣਦੇ ਹਨ। ਆਖਦੇ ਹਨ ਕਿ ਮ-ਲ-ਕ ਨਾਲ ਜੋ ਪਦ ਬਣਨ ਉਨ੍ਹਾਂ ਵਿਚ ਤਾਕਤ ਦਾ ਭਾਵ ਜ਼ਰੂਰ ਹੁੰਦਾ ਹੈ। 1. ਮੁਲਕ, 2. ਮਲਕ, 3. ਮਲਿਕ, 4. ਮਿਲਿਕ.। ਅਰਥ ਐਉਂ ਹਨ। ਮੁਲਕ=ਦੇਸ਼। ਮਾਲਕ= ਫ਼ਿਰਿਸ਼ਤਹ। ਮਲਿਕ= ਪਾਤਸਾਹ। ਮਿਲਿਕ=ਮਿਲਖ, ਧਨ। ਮੁਲਕ ਵਿਚ ਵਾਸੀਆਂ ਦੀ ਤਾਕਤ ਹੁੰਦੀ ਹੈ, ਫ਼ਰਿਸ਼ਤੇ ਵਿਚ ਰੂਹਾਨੀ ਤਾਕਤ। ਪਾਤਸ਼ਾਹ ਵਿਚ ਪਰਜਾ ਲਸ਼ਕਰ ਤੇ ਧਨ ਦੀ ਤਾਕਤ। ਮਿਲਿਕ (ਜਾਇਦਾਦ) ਵਿਚ ਮਾਲੀ ਤਾਕਤ ਹੁੰਦੀ ਹੈ। ਇਨ੍ਹਾਂ ਚੌਹਾਂ ਪਦਾਂ ਦੇ ਬਹੁ-ਬਚਨ ਵੀ ਅੱਡ ਅੱਡ ਹਨ। ਜਿਵੇਂ -ਮਲਿਕ (ਪਾਤਸ਼ਾਹ) ਦੀ ਜਮ੍ਹਾਂ ਮਲੂਕ, ਮਲੂਕ ਦੀ ਜਮ੍ਹਾਂ ਮਲਾਇਕ, ਮਲਇਕਹ)

ਇਕ ਸ਼ਬਦ ਤੋਂ ਬਣਨ ਵਾਲੇ ਅਲੱਗ ਅਲੱਗ ਪ੍ਰਸੰਗਾਂ ਵਾਲੇ ਅਰਥਾਂ ਵਿਚਲੀ ਸਾਂਝ ਨੂੰ ਸਪਸ਼ਟ ਕਰਦਿਆਂ ਤਰਕਸੰਗਤ ਢੰਗ ਨਾਲ ਪਾਠਕਾਂ ਦੇ ਸਮਝਣਯੋਗ ਬਣਾਉਣ ਵਿਚ ਕੋਸ਼ਕਾਰ ਦੀ ਸੂਖਮ ਸੂਝ ਦਾ ਪ੍ਰਗਟਾਵਾ ਹੁੰਦਾ ਹੈ। ਸ਼ਬਦਾਂ ਬਾਰੇ ਦਿੱਤੀ ਅਜਿਹੀ ਵਿਆਪਕ ਜਾਣਕਾਰੀ ਤੋਂ ਇਸ ਕੋਸ਼ ਦੀ ਮਹੱਤਤਾ ਸਿਖਿਆਰਥੀ ਕੋਸ਼ ਵਾਲੀ ਸਿੱਧ ਹੁੰਦੀ ਹੈ। ਕਿਉਂਕਿ ਵੱਡੇ ਪੱਧਰ ’ਤੇ ਅਜਿਹੀਆਂ ਕੋਸ਼ੀ ਇਕਾਈਆਂ ਹਨ ਜਿਨ੍ਹਾਂ ਨੂੰ ਪ੍ਰਸੰਗਕ ਹਵਾਲਿਆਂ ਸਹਿਤ ਸਮਝਣਯੋਗ ਬਣਾਇਆ ਗਿਆ ਹੈ। ਜਿਵੇਂ ਬਰਨ/ਬਰਨਿ, ਬਿਲਾਈ/ਬਿਲਈਆ, ਨਾਗ/ ਨਾਗਾ, ਜਾਦਮ ਜਾਇਆ, ਤਰਵਰੁ, ਬਾਣੀ, ਬਾਰਹਾ, ਲਾਲ, ਲਾਲਾ, ਵਗੈਰਾ ਵਗੈਰਾ ਕੋਸ਼ੀ ਅੰਦਰਾਜਾਂ ਨੂੰ ਦੇਖਿਆ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵੱਖ ਵੱਖ ਸੋਮਿਆਂ ਤੋਂ ਆਈ ਸ਼ਬਦਾਵਲੀ ਸੰਬੰਧੀ ਬਣੀਆਂ ਧਾਰਨਾਵਾਂ ਬਾਰੇ ਇਹ ਕੋਸ਼ ਕਈ ਭ੍ਰਾਂਤੀਆਂ ਨੂੰ ਦੂਰ ਕਰਦਾ ਹੈ। ਸੰਸਕ੍ਰਿਤ ਭਾਸ਼ਾ ਦੀ ਸ਼ਬਦਾਵਲੀ ਕਰਕੇ ਜਾਣੇ ਜਾਂਦੇ ਅਨੇਕਾਂ ਸ਼ਬਦਾਂ ਬਾਰੇ ਇਸ ਕੋਸ਼ ਵਿਚ ਦਰਸਾਇਆ ਗਿਆ ਹੈ ਕਿ ਅਸਲ ਵਿਚ ਅਜਿਹੀ ਸ਼ਬਦਾਵਲੀ ਦਾ ਸੋਮਾ ਸੰਸਕ੍ਰਿਤ ਨਹੀਂ ਸਗੋਂ ਪ੍ਰਾਕ੍ਰਿਤ ਤੋਂ ਉਨਾਂ ਦੀ ਸਿੱਧੀ ਆਮਦ ਪੰਜਾਬੀ ਵਿਚ ਹੋਈ ਹੈ। ‘ਨਯਾਯ’ ਜਿਸ ਦੇ ਲਈ ਪੰਜਾਬੀ ਵਿਚ ‘ਨਿਆਉਂ’ ਪਦ ਦਾ ਪ੍ਰਚਲਨ ਹੈ; ਇਸ ਕੋਸ਼ ਦੀ ਭੂਮਿਕਾ ਵਿਚ ਪੂਰਨ ਸਿੰਘ ਇਸ ਨੂੰ ਸੰਸਕ੍ਰਿਤ ਦਾ ਨਹੀਂ ਸਗੋਂ ਪ੍ਰਾਕ੍ਰਿਤ ਬੋਲੀ ਦੇ ‘ਣਿਆਇਉ’ ਨਾਲ ਸੰਬੰਧਤ ਦਰਸਾਉਂਦਾ ਹੈ।

ਕੋਸ਼ ਵਿਚ ਗੁਰਬਾਣੀ ਦੀ ਅਜਿਹੀ ਸੰਕਲਪਕ ਸ਼ਬਦਾਵਲੀ ਦੀ ਗਿਣਤੀ ਵੀ ਵੱਡੀ ਮਾਤਰਾ ਵਿਚ ਹੈ ਜਿਸ ਨੂੰ ਗੁਰਬਾਣੀ ਦੇ ਪ੍ਰਸੰਗਕ ਸੰਦਰਭ ਵਿਚ ਹੀ ਸਮਝਣ/ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮਿਸਾਲ ਦੇ ਤੌਰ





’ਤੇ ‘ਬ੍ਰਹਮ’ ਕੋਸ਼ੀ ਅੰਦਰਾਜ ਨੂੰ ਦੇਖਿਆ ਜਾ ਸਕਦਾ ਹੈ। ਬ੍ਰਹਮ ਦੇ ਅਰਥਾਂ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਹੀ ਪਰਿਭਾਸ਼ਤ ਕਰਦਿਆਂ ਪਾਠਕਾਂ ਦੇ ਸਮਝਣਯੋਗ ਬਣਾਇਆ ਗਿਆ ਹੈ।

**ਬ੍ਰਹਮ** [**ਸੰ:/ਸੰਸਕ੍ਰਿਤ, ਬ੍ਰਹਮਣ**]

1. ਸੱਤ ਚਿੱਤ ਆਨੰਦ ਸਰੂਪ, ਕਾਰਣਾਂ ਦਾ ਕਾਰਣ, ਜੋ ਸ੍ਰਿਸ਼ਟੀ ਦਾ ਇਕ ਰਸ ਰਹਿਣ ਵਾਲਾ ਮੂਲ ਕਾਰਣ ਹੈ, ਜਿਸ ਤੋਂ ਸਭ ਕੁਛ ਪ੍ਰਕਾਸ਼ ਪਾਂਦਾ ਹੈ – ਅਕਾਲ ਪੁਰਖ, ਵਾਹਿਗੁਰੂ। ਯਥਾ ‘ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਿਜ ਸੁਭਾਇ (66) ਗੁਰਮੁਖਾਂ (ਦੀ ਦ੍ਰਿਸ਼ਟੀ ਵਿਚ) ਬ੍ਰਹਮ ਸਦਾ ਹਰਿਆਵਲਾ (ਇਕ ਰਸ ਰਹਿਣ ਵਾਲਾ ਤੇ ਅੰਨਦਾਤਾ) ਹੈ ...। ਇਸੇ ਤਰ੍ਹਾਂ ਬ੍ਰਹਮ ਦੇ ਦੂਜੇ ਅਰਥਾਂ ਨੂੰ ਵੀ ਗੁਰਬਾਣੀ ਦੇ ਹਵਾਲਿਆਂ ਨਾਲ ਸਪਸ਼ਟ ਕੀਤਾ ਗਿਆ ਹੈ। ਬ੍ਰਹਮ ਦਾ ਇੱਕ ਹੋਰ ਪ੍ਰਸੰਗਕ ਅਰਥ ‘ਵਿਆਪਕ’ ਦੇ ਭਾਵਾਂ ਵਾਲਾ ਹੈ ‘ਤਲ ਕਾ ਬ੍ਰਹਮ ਲੇ ਗਗਨਿ ਚਰਾਵੈ (477) ਇਸ ਤੋਂ ਇਲਾਵਾ ਬ੍ਰਹਮ ਦੇ ਦੂਜੇ ਪ੍ਰਸੰਗਕ ਅਰਥਾਂ ਬਾਰੇ ਵੀ ਇਸੇ ਅੰਦਰਾਜ ਵਿੱਚ ਨੰਬਰ 4 ’ਤੇ ਜਾਣਕਾਰੀ ਦਿੱਤੀ ਗਈ ਹੈ ਜਿਵੇਂ, ਬ੍ਰਹਮ ਪਦ ਦੇ ਹੋਰ ਵੀ ਕਈ ਅਰਥ ਹਨ। ਗਿਆਨ, ਤਪੱਸਿਆ, ਭਗਤੀ।

ਉਪਰੋਕਤ ਦੇ ਪ੍ਰਸੰਗ ਵਿਚ ਇਹ ਕਹਿਣਾ ਬਣਦਾ ਹੈ ਕਿ ਗੁਰਬਾਣੀ ਦੇ ਅਰਥਾਂ ਨੂੰ ਸਪਸ਼ਟਤਾ ਤੇ ਤਰਕਸੰਗਤ ਢੰਗ ਨਾਲ ਸਮਝਣਯੋਗ ਬਣਾਉਣ ਲਈ ਗੁਰਬਾਣੀ ਦੇ ਹਵਾਲਿਆਂ ਨੂੰ ਹੀ ਵਰਤਿਆ ਗਿਆ ਹੈ।

ਇਸ ਕੋਸ਼ ਦੀ ਅੱਖਰ ਕ੍ਰਮ ਤਰਤੀਬ ੳ, ਅ, ੲ ਨਾ ਹੋ ਕੇ ਅ, ੲ, ੳ ਹੈ ਜਿਸ ਦੇ ਬਾਰੇ ਕੋਸ਼ ਦੀ ਭੂਮਿਕਾ ਵਿਚ ਜ਼ਿਕਰ ਕੀਤਾ ਗਿਆ ਹੈ। ਮਾਤਰਾਵਾਂ ਦੇ ਕ੍ਰਮ ਅਨੁਸਾਰ ਕੋਸ਼ੀ ਅੰਦਰਾਜ਼ਾਂ ਦੀ ਤਰਤੀਬ ਨਹੀਂ ਦਿੱਤੀ ਗਈ ਯਾਨਿ ਕਿਸੇ ਸ਼ਬਦ ਨੂੰ ਲੱਭਣ ਲਈ ਮਾਤਰਾਵਾਂ ਦੀ ਤਰਤੀਬ ਮੁਤਾਬਕ ਸ਼ਬਦ ਦੀ ਤਲਾਸ਼ ਨਹੀਂ ਕੀਤੀ ਜਾ ਸਕਦੀ ਸਗੋਂ ਅੱਖਰਾਂ ਦੇ ਕ੍ਰਮ ਅਨੁਸਾਰ ਲੋੜੀਂਦੇ ਸ਼ਬਦ ਨੂੰ ਦੇਖਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ’ਤੇ **ਦਿਵਾਜਾ** ਤੇ **ਦਵਣ** ਵਿਚੋਂ ਪਹਿਲਾਂ ਦਿਵਾਜਾ ਤੇ ਫੇਰ ਦਵਣ ਦਾ ਅੰਦਰਾਜ ਦਿੱਤਾ ਗਿਆ ਹੈ ਜਦ ਕਿ ਹੁਣ ਬਣਾਏ ਜਾ ਰਹੇ ਕੋਸ਼ਾਂ ਵਿਚ ਇਹ ਤਰਤੀਬ ਦਵਣ ਤੇ ਦਿਵਾਜਾ ਦਿੱਤੀ ਜਾਂਦੀ ਹੈ।

ਬਹੁਤ ਵੇਰ ਕੋਸ਼ਾਂ ਵਿਚ ਇਕ ਸਮੱਸਿਆ ਦੇਖਣ ਨੂੰ ਮਿਲਦੀ ਹੈ ਕਿ ਦਿੱਤੇ ਗਏ ਅਰਥ ਕੋਸ਼ ਦੇ ਪ੍ਰਯੋਗਕਰਤਿਆਂ ਦੀ ਲੋੜ ਨੂੰ ਪੂਰਾ ਨਹੀਂ ਕਰਦੇ ਕਿਉਂਕਿ ਅਰਥ ਦੇਣ ਦੀ ਵਿਧੀ ਵਿਚ ਸਪਸ਼ਟਤਾ ਨਹੀਂ ਹੁੰਦੀ। ਜੇਕਰ ਅਰਥਾਂ ਨੂੰ ਸਮਝਣ ਲਈ ਫ਼ੇਰ ਹੋਰ ਕੋਸ਼ ਦੇਖਣ ਦੀ ਲੋੜ ਪਵੇ ਤਾਂ ਸਮਝੋ ਕੋਸ਼ਕਾਰ ਅਰਥ ਦੇਣ ਦੀ ਵਿਧੀ ਤੋਂ ਜਾਣੂੰ ਨਹੀਂ ਹੈ। ਜਿਥੋਂ ਤੱਕ ਇਸ ਕੋਸ਼ ਵਿਚ ਸ਼ਬਦਾਂ ਦੇ ਅਰਥਾਂ ਦੀ ਸਪਸ਼ਟਤਾ ਦਾ ਸੁਆਲ ਹੈ ਕੋਸ਼ਕਾਰ ਨੇ ਹਰੇਕ ਯਥਾ ਸੰਭਵ ਵਿਧੀ ਵਰਤ ਕੇ ਅਰਥਾਂ ਨੂੰ ਸਮਝਣਯੋਗ ਬਣਾਇਆ ਹੈ। ਕਦੀ ਵਿਆਖਿਆ ਦੀ ਵਿਧੀ ਰਾਹੀਂ, ਕਦੀ ਗੁਰੂ ਗ੍ਰੰਥ ਸਾਹਿਬ ਵਿਚੋਂ ਦ੍ਰਿਸ਼ਟਾਤੀਂ ਮਿਸਾਲਾਂ ਦੇ ਕੇ ਅਤੇ ਫ਼ੇਰ ਲੋੜ ਮੁਤਾਬਕ ਦ੍ਰਿਸ਼ਟਾਤਾਂ ਨੂੰ ਸਰਲ ਭਾਸ਼ਾ ਵਿਚ ਸਮਝਾਉਣ ਦੀ ਵਿਧੀ ਇਸ ਕੋਸ਼ ਵਿਚ ਨਜ਼ਰ ਆਉਂਦੀ ਹੈ। ਸੰਧੀ ਛੇਦ ਕਰਕੇ ਵੀ ਸ਼ਬਦ ਦੇ ਅਰਥਾਂ ਨੂੰ ਪਾਠਕਾਂ ਦੇ ਸਮਝਣ ਦੇ ਸਮਰੱਥ ਬਣਾਇਆ ਗਿਆ ਹੈ। ਕੋਸ਼ ਦੇ ਪੰਨਾ 459 ਉੱਤੇ ਬੀਚਾਰਾ ਸ਼ਬਦ ਦੇ ਅਰਥ ਦੇਣ ਦੀ ਵਿਧੀ ਤਰਕਸੰਗਤ ਹੈ:-

**ਬੀਚਾਰਾ (ਗੁ:। ਫ਼ਾਰਸੀ ਬੇ+ਚਾਰਾ)**
**ਬੇ-ਇਲਾਜ, ਜਿਸ ਪਾਸ ਕੋਈ ਉਪਰਾਲਾ ਨਾ ਹੋਵੇ, ਗਰੀਬ, ਨਿਮਾਣਾ।**
**ਯਥਾ ‘ਬਿਨ ਬੋਲੇ ਕਿਆ ਕਰਹਿ ਬੀਚਾਰਾ’।**

ਦਰਅਸਲ ਜਿੱਥੋਂ ਤੱਕ ਕੋਸ਼ਾਂ ਵਿਚ ਅਰਥ ਨਿਰਧਾਰਤ ਕਰਨ ਦੇ ਨੇਮਾਂ ਦਾ ਸੰਬੰਧ ਹੈ ਉਹ ਅਜੇ ਤੱਕ ਵੀ ਨਿਸ਼ਚਿਤ ਨਹੀਂ ਹੋ ਸਕੇ। ਪੰਜਾਬੀ ਭਾਸ਼ਾ ਉੱਤੇ ਆਧਾਰਿਤ ਸਮਭਾਸ਼ੀ, ਦੁਭਾਸ਼ੀ ਜਾਂ ਬਹੁਭਾਸ਼ੀ ਕੋਸ਼ਾਂ ਦੀ ਨਿਰਮਾਣਕਾਰੀ

ਵੇਲੇ ਉਪਰੋਕਤ ਵਿਚਾਰੀਆਂ ਗਈਆਂ ਸਮੱਸਿਆਵਾਂ ਚਾਹੇ ਉਹ ਸਮਨਾਮੀ ਸ਼ਬਦਾਂ ਦੇ ਪ੍ਰਸੰਗ ਵਿੱਚ ਹੋਣ ਜਾਂ ਪਰਿਆਇ ਸ਼ਬਦਾਂ ਦਾ ਕ੍ਰਮ ਨਿਸ਼ਚਿਤ ਕਰਨ ਬਾਰੇ ਹੋਣ; ਇਸ ਲਈ ਕੋਸ਼ਕਾਰ ਜਾਂ ਤਾਂ ਆਪਣੇ ਤੋਂ ਪਹਿਲਾਂ ਰਚੇ ਗਏ ਕੋਸ਼ਾਂ ਨੂੰ ਆਧਾਰ ਬਣਾਉਂਦਾ ਹੈ ਤੇ ਜਾਂ ਫ਼ੇਰ ਭਾਸ਼ਾ ਸੰਬੰਧੀ ਉਸ ਦੀ ਵਿਹਾਰਕ ਸੂਝ ਉਸ ਦਾ ਮਾਰਗ ਨਿਰਦੇਸ਼ਨ ਕਰਦੀ ਹੈ। ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ੀ ਇਕਾਈਆਂ ਦਾ ਅਰਥਾਂ ਦੇ ਪੱਧਰ 'ਤੇ ਨਿਰੂਪਣ ਕਰਨਾ ਬਹੁਤ ਹੀ ਸੂਝ ਵਾਲਾ ਕਾਰਜ ਹੈ। ਭਾਈ ਵੀਰ ਸਿੰਘ ਨੇ ਹਰ ਸੰਭਵ ਯਤਨ ਕਰਕੇ ਅਰਥਾਂ ਨੂੰ ਪਾਠਕਾਂ ਦੇ ਸਮਝਣ ਦੇ ਸਮਰੱਥ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਉਂ ਇਹ ਕੋਸ਼ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਗਈ ਭਾਸ਼ਾ ਦੇ ਵਿਆਕਰਣ, ਵਿਉਂਤਪਤੀ, ਭਾਸ਼ਾਈ ਸਰੋਤਾਂ ਬਾਰੇ ਵਿਆਪਕ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਨਾਲ ਗੁਰਬਾਣੀ ਦੇ ਗੂੜ੍ਹ ਅਰਥਾਂ ਤੱਕ ਰਸਾਈ ਕਰਨ ਵਿਚ ਵੀ ਮਹੱਤਤਾ ਵਾਲਾ ਹੁੰਦਾ ਹੈ। ਗੁਰਬਾਣੀ ਦੀ ਸੰਕਲਪਕ ਸ਼ਬਦਾਵਲੀ ਦੇ ਸ਼ਾਬਦਿਕ ਸੰਦਰਭ ਨੂੰ ਜਾਨਣ ਦੇ ਨਾਲ ਨਾਲ, ਧਰਮ, ਦਰਸ਼ਨ ਅਤੇ ਲਾਖਣਿਕ ਪ੍ਰਸੰਗ ਵਿੱਚ ਫ਼ੈਲਦੇ ਅਰਥਾਂ ਨੂੰ ਵੀ ਸਮਝਣ ਦੇ ਸਮਰੱਥ ਬਣਾਉਂਦਾ ਹੈ।

ਇਸ ਕੋਸ਼ ਦੇ ਨਿਰਮਾਣ ਵਿਚ ਭਾਈ ਵੀਰ ਸਿੰਘ ਦੀ ਨਿਸ਼ਠਾ, ਸਿਰੜ ਅਤੇ ਪਾਰਖੂ ਸੂਝ ਬਾਰੇ ਪੂਰਨ ਸਿੰਘ ਇਸ ਕੋਸ਼ ਦੀ ਦੂਸਰੀ ਵੇਰ ਦੀ ਐਡੀਸ਼ਨ ਦੀ ਭੂਮਿਕਾ ਵਿਚ ਲਿਖਦਾ ਹੈ:-

> "ਆਦਮੀ ਅਸਚਰਜ ਹੁੰਦਾ ਹੈ ਕਿ ਕਿਸ ਤਰ੍ਹਾਂ ਇਕ ਇਕੱਲੇ ਆਦਮੀ ਨੇ ਆਪਣੇ ਅੰਦਰੋਂ ਇੰਨੀ ਜਵਾਹਰਾਤੀ ਪਰਖ, ਇੰਨੀ ਵਿਸ਼ਾਲ ਤੇ ਗੂੜ੍ਹੀ ਵਾਕਫ਼ੀਅਤ——ਕੀ ਹਿੰਦੂ ਸ਼ਾਸਤਰਾਂ ਦੀ, ਕੀ ਪੱਛਮੀ ਫ਼ਲਸਫ਼ੇ ਦੀ, ਕੀ ਯੋਗ ਸੂਤਰਾਂ ਦੀ — ਕੀ ਇਤਿਹਾਸ ਦੀ ਜ਼ਾਤੀ ਖੋਜ ---ਕੀ ਸਿੱਖੀ ਆਦਰਸ਼ਾਂ ਦੇ ਮੁਕਾਬਲੇ ਕੀ ਮਜ਼ਹਬੀ ਤਲਾਸ਼, Compartitive religion ਦੇ ਨੁਕਤੇ ਥੀਂ ਸਾਰੀ ਉਮਰ ਜਮ੍ਹਾਂ ਕੀਤੇ ਨੁਕਤੇ ਤੇ ਅਰਥ ਤੇ ਤਜਰਬੇ ਮੇਲ ਮੇਲ, ਮਣੀਆਂ ਦੇ ਹਾਰਾਂ ਵਤ ਪ੍ਰੋ ਪ੍ਰੋ ਧਰੇ ਹਨ (ਪੰਨਾ ੲ)

0-0-0

**ਸਹਾਇਕ ਪੁਸਤਕਾਂ**


- ਉਮਾ ਸੇਠੀ, **ਕੋਸ਼ਕਾਰੀ ਸਮੱਸਿਆਵਾਂ ਅਤੇ ਸਮਾਧਾਨ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009
- ਓਮ ਪ੍ਰਕਾਸ਼ ਵਸਿਸ਼ਟ, **ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ**, ਨੈਨਸੀ ਪਬਲਿਸ਼ਰਜ਼, ਚੰਡੀਗੜ੍ਹ, 1990
- ਸਿੱਧੂ, ਪਰਮਜੀਤ ਸਿੰਘ, **ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995
- ਭਾਈ ਵੀਰ ਸਿੰਘ ਜੀ, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਛੇਵੀਂ ਵਾਰ, 1995
- ਰਾਮ ਆਧਾਰ ਸਿੰਘ, **ਕੋਸ਼ ਵਿਗਿਆਨ, ਸਿਧਾਂਤ ਏਵੰ ਪ੍ਰਯੋਗ**, ਉਚ ਸਿਕਸ਼ਾ ਔਰ ਸ਼ੋਧ ਸੰਸਥਾਨ, ਮਦਰਾਸ, 1990



ਪ੍ਰੋਫ਼ੈਸਰ,
ਪੰਜਾਬੀ ਕੋਸ਼ਕਾਰੀ ਵਿਭਾਗ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।
ਮੋਬਾਇਲ : 98550-21411






# ਭਾਈ ਵੀਰ ਸਿੰਘ ਦਾ ਪੰਜਾਬੀ ਕੋਸ਼ਕਾਰੀ ਵਿਚ ਯੋਗਦਾਨ

ਡਾ. ਅਕਵਿੰਦਰ ਕੌਰ ਤਨਵੀ

ਆਧੁਨਿਕ ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਦਾ ਨਾਂ ਉਨਾਂ ਸਾਹਿਤਕਾਰਾਂ, ਸਾਹਿਤ ਖੋਜੀਆਂ ਅਤੇ ਵਿਦਵਾਨਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਨਵੀਂਆਂ ਲੀਹਾਂ ਉੱਤੇ ਤੋਰਨ ਲਈ ਇਸ ਵਿਚ ਚੇਤਨਾਗਤ ਵਾਧਾ ਕੀਤਾ। ਉਹ ਜਿਥੇ ਸਾਹਿਤ ਸਿਰਜਕ ਸਨ, ਉਥੇ ਉਨ੍ਹਾਂ ਨੇ ਸਿੱਖੀ ਸਿਧਾਂਤ, ਸਿੱਖੀ ਇਤਿਹਾਸ ਅਤੇ ਸਿੱਖੀ ਦੇ ਬੁਨਿਆਦੀ ਸੰਕਲਪਾਂ ਦੀ ਵਿਆਖਿਆ ਵੀ ਕੀਤੀ। ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਕਵੀ ਹੋਣ ਦੇ ਨਾਲ ਨਾਲ ਉਹ ਪੰਜਾਬੀ ਨਾਵਲ ਦੇ ਵੀ ਪਿਤਾਮਾ ਮੰਨੇ ਜਾਂਦੇ ਹਨ ਜਿਨ੍ਹਾਂ ਨੇ 1898 ਈ. ਵਿਚ ਪਹਿਲਾ ਮੌਲਿਕ ਪੰਜਾਬੀ ਨਾਵਲ 'ਸੁੰਦਰੀ' ਰਚਿਆ। ਪਰ ਕਿਉਂਕਿ ਉਹ ਇਕ ਬਹੁਪੱਖੀ ਅਤੇ ਖੋਜੀ ਬਿਰਤੀ ਦੇ ਮਾਲਕ ਸਨ, ਇਸ ਲਈ ਖਾਲਸਾ ਟ੍ਰੈਕਟ ਸੁਸਾਇਟੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੀ ਦੂਜੀ ਸੋਧੀ, ਵਿਸਤ੍ਰਿਤ ਅਤੇ ਵਿਆਖਿਆਮਈ ਐਡੀਸ਼ਨ ਛਾਪਣ ਲਈ ਭਾਈ ਵੀਰ ਸਿੰਘ ਨੂੰ ਬੇਨਤੀ ਕੀਤੀ। ਇਹ ਕੋਸ਼ ਮੂਲ ਰੂਪ ਵਿਚ ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੁਆਰਾ ਤਿਆਰ ਕੀਤਾ ਗਿਆ ਸੀ ਜਿਸ ਦੀ ਪਹਿਲੀ ਐਡੀਸ਼ਨ 1899 ਈਸਵੀ ਵਿਚ ਪ੍ਰਕਾਸ਼ਿਤ ਹੋਈ ਸੀ, ਜੋ ਬਹੁਤ ਹੀ ਲਾਹੇਵੰਦ ਹੋਣ ਕਰਕੇ ਜਲਦੀ ਹੀ ਖ਼ਤਮ ਹੋ ਗਈ। ਭਾਈ ਵੀਰ ਸਿੰਘ ਨੇ ਇਸ ਕੋਸ਼ ਦੀ ਦੂਜੀ ਐਡੀਸ਼ਨ ਲਈ 1920 ਵਿਚ ਸ਼ੁਰੂ ਕੀਤੇ ਕਾਰਜ ਨੂੰ ਲੱਗਭਗ ਸੱਤ ਵਰ੍ਹਿਆਂ ਦੀ ਅਣਥੱਕ ਮਿਹਨਤ ਨਾਲ 1927 ਵਿਚ ਸੰਪੂਰਨ ਕਰਕੇ ਛਪਵਾਇਆ ਜੋ ਪਹਿਲੀ ਐਡੀਸ਼ਨ ਤੋਂ ਆਕਾਰ ਵਿਚ ਲੱਗਭਗ ਤਿੰਨ ਗੁਣਾਂ ਵੱਡਾ ਹੋ ਗਿਆ ਸੀ, ਜਿਹੜਾ ਭਾਈ ਵੀਰ ਸਿੰਘ ਦੇ ਗੁਰਬਾਣੀ ਸੰਬੰਧੀ ਵਿਸ਼ਾਲ ਗਿਆਨ, ਗਹਿਰ ਗੰਭੀਰ ਅਧਿਐਨ ਅਤੇ ਉਨ੍ਹਾਂ ਦੇ ਦੂਜੇ ਧਰਮਾਂ ਦੇ ਬੁਨਿਆਦੀ ਸੰਕਲਪਾਂ ਨੂੰ ਸਮਝਣ ਦੀ ਬੌਧਿਕ ਸਮਰੱਥਾ ਅਤੇ ਇਸ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੇ ਪਦਾਂ ਬਾਰੇ ਨਰੋਈ ਸਮਝ ਦੀ ਪ੍ਰਮਾਣਕਤਾ ਨੂੰ ਪੇਸ਼ ਕਰਦਾ ਹੈ, ਜਿਸ ਨੂੰ ਵਡਿਆਉਂਦਿਆਂ ਦੂਜੇ ਐਡੀਸ਼ਨ ਦੀ 'ਭੂਮਿਕਾ' ਵਿਚ ਪੂਰਨ ਸਿੰਘ ਲਿਖਦਾ ਹੈ :

> ਹੁਣ ਇਹ ਇਕ ਪੂਰਨ ਗ੍ਰੰਥ ਬਣ ਗਿਆ ਹੈ, ਕਠਨ ਪਦ ਤਕਰੀਬਨ ਸਾਰੇ ਆ ਗਏ ਹਨ। ਉਨ੍ਹਾਂ ਦੇ ਅਰਥ ਤੇ ਵਿਤਪਤੀਆਂ ਅਰਥਾਤ ਲਫ਼ਜ਼ਾਂ ਦੀਆਂ ਅਸਲਾਂ ਦੇ ਕੇ ਮਾਨੋਂ ਇਕ ਸਾਗਰ ਨੂੰ ਗੰਗਾ ਸਾਗਰ ਵਿਚ ਪਾ ਕੇ ਦਿਖਾ ਦਿੱਤਾ ਹੈ। ਆਦਮੀ ਅਸਚਰਜ ਹੁੰਦਾ ਹੈ ਕਿ ਕਿਸ ਤਰ੍ਹਾਂ ਇਕ ਇਕੱਲੇ ਆਦਮੀ ਨੇ ਆਪਣੇ ਅੰਦਰੋਂ ਇੰਨੀ ਜਵਾਹਰਾਤੀ ਪਰਖ, ਇੰਨੀ ਵਿਸ਼ਾਲ ਤੇ ਗੂੜ੍ਹੀ ਵਾਕਫ਼ੀਅਤ, ਇੰਨੀ ਹਰ ਪਾਸੇ ਤੇ ਹਰ ਤਰ੍ਹਾਂ ਦੀ ਇਲਮੀਅਤ, ਕੀ ਹਿੰਦੂ ਸ਼ਾਸਤਰਾਂ ਦੀ, ਕੀ ਪੱਛਮੀ ਫਲਸਫੇ ਦੀ, ਕੀ ਯੋਗ ਸੂਤਰਾਂ ਦੀ, ਆਤਮਿਕ ਵਿੱਦਿਆ ਤੇ ਉਹਦੇ ਅਨੁਭਵ ਤੇ ਗੁਰਸਿੱਖੀ ਦੀ -ਕੀ ਇਤਿਹਾਸ ਦੀ ਜਾਤੀ ਖੋਜ, ਕੀ Folklore ਪਰੰਪਰਾ, ਕਹਾਣੀ ਦੀ ਬਾਰੀਕਬੀਨੀ, ਕੀ ਸਿੱਖੀ ਆਦਰਸ਼ਾਂ ਦੇ ਮੁਕਾਬਲੇ ਦੀ ਮਜ਼ਹਬੀ ਤਲਾਸ਼, Comparative Religion ਦੇ ਨੁਕਤੇ ਥੀਂ ਸਾਰੀ ਉਮਰ ਜਮ੍ਹਾਂ ਕੀਤੇ ਨੁਕਤੇ ਤੇ ਅਰਥ ਤੇ ਤਜਰਬੇ ਮੇਲ ਮੇਲ, ਮਣੀਆਂ ਦੇ ਹਾਰਾਂ ਵਤ ਪ੍ਰੋ ਪ੍ਰੋ ਧਰੇ ਹਨ।
>
> (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭੂਮਿਕਾ, ਪੰਨਾ-ੲ)

ਗੁਰੂ ਗ੍ਰੰਥ ਸਾਹਿਬ ਮੱਧਕਾਲੀ ਸਮੇਂ ਦੀਆਂ ਭਾਸ਼ਾਵਾਂ ਅਤੇ ਉਸ ਸਮੇਂ ਤੱਕ ਵਿਕਸਿਤ ਹੋਈਆਂ ਸਮੂਹ ਧਾਰਮਿਕ ਸੰਪ੍ਰਦਾਵਾਂ ਦੀਆਂ ਭਾਸ਼ਾਵਾਂ ਦਾ ਇਕ ਤਰ੍ਹਾਂ ਨਾਲ ਮਹਾਂਕੋਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕਿਸੇ ਵੀ ਤਰ੍ਹਾਂ ਦਾ ਕੋਸ਼

ਤਿਆਰ ਕਰਨ ਤੋਂ ਪਹਿਲਾਂ ਕੋਸ਼ਕਾਰ ਕੋਲੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਸ ਨੂੰ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਪੰਜਾਬੀ, ਅਰਬੀ, ਫ਼ਾਰਸੀ ਤੇ ਸਾਧ ਭਾਸ਼ਾ ਆਦਿ ਉੱਤੇ ਡੂੰਘੇਰੀ ਪਕੜ ਦੇ ਨਾਲ-ਨਾਲ ਧਰਮ ਸ਼ਾਸਤਰਾਂ ਅਤੇ ਉਸ ਸਮੇਂ ਦੇ ਪ੍ਰਚਲਿਤ ਸਮੂਹ ਧਰਮਾਂ ਬਾਰੇ ਵੀ ਡੂੰਘੇਰੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਹੀ ਉਹ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਤੇ ਰੂਹਾਨੀ ਗ੍ਰੰਥ ਦੀ ਸ਼ਬਦਾਵਲੀ ਬਾਰੇ ਕੋਸ਼ ਤਿਆਰ ਕਰਨ ਦੇ ਸਮਰੱਥ ਹੋ ਸਕਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਭਾਸ਼ਾਵਾਂ ਅਤੇ ਸੰਕਲਪਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਜਿਹੇ ਮਹਾਨ ਗ੍ਰੰਥ ਵਿਚਲੀ ਸ਼ਬਦਾਵਲੀ 'ਤੇ ਆਧਾਰਿਤ ਕਿਸੇ ਕੋਸ਼ ਦੀ ਨਿਰਮਾਣਕਾਰੀ ਦਾ ਕਾਰਜ ਵਾਸਤਵ ਵਿਚ ਅੰਤਰ-ਅਨੁਸ਼ਾਸਨੀ ਹੈ ਜਿਸ ਨੂੰ ਸਫਲਤਾਪੂਰਵਕ ਸੰਸਥਾਈ ਪੱਧਰ ਉੱਤੇ ਕੀਤੇ ਜਾਣ ਦੀ ਲੋੜ ਹੁੰਦੀ ਹੈ। ਪਰੰਤੂ ਇਹ ਵਿਅਕਤੀਗਤ ਪੱਧਰ ਉਤੇ ਕੀਤਾ ਕਾਰਜ ਭਾਈ ਵੀਰ ਸਿੰਘ ਵਰਗੇ ਵਿਦਵਾਨ ਵਿਅਕਤੀ ਦਾ ਹੀ ਹੋ ਸਕਦਾ ਹੈ, ਜੋ ਇਕ ਵਿਅਕਤੀ ਨਹੀਂ ਸਗੋਂ ਸੰਸਥਾ ਵਜੋਂ ਸਾਹਮਣੇ ਆਉਂਦਾ ਹੈ।

ਕਿਸੇ ਵੀ ਭਾਸ਼ਾ ਦੇ ਵਿਕਾਸ ਅਤੇ ਉਸ ਦੇ ਜਿਉਂਦੇ ਰਹਿਣ ਲਈ ਮੁਢਲੀ ਅਤੇ ਬੁਨਿਆਦੀ ਲੋੜ ਉਸ ਵਿਚਲੀ ਸ਼ਬਦਾਵਲੀ ਦੀ ਅਮੀਰੀ ਉੱਤੇ ਨਿਰਭਰ ਕਰਦੀ ਹੈ ਅਤੇ ਇਸ ਨੂੰ ਪੂਰਾ ਕਰਨ ਵਿਚ ਉਸ ਭਾਸ਼ਾ ਦੇ ਕੋਸ਼ਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਭਾਰਤ ਵਿਚ ਕੋਸ਼ਕਾਰੀ ਦੀ ਪਰੰਪਰਾ ਸੰਸਾਰ ਦੀਆਂ ਪ੍ਰਾਚੀਨਤਮ ਪਰੰਪਰਾਵਾਂ ਵਿਚੋਂ ਮੋਢੀ ਥਾਂ ਦੀ ਧਾਰਨੀ ਹੈ। ਸੰਸਕ੍ਰਿਤ ਵਿਚ ਪ੍ਰਾਚੀਨ ਧਾਰਮਿਕ ਗ੍ਰੰਥਾਂ ਦੇ ਔਖੇ ਸ਼ਬਦਾਂ ਦੇ ਅਰਥ ਦੇਣ ਨਾਲ ਕੋਸ਼ਕਾਰੀ ਦੇ ਪ੍ਰਾਰੰਭਿਕ ਸਰੂਪ ਦਾ ਆਗਾਜ਼ ਮੰਨਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਇਕੱਤਰ ਕਰ ਕੇ ਸ਼ਬਦ-ਸੂਚੀਆਂ ਬਣਾਈਆਂ ਗਈਆਂ ਜਿਨ੍ਹਾਂ ਨੂੰ ਨਿਘੰਟੂ ਕਿਹਾ ਗਿਆ। ਪਰ ਪੰਜਾਬੀ ਵਿਚ ਕੋਸ਼ਕਾਰੀ ਦੀ ਪਰੰਪਰਾ ਬਹੁਤ ਪੁਰਾਣੀ ਨਹੀਂ, ਇਸ ਦਾ ਆਰੰਭ 16ਵੀਂ ਸਦੀ ਤੋਂ ਹੱਥ ਲਿਖਤਾਂ ਦੇ ਮੁਸ਼ਕਿਲ ਸ਼ਬਦਾਂ ਦੇ ਅਰਥ ਦੇਣ ਤੋਂ ਹੀ ਹੁੰਦਾ ਹੈ ਜਿਨ੍ਹਾਂ ਨੂੰ 'ਪ੍ਰਯਾਯ' ਕਿਹਾ ਗਿਆ ਹੈ। ਇਹ ਮੁੱਢਲੇ ਹੱਥ-ਲਿਖਤ ਕੋਸ਼ ਅਸਲ ਵਿਚ ਸੰਸਕ੍ਰਿਤ ਕੋਸ਼ਾਂ ਦੇ ਗੁਰਮੁਖੀ ਲਿਪੀ ਵਿਚ ਕੀਤੇ ਰੂਪਾਂਤਰਨ ਹੀ ਹਨ। ਜਿਨ੍ਹਾਂ ਦਾ ਨਿਰਮਾਣ ਨਾ ਤਾਂ ਆਧੁਨਿਕ ਕੋਸ਼-ਵਿਗਿਆਨਕ ਸਿਧਾਂਤਾਂ ਅਨੁਸਾਰ ਹੋਇਆ ਹੈ ਅਤੇ ਨਾ ਹੀ ਇਨ੍ਹਾਂ ਦੇ ਅੰਦਰਾਜਾਂ ਦੀ ਤਰਤੀਬ ਅੱਖਰ-ਕ੍ਰਮ ਅਨੁਸਾਰ ਰੱਖੀ ਗਈ ਹੈ। ਇਨ੍ਹਾਂ ਕੋਸ਼ਾਂ ਵਿਚ ਜਿਆਦਾ ਜ਼ੋਰ ਮੁੱਖ ਸ਼ਬਦ ਦੇ ਪਰਿਆਇ ਦੇਣ ਤੱਕ ਹੀ ਸੀਮਤ ਹੈ। ਪੰਜਾਬੀ ਕੋਸ਼ਕਾਰੀ ਦੇ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਨਾਲ ਸੰਬੰਧਿਤ ਕੋਸ਼ਾਂ ਦਾ ਮਹੱਤਵਪੂਰਨ ਸਥਾਨ ਹੈ। 18ਵੀਂ ਸਦੀ ਦੇ ਪਿਛਲੇ ਅੱਧ ਵਿਚ ਗੁਰਬਾਣੀ ਨਾਲ ਸੰਬੰਧਿਤ ਕੋਸ਼ਾਂ ਦੀ ਸਿਰਜਣਾ ਦਾ ਆਰੰਭ ਸ਼ਬਦ-ਸੰਗ੍ਰਹਿਆਂ ਜਾਂ ਅਰਥ-ਸੂਚੀਆਂ ਦੇ ਰੂਪ ਵਿਚ ਹੋਇਆ ਮੰਨਿਆ ਜਾਂਦਾ ਹੈ ਜਿਹੜੇ 'ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ' ਨਾਂ ਨਾਲ ਹੱਥ ਲਿਖਤ ਖਰੜਿਆਂ ਦੇ ਰੂਪ ਵਿਚ ਪ੍ਰਾਪਤ ਹਨ। 'ਪ੍ਰਯਾਯ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਮਾਨ-ਅਰਥਵਾਚੀ ਸ਼ਬਦ ਜਿਵੇਂ ਆਬ-ਜਲ; ਅਗਨਿ-ਆਤਸ਼; ਹਵਾ-ਪਵਨ ਆਦਿ। ਇਨ੍ਹਾਂ 'ਪ੍ਰਯਾਯ' ਕੋਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਦੇ ਅਰਥ ਦੇਣ ਸਮੇਂ ਕੇਵਲ ਸ਼ਬਦ ਦੇ ਬਰਾਬਰ ਇਕ ਪ੍ਰਯਾਯ ਜਾਂ ਸਮਾਨਾਰਥਕ ਸ਼ਬਦ ਹੀ ਦਿੱਤਾ ਗਿਆ ਹੈ, ਜਿਵੇਂ ਅਸਥੀ ॥ ਹੱਡੀ; ਕਿਵ ॥ ਕਿਸ ਤਰ੍ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ ਦੀ ਪਰੰਪਰਾ ਪੰਜਾਬੀ ਸਾਹਿਤ ਦੀ ਇਕ ਮਹਾਨ ਪਰੰਪਰਾ ਹੈ। ਪੰਜਾਬੀ ਵਿਚ ਵਿਧੀ ਪੂਰਵਕ ਤਿਆਰ ਕੀਤੇ ਕੋਸ਼ ਭਾਵੇਂ ਈਸਾਈ ਮਿਸ਼ਨਰੀਆਂ ਦੇ ਯਤਨਾਂ ਸਦਕਾ ਆਧੁਨਿਕ ਰੂਪ ਵਿਚ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ, ਪਰ ਅਧਿਆਤਮਿਕ ਖੇਤਰ ਵਿਚ ਇਹ ਪਰੰਪਰਾ ਪੁਰਾਤਨ ਕਾਲ ਤੋਂ ਹੀ ਪ੍ਰਚਲਤ ਸੀ। ਗੁਰਬਾਣੀ ਨਾਲ ਸੰਬੰਧਿਤ 1872 ਵਿਚ ਰਣ ਸਿੰਘ ਬੇਦੀ ਦਾ 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ', 1887 ਵਿਚ ਚੰਦਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਿਯਾਇ', 1888 ਵਿਚ ਮੇਲਾ ਸਿੰਘ ਦਾ 'ਪ੍ਰਿਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ' (ਅਪੂਰਣ) ਆਦਿ ਪ੍ਰਾਪਤ ਹੁੰਦੇ ਹਨ। ਇਸ ਤੋਂ ਬਿਨਾਂ ਪੰਡਿਤ ਤਾਰਾ ਸਿੰਘ ਨਰੋਤਮ ਦਾ 'ਗੁਰੂ ਗਿਰਾਰਥ ਕੋਸ਼' 1895 ਵਿਚ ਪ੍ਰਕਾਸ਼ਿਤ ਹੋਇਆ ਜਿਹੜਾ ਛੰਦਬਧ ਰੂਪ ਵਿਚ ਰਚਿਆ ਗਿਆ। ਪਰ ਬਾਅਦ ਵਿਚ ਪ੍ਰਯੋਗਕਰਤਿਆਂ ਦੀ ਸੌਖ ਲਈ ਜੋਤਸ਼ੀ ਪ੍ਰਤਾਪ ਸਿੰਘ ਨੇ ਇਸ ਨੂੰ ਸਾਦੀ ਭਾਸ਼ਾ ਵਿਚ ਵਾਰਤਕ ਰੂਪ ਵਿਚ ਰਚਿਆ। ਕਵੀ ਬਿਸ਼ਨਦਾਸ ਉਦਾਸੀ ਦਾ ਕੋਸ਼





'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1899 ਈ., ਗਿਆਨੀ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' 1899 ਅਤੇ ਇਸ ਦਾ ਸੋਧਿਆ ਸੰਸਕਰਣ ਭਾਈ ਵੀਰ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' 1927, ਭਾਈ ਕਾਨ੍ਹ ਸਿੰਘ ਨਾਭਾ ਦਾ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' 1930, ਪਿਆਰਾ ਸਿੰਘ ਪਦਮ ਦਾ ਇਕ 'ਗੁਰਬਾਣੀ ਕੋਸ਼' 1960 ਅਤੇ ਦੂਜਾ 'ਗੁਰੂ ਗ੍ਰੰਥ ਸੰਕੇਤ ਕੋਸ਼' 1977 ਆਦਿ ਗੁਰਬਾਣੀ ਨਾਲ ਸੰਬੰਧਿਤ ਮਹੱਤਵਪੂਰਨ ਕੋਸ਼ ਹਨ।

ਗੁਰਬਾਣੀ ਅਤੇ ਗੁਰਮਤਿ ਸਾਹਿਤ ਬਾਰੇ ਅਨੇਕ ਕੋਸ਼, ਟੀਕੇ ਅਤੇ ਮਹਾਤਮ ਸਮੇਂ-ਸਮੇਂ ਸਿਰ ਸੰਪਰਦਾਵਾਂ ਦੇ ਮਨਸ਼ਿਆਂ ਅਨੁਸਾਰ ਰਚੇ ਜਾਂਦੇ ਰਹੇ ਹਨ ਅਤੇ ਇਨ੍ਹਾਂ ਕੋਸ਼ਾਂ ਦਾ ਮੂਲ ਮਨੋਰਥ ਗੁਰਬਾਣੀ ਦਾ ਪਾਠ ਕਰਨ ਵਾਲੇ ਸਾਧਾਰਨ ਸਿੱਖਾਂ ਅਤੇ ਕਥਾ-ਵਾਚਕਾਂ ਲਈ ਗੁਰਬਾਣੀ ਦੇ ਸ਼ਬਦਾਂ ਦੇ ਸਰਲ ਭਾਸ਼ਾ ਵਿਚ ਅਰਥ ਅਤੇ ਭਾਵ ਦੱਸਣਾ ਸੀ। ਪਰ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵੱਡਾ ਪਰਿਵਰਤਨ ਅਸਲ ਵਿਚ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਾਬਜ਼ ਹੋਣ ਉਪਰੰਤ ਆਇਆ, ਕਿਉਂਕਿ ਈਸਾਈ ਮਿਸ਼ਨਰੀਆ ਨੂੰ ਆਪਣੇ ਧਰਮ ਦੇ ਪ੍ਰਚਾਰ ਲਈ ਅਤੇ ਅੰਗਰੇਜ਼ ਸ਼ਾਸਕਾਂ ਨੂੰ ਆਪਣੇ ਦੇਸੀ ਕਰਮਚਾਰੀਆਂ ਅਤੇ ਆਮ ਲੋਕਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦੇ ਸਮਾਜ-ਸਭਿਆਚਾਰ ਨੂੰ ਸਮਝਣ ਲਈ ਪੰਜਾਬੀ ਭਾਸ਼ਾ ਨੂੰ ਸਮਝਣਾ ਜ਼ਰੂਰੀ ਸੀ। ਇਉਂ ਪ੍ਰਸ਼ਾਸਕੀ, ਧਾਰਮਿਕ, ਸਭਿਆਚਾਰਕ ਅਤੇ ਸਮਾਜਕ ਲੋੜਾਂ ਦੀ ਪੂਰਤੀ ਨੇ ਪੰਜਾਬੀ ਕੋਸ਼ਕਾਰੀ ਦੇ ਨਿਰਮਾਣ ਦੀ ਲੋੜ ਨੂੰ ਪੈਦਾ ਕੀਤਾ ਅਤੇ ਫੌਰੀ ਲੋੜਾਂ ਦੀ ਪੂਰਤੀ ਲਈ ਦੁਭਾਸ਼ੀ ਕੋਸ਼ਾਂ ਨੂੰ ਪ੍ਰਕਾਸ਼ਿਤ ਕਰਨ ਲਈ ਛਾਪਾਖਾਨਾ ਹੋਂਦ ਵਿਚ ਆਇਆ।

ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ ਗੁਰਬਾਣੀ ਦਾ ਪਹਿਲਾ ਕੋਸ਼ 'ਆਦਿ ਗ੍ਰੰਥ ਦਾ ਕੋਸ਼' 1887 ਈ. ਵਿਚ ਪ੍ਰਕਾਸ਼ਿਤ ਹੋਇਆ ਅਤੇ 1887 ਈ. ਤੋਂ 1981 ਈ. ਦੌਰਾਨ ਗੁਰਬਾਣੀ ਦੇ ਵੱਖੋ-ਵੱਖਰੇ ਕੋਸ਼ਾਂ ਦੀ ਸਿਰਜਣਾ ਹੁੰਦੀ ਰਹੀ। ਇਸ ਪਰਚੇ ਵਿਚ ਅਸੀਂ 1899 ਈ. ਵਿਚ ਗਿਆਨੀ ਹਜ਼ਾਰਾ ਸਿੰਘ ਦੁਆਰਾ ਸਿਰਜੇ ਅਤੇ 1927 ਵਿਚ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਅਤੇ ਵਿਸਥਾਰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਸੰਦਰਭ ਵਿਚ ਭਾਈ ਵੀਰ ਸਿੰਘ ਦੇ ਪੰਜਾਬੀ ਕੋਸ਼ਕਾਰੀ ਵਿਚ ਦਿੱਤੇ ਮਹੱਤਵਪੂਰਨ ਯੋਗਦਾਨ ਅਤੇ ਇਸ ਕੋਸ਼ ਦਾ ਕੋਸ਼-ਵਿਗਿਆਨਕ ਨਜ਼ਰੀਏ ਤੋਂ ਅਧਿਐਨ ਕਰਨ ਦਾ ਯਤਨ ਕਰਾਂਗੇ ਜਿਸ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਗੁਰਬਾਣੀ ਨਾਲ ਸੰਬੰਧਿਤ ਹੱਥ-ਲਿਖਤ ਤੇ ਪ੍ਰਕਾਸ਼ਿਤ ਕੋਸ਼ਾਂ ਦੀ ਗੌਲਣਯੋਗ ਪਰੰਪਰਾ ਮੌਜੂਦ ਸੀ।

ਇਸ ਕੋਸ਼ ਦੀ ਪਹਿਲੀ ਐਡੀਸ਼ਨ ਦੀ ਭੂਮਿਕਾ ਵਿਚ ਇਸ ਕੋਸ਼ ਦੇ ਪ੍ਰਕਾਸ਼ਕ ਨੇ ਇਸ ਨੂੰ ਸਿਰਜਣ ਦੇ ਪਿਛੋਕੜ, ਸੰਪਾਦਨ ਵਿਧੀ ਅਤੇ ਕੋਸ਼ ਵਿਚ ਵਰਤੇ ਸੰਕੇਤਾਂ ਦਾ ਵੇਰਵਾ ਦਰਜ ਕੀਤਾ ਹੈ। ਫਿਰ ਇਸ ਦੀ ਦੂਜੀ ਐਡੀਸ਼ਨ ਜੋ ਪਹਿਲੇ ਤੋਂ ਤਿੰਨ ਗੁਣਾਂ ਵੱਡੇ ਅਕਾਰ ਵਿਚ ਪ੍ਰਕਾਸ਼ਿਤ ਹੋਈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਔਖੇ ਪਦ, ਉਨ੍ਹਾਂ ਦੇ ਅਰਥ, ਵਿਉਤਪਤੀ, ਵਿਆਕਰਣਕ ਸੂਚਨਾ, ਰਾਗਮਾਲਾ ਅਤੇ ਗੁਰਮਤਿ ਸੰਗੀਤ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

ਹਰੇਕ ਪੰਨੇ ਦੇ ਦੋ ਕਾਲਮ ਬਣਾਏ ਗਏ ਹਨ। ਹਰੇਕ ਪੰਨੇ ਦੇ ਉਪਰ ਖੱਬੇ ਅਤੇ ਸੱਜੇ ਕੋਨੇ ਉੱਤੇ ਪਹਿਲੇ ਅਤੇ ਅੰਤਿਮ ਅੰਦਰਾਜ ਦੇ ਮੁੱਖ ਸ਼ਬਦ ਨੂੰ ਅੰਕਿਤ ਕੀਤਾ ਗਿਆ ਹੈ। ਹਰੇਕ ਅੰਦਰਾਜ ਨੂੰ ਮੋਟੇ ਅੱਖਰਾਂ ਵਿਚ ਦਰਜ ਕੀਤਾ ਗਿਆ ਹੈ। ਮੁੱਖ ਅੰਦਰਾਜ ਦੇਣ ਮਗਰੋਂ ਵੱਡੀਆਂ ਬ੍ਰੈਕਟਾਂ ਵਿਚ ਉਸ ਪਦ ਦੇ ਵਿਆਕਰਨਕ ਰੂਪ ਦਾ ਸੰਕੇਤਕ ਵੇਰਵਾ ਅਤੇ ਨਿਰੁਕਤੀ ਅਰਥਾਤ ਜਿਸ ਭਾਸ਼ਾ ਨਾਲ ਉਹ ਪਦ ਸੰਬੰਧਿਤ ਹੈ ਉਸ ਦਾ ਸੰਕੇਤ ਦਿੱਤਾ ਗਿਆ ਹੈ, ਫਿਰ ਉਸ ਅੰਦਰਾਜ ਦੇ ਸਰਲ ਭਾਸ਼ਾ ਵਿਚ ਅਰਥ ਦੱਸੇ ਗਏ ਹਨ। ਇਨ੍ਹਾਂ ਦੋਹਾਂ ਵਿਚਕਾਰ ਡੰਡੀ ( । ) ਪਾਈ ਗਈ ਹੈ। ਉਸ ਤੋਂ ਬਾਅਦ ਗੁਰਬਾਣੀ ਦੀ ਤੁਕ ਦੇ ਕੇ ਸੌਖ ਲਈ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ ਵੀ ਦਿੱਤਾ ਗਿਆ ਹੈ। ਇਕ ਤੋਂ ਵਧੇਰੇ ਅਰਥਾਂ ਨੂੰ ਦਰਸਾਉਣ ਲਈ ਕ੍ਰਮ ਅੰਕ 1, 2, 3 ਪਾਏ ਗਏ ਹਨ ਤਾਂ ਕਿ ਪ੍ਰਯੋਗਕਰਤਾ ਨੂੰ ਸੰਕਲਪਾਂ ਨੂੰ ਸਮਝਣ ਵਿਚ ਔਖ ਮਹਿਸੂਸ ਨਾ ਹੋਵੇ। ਜਿਵੇਂ :

**ਹਾਰ** [ਸਂ: । ਸੰਸਕ੍ਰਿਤ] 1. ਜਿਤ ਨਾ ਹੋਣੀ, ਸ਼ਿਕਸਤ, ਘਾਟੇ ਵਾਲਾ ਪਾਸਾ।

ਯਥਾ- 'ਹਾਰ ਜੂਆਰ ਜੂਆ ਬਿਧੇ' (212), ਜੁਆਰੀਏ ਨੂੰ ਜੂਏ ਵਿਚ ਹਾਰ ਦੀ ਬਿਧੀ ਹੁੰਦੀ ਹੈ।

2. [ਸੰਸਕ੍ਰਿਤ, ਹਾਰ=] ਮੋਤੀ ਮਾਲਾ। ਯਥਾ- 'ਬਿਨੁ ਤਾਗੇ ਗਲਿ ਹਾਰ' (786)।

3. [ਅ:[1] ਪੰਜਾਬੀ] ਵਾਲਾ। ਯਥਾ- 'ਰਾਮ ਭਗਤ ਕੇ ਪਾਨੀ ਹਾਰ' (865), ਪਰਮੇਸ਼ਵਰ ਦੇ ਭਗਤ ਪਾਣੀ (ਭਰਨ) ਵਾਲੇ ਹਨ, ਭਾਵ ਦਾਸ ਹਨ (ਕਾਮਾਦੀ)। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ 142)

ਇਸ ਕੋਸ਼ ਦੇ ਮੁੱਖ ਅੰਦਰਾਜਾਂ ਵਾਲੇ 621 ਪੰਨੇ ਹਨ। ਪਰ 622 ਤੋਂ ਲੈ ਕੇ 653 ਪੰਨੇ ਤੱਕ 'ਗੁਰਮਤਿ ਸੰਗੀਤ ਰਾਗਮਾਲਾ' ਅਧੀਨ ਬਹੁਤ ਹੀ ਵਿਸਤਾਰ ਵਿਚ 31 ਰਾਗਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕੋਸ਼ ਦਾ ਮੂਲ ਮਨੋਰਥ ਭਾਵੇਂ ਸ਼ਬਦਾਂ ਦੇ ਅਰਥ ਜਾਣਨ ਲਈ ਕੀਤਾ ਜਾਂਦਾ ਹੈ ਪਰ ਦੁਭਾਸ਼ੀ ਕੋਸ਼ਾਂ ਦੇ ਮੁਕਾਬਲੇ ਸਮਭਾਸੀ ਕੋਸ਼ਾਂ ਦੀ ਵਰਤੋਂ ਸਹੀ ਸ਼ਬਦ-ਜੋੜ, ਵਿਆਕਰਣਕ ਸੂਚਨਾ, ਅਰਥ ਅਤੇ ਅਰਥਾਂ ਦੀਆਂ ਵਿਭਿੰਨ ਪਰਤਾਂ ਅਤੇ ਉਨ੍ਹਾਂ ਦੇ ਉਚਿਤ ਸੰਦਰਭ ਵਿਚ ਵਰਤੋਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨ ਲਈ ਸਮਭਾਸ਼ੀ ਕੋਸ਼ ਲਾਹੇਵੰਦ ਸਮਝੇ ਜਾਂਦੇ ਹਨ। ਸਮਭਾਸ਼ੀ ਕੋਸ਼ਾਂ ਵਿਚ ਮੁੱਖ ਸ਼ਬਦ ਨੂੰ ਵਿਆਖਿਆ ਦੀ ਵਿਧੀ ਰਾਹੀਂ ਹੀ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਇਹ ਵਿਧੀ ਜ਼ਿਆਦਾ ਕਾਰਗਰ ਵੀ ਮੰਨੀ ਜਾਂਦੀ ਹੈ, ਭਾਵੇਂ ਬਹੁਤੇ ਸਮਭਾਸ਼ੀ ਕੋਸ਼ਾਂ ਵਿਚ ਮੁੱਖ ਸ਼ਬਦ ਦਾ ਪਰਿਆਇ ਦੇ ਕੇ ਹੀ ਸਾਰ ਲਿਆ ਜਾਂਦਾ ਹੈ, ਪਰ ਸਭ ਤੋਂ ਉੱਤਮ ਵਿਧੀ ਵਿਆਖਿਆ ਦੀ ਹੀ ਮੰਨੀ ਜਾਂਦੀ ਹੈ।

ਗੁਰਬਾਣੀ ਨਾਲ ਸੰਬੰਧਿਤ ਕੋਸ਼ਾਂ ਵਿਚ ਵਿਆਖਿਆਮਈ ਵਿਧੀ ਰਾਹੀਂ ਹੀ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਨੂੰ ਸਰਲ ਭਾਸ਼ਾ ਵਿਚ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ। ਕਿਸੇ ਵੀ ਕੋਸ਼ ਦਾ ਕੋਸ਼-ਵਿਗਿਆਨਕ ਅਧਿਐਨ ਕਰਨ ਵੇਲੇ ਕੋਸ਼ ਵਿਚ ਪ੍ਰਾਪਤ ਸਮੱਗਰੀ ਨੂੰ ਦੋ ਭਾਗਾਂ ਵਿਚ ਵੰਡ ਕੇ ਅਧਿਐਨ ਕਰਨ ਦਾ ਯਤਨ ਕੀਤਾ ਜਾਂਦਾ ਹੈ। ਪਹਿਲੇ ਭਾਗ ਨੂੰ ਅੰਗਰੇਜ਼ੀ ਵਿਚ ਲੈਮਾ ਕਹਿੰਦੇ ਹਨ, ਜਿਸ ਦੇ ਅੰਤਰਗਤ ਮੁੱਖ ਸ਼ਬਦ, ਸ਼ਬਦ-ਜੋੜ ਅਤੇ ਉਚਾਰਨ, ਵਿਆਕਰਣਕ ਸੂਚਨਾ ਅਤੇ ਭਾਸ਼ਾ ਜਾਂ ਕੋਸ਼ੀ ਇਕਾਈ ਦੇ ਲਖਾਇਕ ਸ਼ਬਦ ਆਉਂਦੇ ਹਨ। ਦੂਜਾ ਭਾਗ ਅਰਥਗਤ ਸੰਰਚਨਾ ਨਾਲ ਸੰਬੰਧਿਤ ਹੁੰਦਾ ਹੈ। ਇਸ ਦੇ ਅੰਤਰਗਤ ਅਰਥ (ਪਰਿਭਾਸ਼ਾ, ਵਰਣਨ ਜਾਂ ਵਿਆਖਿਆ), ਦ੍ਰਿਸ਼ਟਾਂਤੀ ਉਦਾਹਰਣ ਅਤੇ ਚਿੱਤਰ ਆਦਿ, ਵਿਉਤਪੰਨ ਸ਼ਬਦ, ਵਾਕਾਂਸ਼, ਮੁਹਾਵਰੇ, ਅਖੌਤਾਂ, ਨਿਰੁਕਤੀ ਆਦਿ ਦੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ। ਕੋਸ਼ ਵਿਚ ਪ੍ਰਯੋਗਕਰਤਾ ਦੀ ਸ਼ਬਦ ਲੱਭਣ ਦੀ ਸੌਖ ਲਈ ਕੋਸ਼ ਵਿਚਲੀ ਸਮੁੱਚੀ ਸ਼ਬਦਾਵਲੀ ਨੂੰ ਉਸ ਭਾਸ਼ਾ ਦੇ ਅੱਖਰ-ਕ੍ਰਮ ਮੁਤਾਬਕ ਰੱਖਿਆ ਜਾਂਦਾ ਹੈ। ਇਸ ਪੱਖੋਂ ਜਦੋਂ ਅਸੀਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦਾ ਅਧਿਐਨ ਕਰਦੇ ਹਾਂ ਤਾਂ ਇਸ ਵਿਚ ਗੁਰਮੁਖੀ ਅੱਖਰ-ਕ੍ਰਮ ਵਿਸ਼ੇਸ਼ ਕਰਕੇ ਸੂਰ ਧੁਨੀਆਂ ਨੂੰ ਚਿੰਨ੍ਹਿਤ ਕਰਨ ਵਾਲੇ ਅੱਖਰਾਂ ਦਾ ਕ੍ਰਮ ਬਦਲਿਆ ਗਿਆ ਹੈ। ਸਾਧਾਰਨ ਕੋਸ਼ਾਂ ਵਿਚ ਇਹ ਕ੍ਰਮ ੳ, ਅ, ੲ ਹੁੰਦਾ ਹੈ ਪਰੰਤੂ ਇਸ ਕੋਸ਼ ਵਿਚ ਇਹ ਅੱਖਰ-ਕ੍ਰਮ ਅ, ੲ, ੳ ਰੱਖਿਆ ਗਿਆ ਹੈ। ਪਰ ਵਿਅੰਜਨ ਅੱਖਰਾਂ ਦਾ ਕ੍ਰਮ ਸਾਧਾਰਨ ਪੰਜਾਬੀ ਕੋਸ਼ਾਂ ਵਾਲਾ ਹੀ ਹੈ। ਇਸ ਕੋਸ਼ ਵਿਚ ਅੱਖਰ-ਕ੍ਰਮ ਨੂੰ ਅੱਗੇ ਉਸ ਦੀਆਂ ਲਗਾ-ਮਾਤਰਾਵਾਂ ਦੇ ਕ੍ਰਮ ਅਨੁਸਾਰ ਵੀ ਨਹੀਂ ਰੱਖਿਆ ਗਿਆ। ਇਸ ਲਈ ਅੱਖਰ-ਕ੍ਰਮ ਨੂੰ ਹੀ ਧਿਆਨ ਵਿਚ ਰੱਖ ਕੇ ਕਿਸੇ ਸ਼ਬਦ ਨੂੰ ਲੱਭਿਆ ਜਾ ਸਕਦਾ ਹੈ। ਉਦਾਹਰਣ ਵਜੋਂ:- ਸੁ, ਸੁਆ, ਸੁਆਓ, ਸਆਸਤੁ, ਸੁਆਨ ਆਦਿ ਅੰਦਰਾਜ ਵੇਖੇ ਜਾ ਸਕਦੇ ਹਨ।

ਮੁੱਖ ਅੰਦਰਾਜ ਮੋਟੇ ਅੱਖਰਾਂ ਵਿਚ ਦੇਣ ਤੋਂ ਬਾਅਦ ਬ੍ਰੈਕਟ ਵਿਚ ਉਸ ਸ਼ਬਦ ਦੀ ਵਿਆਕਰਣਕ ਸੂਚਨਾ ਦਿੱਤੀ ਗਈ ਹੈ ਅਤੇ ਫਿਰ ਨਿਰੁਕਤੀ ਲਈ ਮੂਲ ਭਾਸ਼ਾਂ ਦਾ ਨਾਂ ਦਿੱਤਾ ਗਿਆ ਹੈ। ਜਿਵੇਂ :

**ਸਲਿ** [ਸੰ:। ਸੰਸਕ੍ਰਿਤ, ਸਲ=ਜਾਣਾ] [1] ਪੰਜਾਬੀ, ਸੱਲਣਾ=ਵਿੰਨ੍ਹਣਾ।

ਸੰਸਕ੍ਰਿਤ, ਸ਼ੂਲ:= ਪੀੜ] ਪੀੜਾ। ਯਥਾ- 'ਸਲਿ ਬਿਸਲਿ ਆਣ ਤੋਖੀਲੇ ਹਰੀ' (695), ਪੀੜਾ ਦੇ ਨਾਸ ਕਰਨ ਵਾਲੀ ਲਿਆ ਕੇ ਹਰੀ ਨੂੰ ਪ੍ਰਸੰਨ ਕੀਤਾ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ- 126)





'ਸਲਿ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਪੀੜ ਲਿਆ ਗਿਆ ਹੈ। ਪਰ ਅਰਥ ਨੂੰ ਹੋਰ ਸਪਸ਼ਟਤਾ ਨਾਲ ਸਮਝਣ ਲਈ ਇਸ ਦੇ ਵਿਰੋਧੀ ਸ਼ਬਦ 'ਸਲਬਸਲਿ' ਵੱਲ ਵੇਖਣ ਦਾ ਇਸ਼ਾਰਾ ਕੀਤਾ ਗਿਆ ਹੈ। ਜਿਸ ਦਾ ਅਰਥ ਹੈ ਪੀੜ ਜਾਂ ਦੁਖ ਦਾ ਖਾਤਮਾ ਕਰਨ ਵਾਲਾ

**ਸਲਿਬਿਸਲ** [ਸੰ:। ਅਰਬੀ, ਸਲਬ=ਨਸ਼ਟ ਕਰਨਾ, ਨਫ਼ੀ ਕਰਨਾ। ਪੰਜਾਬੀ, ਸਲ=ਪੀੜਾ]

ਬਿ+ਸਲ= ਪੀੜਾ ਬਿਨਾ, ਜੋ ਪੀੜ ਨੂੰ ਦੂਰ ਕਰੇ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ - 127)

ਇਸ ਕੋਸ਼ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜਿਸ ਤੁਕ ਵਿਚੋਂ ਸ਼ਬਦ ਲੈ ਕੇ ਮੁੱਖ-ਅੰਦਰਾਜ ਬਣਾਇਆ ਗਿਆ ਹੈ ਉਸ ਦਾ ਅਰਥ ਦੇਣ ਤੋਂ ਬਾਅਦ ਉਸ ਨੂੰ ਸਹੀ ਪ੍ਰਸੰਗ ਵਿਚ ਸਮਝਣ ਲਈ ਉਸ ਤੁਕ ਨੂੰ ਪੰਨੇ ਸਮੇਤ ਦਰਜ ਕੀਤਾ ਗਿਆ ਹੈ।

ਇਸ ਕੋਸ਼ ਵਿਚ ਹਰ ਮੁੱਖ ਅੰਦਰਾਜ ਦੀ ਵਿਆਕਰਣਕ ਸੂਚਨਾ ਵੀ ਦਰਜ ਕੀਤੀ ਗਈ ਹੈ ਜਿਵੇਂ :

**ਸੂਲਿ** [ਸੰ:। ਸੰਸਕ੍ਰਿਤ], ਸੂਲ= ਕੋਈ ਤਿੱਖੇ ਮੂੰਹ ਵਾਲਾ ਹਥਯਾਰ

1. ਸੂਲੀ, ਇਕ ਤਿੱਖੀ ਲੋਹੇ ਦੀ ਸੀਖ, ਜਿਸ ਪਰ ਦੋਸ਼ੀਆਂ ਨੂੰ ਟੰਗ ਕੇ ਮਾਰਦੇ ਸਨ। ਯਥਾ 'ਜਿਉਂ ਤਸਕਰ ਉਪਰਿ ਸੂਲਿ' (319)

2. [ਸੰਸ:, ਸੂਲ, । ਪੰਜਾਬੀ, ਸੂਲ] ਪੀੜ।

ਮੁੱਖ ਸ਼ਬਦ (ਅੰਦਰਾਜ) ਦਾ ਅਰਥ ਦੇਣ ਤੋਂ ਬਾਅਦ ਅਰਥ ਦੀ ਸਪਸ਼ਟਤਾ ਲਈ ਗੁਰਬਾਣੀ ਦੀ ਤੁਕ ਹਵਾਲੇ ਵਜੋਂ ਦਿੱਤੀ ਗਈ ਹੈ। ਉਚਾਰਨ ਪੱਖੋਂ ਸਮਾਨਤਾ ਰੱਖਣ ਵਾਲੇ ਪਰ ਅਰਥਾਂ ਪੱਖੋਂ-ਭਿੰਨਤਾ ਰੱਖਣ ਵਾਲੀਆਂ ਕੋਸ਼ੀ ਇਕਾਈਆਂ ਨੂੰ ਇਕੋ ਅੰਦਰਾਜ ਅਧੀਨ ਲਿਆ ਗਿਆ ਹੈ ਅਤੇ ਅਰਥ ਨਿਖੇੜੇ ਲਈ 1, 2 ਅੰਕਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਪੰਨਾ ਨੰ. 182 ਉੱਤੇ 'ਕੇਲ' ਮੁੱਖ ਅੰਦਰਾਜ ਨੂੰ ਵੇਖਿਆ ਜਾ ਸਕਦਾ ਹੈ।

**ਕੇਲ** [ਸੰ:। ਸੰਸਕ੍ਰਿਤ]

1. ਖੇਡ ਆਨੰਦ। ਯਥਾ - ਕੇਲ ਕਰੇਂਦੇ ਹੰਝ ਨੋ' (1383) ਦੇਖੋ, ਕੇਲ ਕੇਲਾਲੀ

2. ਕੇਲ [ਸੰਸਕ੍ਰਿਤ, ਕਦਲੀ। ਪ੍ਰਾਕ੍ਰਿਤ, ਕਯਲੀ। ਗੁਜਰਾਤੀ, ਕੇਲ। ਪੰਜਾਬੀ, ਕੇਲਾ] ਕੇਲਾ ਫਲ, ਜੋ ਇਕ ਵੱਡੇ ਚੌੜੇ ਪੱਤੇਦਾਰ ਬੂਟੇ ਨਾਲ ਗੁੱਛਿਆਂ ਵਿਚ ਲੱਗਦਾ ਹੈ। ਇਕ ਪੇੜ ਇਕੋ ਵਾਰ ਫਲ ਦੇਂਦਾ ਹੈ, ਫਲ ਲੰਮੀ ਫਲੀ ਜੇਹੀ ਹੁੰਦੀ ਹੈ, ਬਾਹਰੋਂ ਪੀਲਾ, ਸਾਵਾ ਲਾਲ ਕਈ ਰੰਗ ਦਾ ਹੁੰਦਾ ਹੈ, ਅੰਦਰੋਂ ਮਿੱਠਾ ਗੁੱਦੇਦਾਰ ਹੈ। ਯਥਾ- 'ਮਾਲੀ ਕੇ ਘਰ ਕੇਲ ਆਛੈ' (718), ਮਾਲੀ ਦੇ ਘਰ ਕੇਲਾ ਫਲ ਹੁੰਦਾ ਹੈ।

3. [ਸੰਪ੍ਰਦਾ। ਸੰਸਕ੍ਰਿਤ, ਕੇਲ=ਖੇਡ। ਕ੍ਰਿਸ਼ਨ ਦੇ ਖੇਲਨ ਕਰਕੇ ਉਸ ਦੇ ਖੇਡਣ ਦੀ ਥਾਂ] ਬ੍ਰਿੰਦਾਬਨ। ਯਥਾ - 'ਗੰਗਾ ਜਮੁਨਾ ਕੇਲ, ਕੇਦਾਰਾ' (1022), ਬ੍ਰਿੰਦਾਬਨ ਤੇ ਕੇਦਾਰਾ ਤੀਰਥ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ-182)

ਮੁੱਖ ਅੰਦਰਾਜ ਕੇਲ ਦੇ ਭਿੰਨ-ਭਿੰਨ ਅਰਥ ਸੰਦਰਭਾਂ ਨੂੰ ਇਕੋ ਅੰਦਰਾਜ ਅਧੀਨ 1, 2, 3 ਅੰਕਾਂ ਰਾਹੀਂ ਦਰਸਾਇਆ ਗਿਆ ਹੈ। 'ਕੇਲ' ਸ਼ਬਦ ਨੂੰ ਆਨੰਦ, ਖੇਡਣ, ਫਲ ਅਤੇ ਖੇਡਣ ਵਾਲੀ ਥਾਂ ਦੇ ਅਰਥਾਂ ਵਿਚ ਦਰਸਾਇਆ ਗਿਆ ਹੈ। ਇਨ੍ਹਾਂ ਵਿਚਲੇ ਵਖੇਰੇਵੇਂ ਨੂੰ ਸਪਸ਼ਟ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿੱਚੋਂ ਵੱਖਰੇ-ਵੱਖਰੇ ਹਵਾਲੇ ਦਿੱਤੇ ਗਏ ਹਨ ਤਾਂ ਕਿ ਅਰਥ ਰਲ ਗਡ ਨਾ ਹੋਣ ਅਤੇ ਅਰਥ ਦਾ ਪ੍ਰਯੋਗਕਰਤਾ ਅਰਥ ਸਪਸ਼ਟਤਾ ਵੇਲੇ ਕਿਸੇ ਭੁਲੇਖੇ ਵਿਚ ਨਾ ਪਵੇ।

ਪਰ ਪਹਿਲੇ ਅਰਥ ਤੋਂ ਬਾਅਦ 'ਦੇਖੋ, ਕੇਲ ਕੇਲਾਲੀ' ਦਾ ਸੰਕੇਤ ਦਿੱਤਾ ਗਿਆ ਹੈ ਜਿਸ ਨੂੰ ਵੱਖਰੇ ਮੁੱਖ-ਅੰਦਰਾਜ ਵਜੋਂ ਵੀ ਲਿਆ ਗਿਆ ਹੈ, ਜਿਸ ਦੀ ਵਿਆਕਰਣਕ ਸੂਚਨਾ ਅਤੇ ਨਿਰੁਕਤੀ ਦੇਣ ਤੋਂ ਬਾਅਦ ਅਰਥ 'ਖੇਡ ਖੇਡਣ' ਵਾਲੇ ਵੀ ਦਿੱਤੇ ਹਨ।

ਕੇਲ ਕਲਾਲੀ [ਸਂ: । ਸੰਸਕ੍ਰਿਤ, ਕੇਲ ਖੇਲ। ਪੰਜਾਬੀ, ਕੇਲ+ਆਲੀ = ਖੇਡ ਖੇਡਣ ਵਾਲਾ]

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ - 183)

ਇਸ ਕੋਸ਼ ਦਾ ਇਕ ਮੁੱਖ ਲੱਛਣ ਇਹ ਹੈ ਕਿ ਸਮਅਰਥਤਾ ਵਾਲੇ ਪਰ ਸਮ ਉਚਾਰਨ ਜਾਂ ਵਿਭਿੰਨ ਸ਼ਬਦ-ਜੋੜਾਂ ਵਾਲੇ ਸ਼ਬਦਾਂ ਨੂੰ ਇਕੋ ਮੁੱਖ ਅੰਦਰਾਜ ਅਧੀਨ ਦਰਜ ਕੀਤਾ ਗਿਆ ਹੈ ਜਿਵੇਂ

**ਖੀਰ/ਖੀਰਾ/ਖੀਰੇ** [ਸਂ: । ਸੰਸਕ੍ਰਿਤ, ਕਸੀਰ],

1. ਦੁੱਧ। ਯਥਾ- 'ਨਾਮੁ ਤੁਮਾਰੋ ਖੀਰਾ' (713), ਆਪ ਦਾ ਨਾਮ ਦੁੱਧ ਹੈ ਵ ਦੁੱਧ ਵਤ ਪਾਲਕ ਹੈ। ਤਥਾ- 'ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ' (1266)
2. ਪੰਜਾਬੀ ਵਿਚ ਖੀਰ-ਦੁੱਧ ਤੇ ਚੌਲ ਰਲਾ ਕੇ ਰਿੰਨ੍ਹਿਆ ਹੋਇਆ ਤੇ ਖੰਡ ਪਾ ਕੇ ਮਿੱਠਾ ਕੀਤਾ ਹੋਇਆ ਇਕ ਸੁਾਦੀਕ ਭੋਜਨ ਦਾ ਨਾਮ ਹੈ, ਜਿਸ ਵਿਚ ਕਦੇ ਘਿਉ ਬੀ ਪਾਂਦੇ ਹਨ। ਸੰਸਕ੍ਰਿਤ ਵਿਚ ਇਸ ਖੀਰ ਨੂੰ -ਕਸੈਰੇਯੀ- ਕਹਿੰਦੇ ਹਨ। ਯਥਾ-ਰਸੁ ਅੰਮ੍ਰਿਤ ਖੀਰਿ ਘਿਆਲੀ' (967)
3. [ਸਂ: । ਸੰਸਕ੍ਰਿਤ, ਕਸ਼ੀਰ], ਖੀਰ, ਭਾਵ ਖੀਰ ਸਮੁੰਦਰ। ਯਥਾ-'ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ' (351) (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ 199-200)

ਇਸ ਅੰਦਰਾਜ ਵਿਚ ਤਿੰਨ ਵੱਖ-ਵੱਖ ਸੰਦਰਭਾਂ ਵਿਚ ਵਰਤੇ ਜਾਂਦੇ ਅਤੇ ਵੱਖ-ਵੱਖ ਸ਼ਬਦ-ਜੋੜਾਂ ਵਾਲੇ ਅੰਦਰਾਜਾਂ ਨੂੰ ਇਕੋ ਮੁੱਖ ਅੰਦਰਾਜ ਦੇ ਅੰਤਰਗਤ ਰੱਖਿਆ ਗਿਆ ਹੈ, ਜੋ ਕੋਸ਼ ਵਿਚ ਵਾਧੂ ਵਿਸਤਾਰ ਤੋਂ ਬਚਣ ਲਈ ਵਧੀਆ ਵਿਧੀ ਹੈ। ਪਰ ਕੋਸ਼-ਵਿਗਿਆਨਕ ਨਜ਼ਰੀਏ ਤੋਂ ਇਸ ਨੂੰ ਉਚਿਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਜੇ ਮੂਲ ਸ਼ਬਦਾਂ ਦੀ ਵਿਉਤਪਤੀ ਇਕੋ ਹੋਵੇ ਤਾਂ ਉਨ੍ਹਾਂ ਦੇ ਇਕੋ ਅੰਦਰਾਜ ਅਧੀਨ ਅਰਥ ਦੇ ਦੇਣੇ ਚਾਹੀਦੇ ਹਨ। ਪਰ ਜੇ ਵਿਉਤਪਤੀ ਪੱਖੋਂ ਭਿੰਨਤਾ ਹੋਵੇ ਤਾਂ ਵੱਖਰੇ ਮੁੱਖ ਅੰਦਰਾਜ ਅਧੀਨ ਅਰਥ ਦੇਣੇ ਚਾਹੀਦੇ ਹਨ। ਇਸ ਅੰਦਰਾਜ ਵਿਚ ਇਕ ਅਰਥ ਪਾਲਕ ਜਾਂ ਪਾਲਣਹਾਰੇ ਪ੍ਰਭੂ ਦੇ ਰੂਪ ਵਿਚ ਲਿਆ ਗਿਆ ਹੈ ਕਿ ਜਿਵੇਂ ਛੋਟੇ ਬੱਚੇ ਦੇ ਜੀਵਨ ਦਾ ਆਧਾਰ ਦੁੱਧ ਹੁੰਦਾ ਹੈ। ਦੁੱਧ ਤੋਂ ਬਿਨ੍ਹਾਂ ਉਹ ਜਿਉਂ ਨਹੀਂ ਸਕਦਾ। ਦੁੱਧ ਛੋਟੇ ਬੱਚੇ ਦਾ ਪਾਲਣਹਾਰਾ ਹੁੰਦਾ ਹੈ। ਇਥੇ 'ਖੀਰ' ਅਤੇ 'ਖੀਰਾ' ਇਕੋ ਅਰਥ ਦੇ ਧਾਰਨੀ ਹਨ। ਜਿਸ ਲਈ ਵੱਖਰੇ ਅੰਦਰਾਜ ਬਣਾਉਣ ਦੀ ਜ਼ਰੂਰਤ ਨਹੀਂ।

ਦੂਜੇ ਅਰਥਾਂ ਵਿਚ ਦੁੱਧ, ਚੀਨੀ ਤੇ ਚੌਲਾਂ ਤੋਂ ਬਣਨ ਵਾਲੇ ਭੋਜਨ ਤੋਂ ਲਿਆ ਗਿਆ ਹੈ। ਜੋ ਮਿਠਾਸ ਦਾ ਧਾਰਨੀ ਹੈ। ਅਤੇ ਤੀਜੇ ਅਰਥ ਵਿਚ ਖੀਰ ਦਾ ਭਾਵ ਸਮੁੰਦਰ ਦੀ ਵਿਸ਼ਾਲਤਾ ਹੈ। ਜਿਸ ਵਿਚ ਬਹੁਮੁਲੀਆਂ ਵਸਤਾਂ ਪਈਆਂ ਹਨ ਜੋ ਅਰਥਾਂ ਪੱਖੋਂ ਵੱਖਰਤਾ ਰੱਖਣ ਕਰਕੇ ਵੱਖਰੇ ਅੰਦਰਾਜ ਵਜੋਂ ਲਿਆ ਜਾ ਸਕਦਾ ਸੀ।

ਇਸੇ ਤਰ੍ਹਾਂ ਕੋਸ਼ ਦੇ ਪੰਨਾ 220 ਉੱਤੇ ਗੁਰ/ਗੁਰਿ/ ਗੁਰੂ ਅਤੇ ਪੰਨਾ 276 ਉੱਤੇ ਜਪ/ਜਪਿ/ਜਪੁ ਆਦਿ ਅੰਦਰਾਜਾਂ ਨੂੰ ਵੀ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ।

ਇਸ ਕੋਸ਼ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਵੱਡੀ ਮਾਤਰਾ ਵਿਚ ਅਜਿਹੇ ਮੁੱਖ-ਅੰਦਰਾਜ ਦਿੱਤੇ ਗਏ ਹਨ ਜਿਨ੍ਹਾਂ ਦੇ ਅਰਥਾਂ ਬਾਰੇ ਵਿਆਪਕ ਜਾਣਕਾਰੀ ਮੁਹੱਈਆ ਕਰਵਾਉਣ ਤੋਂ ਬਾਅਦ ਉਨ੍ਹਾਂ ਅੰਦਰਾਜਾਂ ਨਾਲ ਸੰਬੰਧਿਤ ਹੋਰ ਮਹੱਤਵਪੂਰਨ ਜਾਣਕਾਰੀ ਦੇਣ ਅਤੇ ਅਰਥਾਂ ਦੇ ਵਿਸਥਾਰਨ ਅਤੇ ਸਪਸ਼ਟਤਾ ਲਈ 'ਫੁੱਟਨੋਟਾਂ' ਦੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਜੋ ਕੋਸ਼ਕਾਰ ਦੇ ਵਿਸ਼ਾਲ ਗਿਆਨ ਅਤੇ ਵਿਦਵਤਾ ਦੀ ਸਾਖੀ ਭਰਦੀ ਹੈ। ਇਸ ਦਾ ਨਮੂਨਾ ਕੋਸ਼ ਦੇ ਪੰਨਾ 198 ਉੱਤੇ ਖਪਰ/ਖਪਰੀ ਅੰਦਰਾਜ ਵਿਚ ਵੇਖਿਆ ਜਾ ਸਕਦਾ ਹੈ।

**ਖਪਰੁ/ਖਪਰੀ** [ਸਂ: । ਸੰਸਕ੍ਰਿਤ, ਖਰਪਰ। ਪੰਜਾਬੀ, ਖੱਪਰ], ਜੋਗੀਆਂ ਆਦਿਕਾਂ ਦਾ ਮੰਗਣ ਦਾ ਇਕ ਗੋਲ ਜੇਹਾ ਭਾਂਡਾ। ਯਥਾ- 'ਊਂਧਉ ਖਪਰੁ ਪੰਚ ਭੂ ਟੋਪੀ' (939), ਤਥਾ - ਖਲੜੀ ਖਪਰੀ ਲਕੜੀ ਚਮੜੀ (358)





'ਖਪਰੀ' ਸ਼ਬਦ ਨੂੰ ਜੋਗੀਆਂ ਦੇ ਮੰਗਣ ਵਾਲੇ ਭਾਂਡੇ ਦੇ ਅਰਥਾਂ ਵਿਚ ਦੱਸਣ ਤੋਂ ਬਾਅਦ ਇਸ ਸ਼ਬਦ ਦੀ ਹੋਰ ਕਿਸ ਪ੍ਰਸੰਗ ਵਿਚ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ 'ਫੁੱਟਨੋਟ' ਵਿਚ ਵਿਸਤਾਰਿਆ ਗਿਆ ਹੈ ਕਿ 'ਦੇਵੀ ਉਪਾਸ਼ਕ ਖੱਪਰ ਉਸ ਭਾਂਡੇ ਨੂੰ ਕਹਿੰਦੇ ਹਨ ਜਿਸ ਵਿਚ ਦੇਵੀ ਲਹੂ ਭਰ ਕੇ ਪੀਂਦੀ ਹੈ, ਜੋ ਅਕਸਰ ਸਿਰ ਦੀ ਖੋਪਰੀ ਹੁੰਦੀ ਹੈ। ਸੰਸਕ੍ਰਿਤ-ਖਰਪਰ-ਖੋਪਰੀ ਨੂੰ ਬੀ ਕਹਿੰਦੇ ਹਨ, ਸੋ ਖੋਪਰੀ ਤੇ ਖੱਪਰ ਦੁਏ-ਖਰਪਰ-ਪਦ ਤੋਂ ਬਣੇ ਸਹੀ ਹੁੰਦੇ ਹਨ।'

ਇਸੇ ਤਰ੍ਹਾਂ 390 ਪੰਨੇ ਉਤੇ 'ਪੀਕ' ਅੰਦਰਾਜ ਨੂੰ ਵੀ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ।

**ਪੀਕ** [ਸਂ: । ਪੰਜਾਬੀ], 1. ਪ੍ਰੀਤਿ, ਕਿਸੇ ਕੰਮ ਵਿਚ ਅੰਦਰਲੀ ਗੌਂ ਨਾਲ, ਰੁਝਣ ਦੀ ਅਵਸਥਾ। ਯਥਾ-'ਜਿਨਾ ਗੁਰਮੁਖਿ ਖਿਨੁ ਹਰਿ ਪੀਕ' (1336)।

2. [ਕ੍ਰਿ: । ਸੰਸਕ੍ਰਿਤ, ਪੀ=ਪੀਣਾ, ਕੇ, ਪ੍ਰਤੇ] ਪੀਤਾ

ਪਰ ਭਾਈ ਵੀਰ ਸਿੰਘ ਨੇ 'ਪੀਕ' ਸ਼ਬਦ ਦੇ ਇਨ੍ਹਾਂ ਅਰਥਾਂ ਤੋਂ ਬਿਨਾਂ ਹੋਰ ਅਰਥਾਂ ਦੇ ਧਾਰਨੀ ਹੋਣ ਬਾਰੇ ਵੀ 'ਫੁੱਟਨੋਟ' ਵਿਚ ਵਿਸਥਾਰ ਸਹਿਤ ਦੱਸਣ ਦਾ ਯਤਨ ਕੀਤਾ ਹੈ ਕਿ 'ਪੀਕ' ਪਦ ਪੰਜਾਬੀ ਵਿਚ ਬੋਲਿਆ ਜਾਂਦਾ ਹੈ। "ਇਸ ਤੋਂ ਗ਼ਰਜ, ਯਾ ਉਹ ਮੁਰਾਦ ਹੈ ਜੋ ਅੰਗਰੇਜ਼ੀ ਲਫ਼ਜ਼ Interest ਵਿਚ ਹੈ, ਇਉਂ ਬੋਲਦੇ ਹਨ-ਉਹ ਮਾਲ ਬੜੀ ਪੀਕ ਨਾਲ ਵੇਚਦਾ ਹੈ। ਮਾਲੂਮ ਹੁੰਦਾ ਕਿ ਪੀਕ ਪਦ ਦਾ ਜੋ ਪਯਾਰ ਅਰਥਾਂ ਵਿਚ ਆਯਾ ਹੈ ਇਹ ਪੀੜ ਦਾ ਦੂਸਰਾ ਰੂਪ ਹੈ, ਜਿਸ ਤਰ੍ਹਾਂ ਆਖੀਦਾ ਹੈ ਫਲਾਣਾ ਬੜੇ ਦਰਦ ਨਾਲ ਕੰਮ ਕਰਦਾ ਹੈ, ਫਲਾਣਾ ਪੀੜ ਦਾ ਸੌਦਾ ਵੇਚਦਾ ਹੈ। ਦਰਦ ਤੇ ਪੀੜ ਇਕੋ ਅਰਥਾਂ ਵਿਚ ਵਰਤੀਂਦੇ ਹਨ, ਇਸੇ ਤਰ੍ਹਾਂ, ਅੰਗਰੇਜ਼ੀ ਵਿਚ taking great pains ਬੋਲਦੇ ਹਨ। ਹਿੰਦੀ ਵਾਲੇ ਪੀਕ=ਪਾਨ ਖਾਧੇ ਦੀ ਥੁਕ ਤੇ ਰੰਗ ਦੀ ਪਾਹ ਨੂੰ ਕਹਿੰਦੇ ਹਨ। ਪੰਜਾਬੀ ਵਿਚ ਓਹ ਸ਼ੈਅ ਜੋ ਉਤੋਂ ਚੌੜੀ ਤੇ ਹੇਠੋਂ ਤੰਗ ਨਲੀ ਵਾਲੀ ਹੁੰਦੀ ਹੈ, ਜਿਸ ਨਾਲ ਬੋਤਲ ਵਿਚ ਪਾਣੀ, ਤੇਲ ਆਦਿ ਪਾਉਂਦੇ ਹਨ, ਉਸ ਨੂੰ ਬੀ ਪੀਕ ਕਹਿੰਦੇ ਹਨ।"

ਇਸੇ ਤਰ੍ਹਾਂ ਕੋਸ਼ ਦੇ ਪੰਨਾ 535 ਉੱਤੇ 'ਮਾਣ' ਅੰਦਰਾਜ ਨੂੰ ਵੇਖਿਆ ਜਾ ਸਕਦਾ ਹੈ, ਜਿਸ ਦੀ ਬਹੁਅਰਥਕਤਾ ਦਰਸਾਉਣ ਲਈ 1, 2, 3, 4 ਅੰਕਾਂ ਅਧੀਨ ਵੱਖ-ਵੱਖ ਅਰਥ ਸਮਝਾਏ ਗਏ ਹਨ। ਪਰ ਉਸ ਤੋਂ ਬਾਅਦ ਵੀ 'ਫੁੱਟਨੋਟ' ਵਿਚ ਹੋਰ ਵਿਸਥਾਰ ਨਾਲ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਜਿਵੇਂ :

**ਮਾਣ** [ਕ੍ਰਿ: । ਪੰਜਾਬੀ, ਮਾਣਨਾ²=ਭੋਗਣਾ],

1. ਭੋਗ। ਯਥਾ-'ਰੰਗੁ ਮਾਣਿ ਲੈ ਪਿਆਰਿਆ' (23)।
2. [ਸਂ: । ਸੰਸਕ੍ਰਿਤ, ਮਾਨ], ਫਖਰ ਕਰਨ ਦੀ ਟੇਕ, ਆਸਰਾ, ਇੱਜ਼ਤ। ਯਥਾ-'ਤੂੰ ਮੇਰਾ ਬਹੁ ਮਾਣੁ ਕਰਤੇ' (217)
3. [ਸੰਸਕ੍ਰਿਤ, ਮਾਨ=ਆਦਰ ਦੇਣਾ], ਆਦਰ। ਯਥਾ-ਮਾਣੁ ਨਿਮਾਣੇ ਤੂੰ ਧਣੀ' (396)
4. [ਸੰਸਕ੍ਰਿਤ, ਮਾਨ=ਹੰਕਾਰ], ਅਹੰਕਾਰ। ਯਥਾ-'ਜਾ ਤੂੰ ਤਾਂ ਮੈਂ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ (557)

'ਮਾਣ' ਅੰਦਰਾਜ ਦੀ ਭੋਗਣਾ/ਭੋਗਣ/ਮਾਣ/ਇੱਜ਼ਤ, ਫ਼ਖ਼ਰ, ਹੰਕਾਰ ਦੇ ਰੂਪ ਵਿਚ ਬਹੁਅਰਥਕਤਾ ਦਰਸਾਉਣ ਤੋਂ ਬਾਅਦ 'ਮਾਣ' ਸ਼ਬਦ ਦੇ ਭਾਸ਼ਾਈ ਪੱਧਰ ਉੱਤੇ ਬਦਲਦੇ ਅਰਥਾਂ ਬਾਰੇ ਵਿਸਤ੍ਰਿਤ ਜਾਣਕਾਰੀ 'ਫੁੱਟਨੋਟ' ਦੇ ਰੂਪ ਵਿਚ ਮੁਹੱਈਆ ਕਰਵਾਈ ਗਈ ਹੈ ਤਾਂ ਕਿ ਕੋਸ਼ ਦੇ ਪ੍ਰਯੋਗਕਰਤਾ ਨੂੰ ਅਰਥਾਂ ਨੂੰ ਸਮਝਣ ਵਿਚ ਕੋਈ ਟਪਲਾ ਨਾ ਲੱਗ ਸਕੇ ਜਿਵੇਂ :

'ਮਾਣ' ਸ਼ਬਦ ਸੰਸਕ੍ਰਿਤ, ਮਾਨੰਨ। ਹਿੰਦੀ, ਮਾਨਨਾ=ਸਨਮਾਨ ਦੇਣਾ। ਇਸ ਪਦ ਤੋਂ ਪੰਜਾਬੀ ਦਾ ਪਦ-ਮਾਣਨਾ = ਭੋਗਣਾ- ਅਲੱਗ ਹੈ। ਹੋ ਸਕਦਾ ਹੈ ਕਿ ਇਨ੍ਹਾਂ ਦਾ ਮੂਲ ਇਕੋ ਹੋਵੇ,

ਪੰਜਾਬੀ ਵਿਚ ਕਦੇ ਮਾਣਨਾ ਦਾ ਅਰਥ ਹੋਵੇ, ਆਦਰ ਲੈਣਾ, ਫੇਰ ਭੋਗਣਾ ਅਰਥ ਬਣ ਗਿਆ ਹੋਵੇ।

ਕੋਸ਼ ਵਿਚ ਵਾਧੂ ਵਿਸਤਾਰ ਤੋਂ ਬਚਣ ਲਈ ਵੱਖ-ਵੱਖ ਅਰਥਾਂ ਦੇ ਧਾਰਨੀ ਅਤੇ ਵੱਖ-ਵੱਖ ਸੰਦਰਭਾਂ ਵਿਚ ਵਰਤੇ ਜਾਣ ਵਾਲੇ ਸਮਨਾਮੀ ਸ਼ਬਦਾਂ ਨੂੰ ਇਕੋ ਮੁੱਖ-ਅੰਦਰਾਜ ਅਧੀਨ ਦਿੱਤਾ ਗਿਆ ਹੈ। ਇਹ ਵਿਧੀ ਥਾਂ ਦੀ ਬੱਚਤ ਦੇ ਪੱਖੋਂ ਤਾਂ ਉਚਿਤ ਵਿਧੀ ਮੰਨੀ ਜਾ ਸਕਦੀ ਹੈ ਪਰ ਕਈ ਵਾਰ ਪ੍ਰਯੋਗਕਰਤਾ ਨੂੰ ਇਸ ਦੇ ਅਰਥ ਤੇ ਭਾਵ ਨੂੰ ਸਮਝਣ ਵਿਚ ਭੁਲੇਖਾ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ। ਜਿਵੇਂ 619 ਪੰਨੇ ਉੱਤੇ 'ਵੇਲਿ' ਅੰਦਰਾਜ ਨੂੰ ਵੇਖਿਆ ਜਾ ਸਕਦਾ ਹੈ, ਜਿਸ ਵਿਚ 'ਵੇਲਿ' ਸ਼ਬਦ ਵੱਖ-ਵੱਖ ਅਰਥਾਂ ਦਾ ਧਾਰਨੀ ਹੋਣ ਦੇ ਬਾਵਜੂਦ ਇਕ ਅੰਦਰਾਜ ਅਧੀਨ ਲਿਆ ਗਿਆ ਹੈ।

'ਵੇਲਿ' ਅੰਦਰਾਜ ਨੂੰ ਵੱਖ-ਵੱਖ ਅਰਥਾਂ ਦੇ ਧਾਰਨੀ ਹੋਣ ਅਤੇ ਵੱਖ-ਵੱਖ ਸੰਦਰਭਾਂ ਵਿਚ ਵਰਤੇ ਜਾਣ ਦੇ ਬਾਵਜੂਦ ਇਕੋ ਅੰਦਰਾਜ ਅਧੀਨ ਦਿੱਤਾ ਗਿਆ ਹੈ। ਭਾਵੇਂ ਵੇਲ ਦਾ ਭਾਵ, ਇਸਤਰੀ ਅਤੇ ਪੌਦੇ ਦੇ ਅਰਥਾਂ ਤੋਂ ਬਿਨਾਂ ਹੋਰ ਸੰਦਰਭਾਂ ਵਿਚ ਵੀ ਲਿਆ ਗਿਆ ਹੈ ਪਰ ਉਸ ਲਈ ਕੋਸ਼ਕਾਰ ਨੇ ਅਲੱਗ ਅੰਦਰਾਜ ਨਹੀਂ ਬਣਾਇਆ ਸਗੋਂ 1, 2, 3, ... ਅੰਕਾਂ ਰਾਹੀਂ ਹੀ ਵੱਖਰਤਾ ਦਰਸਾਈ ਗਈ ਹੈ। ਜਿਵੇਂ ਪਹਿਲਾ 'ਵੇਲਿ' ਤੋਂ ਭਾਵ ਇਸਤਰੀ ਲਿਆ ਗਿਆ।

**ਵੇਲਿ** [ਸੰ : ਸੰਸਕ੍ਰਿਤ। ਪੁ: ਪੰਜਾਬੀ], ਇਸਤ੍ਰੀ। ਯਥਾ- 'ਪਰ ਵੇਲਿ ਨ ਜੋਹੇ ਕੰਤ ਤੂ' (1095)

ਦੂਜਾ ਜੋ ਪੈਸਾ ਬਖਸ਼ੀਸ਼ ਵਜੋਂ ਕਿਸੇ ਨੂੰ ਦਿੱਤਾ ਜਾਂਦਾ ਹੈ। ਡੋਮ ਭਾਸ਼ਾ ਵਿਚ ਨੱਚਣ ਵਾਲਿਆਂ ਅਤੇ ਭੰਡ ਆਦਿ ਨੂੰ ਜੋ ਰੁਪਿਆ ਪੈਸਾ ਪਦਾਰਥ ਦਿੱਤਾ ਜਾਵੇ। ਜਿਵੇਂ ਅੱਜ ਕੱਲ ਵੀ ਵਿਆਹਾਂ ਸ਼ਾਦੀਆਂ ਜਾਂ ਖੁਸ਼ੀ ਦੇ ਮੌਕਿਆ ਉੱਤੇ ਮੰਗਣ ਵਾਲਿਆਂ ਜਾਂ ਨੱਚਣ-ਗਾਉਣ ਵਾਲਿਆਂ ਨੂੰ ਪੈਸੇ ਦੇਣਾ 'ਵੇਲ ਦੇਣੀ' ਕਿਹਾ ਜਾਂਦਾ ਹੈ ਜੋ ਸਿਰ ਤੋਂ ਵਾਰ ਕੇ ਦਿੱਤਾ ਜਾਂਦਾ ਹੈ।

ਤੀਜਾ ਅਰਥ ਉਹ ਵੇਲ ਜਾਂ ਬੂਟਾ ਜੋ ਕਿਸੇ ਦੂਜੇ ਦੇ ਸਹਾਰੇ ਉਪਰ ਵੱਲ ਵੱਧਦਾ ਹੈ। 'ਗੁਰਮੁਖਿ ਹਰਿ ਹਰਿ ਵੇਲਿ ਵਧਾਈ' (367)

ਚੌਥਾ ਅਰਥ ਭਾਵੇ ਵਧਣ ਜਾਂ ਵਾਧੇ ਨਾਲ ਹੀ ਸੰਬੰਧਿਤ ਹੈ ਪਰ ਬੰਸ ਜਾਂ ਖਾਨਦਾਨ ਦੇ ਵਾਧੇ ਲਈ ਵਰਤਿਆ ਜਾਂਦਾ ਹੈ। ਪੀੜ੍ਹੀ, ਸੰਤਾਨ ਜਾਂ ਔਲਾਦ ਲਈ ਵਰਤਿਆਂ ਜਾਂਦਾ ਹੈ। ਜਿਸ ਨਾਲ ਖਾਨਦਾਨ ਅੱਗੇ ਵਧਦਾ ਹੈ। 'ਪਿਰ ਮਿਲਿ ਧਨ ਵੇਲ ਵਧੰਦੀ (79)।

ਪੰਜਵਾਂ ਅਰਥ ਸਮੇਂ ਦੇ ਸੰਦਰਭ ਵਿਚ ਲਿਆ ਗਿਆ ਹੈ। 'ਵੇਲ ਨਾ ਪਾਈਆ ਪੰਡਤੀ' (4), - 'ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ' (1358)।

ਇਸ ਦਾ ਛੇਵਾਂ ਅਰਥ ਸਮੁੰਦਰ ਦਾ ਕਿਨਾਰਾ ਵੀ ਲਿਆ ਗਿਆ ਹੈ ਅਤੇ ਸੱਤਵਾਂ ਅਰਥ 'ਵੇਲ' ਭਾਵ ਕਪਾਹ ਵੇਲਣ ਦੇ ਸੰਦਰਭ ਵਿਚ ਲਿਆ ਹੈ ਜਿਵੇਂ ਕਪਾਹ ਨੂੰ ਵੇਲਣੇ ਵਿਚ ਪਾ ਕੇ ਰੂੰ ਤੇ ਵੜੇਵੇਂ ਅਲੱਗ ਕੀਤੇ ਜਾਂਦੇ ਹਨ ਅਤੇ ਗੰਨੇ ਦਾ ਰਸ ਕੱਢਣ ਲਈ ਵੀ ਉਸ ਨੂੰ ਵੇਲਣੇ ਵਿਚ ਪਾਇਆ ਜਾਂਦਾ ਹੈ। ਅਰਥਾਤ ਚੀਜ਼ਾਂ ਨੂੰ ਅਲੱਗ ਕਰਨ ਦੀ ਪ੍ਰਕਿਰਿਆ ਨੂੰ ਵੀ ਵੇਲ ਕੇ, ਵੇਲਣੇ ਵਿਚ ਪਾਉਣ ਦੇ ਅਰਥਾਂ ਵਿਚ ਲਿਆ ਜਾਂਦਾ ਹੈ।

'ਵੇਲ ਪਿੰਞਾਇਆ ਕਤਿ ਵੁਣਾਇਆ' (955)

ਸੋ 'ਵੇਲਿ' ਅੰਦਰਾਜ ਦੇ ਸੱਤ ਵੱਖ-ਵੱਖ ਅਰਥ ਦਿੱਤੇ ਗਏ ਹਨ ਜੋ ਸਮਨਾਮੀ ਸ਼ਬਦ ਜਾਂ ਸ਼ਬਦ-ਜੋੜਾਂ ਪੱਖੋਂ ਸਮਾਨਤਾ ਨਾਲ ਸੰਬੰਧਿਤ ਹੋਣ ਕਰਕੇ ਇਕੋ ਅੰਦਰਾਜ ਦੇ ਅੰਤਰਗਤ ਰੱਖੇ ਗਏ ਹਨ। ਪਰ ਕੋਸ਼-ਵਿਗਿਆਨਕ ਨਿਯਮਾਂ ਅਨੁਸਾਰ ਇਹ ਵਿਧੀ ਬਹੁਤੀ ਤਾਰਕਿਕ ਨਹੀਂ ਮੰਨੀ ਜਾਂਦੀ।





ਕੋਸ਼ ਦਾ ਬੁਨਿਆਦੀ ਉਦੇਸ਼ ਸ਼ਬਦਾਂ ਦੇ ਅਰਥ ਪ੍ਰਦਾਨ ਕਰਨਾ ਹੁੰਦਾ ਹੈ। ਪ੍ਰਯੋਗਕਰਤਾ ਕੋਸ਼ ਦਾ ਪ੍ਰਯੋਗ ਵਿਸ਼ੇਸ਼ ਕਰਕੇ ਅਰਥਾਂ ਦੀ ਸਪਸ਼ਟਤਾ ਲਈ ਹੀ ਕਰਦਾ ਹੈ। ਇਸ ਲਈ ਕੋਸ਼ਕਾਰ ਲਈ ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਉਹ ਸ਼ਬਦਾਂ ਦੇ ਅਰਥਾਂ, ਉਨ੍ਹਾਂ ਦੀਆਂ ਵਿਭਿੰਨ ਪਰਤਾਂ ਅਤੇ ਉਨ੍ਹਾਂ ਦੀ ਸਹੀ ਸੰਦਰਭਾਂ ਵਿਚ ਵਰਤੋਂ ਨੂੰ ਯਕੀਨੀ ਬਣਾਏ। ਦੁਭਾਸ਼ੀ ਕੋਸ਼ਾਂ ਵਿਚ ਆਮ ਕਰਕੇ ਅਰਥਾਂ ਨੂੰ ਦਰਸਾਉਣ ਲਈ ਟੀਚਾ ਭਾਸ਼ਾ ਵਿਚ ਸਮਤੁੱਲ ਸ਼ਬਦ ਦੇ ਦਿੱਤੇ ਜਾਂਦੇ ਹਨ। ਪਰ ਸਮਭਾਸ਼ੀ ਕੋਸ਼ਾਂ ਵਿਚ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਨਾਲ ਸੰਬੰਧਿਤ ਕੋਸ਼ਾਂ ਵਿਚ ਅਰਥਾਂ ਦੀਆਂ ਗੁੱਝੀਆਂ ਤੈਹਾਂ ਤੱਕ ਪਹੁੰਚਣ ਲਈ ਵਿਆਖਿਆ ਦੀ ਵਿਧੀ ਹੀ ਸਭ ਤੋਂ ਉੱਤਮ ਵਿਧੀ ਮੰਨੀ ਜਾਂਦੀ ਹੈ। ਭਾਈ ਵੀਰ ਸਿੰਘ ਨੇ ਇਸ ਕੋਸ਼ ਵਿਚ ਇਸੇ ਵਿਧੀ ਦੀ ਵਰਤੋਂ ਕੀਤੀ ਹੈ, ਜੋ ਸਾਧਾਰਨ ਪ੍ਰਯੋਗ ਕਰਤਾ ਦੀਆਂ ਲੋੜਾਂ ਦੀ ਵੀ ਪੂਰਤੀ ਕਰਨ ਦੇ ਸਮਰੱਥ ਹੈ। ਇਸ ਵਿਆਖਿਆਮਈ ਵਿਧੀ ਕਾਰਨ ਇਹ ਕੋਸ਼ ਵਿਸ਼ਵਕੋਸ਼ੀ ਕੋਸ਼ ਦਾ ਦਰਜਾ ਹਾਸਲ ਕਰਨ ਦੇ ਸਮਰੱਥ ਹੈ।

ਇਸ ਕੋਸ਼ ਵਿਚਲੀ ਸ਼ਬਦਾਵਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਹੋਣ ਕਰਕੇ ਜਿੱਥੇ ਉਸ ਦੇ ਅਰਥਾਂ ਦੀ ਸਪਸ਼ਟਤਾ ਲਈ ਵਿਆਖਿਆ ਦੀ ਵਿਧੀ ਦੀ ਵਰਤੋਂ ਕੀਤੀ ਹੈ, ਉਥੇ ਨਾਲ ਹੀ ਹਰ ਅੰਦਰਾਜ ਦੇ ਅਰਥਾਂ ਅਤੇ ਉਨ੍ਹਾਂ ਵਿਚਲੀ ਵੱਖਰਤਾ ਨੂੰ ਦਰਸਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਕਾਵਿ ਪ੍ਰਸੰਗਾਂ ਨੂੰ ਪੰਨੇ ਸਮੇਤ ਦਰਜ ਕੀਤਾ ਗਿਆ ਹੈ ਤਾਂ ਕਿ ਜੇ ਕੋਈ ਇਸ ਦਾ ਪ੍ਰਸੰਗ ਵੇਖਣਾ ਚਾਹੇ ਤਾਂ ਲੱਭਣ ਵਿਚ ਸੌਖ ਰਹੇ, ਜੋ ਕਿ ਇਸ ਕੋਸ਼ ਦੀ ਇਕ ਵੱਡੀ ਵਿਸ਼ੇਸ਼ਤਾ ਹੈ।

ਜਿਥੇ ਕੋਸ਼ ਦੀ ਸੰਖੇਪਤਾ ਨੂੰ ਧਿਆਨ ਵਿਚ ਰੱਖਦਿਆਂ ਵੱਖ-ਵੱਖ ਸ਼ਬਦ-ਜੋੜਾਂ ਪਰ ਸਮ ਉਚਾਰਨ ਵਾਲੇ ਸ਼ਬਦਾਂ, ਜਿਹੜੇ ਅਰਥ ਪੱਖੋਂ ਸਮਾਨ ਜਾਂ ਵੱਖਰੇ ਅਰਥਾਂ ਦੇ ਧਾਰਨੀ ਹਨ ਨੂੰ ਇਕੋ ਕੋਸ਼ੀ ਇਕਾਈ ਵਿਚ ਰੱਖਿਆ ਗਿਆ ਹੈ, ਪਰ ਕਈ ਥਾਵਾਂ ਉੱਤੇ ਮੁੱਖ ਅੰਦਰਾਜਾਂ ਦਾ ਦੁਹਰਾਓ ਵੀ ਹੋਇਆ ਹੈ ਜਿਵੇਂ ਪੰਨਾ 525 ਉੱਤੇ ਮੁਕਤਿ/ਮੁਕਤੀ ਅਤੇ ਪੰਨਾ 528 ਉੱਤੇ ਮੋਖ/ਮੁਕਤਿ ਇਕੋ ਅਰਥਾਂ ਦੇ ਧਾਰਨੀ ਹਨ, ਪਰ ਵੱਖ-ਵੱਖ ਅੰਦਰਾਜ ਬਣਾਏ ਗਏ ਹਨ। ਇਥੇ 'ਵੇਖੋ' ਮੁਕਤਿ/ਮੁਕਤੀ ਦੀ ਵਿਧੀ ਵੀ ਵਰਤੀ ਜਾ ਸਕਦੀ ਸੀ।

ਇਸ ਕੋਸ਼ ਦੀ ਅੰਤਿਕਾ ਵਿਚ 'ਗੁਰਮਤਿ ਸੰਗੀਤ' ਅਤੇ 'ਰਾਗਮਾਲਾ' ਦੇ ਸਮੂਹ ਰੂਪਾਂ ਨੂੰ ਦਰਸਾਇਆ ਗਿਆ ਹੈ। ਇਸ ਵਿਚ ਗੁਰਬਾਣੀ ਵਿਚ ਦਰਜ 31 ਰਾਗਾਂ ਬਾਰੇ ਵੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਅਤੇ ਗੁਰਮਤਿ ਸੰਗੀਤ ਨਾਲ ਸੰਬੰਧਿਤ ਮੁੱਖ ਨੁਕਤਿਆਂ ਬਾਰੇ ਵੀ ਭਰਪੂਰ ਜਾਣਕਾਰੀ ਦਰਜ ਕੀਤੀ ਗਈ ਹੈ, ਜੋ ਕਿ ਇਸ ਕੋਸ਼ ਦੀ ਵਿਸ਼ੇਸ਼ ਵਿਲੱਖਣਤਾ ਅਤੇ ਭਾਈ ਵੀਰ ਸਿੰਘ ਦੀ ਵਿਦਵਤਾ ਦੀ ਅਦੁੱਤੀ ਮਿਸਾਲ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦੁਆਰਾ ਵਿਸਥਾਰਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਭਾਵੇਂ ਅੱਜ ਦੇ ਕੋਸ਼-ਵਿਗਿਆਨਕ ਨਿਯਮਾਂ ਦੀ ਪੂਰਨ ਰੂਪ ਵਿਚ ਪਾਲਣਾ ਨਹੀਂ ਕਰਦਾ ਅਤੇ ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਸ਼ਬਦਾਵਲੀ ਨੂੰ ਵੀ ਦਰਜ ਨਹੀਂ ਕੀਤਾ ਗਿਆ, ਪਰੰਤੂ ਇਹ ਕੋਸ਼ ਕੋਸ਼ਕਾਰੀ ਦੇ ਮੁੱਢਲੇ ਯਤਨਾਂ ਵਿਚ ਇਕ ਵੱਡੀ ਪਹਿਲ ਕਦਮੀ ਤੇ ਮਹੱਤਵਪੂਰਨ ਕਿਰਤ ਹੈ। ਇਹ ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਬਾਰੇ ਵੱਖਰੇ-ਵੱਖਰੇ ਅਰਥ ਸੰਦਰਭਾਂ ਬਾਰੇ ਵਿਆਪਕ ਜਾਣਕਾਰੀ ਮੁਹੱਈਆ ਕਰਾਉਂਦਾ ਹੈ ਅਤੇ ਇਸ ਕੋਸ਼ ਦਾ ਮੁੱਲ ਇਸ ਗੱਲ ਵਿਚ ਵੀ ਹੈ ਕਿ ਇਕ ਸੰਸਥਾਈ ਪੱਧਰ ਦੇ ਕਾਰਜ ਨੂੰ ਭਾਈ ਵੀਰ ਸਿੰਘ ਵਰਗੇ ਵਿਦਵਾਨ ਦੀਆਂ ਬੌਧਿਕ ਕੋਸ਼ਿਸ਼ਾਂ ਰਾਹੀਂ ਨੇਪਰੇ ਚਾੜ੍ਹਿਆ ਗਿਆ ਹੈ ਜੋ ਉਸ ਸਮੇਂ ਗੁਰਬਾਣੀ ਦੀ ਸ਼ਬਦਾਵਲੀ ਦੀ ਵਿਸਤ੍ਰਿਤ ਵਿਆਖਿਆ ਦੇ ਮੁੱਢਲੇ ਸ੍ਰੋਤਾਂ ਵਜੋਂ ਬਹੁਤ ਹੀ ਮੁੱਲਵਾਨ ਦੇਣ ਅਤੇ ਪ੍ਰਾਪਤੀ ਹੈ।

0-0-0

**ਸਹਾਇਕ ਪੁਸਤਕਾਂ**


1. ਓਮ ਪ੍ਰਕਾਸ਼ ਵਸਿਸ਼ਟ, '**ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ**', ਨੈਨਸੀ ਪਬਲਿਸ਼ਰਜ਼, ਚੰਡੀਗੜ੍ਹ, 1992
2. ਸੁਰੇਸ਼ ਕੁਮਾਰ (ਸੰਪਾ.), '**ਕੋਸ਼-ਨਿਰਮਾਣਃ ਸਿਧਾਂਤ ਔਰ ਪਰੰਪਰਾ**', ਕੇਂਦ੍ਰੀਯ ਹਿੰਦੀ ਸੰਸਥਾਨ ਆਗਰਾ, 1983
3. ਹਰਨਾਮ ਸਿੰਘ ਸ਼ਾਨ (ਪ੍ਰੋ.), '**ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ**', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1994
4. ਜਗਜੀਤ ਸਿੰਘ ਕੋਮਲ, '**ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ**', ਸੰਦੀਪ ਪਬਲਿਸ਼ਰਜ, ਚੰਡੀਗੜ੍ਹ, 1990
5. ਜੀਤ ਸਿੰਘ ਸੀਤਲ, '*ਪੰਜਾਬੀ ਕੋਸ਼ਕਾਰੀ*', **ਪੰਜਾਬੀ ਦੁਨੀਆਂ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤੰਬਰ, 1954
6. ਤਾਰਨ ਸਿੰਘ, '**ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997
7. ਪਰਮਜੀਤ ਸਿੰਘ ਸਿੱਧੂ, '**ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ**', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992
8. ਭਾਈ ਵੀਰ ਸਿੰਘ, '**ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**', ਸਿੰਘ ਬ੍ਰਦਰਜ਼, ਅੰਮ੍ਰਿਤਸਰ, 1927
9. ਭੋਲਾ ਨਾਥ ਤਿਵਾੜੀ, '**ਕੋਸ਼-ਵਿਗਿਆਨ**', ਸ਼ਬਦਾਕਰ, ਗੁਰੂ ਅੰਗਦ ਨਗਰ, ਦਿੱਲੀ, 1987


ਐਸੋਸੀਏਟ ਪ੍ਰੋਫ਼ੈਸਰ,
ਕੋਸ਼ਕਾਰੀ ਵਿਭਾਗ, ਪੰਜਾਬੀ ਅਧਿਐਨ ਸਕੂਲ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਮੋਬਾਇਲ : 62390-32525





# ਭਾਈ ਵੀਰ ਸਿੰਘ ਦੀ ਅਨੁਵਾਦ-ਕਲਾ ('ਨੀਤੀ ਸ਼ਤਕ' ਦੇ ਵਿਸ਼ੇਸ਼ ਸੰਦਰਭ ਵਿਚ)

ਡਾ. ਹਰਪ੍ਰੀਤ ਸਿੰਘ

ਅੰਜੂ ਮਲਹੋਤਰਾ ਅਤੇ ਐਨੀ ਮਰਫ਼ੀ ਆਪਣੇ ਇਕ ਲੇਖ 'Bhai Vir Singh (1872–1957): Rethinking Literary Modernity in Colonial Punjab' ਵਿਚ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਬਾਰੇ ਲਿਖਦੇ ਹਨ 'ਉਹਨਾਂ ਨੇ ਨਾਵਲ ਅਤੇ ਆਧੁਨਿਕ ਕਾਵਿ ਰਚਨਾ ਵਰਗੇ ਰਚਨਾਤਮਕ ਰੂਪਾਂ ਨਾਲ ਪ੍ਰਯੋਗ ਕੀਤਾ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਨੇ ਸਿੱਖ ਅਤੇ ਪੰਜਾਬੀ ਸੱਭਿਆਚਾਰਕ ਉਤਪਾਦਨ ਅਤੇ ਧਾਰਮਿਕ ਜੀਵਨ ਨੂੰ ਮਹੱਤਵਪੂਰਨ ਅਤੇ ਸਥਾਈ ਤਰੀਕਿਆਂ ਨਾਲ ਢਾਲ਼ਿਆ ਹੈ ਅਤੇ ਜੇਕਰ ਅਸੀਂ ਵੀਹਵੀਂ ਸਦੀ ਵਿੱਚ ਆਧੁਨਿਕ ਸਿੱਖ ਪਛਾਣਾਂ ਅਤੇ ਆਧੁਨਿਕ ਪੰਜਾਬੀ ਸਾਹਿਤਕ ਉਤਪਾਦਨ ਦੇ ਉਭਾਰ ਨੂੰ ਸਮਝਣਾ ਹੈ ਤਾਂ ਇਸ ਅਧਿਐਨ ਲਈ ਉਹ ਇੱਕ ਮਹੱਤਵਪੂਰਨ ਸ਼ਖ਼ਸੀਅਤ ਹੈ। ਇਸ ਅੰਕੜੇ ਦੇ ਸੰਦਰਭ ਵਿਚ ਵਿਆਪਕ ਪੱਧਰ 'ਤੇ, ਖ਼ਾਸ ਤੌਰ 'ਤੇ ਪੰਜਾਬ ਅਤੇ ਸਿੱਖ ਪਰੰਪਰਾਵਾਂ ਦੇ ਸੰਦਰਭ ਵਿੱਚ, ਦੱਖਣ ਏਸ਼ੀਆ ਵਿੱਚ ਆਧੁਨਿਕਤਾ ਦੇ ਉਭਾਰ ਦੇ ਇੱਕ ਸੰਪੂਰਨ ਦ੍ਰਿਸ਼ਟੀਕੋਣ ਦੀ ਆਗਿਆ ਦਿੰਦੀ ਹੈ ਅਤੇ ਵਰਤਮਾਨ ਸਮੇਂ ਵਿੱਚ ਆਧੁਨਿਕ ਸਿੱਖ ਧਰਮ ਅਤੇ ਪੰਜਾਬੀ ਸਾਹਿਤਕ ਰਚਨਾਵਾਂ ਨੂੰ ਹੋਰ ਉਘਾੜਨ ਦੀ ਇੱਕ ਹੋਰ ਬਣਤਰ ਨੂੰ ਸਮਝਣ ਲਈ ਸਹਾਇਕ ਹੈ'। [1]

ਇਹ ਬਹੁਤ ਹੱਦ ਤੱਕ ਦਰੁਸਤ ਹੈ ਕਿ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਬੁੱਧ ਉੱਸਰਈਏ ਹਨ। ਉਹਨਾਂ ਨੂੰ ਬਹੁ-ਵਿਧਾਈ ਤੇ ਬਹੁ-ਆਯਾਮੀ ਲੇਖਕ ਆਖਿਆ ਜਾ ਸਕਦਾ ਹੈ। ਉਹਨਾਂ ਨੇ ਕਵਿਤਾ, ਮਹਾਂਕਾਵਿ, ਵਾਰਤਕ, ਨਾਵਲ, ਨਾਟਕ, ਇਤਿਹਾਸ, ਜੀਵਨੀ, ਲੇਖ, ਸਾਖੀ ਸਾਹਿਤ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿਚ ਬਹੁਤ ਹੀ ਮਹੱਤਵਪੂਰਣ ਕਾਰਜ ਕੀਤਾ। ਉਹਨਾਂ ਦਾ ਜਨਮ 5 ਦਸੰਬਰ 1872 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਡਾ. ਚਰਨ ਸਿੰਘ ਸੀ। ਉਹਨਾਂ ਦੀ ਮੁਢਲੀ ਪੜ੍ਹਾਈ ਅੰਮ੍ਰਿਤਸਰ ਵਿਚ ਹੀ ਹੋਈ। ਉਹਨਾਂ ਨੇ ਅੰਮ੍ਰਿਤਸਰ ਦੇ ਚਰਚ ਮਿਸ਼ਨ ਸਕੂਲ ਤੋਂ ਦਸਵੀਂ 1891 ਵਿੱਚ ਪਾਸ ਕੀਤੀ। ਉਹਨਾਂ ਨੇ ਸਾਹਿਤ, ਚਿੰਤਨ, ਪੰਜਾਬੀ ਪ੍ਰੈਸ ਅਤੇ ਸੰਪਾਦਨਾ ਲਈ ਲਾਮਿਸਾਲ ਅਤੇ ਇਤਿਹਾਸਕ ਕੰਮ ਕੀਤਾ। ਉਹਨਾਂ ਨੇ 1892 ਈਃ ਵਿੱਚ ਵਜੀਰ ਹਿੰਦ ਪ੍ਰੈੱਸ ਸਥਾਪਿਤ ਕੀਤੀ। ਸਿੱਖੀ ਦੇ ਪ੍ਰਚਾਰ ਅਤੇ ਪੰਜਾਬੀ ਦੇ ਪਸਾਰ ਲਈ ਉਹਨਾਂ ਨੇ ਹਫਤਾਵਰੀ 'ਖ਼ਾਲਸਾ ਸਮਾਚਾਰ' ਅਖਬਾਰ ਸ਼ੁਰੂ ਕੀਤੀ ਅਤੇ ਬਾਅਦ ਵਿਚ ਰਸਾਲਾ 'ਨਿਰਗੁਣੀਆਰਾ' ਸ਼ੁਰੂ ਕੀਤਾ। ਉਹ ਬਹੁਵਿਧਾਈ ਲੇਖਕ ਹੀ ਨਹੀਂ ਸਗੋਂ ਬਹੁ ਭਾਸ਼ਾਈ ਲੇਖਕ ਵੀ ਸਨ। ਉਹਨਾਂ ਨੂੰ ਸੰਸਕ੍ਰਿਤ, ਫ਼ਾਰਸੀ, ਉਰਦੂ, ਪੰਜਾਬੀ ਆਦਿ ਭਾਸ਼ਾਵਾਂ 'ਤੇ ਆਬੂਰ ਹਾਸਿਲ ਸੀ। ਉਹਨਾਂ ਨੇ ਦਿਲ-ਓ-ਜਾਨ ਨਾਲ ਗੁਰਬਾਣੀ, ਸਿੱਖ ਇਤਿਹਾਸ ਅਤੇ ਹਿੰਦੂ ਇਤਿਹਾਸ/ਮਿਥਿਹਾਸ ਦੇ ਦਰਸ਼ਨ ਸ਼ਾਸਤਰ ਦਾ ਗਹਿਨ ਗੰਭੀਰ ਅਧਿਐਨ ਕੀਤਾ। ਇਹੀ ਕਾਰਣ ਹੈ ਕਿ ਉਹ ਸਿੱਖ ਧਰਮ ਨੂੰ ਪੁਨਰ ਸੁਰਜੀਤ ਕਰਨ ਵਾਲਿਆਂ ਵਿਚ ਸਭ ਤੋਂ ਮੂਹਰਲੀ ਕਤਾਰ ਵਿਚ ਖੜ੍ਹੇ ਦਿਖਾਈ ਦਿੰਦੇ ਹਨ। ਸਿੰਘ ਸਭਾ ਲਹਿਰ ਵਿਚ ਉਹਨਾਂ ਦੀ ਮਹੱਤਵਪੂਰਣ ਭੂਮਿਕਾ ਸੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਦੂਰ-ਦ੍ਰਿਸ਼ਟੀ ਨਾਲ ਕਾਰਜ ਕੀਤੇ। ਉਨੀਂਵੀਂ ਸਦੀ ਦੇ ਅੱਧ ਤੋਂ ਬਾਅਦ ਦਾ ਸਮਾਂ ਧਾਰਮਿਕ ਪੁਨਰ-ਸੁਰਜੀਤੀ ਦੀਆਂ ਲਹਿਰਾਂ ਦਾ ਸਮਾਂ ਸੀ। ਬ੍ਰਿਟਿਸ਼ ਬਸਤੀਵਾਦੀ ਤਾਕਤਾਂ ਨੇ ਆਰਥਿਕ ਅਤੇ ਰਾਜਨਿਤਕ ਹੀ ਨਹੀਂ ਸਗੋਂ ਸਮਾਜਿਕ-ਸਭਿਆਚਾਰਕ-ਸਾਹਿਤਕ-ਭਾਸ਼ਾਗਤ-ਧਾਰਮਿਕ-ਮਨੋਵਿਗਿਆਨਕ ਪੱਧਰ 'ਤੇ ਵੀ

ਗ਼ੁਲਾਮੀ ਦੀ ਜੰਜ਼ੀਰ ਵਗਲ਼ੀ ਹੋਈ ਸੀ। ਇਸ ਸਮੇਂ ਵਿਸ਼ਵਾਸ ਅਤੇ ਆਤਮ-ਸਨਮਾਨ ਵੀ ਰਸਾਤਲ ਵੱਲ ਜਾ ਰਿਹਾ ਸੀ। ਇਸ ਪੱਖ ਤੋਂ ਸਿੱਖ ਧਰਮ ਅਤੇ ਪੰਜਾਬ ਦੀ ਧਰਤੀ ਅਛੂਤੀ ਨਹੀਂ ਰਹੀ ਸੀ। ਇਸ ਸੰਦਰਭ ਵਿਚ ਭਾਈ ਸਾਹਿਬ ਨੇ ਆਪਣੇ ਸਮਕਾਲੀ ਪ੍ਰਬੰਧ ਅਤੇ ਸਥਿਤੀ ਨੂੰ ਸਮਝਦਿਆਂ ਸੰਸਥਾਵਾਂ ਅਤੇ ਸੰਗਠਨ ਖੜ੍ਹੇ ਕੀਤੇ ਜਿਨ੍ਹਾਂ ਰਾਹੀਂ ਪੰਜਾਬੀ ਅਤੇ ਸਿੱਖ ਧਰਮ ਦੀ ਗੱਲ ਕੀਤੀ ਜਾ ਸਕੇ। ਉਹਨਾਂ ਦਾ ਦਾਇਰਾ ਸਾਹਿਤਕ ਸੀ।

ਉਹ ਪ੍ਰਬੁੱਧ ਅਤੇ ਪ੍ਰਸਿੱਧ ਲਿਖਾਰੀ ਅਤੇ ਸਾਹਿਤਕਾਰ ਸਨ। ਇਸਦੇ ਨਾਲ ਉਹਨਾਂ ਨੇ ਕੁਝ ਅਜਿਹੀਆਂ ਸੰਸਥਾਵਾਂ ਨੂੰ ਪੈਦਾ ਕੀਤਾ ਅਤੇ ਪ੍ਰੋਤਸਾਹਿਤ ਕੀਤਾ ਜਿਨ੍ਹਾਂ ਨੇ ਆਉਣ ਵਾਲ਼ੇ ਸਮੇਂ ਵਿਚ ਬਹੁਤ ਮਹੱਤਵਪੂਰਣ ਭੂਮਿਕਾ ਅਦਾ ਕਰਨੀ ਸੀ। ਇਹਨਾਂ ਸੰਸਥਾਵਾਂ ਵਿਚ ਕੁਝ ਮਹੱਤਵਪੂਰਣ ਨਾਂ ਹਨ ਜਿਵੇਂ ਚੀਫ ਖਾਲਸਾ ਦੀਵਾਨ, ਸੈਂਟਰਲ ਖਾਲਸਾ ਯਤੀਮ ਖਾਨਾ, ਖਾਲਸਾ ਕਾਲਜ ਅੰਮ੍ਰਿਤਸਰ, ਭਾਈ ਵੀਰ ਸਿੰਘ ਗੁਰਮਤ ਵਿਦਿਆਲਾ ਅੰਮ੍ਰਿਤਸਰ, ਪੰਜਾਬ ਐਂਡ ਸਿੰਧ ਬੈਂਕ, ਵਜੀਰ ਹਿੰਦ ਪ੍ਰੈੱਸ ਪਹਿਲਾ ਪੰਜਾਬੀ ਟਾਈਪ ਵਾਲਾ ਗੁਰਮੁਖੀ ਛਾਪਾਖਾਨਾ, ਖਾਲਸਾ ਸਮਾਚਾਰ, ਖਾਲਸਾ ਟ੍ਰੈਕਟ ਸੁਸਾਇਟੀ। ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ ਇਸ ਤਰ੍ਹਾਂ ਹਨ, ਗਲਪ ਰਚਨਾਵਾਂ- ਸੁੰਦਰੀ (1898), ਬਿਜੇ ਸਿੰਘ (1899), ਸਤਵੰਤ ਕੌਰ-ਦੋ ਭਾਗ (1890 ਤੇ 1927), ਸੱਤ ਔਖੀਆਂ ਰਾਤਾਂ (1919), ਬਾਬਾ ਨੌਧ ਸਿੰਘ (1907, 1921), ਸਤਵੰਤ ਕੌਰ ਭਾਗ ਦੂਜਾ (1927), ਰਾਣਾ ਸੂਰਤ ਸਿੰਘ ਮਹਾਂ ਕਾਵਿ (1905), ਰਾਣਾ ਭਬੌਰ। ਜੀਵਨੀਆਂ-ਸ੍ਰੀ ਕਲਗੀਧਰ ਚਮਤਕਾਰ (1925), ਪੁਰਾਤਨ ਜਨਮ ਸਾਖੀ, (1926), ਸ੍ਰੀ ਗੁਰੂ ਨਾਨਕ ਚਮਤਕਾਰ (1928), ਭਾਈ ਝੰਡਾ ਜੀਓ (1933), ਭਾਈ ਭੂਮੀਆਂ ਅਤੇ ਕਲਿਜੁਗ ਦੀ ਸਾਖੀ (1936), ਸੰਤ ਗਾਥਾ (1938), ਸ੍ਰੀ ਅਸਟ ਗੁਰ ਚਮਤਕਾਰ ਭਾਗ - 1 ਤੇ 2 (1952), ਗੁਰਸਿੱਖ ਵਾੜੀ, (1951), ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ (1955), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ (1955)। ਨਾਟਕ : ਰਾਜਾ ਲਖਦਾਤਾ ਸਿੰਘ। ਟੀਕੇ ਅਤੇ ਹੋਰ : ਸਿੱਖਾਂ ਦੀ ਭਗਤ ਮਾਲਾ (1912), ਪ੍ਰਾਚੀਨ ਪੰਥ ਪ੍ਰਕਾਸ (1914), ਗੰਜ ਨਾਮਹ ਸਟੀਕ (1914), ਸ੍ਰੀ ਗੁਰੂ ਗ੍ਰੰਥ ਕੋਸ਼ (1927), ਸ੍ਰੀ ਗੁਰਪ੍ਰਤਾਪ ਸੂਰਜ ਗਰੰਥ (1927-1935)-ਟਿੱਪਣੀਆਂ ਸਹਿਤ 14 ਜਿਲਦਾਂ ਵਿੱਚ ਇਸ ਗ੍ਰੰਥ ਨੂੰ ਪ੍ਰਕਾਸ਼ਿਤ ਕੀਤਾ, ਦੇਵੀ ਪੂਜਨ ਪੜਤਾਲ (1932), ਪੰਜ ਗ੍ਰੰਥੀ ਸਟੀਕ (1940), ਕਬਿੱਤ ਭਾਈ ਗੁਰਦਾਸ (1940), ਵਾਰਾਂ ਭਾਈ ਗੁਰਦਾਸ, ਬਨ ਜੁੱਧ, ਸਾਖੀ ਪੋਥੀ (1950), ਕਵਿਤਾ: ਦਿਲ ਤਰੰਗ (1920), ਤ੍ਰੇਲ ਤੁਪਕੇ (1921), ਲਹਿਰਾਂ ਦੇ ਹਾਰ (1921), ਮਟਕ ਹੁਲਾਰੇ (1922), ਬਿਜਲੀਆਂ ਦੇ ਹਾਰ (1927), ਪ੍ਰੀਤ ਵੀਣਾਂ, ਮੇਰੇ ਸਾਂਈਆਂ ਜੀਉ (1953), ਕੰਬਦੀ ਕਲਾਈ, ਨਿੱਕੀ ਗੋਦ ਵਿੱਚ।

ਭਾਈ ਵੀਰ ਸਿੰਘ ਨੂੰ ਉਹਨਾਂ ਦੀ ਜ਼ਿੰਦਗੀ ਵਿਚ ਬਹੁਤ ਸਾਰੇ ਮਾਨ-ਸਨਮਾਨ ਪ੍ਰਾਪਤ ਹੋਏ। ਉਹਨਾਂ ਦੀਆਂ ਸਾਹਿਤਕ ਸੇਵਾਵਾਂ ਨੂੰ ਮੁੱਖ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਉਹਨਾਂ ਨੂੰ 1949 ਵਿੱਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਭੇਂਟ ਕੀਤੀ। 1952 ਵਿੱਚ ਉਸ ਨੂੰ ਪੰਜਾਬ ਵਿਧਾਨ ਸਭਾ ਕੌਂਸਲ ਦਾ ਮੈਂਬਰ ਨਾਮਜਦ ਕੀਤਾ ਗਿਆ। 1950 ਵਿੱਚ ਭਾਈ ਵੀਰ ਸਿੰਘ ਨੂੰ ਵਿੱਦਿਅਕ ਕਾਨਫਰੰਸ ਵਿੱਚ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ। 1955 ਵਿੱਚ ਉਸ ਦੀ ਪੁਸਤਕ 'ਮੇਰੇ ਸਾਂਈਆਂ ਜੀਉ' ਨੂੰ ਸਾਹਿਤਕ ਅਕਾਦਮੀ ਵਲੋਂ ਪੰਜ ਹਜਾਰ ਦਾ ਇਨਾਮ ਮਿਲਿਆ। 1956 ਵਿੱਚ ਉਸ ਨੂੰ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਪਰਚੇ ਵਿਚ ਅਸੀਂ ਭਾਈ ਵੀਰ ਸਿੰਘ ਜੀ ਦੁਆਰਾ ਅਨੁਵਾਦਿਤ 'ਨੀਤੀ ਸ਼ਤਕ' ਕ੍ਰਿਤ ਭਰਥਰੀ ਹਰੀ ਬਾਬਤ ਅਧਿਐਨ ਕਰਾਂਗੇ। ਇਸ ਸੰਦਰਭ ਵਿਚ ਅਸੀਂ ਅਨੁਵਾਦ ਅਤੇ ਭਾਈ ਵੀਰ ਸਿੰਘ ਦੀ ਅਨੁਵਾਦ ਕਲਾ ਉਪਰ ਵਧੇਰੇ ਧਿਆਨ ਕੇਂਦਰਿਤ ਕਰਾਂਗੇ।

ਅਨੁਵਾਦ ਸਿਰਜਣਾ ਦੀ ਪੁਨਰ-ਸਿਰਜਣਾ ਹੈ। ਇਸ ਵਿਚ ਭਾਸ਼ਾ ਅਤੇ ਸਭਿਆਚਾਰ ਦੀਆਂ ਪਰਤਾਂ ਦੀ ਪੁਨਰ-ਉਸਾਰੀ ਹੁੰਦੀ ਹੈ। ਨਾ ਸਿਰਫ਼ ਮੌਲਿਕ ਕਿਤਾਬ ਦੀ ਪੁਨਰ-ਸਿਰਜਣਾ ਹੋ ਰਹੀ ਹੁੰਦੀ ਹੈ ਸਗੋਂ ਅਨੁਵਾਦਕ





ਦੀ ਅਨੁਵਾਦ ਕਲਾ ਇਕ ਸਿਰਜਣਾਤਮਕ ਹੁੰਗਾਰੇ ਦੀ ਪ੍ਰਕ੍ਰਿਆ ਵਿਚੋਂ ਵੀ ਗੁਜ਼ਰ ਰਹੀ ਹੁੰਦੀ ਹੈ। ਇਹ ਪਾਠ, ਰਚਨਾ, ਲੇਖਕ, ਇਤਿਹਾਸ ਅਤੇ ਸਭਿਆਚਾਰ ਦਾ ਅਨੁਵਾਦ ਵੀ ਹੁੰਦਾ ਹੈ। ਅਨੁਵਾਦ ਦੇ ਸਿਧਾਂਤ ਤੇ ਮਹੱਤਵ ਬਾਰੇ ਕੁਮਾਰ ਸੁਸ਼ੀਲ ਦੇ ਸ਼ਬਦ ਪੜ੍ਹਨਯੋਗ ਹਨ। ਉਹ ਲਿਖਦੇ ਹਨ ਕਿ 'ਅਨੁਵਾਦ ਵੱਖੋ-ਵੱਖਰੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ 'ਤੇ ਕੀਤਾ ਜਾਣ ਵਾਲਾ ਕੰਮ ਹੈ, ਇਸ ਲਈ ਇਸ ਕਾਰਜ ਵਿੱਚ ਕੁਝ ਖੱਪੇ ਰਹਿ ਜਾਂਦੇ ਹਨ। ਪਰ ਅਸਲ ਵਿੱਚ ਕੋਈ ਵੀ ਅਨੁਵਾਦ ਆਪਣੇ ਆਪ ਵਿੱਚ ਸੰਪੂਰਨ ਅਤੇ ਆਖਰੀ ਨਹੀਂ ਹੁੰਦਾ ਸਗੋਂ ਹਮੇਸ਼ਾਂ ਹੀ ਇਸ ਵਿੱਚ ਸੁਧਾਰ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਅਨੁਵਾਦ ਨਾ ਤਾਂ ਮਹਿਜ ਇੱਕ ਭਾਸ਼ਾ ਦੀ ਲਿਖਤ ਨੂੰ ਅਤੇ ਨਾ ਹੀ ਮਹਿਜ ਇੱਕ ਲਿਖਤ ਦੇ ਅਰਥਾਂ ਨੂੰ ਦੂਜੀ ਭਾਸ਼ਾ ਵਿੱਚ ਲੈ ਕੇ ਜਾਣ ਦਾ ਨਾਂ ਹੈ ਸਗੋਂ ਅਰਥਾਂ ਨੂੰ ਅੱਗੇ ਤੋਰਨਾ ਅਤੇ ਨਵੇਂ ਅਰਥਾਂ ਦੀ ਸਿਰਜਣ ਕਰਨਾ ਵੀ ਹੈ। ਅਨੁਵਾਦ ਲਿਖਤ ਨੂੰ ਸਮੇਂ-ਸਥਾਨ ਦੇ ਬੰਧਨਾਂ ਤੋਂ ਮੁਕਤ ਕਰਕੇ ਸਦੀਵੀ ਬਣਾ ਦਿੰਦਾ ਹੈ'।[2]

ਪੰਜਾਬ ਦੀ ਲੋਕਧਾਰਾ ਅਤੇ ਸਭਿਆਚਾਰ ਵਿਚ ਰਾਜਾ ਭਰਥਰੀ ਹਰੀ ਦੇ ਕਿੱਸੇ, ਕਥਾਵਾਂ ਅਤੇ ਕਹਾਣੀਆਂ ਜੀਉਂਦੇ-ਜਾਗਦੇ ਸਰੂਪ ਵਿਚ ਸਫ਼ਰ ਕਰਦੇ ਆ ਰਹੇ ਹਨ। ਲੋਕਧਾਰਾ ਦੇ ਇਸ ਪਾਤਰ ਵਿਚ ਤ੍ਰਿਵੈਣੀ ਹੈ। ਇਹ ਤ੍ਰਿਵੈਣੀ ਹੈ ਰਾਜਾ, ਕਵੀ ਅਤੇ ਤਪੱਸਵੀ ਦੀ ਅਤੇ ਅਨੁਰਾਗੀ, ਵੈਰਾਗੀ, ਗਿਆਨਵਾਨ ਮਹਾਂ-ਮਨੁੱਖ ਦੀ। ਮੰਨਿਆ ਜਾਂਦਾ ਹੈ ਕਿ ਭਰਥਰੀ ਹਰੀ ਉਜੈਨ ਦਾ ਰਾਜਾ ਸੀ। ਉਸ ਦੇ ਪਿਤਾ ਦਾ ਨਾਂ ਚੰਦਰਸੇਨ ਸੀ। ਉਹ ਚੰਦਰਗੁਪਤ ਦੂਜੇ ਦਾ ਵੱਡਾ ਭਰਾ ਸੀ, ਜਿਸ ਨੇ 'ਵਿਕਰਮਾਦਿੱਤਯ' ਦਾ ਖਿਤਾਬ ਧਾਰਨ ਕੀਤਾ ਸੀ। ਉਸ ਦੀ ਪਤਨੀ ਦਾ ਨਾਂ ਪਿੰਗਲਾ ਸੀ। ਭਾਈ ਵੀਰ ਸਿੰਘ ਉਹਨਾਂ ਨੂੰ ਵਿਦਵਾਨ ਅਤੇ ਕਵੀ ਆਖ ਕੇ ਸਲਾਹੁੰਦੇ ਹਨ। ਇਸ ਮਹਾਨ ਸ਼ਖ਼ਸੀਅਤ ਨੇ ਤਿੰਨ ਸ਼ਤਕਾਂ ਦੀ ਉਤਪੱਤੀ ਕੀਤੀ, ਜਿਨ੍ਹਾਂ ਨੂੰ 'ਸ਼ਤਕਤ੍ਰੈ' ਕਿਹਾ ਜਾਂਦਾ ਹੈ। ਇਹ ਤਿੰਨ ਸ਼ਤਕ ਹਨ: ਨੀਤੀ ਸ਼ਤਕ, ਸ਼ਿੰਗਾਰ ਸ਼ਤਕ ਤੇ ਵੈਰਾਗ ਸ਼ਤਕ। ਇਕ ਰਾਜਨੀਤੀ-ਸਦਾਚਾਰ ਨਾਲ ਸਬੰਧਤ ਹੈ, ਦੂਜਾ ਪ੍ਰੇਮ-ਵਿਲਾਸ ਨਾਲ ਅਤੇ ਤੀਸਰਾ ਯੋਗ-ਸਾਧਨਾ ਨਾਲ ਸਬੰਧਤ ਹੈ। ਇਹ ਤਿੰਨੇ ਸ਼ਤਕ ਸੰਸਕ੍ਰਿਤ ਭਾਸ਼ਾ ਵਿਚ ਰਚੇ ਗਏ ਪ੍ਰਸਿੱਧ ਗ੍ਰੰਥਾਂ ਵਿਚੋਂ ਇੱਕ ਹਨ। ਭਾਈ ਵੀਰ ਸਿੰਘ ਇਹਨਾਂ ਸ਼ਤਕਾਂ ਸਬੰਧੀ ਲਿਖਦੇ ਹਨ 'ਹਿੰਦ ਬਾਗ ਦੇ ਇਕ ਨੌਂ ਨਿਹਾਲ ਨੂੰ ਤ੍ਰੈ ਲੱਗੇ ਫਲ ਇਹ ਤ੍ਰੈ ਸ਼ੱਤਕ ਹਨ'।[3] ਤਿੰਨ ਸ਼ਤਕਾਂ ਤੋਂ ਇਲਾਵਾ ਉਹਨਾਂ ਨੇ ਵਾਕਿਯਾਪਦੀਯ ਨਾਂ ਦੇ ਵਿਆਕਰਣ ਗ੍ਰੰਥ ਦੀ ਰਚਨਾ ਵੀ ਕੀਤੀ ਹੈ। ਉਹਨਾਂ ਨੂੰ ਸੰਸਕ੍ਰਿਤ ਦੇ ਮੁਕਤ ਕਾਵਿ ਪ੍ਰੰਪਰਾ ਦਾ ਮਹਾਨ ਕਵੀ ਮੰਨਿਆ ਜਾਂਦਾ ਹੈ।

ਨੀਤੀ ਸ਼ਤਕ ਵਿੱਚ ਨੀਤੀ ਸੰਬੰਧੀ ਸੌ ਤੋਂ ਵੱਧ ਸ਼ਲੋਕ ਦਰਜ ਹਨ। ਸੰਸਕ੍ਰਿਤ ਵਿਦਵਾਨਾਂ ਸਮੇਤ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਨੀਤੀ ਸ਼ਤਕ ਦੇ ਸ਼ਲੋਕ ਸੂਕਤੀ ਵਜੋਂ ਵਰਤੇ ਜਾਂਦੇ ਰਹੇ ਹਨ। ਕਵੀ ਭਰਥਰੀ ਹਰੀ ਨੇ ਨੀਤੀ ਸ਼ਤਕ ਵਿੱਚ ਵਿਸ਼ਾਲ ਤੇ ਸਮ੍ਰਿੱਧ ਜੀਵਨ ਦੇ ਤਜ਼ਰਬੇ ਦੇ ਆਧਾਰ 'ਤੇ ਨੀਤੀ ਸੰਬੰਧੀ ਸ਼ਲੋਕਾਂ ਦੀ ਸਿਰਜਣਾ ਕੀਤੀ ਸੀ। ਇਹਨਾਂ ਸ਼ਲੋਕਾਂ ਵਿਚ ਉਹਨਾਂ ਨੇ ਮੂਰਖ਼ਤਾ, ਲਾਲਸਾ, ਮਾਇਆ, ਬਦਨੀਅਤੀ, ਹੰਕਾਰ ਆਦਿ ਮਨੋਬਿਰਤੀਆਂ ਦੀ ਆਲੋਚਨਾ ਕੀਤੀ ਹੈ। ਆਲੋਚਨਾ ਦੇ ਨਾਲ-ਨਾਲ ਉਹਨਾਂ ਨੇ ਗਿਆਨ, ਮਿੱਤਰਤਾ, ਉਦਾਰਤਾ, ਸਵੈ-ਮਾਣ, ਸਬਰ-ਸੰਤੋਖ, ਸੱਚ ਆਦਿ ਗੁਣਾਂ ਦਾ ਮਹਿਮਾ-ਗਾਣ ਵੀ ਕੀਤਾ ਹੈ। ਭਾਈ ਵੀਰ ਸਿੰਘ ਭਰਥਰੀ ਹਰੀ ਦੇ ਰਚਨਾਤਮਕ ਤੇ ਸਿਰਜਣਾਤਮਕ ਸੰਸਾਰ ਬਾਰੇ, ਗਿਆਨ ਤੇ ਸਹਿਜਤਾ ਬਾਰੇ, ਤਿੰਨੋਂ ਸ਼ਤਕਾਂ ਦੀ ਤਾਸੀਰ/ਸੁਭਾਅ/ਪ੍ਰਯੋਜਨ ਬਾਰੇ ਆਪਣੀ ਅਨੁਵਾਦਿਤ ਪੁਸਤਕ 'ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ' ਵਿਚ ਇਹ ਸ਼ਬਦ ਲਿਖਦੇ ਹਨ -

1. ਹਿੰਦੁਸਤਾਨ ਦੇ ਬਾਗ ਵਿਚ ਇਕ ਬੂਟਾ ਮੌਲਿਆ ਸੀ, ਉਸਨੇ ਆਪਣੇ ਮਨ ਨੂੰ ਆਮ ਲੋਕਾਂ ਵਾਂਗੂੰ ਸਾਧਾਰਣ ਦਸ਼ਾ ਵਿਚ ਰਖਿਆ, ਉਸਨੇ ਸਭ ਤੋਂ ਵਧੀਕ ਖਿੱਚ ਲੈਣ ਵਾਲੇ ਰਸ 'ਸ਼ਿੰਗਾਰ' ਨੂੰ ਚੰਗਾ ਸਮਝਿਆ ਅਤੇ ਉਸਦੇ ਅੰਦਰ ਪਏ ਵਲਵਲੇ ਜੋਰਦਾਰ ਸ਼ਕਲ ਫੜ ਗਏ। ਓਹ ਵਿਦਵਾਨ ਭੀ ਸੀ, ਓਹ

ਕਵੀ ਭੀ ਸੀ, ਜੋ ਤਸਵੀਰ ਉਸਦੇ ਅੰਦਰ 'ਪ੍ਰੀਤ ਰਸ' ਦੇ ਵਲਵਲਿਆਂ ਤੋਂ ਬਣੀ, ਉਸਨੇ ਓਹ ਸੌ ਸ਼ਕਲਾਂ ਵਿਚ ਖਿੱਚੀ, ਇਸ ਰਸ ਦੇ ਸੁਆਦ, ਤੜਫਨੀਆਂ, ਬ੍ਰੀਕੀਆਂ, ਕੋਮਲਤਾਈਆਂ, ਤਲਖਾਈਆਂ ਤੇ ਕਲੇਸ਼ ਸਭ ਉਸਦੇ ਬੁਰਸ਼ ਨੇ ਸਾਫ ਦਿਖਾ ਦਿਤੇ, ਇਹ ਤਸਵੀਰ ਉਸਨੇ ਹਿੰਦ ਦੇ ਸਾਹਿੱਤ ਚਿੱਤ੍ਰਸ਼ਾਲ ਵਿਚ ਰੱਖ ਦਿੱਤੀ ਤੇ ਉਸਦੇ ਹੇਠ ਲਿਖਿਆ 'ਸ਼ਿੰਗਾਰ ਸ਼ੱਤਕ'।

2. ਆਪਣੇ ਅੰਦਰਲੇ ਦੇ ਵਧੀਕ ਉੱਨਤ ਕਰਦਿਆਂ ਯਾ ਹੁੰਦਿਆਂ ਉਸ ਕਲਾ ਕੌਸ਼ਲੀਏ ਨੇ ਦਨਾਈ ਦੇ ਦਰਸ਼ਨ ਪਾਏ। ਸ਼ਿੰਗਾਰ ਦੇ ਖੋਟੇ ਫਲਾਂ ਤੇ ਭੋਗ ਦੇ ਅੰਤ ਰੋਗ' ਦੇ ਤਜਰਬੇ ਨੇ ਅਰ ਐਸੇ ਤਜਰਬਿਆਂ ਨੇ ਕਿ ਜਿਸਨੂੰ ਓਹ ਪਿਆਰ ਕਰੇ, ਓਹ ਹੋਰਨਾਂ ਨੂੰ ਪਿਆਰ ਕਰੇ' ਉਸਨੂੰ ਇਖਲਾਕ ਤੇ ਬੁੱਧੀਮਤਾ ਦਾ ਅਨੁਭਵ ਦਿੱਤਾ ਤਦ ਉਸਦੇ ਅੰਦਰ ਇਖਲਾਕ ਦੀ ਮੂਰਤੀ ਭਰਥਰੀ ਹਰੀ ਜੀਵਨ ਬਣੀ। ਓਹ ਮੂਰਤੀ ਉਸਦੇ ਆਪਣੇ ਹਿਰਦੇ ਦੇ ਤਖਤੇ ਤੋਂ ਸਲੋਕਾਂ ਵਿਚ ਖਿੱਚੀ ਅਰ ਹਿੰਦ ਨੇ ਸਾਹਿੱਤ ਚਿੱਤ੍ਰਸ਼ਾਲ ਵਿਚ ਧਰ ਦਿੱਤੀ ਤੇ ਥੱਲੇ ਲਿਖ ਦਿੱਤਾ 'ਨੀਤੀ ਸ਼ੱਤਕ'।

3. ਇਖਲਾਕ ਤੇ ਭਾਈਚਾਰਕ, ਸਰੀਰਕ ਤੇ ਕੁਛ ਮਾਨਸਿਕ ਸੁਖਾਂ ਦੇ ਨਾਲ ਨਾਲ ਉਸ ਕਲਾਵਾਨ ਨੇ ਅਨੁਭਵ ਕੀਤਾ ਕਿ ਅੰਦਰ ਕੋਈ ਤਰਸੇਵਾਂ ਹੋਰ ਹੈ, ਕੋਈ ਭੁੱਖ ਹੈ, ਜਿਸਦੇ ਸੱਖਣਾਪਨ ਨੂੰ ਇਹ ਨਹੀਂ ਮੇਟਦਾ। ਵਿਦਵਾਨਾਂ ਤੇ ਦਾਨਿਆਂ ਨੂੰ ਓਸਨੇ ਮਤਸਰ ਤੇ ਸਾੜੇ ਵਿੱਚ ਦੇਖਿਆ: ਇਸ ਤੋਂ ਨੀਤੀ ਇਖ਼ਲਾਕੀ ਜੀਵਨ ਪੋਲੇ ਹੋ ਦਿੱਸੇ। ਇਸ ਉੱਚੀ ਸੈ ਵਿੱਚ ਭੀ ਉਨ੍ਹਾਂ ਨੂੰ ਅਜੇ ਨਿੱਗਰਤਾ ਦੀ ਕਮੀਂ ਦਾ ਅਨੁਭਵ ਹੋਯਾ, ਤਦ ਅੰਦਰ ਇਕ ਹੋਰ ਤਸਵੀਰ ਬਣੀ ਕਿ ਇਹ ਰਸ ਤੇ ਇਖਲਾਕ ਚੰਗੇ ਹਨ, ਪਰ ਇਹ ਦ੍ਰਿਸ਼ਮਾਨ ਦੇ ਸੁਆਦ ਤੇ ਪ੍ਰਬੰਧ ਹਨ, ਕੋਈ ਹੋਰ ਟਿਕਾਣਾ ਅਟੱਲਤਾ ਦਾ ਹੈ। ਸਹਿਜੇ ਸਹਿਜੇ ਅੰਦਰਲੇ ਨੇ ਰਸਾਂ ਨਾਲੋਂ ਤੇ ਫੋਕੀਆਂ ਦੁਨਿਆਵੀ ਅਕਲਾਂ ਤੇ ਇਖ਼ਲਾਕਾਂ ਨਾਲੋਂ, ਪ੍ਰਯਤਨਾਂ ਨਾਲੋਂ ਨਿਹਕੇਵਲ (ਕੈਵੱਲ) ਹੋ ਜਾਣ ਨੂੰ ਚੰਗਾ ਜਾਤਾ, ਤਦੋਂ ਉਸਦੇ ਅੰਦਰ ਇਕ ਮੂਰਤ ਬਣੀ ਜੋ ਉਸਨੇ ਕਾਗਤ ਪਰ ਖਿੱਚ ਕੇ ਹਿੰਦ ਸਾਹਿਤਕ ਚਿੱਤ੍ਰਸ਼ਾਲ ਵਿਚ ਰੱਖ ਦਿੱਤੀ ਤੇ ਹੇਠਾਂ ਲਿਖ ਦਿਤਾ 'ਵੈਰਾਗ ਸੱਤਕ'।[4]

ਭਾਈ ਵੀਰ ਸਿੰਘ ਨੇ ਭਰਥਰੀ ਹਰੀ ਜੀਵਨ ਸਿਰਲੇਖ ਵਿਚ ਰਾਜੇ ਦੇ ਜੀਵਨ, ਸੰਨਿਆਸ, ਵੈਰਾਗ ਅਤੇ ਕਾਵਿ ਸਬੰਧੀ ਬਹੁਤ ਸਾਰੇ ਤੱਥ ਪੇਸ਼ ਕੀਤੇ ਹਨ। ਲਗਭਗ ਪੂਰੇ ਭਾਰਤ ਵਿਚ ਜੋ ਕਥਾਵਾਂ, ਕਾਵਿ ਜਾਂ ਨਾਟਕ ਮਿਲਦੇ ਹਨ ਉਹਨਾਂ ਦੇ ਹਵਾਲੇ ਦਰਜ ਕੀਤੇ ਗਏ ਹਨ। ਇਹਨਾਂ ਹਵਾਲਿਆਂ ਵਿਚ ਉਹਨਾਂ ਨੇ ਕਥਾਵਾਂ ਵਿਚਲੇ ਅੰਤਰ, ਸਮਾਨਤਾ ਅਤੇ ਮਹਾਤਮ ਨੂੰ ਪਾਰਖੂ ਨਜ਼ਰ ਨਾਲ ਦੇਖਿਆ ਹੈ। ਉਹਨਾਂ ਨੇ ਤੁਲਨਤਾਮਕ ਅਧਿਐਨ ਵਿਧੀ ਰਾਹੀਂ ਸੰਮਤ/ਕਾਲ/ਪਾਤਰ/ਭੂਗੋਲ ਅਤੇ ਇਤਿਹਾਸ ਨੂੰ ਵਾਚਦਿਆਂ ਪ੍ਰਮਾਣਿਕਤਾ ਸਹਿਤ ਵਿਆਖਿਆ ਕੀਤੀ ਹੈ।

ਉਹਨਾਂ ਨੇ ਭਰਥਰੀ ਹਰੀ ਜੀਵਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ-

ੳ. ਪ੍ਰੰਪਰਾ ਦਾ ਭਰਥਰੀ

ਅ. ਇਤਿਹਾਸ ਵਿਚ ਭਰਥਰੀ

ੲ. ਸਿਧਾਂਤ

ਇਹਨਾਂ ਤਿੰਨਾਂ ਨੂੰ ਅੱਗੋਂ ਉਪ-ਭਾਗਾਂ ਵਿਚ ਵੀ ਵੰਡਿਆ ਗਿਆ ਹੈ।

**ਪ੍ਰੰਪਰਾ ਦਾ ਭਰਥਰੀ** - ਵੈਰਾਗ ਦਾ ਕਾਰਣ, ਵੈਰਾਗ ਦੀ ਤੀਬਰਤਾ, ਫਿਰ ਫਿਰ ਪਛੁਤਾਵੇ, ਭੁੱਖ ਤ੍ਰੇਹ ਨੂੰ ਜਿੱਤਣਾ, ਨਾਟਕ ਵਿਚ ਭਰਥਰੀ ਹਰੀ ਦੀ ਵੈਰਾਗ ਕਥਾ, ਪੰਜਾਬ ਦੇ ਗੀਤਾਂ ਵਿਚ ਭਰਥਰੀ, ਰਾਜਿਸਥਾਨੀ ਵਿਚ ਭਰਥਰੀ ਹਰੀ, ਹੋਰ ਕਥਾ।

**ਇਤਿਹਾਸ ਵਿਚ ਭਰਥਰੀ** - ਬਿਕ੍ਰਮਾ ਦੱਤ, ਵਿਕ੍ਰਮਾ ਦਿੱਤ ਤੇ ਭਰਥਰੀ ਹਰੀ, ਸ਼ਿਲਾਦਿੱਤਯ-2।

**ਸਿਧਾਂਤ**- ਪ੍ਰੰਪਰਾ ਤੋਂ ਕੀ ਲੱਭਦਾ ਹੈ?, ਇਤਿਹਾਸਕ ਖੋਜ ਤੋਂ ਕੀ ਲਭਦਾ ਹੈ?, ਸਾਹਿਤ ਦੇ ਚਿੱਤ੍ਰਸ਼ਾਲ ਵਿਚ ਭਰਥਰੀ।





ਭਾਈ ਵੀਰ ਸਿੰਘ ਦੁਆਰਾ ਅਨੁਵਾਦਿਤ ਨੀਤੀ ਸ਼ਤਕ ਗ੍ਰੰਥ ਸਦੀਵੀ ਰਚਨਾ ਵਾਂਗ ਵਿਚਰਦਾ ਮਹਿਸੂਸ ਹੁੰਦਾ ਹੈ। ਇਹ ਗ੍ਰੰਥ ਅਨੁਵਾਦ ਦੇ ਮਾਧਿਅਮ ਰਾਹੀਂ ਕਾਲ, ਸਮੇਂ, ਸਥਾਨ ਅਤੇ ਗਿਆਨ ਦੀ ਇਕਾਗਰਤਾ ਨਾਲ ਪੰਜਾਬੀ ਭਾਸ਼ਾ ਵਿਚ ਪ੍ਰਵੇਸ਼ ਕਰਦਾ ਹੈ। ਜੋ ਕਿ ਭਾਰਤੀ ਚਿੰਤਨ ਪ੍ਰੰਪਰਾ, ਉਸ ਅੰਦਰ ਵੈਰਾਗ ਅਤੇ ਨੀਤੀ ਨਾਲ ਸੰਵਾਦਮਈ ਮੁਦਰਾ ਅਖ਼ਤਿਆਰ ਕਰਦਾ ਹੈ।

ਕਿਤਾਬ ਦੇ ਅਨੁਵਾਦ ਸਬੰਧੀ ਭਰਥਰੀ ਹਰੀ ਦੇ ਜੀਵਨ, ਉਹਨਾਂ ਦੇ ਭਾਰਤੀ ਗਿਆਨ ਅਤੇ ਚਿੰਤਨ ਦੀ ਪ੍ਰੰਪਰਾ ਵਿਚ ਸਹਿਜ ਅਤੇ ਸੱਚ ਦੀ ਤਲਾਸ਼ ਬਾਰੇ, ਪੂਰਵੀ ਚਿੰਤਨ ਦੇ ਮਹੱਤਵ, ਮਨੁੱਖੀ ਮਨ ਦੇ ਆਂਤਰਿਕ ਵਿਕਾਸ ਪੜਾਵਾਂ ਬਾਰੇ, ਮੋਹ, ਲਾਲਸਾ, ਮੁਹੱਬਤ, ਸਹਿਜਤਾ, ਤਪਸਿਆ ਅਤੇ ਅਨੰਤ ਸੱਚ ਦੀ ਖੋਜ ਬਾਰੇ ਲਿਖਦੇ ਹਨ। ਉਹਨਾਂ ਨੇ ਭਰਥਰੀ ਹਰੀ ਦੇ ਜੀਵਨ, ਮਹਾਤਮ ਅਤੇ ਸਹਿਜ-ਗਿਆਨ ਨੂੰ 'ਇਨਸਾਨੀ ਦਿਲਾਂ ਵਿਚ ਵਰਤ' ਸਕਦੀ 'ਤਰੰਗ' ਵਜੋਂ ਰੂਪਮਾਨ ਕੀਤਾ ਹੈ। ਇੱਥੇ ਭਾਈ ਸਾਹਿਬ ਇਕ ਸੰਭਾਵਨਾ ਦੀ ਤਲਾਸ਼ ਵਿਚ ਹਨ। ਉਹ ਭਾਰਤੀ ਬਰ-ਏ-ਸਗ਼ੀਰ ਵਿਚ ਭਰਥਰੀ ਹਰੀ ਦੇ ਮਾਧਿਅਮ ਨਾਲ ਦੁਬਾਰਾ ਸਹਿਜ ਗਿਆਨ ਦੀ ਪ੍ਰੰਪਰਾ ਨੂੰ ਰੂਪਮਾਨ ਅਤੇ ਵਿਦਮਾਨ ਹੋਣਾ ਲੋਚਦੇ ਹਨ। ਉਹਨਾਂ ਲਈ ਉਹ ਭਾਵ ਮਾਰਗ-ਦਰਸ਼ਕ ਦੀ ਭੂਮਿਕਾ ਨਿਭਾ ਸਕਦੇ ਹਨ। ਇਸ ਪ੍ਰਯੋਜਨ ਦੀ ਪੂਰਤੀ ਲਈ 'ਅੰਦਰਲੇ ਸੱਚ' ਵੱਲ ਧਿਆਨ ਜੋੜਨ ਦੀ ਅਹਿਮੀਅਤ ਦੱਸੀ। ਉਹ ਪੂਰਵੀ ਗਿਆਨ ਪ੍ਰੰਪਰਾ ਦੀ ਆਂਤਰਿਕ ਤਰਬੀਅਤ ਨੂੰ ਅਤੇ ਪੱਛਮੀ ਚਿੰਤਨ ਦੇ ਬਾਹਰਮੁਖੀ ਧਿਆਨ ਦੀ ਪ੍ਰੰਪਰਾ ਨੂੰ ਇਕ ਸੂਤਰ ਦੇ ਨਜ਼ਦੀਕ ਲਿਆਉਣ ਦਾ ਯਤਨ ਕਰਦੇ ਜਾਪਦੇ ਹਨ। ਇਸ ਨਾਲ ਇਸ ਅਨੁਵਾਦ ਲਈ ਉਹਨਾਂ ਦਾ ਪ੍ਰਯੋਜਨ ਵੀ ਸਪਸ਼ਟ ਹੁੰਦਾ ਹੈ। ਇਸ ਸੰਦਰਭ ਵਿਚ ਉਹ ਲਿਖਦੇ ਹਨ :

> ਨਾਮ ਉਸ ਮੁਸੱਵਰ ਦਾ ਭਰਥਰੀ ਰਖੋ ਯਾ ਹੋਰ, ਰਾਜਾ ਕਹੋ ਯਾ ਮੁਨੀ, ਇਸਤ੍ਰੀ ਵਿਯੋਗ ਕਹੋ ਯਾ ਇਸਤ੍ਰੀ ਦੁਪਿਤ, ਕੱਲ ਹੋਯਾ ਕਹੱਯਾ ੧੩੦੦ ਬਰਸ ਪਹਿਲੇ, ਉਸਦੀ ਖਿੱਚੀ ਤਸਵੀਰ ਤੇ ਉਸਦਾ ਪ੍ਰਭਾਵ ਤੇ ਅਸਰ ਪ੍ਰਦਿਪਤ ਹੈ, ਅਰ ਦੱਸ ਰਿਹਾ ਹੈ ਕਿ ਮੋਹ ਪਿਆਰ ਵਿਚ ਪੈਣਾ, ਫੇਰ ਅਕਲ ਆਉਣੀ ਤੇ ਦਾਨੇ ਹੋਣਾ, ਅੰਤ ਦ੍ਰਿਸ਼ਟਮਾਨ ਤੋਂ ਨਜ਼ਰ ਉੱਠ ਕੇ ਕਿਸੇ ਅਮਰ ਅਨੰਤ ਸੱਚ' ਦੀ ਤਲਾਸ਼ ਲਈ ਵੈਰਾਗ ਹੋ ਜਾਣਾ ਏਹ ਤਰੰਗ ਹਨ, ਜੋ ਇਨਸਾਨੀ ਦਿਲਾਂ ਵਿਚ ਵਰਤ ਸਕਦੇ ਹਨ, ਅਰ ਕਿਸੇ ਅਕਲ ਤੇ ਵਲਵਲੇ ਵਾਲੇ ਹੁੰਦੇ ਨੂੰ ਐਸੇ ਕਿਸਮ ਦੇ ਤਜਰਬੇ ਪੇਸ਼ ਆ ਸਕਦੇ ਹਨ, ਜੈਸੇ ਇਨਸਾਨੀ ਭਰਥਰੀ ਨੂੰ ਆਏ ਤੇ ਜ਼ਿੰਦਗੀ ਦੇ ਡੂੰਘੇ ਮਰਮਾਂ ਦੇ ਕਠਨ ਵੇਲਿਆਂ ਤੇ ਇਹ ਹੋ ਚੁਕੇ ਤਜਰਬੇ ਹੋਰਨਾਂ ਇਨਸਾਨਾਂ ਦੀ ਸਹਾਇਤਾ ਕਰ ਸਕਦੇ ਹਨ। ਹਿੰਦ ਨੇ ਇਤਿਹਾਸ ਏਸ ਤਰ੍ਹਾਂ ਲਿਖਿਆ ਹੈ। ਉਨ੍ਹਾਂ ਨੇ ਅੰਦਰਲੇ ਸੱਚ ਵਲ ਧਿਆਨ ਜੋੜਿਆ ਸੀ ਤੇ ਓਧਰ ਧਿਆਨ ਖਿੱਚੇ ਸਨ ਤੇ ਉੱਨਤੀ ਕੀਤੀ ਸੀ। ਪੱਛਮ ਦੀ ਤਵੱਜੋ ਬਾਹਰ ਮੁਖੀ ਤੇ ਉੱਨਤੀ ਦ੍ਰਿਸਟਮਾਨ ਵਿਚ ਹੈ। ਓਹਨਾਂ ਦੇ ਕਲਾਵਾਨਾਂ ਨੇ ਬਾਹਰਲੇ ਨਾਟ ਵਿਚ ਧੁਨਿ ਰੱਖੀ ਹੈ। ਸੋ ਪੱਛੋਂ ਦੀ ਬਾਹਰਮੁਖੀ ਰੋਸ਼ਨੀ ਵਿਚ ਪੂਰਬ ਦੇ ਅੰਤਰ ਮੁਖ ਧਿਆਨ ਪ੍ਰਕਾਸ਼ ਨੂੰ ਲੋਪ ਕਰਨ ਦੀ ਥਾਂ ਦੋ ਦੀਵਿਆਂ ਦੇ ਚਾਨਣ ਵਾਂਗੂ ਦੋਹਾਂ ਰੌਸ਼ਨੀਆਂ ਦੇ ਇਕ ਦੂਏ ਨੂੰ ਦੁਬਾਲਾ ਕਰਨ ਵਾਲੇ ਵਤੀਰੇ ਹੀ ਸ੍ਰੇਸ਼ਟ ਹੋ ਸਕਦੇ ਹਨ।[5]

ਇਹ ਕਿਤਾਬ ਦਸੰਬਰ 1916 ਵਿਚ ਤਿਆਰ ਕੀਤੀ ਗਈ ਸੀ। ਭਾਈ ਵੀਰ ਸਿੰਘ ਨੇ ਇਸ ਕਿਤਾਬ ਦੀ ਭੂਮਿਕਾ ਵਿਚ ਕੁਝ ਨੁਕਤੇ ਸਪਸ਼ਟ ਕੀਤੇ ਹਨ। ਉਹਨਾਂ ਨੇ ਭਰਥਰੀ ਹਰੀ ਦੇ ਜੀਵਨ ਇਤਿਹਾਸ ਬਾਰੇ ਪੱਛਮੀ ਮਾਪਦੰਡ ਮੁਤਾਬਿਕ ਇਤਿਹਾਸ ਨਾ ਲਿਖੇ ਜਾਣ ਦੀ ਗੱਲ ਕਹੀ। ਭਰਥਰੀ ਹਰੀ ਦੇ ਜੀਵਨ, ਸਾਹਿਤ ਅਤੇ ਇਤਿਹਾਸ ਨਾਲ ਸਬੰਧਤ ਤੱਥ, ਰਵਾਇਤਾਂ, ਲੋਕ ਜ਼ੁਬਾਨ 'ਤੇ ਚੜ੍ਹੀਆਂ ਕਹਾਣੀਆਂ ਤੇ ਕਥਾਵਾਂ ਰਾਹੀਂ ਹਰੇਕ

ਖਿੱਤੇ/ਬੋਲੀ ਵਿਚ ਥੋੜ੍ਹੇ ਬਹੁਤ ਫ਼ਰਕ ਨਾਲ ਮਿਲ ਜਾਂਦੇ ਹਨ। ਇਹ ਸਾਰੇ ਪ੍ਰਸੰਗ ਬਹੁਤ ਪ੍ਰਸਿੱਧ ਹਨ ਅਤੇ ਲੋਕ ਸਾਹਿਤ ਦਾ ਹਿੱਸਾ ਬਣ ਗਏ ਹਨ। ਇਹਨਾਂ ਸਬੰਧੀ ਤੱਥਾਂ ਅਤੇ ਤਰਕਾਂ ਵਿਚਕਾਰ ਖਿੱਚੋਤਾਣ ਹੈ। ਭਾਈ ਵੀਰ ਸਿੰਘ ਆਪਣੀ ਇਸ ਕਿਤਾਬ ਵਿਚ ਭਰਥਰੀ ਹਰੀ ਦੇ ਜੀਵਨ, ਸਾਹਿਤ ਅਤੇ ਇਤਿਹਾਸ ਸਬੰਧੀ 'ਵਿਚਾਰ ਅਤੇ ਇਤਿਹਾਸਕ ਖੋਜ' ਰਾਹੀਂ ਜੋ ਕੁਝ ਉਪਰੋਕਤ ਸੰਦਰਭ ਵਿਚ ਹਾਸਿਲ ਹੋਇਆ ਉਸ ਬਾਰੇ ਜਾਣਕਾਰੀ ਦਰਜ ਕਰ ਰਹੇ ਹਨ।

ਭਾਈ ਸਾਹਿਬ ਨੇ ਭਰਥਰੀ ਹਰੀ ਦੇ ਸ਼ਤਕਾਂ ਦੇ ਅਨੁਵਾਦ ਸਬੰਧੀ ਮੁੱਢਲੀਆਂ ਲਿਖਤਾਂ ਦਾ ਵੀ ਜ਼ਿਕਰ ਕੀਤਾ ਹੈ। ਉਹਨਾਂ ਨੇ ਭਰਥਰੀ ਹਰੀ ਦੀਆਂ ਰਚਨਾਵਾਂ ਦੇ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਹੋਏ ਅਨੁਵਾਦ ਦਾ ਜ਼ਿਕਰ ਵੀ ਕੀਤਾ ਹੈ। ਭਾਰਤ ਦੀਆਂ ਬਹੁਤ ਸਾਰੀਆਂ ਬੋਲੀਆਂ ਸਮੇਤ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨੀ ਆਦਿ ਅਨੇਕਾਂ ਯੂਰਪੀ ਭਾਸ਼ਾ ਵਿਚ ਅਨੁਵਾਦ ਹੋਇਆ ਮਿਲਦਾ ਹੈ। ਭਰਥਰੀ ਹਰੀ ਸਨਿਆਸੀ, ਪੰਡਿਤ ਅਤੇ ਘਰਬਾਰੀ ਵਜੋਂ ਦੁਨੀਆ ਵਿਚ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹਰਦਿਆਲ ਨਾਮੇ ਕਵੀ ਨੇ ਵੈਰਾਗ ਸ਼ੱਤਕ ਦਾ ਬ੍ਰਿਜ ਭਾਸ਼ਾ ਵਿਚ ਅਨੁਵਾਦ ਕੀਤਾ ਜਿਸਦਾ ਪੰਜਾਬੀ ਅਨੁਵਾਦ ਵੀ ਪ੍ਰਾਪਤ ਹੁੰਦਾ ਹੈ। ਪਰ ਨੀਤੀ ਸ਼ੱਤਕ ਦਾ ਪੰਜਾਬੀ ਵਿਚ ਕੋਈ ਅਨੁਵਾਦ ਨਹੀਂ ਮਿਲਦਾ ਹੈ। ਇਸਦਾ ਪਹਿਲੀ ਵਾਰ ਅਨੁਵਾਦ ਭਾਈ ਵੀਰ ਸਿੰਘ ਨੇ ਕੀਤਾ ਅਤੇ ਭਰਥਰੀ ਹਰੀ ਦਾ ਜੀਵਨ ਅਤੇ ਨੀਤੀ ਸ਼ੱਤਕ ਦਾ ਪੰਜਾਬੀ ਰੂਪ ਤਿਆਰ ਕੀਤਾ। ਉਹਨਾਂ ਨੇ ਨੀਤੀ ਸ਼ਤਕ ਨੂੰ 'ਠੇਠ ਕਵਿਤਾ' ਰਾਹੀਂ ਪੰਜਾਬੀ ਜ਼ੁਬਾਨ ਵਿਚ ਢਾਲ਼ਿਆ ਹੈ। ਇਹ ਬਹੁਤ ਵੱਡਾ ਉਦਮ ਸੀ ਜਿਸਨੂੰ ਉਹ ਆਪ 'ਨਿੱਕਾ ਜਿਹਾ ਸ਼੍ਰਮ' ਆਖਦੇ ਹਨ।

ਨੀਤੀ ਸ਼ਤਕ ਵਿਚ ਪਾਠ ਨੂੰ ਇਹਨਾਂ ਸਿਰਲੇਖਾਂ ਵਿਚ ਵੰਡਿਆ ਹੈ : ਮੰਗਲਾਚਰਨ (ਤੇਜਮਈ ਚੇਤਨ ਸ਼ਕਤੀ ਜਾਂ ਬ੍ਰਹਮ ਸ਼ਕਤੀ ਜੋ ਅਰੂਪ ਹੈ ਜਿਸਦਾ ਗਿਆਨ ਆਤਮ-ਅਨੁਭਵ ਤੇ ਸਵੈ ਅਨੁਭੂਤੀ ਰਾਹੀਂ ਹੀ ਹੁੰਦਾ ਹੈ) ਮੂਰਖ ਨਿੰਦਾ, ਵਿੱਦਵਤਾ ਦੀ ਪ੍ਰਸੰਸਾ, ਬੀਰਤਾ ਤੇ ਸਵੈ ਪ੍ਰਸੰਸਾ, ਦੌਲਤ, ਸੰਤੋਖ, ਦੁਰਜਨ ਨਿੰਦਾ, ਸੱਜਣ ਪ੍ਰਸੰਸਾ, ਪਰਉਪਕਾਰ, ਧੀਰਜ, ਦੈਵ ਪ੍ਰਸ਼ੰਸਾ, ਕਰਮ ਪ੍ਰਸੰਸਾ, ਰਲੇ ਮਿਲੇ। ਉਪਰੋਕਤ ਸੂਤਰਾਂ ਨੂੰ ਵਾਚਦਿਆਂ ਨੀਤੀ ਸ਼ਤਕ ਵਿਚ ਪ੍ਰਮੁੱਖ ਤੌਰ 'ਤੇ ਜੋ ਵਿਸ਼ੇ ਉਭਰਦੇ ਹਨ ਉਹ ਇਸ ਤਰ੍ਹਾਂ ਹਨ : ਸੱਚਾ ਪ੍ਰੇਮ, ਆਤਮ ਗਿਆਨ, ਗਿਆਨੀ ਤੇ ਅਗਿਆਨੀ ਬਾਰੇ, ਅਨੁਰਾਗ ਤੇ ਵੈਰਾਗ, ਜਿਊਣ ਦੀ ਕਲਾ, ਮਾਰਗਦਰਸ਼ਨ, ਪ੍ਰਤਿਕੂਲ ਹਾਲਾਤਾਂ 'ਚੋਂ ਬਾਹਰ ਨਿਕਲਣ ਦਾ ਮਾਰਗ, ਉਪਦੇਸ਼ਾਤਮਕ ਕਾਵਿ, ਵਿਦਵਾਨ ਤੇ ਰਾਜਾ ਦੇ ਕਾਰਜ ਆਦਿ। ਉਦਾਹਰਣ ਵਜੋਂ ਇਹਨਾਂ ਵਿਚੋਂ ਇਕ ਪਦ ਪੇਸ਼ ਕਰਦੇ ਹਾਂ। ਭਰਥਰੀ ਹਰੀ ਗਿਆਨੀ ਅਤੇ ਅਗਿਆਨੀ ਬਾਰੇ ਲਿਖਦੇ ਹਨ:

ਅਗਿਆਨੀ ਸੁਖ ਨਾਲ ਮਨੀਂਦਾ
ਅਤਿ ਸੁਖ ਨਾਲ ਗਿਆਨੀ।
ਬ੍ਰਹਮਾ ਭੀ ਰੀਝਾ ਨਹੀਂ ਸਕਦਾ
ਗਰੀਬੀ ਅਲਪ-ਗਿਆਨੀ। [6]

ਅਸਤਿ ਅਤੇ ਸਤਿ ਬਾਰੇ ਉਹਨਾਂ ਦਾ ਇਹ ਸ਼ਲੋਕ ਦੇਖਿਆ ਜਾ ਸਕਦਾ ਹੈ:

ਸੰਸਕ੍ਰਿਤ ਵਿਚ:

प्रसह्यमणिमुद्धरेन्मकरदंष्ट्रान्तरात्
समुद्रमपिसन्तरेत्प्रचलदुर्मिमालाकुलाम्।
भुजङ्गमपिकोपितंशिरसिपुष्पवद्धारयेत्
नतुप्रतिनिविष्टमूर्खजनचित्तमाराधयेत्।।४।।[7]





ਅਨੁਵਾਦ :

ਮਗਰ ਮੱਛ ਦੀ ਦਾੜ੍ਹਾਂ ਦੀ ਨੋਕ ਹੇਠੋਂ,
ਨਾਲ ਜ਼ੋਰ ਦੇ ਮਣੀ ਕਢਵਾ ਲਈਏ।
ਚੰਚਲ ਉਛਲਦਾ ਲਹਿਰ ਤਰੰਗ ਸਾਗਰ,
ਜੋਰ ਡੌਲਿਆਂ ਦੇ ਤਰ ਪਾਰ ਪਈਏ।
ਗੁੱਸੇ ਭਰੇ ਵਿਕਰਾਲ ਇਕ ਸੱਪ ਤਾਈਂ,
ਫੁਲ ਵਾਂਗ ਉਠਾਇਕੇ ਸੀਸ ਚਈਏ।
ਐਪਰ ਧਸੇ ਅਸੱਤਿ ਵਿਚ ਚਿੱਤ ਮੂਰਖ,
ਕਿਸੇ ਤਰ੍ਹਾਂ ਨਾਂ ਕੱਢ ਨਿਵਾਰ ਲਈਏ।[7]

(ਅਰਥ : ਮਨੁੱਖ ਚਾਹੇ ਤਾਂ ਮਗਰਮੱਛ ਦੀ ਦਾੜ੍ਹ ਦੇ ਸਿਰੇ ਤੋਂ ਰਤਨ ਕੱਢਣ ਦਾ ਉਦਯੋਗ ਕਰ ਸਕਦਾ ਹੈ; ਉਹ ਚਾਹੇ ਤਾਂ ਬਾਹਾਂ ਅਸਾਂਤ ਸਮੁੰਦਰ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਉਹ ਗੁੱਸੇ ਨਾਲ ਭਰੇ ਸੱਪ ਨੂੰ ਆਪਣੇ ਸਿਰ 'ਤੇ ਪੁਸ਼ਪਾਂਜਲੀ ਵਾਂਗ ਪਹਿਨਣ ਦੀ ਹਿੰਮਤ ਕਰ ਸਕਦਾ ਹੈ, ਪਰ ਉਹ ਆਪਣੀ ਜ਼ਿੱਦ 'ਤੇ ਅੜ੍ਹ ਕੇ ਕਦੇ ਵੀ ਕਿਸੇ ਮੂਰਖ ਮਨ ਦੇ ਚਿੱਤ ਨੂੰ ਝੂਠੇ / ਅਸਤਿ ਮਾਰਗ ਤੋਂ ਸੱਚੇ ਮਾਰਗ ਵੱਲ ਲਿਆਉਣ ਦੀ ਹਿੰਮਤ ਕਦੇ ਨਾ ਕਰੋ।)

ਭਾਈ ਵੀਰ ਸਿੰਘ ਨੇ ਨੀਤੀ ਸ਼ਤਕ ਦੇ ਅਨੁਵਾਦ ਰਾਹੀਂ ਅਰਥ/ਕਥਾ/ਪ੍ਰਵਚਨ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਨਾ ਸਿਰਫ਼ ਅੱਗੇ ਤੋਰਨ ਵਿਚ ਸਗੋਂ ਨਵੇਂ ਅਰਥ ਵੀ ਸਿਰਜਦੀ ਹੈ। ਸੰਸਕ੍ਰਿਤ ਭਾਸ਼ਾ ਵਿਚ ਨੀਤੀ ਸ਼ਤਕ ਬਹੁਤ ਅਹਿਮ ਗ੍ਰੰਥ ਹੈ। ਇਸਦਾ ਅਨੁਵਾਦ ਪੰਜਾਬੀ ਪਾਠਕ ਲਈ ਹੋਰ ਵੀ ਅਹਿਮ ਹੋ ਜਾਂਦਾ ਹੈ। ਇਸ ਅਨੁਵਾਦ ਦੇ ਨਾਲ-ਨਾਲ ਉਹਨਾਂ ਨੇ ਭਰਥਰੀ ਹਰੀ ਦੀ ਸ਼ਖ਼ਸੀਅਤ ਦੇ ਆਲ਼ੇ ਦੁਆਲ਼ੇ ਸਿਰਜਤ ਭ੍ਰਾਂਤੀਆਂ ਨਾਲ ਵੀ ਸੰਵਾਦ ਸਿਰਜਿਆ ਹੈ। ਉਹਨਾਂ ਨੇ ਤੱਥ ਤੇ ਮਿੱਥ ਦੇ ਸੰਵਾਦ ਵਿਚੋਂ ਵਿਸ਼ਲੇਸ਼ਣਾਤਮਕ ਪਾਠ ਦੀ ਸਿਰਜਣਾ ਕੀਤੀ ਹੈ। ਇਸ ਕਰਕੇ ਇਹ ਅਨੁਵਾਦ ਭਾਈ ਵੀਰ ਸਿੰਘ ਦਾ ਸਿਰਜਣਾਤਮਕ ਅਨੁਵਾਦ ਕਾਰਜ ਹੈ, ਜਿਸ ਵਿਚ ਸੰਵਾਦ ਅਤੇ ਨਵ-ਅਰਥਾਂ ਦੀ ਉੱਤਪਤੀ ਹੁੰਦੀ ਹੈ। ਉਹਨਾਂ ਨੇ ਸ਼ਲੋਕਾਂ ਦਾ ਸਿਰਜਣਾਤਮਕ ਅਨੁਵਾਦ ਕਰਦਿਆਂ ਉਹਨਾਂ ਦੀ ਤਰਬੀਅਤ ਨੂੰ ਬਰਕਰਾਰ ਰੱਖਿਆ ਹੈ। ਇਹਨਾਂ ਸ਼ਲੋਕਾਂ ਅੰਦਰ ਸਭਾਇਮਾਨ ਫ਼ਲਸਫ਼ਾ ਪੰਜਾਬੀ ਜ਼ੁਬਾਨ ਵਿਚ ਢਾਲ਼ਿਆ ਹੈ। ਅੰਤ ਵਿਚ ਅਸੀਂ ਇਸ ਟਿੱਪਣੀ ਨਾਲ ਪੇਪਰ ਦੀ ਸਮਾਪਤੀ ਕਰਦੇ ਹਾਂ – ਭਾਈ ਵੀਰ ਸਿੰਘ ਨੇ ਆਧੁਨਿਕ ਦੌਰ ਵਿਚ ਸਿੱਖੀ ਦੇ ਮੁੱਢਲੇ ਦਾਇਰੇ ਨਿਸ਼ਚਿਤ ਕਰਦਿਆਂ, ਸਿੱਖੀ ਦੀ ਧਾਰਮਿਕ ਨਿਸ਼ਠਾ ਨੂੰ ਸੰਜੋਦਿਆਂ ਤੇ ਸੰਭਾਲਦਿਆਂ, ਸਿੱਖਾਂ ਦੇ ਵਿਲੱਖਣ ਸਿਧਾਤਾਂ ਤੇ ਸੱਭਿਆਚਾਰਕ ਪਹਿਚਾਣ ਪ੍ਰਤੀ ਜਾਗ੍ਰਿਤੀ ਤੇ ਸੁਚੇਤਨਾ ਉੱਤੇ ਜ਼ੋਰ ਦਿੱਤਾ। ਦੂਸਰੇ ਉਹਨਾਂ ਦਾ ਉਦੇਸ ਸਿੱਖਾਂ ਦੀ ਪੁਨਰ ਸਥਾਪਤੀ 'ਤੇ ਟਿਕਿਆ ਹੋਇਆ ਸੀ ਕਿ ਸਿੱਖ ਧਰਮ ਪ੍ਰਤੀ ਸੂਝ ਨੂੰ ਇਸ ਲਹਿਜੇ ਨਾਲ ਸਹਾਇਕ ਬਣਾਇਆ ਜਾਵੇ ਕਿ ਆਧੁਨਿਕਤਾ ਦੇ ਪ੍ਰਭਾਵਾਂ ਦੇ ਚਲਦਿਆਂ ਸਿੱਖ ਜਨ ਸਮੂਹ ਇਤਿਹਾਸਕ ਯਾਦਾਂ ਤੇ ਸੱਭਿਆਚਾਰ ਵਿਰਾਸਤ ਨੂੰ ਸਮੇਂ ਦਾ ਹਾਣੀ ਬਣਾ ਸਕੇ। ਇਸ ਦੌਰਾਨ ਪੁਰਾਣਾ ਸਿੱਖਿਆ ਪ੍ਰਬੰਧ ਜੋ ਸਮਕਾਲੀ ਨੌਜਵਾਨ ਪੀੜੀ ਲਈ ਪਰੰਪਰਾਗਤ ਗਿਆਨ ਸੰਚਾਰ ਦੇ ਮਾਧਿਅਮ ਵਜੋਂ ਵਰਤਿਆ ਜਾ ਰਿਹਾ ਸੀ, ਦੇਸੀ ਸੰਸਥਾਵਾਂ ਦੇ ਪ੍ਰਚਲਨ ਤੇ ਬ੍ਰਿਟਿਸ਼ ਹਕੂਮਤ ਵਲੋਂ ਦਰਜਣਾਂ ਕਾਰਨ, ਬਿਖਰਣ ਤੇ ਖੁੱਸਣ ਲੱਗਾ। ਜਿਸ ਕਾਰਨ ਫਿਰਕੂ ਸਾਂਝ ਤੇ ਅਧਾਰਿਤ ਸੰਚਾਰ ਪ੍ਰਣਾਲੀ ਦੇ ਨਵੇਂ ਪ੍ਰਸਾਰ ਸਾਧਨ ਬਣਾ ਕੇ ਹੀ ਖ਼ਾਲੀ ਥਾਂ ਨੂੰ ਪੂਰਿਆ ਜਾ ਸਕਦਾ ਸੀ। ਭਾਈ ਵੀਰ ਸਿੰਘ ਦੀ ਇਕੱਲੀ ਮਨੋਉਪਜ ਨਾਲ ਪੰਜਾਬੀ ਭਾਸ਼ਾ ਦਾ ਮਾਧਿਅਮ ਅਧਿਆਤਮ ਤੇ ਉੱਚ ਕੋਟੀ ਦੀ ਸਾਹਿਤਕ ਵਿੱਦਿਆ ਅਤੇ ਸਿਰਜਣਾ ਕਾਰਜ ਲਈ ਪ੍ਰਯੋਗ ਹੋਇਆ। ਜਿਸ ਨਾਲ ਸਦੀ ਪਲਟਣ

ਵੇਲੇ ਸਿੱਖਾਂ ਨੂੰ ਜਿਸ ਸੱਭਿਆਚਾਰਕ ਸੰਕਟ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਦਾ ਨਿਰਾਕਰਣ ਸੰਭਵ ਹੋਇਆ।[9]

0-0-0

**ਹਵਾਲੇ ਤੇ ਟਿੱਪਣੀਆਂ :**


1. https://www.tandfonline.com/doi/full/10.1080/17448727.2019.1674513
2. ਕੁਮਾਰ ਸੁਸ਼ੀਲ, **ਅਨੁਵਾਦ ਅਧਿਐਨ**, ਪੰਨਾ 28
3. **ਭਰਥਰੀ ਹਰੀ ਜੀਵਨ** ਤੇ **ਨੀਤੀ ਸ਼ਤਕ**, ਪੰਨਾ 41
4. ਉਹੀ, ਪੰਨਾ 40
5. ਉਹੀ, ਪੰਨਾ 42/43
6. ਉਹੀ, ਪੰਨਾ 46
7. https://panini-sanskrit.blogspot.com/2018/11/blog-post.html
8. ਉਹੀ, ਪੰਨਾ 47
9. Harbans Singh (Ed.), *The Encyclopedia of Sikhism, Vol. IV*, Punjabi University Patiala, 1998, P 430



ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,
ਜਲੰਧਰ।
ਮੋਬਾਇਲ : 94643-15244






# ਭਾਈ ਵੀਰ ਸਿੰਘ ਸੰਬੰਧੀ ਦਸਤਾਵੇਜ਼ੀ ਫ਼ਿਲਮ

ਰਾਜੀਵ ਕੁਮਾਰ

ਪ੍ਰਸ਼ਨ : ਮੇਰੇ ਸਾਈਆਂ ਜੀਓ ਦਸਤਾਵੇਜ਼ੀ ਫ਼ਿਲਮ ਜੋ ਭਾਈ ਵੀਰ ਸਿੰਘ ਜੀ ਦੀ ਜ਼ਿੰਦਗੀ ਤੇ ਕੰਮਾਂ ਤੇ ਆਧਾਰਿਤ ਹੈ, ਜਿਸਨੂੰ ਤੁਸੀਂ ਨਿਰਦੇਸ਼ਿਤ ਕੀਤਾ ਹੈ, ਇਸ ਨਾਲ ਕਿਵੇਂ ਜੁੜੇ?

ਉੱਤਰ : ਜੀ ਮੈਂ ਪਹਿਲਾਂ ਇਹ ਦਸਦਾ ਹਾਂ ਕਿ ਦਸਤਾਵੇਜ਼ੀ ਫ਼ਿਲਮ ਨਾਲ ਕਿਵੇਂ ਜੁੜਿਆ ਫੇਰ ਇਸ ਸੁਆਲ ਦਾ ਉੱਤਰ ਜ਼ਿਆਦਾ ਸਾਰਥਕ ਤਰੀਕੇ ਨਾਲ ਦੇ ਸਕਾਂਗਾ। ਮੁੱਲਾਂਪੁਰ-ਦਾਖਾ ਵਿਚਲੀ ਭਾਅ ਜੀ ਦੀ ਨਾਟਕ ਮੰਡਲੀ ਵਿਚ ਕੰਮ ਕਰਨ ਤੋਂ ਬਾਅਦ ਮੈਂ ਨਾਟਕ ਬਾਰੇ ਹੋਰ ਸਿੱਖਣ ਦੀ ਨੀਅਤ ਨਾਲ ਡਿਪਾਰਟਮੈਂਟ ਆਫ਼ ਇੰਡੀਅਨ ਥੀਏਟਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ.ਏ. ਕੀਤੀ। ਇਸੇ ਦੌਰਾਨ ਮੈਂ ਤੈਅ ਕੀਤਾ ਕਿ ਨਾਟਕ ਦੀ ਬਜਾਏ ਮੈਂ ਆਪਣੀ ਤਰ੍ਹਾਂ ਦੀਆਂ ਫ਼ਿਲਮਾਂ ਬਣਾਵਾਂਗਾ ਕਿਉਂਕਿ ਪੰਜਾਬ ਵਿਚ ਚੰਗਾ ਨਾਟਕ ਕਰਨ ਵਾਲੇ ਬਹੁਤ ਸਨ ਪਰ ਫ਼ਿਲਮਾਂ ਬਣਾਉਣ ਵਾਲੇ ਬਹੁਤ ਘੱਟ। ਮੈਂ ਐਮ.ਏ. ਕਰਨ ਤੋਂ ਬਾਅਦ ਆਪਣੇ ਦੋਸਤਾਂ ਨਾਲ ਮਿਲ ਕੇ ਕਵੀ ਅਵਤਾਰ ਪਾਸ਼ ਤੇ ਦਸਤਾਵੇਜ਼ੀ ਫ਼ਿਲਮ ਬਣਾਉਣ ਦਾ ਫੈਸਲਾ ਕੀਤਾ। ਕੋਈ ਸਿਖਲਾਈ ਤਾਂ ਸੀ ਨਹੀਂ ਇਸ ਲਈ ਇਸ ਦਸਤਾਵੇਜ਼ੀ ਫ਼ਿਲਮ ਬਣਾਉਣ ਦੌਰਾਨ ਅਸੀਂ ਬੜੇ ਪ੍ਰਯੋਗ ਕੀਤੇ, ਕਿ ਕਿਵੇਂ ਕਵਿਤਾ ਨੂੰ ਦ੍ਰਿਸ਼ਾਂ ਵਿਚ ਬਦਲਿਆ ਜਾ ਸਕਦਾ ਹੈ। ਸਾਧਨ ਵੀ ਸੀਮਤ ਸਨ ਸੋ ਇਹ ਵੀ ਸਿੱਖਿਆ ਕਿ ਸੀਮਤ ਸਾਧਨਾਂ ਨਾਲ ਕਿਵੇਂ ਕੰਮ ਕੀਤਾ ਜਾ ਸਕਦਾ ਹੈ ਸੋ 'ਆਪਣਾ ਪਾਸ਼' ਦਸਤਾਵੇਜ਼ੀ ਬਣਾਉਣ ਵੇਲੇ ਬਹੁਤ ਕੁੱਝ ਸਿੱਖਿਆ। ਪੰਜਾਬੀ ਵਿਚ ਇਹ ਆਪਣੀ ਕਿਸਮ ਦੀ ਪਹਿਲੀ ਅਜ਼ਾਦ ਦਸਤਾਵੇਜ਼ੀ ਫ਼ਿਲਮ ਸੀ ਕਿਉਂਕਿ ਇਸ ਤੋਂ ਪਹਿਲਾਂ ਫ਼ਿਲਮਾਂ ਦੂਰਦਰਸ਼ਨ ਵੱਲੋਂ ਜਾਂ ਸੰਸਥਾਵਾਂ ਵੱਲੋਂ ਬਣਾਈਆਂ ਜਾਂਦੀਆਂ ਸਨ। ਬਾਅਦ ਵਿਚ ਜਦੋਂ ਮੈਂ ਮੁੰਬਈ ਜਾ ਕੇ ਦੂਰਦਰਸ਼ਨ ਦੇ ਛੋਟੀਆਂ ਦਸਤਾਵੇਜ਼ੀ ਫ਼ਿਲਮਾਂ ਤੇ ਆਧਾਰਿਤ ਪ੍ਰੋਗਰਾਮ ਸੁਰਭੀ ਵਿਚ ਕੰਮ ਕੀਤਾ ਤਾਂ ਦਸਤਾਵੇਜ਼ੀ ਫ਼ਿਲਮਾਂ ਬਣਾਉਣ ਦੀ ਵਿਧੀਵਤ ਸਿਖਲਾਈ ਹੋਈ।

ਹੁਣ ਗੱਲ ਕਰਦੇ ਹਾਂ 'ਮੇਰੇ ਸਾਈਆਂ ਜੀਓ' ਬਾਰੇ ਮੇਰੀਆਂ ਕੁਝ ਫ਼ਿਲਮਾਂ ਦੀ ਸਕਰੀਨਿੰਗ ਭਾਈ ਵੀਰ ਸਿੰਘ ਸਾਹਿਤਆ ਸਦਨ ਦਿੱਲੀ ਵਿਚ ਹੋ ਚੁੱਕੀ ਸੀ। ਪੰਜਾਬੀ ਅਕੈਡਮੀ ਦਿੱਲੀ ਵੱਲੋਂ ਜਦੋਂ ਡਾ.ਰਵੇਲ ਸਿੰਘ ਇਸ ਦੀ ਕਮਾਨ ਸੰਭਾਲਦੇ ਸਨ ਉਸ ਵੇਲੇ, ਉਹ ਮੇਰੇ ਪੀਐੱਚ.ਡੀ. ਗਾਇਡ ਵੀ ਹਨ। ਉਹਨਾਂ ਮੈਨੂੰ ਫੋਨ ਤੇ ਕਿਹਾ ਕਿ ਭਾਈ ਵੀਰ ਸਿੰਘ ਜੀ ਤੇ ਦਸਤਾਵੇਜ਼ੀ ਫ਼ਿਲਮ ਬਣਾਉਣੀ ਹੈ ਤੁਸੀਂ ਮੀਟਿੰਗ ਕਰਨ ਲਈ ਦਿੱਲੀ ਆਵੋ। ਮੈਂ ਥੋੜ੍ਹਾ ਜਿਹਾ ਨਰਵਸ ਹੋ ਗਿਆ ਕਿਉਂਕਿ ਅੱਜ ਕੱਲ ਮੈਂ ਫੀਚਰ ਫ਼ਿਲਮਾਂ ਹੀ ਬਣਾਉਂਦਾ ਹਾਂ ਤੇ ਦਸਤਾਵੇਜ਼ੀ ਫ਼ਿਲਮ ਬਣਾਈ ਨੂੰ ਕਾਫ਼ੀ ਸਮਾਂ ਹੋ ਗਿਆ ਸੀ। ਖ਼ੈਰ ਮੀਟਿੰਗ ਹੋਈ ਤੇ ਮੈਂ ਹਾਮੀ ਭਰ ਦਿੱਤੀ। ਇਸ ਤਰ੍ਹਾਂ ਨਾਲ ਮੈਂ ਇਸ ਦਸਤਵੇਜ਼ੀ ਫ਼ਿਲਮ ਦਾ ਹਿੱਸਾ ਬਣਿਆ।

ਪ੍ਰਸ਼ਨ : ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਦੇ ਬਹੁਤ ਪਹਿਲੂ ਹਨ। ਤੁਸੀਂ ਉਹਨਾਂ ਦੀ ਕੁਦਰਤ ਬਾਰੇ ਕਵਿਤਾ ਤੇ ਫੋਕਸ ਕੀਤਾ ਹੈ, ਇਹ ਕਿਵੇਂ ਨਿਰਧਾਰਿਤ ਕੀਤਾ?

ਉੱਤਰ : ਮੀਟਿੰਗ ਵਿਚ ਮੇਰੇ ਤੋਂ ਪੁੱਛਿਆ ਗਿਆ ਕਿ ਤੁਸੀਂ ਭਾਈ ਵੀਰ ਸਿੰਘ ਜੀ ਨੂੰ ਕਿਸ ਤਰ੍ਹਾਂ ਜਾਣਦੇ ਹੋ? ਮੈਂ ਕਿਹਾ ਕਿ ਮੈਂ ਉਹਨਾਂ ਨੂੰ ਉਹਨਾਂ ਦੁਆਰਾ ਕੁਦਰਤ ਤੇ ਲਿਖੀ ਕਵਿਤਾ ਕਰਕੇ ਜਾਣਦਾ ਹਾਂ।

ਭਾਈ ਵੀਰ ਸਿੰਘ ਜੀ ਨੇ ਸਾਹਿਤ ਦੀ ਹਰ ਵੰਨਗੀ ਵਿਚ ਵੱਡਮੁੱਲਾ ਯੋਗਦਾਨ ਦਿੱਤਾ ਹੈ ਪਰ ਉਸ ਸਾਰੇ ਕਾਸੇ ਨੂੰ ਇਕ ਦਸਤਾਵੇਜੀ ਵਿਚ ਸ਼ਾਮਿਲ ਕਰ ਪਾਉਣਾ ਸੰਭਵ ਨਹੀਂ ਸੀ। ਦੂਸਰਾ, ਕੁਦਰਤ ਨੂੰ ਸੰਭਾਲਣਾ ਇਸ ਵਕਤ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਅਸੀਂ ਇਹ ਮਹਿਸੂਸ ਕੀਤਾ ਕਿ ਭਾਈ ਵੀਰ ਸਿੰਘ ਜੀ ਦੀ ਕੁਦਰਤ ਬਾਰੇ ਕਵਿਤਾ ਸਾਨੂੰ ਕੁਦਰਤ ਬਾਰੇ ਸੰਵੇਦਨਸ਼ੀਲ ਬਣਾ ਸਕਦੀ ਹੈ। ਅਸੀਂ ਇਸ ਦਸਤਾਵੇਜ਼ੀ ਦੇ ਜ਼ਰੀਏ ਖ਼ਾਸ ਤੌਰ ਤੇ ਨੌਜਵਾਨਾਂ ਨੂੰ ਕੁਦਰਤ ਬਾਰੇ ਸੰਬੋਧਿਤ ਹੋਣਾ ਚਾਹੁੰਦੇ ਸੀ।

ਪ੍ਰਸ਼ਨ : ਇਸ ਦਸਤਾਵੇਜ਼ੀ ਫ਼ਿਲਮ ਦੀ ਸ਼ੂਟਿੰਗ ਕਿਹੜੇ-ਕਿਹੜੇ ਸਥਾਨਾਂ ਤੇ ਕੀਤੀ ਗਈ?

ਉੱਤਰ : ਭਾਈ ਵੀਰ ਸਿੰਘ ਜੀ ਦੀ ਕਵਿਤਾ ਦਾ ਕਾਫੀ ਹਿੱਸਾ ਕਸ਼ਮੀਰ ਵਿਚ ਲਿਖਿਆ ਗਿਆ ਹੈ ਸੋ ਅਸੀਂ ਬਹੁਤ ਸਾਰੇ ਉਹਨਾਂ ਸਥਾਨਾਂ ਤੇ ਗਏ ਜਿੱਥੇ ਬੈਠ ਕੇ ਭਾਈ ਵੀਰ ਸਿੰਘ ਜੀ ਨੇ ਇਸ ਕਵਿਤਾ ਨੂੰ ਰਚਿਆ ਸੀ ਜਿਵੇਂ ਕਿ ਡਲ ਝੀਲ, ਲਿੱਧੜ ਜੈਂ, ਰਾਕੇਸ਼ਪੁਰ ਦੇ ਟਿੱਬੇ, ਪਹਿਲਗਾਮ, ਗੁਲਮਰਗ, ਅੱਫਰਵਾਦ ਚੋਟੀ, ਮੰਦਰ ਮਾਰਤੰਡ ਦੇ ਖੰਡਰ, ਸ਼ਾਲਮਾਰ ਆਦਿ ਇਹਨਾਂ ਤੋਂ ਇਲਾਵਾ ਵੀ ਅਸੀਂ ਹੋਰ ਬਹੁਤ ਸਾਰੇ ਸਥਾਨਾਂ ਤੇ ਗਏ ਜਿੱਥੇ ਭਾਈ ਵੀਰ ਸਿੰਘ ਗਏ ਸੀ ਜਿਵੇਂ ਕਿ ਵੈਰੀ ਨਾਗ, ਇੱਛਾਬਲ, ਬੀਜ ਬਿਹਾੜੇ, ਚਸ਼ਮਾ ਅਨੰਤ ਨਾਗ, ਛੰਬ ਹਾਰਵਨ, ਚਸ਼ਮਾਂ ਕੁੱਕੜ ਨਾਗ, ਅਵਾਂਤੀ ਪੁਰੇ ਦੇ ਖੰਡਰ ਆਦਿ ਇਹ ਕਵਿਤਾਵਾਂ ਇਸ ਦਸਤਾਵੇਜੀ ਵਿਚ ਸ਼ਾਮਿਲ ਨਹੀਂ ਹੋ ਸਕੀਆਂ ਫ਼ਿਲਮ ਦੀ ਲੰਬਾਈ ਕਾਰਣ ਪਰ ਹੋ ਸਕਦਾ ਹੈ, ਬਾਅਦ ਵਿਚ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਰਲੀਜ਼ ਕੀਤੀਆਂ ਜਾਣ।

ਪ੍ਰਸ਼ਨ : ਕਸ਼ਮੀਰ ਸ਼ੂਟਿੰਗ ਦੇ ਦੌਰਾਨ ਕਿਸੇ ਕਿਸਮ ਦੀ ਚੁਣੌਤੀ ਵੀ ਆਈ?

ਉੱਤਰ : ਮੈਂ ਇਹ ਚਾਹੁੰਦਾ ਸੀ ਕਿ ਇਸ ਦਸਤਾਵਜ਼ੀ ਫ਼ਿਲਮ ਵਿੱਚ ਭਾਈ ਵੀਰ ਸਿੰਘ ਜੀ ਉਪਸਥਿਤ ਲੱਗਣ ਖਾਸ ਤੌਰ ਤੇ ਕਸ਼ਮੀਰ ਵਿਚ ਪਰ ਮਨ ਵਿਚ ਇਕ ਚਿੰਤਾ ਸੀ ਕਿ ਜੋ ਅਭਿਨੇਤਾ ਵੀ ਭਾਈ ਵੀਰ ਸਿੰਘ ਬਣੇ ਉਹ ਉਹਨਾਂ ਦੀ ਐਡੀ ਵੱਡੀ ਸ਼ਖ਼ਸੀਅਤ ਨਾਲ ਨਿਆਂ ਕਰ ਸਕੇ, ਮੈਂ ਆਪਣੇ ਸਭ ਤੋਂ ਵੱਧ ਭਰੋਸੇਯੋਗ ਅਭਿਨੇਤਾ ਸੁਰਿੰਦਰ ਨੂੰ ਚੁਣਿਆ ਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਸ ਨੂੰ ਕਬੂਲ ਕੀਤਾ ਗਿਆ। ਜਿੰਨੀ ਜਗ੍ਹਾ ਵੀ ਇਸਦੀ ਸਕਰੀਨਿੰਗ ਹੋਈ ਹੈ ਉਸ ਬਾਰੇ ਜ਼ਰੂਰ ਪੁੱਛਿਆ ਗਿਆ। ਜਦੋਂ ਅਸੀਂ ਕਸ਼ਮੀਰ ਵਿਚ ਸ਼ੂਟਿੰਗ ਕਰ ਰਹੇ ਸੀ ਤਾਂ ਲੋਕ ਉਹਨਾਂ ਕੋਲ ਆ ਕੇ ਸਤਿਕਾਰ ਪ੍ਰਗਟ ਕਰਦੇ ਸਨ। ਉਹਨਾਂ ਨਾਲ ਫੋਟੋ ਤੇ ਸੈਲਫੀਆਂ ਖਿੱਚਦੇ ਸਨ। ਇਕ ਜਗ੍ਹਾ ਜ਼ਰੂਰ ਕੁਝ ਸਮੇਂ ਲਈ ਤਣਾਅ ਬਣ ਗਿਆ ਸੀ ਅਸੀਂ ਅਨੰਤ ਨਾਗ ਗੁਰੁਦੁਆਰਾ ਇਕੱਠੇ ਸਾਂ, ਆਰਮੀ ਲੱਗੀ ਹੋਈ ਸੀ, ਸਾਡੀ ਸਾਰੀ ਟੀਮ ਕਸ਼ਮੀਰੀ ਸੀ, ਉਹ ਸਾਡੇ ਵਲ ਸ਼ੱਕ ਨਾਲ ਦੇਖ ਰਹੇ ਸਨ ਕਿ ਇਹ ਇਥੋਂ ਕੀ ਕਰ ਰਹੇ ਹਨ। ਪਰ ਬਾਅਦ ਵਿਚ ਉਹਨਾਂ ਨੂੰ ਸਮਝਾ ਦਿੱਤਾ ਕਿ ਅਸੀਂ ਦਸਤਾਵੇਜ਼ੀ ਫ਼ਿਲਮ ਦੀ ਸ਼ੂਟਿੰਗ ਕਰ ਰਹੇ ਹਾਂ ਤੇ ਸੁਰਿੰਦਰ ਇਕ ਬਹੁਤ ਵੱਡੇ ਪੰਜਾਬੀ ਸਾਹਿਤਕਾਰ ਦਾ ਕਿਰਦਾਰ ਨਿਭਾ ਰਿਹਾ ਹੈ। ਕਈ ਸਥਾਨਾਂ ਤੇ ਲੋਕ ਭਾਈ ਵੀਰ ਸਿੰਘ ਜੀ ਬਾਰੇ ਜਾਣਦੇ ਸਨ। ਵੈਰੀ ਨਾਗ ਦੀ ਸ਼ੂਟਿੰਗ ਮੌਕੇ ਸਾਨੂੰ ਇਸ ਕਰਕੇ ਸਤਿਕਾਰ ਮਿਲਿਆ।

ਪ੍ਰਸ਼ਨ : ਜਿਹੜੇ ਲੋਕਾਂ ਦੇ ਇੰਟਰਵਿਊ ਇਸ ਦਸਤਾਵੇਜ਼ੀ ਫ਼ਿਲਮ ਵਿਚ ਸ਼ਾਮਿਲ ਕੀਤੇ ਗਏ ਹਨ, ਉਨ੍ਹਾਂ ਦੀ ਚੋਣ ਕਿਵੇਂ ਕੀਤੀ?

ਉੱਤਰ : ਅਸੀਂ ਇਹ ਚਾਹੁੰਦੇ ਸੀ ਕਿ ਭਾਈ ਵੀਰ ਸਿੰਘ ਜੀ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਾ ਰਹਿ ਜਾਣ ਇਸ ਲਈ ਅਸੀਂ ਉਹਨਾਂ ਨੂੰ ਚੁਣਿਆ ਜੋ ਉਹਨਾਂ ਦੇ ਸਾਹਿਤ ਅਤੇ ਉਹਨਾਂ ਦੇ ਕੰਮ ਨੂੰ ਭਾਰਤ ਅਤੇ ਦੁਨੀਆਂ ਦੇ ਸੰਦਰਭ ਵਿਚ ਦੇਖ ਸਕਣ। ਜਿਵੇਂ ਕਿ ਅਕਸ਼ੇ ਮੁੱਕਨ ਬਹੁਤ ਵੱਡੇ ਪੱਤਰਕਾਰ ਨੇ ਜਿਨ੍ਹਾਂ





ਦੇ ਹਿੰਦੋਸਤਾਨ ਟਾਈਮਜ਼ ਅਖ਼ਬਾਰ ਲਈ ਕੀਤੇ ਗਏ ਸਰਵੇ ਵਿਚ ਭਾਈ ਵੀਰ ਸਿੰਘ ਜੀ ਨੂੰ ਪਿਛਲੇ ਸੌ ਸਾਲਾਂ ਵਿਚ ਸੱਭ ਤੋਂ ਪ੍ਰਭਾਵਸ਼ਾਲੀ ਸਿੱਖ ਚੁਣਿਆ ਗਿਆ ਸੀ। ਭਾਰਤੀ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਜੀ, ਸੁਰਿੰਦਰ ਨੀਰ ਜੋ ਕਸ਼ਮੀਰ ਤੋਂ ਹਨ, ਡਾ. ਸੁਰਜੀਤ ਪਾਤਰ ਜਿਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੀ ਕਵਿਤਾ ਦੀ ਗਹਿਰਾਈ ਨੂੰ ਸਮਝਿਆ, ਹਰਿੰਦਰ ਸਿੰਘ ਜੋ ਸਿੱਖ ਖੋਜ ਸੰਸਥਾ ਅਮਰੀਕਾ ਦੇ ਸੀਨੀਅਰ ਫੋਟੋ ਤੇ ਇਨੋਵੇਟਿਵ ਡਾਇਰੈਕਟਰ ਹਨ।

ਡਾ. ਮੋਹਿੰਦਰ ਸਿੰਘ ਜੋ ਡਾਇਰੈਕਟਰ ਦੇ ਤੌਰ ਤੇ ਭਾਈ ਵੀਰ ਸਿੰਘ ਸਾਹਿਤਿਆ ਸਦਨ ਵੱਲੋਂ ਭਾਈ ਵੀਰ ਸਿੰਘ ਜੀ ਤੇ ਲਗਾਤਾਰ ਕੰਮ ਕਰ ਰਹੇ ਹਨ। ਡਾ. ਕੋਮਲ ਕਿਰਨ ਕੌਰ ਭਾਈ ਸਾਹਿਬ ਦੀ ਪੜਦੋਹਤੀ ਜਿਨ੍ਹਾਂ ਨੇ ਬਚਪਨ ਵਿਚ ਉਹਨਾਂ ਦਾ ਆਸ਼ੀਰਵਾਦ ਮਾਣਿਆ ਹੈ।

ਐਮੀ ਸਿੰਘ ਜੋ ਨੌਜਵਾਨ ਕਵਿੱਤਰੀ ਹੈ ਤੇ ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਨੂੰ ਨੌਜਵਾਨਾਂ ਤੱਕ ਪਹੁੰਚਾਣ ਲਈ ਯਤਨਸ਼ੀਲ ਹੈ।

ਸੀ.-11, ਸਾਈਂ ਸਦਨ,
ਸਾਈ ਬਾਬਾ ਕੰਪਲੈਕਸ,
ਗੋਰੇਗਾਓਂਨ, ਈਸਟ ਮੁੰਬਈ,
ਮਹਾਰਾਸ਼ਟਰਾ - 400063
ਮੋਬਾਇਲ : 75062-52262

0-0-0

# Bhai Vir Singh: Retrieving the Voice of Margins

Dr. Gurpal Singh Sandhu

Bhai Vir Singh (1872-1957 CE), is a popular modern Punjabi poet, scholar, interpreter of Gurbani and Sikh literature,and a notable social reformer. In his life time, he made concerted efforts to redesign ethics, morality and social conduct of Punjabis in acordance with the teachings of Gurbani as well as the Sikh Gurus.To accomplish his goals he consciously divorced the use of *Braj-bhasha*, and started to exercisethe language of people for writing poetry, tracts, novels, drama, narrative and also for editing and evaluating Sikh literature. Parallel to Christian Missionaries, he initiated the use of printing press to spread his ideas among the masses. As a result, literature produced by him played a significant role in recharging morality, bringing about religious affability, retrieving the voices of the marginals and reforming Punjabi sensibility. Moreover, he was forcefully able to debunk the impotance of western ideas by replacing it with indigenous knowledge systems, cultural ethos and heroic tradition.

(I)

Bhai Vir Singh used literature as a key tool for social change and initiated a new movement in the life of Punjabi society. Thus cultural expansion become possible due to Punjabi literature. (Attar Singh: 1982 page 123) He was 'a great mystic poet who enriched the Punjabi language and transformed it into a powerful medium of subtle and refined expression. By his persistent devotion he not only created Punjabi prose but also welded it into a dynamic vehicle of speculative, reflective, imaginative, informative as well as work-a-day journalistic writing. (Suraj Bhan, 1973 page vii)

His enveloping writing spread across the genre specifically in six areas;(a)to interrogation of the colonial administrative and social orders (b)blending contemporary modernity with eternity in the perspective of Sikh philosophy (c)focusing on getting back the voice of the margins (d) Infusing the essence of Sikhism/Indian cultural and epistemological tradition in literary imagination and social behaviour (e) Questioning the programme of Christian Missionaries and other religious reform movements and (f) Mapping the patterns of modernity, modern Punjabi literature and other social and cultural discourses. Bhai Vir Singh's literature not only appeared as prominent literary pieces but also played a significant role in designing modern socio-cultural discourses appeared in the last decades of nineteen and beginning of twentieth century colonial Punjab.





(II)

The binary of tradition and modernity, socio-religious and socio-political identities had never stood out as isolated domains for Bhai Vir Singh. Rather, heal ways unified the order of past, present and future in metaphoric sense which played a significant role in demolishing its boundaries. This trait was usually not understood by scholars of conventional mind-set. For example, Jasbir Singh Ahluwalia pointed out that 'activist tradition of Sikh history expressing the socio-political identity does not seem to have much appeal for Bhai Vir Singh, whose eyes was focused on past not future'. (Jasbir Singh Ahluwalia: 1960, page 121) Dr. Attar Singh also endorsed this opinion with the argument that his poetry had never proposed such experience, which proves modern in conceptual terms. (Attar Singh: 1990, page 27)

But, for Bhai Vir Singh the socio-religious and socio-political identities frequently trespassed the boundaries of time and his idea of cultural resuscitation became only possible by their mélange. He was concerned, however, not so much with the direct actions of neo-Sikhism, but the ethos he wished to give the renewal of Sikh tradition, through poetry and prose. (Mulak Raj Anand: 1973 page, 79) In this way, 'Literary modernity in his works is different from the common parlance as it doesn't result from the rupture with the past. On the contrary, Bhai Vir Singh uses the Sikh past to his advantage in modern writing as most of his characters receive inspiration from the heroic deeds of his predecessors'. (Mohinder Singh: 2019 page 3) Interestingly, this process came to be the main force behind the cultural revival at the turn of the past century: as one through whom new enlightenment broke upon Punjabi mind and literature and as one who awakened and shaped consciences of neo-Sikhism. He linked between two eras, between two traditions of Punjabi learning: old and new. Within the religious framework he wrote with the vigour of a new awareness and commitment. (Harbans Singh: 1984, page 97)

(III)

Modernity and the process of making of modern Punjabi cultural discourses have a complex and intricate relationship. There is no doubt, that annexation of Punjab in 1849, setting up of British rule and western type of modernity had successfully created a rupture in Punjabi literary, socio-political and cultural behaviour. But it never came through to translate Punjabi mind as a replica of the social, cultural and intellectual movement of modernity and modernism that turned up in Western Europe. As a result, instead of imitating, reproducing and rearticulating the influences of western modernity, modern Punjabi cultural discourses tried to responded to it in the light of its own cultural values, socio-religious frame work and

literary tradition. This practice appeared in many tunes in the colonial period. Writers and thinkers of Punjab writing in Punjabi, Hindi and Urdu had showed their penchant for treating and rearticulating *modernity* in their own ways.

It is evident that after the end of Khalsa Raj and annexation of Punjab, Punjabi scholars (using Punjabi, Hindi and Urdu languages) had strategically reshaped the articulation of Punjabi sensibility to cater to the emerging urban mind-set and individualistic cultural behavior. However, they continued committed to Punjabi ethos. It happened in many ways: first, use of Punjabi language both in rural and urban Punjab appeared as vehicle of Sikh religious and cultural constructions along with shaping new Punjabi sensibility. Second, other languages like Hindi and Urdu, were also used to articulate the response to colonial social order vis–a-vis modernity. Third, oppressive attitude of British had proved an instrument to create social disorder and restlessness among the Punjabis. Fifth, displacement of peasantry and their relocation in newly developing canal colonies, huge loss of Punjabi soldiers in world wars and barbaric events in Punjab like massacre of *Jallian Wala Bagh*, killings of Punjabis in *Kukas* and in other *Morchas* had pushed the Punjabis to embrace the chaos and terrible sense of bringing down from the glorious and well organized cultural identity. As a result, the representation of disordered social milieu, disintegrated self and crumbled identity had provided substantial ground for the making of the fragmented (modern) Punjabi sensibility, religious behavior and cultural construction in the colonial Punjab.

(IV)

The writings of Bhai Vir Singh addressed this knotty juncture of anxiety, chaos and fear in a problematical way and defined it as an 'epoch' marked by the pressures of historical compulsions, political coercions, religious decline and social degeneration. On the other side, by an organized strategy, the British pushed the Punjabis to give up their own (native) cultural practices and adopt western culture. This resulted in pushing the Punjabis from their rich cultural legacy to fragmented individualistic craving. Large number of books and tracts including the translation of scriptures in second half of the nineteenth century reflects the fanaticism of Christian missionaries in their project of conversion.

Bhai Vir Singh opposed this activity proactively and pursued the people to resist. Taking the advantage of his newspaper Khalsa Smachar, he once and again tried to create awareness among the members of Sikh society about the religious expansionism of Christian Missionaries and other such organizations. He cautioned the masses (Sikh) that 'to print and circulate the books, pamphlets and tracts is a one of the ways through which Christians has expanded their arms in India. You will certainly saw their books, where they arrange





their gathering. It shows that how much these books are importance for them. See the *Aryas*; where you see the *Arya Smaj* there would be their books. See the *Brahmus*; the same will happened there. Now see about yourself; where would be Singh Sabha, there … ? (Bhai Vir Singh: 1902)

Parallel to the religiously converting programme of the Christian Missionaries, the impact of the luxurious life of British rulers and local aristocracy had further created a sense of disquiet and alienation in the masses. This kind of social and moral disorder is forcefully expressed by *Chithas* and other narratives of some *Sadhus* of the colonial period. For example Moti Rama disciple of Sadhu Isher Das warns the masses with a strong note;

*Queens and princes in their herms*
*Pay so much attention to their hair-do*
*Whose throats are sweet like the koel*
*And whose speech is winsomely beautiful*
*Whose faces are like a moon*
*Which they adorn with their jewellery*
*Like pigeons the playfully forget*
*The death they hovers on their heads.*

(Sant Singh Sekhon and Kartar Singh Duggal, 1992, page 104)

(V)

To overcome this psychological crisis and spiritual worthlessness, Bhai Vir Singh made an ardent effort to free people from their parochial attitude by understanding rich indigenous traditions and heritage. Responding to the oppressive bustle of Christian missionaries and the British, Bhai Vir Singh not only wrote novels of great heroes, but also setup a printing press and published a newspaper. He was associated with a number of Punjabi poets like Dhani Ram Chatrik and inspired them to produce Punjabi literature in different modern literary genres portraying the glory of the Gurus and deeds of other great Punjabi personalities. He also wrote numerous tracts to counter the false propaganda of Christian Missionaries. He wanted to establish a bond with the Punjabi community and also wanted to create awareness of indigenous tradition. He portrayed portraying the socio-cultural and religious degeneration of Punjabi community during the British rule he wanted to bring about self-transformation in the Punjabi community following the path of great heroes portrayed in Punjabi literature like *Sundri, Satwant Kaur, Bijay Singh, Baba Naudh Singh* and *Rana Soorat Singh* along with tales of *Guru Nanak Chamatkar, Sri Kalgidhar*

*Chamatkar* and *Ashat Guru Chamatkar.* These heroes faced the cruelty of the oppressors and gave voice to the marginal. He illustrated the purpose of his writing in the preface of his novel *Bijay Singh*;

'Neither any self-interest nor any claim to academic excellence is involved in this attempt which, at best, is a humble gesture towards rebuilding the grand edifice, I know, is no more than that of the squirrel who tried to put earth on the bridge of Sri Ram Chander ji, and may be even much less. As a zero (0) acquires great value when, through the grace of Lord of aigrette (Guru Gobind Singh), numeral one (1) is placed before it.'(Bhai Vir Singh; 2010, page 5)

(VI)

Hence, Bhai Vir Singh's novels, tracts and narratives portrayed the issues of Sikhs of eighteen century but in the metaphoric sense these are engaged in translating the contemporaneous space to the glorified tradition. His poetry adopted the method of overlooking the lure of the civil society, keeping the blessings of *karta* (creator) in our minds portrayed of natural spaces instead of colonial civil spaces. But, his writing cannot be detached from the history of colonial Punjab; rather it is deeply rooted in contemporary social reality and engaged in rearticulating the same metaphorically. Similarly, he does not only look at urban Sikh elite or followers of Singh Sabha Movement but addressed all Punjabis. In the same way, some scholars are taking his novels and poetry as an awakening of real Sikh spirit and standardization of Sikh theology in terms of separating it from the classical Indian religious tradition in accordance to the scholar and writers of Singh Sabha Movement. Even Sant Singh Sekhon, who was aware of his humanistic temperament, was not responding positively to this (metaphoric) mode of writing novels. (Sant Singh Sekhon: 1962, page 103) However, it requires a fresh consideration in terms of an attempt of blending eternity, history and heroic tradition of Punjab to encounter colonial cultural contexts and concerns and giving voice to the people on the margins.

(VII)

When we make an appropriate reading of Bhai Vir Singh's writing and try to revisit the nature, motive and function of the literature of colonial Punjab. Particularly, in terms of tracing the location of religious sensibility in the representation of repressed subject prevailed in the 'era' including metaphorically looking for the liberty of human and freedom of nation/ motherland. In this context, we can also take note of the poetry of Ghadar Movement of North America in the beginning of twentieth century that gave a boost to the freedom struggle of India. The Ghadrites frequently exercised the metaphors of the Sikh heroic





tradition to disseminate their revolutionary ideas. The novel and other narrative of BhaiVir Singh can also be considered in this context.

In this situation, five patterns of his writing seek a fresh consideration; first, when he remembers gurus' deeds, blessing and speaks about a transformed subject; the case of the protagonist Sarusti (Sundri) in novel *Sundri* become more comprehensive and significant in this context. She emerged as a transformed subject after turning out to be target of *Mughal subeda r*and sharing her problem with her brother Balwant Singh. After her transformation, instead of surrendering, she fought for her pride.

Second, the metaphors and Sikh religious tradition spread across the writing of Bhai Vir Singh should not be considered only in terms of religious reform movements or strengthening the Singh Sabha Movement. Rather, it should be taken as a relationship of the teaching and blessing of Gurus to pursue the project of retrieving the voice of the margins.

Third, the description of the beauty of nature and seeking truth in the lap of cosmic spaces does not mean escape from history as the Marxist scholar like Sant Singh Sekhon and his follower explored in their studies regarding the colonial era. This trait can also be considered as principle of deferring the civil society and making a gaze of natural spaces. Actually Punjabi heroes are used to divorce the civil society and opteither to be part of the nature or to go for *Udasi.* The case of Ranjha in the tale of Heer Ranjha, Pooran in the Pooran Bhagat and Guru Nanak Dev Ji in Janamsakhis can be considered in this context. So, the description of natural space, deferring the civil society and putting the protagonist in such conditions cannot be considered as escape from history or society. Rather, it should be understand metaphorically as resistance to be a part of the dominant stream (of the society) and searching the humanistic spaces elsewhere.

Fourth, representing women has emerged as an important issue in terms of metaphorical illustration of the subject. After the *Chandi di Vaar*(Guru Gobind Singh)it was the first time when a woman protagonist was portrayed in the two novels named *Sundri* and *Satwant Kaur*; not only beyond the domains of worldly love and desire but also far away from the boundaries of gender, fear, and subjugation. In the Punjabi narrative spread across centuries, it was a rare example of the women protagonist engaging in *Vir Rasa* instead of *Shingar Rasa* and addressing eternity, history and heroic tradition.

Fifth, issue is of rearticulating the heroic tradition of Punjab, particularly, placing the memory of Mughal period in the stories of novels, being written in the last decade of nineteen and early twentieth centenary it again became part of misconception and misrepresentation in our studies. Unfortunately in the absence of symptomatic reading, scholars againtried to

interpret it in the light of religious revivalism. No doubt, this had occupied substantial space in the beginning of twentieth century in Punjab, but Bhai Vir Singh, was just not concerned with religious revivalism. He emphasized the practice of giving voice to the deprived and underpinned the need of empower them both morally and socially. He was inspired by the heroic tradition and also wanted to end the inferiority complex that had emerged due to colonial oppression.

(VIII)

Therefore, the writings of Bhai Vir Singh appeared as an effort of retrieving the voice of the marginals and shaping modern Punjabi sensibility in accordance to the essence of Indian socio-political, socio-cultural and literary tradition influenced by the religion. In his poetry, tracts, novels, narratives, dramas and interpretation of Sikh literature, he not only conceived western modernity as an invasion of ideas but also challenged the same by indigenous knowledge traditions, cultural ethos and heroic tradition of Punjab. He designed his own method of blending modernity with eternity and heroic tradition in the perspective of Sikh philosophy, History and Literature. Consequently, his writing had successfully managed to infuse the essence of Indian cultural, literary and epistemological tradition in contemporary literary imagination, asthetics and social behaviour and at time retrieved the voice of the margins in the dominant colonial envoirenment.

0-0-0

Bibliography:

Ahluwalia, Jasbir Singh, *Tradition and Experiment in Modern Punjabi Poetry*, Jalandhar, Bawa Publishing House, 1960

Attar Singh, *Kaav Adhiain*, Chandigarh, Lok Geet Prakashan, 1990

*Samdarshan,* Ludhiana, Lahore Book Shop, 1982

Bhan, Suraj, Preface in *Bhai Vir Singh: life, Times & Works*, Ed. Gurbachan Singh Talib and Attar Singh, Chandigarh, Publication Buerau, Panjab University, 1973

Harbans Singh, *Bhai Vir Singh*: *father of Modern Punjabi Literature,* New Delhi, Bhai Vir Singh Sahitay Sadan, 1984, p. 97

Mohinder Singh, *From Sikh Identity to Ultimate Reality: Literary Journey of Bhai Vir Singh* in Sikh Formations, https://doi.org/10.1080/17448727.2019.1674517

Gurbachan Singh Talib and Attar Singh, Chandigarh, Publication Buerau, Panjab University, 1973

Sekhon, Sant Singh : *Bhai Vir Singh Te Unhan da Yug*, Ludhiana, Lahore Book Shop, 1962





Sekhon, Sant Singh and Kartar Singh Duggal, *History of Punjabi Literature*, New Delhi, Sahitya Akademy, 1992

Vir Singh, Bhai: Khalsa Smachar, 13 August 1902

*Vijay Singh,* (translated by Devinder Singh Duggal) New Delhi, Bhai Vir Singh Sahitay Sadan,

Professor of Punjabi,
Department of Evening Studies-MDRC,
Panjab University, Chandigarh.
Mobile : 98882-82084

# Bhai Veer Singh: Mysticism of the Perception

Dr. Amandeep

Punjabi literature comes from the fertile land of Punjab – a northwestern province of India. The Punjabi language itself dates back to approximately one thousand years before Christ, when the Vedas- the magnificent scriptures of Indian philosophy- were being created in the land of five rivers, i.e. Punjab. Some historians believe that the Vedas were written in the Vedic Punjabi language, an old form of Sanskrit, most, however, believe it to be the direct descendent of Sanskrit. In any case, the Punjabi language has its roots in Sanskrit like other North Indian languages such as Hindi, Bengali etc. At the same time it has demonstrated Considerable capacity for assimilation, easily absorbing words from other languages.

Bhai Veer Singh (1872-1957) is one of the outstanding mystic poets of the period. Although he could not rid himself of the traditional influences of religious and mystic poetry, he, nevertheless, introduced the short lyrical form of poetry into Punjabi literature for the first Time. The paper analyses his philosophy of life and mysticism. It also discusses how his philosophy of life is compounded of implicit and abiding faith in the providence of God and of fervent and felicitous remembrance of his name.

**Paper**

Bhakti or Devotion within Sikhism has taken the form of Love of the Eternal, the essence, unincarnate and hence extremely difficult to fix in the consciousness. The Sikh religion in essence is a blend of elements of mystical and ethical. Gurbachan singh an eminent writer says:

It is the Love of the soul which, transcending passions and emotions based in the carnal body, yet is Capable somehow of experiencing the etherealized, distilled essence of love, in which nothing is left except the mystical urge, seeking absorption into the Divine. Such love, should the soul be inspired with it, passes through phases and stages, some of which are akin to strong urges of the body for the deeply stirring experience of the passionate embrace. (11). This is the form such experience takes in the life of mystics all the world over. The imagery and symbology of such quest and such experience is not different from that of physical passion. In the Indian mystical tradition, shared by Sikhism, such love and passion takes the form of yearning of the love-sick female, separated from her spouse, the beloved. In her state of





separation she passes through a variety of moods of despair, sorrow and passionate remembrance, seeking nothing so much as his return to her in the warm security of the home and the connubial bed. In the soul thus represented as the yearning female the supreme passion is surrender of the self at the feet of the object of her love, her lord. The deepest experience of the tender Feminine sensibility thus goes into voicing this strain of poetry. This feminine sensibility is a Constant characteristic of the literary creations of Bhai Vir Singh, both in prose and verse, and in either form he has given deeply satisfying expression to it, notwithstanding that whenever he is composing at a low key of inspiration he falls to the sentimental. In this strain the devotional quest takes the anthropomorphic form wherein the devotee in a tender 'dramatic' Situation is face to face with the Divine Beloved, alone with Him. Realization is thus achieved, and the world, *maya*, shed off. The careful, sensitive reader will thus catch in reading his poetry such tender quest and union constantly – no less in the outpourings of his soul in his last work. Mere Saiyan Jio, written when he was approaching his eightieth year than in those of several decades earlier.( Singh Gurbachan,12). The other strain of God-consciousness at the more Intellectual level is met with also constantly, though what he has written in the devotional strain is much the more impressive. This is his most intimate phase of the mystical quest, and perhaps the peak of his poetic achievement. Faith in the Creator is not peculiar only to Bhai Vir Singh's poetry, but is reflected in the wide range of Indian writing in various languages in the early phases of the twentieth century. One can trace the echoes of mystical experience even in the literatures of the West as well. T.S. Eliot, an English poet and contemporary of Bhai Vir Singh, refers to the Creator:

"The Lord who created us must wish us to create,
And employ our creation again in his service,
Which is already his Service in creating."

(Eliot, 20)

Bhai Sahib refers to the Creator time and again:

"He came and He loved us,
And having loved us,
He came and stole our hearts."

(Singh, Nargas, 31).

Man's earthly existence is regarded as separation from God. To meet Him is the highest aspiration of Bhai Vir Singh's poetry:

"My soul has caught fire.
In the search for that unknown fountain of life.

I asked of yonder heights.
I asked about Him of the distant depths.
Oh, in my search supreme,
I have been everywhere."

(Nargas, 32)

The transition from the life of the finite self to the infinite life requires a moment of absolute surrender when all personal attributes fade out and the soul feels a passive submission to the overwhelming 'Absolute'.Bhai Sahib also is frequently aware of man's alienation from God but, unlike Eliot, gratefully cherishes the sense of affinity with God. This affinity is temporarily snapped in man's earthly sojourn :

"You plucked me,
I was separated from the parent branch,
You smelt and touched and threw me away,
I was separated from you thus,
Crushed under the feet, I was crushed to death,
still, aye, gratefully, I remember the touch."

(Nargas, 32).

Like all mystics, Bhai Sahib had the direct, intense and intimate experience of the Ultimate –

"I saw Thee in the dream,
I flew unto Thy arms,
But Thy figure was of lightning made,
Beyond my poor embrace."

(Singh, Lehar Hulare, 65)

In one of the poem"o flower Gatherer" Bhai Vir Singh explicitly or implicitly recognized the essential relation of his self to God and strove to adjust his life accordingly:

"O Flower-Gatherer!" says the rose;
"Tear me not away from my patent-stem!
Linked with it, the life-sap of the infinite life flows through me.
I blossom and glow and perfume the very universe.
All that hither may drink of joy from the fragrant scent of my soul.
"O flower-gatherer! Why dost thou take me away, to have me all for thyself, thine only,denied to all others!
Ah! It will be so, it will be so-thou wilt have me all for thyself.





But thou wilt retain me for less than a twinkling of an eye.
And I, my perfume, my beauty, my soul, and all I am will die."

(qtd in Ahluwalia,120)

The motif of Bhai Vir Singh's poetical work is the frenzy of search and the ecstasy of attainment. His poetic values are unchangeable. It shows the transcendent ideal which is beyond all human limitations. 'In these poems of Bhai Vir Singh the love of God and human beings, the spiritual and the sensual, mortal and divine move in a colorful Kaleidoscope beautiful and baffling.' Ahluwalia writes: He introduced new poetic forms and metres and evolved a new idiom different from that of the old sadh bhasha as well as the uncouth folk diction.(120). Because he has great love for nature, which he feels is a manifestation of God's power. Bhai Vir Singh mystically sees Him in different objects of nature. Besides the vivid and natural imagery, felicity of words and clarity in expression, his poetry has mystic ardour. His verse represents distinctive strand in the modern Punjabi poetry for different Contributions. By his cultured form of expression and new themes he established for himself a unique place in the Panjabi Literature. Inspite of his new metres and fresh thoughts he preserved the mystic tradition of poetry. 'In a mood of transcendent self-annihilation he realizes that it is his Divine Matter who is the source of his poetic inspiration.' Says he:

Spoke the lyre to the lyrist:
'I give form to your songs'.
The lyrist put the lyre away,
Enwrapped in her cover.
Then she realized:
'I was only a piece of wood.
'I mere string!
'A frame without soul!
'It was my Master's resistless magic,
'Which filled me with music
'Which thrilled every fibre of my being.
'Then I sang love!
'My Master sang with me too,
'And became entranced hearing the tune.
'Yes, he sang and he joyed,
'And he was lost in the melody.'
Wondrous is your art, my Master!

Eternal your song.
You are the song, the music and the thrill!
You are the joy, you the enjoyer, you the joyed!

(qtd in Singh, Parkash, 58).

In another poem named Broodings, he says:

Your memory is always with me,
Felt in my innermost being.
To what shall I compare these reveries?
To the sinuous movement of a symphony's music,
Lifting the soul to sight of the Divine;
To a goblet of heady wine;
To the vibration of a vina's strings?
A sweet, struggling pain,
Yet blissful ecstasy!

(Harbans, 15)

The mystical concept underlying this poem is the key to the inner meaning of many of Bhai Vir Singh's poems. God is not only transcendent, He is also immanent: there is a divine spark of the Eternal Reality in each one of us. Therefore in his search of God the worshipper should retire within through contemplation of and meditation on the ideal. From one point of view he makes himself one with the God who is both in and above all things; he becomes identified like Majnun, with the object of his worship. From the other point of view, that of this poem, he realizes the God within himself, denying his narrow egocentric self and allowing the Universal Self to take control of him. The point about finding the object of one's search within is well-nigh universal and is not limited to purely theological systems. Its germ in the West is to be found in the insights of the Greek philosophers, variously expressed thereafter in such words as those of Thomas Wyatt in his second satire :

Then seek no more out of thyself to find
The thing that thou hast sought so long before,
For thou shalt find it sitting in thy mind.

(qtd in Harbans,34)

Again, the alchemists, whose search for the philosopher's stone is but a shadowing forth of their true search for inner realization, declare – "You are the material itself of the Great Work." The same point is also frequently expressed in Buddhism and inspired the declaration in Mme Blavatsky's The Voice of the Silence, that 'Thou art thyself the object





of thy search." Bhai Vir Singh's inspiration, of course, comes initially by way of the Muslim mystics, the Sufis, although the insight was elaborated in the Sikh faith by the early Gurus. An Arab proverb states that "The man who knows his own soul has known his Lord". One might also compare with his poem one by the Parsian Sufi, Attar of Nishapur (qtd in Harbans,34):

We drank whole oceans up and found, amazed,
Our lips will dry as sand: so seeking still
The main to quench our thirst, we do not see
We are that sea and make our lips its strand.

So what he means to say in other words that we are the victims of words as well as of our own desires. Abandoning our selfishness, as well as the trammels of human ratiocination, we achieve enlightenment, self-realization, by retiring within. Bhai Vir Singh never lost his patience or composure. Besides self-surrender, he had also demonstrated the lesson of resignation. He cheerfully bowed before the Will of God and gladly accepted whatever his Matter proposed for him. His spirit of submission and balance of thought distinguished him from the Sufi poets who usually showed impatient and restless state of mind. A warm-hearted opinion runs all through his poetry. Bhai Vir Singh was very sure that he would realize his object one day. The real thrill lay in the thought of Him and in the act of seeking for Him. Though 'highly individualized' yet his poetry has the 'validity of genuine emotion and authenticated experience', because the theme is divine and the ultimate goal is universal i.e. the yearning of the soul for eternal peace. As such most of the poems of Bhai Vir Singh never fail to bring joy to the reader. To quote "In his compositions he always tried to bring out very effectively those spiritual forces which lie latent within man and enable him to rise above his circumstances and environments. Life, shaped and moulded by the religious ideas, in his theme and in reading him we feel the touch of a personality who lives a life a spiritual experience – soothing and satisfying." Over-intellectuality is a hindrance to inspiration of faith, it is sheer heaviness in the path of God or Spiritual Kingdom. (khuswant, 257).

0-0-0

**CONCLUSION**

The outstanding feature of Bhai Sahib's social relevance and his contribution to our society in the fact that he successfully stemmed the foreign cultural invasion and nurtured and nursed the nascent cultural mores and heritage. Indeed, he became their protagonist and spokesman through prose and verse with renewed vigour. Tewar writes : A mystic, a humanist, a universalist, a saint, a scholar, a poet, a novelist, a dramatic, a biographer, a

historian, Bhai Vir Singh was all in one. (12). Bhai Vir Singh is deeply rooted in his times and emerges from the contemporary perspective – but his mystical transcendence makes him archetypal and universal.

Bhai Vir Singh remains a mystic poet at heart. His life is dedicated to the love of God Whom he considers to be the fountain of creation. Bhai Vir Singh explicitly or implicitly recognized the essential relation of his self to God and strove to adjust his life accordingly. In brief his mysticism is distinct from both the Sikhs and Hindu varieties: it is an amalgam of the feudal and bourgeois elements of consciousness.

0-0-0

**Works cited**

Ahluwalia, Jasbir Singh. *Punjabi Literature in Perspective*, Ludhiana:Kalyani Pub, 1973.
Bhai Vir Singh*, Norgas,* J. M. Dent & Amp; London : Sons Ltd,194, pp 31-32.
Bhai Vir Singh, *Lehar Hulare*, Amritsar:Khalsa Samachar, 1951, p. 30.
Harbans and Gurbachan Singh*, Bhai Veer Singh: Poet of the Sikhs*, Delhi: Motilal Banarsi,1976
Singh, Parkash, *Continuing Influence of Bhai Vir Singh*. Amritsar: Singh Brothers, 1972.
Singh, Gurbachan, *Bhai Vir Singh Life, Times and works*. Chandigarh: Publication Bureau, 1973.
Tewari, V.N. Bhai Veer Singh: *A Mystic in Contemporary Perspective*. PU Chandigarh, 1974.
T. S. Eliot, *The Complete Poems and Plays*, Feber and Feber, London, 1973, P. 20.

Professor
Department of Evening Studies–MDRC,
Panjab University Chandigarh.
Mobile : 98148-10472



| | | |
|---|---|---|
| ISSN | : | 2320-9690 |
| UGC Care List No. | : | 6 (Print and Online) |
| Place of Publication | : | Panjab University, Chandigarh. |
| Periodicity of Publication | : | Bi-Annual |
| Publisher's Name & Address | : | Registrar,<br>Panjab University, Chandigarh. |
| Printer's Name & Address | : | Sh. Jatinder Moudgil<br>Manager,<br>Press, Panjab University, Chandigarh. |
| Chief Editor's Name & Address | : | Prof. Sarabjit Singh ,<br>Chairperson, School of Punjabi Studies,<br>Panjab University, Chandigarh. |
| Name & Address of individual who own the Journal | : | Panjab University, Chandigarh. |

Published by : Department of Punjabi, Panjab University, Chandigarh.
Printed by : Jatinder Moudgil, Manager, Press, Panjab University, Chandigarh.